*ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

**ਸਾਲ : 21 ਪੁ : ਲੜੀ : 83 ਜੁਲਾਈ-ਸਤੰਬਰ, 2018**

*ਮੁੱਖ ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE

Ph. : 020-85780393 Mobile : 07782-265726 e mail: harjeetatwal@yahoo.co.uk

**ਪ੍ਰੇਮ ਮਾਨ**

44 Rock Spring Road, West Orange, NJ07052, America

Ph. 001-860-983-5002 Email:premmann@yahoo.com

**ਸੁਰਿੰਦਰ ਸੀਹਰਾ**

61-Alers Road, Bexleyhealth,Kent, U.K. DA6 8HR

Ph. 0044-79565-71507 Email:surindersehra@hotmail.com

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.

Ph. 001-703-362-3239 Email : Chahals57@Yahoo.com

*ਸੰਪਾਦਕ*

**ਜਿੰਦਰ**

984, Rajput Nagar, Model House,

Near Surinder Welding Works, Jalandhar-144003

Mobile : 98148 03254

Email : jinder340@gmail.com Website : www.shabadsaar.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।

Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ** : ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ*** *:* 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ*** *:* ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।

ਕਰਫਿਊ-4

**ਵਿਭੂਤੀ ਨਾਰਾਇਣ ਰਾਏ**

ਆਸੁਰਾਂ ਦੀ ਬਸਤੀ-69

**ਸਰੂਪ ਸਿਆਲਬੀ**

ਆਟੋ ਨੰਬਰ 420-83

**ਸੁਖਜੀਤ**

ਪਿੰਡਾਂ ਵਿਚੋਂ ਪਿੰਡ ਸੁਣੀਂਦਾ-91

**ਕੇਸਰਾ ਰਾਮ**

ਸੌਰੀ,ਲਾਈਫਲਤੀਫ਼ਾਨਹੀਂ-116

**ਗੁਰਸੇਵਕ ਸਿੰਘ ਪ੍ਰੀਤ**

ਆ ਆਪਾਂ ਘਰ ਬਣਾਈਏ-124

**ਸਿਮਰਨ ਧਾਲੀਵਾਲ**

ਦੂਜੀ ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ 2018-130

**ਜਸਪਾਲ ਮਾਨਖੇੜਾ**

'ਜੰਗ, ਜਸ਼ਨ ਤੇ ਜੁਗਨੂੰ' ਦਾ ਸਮਕਾਲ-153

**-ਆਤਮ ਰੰਧਾਵਾ**

ਸਾਡੇ ਦੌਰ ਦੀ ਵਿਥਿਆ-159

**ਸਰਬਜੀਤ ਸੋਹੀ, ਆਸਟਰੇਲੀਆ**

ਇਕ ਕਵੀ ਦਰਬਾਰ-160

**ਦਰਸ਼ਨ ਬੁਲੰਦਵੀ**

ਅਜੋਕੀ ਪੰਜਾਬੀ ਕਹਾਣੀ: ਵਿਸ਼ਲੇਸ਼ਣਾਤਮਕ ਅਧਿਐਨ

**-ਡਾ. ਜਗਦੀਪ ਸਿੰਘ-162**

ਨਵੀਆਂ ਪੁਸਤਕਾਂ-173

**ਦੇਵਿੰਦਰ ਕੌਰ**

**ਗੁਰਪ੍ਰੀਤ ਸਿੰਘ**

**ਹਰਜੀਤ ਅਟਵਾਲ**

## ਮੇਰਾ ਪੰਨਾ

ਅੱਜਕੱਲ੍ਹ ਆਏ ਦਿਨ ਵਿਸ਼ਵ ਕਾਨਫਰੰਸ ਹੋਣ ਦੀਆਂ ਖ਼ਬਰਾਂ ਸੁਣੀਂਦੀਆਂ ਹਨ।ਵਿਸ਼ਵ ਕਾਨਫਰੰਸਾਂ ਤਾਂ ਮਜ਼ਾਕ ਬਣੀਆਂ ਹੋਈਆਂ ਹਨ। ਵੈਸੇ ਤਾਂ ਮਾਂ-ਬੋਲੀ ਬਾਰੇ ਜਿੰਨੀਆਂ ਵੀ ਕਾਨਫਰੰਸਾਂ ਹੋਣ ਓਨੀਆਂ ਹੀ ਵਧੀਆ। ਇਹ ਮਾਂ-ਬੋਲੀ ਦਾ ਜਸ਼ਨ ਹੀ ਤਾਂ ਹੁੰਦੀਆਂ ਹਨ। ਹਰ ਕਾਨਫਰੰਸ ਨਾਲ ਸ਼ਬਦ 'ਵਿਸ਼ਵ' ਜੋੜ ਦਿੱਤਾ ਜਾਣਾ, ਇਹ ਜ਼ਰਾ ਕੁ ਕੋਝ੍ਹਾ ਲੱਗਦਾ ਹੈ। ਅਸਲ ਵਿਸ਼ਵ ਕਾਨਫਰੰਸ ਪਹਿਲੀ ਵਾਰ ਸੰਨ 1980 ਵਿੱਚ ਇੰਗਲੈਂਡ ਵਿਖੇ ਹੋਈ ਸੀ ਜੋ ਤਕਰੀਬਨ ਮਹੀਨਾ ਭਰ ਚਲੀ ਸੀ। ਇੰਗਲੈਂਡ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਸਮਾਗਮ ਹੋਏ ਸਨ। ਪੰਜਾਬੀ ਦੇ ਉੱਚ ਪੱਧਰ ਦੇ ਲੇਖਕ ਅਤੇ ਹੋਰ ਵਿਦਵਾਨ ਪੁੱਜੇ ਸਨ। ਪਰ ਅਜਿਹੀ ਕਾਨਫਰੰਸ ਮੁੜ ਕੇ ਨਾ ਕਦੇ ਹੋਈ ਹੈ ਤੇ ਨਾ ਹੀ ਸ਼ਾਇਦ ਹੋਵੇਗੀ। ਨਾ ਉਸ ਪੱਧਰ ਦੇ ਵਿਦਵਾਨ ਰਹੇ ਹਨ ਤੇ ਨਾ ਹੀ ਕਾਨਫਰੰਸ ਕਰਾਉਣ ਦਾ ਪਹਿਲਾਂ ਜਿੰਨਾ ਜ਼ਨੂਨ। ਫਿਰ ਵੀ ਜੋ ਹੋ ਰਿਹਾ ਹੈ ਅਸੀਂ ਉਸਨੂੰ ਜੀ ਆਇਆਂ ਕਹਿੰਦੇ ਹਾਂ।ਕੋਈ ਬੋਲੀ ਜਿੰਨੀ ਵੀ ਜਿਉਂਦੀ ਹੋਵੇਗੀ ਉਸਦੇ ਓਨੇ ਹੀ ਜ਼ਿਆਦਾ ਮੇਲੇ ਲੱਗਣਗੇ।ਇਹ ਕਾਨਫਰੰਸਾਂ ਮੇਲੇ ਹੀ ਤਾਂ ਹਨ। ਇਹਨਾਂ ਕਾਨਫਰੰਸਾਂ ਦੀ ਭੀੜ ਵਿੱਚ ਇਸੇ ਸਾਲ ਦੇ ਮਾਰਚ ਵਿੱਚ ਇਕ ਵਿਸਵ ਕਾਨਫਰੰਸ ਚੰਡੀਗੜ੍ਹ ਵਿੱਖੇ ਵੀ ਹੋਈ। ਜਿਸਨੂੰ ਦੇਖ ਕੇ ਲੱਗਦਾ ਸੀ ਕਿ ਇਹ ਵਾਕਿਆ ਹੀ ਵਿਸ਼ਵ ਕਾਨਫਰੰਸ ਹੈ। ਇਸ ਵਿੱਚ ਇੰਗਲੈਂਡ, ਕਨੇਡਾ, ਅਮਰੀਕਾ, ਅਸਟਰੇਲੀਆ ਤੇ ਯੌਰਪ ਤੋਂ ਗਏ ਡੈਲੀਗੇਟਸ ਨੇ ਭਾਗ ਲਿਆ। ਕਾਨਫਰੰਸ ਦੇ ਦੋ ਸੈਸ਼ਨ ਜਾਂ ਸੈਗਮਿੰਟ ਵਿਦੇਸਾਂ ਵਿੱਚ ਵਸਦੇ ਪੰਜਾਬੀਆਂ ਨੂੰ ਦਿੱਤੇ ਗਏ। ਇਕ ਸੈਸ਼ਨ ਵਿੱਚ ਡਾਇਸਪੋਰਾ ਦੇ ਮਸਲਿਆਂ ਨੂੰ ਵਿਚਾਰਿਆ ਗਿਆ ਤੇ ਦੂਜੇ ਸੈਸ਼ਨ ਵਿੱਚ ਵਿਦੇਸ਼ਾਂ ਵਿੱਚ ਵਸਦੇ ਕਵੀਆਂ ਦਾ ਮੁਸ਼ਇਰਾ ਹੋਇਆ। ਦੋ ਦਿਨ ਦੀ ਕਾਨਫਰੰਸ ਵਿੱਚ ਅਨੇਕਾਂ ਮੁੱਦੇ ਵਿਚਾਰੇ ਗਏ। ਇਸਦੀ ਰੂਪ-ਰੇਖਾ ਡਾ. ਰਵੇਲ ਸਿੰਘ ਤੇ ਦੋਸਤਾਂ ਵਲੋਂ ਤਿਆਰ ਕੀਤੀ ਗਈ ਸੀ ਜੋ ਕਿ ਇਕ ਬਿਲਕੁਲ ਵੱਖਰੇ ਤਰੀਕੇ ਦੀ ਸੀ। ਕਾਨਫਰੰਸ ਵਿੱਚ ਅਜਿਹ ਮੁੱਦੇ ਵੀ ਵਿਚਾਰ ਗਏ ਜਿਹੜੇ ਪਹਿਲਾਂ ਕਦੇ ਸ਼ਾਇਦ ਹੀ ਵਿਚਾਰੇ ਗਏ ਹੋਣ ਜਿਵੇਂ ਕਿ ਪੁਲੀਸ ਮਹਿਕਮੇ ਨੂੰ ਦਰਪੇਸ਼ ਆਉਂਦੀਆਂ ਮੁਸ਼ਕਲਾਂ, ਯੂਨੀਵਰਸਟੀਆਂ ਦੇ ਮਸਲੇ, ਕਿਸਾਨੀ ਦੇ ਮਸਲੇ ਆਦਿ। ਇਸ ਕਾਨਫਰੰਸ ਦੀ ਕਾਮਯਾਬੀ ਇਹ ਸੀ ਕਿ ਇਸ ਵਿੱਚ ਪੰਜਾਬੀ ਦਾ ਤਕਰੀਬਨ ਹਰ ਲੇਖਕ ਤੇ ਵਿਦਵਾਨ ਸ਼ਾਮਲ ਹੋਇਆ।ਨਾਮਧਾਰੀ ਸੁਮਾਦਾਇ ਵਲੋਂ ਖਾਣ-ਪੀਣ ਦਾ ਬਹੁਤ ਵਧੀਆ ਇੰਤਜ਼ਾਮ ਸੀ। ਰਾਤ ਦਾ ਭੋਜਨ ਪੰਜਾਬ ਸਰਕਾਰ ਵਲੋਂ ਦਿੱਤਾ ਗਿਆ। ਇਸ ਕਾਨਫਰੰਸ ਨੂੰ ਕਰਾਉਣ ਵਾਲੇ 'ਵਿਸ਼ਵ ਪੰਜਾਬੀ ਕਾਨਫਰੰਸ (ਰਜਿ.)' ਵਾਲੇ ਗਰੁੱਪ ਦੇ ਦੋਸਤ ਹਨ ਤੇ ਇਹ ਇਹਨਾਂ ਦੀ ਛੇਵੀਂ ਕਾਨਫਰੰਸ ਸੀ। ਇਸ ਕਾਨਫਰੰਸ ਦੀ ਕਾਮਯਾਬੀ ਦੇਖ ਕੇ ਸਾਊਥਾਲ ਸਥਿੱਤ ਸਭਾ 'ਅਦਾਰਾ ਸ਼ਬਦ' ਵਲੋਂ ਅਗਲੀ ਕਾਨਫਰੰਸ ਸਾਊਥਾਲ ਵਿੱਚ ਕਰਾਉਣ ਦਾ ਫੈਸਲਾ ਕਰ ਲਿਆ ਗਿਆ। ਇਸ ਦਾ ਐਲਾਨ ਕਾਨਫਰੰਸ ਦੇ ਅਖੀਰ ਵਿੱਚ ਕਰ ਵੀ ਦਿੱਤਾ ਗਿਆ ਸੀ। 'ਅਦਾਰਾ ਸ਼ਬਦ' 'ਸ਼ਬਦ' ਨਾਲ ਜੁੜੇ ਲੇਖਕਾਂ ਦੀ ਸਭਾ ਹੈ। ਇਹ ਪਿਛਲੇ ਇੱਕੀ ਸਾਲਾਂ ਤੋਂ ਸਰਗਰਮ ਹੈ। ਹਰ ਸਾਲ ਵੱਡੀ ਪੱਧਰ ਦੇ ਪ੍ਰੋਗਰਾਮ ਰਚਾਏ ਜਾਂਦੇ ਹਨ ਜਿਸ ਵਿੱਚ ਇੰਡੀਆ ਤੇ ਹੋਰਨਾਂ ਮੁਲਕਾਂ ਦੇ ਪੰਜਾਬੀ ਦੇ ਵਿਦਵਾਨ ਭਾਗ ਲੈਂਦੇ ਹਨ।ਅਸੀਂ ਉਮੀਦ ਕਰਦੇ ਹਾਂ ਕਿ 'ਅਦਾਰਾ ਸ਼ਬਦ' ਵਲੋਂ ਕਰਾਈ ਇਹ ਕਾਨਫਰੰਸ ਵੀ ਬਾਕੀ ਦੇ ਸਮਾਗਮਾਂ ਵਾਂਗ ਕਾਮਯਾਬ ਹੋਵੇਗੀ। ਭਾਵੇਂ ਇਹ ਕਾਨਫਰੰਸ 1980 ਵਿੱਚ ਹੋਈ ਵਿਸ਼ਵ ਕਾਨਫਰੰਸ ਦਾ ਮੁਕਾਬਲਾ ਤਾਂ ਨਹੀਂ ਕਰ ਸਕੇਗੀ ਪਰ ਆਪਣੇ ਆਪ ਵਿੱਚ ਬਹੁਤ ਹੀ ਮਹੱਤਵਪੂਰਨ ਹੋ ਨਿਬੜੇਗੀ।

ਸਾਰੇ ਦੋਸਤਾਂ ਦੀਆਂ ਸੁਭ ਇਛਾਵਾਂ 'ਅਦਾਰਾ ਸ਼ਬਦ' ਦੇ ਨਾਲ ਹਨ।



ਹਿੰਦੀ ਨਾਵਲ

# ਕਰਫਿਊ/ਵਿਭੂਤੀ ਨਾਰਾਇਣ ਰਾਏ

### ਅਨੁਵਾਦ: ਡਾ. ਹਰਬੰਸ ਸਿੰਘ ਧੀਮਾਨ

**(1)**

ਸ਼ਹਿਰ 'ਚ ਕਰਫਿਊ ਅਚਾਨਕ ਨਹੀਂ ਸੀ ਲੱਗਿਆ। ਪਿਛਲੇ ਇਕ ਹਫ਼ਤੇ ਤੋਂ ਉਹ ਹਿੱਸਾ, ਜਿਥੇ ਹਰ ਦੂਸਰੇ ਤੀਜੇ ਮਹੀਨੇ ਕਰਫਿਊ ਲੱਗ ਜਾਂਦਾ ਰਿਹਾ ਸੀ, ਉਸ ਇਲਾਕੇ ਦੇ ਲੋਕ ਆਪਣੇ ਆਪ ਨੂੰ ਇਸ ਲਈ ਸਰੀਰਕ ਅਤੇ ਮਾਨਸਿਕ ਤੌਰ 'ਤੇ ਤਿਆਰ ਕਰ ਰਹੇ ਸੀ। ਪੂਰੇ ਮਾਹੌਲ 'ਚ ਇਕ ਖ਼ਾਸ ਤਰ੍ਹਾਂ ਦੀ ਹੈਰਾਨੀ ਵੀ ਸੀ ਅਤੇ ਅਜਿਹੀ ਹੈਰਾਨੀ ਨੂੰ ਸੁੰਘ ਕੇ ਪਹਿਚਾਣਨ ਵਾਲੇ ਤਜਰਬੇਕਾਰ ਸਮਝ ਗਏ ਸਨ ਕਿ ਜਲਦੀ ਹੀ ਸ਼ਹਿਰ 'ਚ ਕਰਫਿਊ ਲੱਗ ਜਾਵੇਗਾ। ਉਹਨਾਂ ਨੂੰ ਸਿਰਫ਼ ਇਸ ਗੱਲ ਦੀ ਹੈਰਾਨੀ ਸੀ ਕਿ ਪਿਛਲੇ ਇਕ ਹਫ਼ਤੇ ਤੋਂ ਕਰਫਿਊ ਟਲਦਾ ਕਿਵੇਂ ਜਾ ਰਿਹਾ ਸੀ। ਦੰਗਾ ਤਕਰੀਬਨ ਡੇਢ ਵਜੇ ਸ਼ੁਰੂ ਹੋਇਆ। ਪੌਣੇ ਦੋ ਹੁੰਦੇ-ਹੁੰਦੇ ਪੁਲਿਸ ਦੀਆਂ ਗੱਡੀਆਂ ਲਾਊਡ ਸਪੀਕਰਾਂ ਉੱਤੇ ਕਰਫਿਊ ਲਾਉਣ ਦੀ ਸੂਚਨਾ ਦਿੰਦੀਆਂ ਇਲਾਕੇ ਵਿਚ ਹੂਟਰ ਵਜਾਂਦੀਆਂ ਘੁੰਮਣ ਲੱਗੀਆਂ ਸਨ। ਭਾਵੇਂ ਕਿ ਕਰਫਿਊ ਦੀ ਸੂਚਨਾ ਸਿਰਫ਼ ਇਕ ਰਸਮ ਮਾਤਰ ਰਹਿ ਗਈ ਸੀ, ਕਿਉਂਕਿ ਪੰਦਰਾਂ ਮਿੰਟਾਂ 'ਚ ਖੁਲਦਾਬਾਦ ਸਬਜ਼ੀ ਮੰਡੀ ਤੋਂ ਲੈ ਕੇ ਬਹਾਦੁਰਗੰਜ ਤਕ ਜੀ.ਟੀ. ਰੋਡ ਪੂਰੀ ਤਰ੍ਹਾਂ ਖ਼ਾਲੀ ਹੋ ਗਈ ਸੀ। ਇਕਾ-ਦੁੱਕਾ ਦੁਕਾਨਦਾਰ ਅਤੇ ਹਫੜਾ-ਦਫੜੀ 'ਚ ਆਪੋ-ਆਪਣੇ ਮਰਦ ਨਾਲੋਂ ਵਿੱਛੜੀਆਂ ਔਰਤਾਂ ਬੇ-ਸਿਧ ਜੇਹੀਆਂ ਹੋ ਕੇ ਜੀ.ਟੀ. ਰੋਡ 'ਤੇ ਦੌੜ ਰਹੀਆਂ ਸਨ। ਅਗਸਤ ਦੇ ਆਖ਼ਰੀ ਹਫ਼ਤੇ 'ਚ ਹੋਏ ਇਸ ਫੱਸਾਦ ਦੀ ਰੀਹਰਸਲ ਜੂਨ ਵਿਚ ਵੀ ਹੋ ਚੁੱਕੀ ਸੀ। ਲੋਕਾਂ ਨੂੰ ਦੱਸਣ ਦੀ ਜ਼ਰੂਰਤ ਨਹੀਂ ਸੀ ਕਿ ਅਜਿਹੇ ਮੌਕੇ 'ਤੇ ਕੀ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਪਤਾ ਸੀ ਕਿ ਅਜਿਹੇ ਮੌਕੇ ਸਭ ਤੋਂ ਪਹਿਲਾਂ ਕੰਮ ਦੁਕਾਨਾਂ ਦੇ ਸ਼ਟਰ ਸੁੱਟ ਕੇ ਆਪਣੀਆਂ ਸਾਈਕਲਾਂ, ਚੱਪਲਾਂ, ਥੈਲੇ ਸੜਕਾਂ 'ਤੇ ਹੀ ਛੱਡ ਕੇ ਗਲੀਓ-ਗਲੀ ਆਪੋ-ਆਪਣੇ ਘਰਾਂ ਨੂੰ ਪਰਤਣ ਦੀ ਕੋਸ਼ਿਸ਼ ਕਰਨੀ ਹੁੰਦੀ ਹੈ। ਉਹਨਾਂ ਨੇ ਇਸੇ ਤਰ੍ਹਾਂ ਹੀ ਕੀਤਾ ਅਤੇ ਥੋੜ੍ਹੇ ਸਮੇਂ ਵਿਚ ਹੀ ਜੀ. ਟੀ. ਰੋਡ, ਕਾਟਜੂ ਰੋਡ, ਮਿਰਜ਼ਾ ਗਾਲਿਬ ਰੋਡ ਜਾਂ ਨਰੂਲਾ ਰੋਡ ਜਹੀਆਂ ਸੜਕਾਂ ਵੀਰਾਨ ਹੋ ਗਈਆਂ। ਸਿਰਫ਼ ਗਲੀਆਂ ਦੇ ਮੋੜਾਂ ਉੱਤੇ ਲੋਕਾਂ ਦੇ ਝੁੰਡ ਖੜ੍ਹੇ ਸਨ, ਜੋ ਪੁਲਿਸ ਦੇ ਆਉਣ 'ਤੇ ਅੰਦਰ ਦੌੜ ਜਾਂਦੇ ਅਤੇ ਪੁਲਿਸ ਦੇ ਜਾਣ ਤੋਂ ਬਾਅਦ ਫਿਰ ਵਾਪਸ ਆਪਣੀ ਥਾਂ 'ਤੇ ਆ ਜਾਂਦੇ।

ਸ਼ਾਹਗੰਜ ਪੁਲਿਸ ਚੌਂਕੀ ਦੇ ਪਿੱਛੇ ਮਿਨਹਾਜਪੁਰ ਅਤੇ ਮੰਸੂਰ ਪਾਰਕ ਦੇ ਪਿੱਛੇ ਗੁਲਾਬਵਾੜੀ ਵੱਲੋਂ ਫਾਇਰਿੰਗ ਦੀ ਆਵਾਜ਼ ਕਾਫ਼ੀ ਤੇਜ਼ ਰਫ਼ਤਾਰ ਨਾਲ ਆ ਰਹੀ ਸੀ। ਇਸ ਤੋਂ ਇਲਾਵਾ ਨਿੱਕੀਆਂ-ਮੋਟੀਆਂ ਆਵਾਜ਼ਾਂ ਗਲੀਆਂ ਵਿਚੋਂ ਜਾਂ ਅਕਬਰਪੁਰ, ਨਿਹਾਲਪੁਰ ਅਤੇ ਮਿਰਜ਼ਾ ਗਾਲਿਬ ਰੋਡ ਤੋਂ ਆ ਰਹੀਆਂ ਸਨ। ਦੋ ਵਜੇ ਤਕ ਫੌਜ ਵੀ ਸ਼ਹਿਰ 'ਚ ਆ ਗਈ ਅਤੇ ਉਸ ਨੇ ਸ਼ਾਹਗੰਜ-ਨਰੂਲਾ ਰੋਡ ਅਤੇ ਸ਼ੌਕਤ ਅਲੀ ਮਾਰਗ 'ਤੇ ਪੋਜੀਸ਼ਨ ਸੰਭਾਲ ਲਈ। ਢਾਈ ਵਜੇ ਤਕ ਬੂੰਦਾ-ਬਾਂਦੀ ਸ਼ੁਰੂ ਹੋ ਗਈ। ਬੂੰਦਾ-ਬਾਂਦੀ ਨੇ ਜਲਦੀ ਹੀ ਮੋਹਲੇਧਾਰ ਬਾਰਿਸ਼ ਦਾ ਰੂਪ ਧਾਰਨ ਲਿਆ ਅਤੇ ਇਸ ਬਾਰਿਸ਼ ਨੇ ਸਾਰਾ ਕੁਝ ਸ਼ਾਂਤ ਕਰ ਦਿੱਤਾ। ਤਿੰਨ ਵਜੇ ਤਕ ਖੇਡ ਖ਼ਤਮ ਹੋ ਗਈ ਸੀ ਅਤੇ ਲੋਕ ਆਪਣੇ-ਆਪਣੇ ਘਰਾਂ ਅੰਦਰ ਚਲੇ ਗਏ ਸਨ।

ਬਾਹਰ ਸੜਕ ’ਤੇ ਸਿਰਫ਼ ਡਰ ਸੀ, ਪੁਲਿਸ ਸੀ ਅਤੇ ਅਗਸਤ ਦੀ ਤਪਦੀ ਗਰਮੀ ਤੋਂ ਰਾਹਤ ਪਹੁੰਚਾਉਣ ਵਾਲੀ ਮੋਹਲੇਧਾਰ ਬਾਰਿਸ਼ ਸੀ।

ਕੁਲ ਮਿਲਾ ਕੇ ਡੇਢ ਘੰਟੇ ’ਚ ਜੋ ਕੁਝ ਹੋਇਆ, ਓਨੇ ਸਮੇਂ ਵਿਚ ਹੀ ਛੇ ਲੋਕ ਮਾਰੇ ਗਏ। ਤੀਹ ਚਾਲੀ ਲੋਕ ਜ਼ਖ਼ਮੀ ਹੋਏ ਅਤੇ ਤਕਰੀਬਨ ਤਿੰਨ ਸੌ ਲੋਕ ਗ੍ਰਿਫ਼ਤਾਰ ਕੀਤੇ ਗਏ। ਅਜਿਹਾ ਪ੍ਰਤੀਤ ਹੁੰਦਾ ਸੀ ਜਿਵੇਂ ਕਿਸੇ ਇੱਲ ਵਾਂਗ ਅਸਮਾਨ ’ਚ ਪਰਿਕਰਮਾ ਕਰਦਿਆਂ ਇਕ ਤੂਫ਼ਾਨ ਨੇ ਇਕਦਮ ਥੱਲੇ ਝੱਪਟਾ ਮਾਰ ਕੇ ਸ਼ਹਿਰ ਨੂੰ ਆਪਣੇ ਨੁਕੀਲੇ ਪੰਜਿਆਂ ’ਚ ਦਬੋਚ ਕੇ ਕੁਚਲ ਲਿਆ ਹੋਵੇ ਅਤੇ ਫਿਰ ਉਸ ਨੂੰ ਪੰਜਿਆਂ ’ਚ ਦਬਾ ਕੇ ਬਹੁਤ ਉੱਚੀ ਉੱਡ ਗਈ ਹੋਵੇ ਅਤੇ ਉਪਰ ਜਾ ਕੇ ਇਕਦਮ ਥੱਲੇ ਸੁੱਟ ਦਿੱਤਾ ਹੋਵੇ। ਸ਼ਹਿਰ ਬੁਰੀ ਤਰ੍ਹਾਂ ਲਹੂ-ਲੁਹਾਨ ਸੀ ਅਤੇ ਡੇਢ ਘੰਟੇ ਦੀ ਘਟਨਾ ਨੇ ਉਸਦੇ ਜਿਸਮ ਦਾ ਜੋ ਹਾਲ ਕੀਤਾ ਸੀ, ਉਸ ਨੂੰ ਠੀਕ ਹੋਣ ਵਿਚ ਕਈ ਮਹੀਨੇ ਲੱਗ ਜਾਣੇ ਸਨ।

ਹੋਇਆ ਕੁਝ ਇਸ ਤਰ੍ਹਾਂ ਕਿ ਕਰੀਬ ਡੇਢ ਵਜੇ ਦੁਪਹਿਰੇ ਤਿੰਨ ਚਾਰ ਨੌਜੁਆਨ ਗਾਲਿਬ ਰੋਡ, ਜੀ.ਟੀ. ਰੋਡ ਤੋਂ ਬੈਂਕ ਆਫ਼ ਬੜੌਦਾ ਦੇ ਨੇੜਿਉਂ ਇਕ ਗਲੀ ਵਿਚੋਂ ਨਿਕਲੇ ਅਤੇ ਕੋਚਵਾਨ ਟੋਲੇ ਦੇ ਕੋਲ, ਇਕ ਮੰਦਰ ਦੀ ਕੰਧ ਉੱਤੇ ਬੰਬ ਸੁੱਟ ਕੇ ਵਾਪਸ ਉਸੇ ਗਲੀ ਵੱਲ ਦੌੜ ਗਏ। ਜਿਹੜੀ ਚੀਜ਼ ਕੰਧ ’ਤੇ ਸੁੱਟੀ ਗਈ, ਉਹ ਬੰਬ ਘੱਟ, ਪਟਾਕਾ ਜ਼ਿਆਦਾ ਸੀ। ਉਸ ਨਾਲ ਸਿਰਫ਼ ਤੇਜ਼ ਆਵਾਜ਼ ਹੀ ਆਈ। ਕੋਈ ਜ਼ਖ਼ਮੀ ਨਹੀਂ ਹੋਇਆ। ਬੰਬ ਕਿਉਂਕਿ ਮੰਦਰ ਦੀ ਕੰਧ ’ਤੇ ਸੁੱਟਿਆ ਗਿਆ ਸੀ, ਇਸ ਲਈ ਉਸ ਸਮੇਂ ਉੱਤੇ ਹਾਜ਼ਰ ਹਿੰਦੂਆਂ ਨੇ ਸਮਝ ਲਿਆ ਕਿ ਬੰਬ ਸੁੱਟਣ ਵਾਲੇ ਮੁਸਲਮਾਨ ਹੋਣਗੇ। ਇਸ ਲਈ ਉਹਨਾਂ ਨੇ ਉਥੋਂ ਲੰਘਣ ਵਾਲੇ ਮੁਸਲਮਾਨਾਂ ਉੱਤੇ ਹਮਲਾ ਕਰ ਦਿੱਤਾ। ਸਭ ਤੋਂ ਪਹਿਲਾਂ ਮੋਟਰ ਸਾਈਕਲ ’ਤੇ ਜਾ ਰਹੇ ਲੋਕਾਂ ’ਤੇ ਹਮਲਾ ਕੀਤਾ ਗਿਆ। ਉਨ੍ਹਾਂ ਵਿਚੋਂ ਇਕ ਮੋਟਰ ਸਾਈਕਲ ਡਿਗਦਿਆਂ ਹੀ ਦੌੜ ਗਿਆ। ਬਾਕੀ ਦੋ ਜ਼ਮੀਨ ’ਤੇ ਟੇਢੇ ਬੈਠ ਗਏ ਅਤੇ ਸਿਰ ਨੂੰ ਦੋਵਾਂ ਹੱਥਾਂ ਨਾਲ ਢੱਕ ਕੇ ਉਦੋਂ ਤਕ ਲੱਤਾਂ, ਠੁੱਡ ਅਤੇ ਵੱਟੇ ਖਾਂਦੇ ਰਹੇ, ਜਦੋਂ ਤਕ ਅਹਿਮਦਗੰਜ ਤੋਂ ਇਕ ਪੁਲਿਸ ਦੀ ਟੁਕੜੀ ਉੱਤੇ ਨਾ ਪਹੁੰਚ ਗਈ। ਇਸ ਤੋਂ ਇਲਾਵਾ ਉਧਰੋਂ ਲੰਘ ਰਹੇ ਲੋਕਾਂ ਨੂੰ ਵੀ ਸੱਟ ਲੱਗੀ। ਇਸ ਦੇ ਕਾਰਨ ਮਿਰਜ਼ਾ ਗਾਲਿਬ ਰੋਡ ’ਤੇ ਸਵੇਰ ਤੋਂ ਥਾਂ-ਥਾਂ ਇਕੱਠੀਆਂ ਹੋਈਆਂ ਭੜਕਾਊ ਟੋਲੀਆਂ ਨੇ ਉਸ ਸੜਕ ’ਤੇ ਖੜ੍ਹੀਆਂ ਪੁਲਿਸ ਦੀਆਂ ਛੋਟੀਆਂ-ਛੋਟੀਆਂ ਟੁਕੜੀਆਂ ’ਤੇ ਹਮਲਾ ਕਰ ਦਿੱਤਾ। ਇਨ੍ਹਾਂ ਟੁਕੜੀਆਂ ’ਚ ਦੋ-ਤਿੰਨ ਸਿਵਲ ਪੁਲਿਸ ਸਿਪਾਹੀਆਂ ਦੇ ਨਾਲ ਚਾਰ-ਚਾਰ, ਪੰਜ-ਪੰਜ ਹੋਮ-ਗਾਰਡ ਵੀ ਸਨ। ਥੋੜ੍ਹੇ ਸਮੇਂ ਵਿਚ ਹੀ ਬਹੁਤ ਜ਼ਿਆਦਾ ਮਾਤਰਾ ’ਚ ਪੁਲੀਸ ਅਤੇ ਹੋਮ-ਗਾਰਡ ਦੇ ਜਵਾਨ ਮਿਰਜ਼ਾ ਗਾਲਿਬ ਰੋਡ ਤੋਂ ਕੋਚਵਾਨ ਟੋਲੇ ਵੱਲ ਭੱਜਦੇ ਵਿਖਾਈ ਦੇਣ ਲੱਗੇ। ਗਲੀ ਦੀਆਂ ਨੁੱਕਰਾਂ ’ਤੇ ਖੜ੍ਹੇ ਹਮਲਾਵਰ ਨੌਜੁਆਨਾਂ ਅਤੇ ਮੁੰਡਿਆਂ ਦੀ ਭੀੜ ਪੱਥਰਾਂ ਤੋਂ ਬਚਣ ਲਈ ਆਪਣੇ ਹੱਥਾਂ ਨਾਲ ਸਿਰ ਜਾਂ ਮੂੰਹ ਬਚਾਉਂਦੀ ਬੈਂਕ ਆਫ਼ ਬੜੌਦਾ ਵਾਲੇ ਪਾਸੇ ਦੌੜ ਰਹੀ ਸੀ, ਜਿਥੇ ਅਹਿਮਦਗੰਜ ਤੋਂ ਪੀ.ਏ.ਸੀ. ਅਤੇ ਪੁਲੀਸ ਦੀ ਟੁਕੜੀ ਅੱਪੜ ਚੁੱਕੀ ਸੀ। ਇਹਨਾਂ ਦੌੜਨ ਵਾਲੇ ਸਿਪਾਹੀਆਂ ਵਿਚੋਂ ਇਕ ਸਿਪਾਹੀ ਬੈਂਕ ਆਫ਼ ਬੜੌਦਾ ਤੋਂ ਤਕਰੀਬਨ ਡੇਢ ਫਰਲਾਂਗ ਪਹਿਲਾਂ ਹੀ ਡਿੱਗ ਪਿਆ। ਉਸ ਦੇ ਇਕ ਬੰਬ ਵੱਜਾ ਸੀ ਅਤੇ ਕੱਚ ਦੀਆਂ ਤਿੱਖੀਆਂ ਕਿਰਚਾਂ ਉਹਦੀਆਂ ਗੱਲ੍ਹਾਂ ਵਿਚ ਧਸ ਗਈਆਂ ਸਨ। ਉਹ ਦੋਵਾਂ ਹੱਥਾਂ ਨਾਲ ਆਪਣੇ ਮੂੰਹ ਨੂੰ ਢੱਕ ਕੇ ਦੌੜ ਰਿਹਾ ਸੀ। ਅਚਾਨਕ ਇਕ ਗਲੀ ਦੇ ਮੋੜ ਉਹ ਬੇਹੋਸ਼ੀ ਕਾਰਨ ਇਕਦਮ ਸੜਕ ਦੇ ਕਿਨਾਰੇ ਚਲਾ ਗਿਆ ਅਤੇ ਉੱਤੇ ਮੁੰਡਿਆਂ ਦੀ ਭੀੜ ਨਾਲ ਟਕਰਾਉਂਦੇ ਹੋਏ ਉਸਨੇ ਸੜਕ ’ਤੇ ਆਉਣ ਦੀ ਕੋਸ਼ਿਸ਼ ਕੀਤੀ ਪਰ



ਉਦੋਂ ਹੀ ਭੀੜ ਵਿਚੋਂ ਕਿਸੇ ਦਾ ਇਕ ਚਾਕੂ ਉਸਦੀ ਖੱਬੀ ਵੱਖੀ ’ਚ ਵੱਜਾ ਤੇ ਉਹ ਲੜਖੜਾਉਂਦਾ ਹੋਇਆ ਸੜਕ ’ਤੇ ਡਿੱਗ ਪਿਆ।

ਤਕਰੀਬਨ ਇਕੋ ਵੇਲੇ ਕਈ ਥਾਵਾਂ ’ਤੇ ਬੰਬ ਸੁੱਟਣ ਅਤੇ ਫਾਇਰਿੰਗ ਦੀਆਂ ਘਟਨਾਵਾਂ ਹੋਈਆਂ। ਲੱਗਦਾ ਸੀ ਜਿਵੇਂ ਕਿਸੇ ਸੋਚੀ ਸਮਝੀ ਯੋਜਨਾ ਦੇ ਤਹਿਤ ਕੋਈ ਗੁਪਤ ਹੱਥ ਇਹਨਾਂ ਸਾਰੀਆਂ ਘਟਨਾਵਾਂ ਦੇ ਪਿਛੇ ਕੰਮ ਕਰ ਰਿਹਾ ਸੀ।ਤਕਰੀਬਨ ਸਾਰੀਆਂ ਥਾਵਾਂ ’ਤੇ ਬੰਬ ਸੁੱਟੇ ਗਏ। ਬੰਬ ਜਾਂ ਫਾਇਰਿੰਗ ਨਾਲ ਕੋਈ ਜ਼ਖ਼ਮੀ ਨਾ ਹੋਇਆ। ਇਸਦਾ ਮਕਸਦ ਸਿਰਫ਼ ਆਤੰਕ ਪੈਦਾ ਕਰਕੇ, ਇਕ ਖ਼ਾਸ ਤਰ੍ਹਾਂ ਦਾ ਤਣਾਓ ਪੈਦਾ ਕਰਨਾ ਜਾਪਦਾ ਸੀ ਅਤੇ ਇਸ ਵਿਚ ਉਨ੍ਹਾਂ ਨੂੰ ਕਾਫ਼ੀ ਹੱਦ ਤਕ ਸਫ਼ਲਤਾ ਵੀ ਮਿਲੀ।

ਪਿਛਲੇ ਦੋ ਤਿੰਨ ਦਿਨਾਂ ਤੋਂ ਇਹ ਗੱਲ ਹਵਾ ’ਚ ਤੈਰ ਰਹੀ ਸੀ ਕਿ ਮੁਸਲਮਾਨ ਪੁਲੀਸ ਉੱਤੇ ਹਮਲਾ ਕਰਨ ਦੀ ਤਿਆਰੀ ਕਰ ਰਹੇ ਹਨ ਅਤੇ ਕੁਝ ਪੁਲੀਸ ਸਿਪਾਹੀਆਂ ਦੇ ਮਨ ’ਚ ਇਹ ਡਰ ਬਹੁਤ ਡੂੰਘਾ ਬੈਠ ਗਿਆ ਸੀ। ਪ੍ਰਦੇਸ਼ ਦੇ ਪੱਛਮੀ ਇਲਾਕੇ ਵਿਚ ਕੁਝ ਝਗੜੇ ਹੋਏ ਸਨ, ਜਿਸ ਵਿਚ ਬਹੁਤ ਸਾਰੇ ਮੁਸਲਮਾਨ ਪੁਲੀਸ ਦੀਆਂ ਗੋਲੀਆਂ ਨਾਲ ਮਾਰੇ ਗਏ ਸਨ। ਇਸ ਕਰਕੇ ਮੁਸਲਮਾਨਾਂ ਦੇ ਮਨਾਂ ਵਿਚ ਗੁੱਸਾ ਭਰਿਆ ਹੋਇਆ ਸੀ ਅਤੇ ਅਜਿਹਾ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਜੇਕਰ ਮੁਸਲਮਾਨ ਆਪਣੇ ਇਲਾਕੇ ’ਚ ਇਕਾ-ਦੁੱਕਾ ਸਿਪਾਹੀਆਂ ਨੂੰ ਵੇਖਣਗੇ ਤਾਂ ਜੀਊਂਦਾ ਨਹੀਂ ਛੱਡਣਗੇ। ਇਸ ਕਰਕੇ ਇਕਾ-ਦੁੱਕਾ ਸਿਪਾਹੀਆਂ ਨੇ ਮੁਸਲਮਾਨ ਇਲਾਕਿਆਂ ’ਚ ਜਾਣਾ ਛੱਡ ਦਿੱਤਾ ਸੀ। ਲੋੜ ਪੈਣ ’ਤੇ ਸ਼ਸਤਰਧਾਰੀ ਸਿਪਾਹੀ ਅਤੇ ਦਰੋਗਾ ਚਾਰ- ਚਾਰ, ਪੰਜ-ਪੰਜ ਦੀ ਗਿਣਤੀ ’ਚ ਉਨ੍ਹਾਂ ਇਲਾਕਿਆਂ ’ਚ ਜਾਂਦੇ ਸਨ।

ਤਿੰਨ ਵਜੇ ਜਦ ਬਾਰਿਸ਼ ਰੁਕੀ ਤਾਂ ਉਸ ਨੇ ਸ਼ਹਿਰ ਨੂੰ ਅਗਸਤ ਦੀ ਤਪਦੀ ਗਰਮੀ ਦੇ ਨਾਲ-ਨਾਲ ਤਣਾਓ ਤੋਂ ਵੀ ਮੁਕਤ ਕਰ ਦਿੱਤਾ। ਪਿਕਨਿਕ ਅਤੇ ਰੁਮਾਂਸ ਹਾਸਲ ਕਰਨ ਦੇ ਇਰਾਦੇ ਨਾਲ ਪੁਲੀਸ ਦੀਆਂ ਗੱਡੀਆਂ ’ਚ ਨਿਕਲੇ ਪੱਤਰਕਾਰਾਂ ਨੂੰ ਬਹੁਤ ਨਿਰਾਸ਼ਾ ਹੋਈ, ਜਦੋਂ ਉਹਨਾਂ ਨੇ ਵੇਖਿਆ ਕਿ ਸ਼ਹਿਰ ਦੀਆਂ ਸੜਕਾਂ ਸੁੰਨੀਆਂ ਪਈਆਂ ਸਨ, ਲੋਕ ਘਰਾਂ ਅੰਦਰ ਸਨ। ਸੜਕਾਂ ’ਤੇ ਪੁਲੀਸ ਦੀਆਂ ਬੇ-ਸੁਧ ਗੱਡੀਆਂ ਸਨ ਅਤੇ ਤਣਾਓ ਪਹਿਲਾਂ ਤਾਂ ਭਾਵੇਂ ਹੀ ਕਿਤੇ ਸੀ, ਫਿਲਹਾਲ ਸੜਕਾਂ ਤੋਂ ਗ਼ੈਰਹਾਜ਼ਰ ਸੀ।

ਬਾਰਿਸ਼ ਅਜੇ ਰੁਕੀ ਨਹੀਂ ਸੀ ਕਿ ਦੋ ਤਿੰਨ ਪਾਸਿਆਂ ਤੋਂ ਪੁਲੀਸ ਦੀਆਂ ਗੱਡੀਆਂ ਸ਼ਾਹਗੰਜ ਪੁਲੀਸ ਚੌਕੀ ਆ ਕੇ ਰੁਕੀਆਂ। ਉਸ ਵੇਲੇ ਫੌਜ ਨੇ ਚੌਕੀ ਦੇ ਆਲੇ-ਦੁਆਲੇ ਪੁਜੀਸ਼ਨ ਸੰਭਾਲਣੀ ਸ਼ੁਰੂ ਕਰ ਦਿੱਤੀ ਸੀ। ਚੌਕੀ ਦੇ ਅੰਦਰੋਂ ਕੁਝ ਸਿਪਾਹੀ ਬਾਹਰ ਝਾਕ ਰਹੇ ਸਨ ਤੇ ਚੌਕੀ ਦੇ ਆਲੇ-ਦੁਆਲੇ, ਸਾਹਮਣੇ ਅੱਖਾਂ ਦੇ ਹਸਪਤਾਲ ਅਤੇ ਨਰਸਿੰਗ ਹੋਸਟਲ ਤਕ ਪੂਰੀ ਤਰ੍ਹਾਂ ਸੰਨਾਟਾ ਸੀ। ਬਾਰਿਸ਼ ਦਾ ਜ਼ੋਰ ਭਾਵੇਂ ਕੁਝ ਘਟਿਆ ਜ਼ਰੂਰ ਸੀ, ਪਰ ਵਿਚ ਵਿਚ ਤੇਜ਼ ਹੋ ਜਾਣ ਵਾਲੀ ਬਾਰਿਸ਼ ਪੂਰੇ ਮਾਹੌਲ ਨੂੰ ਖ਼ਾਮੋਸ਼ੀ ਨਾਲ ਕੱਜਣ ਦਾ ਯਤਨ ਕਰ ਰਹੀ ਸੀ। ਹੁਣੇ ਥੋੜ੍ਹੀ ਦੇਰ ਪਹਿਲਾਂ ਉੱਤੇ ਫਾਇਰਿੰਗ ਹੋਈ ਸੀ ਅਤੇ ਫਾਇਰਿੰਗ ਖ਼ਤਮ ਹੋਣ ਦੇ ਤੁਰੰਤ ਬਾਅਦ ਤਣਾਓ ਪੂਰੇ ਮਾਹੌਲ ਵਿਚ ਘੁਲ ਗਿਆ ਸੀ।

ਪੁਲੀਸ ਦੀਆਂ ਗੱਡੀਆਂ ’ਚੋਂ ਦੋ ਐਸ.ਪੀ., ਇਕ ਡਿਪਟੀ ਐਸ.ਪੀ., ਕੁਝ ਇੰਸਪੈਕਟਰ ਅਤੇ ਸਬ-ਇੰਸਪੈਕਟਰ ਉਤਰੇ। ਉਹਨਾਂ ਵਿਚੋਂ ਇਕ ਦੋ ਜਣਿਆਂ ਨੇ ਚੌਕੀ ਦੇ ਨਾਲ ਲੱਗਦੀਆਂ ਇਮਾਰਤਾਂ ਦੇ ਵਿਹੜੇ ਵਿਚ ਬਾਰਿਸ਼ ਤੋਂ ਬਚਣ ਲਈ ਸ਼ਰਨ ਲੈਣ ਦੀ ਕੋਸ਼ਿਸ਼ ਕੀਤੀ। ਪਰ ਜ਼ਿਆਦਾਤਰ ਲੋਕਾਂ ਨੇ ਚੌਕੀ ਦੇ ਸਾਹਮਣੇ ਇਕ ਘੇਰਾ ਬਣਾ ਲਿਆ ਅਤੇ ਅਗਲੀ ਕਾਰਵਾਈ

ਬਾਰੇ ਗੱਲਬਾਤ ਕਰਨ ਲੱਗੇ। ਉਹਨਾਂ ਨੂੰ ਉੱਤੇ ਕੰਟਰੋਲ ਰੂਮ ਰਾਹੀਂ ਫਾਇਰਿੰਗ ਦੀ ਸੂਚਨਾ ਮਿਲੀ ਸੀ। ਉਹਨਾਂ ਨੂੰ ਸੜਕ 'ਤੇ ਖੜ੍ਹੇ ਵੇਖ ਕੇ ਚੌਕੀ ਅੰਦਰ ਲੁਕੇ ਇੱਕਾ-ਦੁੱਕਾ ਸਿਪਾਹੀ ਵੀ ਉਹਨਾਂ ਦੇ ਨੇੜੇ ਆ ਗਏ। ਸਾਰਿਆਂ ਦੇ ਸਰੀਰ ਪਾਣੀ ਦੀ ਤੇਜ਼ ਫੁਹਾਰ ਅਤੇ ਉੱਤੇਜਨਾ ਨਾਲ ਭਿੱਜੇ ਹੋਏ ਸਨ।

ਉੱਤੇਜਿਤ ਲਹਿਜੇ 'ਚ ਇਕ ਦੂਸਰੇ ਨੂੰ ਟੋਕਦੇ ਹੋਏ ਸਿਪਾਹੀਆਂ ਨੇ ਜੋ ਦੱਸਿਆ, ਉਸਦਾ ਮਤਲਬ ਸੀ ਕਿ ਵੀਹ ਮਿੰਟ ਪਹਿਲਾਂ ਉੱਤੇ ਫਾਇਰਿੰਗ ਹੋਈ ਸੀ। ਪੁਲੀਸ 'ਤੇ ਬਹੁਤ ਜ਼ਿਆਦਾ ਪੱਥਰ ਸੁੱਟੇ ਗਏ ਤੇ ਪੁਲੀਸ ਨੇ ਇਕ ਇਮਾਰਤ ਦੀ ਛੱਤ 'ਤੇ ਚੜ੍ਹ ਕੇ ਫਾਇਰਿੰਗ ਕੀਤੀ ਸੀ। ਚੌਂਕੀ ਦੇ ਪਿਛੇ ਸੰਘਣੀ ਆਬਾਦੀ ਸੀ ਅਤੇ ਕੁਝ ਦੇਰ ਪਹਿਲਾਂ ਗਲੀਆਂ 'ਚੋਂ ਚੀਖ਼-ਚਿਹਾੜੇ ਦੀਆਂ ਆਵਾਜ਼ਾਂ ਆ ਰਹੀਆਂ ਸਨ, ਪਰ ਉਹਨਾਂ ਨੂੰ ਪੂਰਾ ਯਕੀਨ ਸੀ ਕਿ ਪਿਛੇ ਕੁਝ ਘਰਾਂ 'ਤੇ ਹਮਲਾ ਹੋਇਆ ਹੈ।

ਫ਼ੈਸਲਾ ਇਹ ਹੋਇਆ ਕਿ ਅੰਦਰ ਜਾ ਕੇ ਵੇਖਿਆ ਜਾਵੇ। ਬਾਹਰ ਸੜਕ'ਤੇ ਖੜ੍ਹੇ ਰਹਿਣ ਦਾ ਕੋਈ ਫਾਇਦਾ ਨਹੀਂ ਸੀ। ਗਲੀ ਅੰਦਰ ਇਕ ਵੀ ਆਦਮੀ ਮਾਰਿਆ ਗਿਆ ਜਾਂ ਕਿਸੇ ਘਰ ਨੂੰ ਅੱਗ ਲਾਈ ਗਈ ਤਾਂ ਉਸਦੇ ਬਹੁਤ ਖ਼ਤਰਨਾਕ ਨਤੀਜੇ ਨਿਕਲਣੇ ਸਨ। ਹੁਣ ਤਕ ਦਾ ਘਟਨਾਕ੍ਰਮ ਅਜਿਹਾ ਨਹੀਂ ਸੀ, ਜਿਸ ਨਾਲ ਕਿਸੇ ਗੰਭੀਰ ਫਿਰਕੂ ਦੰਗੇ ਦਾ ਅਨੁਮਾਨ ਲਾਇਆ ਜਾ ਸਕੇ। ਜੇਕਰ ਇਕ ਵਾਰ ਗਲੀਆਂ ਅੰਦਰ ਅੱਗ ਲਾਉਣ ਜਾਂ ਚਾਕੂਬਾਜ਼ੀ ਦੀਆਂ ਘਟਨਾਵਾਂ ਸ਼ੁਰੂ ਹੋ ਜਾਂਦੀਆਂ ਤਾਂ ਉਹਨਾਂ ਨੂੰ ਰੋਕਣਾ ਮੁਸ਼ਕਿਲ ਹੋ ਜਾਣਾ ਸੀ।

ਦੋਵੇਂ ਐਸ.ਪੀ. ਥੋੜ੍ਹੀ ਦੇਰ ਤਕ ਸਲਾਹ ਮਸ਼ਵਰਾ ਕਰਦੇ ਰਹੇ ਤੇ ਫਿਰ ਇਕੋ ਝਟਕੇ ਨਾਲ ਉਹ ਗਲੀ ਅੰਦਰ ਜਾ ਪਹੁੰਚੇ। ਉਹਨਾਂ ਦੇ ਪਿਛੇ ਪੀ.ਏ.ਸੀ. ਅਤੇ ਪੁਲੀਸ ਦਾ ਜਥਾ ਸੀ। ਮਿਨਹਾਜਪੁਰ ਇਕ ਪਾਰਕ ਦੇ ਚਾਰੇ ਪਾਸੇ ਵੱਸਿਆ ਹੋਇਆ ਮੁਹੱਲਾ ਸੀ। ਜਿਸ ਵਿਚ ਖਾਂਦੇ-ਪੀਂਦੇ ਮੁਸਲਮਾਨਾਂ ਦੇ ਦੋ-ਮੰਜ਼ਿਲੇ, ਤਿੰਨ-ਮੰਜ਼ਿਲੇ ਮਕਾਨ ਸਨ। ਦੂਸਰੇ ਮੁਸਲਮਾਨ ਇਲਾਕਿਆਂ ਦੀ ਗ਼ਰੀਬੀ ਅਤੇ ਗੰਦਗੀ ਤੋਂ ਇਹ ਇਲਾਕਾ ਬਿਲਕੁਲ ਮੁਕਤ ਸੀ।

ਤੇਜ਼ ਬਾਰਿਸ਼ ਅਤੇ ਮੂੰਹਖੋਰ ਸੰਨਾਟੇ ਨੇ ਅਜਿਹਾ ਮਾਹੌਲ ਪੈਦਾ ਕਰ ਦਿੱਤਾ ਸੀ ਕਿ ਪੁਲੀਸ ਅਤੇ ਪੀ.ਏ.ਸੀ. ਦੇ ਜਵਾਨ ਆਪਣੇ ਬੂਟਾਂ ਦੀ ਆਵਾਜ਼ ਤੋਂ ਖ਼ੁਦ ਡਰ ਜਾਂਦੇ ਸਨ। ਸਾਰਿਆਂ ਇੰਸਪੈਕਟਰਾਂ ਅਤੇ ਸਬ-ਇੰਸਪੈਕਟਰਾਂ ਦੇ ਹੱਥਾਂ 'ਚ ਰਿਵਾਲਵਰ ਜਾਂ ਪਸਤੌਲ ਸੀ ਅਤੇ ਸਿਪਾਹੀਆਂ ਦੇ ਹੱਥਾਂ ਵਿਚ ਰਫ਼ਲਾਂ। ਸਾਰਿਆਂ ਨੇ ਆਪਣੇ ਹਥਿਆਰ ਦੇ ਮੂੰਹ ਮਕਾਨਾਂ ਵੱਖ ਸੇਧੇ ਹੋਏ ਸਨ। ਹਰ ਮਕਾਨ ਦੇ ਬਨ੍ਹੇਰੇ 'ਤੇ ਦੁਸ਼ਮਣ ਨਜ਼ਰ ਆ ਰਿਹਾ ਸੀ। ਸਾਰਿਆਂ ਦੀਆਂ ਉਂਗਲਾਂ ਬੰਦੂਕਾਂ ਦੇ ਘੋੜਿਆਂ 'ਤੇ ਟਿਕੀਆਂ ਸਨ ਅਤੇ ਉੱਤੇਜਨਾ ਦੇ ਇਸ ਪਲ 'ਚ ਕੋਈ ਵੀ ਉਂਗਲ ਘੋੜੇ 'ਤੇ ਜ਼ਰੂਰੀ ਦਬਾਅ ਪਾ ਕੇ ਅਜਿਹੀ ਸਥਿਤੀ ਪੈਦਾ ਕੀਤੀ ਜਾ ਸਕਦੀ ਸੀ, ਜਿਸ ਨਾਲ ਫਾਇਰ ਹੋ ਜਾਵੇ। ਕਦੀ-ਕਦੀ ਅਫ਼ਸਰ ਲੋਕ ਹਲਕੀ ਆਵਾਜ਼ 'ਚ ਜਵਾਨਾਂ ਨੂੰ ਰਾਈਫ਼ਲਾਂ ਦੀਆਂ ਨਾਲੀਆਂ ਦਾ ਮੂੰਹ ਹਵਾ ਵੱਲ ਰੱਖਣ ਦਾ ਨਿਰਦੇਸ਼ ਦੇ ਰਹੇ ਸਨ। ਉਹ ਮਕਾਨਾਂ ਦੇ ਵਿਹੜਿਆਂ ਅਤੇ ਖੰਭਿਆਂ ਦਾ ਸਹਾਰਾ ਲੈ ਕੇ ਅੱਗੇ ਵਧ ਰਹੇ ਸਨ। ਇਹ ਡਰੇ ਹੋਏ ਲੋਕਾਂ ਦਾ ਸਮੂਹ ਸੀ ਅਤੇ ਹਰ ਵਿਅਕਤੀ ਨੇ ਆਪਣੇ ਮਨ ਅੰਦਰ ਇਕ ਕਾਲਪਨਿਕ ਦੁਸ਼ਮਣ ਉਲੀਕ ਰੱਖਿਆ ਸੀ, ਜੋ ਮਕਾਨਾਂ ਦੀਆਂ ਛੱਤਾਂ ਜਾਂ ਗਲੀਆਂ ਦੇ ਮੋੜ 'ਤੇ ਦਿਖਾਈ ਦਿੰਦਾ, ਪਰ ਬੰਦੂਕ ਨਾਲ ਹਰਕਤ ਸ਼ੁਰੂ ਕਰਨ ਤੋਂ ਪਹਿਲਾਂ ਹੀ ਉਹ ਦੁਸ਼ਮਣ ਅੱਖਾਂ ਤੋਂ ਪਰ੍ਹੇ ਹੋ ਜਾਂਦਾ ਸੀ।



ਜਿੱਥੇ ਪਾਰਕ ਖ਼ਤਮ ਹੁੰਦੀ ਸੀ, ਉੱਥੇ ਟੁਕੜੀ ਨੂੰ ਪਹਿਲੀ ਵਾਰ ਕਾਮਯਾਬੀ ਮਿਲਦੀ ਨਜ਼ਰ ਆਈ। ਪਾਰਕ ਦੇ ਇਕ ਪਾਸੇ ਕੋਣੇ 'ਚ ਜ਼ਮੀਨ ਉਪਰ ਗਾੜ੍ਹਾ ਲਾਲ ਖ਼ੂਨ ਇਕ ਵੱਡੇ ਘੇਰੇ ਵਿਚ ਸੜਕ 'ਤੇ ਪਿਆ ਸੀ ਅਤੇ ਤੇਜ਼ ਬਾਰਿਸ਼ ਦੇ ਕਾਰਨ ਖ਼ੂਨ ਫੈਲ ਕੇ ਇੱਟਾਂ ਦੇ ਘੇਰੇ ਤੋਂ ਬਾਹਰ ਆ ਚੁੱਕਿਆ ਸੀ। ਖ਼ੂਨ ਬਹੁਤ ਗਾੜ੍ਹਾ ਸੀ ਅਤੇ ਠੀਕ ਤਰ੍ਹਾਂ ਜੰਮਿਆ ਹੋਇਆ ਨਹੀਂ ਸੀ। ਬਾਰਿਸ਼ ਦੇ ਪਾਣੀ ਨੇ ਉਸਨੂੰ ਚਾਰੇ ਪਾਸੇ ਖਿਲਾਰ ਦਿੱਤਾ ਸੀ। ਫਿਰ ਵੀ ਇੱਟਾਂ ਦੇ ਦਾਇਰੇ ਵਿਚੋਂ ਉਹ ਨਿਸ਼ਾਨ ਲੱਭਣਾ ਮੁਸ਼ਕਿਲ ਨਹੀਂ ਸੀ, ਜਿਥੇ ਕੋਈ ਗੋਲੀ ਖਾ ਕੇ ਡਿੱਗਿਆ ਸੀ, ਕਿਉਂਕਿ ਇਸ ਖ਼ਾਸ ਥਾਂ 'ਤੇ ਖ਼ੂਨ ਜ਼ਿਆਦਾ ਗਾੜ੍ਹੇ ਰੂਪ 'ਚ ਡਿੱਗਿਆ ਪਿਆ ਸੀ ਅਤੇ ਬਾਰਿਸ਼ ਨੇ ਉਸਨੂੰ ਪਤਲੀਆਂ-ਪਤਲੀਆਂ ਲਕੀਰਾਂ ਦੇ ਰੂਪ ਵਿਚ ਫ਼ੈਲਾਅ ਕੇ ਵੱਖ-ਵੱਖ ਦਿਸ਼ਾਵਾਂ ਵੱਲ ਕਰ ਰੋੜ੍ਹ ਦਿੱਤਾ ਹੋਇਆ ਸੀ।

ਇਕ ਟੁਕੜੀ ਦੇ ਸੀਨੀਅਰ ਅਫ਼ਸਰਾਂ ਨੇ ਕੁਝ ਸਮੇਂ ਤਕ ਖ਼ੂਨ ਦੀ ਮੌਜੂਦਾ ਸਥਿਤੀ ਅਤੇ ਵਗਣ ਵਾਲੀਆਂ ਲਕੀਰਾਂ ਦੀ ਦਿਸ਼ਾ ਦਾ ਮੁਆਇਨਾ ਕੀਤਾ। ਬਾਕੀ ਸਾਰੇ ਲੋਕ ਆਪਣੇ-ਆਪਣੇ ਹਥਿਆਰਾਂ ਨੂੰ ਆਪਣੇ ਹੱਥਾਂ ਦੀ ਮਜਬੂਤ ਪਕੜ ਵਿਚ ਲੈ ਕੇ ਬਾਜ਼ਾਰਾਂ ਦੇ ਚਾਰੇ ਪਾਸੇ ਅਤੇ ਘਰਾਂ ਦੇ ਬਨੇਰਿਆਂ ਉੱਤੇ ਤਿੱਖੀਆਂ ਨਜ਼ਰਾਂ ਟਿਕਾਈ ਖੜ੍ਹੇ ਰਹੇ। ਤੇਜ਼ ਹੋਈ ਬਾਰਿਸ਼ ਨੇ ਚਾਰੇ ਪਾਸੇ ਧੁੰਧਲਕੇ ਦੀ ਇਕ ਪਰਤ ਜਹੀ ਬਣਾ ਦਿੱਤੀ ਸੀ। ਉਸਦੇ ਪਾਰ ਬਨ੍ਹੇਰਿਆਂ ਉੱਤੇ ਸਪੱਸ਼ਟ ਸ਼ਕਲਾਂ ਵੇਖ ਸਕਣਾ ਬਹੁਤ ਮੁਸ਼ਕਿਲ ਸੀ। ਫੇਰ ਵੀ ਕੋਸ਼ਿਸ਼ ਕਰਨ 'ਤੇ ਹਰ ਵਿਹੜੇ 'ਚ ਕਿਸੇ ਖੰਭੇ ਜਾਂ ਖਿੜਕੀ ਦੇ ਸਹਾਰੇ ਕੋਈ ਨਾ ਕੋਈ ਸੂਰਤ ਵਿਖਾਈ ਦੇ ਹੀ ਜਾਂਦੀ ਅਤੇ ਬੰਦੂਕਾਂ 'ਤੇ ਟਿਕੀਆਂ ਉਂਗਲਾਂ ਹੋਰ ਮਜਬੂਤ ਹੋ ਜਾਂਦੀਆਂ।

ਖ਼ੂਨ ਦੀ ਲਕੀਰ ਵੇਖ ਕੇ ਅਫ਼ਸਰਾਂ ਨੇ ਇਕ ਗਲੀ ਦਾ ਰਸਤਾ ਫੜ੍ਹਿਆ। ਗਲੀ ਪਾਰਕ ਦੀ ਹੱਦ ਤੋਂ ਸ਼ੁਰੂ ਹੁੰਦੀ ਸੀ। ਰਸਤੇ ਵਿਚ ਵਗੀ ਲਾਲ ਖ਼ੂਨ ਅਤੇ ਚਿੱਕੜ ਨਾਲ ਗੜੁੱਚ ਲਕੀਰ ਵੇਖਣ ਤੇ ਇੰਜ ਪ੍ਰਤੀਤ ਹੁੰਦਾ ਸੀ ਜਿਵੇਂ ਉਹ ਲੋਕ ਕਿਸੇ ਜ਼ਖ਼ਮੀ ਆਦਮੀ ਨੂੰ ਘਸੀਟ ਕੇ ਲੈ ਗਏ ਹਨ। ਮੁਹੱਲੇ ਦੇ ਸਾਰੇ ਦਰਵਾਜ਼ੇ ਬੰਦ ਸਨ। ਬਾਰਿਸ਼ ਅਤੇ ਅਜਿਹੇ ਸੰਨਾਟੇ ਨੇ ਇਸ ਗੱਲ ਦਾ ਪਤਾ ਲਾਉਣ ਵਿਚ ਮੁਸ਼ਕਿਲ ਪੈਦਾ ਕਰ ਦਿੱਤੀ ਸੀ ਕਿ ਜ਼ਖ਼ਮੀ ਨੂੰ ਕਿਹੜੇ ਮਕਾਨ ਵਿਚ ਲੁਕਾਇਆ ਗਿਆ ਹੈ। ਸਿਰਫ਼ ਜ਼ਮੀਨ 'ਤੇ ਫੈਲੀ ਅਤੇ ਪਾਣੀ ਨਾਲ ਕਾਫ਼ੀ ਹੱਦ ਤਕ ਧੋਤੀ ਹੋਈ ਲਕੀਰ ਹੀ ਇਕੋ ਇਕ ਸਬੂਤ ਮਾਤਰ ਸੀ, ਜਿਸ ਨਾਲ ਜ਼ਖ਼ਮੀ ਦੀ ਤਲਾਸ਼ ਲਈ ਥੋੜ੍ਹੀ ਉਮੀਦ ਕੀਤੀ ਜਾ ਸਕਦੀ ਸੀ।

ਸ਼ਹਿਰ ਗਲੀਆਂ ਕਿਸੇ ਵਿਸ਼ਾਲ ਮਾਇਆ ਜਾਲ ਵਾਂਗ ਫੈਲੀਆਂ ਹੋਈਆਂ ਸਨ। ਇਕ ਗਲੀ ਖ਼ਤਮ ਹੋਣ ਤੋਂ ਪਹਿਲਾਂ ਘੱਟੋ-ਘੱਟ ਤਿੰਨ ਹਿੱਸਿਆਂ ਵਿਚ ਵੰਡੀ ਗਈ ਹੁੰਦੀ ਸੀ। ਅਸਮਾਨ 'ਚ ਫੈਲੇ ਬੱਦਲਾਂ ਅਤੇ ਤੇਜ਼ ਬਾਰਿਸ਼ ਨੇ ਦੁਪਹਿਰੇ ਹੀ ਢਲਦੀ ਸ਼ਾਮ ਦਾ ਭਰਮ ਜਿਹਾ ਪੈਦਾ ਕਰ ਦਿੱਤਾ ਸੀ। ਗਲੀਆਂ ਵਿਚ ਹਲਕਾ-ਹਲਕਾ ਹੁੰਮਸ ਭਰਿਆ ਹਨ੍ਹੇਰਾ ਪਸਰਿਆ ਹੋਇਆ ਸੀ। ਅਜਿਹੇ ਮਾਹੌਲ 'ਚ ਖ਼ੂਨ ਦੀ ਲਕੀਰ ਤਲਾਸ਼ਦਿਆਂ ਅੱਗੇ ਵਧਣਾ ਅਤੇ ਕਾਲਪਨਿਕ ਦੁਸ਼ਮਣ ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖਣਾ, ਇਸ ਮੌਕੇ ਦੋਵੇਂ ਹੀ ਬੜੇ ਔਖੇ ਕੰਮ ਸਨ। ਅਗਲੇ ਦੋ-ਤਿੰਨ ਅਫ਼ਸਰ ਜ਼ਮੀਨ 'ਤੇ ਨਜ਼ਰਾਂ ਟਿਕਾਈ ਖ਼ੂਨ ਦੀ ਲਕੀਰ ਲੱਭਣ ਦਾ ਯਤਨ ਕਰ ਰਹੇ ਸਨ ਅਤੇ ਪਿਛਲੀ ਟੁੱਕੜੀ ਦੇ ਲੋਕ, ਆਪਣੀਆਂ ਪਸਤੌਲਾਂ ਅਤੇ ਰਾਈਫਲਾਂ ਦਾ ਮੂੰਹ ਬਨ੍ਹੇਰਿਆਂ ਅਤੇ ਕੋਠਿਆਂ ਵੱਲ ਕਰਕੇ ਦੁਸ਼ਮਣ ਤੋਂ ਬਚਣ ਦਾ ਯਤਨ ਕਰ ਰਹੇ ਸਨ। ਬਾਰਿਸ਼ ਦੇ ਛਿੱਟੇ ਗਲੀ ਦੀਆਂ

ਉੱਚੀਆਂ ਕੰਧਾਂ ਦੇ ਕਾਰਨ ਇਕਦਮ ਮੂੰਹ 'ਤੇ ਤਾਂ ਨਹੀਂ ਸਨ ਪੈ ਰਹੇ, ਪਰ ਤੇਜ਼ ਮੋਹਲੇਧਾਰ ਬਾਰਿਸ਼ ਨੇ ਲੋਕਾਂ ਨੂੰ ਸਿਰ ਤੋਂ ਪੈਰਾਂ ਤਕ ਗਲਤਾਨ ਕਰ ਕੀਤਾ ਹੋਇਆ ਸੀ।

ਅੱਗੇ ਤੁਰਨ ਵਾਲਾ ਇਕ ਅਫ਼ਸਰ ਅਚਾਨਕ ਘਬਰਾਅ ਕੇ ਖੜ੍ਹਾ ਹੋ ਗਿਆ। ਦੂਸਰੇ ਅਫ਼ਸਰ ਨੇ ਵੀ ਧਿਆਨ ਨਾਲ ਕੁਝ ਸੁਣਨ ਦੀ ਕੋਸ਼ਿਸ਼ ਕੀਤੀ ਅਤੇ ਉਹ ਵੀ ਇਕ ਥਾਂ ਸਾਵਧਾਨ ਹੋ ਕੇ ਕਿਸੇ ਆਵਾਜ਼ ਨੂੰ ਸਾਫ਼-ਸਾਫ਼ ਸੁਣਨ ਦੀ ਕੋਸ਼ਿਸ਼ ਕਰਨ ਲੱਗਾ। ਟੁਕੜੀ ਦੇ ਬਾਕੀ ਲੋਕਾਂ ਨੇ ਇਹਨਾਂ ਦੋਵਾਂ ਅਫ਼ਸਰਾਂ ਦਾ ਖਿਝਿਆ ਹੋਇਆ ਚਿਹਰਾ ਵੇਖ ਕੇ ਕੁਝ ਸੁੰਘਣ ਦੀ ਕੋਸ਼ਿਸ਼ ਕੀਤੀ ਅਤੇ ਫਿਰ ਕੰਧਾਂ ਦੇ ਸਹਾਰੇ ਖਲੋ ਕੇ ਕੁਝ ਅੰਦਾਜ਼ਾ ਜਿਹਾ ਲਾਉਣ ਲੱਗੇ।

ਬਾਰਿਸ਼ ਅਤੇ ਸੰਨਾਟੇ ਭਰੇ ਮਾਹੌਲ ਦੀ ਹੈਰਾਨੀ ਨੂੰ ਤੋੜਦੀ ਹੋਈ ਇਕ ਰੋਣ ਦੀ ਆਵਾਜ਼ ਹੌਲੀ-ਹੌਲੀ ਤੈਰਦੀ ਹੋਈ ਉਸ ਟੁਕੜੀ ਦੇ ਅਫ਼ਸਰਾਂ ਦੇ ਕੰਨਾਂ ਤਕ ਪਹੁੰਚ ਰਹੀ ਸੀ। ਇਸ ਰੋਣ ਦੀ ਆਵਾਜ਼ ਨੇ ਉਹਨਾਂ ਨੂੰ ਜ਼ਿਆਦਾ ਚੌਕੰਨਾ ਕਰ ਦਿੱਤਾ ਅਤੇ ਉਹ ਲੋਕ ਹੌਲੀ-ਹੌਲੀ ਪੈਰ ਜਮਾ ਕੇ ਉਸ ਦਿਸ਼ਾ ਵੱਲ ਵਧਣ ਲੱਗੇ। ਥੋੜ੍ਹਾ ਹੀ ਹੋਰ ਅੱਗੇ ਜਾਣ 'ਤੇ ਇਹ ਆਵਾਜ਼ ਜ਼ਰਾ ਸਾਫ਼ ਸੁਣਾਈ ਦੇਣ ਲੱਗੀ।

ਇਹ ਰੋਣ ਦੀ ਅਜੀਬ ਆਵਾਜ਼ ਸੀ। ਲੱਗਦਾ ਸੀ ਜਿਵੇਂ ਚਾਰ-ਪੰਜ ਔਰਤਾਂ ਰੋਣ ਦਾ ਯਤਨ ਕਰ ਰਹੀਆਂ ਹੋਣ ਅਤੇ ਕੋਈ ਉਨ੍ਹਾਂ ਦਾ ਗਲਾ ਦਬਾ ਰਿਹਾ ਹੋਵੇ। ਦੱਬੇ ਹੋਏ ਗਲੇ ਦੇ ਵਿਰਲਾਪ ਦਾ ਵੱਖਰਾ ਹੀ ਰੂਪ ਹੁੰਦਾ ਹੈ। ਭਿਅੰਕਰ ਅਤੇ ਅੰਦਰ ਤਕ ਹਿਲਾ ਦੇਣ ਵਾਲਾ। ਇਹ ਵਿਰਲਾਪ ਵੀ ਕੁਝ ਇਸੇ ਤਰ੍ਹਾਂ ਦਾ ਸੀ। ਜਿਹੜੀ ਆਵਾਜ਼ ਬਾਹਰ ਪਹੁੰਚ ਰਹੀ ਸੀ, ਉਹ ਪੱਥਰ ਤੋਂ ਪੱਥਰ ਦਿਲ ਆਦਮੀ ਨੂੰ ਵੀ ਹਿਲਾ ਦੇਣ 'ਚ ਕਾਮਯਾਬ ਸੀ।

ਆਵਾਜ਼ ਦਾ ਪਿੱਛਾ ਕਰਦੇ-ਕਰਦੇ ਪੁਲੀਸ ਦੀ ਟੁਕੜੀ ਇਕ ਛੋਟੇ ਜਿਹੇ ਚੌਕ ਤਕ ਅੱਪੜ ਗਈ। ਚੌਕ ਤੋਂ ਤਿੰਨ ਦਿਸ਼ਾਵਾਂ ਵੱਲ ਗਲੀਆਂ ਨਿਕਲਦੀਆਂ ਸਨ। ਚਾਰੇ ਪਾਸਿਉਂ ਉੱਚੇ-ਉੱਚੇ ਮਕਾਨਾਂ ਨਾਲ ਘਿਰਿਆ ਹੋਇਆ ਇਹ ਚੌਕ, ਆਮ ਦਿਨਾਂ 'ਚ ਬੱਚਿਆਂ ਲਈ ਛੋਟੀ ਜਿਹੀ ਖੇਡ ਦੇ ਮੈਦਾਨ ਦਾ ਕੰਮ ਕਰਦਾ ਸੀ ਅਤੇ ਉਸ ਸਮੇਂ ਗੁਲਜ਼ਾਰ ਬਣਿਆ ਰਹਿੰਦਾ ਸੀ, ਪਰ ਅੱਜ ਉੱਤੇ ਪੂਰੀ ਤਰ੍ਹਾਂ ਵੀਰਾਨਗੀ ਸੀ। ਪੁਲੀਸ ਵਾਲਿਆਂ ਦੇ ਉੱਥੇ ਪਹੁੰਚਦੇ-ਪਹੁੰਚਦੇ ਆਵਾਜ਼ ਪੂਰੀ ਤਰ੍ਹਾਂ ਗ਼ਾਇਬ ਹੋ ਗਈ। ਇਸ ਤਰ੍ਹਾਂ ਲੱਗਦਾ ਸੀ ਕਿ ਪੁਲੀਸ ਦੇ ਉੱਤੇ ਪਹੁੰਚਣ ਦੀ ਆਹਟ ਮਾਤਮ ਵਾਲੇ ਘਰ ਤਕ ਪਹੁੰਚ ਗਈ ਸੀ ਅਤੇ ਰੋਣ ਵਾਲੀਆਂ ਔਰਤਾਂ ਦਾ ਮੂੰਹ ਬੰਦ ਕਰ ਦਿੱਤਾ ਗਿਆ ਸੀ।

ਉਸ ਛੋਟੇ ਜਿਹੇ ਚੌਕ 'ਚ ਜਿੰਨੇ ਵੀ ਘਰ ਸਨ, ਪੁਲੀਸ ਵਾਲੇ ਪੁਜੀਸ਼ਨਾਂ ਸੰਭਾਲ ਕੇ ਉਹਨਾਂ ਦੇ ਬਾਹਰ ਖੜ੍ਹੇ ਹੋ ਗਏ। ਅਫ਼ਸਰ ਵੀ ਖੰਭੇ ਦਾ ਸਹਾਰਾ ਲੈ ਕੇ ਅਗਲੇ ਕਦਮ ਬਾਰੇ ਦੱਬੀ ਹੋਈ ਆਵਾਜ਼ 'ਚ ਬਹਿਸ ਕਰਨ ਲੱਗੇ। ਇੰਨਾ ਨਿਸ਼ਚਿਤ ਸੀ ਕਿ ਉਹ ਮਕਾਨ, ਜਿਸ ਅੰਦਰ ਵਿਰਲਾਪ ਹੋ ਰਿਹਾ ਸੀ, ਇਥੇ ਨੇੜ੍ਹੇ ਹੀ ਕਿਤੇ ਸੀ, ਕਿਉਂਕਿ ਉਹਨਾਂ ਦੇ ਇਸ ਚੌਕ 'ਚ ਪਹੁੰਚਦੇ ਹੀ ਆਵਾਜ਼ ਇਕਦਮ ਬੰਦ ਹੋ ਗਈ ਸੀ। ਉਹਨਾਂ ਨੇ ਖੰਭਿਆਂ ਦੇ ਸਹਾਰੇ ਚੌਕ ਵਾਲੀ ਜ਼ਮੀਨ ਤੋਂ ਖ਼ੂਨ ਦੀ ਲਕੀਰ ਲੱਭਣ ਦੀ ਕੋਸ਼ਿਸ਼ ਕੀਤੀ। ਖ਼ੂਨ ਦਾ ਨਿਸ਼ਾਨ ਜ਼ਮੀਨ 'ਤੇ ਮਿਲਣਾ ਮੁਸ਼ਕਿਲ ਸੀ, ਕਿਉਂਕਿ ਇਸ ਖੇਤਰ 'ਚ ਪਾਣੀ ਸਿਰਫ਼ ਅਸਮਾਨ ਤੋਂ ਹੀ ਨਹੀਂ ਡਿੱਗ ਰਿਹਾ ਹੈ, ਤਕਰੀਬਨ ਸਾਰੇ ਮਕਾਨਾਂ ਦੇ ਪਰਨਾਲੇ ਚੌਕ 'ਚ ਡਿੱਗਦੇ ਸਨ। ਛੱਤਾਂ ਦਾ ਪਾਣੀ ਗਲੀਆਂ ਰਾਹੀਂ ਹੋ ਕੇ ਵੱਡੇ ਵਹਿਣ ਦਾ ਰੂਪ ਧਾਰ ਕੇ ਚੌਕ 'ਚ ਆ ਰਿਹਾ ਸੀ ਅਤੇ ਉਸ ਪਾਣੀ ਨਾਲ ਜ਼ਮੀਨ ਪੂਰੀ ਤਰ੍ਹਾਂ ਸਾਫ਼ ਹੋਈ ਜਾ ਰਹੀ ਸੀ।



ਅਚਾਨਕ ਇਕ ਸਿਪਾਹੀ ਨੇ ਉੱਤੇਜਿਤ ਲਹਿਜੇ 'ਚ ਆਪਣਾ ਹੱਥ ਹਿਲਾਉਣਾ ਸ਼ੁਰੂ ਕੀਤਾ। ਉਹ ਇਕ ਬਹੁਤ ਵੱਡੇ ਹਵੇਲੀ ਵਰਗੇ ਮਕਾਨ ਦੀਆਂ ਪੌੜੀਆਂ 'ਤੇ ਦਰਵਾਜ਼ੇ ਨਾਲ ਜੁੜ ਕੇ ਖੜ੍ਹਾ ਸੀ। ਦਰਵਾਜ਼ੇ ਦਾ ਉਪਰਲਾ ਛੱਜਾ ਬਾਰਿਸ਼ ਤੋਂ ਉਸ ਦਾ ਬਚਾਅ ਕਰ ਰਿਹਾ ਸੀ। ਦਰਵਾਜ਼ੇ ਦੀ ਚੌਖਟ 'ਤੇ ਉਸਨੂੰ ਲਾਲ ਰੰਗ ਦਾ ਦਾਗ਼ ਦਿਖਾਈ ਦਿੱਤਾ। ਇਸ ਦਾਗ਼ ਉੱਤੇ ਵਧਾਅ ਦੇ ਕਾਰਨ ਸਿੱਧੀ ਬਾਰਿਸ਼ ਨਹੀਂ ਸੀ ਪੈ ਰਹੀ, ਫਿਰ ਵੀ ਇਧਰੋਂ-ਉਧਰੋ ਪੈ ਰਹੀਆਂ ਛਿੱਟਾਂ ਨੇ ਦਾਗ਼ ਨੂੰ ਕਾਫ਼ੀ ਧੁੰਧਲਾ ਜਿਹਾ ਕਰ ਦਿੱਤਾ ਸੀ। ਇਸ ਲਈ ਠੀਕ ਉਸਦੇ ਨਾਲ ਖੜ੍ਹੇ ਸਿਪਾਹੀ ਦੀ ਨਿਗ੍ਹਾ ਵੀ ਉਸ 'ਤੇ ਥੋੜ੍ਹੀ ਦੇਰ ਬਾਅਦ ਪਈ। ਉਸ ਨੂੰ ਹੱਥ ਹਿਲਾਉਂਦਾ ਵੇਖ ਕੇ ਕੁਝ ਪੁਲੀਸ ਅਫ਼ਸਰ ਅਤੇ ਦਰੋਗਾ ਤੇਜ਼ੀ ਨਾਲ ਆਪਣੀ-ਆਪਣੀ ਪਨਾਹ ਵਿਚੋਂ ਨਿਕਲੇ ਅਤੇ ਝੁਕੀ ਹੋਈ ਪੁਜੀਸ਼ਨ 'ਚ ਲਗਭਗ ਦੌੜਦੇ ਹੋਏ ਉਸ ਬਰਾਂਡੇ ਤਕ ਪਹੁੰਚ ਗਏ।

ਉੱਥੇ ਪਹੁੰਚ ਕੇ ਕਈਆਂ ਨੇ ਹੇਠਾਂ ਹੋ ਕੇ ਚੌਖਟ ਦਾ ਮੁਆਇਨਾ ਕੀਤਾ, ਜਿੱਥੇ ਪਹਿਲੀ ਵਾਰ ਖ਼ੂਨ ਦਾ ਦਾਗ਼ ਦਿਖਾਈ ਦਿੱਤਾ ਸੀ। ਇਸ ਤੋਂ ਇਲਾਵਾ ਕਈ ਥਾਵਾਂ 'ਤੇ ਹੋਰ ਵੀ ਹਲਕੇ ਧੁੰਧਲੇ ਲਾਲ ਦਾਗ਼ ਦਿਖਾਈ ਦੇਣ ਲੱਗੇ। ਇੰਨਾ ਪੱਕਾ ਹੋ ਗਿਆ ਸੀ ਕਿ ਏਸੇ ਘਰ 'ਚ ਕੋਈ ਜ਼ਖ਼ਮੀ ਹਾਲਤ ਵਿਚ ਲਿਆਂਦਾ ਗਿਆ ਹੈ।

ਇਕ ਅਫ਼ਸਰ ਨੇ ਹੌਲੀ ਜਿਹੀ ਦਰਵਾਜ਼ਾ ਖੜਕਾਇਆ। ਅੰਦਰ ਪੂਰੀ ਤਰ੍ਹਾਂ ਚੁੱਪਚਾਪ ਸੀ। ਉਸ ਨੇ ਜ਼ੋਰ ਨਾਲ ਦਰਵਾਜ਼ਾ ਖੜਕਾਇਆ, ਅੰਦਰੋਂ ਕੋਈ ਆਵਾਜ਼ ਨਾ ਆਈ। ਉਹ ਪਿੱਛੇ ਹਟ ਗਿਆ ਤੇ ਇਕ ਦਰੋਗੇ ਨੂੰ ਇਸ਼ਾਰਾ ਕੀਤਾ। ਦਰੋਗੇ ਨੇ ਅੱਗੇ ਵਧ ਕੇ ਦਰਵਾਜ਼ਾ ਜ਼ੋਰ ਦੀ ਖੜਕਾਉਣਾ ਸ਼ੁਰੂ ਕਰ ਦਿੱਤਾ। ਕੋਈ ਜਵਾਬ ਨਾ ਆਉਣ 'ਤੇ ਉਸ ਨੇ ਦਰਵਾਜ਼ੇ ਉੱਤੇ ਤਿੰਨ ਚਾਰ ਲੱਤਾਂ ਮਾਰੀਆਂ। ਲੱਤਾਂ ਮਾਰਨ ਨਾਲ ਦਰਵਾਜ਼ਾ ਬੁਰੀ ਤਰ੍ਹਾਂ ਹਿੱਲ ਗਿਆ। ਦਰਵਾਜ਼ਾ ਪੁਰਾਣਾ ਸੀ, ਟੁੱਟਣ ਵਾਲੀ ਹਾਲਤ ਹੋ ਗਈ। ਸ਼ਾਇਦ ਏਸੇ ਦਾ ਹੀ ਅਸਰ ਸੀ ਕਿ ਅੰਦਰੋਂ ਕੋਈ ਆਵਾਜ਼ ਆਈ। ਜਾਪਿਆ ਕੋਈ ਦਰਵਾਜ਼ੇ ਵੱਲ ਆ ਰਿਹਾ ਹੈ। ਪੌੜੀਆਂ ਵਿਚ ਖੜ੍ਹੇ ਲੋਕ ਦੋਵੇਂ ਪਾਸੇ ਕਿਨਾਰਿਆਂ ਨਾਲ ਸੁੰਗੜ ਕੇ ਖੜ੍ਹੇ ਹੋ ਗਏ। ਇਕ ਦੋ ਲੋਕਾਂ ਨੇ ਆਪਣੀਆਂ ਪਸਤੌਲਾਂ ਕੱਢ ਕੇ ਹੱਥਾਂ ਵਿਚ ਲੈ ਲਈਆਂ।

ਦਰਵਾਜ਼ੇ ਕੋਲ ਪਹੁੰਚ ਕੇ ਪੈਰਾਂ ਦੀ ਆਵਾਜ਼ ਰੁਕ ਗਈ। ਸਾਫ਼ ਸੀ ਕਿ ਕੋਈ ਦਰਵਾਜ਼ੇ ਦੇ ਪਿੱਛੇ ਖੜ੍ਹਾ ਹੋ ਕੇ ਦਰਵਾਜ਼ਾ ਖੋਲ੍ਹਣ ਜਾਂ ਨਾ ਖੋਲ੍ਹਣ ਦੇ ਸੰਸੇ ਵਿਚ ਸੀ। ਫੇਰ ਅੰਦਰੋਂ ਚਿਟਕਣੀ ਖੁੱਲ੍ਹਣ ਦੀ ਆਵਾਜ਼ ਆਈ ਅਤੇ ਇਕ ਮਾਤਮੀ ਖ਼ਾਮੋਸ਼ੀ ਨਾਲ ਦਰਵਾਜ਼ਾ ਹੌਲੀ-ਹੌਲੀ ਖੁੱਲ੍ਹ ਗਿਆ।

ਸਾਹਮਣੇ ਇਕ ਬੇਦੋਸ਼ ਚਿਹਰਾ ਸੀ, ਜਿਸ ਨੂੰ ਵੇਖ ਕੇ ਇਹ ਅੰਦਾਜ਼ਾ ਲਾਉਣਾ ਬਹੁਤ ਮੁਸ਼ਕਿਲ ਸੀ ਕਿ ਮਕਾਨ ਅੰਦਰ ਕੀ ਕੁਝ ਵਾਪਰਿਆ ਹੋਵੇਗਾ।

"ਸਬ ਕੇ ਸਬ ਬਹਰੇ ਹੋ ਗਏ ਥੇ ਕਯਾ ? ਹਮ ਲੋਗ ਇਤਨੀ ਦੇਰ ਸੇ ਬਰਸਾਤ ਮੇਂ ਖੜੇ ਭੀਗ ਰਹੇ ਹੈਂ ਔਰ ਦਰਵਾਜ਼ਾ ਪੀਟ ਰਹੇ ਹੈਂ।"

ਬੋਲਣ ਵਾਲੇ ਦੇ ਗ਼ੁੱਸੇ ਭਰੇ ਸ਼ਬਦਾਂ ਨੇ ਬੁੱਢੇ ਨੂੰ ਪੂਰੀ ਤਰ੍ਹਾਂ ਝੰਜੋੜ ਸੁੱਟਿਆ। ਉਸਦੀ ਚੁੱਪ ਬਹੁਤ ਭਿਅੰਕਰ ਸੀ। ਦਰਵਾਜ਼ਾ ਖੁੱਲ੍ਹਣ ਨਾਲ ਕੁਝ ਬੂੰਦਾਂ ਉਸਦੇ ਮੱਥੇ ਅਤੇ ਚਿਹਰੇ ਉੱਤੇ ਪਈਆਂ ਅਤੇ ਉਸਦੀ ਸਫ਼ੈਦ ਦਾੜ੍ਹੀ'ਚ ਉਲਝ ਗਈਆਂ।

"ਅੰਦਰ ਕੋਈ ਜਖ਼ਮੀ ਛਿਪਾ ਹੈ ਕਯਾ ?"

"ਜੀ ਨਹੀਂ...ਕੋਈ ਨਹੀਂ ਹੈ।" ਉਸਦੀ ਆਵਾਜ਼ ਇੰਨੀ ਮੱਧਮ ਸੀ ਕਿ ਇਹ ਜਾਣਦੇ ਹੋਏ ਵੀ ਕਿ ਉਹ ਝੂਠ ਬੋਲ ਰਿਹਾ ਹੈ, ਕਿਸੇ ਨੇ ਉਸ ਨੂੰ ਡਰਾਉਣ ਦੀ ਕੋਸ਼ਿਸ਼ ਨਹੀਂ ਕੀਤੀ।

"ਬੜੇ ਮੀਯਾਂ, ਹਮ ਜ਼ਖ਼ਮੀ ਕੇ ਭਲੇ ਕੇ ਲੀਏ ਕਹਿ ਰਹੇ ਹੈਂ। ਤੁਮ ਉਸੇ ਹਮਾਰੇ ਹਵਾਲੇ ਕਰ ਦੋ। ਹਮ ਉਸੇ ਅਸਪਤਾਲ ਤਕ ਅਪਨੀ ਗਾੜੀ ਮੇਂ ਪਹੁੰਚਾ ਦੇਂਗੇ। ਦਵਾ-ਦਾਰੂ ਵਕਤ ਸੇ ਹੋ ਗਯੀ ਤੋ ਬਚ ਸਕਤਾ ਹੈ। ਨਹੀਂ ਤੋ ਅਬ ਪਤਾ ਨਹੀਂ ਕਿਤਨੇ ਦਿਨੋਂ ਤਕ ਕਰਫਿਊ ਲਗਾ ਰਹੇ ਔਰ ਹੋ ਸਕਤਾ ਹੈ ਇਲਾਜ ਨ ਹੋਨੇ ਸੇ ਹਾਲਤ ਔਰ ਖ਼ਰਾਬ ਹੋ ਜਾਏ।"

"ਆਪ ਮਾਲਕ ਹੈਂ ਹਜੂਰ, ਪੂਰਾ ਘਰ ਖੁਲਾ ਹੈ, ਦੇਖ ਸਕਤੇ ਹੈਂ। ਅੰਦਰ ਕੋਈ ਨਹੀਂ ਹੈ।" ਉਸਨੇ ਘਰ ਵੱਲ ਇਸ਼ਾਰਾ ਕੀਤਾ, ਪਰ ਖ਼ੁਦ ਦਰਵਾਜ਼ੇ ਤੋਂ ਨਹੀਂ ਹਟਿਆ। ਉਹ ਪੂਰਾ ਦਰਵਾਜ਼ਾ ਰੋਕ ਕੇ ਖੜ੍ਹਾ ਸੀ। ਕਿਸੇ ਦੀ ਸਮਝ ਵਿਚ ਨਹੀਂ ਸੀ ਰਿਹਾ ਕੀ ਕੀਤਾ ਜਾਵੇ। ਬੁੱਢੇ ਦੇ ਚਿਹਰੇ ਦੀ ਭਾਵਹੀਣਤਾ ਨੇ ਬੂੰਦਾਬਾਂਦੀ ਨਾਲ ਮਿਲ ਕੇ ਪੂਰੇ ਮਾਹੌਲ ਨੂੰ ਇਸ ਤਰ੍ਹਾਂ ਭੇਤਪੂਰਨ ਬਣਾ ਦਿੱਤਾ ਸੀ ਕਿ ਸਾਰਾ ਕੁਝ ਇਕ ਤਲਿਸਮ ਵਰਗਾ ਜਾਪ ਰਿਹਾ ਸੀ।

ਸਾਰਿਆਂ ਨੂੰ ਹੱਕਾ-ਬੱਕਾ ਵੇਖ ਕੇ ਬੁੱਢੇ ਨੇ ਦਰਵਾਜ਼ਾ ਹੌਲੀ-ਹੌਲੀ ਬੰਦ ਕਰਨਾ ਸ਼ੁਰੂ ਕਰ ਦਿੱਤਾ। ਉਸਦੇ ਹਰਕਤ ਵਿਚ ਆਉਂਦੇ ਹੀ ਇਹ ਤਲਿਸਮ ਅਚਾਨਕ ਟੁੱਟ ਗਿਆ ਅਤੇ ਇਕ ਅਫ਼ਸਰ ਨੇ ਆਪਣਾ ਡੰਡਾ ਖਿੱਚ ਕੇ ਦੋਵਾਂ ਦਰਵਾਜ਼ਿਆਂ ਵਿਚਕਾਰ ਫਸਾ ਦਿੱਤਾ। ਕਿਸੇ ਨੇ ਉੱਤੇਜਨਾ 'ਚ ਜ਼ੋਰ ਨਾਲ ਦਰਵਾਜ਼ੇ ਨੂੰ ਧੱਕਾ ਦੇ ਦਿੱਤਾ ਅਤੇ ਬੁੱਢਾ ਲੜਖੜਾਉਂਦਾ ਹੋਇਆ ਪਿੱਛੇ ਹਟ ਗਿਆ।

ਦਰਵਾਜ਼ੇ ਦੇ ਤੁਰੰਤ ਬਾਅਦ ਇਕ ਛੋਟਾ ਜਿਹਾ ਕਮਰਾ ਸੀ। ਕਮਰੇ ਦੇ ਬਾਅਦ ਵਿਹੜਾ ਸੀ, ਜਿਸ ਦੇ ਚਾਰੇ ਪਾਸੇ ਬਰਾਂਡਾ ਸੀ। ਬਰਾਂਡੇ ਦੇ ਚਾਰੇ ਪਾਸੇ ਪੰਜ ਛੇ ਕਮਰੇ ਸਨ, ਜਿਨ੍ਹਾਂ ਦੇ ਦਰਵਾਜ਼ੇ ਵਿਹੜੇ ਵੱਲ ਖੁੱਲ੍ਹਦੇ ਸਨ। ਬਰਾਂਡੇ'ਚ ਸੱਤ-ਅੱਠ ਔਰਤਾਂ, ਦੋ ਤਿੰਨ ਜਵਾਨ ਮਰਦ ਅਤੇ ਤਿੰਨ ਚਾਰ ਬੱਚਿਆਂ ਦਾ ਮਾਤਮੀ ਇਕੱਠ ਸੀ, ਜਿਹੜਾ ਇਕ ਮੰਜੀ ਦੇ ਦੁਆਲੇ ਖੜ੍ਹਾ ਸੀ। ਨੰਗੀ ਮੰਜੀ 'ਤੇ ਜ਼ਖ਼ਮੀ ਪਿਆ ਸੀ। ਖ਼ੂਨ ਮੰਜੀ ਦੀਆਂ ਰੱਸੀਆਂ ਨੂੰ ਗਿੱਲਾ ਕਰਕੇ ਜ਼ਮੀਨ 'ਤੇ ਫੈਲ ਗਿਆ ਸੀ। ਭਾਵੇਂ ਖ਼ੂਨ ਨਾਲ ਗਿੱਲੀ ਮੰਜੀ ਉੱਤੇ ਪਏ ਆਦਮੀ ਦਾ ਪੂਰਾ ਜਿਸਮ ਭਿੱਜਾ ਹੋਇਆ ਸੀ, ਫਿਰ ਵੀ ਗੌਰ ਨਾਲ ਵੇਖਣ 'ਤੇ ਸਾਫ਼ ਪਤਾ ਲੱਗਦਾ ਸੀ ਕਿ ਉਸਦੇ ਖੱਬੇ ਮੋਢੇ ਤੋਂ ਲਗਭਗ ਇਕ ਹੱਥ ਥੱਲੇ ਛਾਤੀ ਨਾਲ ਚਿਪਕਿਆ ਹੋਇਆ ਕਮੀਜ਼ ਦਾ ਹਿੱਸਾ, ਜ਼ਿਆਦਾ ਲਾਲ ਅਤੇ ਗਾੜ੍ਹੇ ਖ਼ੂਨ ਨਾਲ ਗੜੁੱਚ ਸੀ। ਗੋਲੀ ਉੱਤੇ ਹੀ ਵੱਜੀ ਸੀ।

ਆਪਣੀਆਂ ਡਰ ਨਾਲ ਭਰੀਆਂ ਅੱਖਾਂ ਮੰਜੀ 'ਤੇ ਪਈ ਸੂਰਤ ਉੱਤੇ ਮਾਰਨ ਤੋਂ ਬਾਅਦ ਇਕ ਦਰੋਗੇ ਨੇ ਆਪਣੇ ਨਾਲ ਖੜ੍ਹੇ ਅਫ਼ਸਰ ਦੇ ਕੰਨ 'ਚ ਆਖਿਆ, "ਮਰ ਗਯਾ ਹੈ ਹਜ਼ੂਰ।"

ਅਫ਼ਸਰ ਨੇ ਘਬਰਾ ਕੇ ਚਾਰੇ ਪਾਸੇ ਵੇਖਿਆ। ਕਿਸੇ ਨੇ ਨਹੀਂ ਸੀ ਸੁਣਿਆ। ਮੰਜੀ ਦੇ ਦੁਆਲੇ ਖੜ੍ਹੀਆਂ ਔਰਤਾਂ ਅਤੇ ਮਰਦ ਹੁਣ ਤਕ ਇਹੋ ਸਮਝ ਰਹੇ ਸਨ ਕਿ ਮੰਜੀ ਉੱਤੇ ਪਿਆ ਆਦਮੀ ਸਿਰਫ਼ ਜ਼ਖ਼ਮੀ ਹੈ, ਮਰਿਆ ਨਹੀਂ। ਖ਼ਾਸ ਤੌਰ 'ਤੇ ਔਰਤਾਂ ਇਹੀ ਸੋਚ ਰਹੀਆਂ ਸਨ। ਜਾਂ ਹੋ ਸਕਦਾ ਏ ਉਨ੍ਹਾਂ ਵਿਚੋਂ ਕੁਝ ਲੋਕਾਂ ਨੂੰ ਅਹਿਸਾਸ ਹੋ ਚੁੱਕਿਆ ਹੋਵੇ ਕਿ ਜ਼ਖ਼ਮੀ ਮਰ ਗਿਆ ਹੈ, ਪਰੰਤੂ ਉਹ ਇਹ ਗੱਲ ਮੰਨਣਾ ਨਹੀਂ ਸਨ ਚਾਹੁੰਦੇ।



ਔਰਤਾਂ ਨੇ ਫਿਰ ਵਿਰਲਾਪ ਕਰਨਾ ਸ਼ੁਰੂ ਕਰ ਦਿੱਤਾ। ਜ਼ਿਆਦਾਤਰ ਔਰਤਾਂ ਨੇ ਪਰਦਾ ਰੱਖਣ ਲਈ ਆਪਣੇ ਮੱਥੇ 'ਤੇ ਕੱਪੜਾ ਰੱਖਿਆ ਹੋਇਆ ਸੀ। ਉਹ ਦੱਬੀ ਹੋਈ ਆਵਾਜ਼ 'ਚ ਹੌਲੀ-ਹੌਲੀ ਖ਼ਾਮੋਸ਼ ਸ਼ਬਦਾਂ ਨਾਲ ਰੋ ਰਹੀਆਂ ਸਨ। ਉਨ੍ਹਾਂ ਦੇ ਸਰੀਰ ਹੌਲੀ-ਹੌਲੀ ਹਿੱਲ ਰਹੇ ਸਨ ਅਤੇ ਉਨ੍ਹਾਂ ਦੇ ਰੋਣ ਅਤੇ ਸਰੀਰ ਦੀ ਕੰਬਣੀ 'ਚ ਇਕ ਖ਼ਾਸ ਤਰ੍ਹਾਂ ਦੀ ਲੈਅ ਸੀ ਅਤੇ ਇਹ ਲੈਅ ਉਦੋਂ ਹੀ ਟੁੱਟਦੀ ਸੀ, ਜਦੋਂ ਉਨ੍ਹਾਂ ਵਿਚੋਂ ਇਕ ਅਚਾਨਕ ਦੂਸਰੀ ਨਾਲੋਂ ਤੇਜ਼ ਆਵਾਜ਼ 'ਚ ਰੋਣ ਲੱਗਦੀ ਜਾਂ ਕਿਸੇ ਇਕ ਦਾ ਸਰੀਰ ਦੂਸਰੀਆਂ ਔਰਤਾਂ ਨਾਲੋਂ ਤੇਜ਼ ਕੰਬਣ ਲੱਗਦਾ।

ਅਫ਼ਸਰਾਂ ਨੇ ਆਪਸ ਵਿਚ ਅੱਖਾਂ ਨਾਲ ਗੱਲ ਕੀਤੀ ਅਤੇ ਉਹਨਾਂ ਵਿਚੋਂ ਇਕ ਨੇ ਆਪਣੇ ਆਦਮੀ ਨੂੰ ਹੁਕਮ ਦਿੱਤਾ, "ਮਜਰੂਬ ਕੋ ਸੰਭਾਲ ਕਰ ਚਾਰਪਾਈ ਸਮੇਤ ਉਠਾ ਲੋ। ਕਾਲਵਿਨ ਮੇਂ ਕੋਈ ਨ ਕੋਈ ਡਾਕਟਰ ਜ਼ਰੂਰ ਮਿਲ ਜਾਏਗਾ।"
ਪੁਲਿਸ ਦੇ ਚਾਰ ਪੰਜ ਆਦਮੀਆਂ ਨੇ ਤੇਜ਼ੀ ਨਾਲ ਮੰਜੀ ਨੂੰ ਚਾਰੇ ਪਾਸਿਉਂ ਫੜ੍ਹਕੇ ਹੱਥਾਂ 'ਤੇ ਚੁੱਕ ਲਿਆ। ਮੰਜੀ ਦੇ ਦੁਆਲੇ ਔਰਤਾਂ-ਮਰਦ ਚੁੱਪ-ਚਾਪ ਖੜ੍ਹੇ ਸਨ।
ਸਿਰਫ਼ ਔਰਤਾਂ ਦੇ ਵਿਰਲਾਪ 'ਚ ਰੁਕਾਵਟ ਗਈ।

"ਆਪ ਲੋਗ ਭੀ ਮਦਦ ਕੀਜੀਏ। ਜਿਤਨੀ ਜਲਦੀ ਅਸਪਤਾਲ ਪਹੁੰਚੇਂਗੇ ਉਤਨਾ ਹੀ ਅੱਛਾ ਹੋਗਾ।"

ਖੜ੍ਹੇ ਔਰਤਾਂ ਤੇ ਮਰਦਾਂ 'ਚ ਕੁਝ ਹਲਚਲ ਹੋਈ। ਦੋ ਤਿੰਨ ਮਰਦਾਂ ਨੇ ਮੰਜੀ ਨੂੰ ਹੱਥ ਪਾਇਆ। ਮੰਜੀ ਚੁੱਕ ਕੇ ਉਹ ਹੌਲੀ-ਹੌਲੀ ਬਰਾਂਡੇ ਤੋਂ ਬਾਹਰ ਦਰਵਾਜ਼ੇ ਵੱਲ ਵਧਣ ਲੱਗੇ।

ਇਕ ਔਰਤ ਨੂੰ ਅਚਾਨਕ ਕੁਝ ਯਾਦ ਆਇਆ। ਉਹ ਦੌੜ ਕੇ ਇਕ ਮੋਟੀ ਚਾਦਰ ਲੈ ਆਈ ਅਤੇ ਮੰਜੀ 'ਤੇ ਪਏ ਆਦਮੀ ਉੱਤੇ ਪਾ ਦਿੱਤੀ। ਬਾਹਰ ਬਾਰਸ਼ ਤੇਜ਼ ਸੀ। ਸ਼ੁਰੂ ਵਿਚ ਜਿਸ ਬੁੱਢੇ ਨੇ ਦਰਵਾਜ਼ਾ ਖੋਲ੍ਹਿਆ ਸੀ, ਉਸ ਨੇ ਬਰਾਂਡੇ 'ਚ ਕਿੱਲੀ ਨਾਲ ਟੰਗੀ ਛਤਰੀ ਲਾਹ ਲਈ ਅਤੇ ਮੰਜੀ 'ਤੇ ਪਏ ਆਦਮੀ ਦੇ ਮੂੰਹ 'ਤੇ ਖੋਲ੍ਹੀ ਅਤੇ ਫਿਰ ਬੰਦ ਕਰ ਦਿੱਤੀ। ਉਸ ਨੂੰ ਯਕੀਨ ਹੋ ਗਿਆ ਕਿ ਬਾਹਰ ਬਾਰਿਸ਼ ਵਿਚ ਇਹ ਛਤਰੀ ਕੰਮ ਕਰੇਗੀ।

ਮੰਜੀ ਲੋਕਾਂ ਨੇ ਇਸ ਤਰ੍ਹਾਂ ਚੁੱਕੀ ਹੋਈ ਸੀ ਕਿ ਉਨ੍ਹਾਂ ਦੀ ਪਿੱਠ ਹੀ ਉਪਰ ਸੀ। ਦਰਵਾਜ਼ੇ ਕੋਲ ਆ ਕੇ ਲੋਕ ਰੁਕ ਗਏ। ਮੰਜੀ ਦਰਵਾਜ਼ੇ ਤੋਂ ਸਿੱਧੀ ਨਹੀਂ ਸੀ ਨਿਕਲ ਸਕਦੀ। ਬਾਹਰ ਕੱਢਣ ਲਈ ਉਸ ਨੂੰ ਟੇਢਾ ਕਰਨਾ ਜ਼ਰੂਰੀ ਸੀ। ਦਰਵਾਜ਼ੇ ਤੋਂ ਬਾਹਰ ਨਿਕਲ ਕੇ ਲੋਕਾਂ ਨੇ ਮੰਜੀ ਨੂੰ ਫੜ੍ਹਿਆ। ਚੌੜਾਈ ਵਾਲੇ ਪਾਸਿਉਂ ਲੋਕ ਇਕ ਪਾਸੇ ਹਟ ਗਏ। ਸਿਰਫ਼ ਤਿੰਨਾਂ ਪਾਸਿਉਂ ਤੋਂ ਉਹਨਾਂ ਨੇ ਮੰਜੀ ਨੂੰ ਟੇਢਾ ਕਰਕੇ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ। ਮੰਜੀ ਵਾਰ-ਵਾਰ ਦਰਵਾਜ਼ੇ ਵਿਚ ਫਸ ਰਹੀ ਸੀ। ਬੜੇ ਹੌਸਲੇ ਅਤੇ ਸਾਵਧਾਨੀ ਦੀ ਜ਼ਰੂਰਤ ਸੀ। ਮੰਜੀ ਹੌਲੀ-ਹੌਲੀ ਅੱਧੀ ਤੋਂ ਜ਼ਿਆਦਾ ਟੇਢੀ ਹੋ ਗਈ ਅਤੇ ਉਸ ਉੱਤੇ ਪਿਆ ਆਦਮੀ ਟੇਢੇ ਪਾਸੇ ਝੁਕਣ ਲੱਗਾ। ਦੋ ਤਿੰਨ ਲੋਕਾਂ ਨੇ ਫੜ੍ਹ ਕੇ ਸੰਭਾਲਿਆ। ਪੂਰੀ ਹਰਕਤ ਨੂੰ ਕਾਬੂ ਕਰਨ ਵਾਲੇ ਅਫ਼ਸਰ ਨੇ ਜਲਦੀ ਕਰਨ ਵਾਲੇ ਨੂੰ ਜ਼ੋਰ ਨਾਲ ਝਿੜਕਿਆ, "ਸੰਭਾਲ ਕੇ ਨਿਕਾਲੋ। ਅਭੀ ਲਾਸ਼ ਗਿਰ ਜਾਤੀ।"

ਲਾਸ਼ ਸ਼ਬਦ ਨੇ ਮਾਹੌਲ ਨੂੰ ਪੂਰੀ ਤਰ੍ਹਾਂ ਝੰਜੋੜ ਸੁੱਟਿਆ। ਔਰਤਾਂ ਸਹਿਮ ਕੇ ਖਲੋ ਗਈਆਂ। ਬੁੱਢੇ ਨੇ ਇਕ ਲੰਮੀ ਚੀਖ਼ ਮਾਰੀ ਅਤੇ ਹੱਥ ਵਾਲੀ ਛਤਰੀ 'ਤੇ ਪੂਰਾ ਵਜ਼ਨ ਪਾ ਕੇ ਖੜ੍ਹਾ ਹੋ ਗਿਆ। ਉਹ ਅਚਾਨਕ ਇੰਨਾ ਬੁੱਢਾ ਹੋ ਗਿਆ ਕਿ ਉਸਨੂੰ ਛਤਰੀ ਦਾ ਸਹਾਰਾ ਲੈਣ ਦੀ ਜ਼ਰੂਰਤ ਪੈਣ ਲੱਗੀ।

ਔਰਤਾਂ ਨੇ ਪਹਿਲੀ ਵਾਰ ਮਿੱਟੀ ਦਾ ਵਿਰਲਾਪ ਸ਼ੁਰੂ ਕੀਤਾ। ਉਹਨਾਂ ਦੀ ਦੱਬੀ ਹੋਈ ਆਵਾਜ਼ ਪੂਰੇ ਜ਼ੋਰ ਨਾਲ ਆਉਣ ਲੱਗੀ। ਕਈਆਂ ਨੇ ਆਪਣੀ ਛਾਤੀ ਜ਼ੋਰ ਨਾਲ ਪਿੱਟਣੀ ਸ਼ੁਰੂ ਕਰ ਦਿੱਤੀ। ਭਰਮ ਦਾ ਇਕ ਪਰਦਾ, ਜਿਸਨੂੰ ਉਹਨਾਂ ਨੇ ਆਪਣੇ ਚਾਰੇ ਪਾਸੇ ਫ਼ੈਲਾਅ ਰੱਖਿਆ ਸੀ, ਇਕਦਮ ਟੁੱਟ ਗਿਆ।

ਜਿਸ ਵੇਲੇ ਜ਼ਖ਼ਮੀ ਉੱਤੇ ਲਿਆਂਦਾ ਗਿਆ ਹੋਵੇਗਾ, ਉਸ ਵੇਲੇ ਜ਼ਰੂਰ ਉਸਦੇ ਜਿਸਮ ਵਿਚ ਹਰਕਤ ਹੋਈ ਹੋਵੇਗੀ। ਹੌਲੀ-ਹੌਲੀ ਜਿਸਮ ਮੁਰਦਾ ਹੋ ਗਿਆ ਹੋਵੇਗਾ। ਪਰ ਉਹ ਇਸਨੂੰ ਮੰਨਣ ਲਈ ਤਿਆਰ ਨਹੀਂ ਸਨ। ਪਹਿਲੀ ਵਾਰ 'ਲਾਸ਼' ਸ਼ਬਦ ਦੇ ਉਚਾਰਣ ਨੇ ਉਨ੍ਹਾਂ ਦੀ ਜਾਣਕਾਰੀ ਇਸ ਸੱਚ ਨਾਲ ਕਰਵਾਈ ਸੀ।

ਉਹਨਾਂ ਵਿਚੋਂ ਦੋ ਤਿੰਨ ਔਰਤਾਂ ਅੱਗੇ ਵਧੀਆਂ ਅਤੇ ਬਾਹਵਾਂ ਫੈਲਾਅ ਕੇ ਮੁਰਦੇ ਉੱਤੇ ਡਿੱਗ ਪਈਆਂ। ਉਦੋਂ ਤਕ ਮੰਜੀ ਬਾਹਰ ਨਿਕਲ ਚੁੱਕੀ ਸੀ। ਮੰਜੀ ਦਾ ਅੱਧਾ ਹਿੱਸਾ ਬਰਾਂਡੇ ਥੱਲੇ ਸੀ ਅਤੇ ਅੱਧਾ ਬਾਰਿਸ਼ ਵਿਚ। ਜਿਨ੍ਹਾਂ ਲੋਕਾਂ ਨੇ ਪੈਰਾਂ ਵੱਲੋਂ ਮੰਜੀ ਫੜ੍ਹੀ ਹੋਈ ਸੀ, ਉਹ ਪੂਰੀ ਤਰ੍ਹਾਂ ਭਿੱਜ ਚੁੱਕੇ ਸਨ। ਔਰਤਾਂ ਦੇ ਅਚੇਤ ਮੰਜੀ 'ਤੇ ਡਿੱਗਣ ਨਾਲ ਮੰਜੀ ਜ਼ਮੀਨ 'ਤੇ ਡਿੱਗ ਪਈ। ਬਾਕੀ ਔਰਤਾਂ ਵੀ ਮੰਜੀ ਦੇ ਚਾਰੇ ਪਾਸੇ ਬੈਠ ਗਈਆਂ। ਉਪਰ ਬਾਰਿਸ਼ ਸੀ ਅਤੇ ਥੱਲੇ ਔਰਤਾਂ ਦਾ ਮਾਤਮੀ ਇਕੱਠ ਅਤੇ ਇਸ ਬਾਰੇ ਨਾਲ ਭਿੱਜੀ ਹੋਈ ਕਮਜ਼ੋਰ ਮਰਦਾਂ ਦੀ ਖ਼ਾਮੋਸ਼ ਅਤੇ ਉਦਾਸ ਭੀੜ ਸੀ। ਮਰਦਾਂ ਵਿਚੋਂ ਕੁਝ ਲੋਕ ਅੱਗੇ ਆਏ। ਉਹਨਾਂ ਨੇ ਔਰਤਾਂ ਨੂੰ ਹੌਲੀ-ਹੌਲੀ ਮੰਜੀ ਤੋਂ ਅਲੱਗ ਕਰਨਾ ਸ਼ੁਰੂ ਕਰ ਦਿੱਤਾ। ਕੁਝ ਔਰਤਾਂ ਨੂੰ ਹਟਾਏ ਜਾਣ ਤੇ ਉਹ ਝਪੱਟਾ ਮਾਰ ਕੇ ਫਿਰ ਲਾਸ਼ 'ਤੇ ਜਾ ਡਿੱਗੀਆਂ। ਮਰਦਾਂ ਨੇ ਹੌਲੀ ਜਹੀ ਉਹਨਾਂ ਨੂੰ ਪਿੱਛੇ ਕੀਤਾ।

ਪੁਲੀਸ ਵਾਲਿਆਂ ਅਤੇ ਘਰ ਦੇ ਮਰਦਾਂ ਵਿਚੋਂ ਕਈਆਂ ਨੇ ਮੰਜੀ ਨੂੰ ਦੁਬਾਰਾ ਚੁੱਕ ਲਿਆ। ਇਸ ਵਾਰ ਮੰਜੀ ਉਹਨਾਂ ਨੇ ਆਪਣੇ ਮੋਢਿਆਂ ਉੱਤੇ ਚੁੱਕ ਲਈ। ਤੇਜ਼ ਗਤੀ ਨਾਲ ਉਹ ਗਲੀ ਦੇ ਬਾਹਰ ਦੌੜੇ। ਮੁਸ਼ਕਿਲ ਨਾਲ ਦਸ ਕਦਮ ਜਾਣ ਤੇ ਗਲੀ ਖੱਬੇ ਪਾਸੇ ਮੁੜਦੀ ਸੀ। ਪਹਿਲਾਂ ਮੰਜੀ ਔਰਤਾਂ ਦੀ ਨਜ਼ਰ ਤੋਂ ਓਝਲ ਹੋਈ। ਫਿਰ ਉਸਦੇ ਪਿੱਛੇ ਤੁਰਨ ਵਾਲਾ ਕਾਫ਼ਲਾ ਵੀ ਗ਼ਾਇਬ ਹੋ ਗਿਆ। ਸਿਰਫ਼ ਵਿਰਲਾਪ ਕਰਨ ਵਾਲੀਆਂ ਔਰਤਾਂ ਦੀ ਆਵਾਜ਼, ਉਨ੍ਹਾਂ ਦਾ ਪਿੱਛਾ ਕਰਦੀ ਰਹੀ। ਹੌਲੀ-ਹੌਲੀ ਉਹ ਆਵਾਜ਼ ਦੀ ਹੱਦ ਤੋਂ ਬਾਹਰ ਚਲੇ ਗਏ। ਜੇਕਰ ਵਿਚਕਾਰ ਉੱਚੇ-ਉੱਚੇ ਮਕਾਨਾਂ ਦੀ ਕੰਧ ਨਾ ਹੁੰਦੀ ਅਤੇ ਜੇ ਉਹ ਵੇਖ ਸਕਦੇ ਹੁੰਦੇ ਤਾਂ ਵੇਖਦੇ ਕਿ ਔਰਤਾਂ ਘਰ ਦੇ ਅੰਦਰ ਚਲੀਆਂ ਗਈਆਂ ਹਨ ਅਤੇ ਇਕ ਬੁੱਢਾ ਆਦਮੀ ਬਾਰਿਸ਼ ਦੀਆਂ ਹਲਕੀਆਂ ਬੂੰਦਾਂ 'ਚ ਛਤਰੀ ਦੇ ਸਹਾਰੇ ਦਰਵਾਜ਼ੇ ਵਿਚ ਖੜ੍ਹਾ ਹੈ।

(2)

ਕਰਫਿਊ ਲੱਗਣ ਨਾਲ ਹੀ ਇਕ ਵਾਰੀ ਬਹੁਤ ਸਾਰੀਆਂ ਚੀਜ਼ਾਂ ਆਪਣੇ ਆਪ ਹੋ ਗਈਆਂ। ਮਸਲਨ ਸ਼ਹਿਰ ਦਾ ਇਕ ਹਿੱਸਾ ਪਾਕਿਸਤਾਨ ਬਣ ਗਿਆ ਅਤੇ ਉਸ ਅੰਦਰ ਰਹਿਣ ਵਾਲੇ ਪਾਕਿਸਤਾਨੀ। ਇਹ ਹਿੱਸਾ ਜਾਨਸਨਗੰਜ ਤੋਂ ਅਟਾਲਾ ਅਤੇ ਖੁਲਦਾਬਾਦ ਤੋਂ ਮੁੱਠੀਗੰਜ ਵਿਚਕਾਰ ਫੈਲਿਆ ਹੋਇਆ ਸੀ। ਹਰ ਸਾਲ ਇਕ ਦੋ ਵਾਰੀ ਅਜਿਹੀ ਨੌਬਤ ਜ਼ਰੂਰ ਆਉਂਦੀ ਸੀ, ਜਦ ਸ਼ਹਿਰ ਦੇ ਬਾਕੀ ਹਿੱਸਿਆਂ ਦੇ ਲੋਕ ਇਸ ਹਿੱਸੇ ਵਿਚ ਰਹਿਣ ਵਾਲੇ ਲੋਕਾਂ ਨੂੰ ਪਾਕਿਸਤਾਨੀ ਕਰਾਰ ਦੇਂਦੇ ਸਨ। ਪਿਛਲੇ ਕਈ ਸਾਲਾਂ ਤੋਂ ਜਦੋਂ ਵੀ ਸ਼ਹਿਰ ਅੰਦਰ ਕਰਫਿਊ ਲੱਗਦਾ ਤਾਂ ਉਸਦਾ ਮਤਲਬ ਸਿਰਫ਼ ਇਸ ਇਲਾਕੇ ਦੇ ਕਰਫਿਊ ਤੋਂ ਹੀ ਹੁੰਦਾ। ਇਸ ਤੋਂ ਪਰ੍ਹੇ ਜਿਹੜਾ ਸ਼ਹਿਰ ਸੀ, ਉਹ ਇਹਨਾਂ ਘਟਨਾਵਾਂ ਤੋਂ ਬਿਲਕੁਲ ਬੇਖ਼ਬਰ ਆਪਣੇ-ਆਪ ਵਿਚ ਮਸਤ ਰਹਿੰਦਾ। ਜੰਕਸ਼ਨ ਤੋਂ



ਸਿਵਲ ਲਾਈਨ ਵਾਲੇ ਪਾਸੇ ਉਤਰਨ ਵਾਲਿਆਂ ਨੂੰ ਇਹ ਅਹਿਸਾਸ ਹੀ ਨਹੀਂ ਸੀ ਹੁੰਦਾ ਕਿ ਚੌਕ ਵੱਲ ਕਿੰਨਾ ਖ਼ੌਫ਼ਨਾਕ ਸੰਨਾਟਾ ਫੈਲਿਆ ਹੋਇਆ ਹੈ। ਕਟੜਾ ਕੀੜਗੰਜ ਜਾਂ ਸਿਵਲ ਲਾਈਨਜ਼ ਦੇ ਬਾਜ਼ਾਰਾਂ ਵਿਚ ਜ਼ਿੰਦਗੀ ਆਪਣੀ ਚਹਿਲ-ਪਹਿਲ ਕਾਰਨ ਭਰਪੂਰ ਰਹਿੰਦੀ ਅਤੇ ਚੌਕ ਮੁੱਠੀਗੰਜ ਦੇ ਲੋਕ ਦਿਨੇ ਉਨ੍ਹਾਂ ਘੰਟਿਆਂ ਦਾ ਇੰਤਜ਼ਾਰ ਕਰਦੇ, ਜਦ ਕਰਫਿਊ ਤੋਂ ਰਾਹਤ ਮਿਲਦੀ ਅਤੇ ਉਹ ਭੇਡਾਂ ਵਾਂਗ ਭੱਜ ਕੇ ਸੜਕ 'ਤੇ ਨਿਕਲ ਕੇ ਮੁਕਤੀ ਦਾ ਅਨੁਭਵ ਮਾਣਦੇ।

ਇਸ ਵਾਰ ਵੀ ਇਹੋ ਹੋਇਆ। ਸ਼ਹਿਰ ਦੇ ਪਾਕਿਸਤਾਨੀ ਹਿੱਸੇ ਵਿਚ ਕਰਫਿਊ ਲੱਗ ਗਿਆ। ਕੁਝ ਸੜਕਾਂ ਅਜਿਹੀਆਂ ਸਨ, ਜੋ ਹਿੰਦੂ ਅਤੇ ਮੁਸਲਿਮ ਆਬਾਦੀ ਵਿਚੋਂ ਹੋ ਕੇ ਗੁਜ਼ਰਦੀਆਂ। ਉਨ੍ਹਾਂ ਦੇ ਮੁਸਲਿਮ ਅਬਾਦੀ ਵਾਲੇ ਹਿੱਸੇ ਵਿਚ ਕਰਫਿਊ ਲੱਗ ਗਿਆ ਅਤੇ ਉੱਤੇ ਜ਼ਿੰਦਗੀ ਪੂਰੀ ਤਰ੍ਹਾਂ ਰੁਕ ਗਈ। ਜਦੋਂਕਿ ਹਿੰਦੂ ਅਬਾਦੀ ਵਾਲੇ ਹਿੱਸਿਆਂ ਵਿਚ ਜ਼ਿੰਦਗੀ ਦੀ ਰਫ਼ਤਾਰ ਥੋੜ੍ਹੀ ਹੌਲੀ ਹੋ ਗਈ।

ਸਈਦਾ ਲਈ ਇਹ ਪਹਿਲਾ ਕਰਫਿਊ ਸੀ। ਪਿਛਲੀ ਜੂਨ ਦੇ ਮਹੀਨੇ ਜਦੋਂ ਕਰਫਿਊ ਲੱਗਾ ਸੀ ਤਾਂ ਉਹ ਪਿੰਡ ਗਈ ਹੋਈ ਸੀ। ਜਦੋਂ ਕਰਫਿਊ ਲੱਗਾ, ਉਹ ਚੌਕ 'ਚ ਘੰਟਾ ਘਰ ਕੋਲ ਇਕ ਹੋਮਿਓਪੈਥਿਕ ਡਾਕਟਰ ਦੀ ਦੁਕਾਨ 'ਤੇ ਆਪਣੀ ਦੂਸਰੀ ਬੱਚੀ ਲਈ ਦਵਾਈ ਲੈਣ ਗਈ ਸੀ। ਉਸਦੀ ਵੱਡੀ ਕੁੜੀ ਘਰ ਆਪਣੀ ਦਾਦੀ ਕੋਲ ਰਹਿ ਗਈ ਸੀ। ਸਈਦਾ ਪਹਿਲੇ ਦਿਨੋਂ ਹੀ ਆਪਣੀ ਸੱਸ ਦੇ ਤਰਲੇ ਕਰ ਰਹੀ ਸੀ ਕਿ ਉਹ, ਉਹਦੇ ਨਾਲ ਡਾਕਟਰ ਦੀ ਦੁਕਾਨ ਤਕ ਚੱਲ ਪਵੇ, ਪਰ ਬੀੜੀ ਦਾ ਕੰਮ ਅਜਿਹੀ ਸੀ ਕਿ ਉਸ 'ਚ ਦੋ ਤਿੰਨ ਘੰਟਿਆਂ ਦੀ ਬਰਬਾਦੀ ਕਾਰਨ ਦੂਸਰੇ ਵਕਤ ਖ਼ਤਰੇ 'ਚ ਪੈ ਜਾਂਦੀ ਸੀ ਤੇ ਸ਼ਾਇਦ ਇਸ ਲਈ ਵੀ ਕਿ ਉਸਦੇ ਘਰ ਲਗਾਤਾਰ ਦੋ ਕੁੜੀਆਂ ਜੰਮ ਪਈਆਂ ਸਨ ਅਤੇ ਉਸਦੀ ਸੱਸ ਨੂੰ ਉਸਦੀਆਂ ਕੁੜੀਆਂ ਨਾਲ ਜ਼ਿਆਦਾ ਦਿਲਚਸਪੀ ਨਹੀਂ ਸੀ, ਅੱਜ ਤਕ ਉਹ ਟਾਲ-ਮਟੋਲ ਕਰਦੀ ਰਹੀ। ਉਸਦੀ ਸਲਾਹ 'ਤੇ ਸਈਦਾ ਕੁੜੀ ਨੂੰ ਘਰੇਲੂ ਦਵਾਈਆਂ ਦੇਂਦੀ ਰਹੀ, ਪਰ ਅੱਜ ਜਦੋਂ ਸਵੇਰ ਤੋਂ ਉਹ ਪੂਰੀ ਤਰ੍ਹਾਂ ਬੀਮਾਰ ਦਿੱਸਣ ਲੱਗ ਪਈ ਤਾਂ ਉਸਨੇ ਆਪਣੀ ਗੁਆਂਢਣ ਸੈਫ਼ੂਨਿਸਾ ਨੂੰ ਬੜੀ ਮੁਸ਼ਕਿਲ ਨਾਲ ਤਿਆਰ ਕੀਤਾ ਕਿ ਉਹ ਉਸ ਨਾਲ ਘੰਟਾ ਘਰ ਤਕ ਚੱਲੇ। ਬਦਲੇ ਵਿਚ ਉਸਨੇ ਸੈਫ਼ੂਨਿਸਾ ਨਾਲ ਚੂੜੀਆਂ ਵਾਲੀ ਦੁਕਾਨ 'ਤੇ ਜਾਣ ਦਾ ਵਾਅਦਾ ਕੀਤਾ, ਜਿਥੋਂ ਸੈਫ਼ੂਨਿਸਾ ਚੂੜੀਆਂ ਖਰੀਦਣ ਲਈ ਬਹੁਤ ਦਿਨਾਂ ਤੋਂ ਸੋਚ ਰਹੀ ਸੀ।

ਦਵਾਈ ਲੈ ਕੇ ਅਜੇ ਦੁਕਾਨ ਤੋਂ ਬਾਹਰ ਹੀ ਨਿਕਲੀ ਸੀ ਕਿ ਕਰਫਿਊ ਲੱਗ ਗਿਆ।

ਦਰਅਸਲ ਕਰਫਿਊ ਲੱਗਣ ਦਾ ਕੋਈ ਜ਼ਰੂਰੀ ਐਲਾਨ ਨਹੀਂ ਸੀ ਹੋਇਆ। ਪਰ ਸੈਫੂਨਿਸਾ ਦੇ ਅਨੁਭਵ ਨੇ ਦੱਸ ਦਿੱਤਾ ਕਿ ਕਰਫਿਊ ਲੱਗ ਗਿਆ ਹੈ। ਪੂਰੇ ਚੌਕ ਵਿਚ ਅਜੀਬ ਕਿਸਮ ਦੀ ਹਫੜਾ-ਦਫੜੀ ਪਈ ਹੋਈ ਸੀ। ਦੁਕਾਨਾਂ ਦੇ ਸ਼ਟਰ ਇੰਨੀ ਤੇਜ਼ੀ ਨਾਲ ਡਿੱਗ ਰਹੇ ਸਨ ਕਿ ਉਨ੍ਹਾਂ ਦੀ ਕੱਠੀ ਆਵਾਜ਼ ਪੂਰੇ ਮਾਹੌਲ ਵਿਚ ਡਰ ਦਾ ਜ਼ਬਰਦਸਤ ਅਹਿਸਾਸ ਪੈਦਾ ਕਰ ਰਹੀ ਸੀ। ਜਿਸ ਤਰ੍ਹਾਂ ਬੱਚੇ ਇਕ ਲਾਈਨ ਵਿਚ ਇੱਟਾਂ ਖੜ੍ਹੀਆਂ ਕਰਕੇ ਉਨ੍ਹਾਂ ਨੂੰ ਇਕ ਸਿਰੇ ਤੋਂ ਸੁੱਟਦੇ ਹਨ ਤਾਂ ਲਹਿਰਾਂ ਦੀ ਤਰ੍ਹਾਂ ਇੱਟਾਂ ਇਕ-ਦੂਜੀ ਉੱਤੇ ਇਕ-ਇਕ ਕਰਕੇ ਡਿੱਗਦੀਆਂ ਤੁਰੀਆਂ ਜਾਂਦੀਆਂ ਹਨ, ਉਸੇ ਤਰ੍ਹਾਂ ਭੀੜ ਦੇ ਝੁੰਡ ਵੀ ਖਾਸ ਘਰਾਂ ਵੱਲੋਂ ਘੰਟਾ ਘਰ ਵੱਲ ਦੌੜੇ ਆ ਰਹੇ ਸਨ।

'ਯਾ ਖ਼ੁਦਾ...ਰਹਿਮ ਕਰ,' ਸੈਫ਼ੂਨਿਸਾ ਦੇ ਮੂੰਹ 'ਚੋਂ ਜਟਿਲ ਸ਼ਬਦ ਨਿਕਲਿਆ ਅਤੇ ਉਸ ਨੇ ਝਪਟ ਕੇ ਸਈਦਾ ਦੀ ਬਾਂਹ ਫੜ੍ਹ ਲਈ। ਜਦੋਂ ਤਕ ਸਈਦਾ ਨੂੰ ਕੁਝ ਸਮਝ ਆਉਂਦੀ, ਉਦੋਂ ਤਕ ਉਹ, ਉਸਨੂੰ ਘਸੀਟਦੀ ਹੋਈ ਬਾਜ਼ਾਰ ਵਿਚ ਪੰਝੀ ਤੀਹ ਗਜ਼ ਅੱਗੇ ਲੈ ਗਈ।

"ਕਯਾ ਹੂਆ ਬਹਨ ?"

"ਕਰਫਿਊ... ਕਰਫਿਊ ...ਯਾ ਖ਼ੁਦਾ ਕਿਸੀ ਤਰਾਹ ਘਰ ਪਹੁੰਚ ਜਾਏਂ।"

ਇਕ-ਇਕ ਕਦਮ ਅੱਗੇ ਪੁੱਟਣਾ ਬੜਾ ਮੁਸ਼ਕਿਲ ਸੀ। ਵਿਰੋਧੀ ਦਿਸ਼ਾ ਵੱਲੋਂ ਲਹਿਰਾਂ ਵਾਂਗ ਅਥਾਹ ਭੀੜ ਆ ਰਹੀ ਸੀ। ਦੁਕਾਨਦਾਰ ਬੇ-ਸੁਧ ਜਿਹੇ ਆਪਣਾ ਸਾਮਾਨ ਸਾਂਭ ਰਹੇ ਸਨ। ਸਾਈਕਲਾਂ, ਰਿਕਸ਼ੇ, ਠੇਲ੍ਹੇ ਅਤੇ ਗੱਡੀਆਂ ਇਕ ਦੂਸਰੇ ਨੂੰ ਧੱਕ ਕੇ ਅੱਗੇ ਵਧਣ ਦੇ ਚੱਕਰ ਵਿਚ, ਇਸ ਤਰ੍ਹਾਂ ਭੱਜ-ਦੌੜ ਮਚਾ ਰਹੇ ਸਨ ਕਿ ਆਮ ਦਿਨਾਂ ਲਈ ਮੌਜੂਦ ਇਹ ਚੌੜੀ ਸੜਕ ਵੀ ਕਿਸੇ ਪਤਲੀ ਗਲੀ ਵਾਂਗ ਹੋ ਗਈ ਸੀ।

ਸੈਫ਼ੂਨਿਸਾ ਸਈਦਾ ਨੂੰ ਘਸੀਟਦੀ ਹੋਈ ਕਿਸੇ ਤਰ੍ਹਾਂ ਨਾਲ ਮੰਡੀ ਤਕ ਪਹੁੰਚ ਗਈ। ਨਾਲ ਮੰਡੀ ਦੇ ਮੋੜ 'ਤੇ ਰੋਜ਼ ਲੱਗਣ ਵਾਲੀਆਂ ਰੇੜ੍ਹੀਆਂ ਗਾਇਬ ਸਨ। ਰੇੜ੍ਹੀਆਂ ਵਾਲੇ ਰੇੜ੍ਹੀਆਂ ਲੈ ਕੇ ਬੜੀ ਜਲਦੀ ਗਲੀਆਂ 'ਚ ਜਾਂ ਘੰਟਾ ਘਰ ਵੱਲ ਦੌੜ ਗਏ ਸਨ। ਇਹ ਸਭ ਪਹਿਲੀ ਨਜ਼ਰੇ ਹੀ ਦੇਖਣ ਤੋਂ ਸਾਫ਼ ਹੋ ਜਾਂਦਾ ਸੀ, ਕਿਉਂਕਿ ਚਾਰੇ ਪਾਸੇ ਅੰਬ, ਸੇਬ ਅਤੇ ਸੰਤਰੇ ਖਿਲਰੇ ਪਏ ਸਨ, ਜਿਨ੍ਹਾਂ ਨੂੰ ਬੇ-ਸੁਧ ਲੋਕ ਮਿਧਦੇ ਹੋਏ ਦੌੜੀ ਜਾ ਰਹੇ ਸਨ। ਸੈਫ਼ੂਨਿਸਾ ਦੀ ਸਮਝ 'ਚ ਕੁਝ ਨਾ ਆਇਆ ਤਾਂ ਉਹ ਸਈਦਾ ਨੂੰ ਲੈ ਕੇ ਫਲ-ਮੰਡੀ ਵਿਚ ਹੀ ਵੜ੍ਹ ਗਈ ਅਤੇ ਉਸ ਨੂੰ ਪਾਰ ਕਰਕੇ ਸਿੱਧੀ ਮੀਰਗੰਜ 'ਚ ਗੁਆਚ ਗਈ।

ਮੀਰਗੰਜ 'ਚ ਜਿਸਮ ਦਾ ਵਪਾਰ ਪੂਰੀ ਤਰ੍ਹਾਂ ਠੰਢਾ ਹੋਇਆ ਗਿਆ ਸੀ। ਰੰਡੀਆਂ ਨੇ ਦਰਵਾਜ਼ੇ ਬੰਦ ਕਰ ਲਏ ਸਨ ਅਤੇ ਰੋਜ਼ ਝੁੰਡਾਂ ਦੇ ਝੁੰਡ ਅਵਾਰਾਗਰਦੀ ਕਰਨ ਵਾਲੇ ਗਾਹਕਾਂ ਦਾ ਵੀ ਕੋਈ ਪਤਾ ਨਹੀਂ ਸੀ। ਦੋ-ਦੋ, ਚਾਰ-ਚਾਰ ਘਰਾਂ ਦੇ ਬਾਅਦ ਉਪਰਲੀ ਮੰਜ਼ਿਲ ਦੀ ਖਿੜਕੀ ਤੋਂ ਵੇਖਦੀ ਕੋਈ ਰੰਡੀ ਇਕ ਆਮ ਨਜ਼ਾਰਾ ਸੀ, ਕਿਉਂਕਿ ਇਹਨਾਂ ਨੂੰ ਪਿਛਲੇ ਦੰਗਿਆਂ ਦਾ ਅਨੁਭਵ ਸੀ। ਹਰ ਵਾਰੀ ਕਰਫਿਊ ਲੱਗਣ 'ਤੇ ਹੌਲੀ-ਹੌਲੀ ਉਹ ਫ਼ਾਕਿਆਂ ਦੇ ਨੇੜੇ ਪਹੁੰਚ ਜਾਂਦੀਆਂ ਸਨ ਅਤੇ ਬਹੁਤੇ ਕੋਠਿਆਂ 'ਤੇ ਚਾਰ-ਛੇ ਦਿਨਾਂ ਬਾਅਦ ਹੀ ਚੌਲਾਂ ਦੀ ਪਿੱਛ ਦੀ ਨੌਬਤ ਆ ਜਾਂਦੀ ਸੀ।

ਸੈਫ਼ੂਨਿਸਾ ਇਥੋਂ ਦੇ ਮਾਹੌਲ ਤੋਂ ਪਹਿਲਾਂ ਹੀ ਵਾਕਿਫ਼ ਹੋ ਚੁੱਕੀ ਸੀ। ਦੋ ਵਾਰ ਉਹ ਆਪਣੇ ਪਤੀ ਨਾਲ ਖਰੀਦਦਾਰੀ ਕਰਨ ਲਈ ਇਨ੍ਹਾਂ ਗਲੀਆਂ ਦੇ ਨਾਲ ਵਾਲੀਆਂ ਦੁਕਾਨਾਂ 'ਤੇ ਗਈ ਸੀ ਅਤੇ ਬਾਹਰੋਂ ਨਜ਼ਰ ਮਾਰ ਕੇ ਜਿੰਨੀ ਦੂਰ ਵੇਖਿਆ ਜਾ ਸਕਦਾ ਸੀ, ਓਨੀ ਦੂਰ ਤਕ ਉਸ ਨੇ ਗਲੀ ਦਾ ਜਾਇਜ਼ਾ ਲਿਆ। ਸਈਦਾ ਲਈ ਅੱਜ ਇਹ ਪਹਿਲਾ ਮੌਕਾ ਸੀ, ਜਦ ਉਹ ਇਹਨਾਂ ਗਲੀਆਂ ਨੂੰ ਵੇਖ ਰਹੀ ਸੀ। ਇਸ ਲਈ ਉਸ ਨੂੰ ਗੁਨਾਹ, ਸਨਸਨੀ ਅਤੇ ਸ਼ਰਮ ਦਾ ਮਿਲਿਆ-ਜੁਲਿਆ ਅਨੁਭਵ ਹੋ ਰਿਹਾ ਸੀ। ਸੈਫ਼ੂਨਿਸਾ ਦੇ ਬਿਨਾਂ ਦੱਸੇ ਉਸ ਨੂੰ ਪਤਾ ਲੱਗ ਗਿਆ ਕਿ ਉਹ ਕਿਥੇ ਪਹੁੰਚ ਗਈ ਹੈ। ਸੈਫ਼ੂਨਿਸਾ ਉਸ ਦੀ ਬਾਂਹ ਫੜ੍ਹ ਕੇ ਖਿੱਚੀ ਜਾ ਰਹੀ ਸੀ। ਸੰਨਾਟੇ ਅਤੇ ਡਰ ਦੀ ਵਜ੍ਹਾ ਨਾਲ ਗਲੀਆਂ ਉਸ ਨੂੰ ਅਜੀਬ ਤਰ੍ਹਾਂ ਦੇ ਰਹੱਸ ਨਾਲ ਭਰਪੂਰ ਜਾਪ ਰਹੀਆਂ ਸਨ। ਉਨ੍ਹਾਂ ਵਾਂਗ ਹੀ ਘਬਰਾਏ ਹੋਏ ਇੱਕਾ-ਦੁੱਕਾ ਲੋਕ ਕੋਲੋਂ ਲੰਘਣ ਵੇਲੇ ਇਸ ਰੰਗ ਨੂੰ ਹੋਰ ਜ਼ਿਆਦਾ ਗਹਿਰਾ ਬਣਾ ਰਹੇ ਸਨ। ਇਹਨਾਂ ਗਲੀਆਂ 'ਚ ਭਟਕਦੇ ਹੋਏ ਉਹ ਬੜੀ ਮੁਸ਼ਕਿਲ ਨਾਲ ਗੁੜ ਮੰਡੀ ਦੇ ਕੋਲ ਵਾਪਸ ਜੀ.ਟੀ. ਰੋਡ 'ਤੇ ਆ ਪਹੁੰਚੀਆਂ।



ਉਸ ਵੇਲੇ ਤਕ ਜੀ.ਟੀ. ਰੋਡ ਕਾਫ਼ੀ ਹੱਦ ਤਕ ਖ਼ਾਲੀ ਹੋ ਗਈ ਸੀ। ਪੁਲਿਸ ਦੀ ਇਕ ਜੀਪ ਬੜੀ ਤੇਜ਼ੀ ਨਾਲ ਉਹਨਾਂ ਦੇ ਕੋਲੋਂ ਲੰਘੀ। ਉਸ ਵਿਚ ਬੈਠਾ ਹੋਇਆ ਇਕ ਅਫ਼ਸਰ ਉੱਤੇਜਿਤ ਆਵਾਜ਼ ਵਿਚ ਕਰਫਿਊ ਲੱਗਣ ਦਾ ਐਲਾਨ ਕਰ ਰਿਹਾ ਸੀ ਅਤੇ ਲੋਕਾਂ ਨੂੰ ਫੌਰਨ ਆਪੋ-ਆਪਣੇ ਘਰਾਂ ਨੂੰ ਪਰਤ ਜਾਣ ਦੀ ਅਪੀਲ ਕਰ ਰਿਹਾ ਸੀ।

ਕਰਫਿਊ ਦਾ ਐਲਾਨ ਸਈਦਾ ਲਈ ਇਕ ਖੌਫ਼ਨਾਕ ਅਨੁਭਵ ਸੀ। ਆਪਣੀ ਬੱਚੀ ਨੂੰ ਛਾਤੀ ਨਾਲ ਲਾ ਕੇ ਉਹ ਪੂਰੀ ਤਰ੍ਹਾਂ ਸੈਫ਼ੂਨਿਸਾ ਦੀ ਮਰਜ਼ੀ ਨਾਲ ਭੱਜੀ ਜਾ ਰਹੀ ਸੀ। ਸੈਫ਼ੂਨਿਸਾ ਉਸ ਨਾਲੋਂ ਅਨੁਭਵੀ ਅਤੇ ਬਹਾਦੁਰ ਸੀ, ਇਸ ਲਈ ਆਪਣੇ ਆਪ ਨੂੰ ਉਹਦੇ ਆਸਰੇ ਛੱਡ ਕੇ ਸਈਦਾ ਸੁਰੱਖਿਅਤ ਮਹਿਸੂਸ ਕਰ ਰਹੀ ਸੀ। ਦਰਅਸਲ ਸਈਦਾ ਨੂੰ ਇਸ ਸ਼ਹਿਰ ਵਿਚ ਆ ਕੇ ਰਹਿੰਦਿਆਂ ਸਿਰਫ਼ ਚਾਰ ਕੁ ਸਾਲ ਹੀ ਹੋਏ ਸਨ ਅਤੇ ਅਜੇ ਵੀ ਉਹ ਇਸ ਸ਼ਹਿਰ ਵਿਚ ਆਪਣੇ ਆਪ ਨੂੰ ਪੂਰੀ ਤਰ੍ਹਾਂ ਅਜਨਬੀ ਹੀ ਮਹਿਸੂਸ ਕਰਦੀ ਸੀ। ਉਸਦਾ ਘਰ ਪੂਰਾਮਫ਼ਤੀ ਦੇ ਨੇੜੇ ਸੀ ਅਤੇ ਵਿਆਹ ਦੇ ਚਾਰ ਸਾਲ ਬਾਅਦ ਵੀ ਉਹਦਾ ਮਨ ਉਥੋਂ ਲਈ ਧੜਕਦਾ ਸੀ। ਉਸਦਾ ਪਤੀ ਆਪਣੇ ਪੂਰੇ ਪਰਿਵਾਰ ਨਾਲ ਬੀੜੀ ਬਣਾਉਣ ਦਾ ਕੰਮ ਕਰਦਾ ਸੀ। ਅਤੇ ਵਿਆਹ ਤੋਂ ਬਾਅਦ, ਸ਼ੁਰੂ ਦੇ ਕੁਝ ਮਹੀਨਿਆਂ ਨੂੰ ਛੱਡ ਕੇ ਜਦ ਉਹ, ਉਹਦੇ ਨਾਲ ਸਿਨਮਾ ਅਤੇ ਬਾਜ਼ਾਰ ਵਗੈਰਾ ਜਾਂਦਾ ਸੀ, ਉਸਨੂੰ ਅਕਸਰ ਸੌਦਾ ਲੈਣ ਜਾਣ ਲਈ ਸਾਥ ਦੀ ਜ਼ਰੂਰਤ ਪੈਂਦੀ ਸੀ ਅਤੇ ਅਜਿਹੇ ਸਮੇਂ ਸੈਫ਼ੂਨਿਸਾ ਹੀ ਉਹਦੇ ਕੰਮ ਆਉਂਦੀ ਸੀ। ਸੈਫ਼ੂਨਿਸਾ ਦਾ ਪਤੀ ਜੀਪ ਫੈਕਟਰੀ ਵਿਚ ਚਪੜਾਸੀ ਸੀ। ਇਸ ਲਈ ਉਸਨੂੰ ਹਰ ਮਹੀਨੇ ਬੱਝੀ ਤਨਖ਼ਾਹ ਮਿਲਦੀ ਸੀ। ਸੈਫ਼ੂਨਿਸਾ ਬੀੜੀ ਬਣਾਉਣ ਦਾ ਕੰਮ ਕਰਦੀ ਜ਼ਰੂਰ ਸੀ, ਪਰ ਸ਼ੌਕ ਦੇ ਤੌਰ 'ਤੇ, ਵਾਧੂ ਪੈਸਿਆਂ ਲਈ। ਸਈਦਾ ਦੀ ਸਥਿਤੀ ਉਲਟ ਸੀ। ਬੀੜੀ ਉਹਦੇ ਪਰਿਵਾਰ ਦੀ ਰੋਟੀ ਦਾ ਇਕ ਸਾਧਨ ਸੀ। ਉਸਦਾ ਪੂਰਾ ਪਰਿਵਾਰ ਤਕਰੀਬਨ ਰੋਜ਼ ਚੌਦਾਂ ਘੰਟੇ ਖਪਦਾ ਸੀ ਤਾਂ ਕਿਤੇ ਜਾ ਕੇ ਦੋ ਵਕਤ ਦੀ ਰੋਟੀ ਦਾ ਇੰਤਜ਼ਾਮ ਹੁੰਦਾ ਸੀ। ਵਿਆਹ ਤੋਂ ਦੋ ਚਾਰ ਮਹੀਨਿਆਂ ਦੇ ਬਾਅਦ ਹੀ ਉਸਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਆ ਗਈ ਸੀ ਕਿ ਉਸਦਾ ਅਤੇ ਉਸਦੇ ਪਤੀ ਲਈ ਸਿਨਮਾ ਵੇਖਣ ਜਾਂ ਬਾਜ਼ਾਰ ਘੁੰਮਣ ਤੋਂ ਜ਼ਿਆਦਾ ਜ਼ਰੂਰੀ ਸੀ ਕਿ ਘਰ ਦੇ ਦੂਸਰੇ ਮੈਂਬਰਾਂ ਨਾਲ ਹਨ੍ਹੇਰੀ ਅਤੇ ਸਿੱਲ੍ਹ ਭਰੀ ਕੋਠੜੀ 'ਚ ਲੱਕ ਬੰਨ੍ਹਕੇ ਬੀੜੀ ਦੇ ਬੰਡਲ ਬੰਨ੍ਹਦੇ ਰਹਿਣਾ ਅਤੇ ਘੱਟ ਤੋਂ ਘੱਟ ਬੱਚਿਆਂ ਦਾ ਪੇਟ ਭਰਨ ਦਾ ਭਰੋਸਾ ਲੈ ਕੇ ਰਾਤ ਨੂੰ ਸੌਂ ਸਕਣਾ।

ਭਾਵੇਂ ਸ਼ਹਿਰ ਦੀਆਂ ਵਿੰਗੀਆਂ-ਟੇਢੀਆਂ ਗਲੀਆਂ ਵਿਚੋਂ ਸੈਫ਼ੂਨਿਸਾ ਦਾ ਹੱਥ ਫੜ੍ਹ ਕੇ ਲੰਘਦੇ ਹੋਏ ਸਈਦਾ ਨੂੰ ਲੱਗ ਰਿਹਾ ਸੀ ਕਿ ਇਹ ਸਫ਼ਰ ਕਦੀ ਖ਼ਤਮ ਨਹੀਂ ਹੋਵੇਗਾ, ਪਰ ਅੰਤ ਉਸ ਨੂੰ ਆਪਣੀ ਗਲੀ ਨਜ਼ਰ ਆ ਹੀ ਗਈ। ਉਸਦੀ ਗਲੀ ਵੀ ਵੀਰਾਨ ਸੀ, ਫਿਰ ਵੀ ਇਸ ਗਲੀ ਵਿਚ ਪਹੁੰਚਦਿਆਂ ਹੀ ਉਸਨੂੰ ਕਿਸੇ ਖ਼ਾਸ ਤਰ੍ਹਾਂ ਦੀ ਸੁਰੱਖਿਆ ਦਾ ਅਨੁਭਵ ਹੋਣ ਲੱਗਾ।

ਗਲੀ ਵਿਚਲੇ ਮਕਾਨ ਪੂਰੀ ਤਰ੍ਹਾਂ ਬੰਦ ਸਨ। ਦਰਵਾਜ਼ੇ ਖਿੜਕੀਆਂ ਸਭ ਪੂਰੀ ਤਰ੍ਹਾਂ ਬੰਦ ਪਈਆਂ ਸਨ। ਏਨਾ ਖੌਫ਼ਨਾਕ ਸੰਨਾਟਾ ਅਤੇ ਏਨਾ ਏਕਾਂਤ ਅੱਜ ਤਕ ਸਈਦਾ ਨੇ ਆਪਣੀ ਗਲੀ ਵਿਚ ਮਹਿਸੂਸ ਨਹੀਂ ਸੀ ਕੀਤਾ। ਉਸ ਨੂੰ ਲੱਗਿਆ ਕਿ ਵੀਰਾਨ ਗਲੀ ਵਿਚ ਉਹ ਆਪਣਾ ਘਰ ਭੁੱਲ ਜਾਏਗੀ। ਉਸਦੇ ਗਲੀ ਵਿਚ ਪਹੁੰਚਣ ਤੋਂ ਬਾਅਦ ਇਕ ਦੋ ਖਿੜਕੀਆਂ ਦੇ ਖੜਕਣ ਦੀ ਆਵਾਜ਼ ਆਈ। ਇੰਝ ਲੱਗਿਆ ਜਿਵੇਂ ਕਿਸੇ ਨੇ ਵੇਖ ਕੇ ਖਿੜਕੀਆਂ ਦੇ ਪੱਲੇ ਇਕਦਮ ਬੰਦ ਕਰ ਦਿੱਤੇ ਹੋਣ। ਖਿੜਕੀਆਂ ਦੇ ਇਸ ਤਰ੍ਹਾਂ ਖੁੱਲ੍ਹਣ ਬੰਦ ਹੋਣ ਨਾਲ ਸਈਦਾ ਦਾ ਦਿਲ ਹੋਰ ਜ਼ੋਰ

ਨਾਲ ਧੜਕਣ ਲੱਗਾ। ਸੈਫੂਨਿਸਾ ਦਾ ਘਰ ਪਹਿਲਾਂ ਆਉਂਦਾ ਸੀ। ਉਸ ਦੇ ਥੋੜ੍ਹਾ ਅੱਗੇ ਸਈਦਾ ਦਾ ਘਰ ਸੀ।

ਸੈਫੂਨਿਸਾ ਦੇ ਹੱਥ ਛੁਡਾ ਕੇ ਆਪਣੇ ਘਰ ਅੰਦਰ ਜਾਣ ਤੋਂ ਬਾਅਦ ਉਹਦੇ ਅਤੇ ਆਪਣੇ ਘਰ ਵਿਚਲੇ ਤੀਹ-ਚਾਲੀ ਘਰਾਂ ਦੇ ਫਾਸਲੇ ਨੂੰ ਪਾਰ ਕਰਨ ਲਈ ਸਈਦਾ ਨੂੰ ਕਈ ਯੁੱਗ ਲੱਗ ਗਏ। ਆਪਣੀ ਕੁੜੀ ਨੂੰ ਛਾਤੀ ਨਾਲ ਚਿਪਕਾਈ ਜਦ ਉਹ ਘਰ ਦੇ ਸਾਹਮਣੇ ਵਾਲੀ ਨਾਲੀ ਟਪਦੀ ਹੋਈ ਦਰਵਾਜ਼ੇ ਵਿਚ ਪਹੁੰਚੀ ਤਾਂ ਡਰ ਉਸਦੇ ਸਿਰ 'ਤੇ ਖੜ੍ਹਾ ਸੀ। ਉਸ ਨੇ ਹੌਲੀ ਜੇਹੀ ਦਰਵਾਜ਼ਾ ਖੜਕਾਉਣਾ ਚਾਹਿਆ, ਪਰ ਦਰਵਾਜ਼ੇ ਉੱਤੇ ਹੱਥ ਰੱਖਦਿਆਂ ਹੀ ਉਸਨੂੰ ਲੱਗਾ ਕਿ ਉਹ ਜ਼ੋਰ ਨਾਲ ਦਰਵਾਜ਼ਾ ਖੜਕਾ ਰਹੀ ਹੈ।

ਸਭ ਤੋਂ ਪਹਿਲਾਂ ਅੰਦਰੋਂ ਉਸਦੀ ਸੱਸ ਦੇ ਖੰਘਣ ਦੀ ਆਵਾਜ਼ ਆਈ। ਫਿਰ ਕਿਸੇ ਮਰਦਾਵੇਂ ਕਦਮਾਂ ਦੀ ਆਹਟ ਦਰਵਾਜ਼ੇ ਕੋਲ ਆ ਕੇ ਰੁਕ ਗਈ। ਆਹਟ ਤੋਂ ਉਸਨੂੰ ਪਛਾਣਿਆ, ਇਹ ਉਸਦਾ ਪਤੀ ਸੀ। ਅਚਾਨਕ ਉਸਦਾ ਮਨ ਰੋਣ ਨੂੰ ਕਰਨ ਲੱਗਾ। ਘਰ ਕੋਲ ਪਹੁੰਚਦਿਆਂ ਹੀ, ਕੋਈ ਅਣਜਾਣ ਭਾਵਨਾ ਸੀ, ਜਿਹੜੀ ਉਸਨੂੰ ਰੋਣ ਲਈ ਮਜਬੂਰ ਕਰ ਰਹੀ ਸੀ। ਜਿਵੇਂ ਹੀ ਉਸਦੇ ਪਤੀ ਨੇ ਦਰਵਾਜ਼ਾ ਖੋਲ੍ਹਿਆ, ਉਹ ਸੱਚਮੁੱਚ ਰੋਣ ਲੱਗ ਪਈ। ਪਹਿਲਾਂ ਹੌਲੀ-ਹੌਲੀ,ਫਿਰ ਜ਼ੋਰ ਨਾਲ।

ਸਈਦਾ ਦੀ ਸੱਸ ਨੇ ਅੱਗੇ ਵਧ ਕੇ ਉਸਦੀ ਕੁੜੀ ਨੂੰ ਗੋਦ ਵਿਚ ਚੁੱਕ ਲਿਆ। ਕੁੜੀ ਸਵੇਰ ਨਾਲੋਂ ਜ਼ਿਆਦਾ ਬੀਮਾਰ ਨਜ਼ਰ ਆ ਰਹੀ ਸੀ। ਉਸਦੇ ਮੱਥੇ 'ਤੇ ਹੱਥ ਫੇਰਦੇ-ਫੇਰਦੇ ਸੱਸ ਵੀ ਰੋਣ ਲੱਗੀ। ਪਹਿਲੀ ਵਾਰ ਸਈਦਾ ਨੂੰ ਆਪਣੀ ਸੱਸ ਅੰਦਰੋਂ ਮਮਤਾ ਮਹਿਸੂਸ ਹੋਈ ਅਤੇ ਉਹ ਜ਼ੋਰ ਜ਼ੋਰ ਦੀ ਰੋਣ ਲੱਗੀ।

"...ਕੁਛ ਨਹੀਂ ਹੁਆ...ਸਭ ਠੀਕ ਹੋ ਜਾਏਗਾ...ਅੱਲਾਹ ਸਬ ਠੀਕ ਕਰੇਗਾ।"

ਸੱਸ ਦੇ ਕਹਿਣ 'ਤੇ ਸਈਦਾ ਨੂੰ ਲੱਗਿਆ ਕਿ ਸੱਚਮੁੱਚ ਕੁਝ ਨਹੀਂ ਹੋਇਆ ਅਤੇ ਸਚਮੁੱਚ ਠੀਕ ਹੋ ਜਾਵੇਗਾ। ਉਂਝ ਹੋਇਆ ਵੀ ਕੀ ਸੀ, ਉਸਨੂੰ ਕੁਝ ਵੀ ਪਤਾ ਨਹੀਂ ਸੀ। ਉਹ ਤਾਂ ਭੱਜ-ਦੌੜ ਅਤੇ ਸੰਨਾਟੇ ਦੇ ਡਰ ਤੋਂ ਭੱਜਦੀ ਹੋਈ ਇਥੋਂ ਤਕ ਆ ਪਹੁੰਚੀ ਸੀ। ਰਸਤੇ ਵਿਚ ਸੈਫੂਨਿਸਾ ਦੇ ਮੂੰਹੋਂ ਸਿਰਫ਼ ਇੰਨਾ ਪਤਾ ਲੱਗਾ ਕਿ ਕਰਫਿਊ ਨਾਂ ਦੀ ਕੋਈ ਚੀਜ਼ ਲੱਗ ਗਈ ਹੈ ਜਿਹਦੇ 'ਚ ਘਰੋਂ ਨਿਕਲਣ ਦੀ ਮਨਾਹੀ ਹੈ। ਅਗਲੇ ਕੁਝ ਦਿਨਾਂ ਵਿਚ ਇਹ ਗੱਲ ਉਸ ਨੂੰ ਚੰਗੀ ਤਰ੍ਹਾਂ ਸਮਝ ਆਉਣ ਲੱਗੀ ਕਿ ਘਰੋਂ ਬਾਹਰ ਨਾ ਨਿਕਲਣ ਦਾ ਕੀ ਮਤਲਬ ਹੁੰਦਾ ਹੈ।

(3)

ਸ਼ੁਰੂ-ਸ਼ੁਰੂ 'ਚ ਕਰਫਿਊ ਤਾਂ ਹਰ ਜਗ੍ਹਾ ਲੱਗਾ, ਪਰ ਜਲਦੀ ਹੀ ਉਨ੍ਹਾਂ ਹਿੱਸਿਆਂ 'ਚੋਂ ਉਸਦਾ ਅਸਰ ਘਟਣ ਲੱਗਾ, ਜਿਹੜੇ ਪਾਕਿਸਤਾਨੀ ਨਹੀਂ ਸਨ। ਇਹਨਾਂ ਹਿੱਸਿਆਂ 'ਚ ਹਿੰਦੂ ਰਹਿੰਦੇ ਸਨ ਅਤੇ ਹਿੰਦੂ ਹੋਣ ਦੇ ਨਾਤੇ ਸਾਫ਼ ਸੀ ਕਿ ਇਸ ਦੇਸ਼ ਨਾਲ ਸੱਚਾ ਪ੍ਰੇਮ ਕਰਨ ਵਾਲੇ ਓਹੀ ਸਨ। ਇਸ ਲਈ ਸ਼ੁਰੂ 'ਚ ਤਾਂ ਲੋਕ ਜ਼ਰੂਰ ਕੁਝ ਘੰਟਿਆਂ ਲਈ ਘਰਾਂ ਵਿਚ ਕੈਦ ਹੋਏ, ਪਰ ਛੇਤੀ ਹੀ ਉਹ ਘਰਾਂ ਦੇ ਦਰਵਾਜ਼ੇ ਅਤੇ ਖਿੜਕੀਆਂ ਖੋਲ੍ਹ ਕੇ ਬਾਹਰ ਵੇਖਣ ਲੱਗੇ। ਬੱਚੇ, ਮਾਂ-ਪਿਉ ਤੋਂ ਅੱਖ ਬਚਾ ਕੇ ਚਬੂਤਰੇ 'ਤੇ ਆ ਕੇ ਬੈਠ ਗਏ। ਕਦੀ ਕਦਾਈਂ ਮਾਂ ਬਾਪ ਕੰਨ ਫੜ੍ਹ ਕੇ ਰੌਲਾ ਪਾਉਂਦੇ ਬੱਚਿਆਂ ਨੂੰ ਘਰ ਦੇ ਅੰਦਰ ਵਾੜ ਦੇਂਦੇ, ਪਰ ਬੱਚੇ ਫੇਰ ਅੰਦਰੋਂ ਬਾਹਰ ਭੱਜ ਆਉਂਦੇ।

ਕਦੀ-ਕਦੀ ਦੋ-ਦੋ, ਚਾਰ-ਚਾਰ ਦੀ ਗਿਣਤੀ 'ਚ ਪੁਲਿਸ ਵਾਲੇ ਆਉਂਦੇ ਅਤੇ ਬੱਚਿਆਂ ਨੂੰ ਝਿੜਕਦੇ ਹੋਏ ਜ਼ਮੀਨ 'ਤੇ ਡੰਡੇ ਮਾਰਦੇ ਤੁਰੇ ਜਾਂਦੇ। ਬੱਚਿਆਂ ਦੀ ਹਿੰਮਤ ਏਨੀ ਵੱਧ ਗਈ ਕਿ



ਉਹ ਗਲੀਆਂ 'ਚ ਗੁੱਲੀ-ਡੰਡੇ ਤੋਂ ਲੈ ਕੇ ਕ੍ਰਿਕਟ ਤਕ ਸਾਰੀਆਂ ਖੇਡਾਂ ਖੇਡਣ ਲੱਗ ਪਏ। ਕੁਝ ਔਰਤਾਂ ਵੀ ਬਾਹਰ ਦਰਵਾਜ਼ਿਆਂ 'ਤੇ ਆ ਕੇ ਗੱਲਾਂ ਕਰਨ ਲਗੀਆਂ। ਉਹਨਾਂ ਦੀ ਚਿੰਤਾ ਦਾ ਮੁੱਖ ਵਿਸ਼ਾ ਇਹ ਸੀ ਕਿ ਬੱਚੇ ਖੇਡਦੇ ਹੋਏ ਗਲੀ 'ਚੋਂ ਬਾਹਰ ਸੜਕਾਂ 'ਤੇ ਨਾ ਚਲੇ ਜਾਣ ਅਤੇ ਦਫ਼ਤਰਾਂ, ਦੁਕਾਨਾਂ ਜਾਂ ਕਾਰਖ਼ਾਨਿਆਂ 'ਚ ਗਏ ਉਹਨਾਂ ਦੇ ਮਰਦ ਸਹੀ-ਸਲਾਮਤ ਘਰ ਪਰਤ ਆਉਣ। ਜ਼ਿਆਦਾਤਰ ਪਰਿਵਾਰਾਂ ਦੇ ਕਮਾਉਣ ਵਾਲੇ ਅਜੇ ਨਹੀਂ ਸਨ ਪਰਤੇ। ਕਈਆਂ ਦੇ ਬੱਚੇ ਵੀ ਸਕੂਲਾਂ 'ਚ ਫਸ ਗਏ ਸਨ।

ਜਿਵੇਂ-ਜਿਵੇਂ ਦੇਰ ਹੁੰਦੀ ਜਾ ਰਹੀ ਸੀ, ਔਰਤਾਂ ਦੀ ਘਬਰਾਹਟ ਵੀ ਵਧਦੀ ਜਾ ਰਹੀ ਸੀ। ਗਲੀ'ਚ ਬਹੁਤ ਸੰਘਣੇ ਮਕਾਨ ਸਨ, ਪਰ ਬਸਤੀ'ਚ ਇਕ ਛੋਟਾ ਜਿਹਾ ਜ਼ਮੀਨ ਦਾ ਟੁਕੜਾ ਖ਼ਾਲੀ ਪਿਆ ਸੀ। ਪਰ ਅਜੇ ਤਕ ਉਸ ਉੱਤੇ ਬਣਾਇਆ ਕੁਝ ਵੀ ਨਹੀਂ ਸੀ ਗਿਆ, ਇਸ ਕਰਕੇ ਇਹ ਕਈ ਸਾਲਾਂ ਤੋਂ ਇਸ ਮੁਹੱਲੇ ਦਾ ਕੂੜਾਦਾਨ ਬਣਿਆ ਹੋਇਆ ਸੀ ਅਤੇ ਸਾਲਾਂ ਤੋਂ ਹੀ ਮੁਹੱਲੇ ਦੀਆਂ ਔਰਤਾਂ ਸਾਂਝੇ ਸੰਕਟ ਵੇਲੇ ਜਾਂ ਖ਼ੁਸ਼ੀ ਦੇ ਪਲਾਂ ਦੌਰਾਨ ਉੱਤੇ ਇਕੱਠੀਆਂ ਹੋ ਕੇ ਗੱਲਾਂ ਕਰਦੀਆਂ ਰਹਿੰਦੀਆਂ ਸਨ। ਹੁਣ ਵੀ ਅੱਜ ਹੌਲੀ-ਹੌਲੀ ਕਾਫ਼ੀ ਔਰਤਾਂ ਉੱਥੇ ਇਕੱਠੀਆਂ ਹੋ ਗਈਆਂ। ਜਿਨ੍ਹਾਂ ਔਰਤਾਂ ਦੇ ਮਰਦ ਅਤੇ ਬੱਚੇ ਵਾਪਸ ਆ ਗਏ ਸਨ, ਉਹਨਾਂ ਨੇ ਆਪਣੇ ਸਾਰੇ ਘਰ ਦੇ ਜੀਆਂ ਨੂੰ ਘਰਾਂ ਦੇ ਅੰਦਰ ਕਰ ਲਿਆ ਤੇ ਖਿੜਕੀਆਂ ਅਤੇ ਬਨ੍ਹੇਰਿਆਂ ਤੋਂ ਸਾਰੀ ਕਾਰਵਾਈ ਵੇਖਣ ਲੱਗੀਆਂ ਅਤੇ ਜਿਨ੍ਹਾਂ ਦੇ ਪਰਿਵਾਰ ਦਾ ਕੋਈ ਮੈਂਬਰ ਬਾਹਰ ਰਹਿ ਗਿਆ ਸੀ, ਉਹ ਬਾਹਰ ਖੁੱਲ੍ਹੀ ਥਾਂ 'ਤੇ ਇਕੱਠੀਆਂ ਹੋ ਗਈਆਂ ਤੇ ਗੱਲਾਂ ਕਰਨ ਲੱਗੀਆਂ। ਉਨ੍ਹਾਂ ਦੀ ਆਵਾਜ਼ ਵਿਚ ਉੱਤੇਜਨਾ ਅਤੇ ਦੁੱਖ ਭਰਿਆ ਹੋਇਆ ਸੀ।

ਹੌਲੀ-ਹੌਲੀ ਗਲੀ ਵਿਚ ਹਨ੍ਹੇਰਾ ਫੈਲਣ ਲੱਗ ਪਿਆ ਅਤੇ ਬਾਹਰ ਜਾਪਦਾ ਸੀ ਕਿ ਕਰਫਿਊ ਪੂਰੀ ਸਖ਼ਤੀ ਨਾਲ ਲੱਗ ਗਿਆ ਹੈ। ਇਸ ਲਈ ਬਾਹਰੋਂ ਗਲੀ 'ਚ ਆਉਣਾ ਬਹੁਤ ਘਟ ਗਿਆ। ਇੱਕਾ-ਦੁੱਕਾ ਮਰਦਾਂ ਤੋਂ ਇਲਾਵਾ ਚਾਰ-ਪੰਜ ਬੱਚੇ ਹੀ ਅੰਦਰ ਆ ਸਕੇ ਸਨ। ਇਹਨਾਂ ਮਰਦਾਂ ਅਤੇ ਬੱਚਿਆਂ ਨਾਲ, ਕੁਝ ਔਰਤਾਂ ਘਰਾਂ ਦੇ ਅੰਦਰ ਚਲੀਆਂ ਗਈਆਂ। ਆਉਣ ਵਾਲੇ ਆਪਣੇ ਨਾਲ ਅਫ਼ਵਾਹਾਂ ਦਾ ਬੰਡਲ ਲੈ ਕੇ ਆਏ ਸਨ। ਉਹਨਾਂ ਕੋਲ ਤਰ੍ਹਾਂ-ਤਰ੍ਹਾਂ ਦੀਆਂ ਖ਼ਬਰਾਂ ਸਨ। ਮਸਲਨ ਬਹੁਤ ਸਾਰੇ ਹਿੰਦੂਆਂ ਦੀ ਲਾਸ਼ਾਂ ਨਾਲੀਆਂ 'ਚ ਪਈਆਂ ਹੋਈਆਂ ਸਨ ਜਾਂ ਪੁਲਿਸ ਨੇ ਬਹੁਤ ਸਾਰੀਆਂ ਲਾਸ਼ਾਂ ਦੇ ਕਈ ਟਰੱਕਾਂ ਲੱਦ ਕੇ ਲਾਸ਼ਾਂ ਜਮਨਾ ਵਿਚ ਰੋੜ੍ਹ ਦਿੱਤੀਆਂ ਸਨ।

ਇਹ ਗਲੀ ਵੀ ਤਕਰੀਬਨ ਗੁਆਂਢ ਦੀ ਉਸ ਗਲੀ ਦੀ ਤਰ੍ਹਾਂ ਸੀ, ਜਿਸ ਵਿਚ ਮੁਸਲਮਾਨ ਰਹਿੰਦੇ ਸਨ ਉਸੇ ਤਰ੍ਹਾਂ ਗੰਦੀ, ਗਰੀਬ ਅਤੇ ਬਦਬੂ ਨਾਲ ਭਰੀ ਹੋਈ ਸੀ। ਘਰਾਂ ਦੇ ਪਖਾਨਿਆਂ ਦੀ ਗੰਦਗੀ ਰੁੜ੍ਹ-ਰੁੜ੍ਹ ਕੇ ਗਲੀ ਦੀਆਂ ਨਾਲੀਆਂ ਤਕ ਪਹੁੰਚ ਰਹੀ ਸੀ ਜ਼ੇ ਗਲੀ ਦੇ ਪੱਕੇ ਵਸਨੀਕਾਂ ਨੂੰ ਇਹਦੇ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ ਪਰ ਫਿਰ ਵੀ ਬਾਹਰੋਂ ਪਹਿਲੀ ਵਾਰ ਗਲੀ ਅੰਦਰ ਆਉਣ ਵੇਲੇ, ਇਹ ਸੰਭਵ ਨਹੀਂ ਸੀ ਕਿ ਕੋਈ ਬਿਨਾਂ ਨੱਕ 'ਤੇ ਰੁਮਾਲ ਰੱਖ ਕੇ ਗਲੀ ਅੰਦਰ ਦਾਖ਼ਲ ਹੋ ਜਾਵੇ ਫ਼ਰਕ ਸਿਰਫ਼ ਏਨਾ ਸੀ ਕਿ ਇਹ ਹਿੰਦੂਆਂ ਦੀ ਗਲੀ ਸੀ, ਇਸ ਲਈ ਕਰਫਿਊ ਨੇ ਲੋਕਾਂ ਨੂੰ ਘਰਾਂ ਦੇ ਅੰਦਰ ਬੰਦ ਨਹੀਂ ਸੀ ਕੀਤਾ ਉਹਨਾਂ 'ਤੇ ਸਿਰਫ਼ ਗਲੀ ਤੋਂ ਬਾਹਰ ਨਿਕਲਣ ਦੀ ਪਾਬੰਦੀ ਲੱਗੀ ਸੀ।

ਗਲੀ 'ਚ ਦੇਵੀ ਲਾਲ ਦਾ ਆਉਣਾ ਇਕ ਸੁਖਦ ਅਹਿਸਾਸ ਵਾਂਗ ਸੀ।

ਦੇਵੀ ਲਾਲ ਰੋਜ਼ ਦੀ ਤਰ੍ਹਾਂ ਸਵੇਰੇ ਗਲੀ 'ਚੋਂ ਨਿਕਲ ਗਏ ਸਨ ਅਤੇ ਰੋਜ਼ ਦੀ ਤਰ੍ਹਾਂ ਡਿੱਗਦੇ-ਢਹਿੰਦੇ ਗਲੀ 'ਚ ਵਾਪਸ ਪਰਤ ਰਹੇ ਸਨ। ਫ਼ਰਕ ਸਿਰਫ਼ ਏਨਾ ਸੀ ਕਿ ਰੋਜ਼ ਰਾਤ ਇਕ

ਵਜੇ ਤੋਂ ਬਾਅਦ ਆਉਂਦੇ ਸਨ ਅਤੇ ਅੱਜ ਦੋ ਤਿੰਨ ਘੰਟੇ ਪਹਿਲਾਂ ਆ ਗਏ ਸਨ। ਗਲੀ ਦੇ ਜ਼ਿਆਦਾਤਰ ਲੋਕ ਜਿਸ ਵੇਲੇ ਰੋਟੀ ਖਾ ਰਹੇ ਹੁੰਦੇ ਹਨ, ਉਸ ਵੇਲੇ ਦੇਵੀ ਲਾਲ ਦੀ ਸ਼ਰਾਬ 'ਚ ਡੁੱਬੀ ਆਵਾਜ਼ ਦੀਆਂ ਲਹਿਰਾਂ ਹਵਾ 'ਚ ਤੈਰ ਰਹੀਆਂ ਹੁੰਦੀਆਂ ਹਨ। ਅੱਜ ਦੇਵੀ ਲਾਲ ਥੋੜ੍ਹਾ ਪਹਿਲਾਂ ਆ ਗਏ ਸਨ। ਰੋਜ਼ਾਨਾ ਦੀ ਤਰ੍ਹਾਂ ਨਾ ਤਾਂ ਉਹ ਚਹਿਕ ਰਹੇ ਸਨ ਅਤੇ ਨਾ ਹੀ ਸ਼ਰਾਬ ਪੀਣ ਨਾਲ ਪੈਦਾ ਹੋਇਆ ਆਤਮ-ਵਿਸ਼ਵਾਸ ਹੀ ਉਹਨਾਂ ਦੇ ਅੰਦਰ ਸੀ। ਉਹ ਕੁਝ ਪ੍ਰੇਸ਼ਾਨ ਜੇਹੇ ਵੀ ਸਨ। ਇਕ ਤਾਂ ਉਹਨਾਂ ਨੂੰ ਸ਼ਰਾਬ ਨਹੀਂ ਸੀ ਮਿਲੀ ਅਤੇ ਦੂਸਰਾ ਰਸਤੇ 'ਚ ਉਹਨਾਂ ਨੂੰ ਕਈ ਜਗ੍ਹਾ ਡਿੱਗਦੇ ਢਹਿੰਦੇ ਆਉਣਾ ਪਿਆ ਸੀ। ਇਸੇ ਕਾਰਨ ਉਹਨਾਂ ਦੇ ਸਰੀਰ'ਤੇ ਥਾਂ-ਥਾਂ ਰਗੜਾਂ ਲੱਗੀਆਂ ਸਨ ਅਤੇ ਉਹਨਾਂ ਦੇ ਪਜਾਮੇ ਦੇ ਪੌਂਹਚੇ ਨਾਲੀ ਦੇ ਪਾਣੀ ਅਤੇ ਗੰਦਗੀ ਨਾਲ ਲਿਬੜੇ ਹੋਏ ਸਨ।

ਦੇਵੀ ਲਾਲ ਵਪਾਰਕ ਖ਼ੂਨ ਵੇਚਣ ਵਾਲਿਆਂ 'ਚੋਂ ਸਨ। ਉਹ ਹਰ ਦੂਸਰੇ ਤੀਸਰੇ ਦਿਨ ਸਵਰੂਪ ਰਾਣੀ ਹਸਪਤਾਲ ਜਾ ਕੇ ਆਪਣਾ ਖ਼ੂਨ ਵੇਚਦੇ ਅਤੇ ਚਾਲੀ ਪੰਜਾਹ ਰੁਪਏ ਲੈ ਕੇ ਵਾਪਸ ਆਉਂਦੇ ਸਨ। ਇਸ ਆਮਦਨ ਦੇ ਸਹਾਰੇ ਹੀ ਉਹ ਸ਼ਾਮ ਨੂੰ ਪੀ ਕੇ ਪਰਤਦੇ ਸਨ। ਅੱਜ ਉਹਨਾਂ ਨੇ ਖ਼ੂਨ ਜ਼ਰੂਰ ਵੇਚਿਆ, ਪਰ ਪੀ ਨਹੀਂ ਸਨ ਸਕੇ। ਉਸ ਤੋਂ ਪਹਿਲਾਂ ਹੀ ਕਰਫਿਊ ਲੱਗ ਗਿਆ। ਉਹ, ਉਦੋਂ ਤਕ ਕਰਫਿਊ ਵਾਲੇ ਇਲਾਕੇ'ਚ ਦਾਖ਼ਲ ਹੋ ਗਏ ਸਨ। ਜੇ ਕਿਤੇ ਉਹਨਾਂ ਨੂੰ ਪਹਿਲਾਂ ਪਤਾ ਲੱਗ ਜਾਂਦਾ ਤਾਂ ਉਹ ਸ਼ਰਾਬ ਪੀ ਕੇ ਹੀ ਕਰਫਿਊ 'ਚ ਆਉਂਦੇ। ਇਕ ਵਾਰ ਅੰਦਰ ਆ ਜਾਣ 'ਤੇ ਉਹਨਾਂ ਨੇ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ, ਪਰ ਸ਼ਟਰਾਂ ਦੇ ਡਿੱਗਣ, ਲੋਕਾਂ ਦੇ ਬੇ-ਸੁਧ ਹੋਏ ਭੱਜਣ-ਦੌੜਣ ਅਤੇ ਪੁਲਿਸ ਦੀਆਂ ਲਾਠੀਆਂ ਨੇ ਇਕ ਅਜੀਬ ਜਿਹਾ ਚੱਕਰਵਿਊ ਪੈਦਾ ਕਰ ਦਿੱਤਾ। ਇਸ ਚੱਕਰਵਿਊ 'ਚ ਉਹ ਸਿਰਫ਼ ਅੱਗੇ ਹੀ ਭੱਜੇ ਜਾ ਰਹੇ ਸਨ ਅਤੇ ਬਹੁਤ ਦੇਰ ਬਾਅਦ ਜਦ ਉਹਨਾਂ ਨੂੰ ਹੋਸ਼ ਆਇਆ ਤਾਂ ਉਹ ਆਪਣੇ ਘਰ ਦੀ ਗਲੀ ਦੇ ਮੋੜ 'ਤੇ ਸਨ।

ਦੇਵੀ ਲਾਲ ਨੂੰ ਵੇਖਦੇ ਹੀ ਗਲੀ ਦੇ ਕੁਝ ਬੱਚੇ ਇਕੱਠੇ ਹੋ ਗਏ ਅਤੇ ਰੋਜ਼ ਵਾਂਗ ਕੋਰਸ ਸ਼ੁਰੂ ਹੋ ਗਿਆ:

ਦੇਵੀ ਕੇ ਦੋ ਟੋਪੀ
ਬਕਰੀ ਕੇ ਦੋ ਕਾਨ
ਦੇਵੀ ਲਾਲਾ ਹਗਨੇ ਪਹੁੰਚੇ
ਉਨਕੋ ਪਕੜ ਲੀਆ ਸ਼ੈਤਾਨ

ਔਰਤਾਂ ਨੇ ਇਸ ਪ੍ਰੇਸ਼ਾਨੀ ਭਰੇ ਮਾਹੌਲ 'ਚ ਵੀ ਹੱਸਣਾ ਸ਼ੁਰੂ ਕਰ ਦਿੱਤਾ। ਇਕ ਦੋ ਨੇ ਬੱਚਿਆਂ ਨੂੰ ਝਿੜਕ ਕੇ ਚੁੱਪ ਕਰਾਉਣਾ ਚਾਹਿਆ, ਪਤਾ ਨਹੀਂ ਇਹ ਮਾਹੌਲ 'ਚ ਫੈਲੇ ਆਤੰਕ ਅਤੇ ਉਦਾਸੀ ਦਾ ਅਸਰ ਸੀ ਜਾਂ ਦੇਵੀ ਲਾਲ ਦੀ ਨਿਕੰਮੀ ਪ੍ਰਤੀਕ੍ਰਿਆ ਦਾ, ਬੱਚੇ ਅੱਜ ਚੁੱਪ ਹੋ ਗਏ। ਰੋਜ਼ ਦੀ ਤਰ੍ਹਾਂ ਉਹਨਾਂ ਦੇ ਰੋਕਣ 'ਤੇ ਹੋਰ ਜ਼ਿਆਦਾ ਉੱਛਲ-ਉੱਛਲ ਕੇ ਦੇਵੀ ਲਾਲ ਦੀ ਮਿੱਟੀ ਪਲੀਤ ਨਹੀਂ ਕੀਤੀ। ਸ਼ਰਾਬ ਨਾ ਪੀਣ ਵੀ ਵਜ੍ਹਾ ਕਰਕੇ ਦੇਵੀ ਲਾਲ ਨੂੰ ਆਪਣਾ ਸਰੀਰ ਟੁੱਟਦਾ ਹੋਇਆ ਨਜ਼ਰ ਆ ਰਿਹਾ ਸੀ ਅਤੇ ਉਹਨਾਂ ਨੂੰ ਬੋਲਣ 'ਚ ਤਕਲੀਫ਼ ਮਹਿਸੂਸ ਹੋ ਰਹੀ ਸੀ।

ਕਸ ਲਾਲਾ, ਦੰਗੇ ਮੇਂ ਬਹੁਤ ਲੋਗ ਮਰੇ ਕਾ ?

ਪ੍ਰਸ਼ਨ ਦੇਵੀ ਲਾਲ ਕੋਲੋਂ ਪੁੱਛਿਆ ਗਿਆ ਸੀ। ਉਹ ਇਕੱਲੇ ਆਦਮੀ ਸਨ, ਜੋ ਕਰਫਿਊ ਲੱਗਣ ਤੋਂ ਬਾਅਦ, ਬਹੁਤ ਦੇਰ ਤਕ ਕਰਫਿਊ ਵਾਲੇ ਇਲਾਕੇ 'ਚ ਘੁੰਮਣ ਤੋਂ ਬਾਅਦ



ਮੁਹੱਲੇ 'ਚ ਪਹੁੰਚੇ ਸਨ। ਇਸ ਲਈ ਵਿਲੱਖਣ ਹੋਣ ਦੇ ਅਹਿਸਾਸ ਨਾਲ ਉਹ ਪੀੜਤ ਵੀ ਸਨ। ਉਹਨਾਂ ਨੇ ਆਪਣੀ ਖ਼ਾਸ ਸ਼ੈਲੀ 'ਚ ਅੱਖਾਂ ਖੋਲ੍ਹੀਆਂ ਅਤੇ ਪੂਰੇ ਆਤਮ-ਵਿਸ਼ਵਾਸ ਨਾਲ ਬੋਲਣ ਦੀ ਕੋਸ਼ਿਸ਼ ਕੀਤੀ। ਜਦ ਕਿ ਸ਼ਰਾਬ ਨਾ ਪੀਣ ਕਰਕੇ ਉਹਨਾਂ ਦੀ ਜ਼ੁਬਾਨ ਲੜਖੜਾ ਰਹੀ ਸੀ, ਫਿਰ ਵੀ ਉਹਨਾਂ ਨੇ ਸੰਜਮੀ ਹੋਣ ਦੀ ਪੂਰੀ ਕੋਸ਼ਿਸ਼ ਕੀਤੀ।

'ਅਰੇ ਚਾਚੀ... ਸ਼ਹਰ ਮੇਂ ਲਹਾਸ਼ ਹੀ ਲਹਾਸ਼ ਹੈ, ਦੂਈ ਟਰੱਕ ਮੇਂ ਲਹਾਸ਼ ਜਾਤੇ ਤੋਂ ਹਮ ਖ਼ੁਦ ਦੇਖਾ...ਪੁਲਿਸ ਵਾਲੇ ਜਮਨਾ ਮੇਂ ਬਹਾਨੇ ਲੈ ਜਾ ਰਹੇ ਥੇ। ਮੁਸਲੇ ਮਾਰ ਚਾਕੂ-ਛੁਰਾ ਚਮਕਾਏ ਘੂਮ ਰਹੇ ਥੇ। ਹਿੰਦੂ ਬੇਚਾਰੋਂ ਕਾ ਤੋਂ ਕੋਈ ਰਖਵਾਲਾ ਨਹੀਂ ਹੈ।'

'ਹੇ ਭਗਵਾਨ, ਜੋ ਲੋਗ ਅਭੀ ਘਰ ਨਹੀਂ ਲੌਟੇ ਉਨਕਾ ਕਯਾ ਹੋਗਾ ?'

ਜਿਨ੍ਹਾਂ ਔਰਤਾਂ ਦੇ ਪਤੀ ਅਤੇ ਬੱਚੇ ਘਰਾਂ ਨੂੰ ਨਹੀਂ ਸਨ ਪਰਤੇ, ਉਹਨਾਂ ਨੇ ਚਿਹਰੇ ਉਤਰ ਗਏ ਅਤੇ ਕਈਆਂ ਨੇ ਤਾਂ ਹੌਲੀ-ਹੌਲੀ ਵਿਰਲਾਪ ਕਰਨਾ ਸ਼ੁਰੂ ਕਰ ਦਿੱਤਾ। ਜਿਨ੍ਹਾਂ ਘਰਾਂ ਦੇ ਜੀਅ ਸਹੀ ਸਲਾਮਤ ਪਰਤ ਆਏ ਸਨ, ਉਨ੍ਹਾਂ ਨੇ ਮਜ਼ੇ ਲੈਣੇ ਸ਼ੁਰੂ ਕਰ ਦਿੱਤੇ।

'ਤੋ ਲਾਲਾ, ਕਯਾ ਮੁਸਲਮਾਨ ਪੁਲਿਸ ਕੇ ਰਹਤੇ ਚਾਕੂ ਛੁਰਾ ਲੀਏ ਘੂਮ ਰਹੇ ਹੈਂ ?'

'ਘੂਮ ਰਹੇ ਹੈਂ ? ਅਰੇ ਘੋਂਪ ਰਹੇ ਹੈਂ। ਕਈ ਤੋ ਹਮ ਅਪਨੇ ਸਾਮਨੇ ਮਾਰਤੇ ਦੇਖੇ। ਹਿੰਦੂ ਬੇਚਾਰੇ ਪਟ-ਪਟ ਗਿਰ ਰਹੇ ਹੈਂ। ਅਬ ਇਨ ਮੁਸਲੋਂ ਕੋ ਜਾਨ ਲੇਨੇ ਮੇਂ ਕਿਤਨੀ ਦੇਰ ਲਗਤੀ ਹੈ। ਪੁਲਿਸ ਇਨਕਾ ਕਯਾ ਬਿਗਾੜ ਲੇਗੀ। ਕਿਤਨੀ ਲਹਾਸ਼ੋਂ ਤੋਂ ਹਮਾਰੇ ਪੈਰ ਕੇ ਨੀਚੇ ਆਤੇ ਆਤੇ ਬਚੀਂ।'

ਦੇਵੀ ਲਾਲ ਹੌਂਕਦੇ ਜਾ ਰਹੇ ਸਨ। ਸ਼ਰਾਬ ਨਾ ਪੀਤੀ ਹੋਣ ਕਰਕੇ ਥੋੜ੍ਹਾ ਆਤਮ-ਵਿਸ਼ਵਾਸ ਜ਼ਰੂਰ ਲੜਖੜਾ ਗਿਆ, ਪਰ ਲੋਕਾਂ ਦੇ ਚਿਹਰਿਆਂ 'ਤੇ ਤੈਰਨ ਵਾਲੀ ਜਗਿਆਸਾ ਅਤੇ ਆਤੰਕ ਉਹਨਾਂ ਨੂੰ ਫਿਰ ਤੋਂ ਬੋਲਣ ਦੀ ਪ੍ਰੇਰਨਾ ਦੇਂਦਾ ਰਿਹਾ। ਉਹ ਬੋਲ ਰਹੇ ਸਨ ਅਤੇ ਉਤਸੁਕ ਪ੍ਰੇਸ਼ਾਨ ਚਿਹਰੇ ਉਹਨਾਂ ਨੂੰ ਸੁਣ ਰਹੇ ਸਨ। ਇਹ ਕੜੀ ਉਦੋਂ ਹੀ ਟੁੱਟਦੀ, ਜਦੋਂ ਕੋਈ ਬੰਦਾ ਬਾਹਰੋਂ ਡਿਗਦਾ-ਢਹਿੰਦਾ ਗਲੀ ਵਿਚ ਦਾਖ਼ਲ ਹੁੰਦਾ ਅਤੇ ਸੁਣਨ ਵਾਲਿਆਂ ਦੀ ਭੀੜ ਉਸ ਨੂੰ ਘੇਰ ਲੈਂਦੀ। ਕਰਫਿਊ ਲੱਗਣ ਤੋਂ ਤਿੰਨ ਚਾਰ ਘੰਟੇ ਬਾਅਦ ਜ਼ੋਰਦਾਰ ਬਾਰਿਸ਼ ਹੋਈ ਸੀ। ਇਸ ਲਈ ਆਉਣ ਵਾਲਾ ਮੀਂਹ 'ਚ ਬੁਰੀ ਤਰ੍ਹਾਂ ਨਾਤ੍ਹਾ ਹੁੰਦਾ ਅਤੇ ਪਜਾਮੇ ਜਾਂ ਪੈਂਟ ਦੇ ਪੌਂਹਚੇ ਗਲੀ ਦੇ ਚਿੱਕੜ ਨਾਲ ਗੜੁੱਚ ਹੋਏ ਹੁੰਦੇ। ਹਰ ਆਉਣ ਵਾਲਾ ਆ ਜਾਂਦਾ ਅਤੇ ਉਤਸੁਕ ਭੀੜ ਦੇ ਕੋਲ ਖੜ੍ਹੇ ਹੋ ਕੇ ਕੁਝ ਨਾ ਕੁਝ ਨਵੇਂ ਤੱਥ ਬਣਾਉਂਦਾ। ਜਦੋਂ ਤਕ ਉਸਦੀ ਪਤਨੀ ਜਾਂ ਬੱਚੇ ਉਸ ਨੂੰ ਘਸੀਟ ਕੇ ਅੰਦਰ ਨਾ ਲੈ ਜਾਂਦੇ, ਉਦੋਂ ਤਕ ਉਹ ਲੋਕਾਂ ਦੇ ਚਿਹਰਿਆਂ 'ਤੇ ਉਕਰੀਆਂ ਹੈਰਾਨੀ ਅਤੇ ਅਵਿਸ਼ਵਾਸ ਦੀਆਂ ਲਕੀਰਾਂ ਦਾ ਆਨੰਦ ਲੈਂਦਾ ਰਹਿੰਦਾ।

ਪੁਲੀਸ ਅਤੇ ਪੀ.ਏ.ਸੀ. ਦੇ ਸੱਤ ਅੱਠ ਨੌਜਵਾਨ ਜ਼ਮੀਨ 'ਤੇ ਡੰਡੇ ਮਾਰਦੇ ਹੋਏ ਗਲੀ ਦੇ ਮੋੜ ਤੋਂ ਅੰਦਰ ਆਏ। ਉਹਨਾਂ ਦੇ ਆਉਂਦਿਆਂ ਹੀ ਲੋਕ ਡਰ ਕੇ ਦੌੜ ਗਏ। ਡਿੱਗਦੇ-ਢਹਿੰਦੇ ਲੋਕਾਂ ਨੂੰ ਦੌੜਦਿਆਂ ਵੇਖ ਕੇ ਪੁਲਿਸ ਵਾਲਿਆਂ 'ਚੋਂ ਇਕ ਦੋ ਜਣਿਆਂ ਨੂੰ ਮਖੌਲ ਸੁਝਿਆ। ਉਹਨਾਂ ਨੇ ਹੋਰ ਜ਼ੋਰ ਨਾਲ ਡੰਡੇ ਜ਼ਮੀਨ 'ਤੇ ਮਾਰੇ ਅਤੇ ਹਵਾ 'ਚ ਗਾਲ੍ਹਾਂ ਕੱਢਦੇ ਹੋਏ ਦੌੜਨ ਦਾ ਨਾਟਕ ਕੀਤਾ। ਲੋਕ ਹੋਰ ਜ਼ੋਰ ਨਾਲ ਦੌੜੇ ਅਤੇ ਗਲੀ ਦੇ ਚਿੱਕੜ ਅਤੇ ਨਾਲੀਆਂ ਦੇ ਮਲ-ਮੂਤਰ 'ਚ ਪੈਰ ਮਾਰਦੇ ਹੋਏ ਆਪੋ-ਆਪਣੇ ਘਰਾਂ ਵਿਚ ਵੜ੍ਹ ਗਏ। ਜਿਹਨਾਂ ਦੇ ਦਰਵਾਜ਼ੇ ਬੰਦ ਸਨ, ਉਹਨਾਂ ਨੇ ਬੁਰੀ ਤਰ੍ਹਾਂ ਆਪਣੇ ਦਰਵਾਜ਼ੇ ਖੜਕਾਏ।

ਘਰਾਂ ਅੰਦਰ ਕੈਦ ਹੋਏ ਬੱਚਿਆਂ ਨੇ ਖਿੜਕੀਆਂ ਨਾਲ ਆਪਣਾ ਨੱਕ ਚਿਪਕਾ ਲਿਆ ਤੇ ਅੱਖਾਂ ਬਾਹਰ ਕੱਢ ਕੇ ਪੁਲਿਸ ਵਾਲਿਆਂ'ਤੇ ਕੇਂਦਰਤ ਕਰ ਲਈਆਂ। ਔਰਤਾਂ ਦਰਵਾਜ਼ਿਆਂ ਦੀਆਂ ਦਰਾਰਾਂ ਨਾਲ ਚਿਪਕ ਗਈਆਂ। ਮਰਦ ਆਪਣੇ ਮਰਦ ਹੋਣ ਦੇ ਅਹਿਸਾਸ ਨਾਲ ਦੱਬੇ ਹੋਣ ਕਰਕੇ ਆਪਣੀ ਉਤਸੁਕਤਾ ਦਾ ਪ੍ਰਦਰਸ਼ਨ ਨਹੀਂ ਸਨ ਕਰ ਸਕਦੇ ਅਤੇ ਬੰਦ ਹੁੰਮਸ ਭਰੇ ਕਮਰਿਆਂ 'ਚ ਪੱਖਿਆਂ ਦੇ ਥੱਲੇ ਬੈਠ ਕੇ ਆਪਣੇ ਨੰਗੇ ਸਰੀਰ ਖੁਰਕਦੇ ਰਹੇ।

ਬਾਰਿਸ਼ ਰੁਕੀ ਨੂੰ ਕਾਫ਼ੀ ਦੇਰ ਹੋ ਚੁੱਕੀ ਸੀ ਅਤੇ ਇਕ ਵਾਰ ਫਿਰ ਹੁੰਮਸ ਭਰੇ ਮਾਹੌਲ 'ਤੇ ਹਾਵੀ ਹੋ ਗਈ ਸੀ।

ਪੁਲਿਸ ਵਾਲੇ ਬਾਹਰ ਇਕ ਚਬੂਤਰੇ ਉੱਤੇ ਬੈਠ ਗਏ। ਉਹਨਾਂ ਵਿਚੋਂ ਇਕ ਅੱਧਾ ਚਬੂਤਰੇ ਉੱਤੇ ਲੰਮਾ ਪੈ ਗਿਆ। ਇਸ ਭੱਜ-ਦੌੜ 'ਚ ਦੇਵੀ ਲਾਲ ਵੀ ਡਰ ਕੇ ਇਕ ਕੂੜੇ ਦੇ ਢੇਰ ਪਿੱਛੇ ਲੁਕੇ ਹੋਏ ਸਨ। ਦੁਪਹਿਰੇ ਦੌੜਦੇ ਸਮੇਂ ਦੋ-ਚਾਰ ਡੰਡੇ ਉਹਨਾਂ ਦੇ ਪੈਰ ਅਤੇ ਪਿੱਠ 'ਤੇ ਵੱਜੇ ਸਨ। ਇਸ ਲਈ ਪੁਲਿਸ ਵਾਲਿਆਂ ਨੂੰ ਵੇਖ ਕੇ ਉਹ ਡਰ ਗਏ। ਕੁਝ ਦੇਰ ਤਕ ਉਹ ਗੰਦਗੀ ਨਾਲ ਭਰੇ ਹੋਏ ਕੂੜੇ ਨੂੰ ਆਪਣੇ ਮੂੰਹ ਅਤੇ ਨੱਕ ਨਾਲ ਸਹਿੰਦੇ ਰਹੇ, ਫਿਰ ਸਾਹ ਇਕੱਠਾ ਕਰਕੇ ਉਹਨਾਂ ਨੇ ਵੇਖਿਆ ਕਿ ਪੁਲਿਸ ਵਾਲਿਆਂ'ਚੋਂ ਇਕ ਨੇੜਲੇ ਥਾਣੇ ਦਾ ਸਿਪਾਹੀ ਵੀ ਸੀ, ਜਿਸਨੂੰ ਉਹ ਮਿਸ਼ਰਾ ਨਾਂ ਕਰਕੇ ਜਾਣਦੇ ਵੀ ਸਨ ਅਤੇ ਜੀਹਦੇ ਨਾਲ ਬੈਠ ਕੇ ਉਹਨਾਂ ਨੇ ਕਈ ਵਾਰ ਸ਼ਰਾਬ ਵੀ ਪੀਤੀ ਸੀ। ਮਿਸ਼ਰਾ ਨੂੰ ਵੇਖਦਿਆਂ ਹੀ ਉਹਨਾਂ ਦਾ ਸਾਹ ਮੁੜ ਆਇਆ ਅਤੇ ਉਹ ਕੂੜੇ ਦੇ ਢੇਰ ਕੋਲੋਂ ਉੱਠ ਖਲੋਤੇ।

'ਜੈ ਹਿੰਦ ਪੰਡਤ ਜੀ, ਹਮ ਤੋ ਬੇਕਾਰ ਡਰ ਰਹੇ ਥੇ।'

'ਕੌਨ ? ਦੇਵੀ ਲਾਲ ? ਜੈ ਹਿੰਦ, ਜੈ ਹਿੰਦ। ਕਹੋ ਕਹਾਂ ਛੁਪੇ ਹੋ ? ਕਈਸਾ ਮੁਹੱਲਾ ਹੈ ਭਾਈ। ਸਸੁਰ ਪਾਨੀ ਕੋ ਭੀ ਤਰਸ ਗਏ। ਆਜ ਦੁਪਹਰ ਸੇ ਏਕ ਬੂੰਦ ਪਾਨੀ ਨਹੀਂ ਗਯਾ ਹਲਕ ਮੇਂ। ਕੁਛ ਚਾਏ ਵਾਏ ਕਾ ਇੰਤਜ਼ਾਮ ਕਰੋ ਬਾਈ।'

ਦੇਵੀ ਲਾਲ ਝੱਪਟ ਕੇ ਇਕ ਮਕਾਨ ਦੇ ਬੰਦ ਦਰਵਾਜ਼ੇ ਅੱਗੇ ਪਹੁੰਚੇ ਤੇ ਲੱਗ ਪਏ ਦਰਵਾਜ਼ਾ ਖੜਕਾਉਣ।

'ਕੌਨ ਹੈ ? ਕਯਾ ਹੈ ? ਘਰ ਮੇਂ ਕੋਈ ਮਰਦ ਮਨੁੱਖ ਨਹੀਂ ਹੈ।' ਅੰਦਰੋਂ ਔਰਤ ਦੀ ਆਵਾਜ਼ ਆਈ।

'ਹੈ ਕੈਸੇ ਨਹੀਂ ? ਅਰੇ ਹਮ ਖ਼ੁਦ ਦੇਖਾ ਰਾਮਸੁਖ ਕੰਪੋਜ਼ੀਟਰ ਕੋ ਅੰਦਰ ਆਤੇ। ਭਾਈ ਹਮ ਦੇਵੀ ਲਾਲ ਹੈਂ। ਬਾਹਰ ਦਰੋਗਾ ਜੀ ਖੜ੍ਹੇ ਹੈਂ। ਖੋਲ੍ਹੋ, ਦਰਵਾਜ਼ਾ ਖੋਲ੍ਹੋ, ਪਾਨੀ ਚਾਹੀਏ।'

ਰਾਮਸੁਖ ਕੰਪੋਜ਼ੀਟਰ ਨੇ ਤਾਂ ਨਹੀਂ, ਪਰ ਦੇਵੀ ਲਾਲ ਦੀ ਆਵਾਜ਼ ਤੋਂ ਸੰਤੁਸ਼ਟ ਹੋ ਕੇ ਉਸਦੀ ਪਤਨੀ ਨੇ ਅੱਧਾ ਦਰਵਾਜ਼ਾ ਖੋਲ੍ਹਿਆ।

ਬਾਹਰ ਡੰਡਿਆਂ ਅਤੇ ਬੰਦੂਕਾਂ ਨਾਲ ਪੁਲਿਸ ਉਹਦੇ ਨਾਲ ਸੀ, ਇਸੇ ਕਰਕੇ ਦੇਵੀ ਲਾਲ ਬਹੁਤ ਜੋਸ਼'ਚ ਸਨ। ਉਹਨਾਂ ਨੇ ਜ਼ੋਰਦਾਰ ਆਵਾਜ਼'ਚ ਇਕ ਵਾਰ ਫਿਰ ਰਾਮਸੁਖ ਨੂੰ ਬਾਹਰ ਆਉਣ ਲਈ ਲਲਕਾਰਿਆ। ਰਾਮਸੁਖ ਦੀ ਪਤਨੀ ਨੇ ਇਕ ਵਾਰ ਫਿਰ ਕੰਬਦੀ ਆਵਾਜ਼ 'ਚ ਦੱਸਿਆ ਕਿ ਰਾਮਸੁਖ ਘਰ ਨਹੀਂ ਹੈ। ਪਰ ਦੇਵੀ ਲਾਲ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ। ਅਖ਼ੀਰ ਗੱਲ ਇਥੇ ਖ਼ਤਮ ਹੋਈ ਕਿ ਘਰ ਵਾਲੀ ਗਰਮਾ-ਗਰਮ ਚਾਹ ਬਣਾ ਕੇ ਸਾਰਿਆਂ ਨੂੰ ਪਿਆਵੇ।



ਜਦੋਂ ਤਕ ਚਾਹ ਬਣ ਕੇ ਬਾਹਰ ਆਈ, ਉਦੋਂ ਤਕ ਕੁਝ ਘਰਾਂ ਦੀਆਂ ਖਿੜਕੀਆਂ ਦੇ ਪੱਲੇ ਅੱਧੇ ਅਧੂਰੇ ਖੁੱਲ੍ਹ ਗਏ ਸਨ। ਕੁਝ ਬੱਚਿਆਂ ਨੇ ਦਰਵਾਜ਼ਿਆਂ ਤੋਂ ਬਾਹਰ ਆਉਣ ਦੀ ਕੋਸ਼ਿਸ਼ ਕੀਤੀ, ਪਰ ਸਿਪਾਹੀਆਂ ਨੇ ਝਿੜਕ ਕੇ ਅੰਦਰ ਕਰ ਦਿੱਤਾ। ਪਰ ਜਦੋਂ ਚਾਹ ਬਾਹਰ ਆਉਣ ਲੱਗੀ ਤਾਂ ਦੇਵੀ ਲਾਲ ਨੇ ਰਾਮਸੁਖ ਦੇ ਦੋ ਮੁੰਡਿਆਂ ਨੂੰ ਮਦਦ ਲਈ ਬਾਹਰ ਬੁਲਾ ਲਿਆ। ਉਹਨਾਂ ਨੂੰ ਵੇਖ ਕੇ ਗੁਆਂਢ ਦੇ ਦੋ ਹੋਰ ਮੁੰਡੇ ਨਿਕਲ ਆਏ। ਸਿਪਾਹੀਆਂ ਨੇ ਬੇ-ਮਨ ਨਾਲ ਉਹਨਾਂ ਨੂੰ ਝਿੜਕਿਆ ਅਤੇ ਫਿਰ ਚਾਹ ਪੀਣ ਲੱਗ ਪਏ। ਮੁੰਡੇ ਵੀ ਢੀਠਾਂ ਵਾਂਗ ਪਹਿਲਾਂ ਦਰਵਾਜ਼ਿਆਂ ਨਾਲ ਚਿੰਬੜੇ ਰਹੇ ਅਤੇ ਫਿਰ ਹੌਲੀ-ਹੌਲੀ ਗਲੀ 'ਚ ਆ ਗਏ। ਥੋੜ੍ਹੀ ਹੀ ਦੇਰ 'ਚ ਬਹੁਤ ਜ਼ਿਆਦਾ ਭੀੜ ਪੁਲਿਸ ਵਾਲਿਆਂ ਦੇ ਅੱਗੇ ਪਿੱਛੇ ਇਕੱਠੀ ਹੋ ਗਈ। ਉਹ ਲਲਚਾਈਆਂ ਅੱਖਾਂ ਨਾਲ ਉਹਨਾਂ ਦੇ ਹਥਿਆਰ ਵੇਖਦੇ ਰਹੇ ਅਤੇ ਉਹਨਾਂ ਹਥਿਆਰਾਂ ਦੇ ਨਾਂ ਇਕ ਦੂਜੇ ਨੂੰ ਦੱਸਦੇ ਰਹੇ। ਕਦੀ-ਕਦੀ ਪੁਲਿਸ ਵਾਲਿਆਂ 'ਚੋਂ ਉਹਨਾਂ ਨੂੰ ਕੋਈ ਝਿੜਕ ਦੇਂਦਾ ਜਾਂ ਆਪਣਾ ਡੰਡਾ ਜ਼ਮੀਨ 'ਤੇ ਮਾਰ ਦਿੰਦਾ। ਬੱਚੇ ਦੌੜਦੇ ਅਤੇ ਥੋੜ੍ਹੀ ਦੂਰ ਜਾ ਕੇ ਫੇਰ ਇਕੱਠੇ ਹੋ ਜਾਂਦੇ। ਉਹ ਕੋਰਸ 'ਚ ਗਾਉਣ ਲੱਗਦੇ:

'ਹਿੰਦੂ ਮੁਸਲਿਮ ਭਾਈ ਭਾਈ/ਕਟੂਆ ਕੌਮ ਕਹਾਂ ਸੇ ਆਈ'

ਪੁਲਿਸ ਵਾਲੇ ਹੱਸਦੇ ਅਤੇ ਕਈ ਗਾਲ੍ਹਾਂ ਕੱਢ ਕੇ ਫਿਰ ਚਾਹ ਪੀਣ ਲੱਗ ਪੈਂਦੇ। ਦੇਵੀ ਲਾਲ ਉਹਨਾਂ ਦੀ ਰੋਟੀ ਦਾ ਇੰਤਜ਼ਾਮ ਕਰਨ ਲੱਗਾ। ਕਰਫਿਊ ਹਰ ਦੂਸਰੇ ਤੀਸਰੇ ਸਾਲ ਲੱਗਦਾ ਸੀ। ਪੁਲਿਸ ਵਾਲੇ ਹਰ ਵਾਰੀ ਇਸ ਗਲੀ'ਚੋਂ ਜਾਂ ਨਾਲ ਵਾਲੀ ਕਿਸੇ ਗਲੀ 'ਚੋਂ ਰੋਟੀ ਖਾਂਦੇ। ਰੋਟੀ ਖਾ ਕੇ ਮੁਹੱਲੇ ਵਾਲਿਆਂ ਨਾਲ ਕੁਝ ਹਾਸਾ ਮਜ਼ਾਕ ਕਰਦੇ ਅਤੇ ਫਿਰ ਪਾਕਿਸਤਾਨੀ ਗਲੀਆਂ 'ਚ ਕਰਫਿਊ ਲਾਉਣ ਚਲੇ ਜਾਂਦੇ।

ਗਲੀ 'ਚੋਂ ਕੋਈ ਵੀ ਘਰ ਅਜਿਹਾ ਨਹੀਂ ਸੀ, ਜਿਹੜਾ ਇਕੱਲਾ ਇਸ ਟੁਕੜੀ ਲਈ ਰੋਟੀ ਦਾ ਇੰਤਜ਼ਾਮ ਕਰ ਸਕਦਾ। ਦੇਵੀ ਲਾਲ ਇਕ-ਇਕ ਘਰ ਦਾ ਹਾਲ ਜਾਣਦੇ ਸਨ। ਇਸ ਲਈ, ਉਹਨਾਂ ਨੇ ਕਿਸੇ ਘਰੋਂ ਪੂਰੀਆਂ ਕਢਵਾਈਆਂ, ਕਿਤੇ ਆਲੂਆਂ ਦੀ ਸਬਜ਼ੀ ਤਲੀ ਗਈ ਅਤੇ ਇਕ ਦੋ ਘਰਾਂ'ਚੋਂ ਝਿੜਕ ਕੇ ਆਚਾਰ ਅਤੇ ਚਟਨੀ ਇਕੱਠਾ ਕੀਤੀ।

ਪੁਲਿਸ ਵਾਲੇ ਜਦੋਂ ਤਕ ਖਾਣ ਬੈਠੇ, ਉਦੋਂ ਤਕ ਬਹੁਤ ਲੋਕ ਸਾਹਸ ਇਕੱਠਾ ਕਰਕੇ ਉਹਨਾਂ ਦੇ ਆਲੇ-ਦੁਆਲੇ ਇਕੱਠੇ ਹੋ ਗਏ ਸਨ। ਇਹ ਹਿੰਦੂ ਲੋਕ ਸਨ। ਇਸ ਲਈ ਸੁਭਾਵਕ ਰੂਪ ਨਾਲ ਦੇਸ਼ ਦੀ ਜ਼ਿਆਦਾ ਚਿੰਤਾ ਉਹਨਾਂ ਨੂੰ ਸੀ। ਉਹਨਾਂ ਨੇ ਪੁਲਿਸ ਟੁਕੜੀ 'ਚੋਂ ਆਪਣੇ ਜਾਣਕਾਰਾਂ ਨੂੰ ਲੱਭ ਲਿਆ ਸੀ ਜਾਂ ਨਵੇਂ ਸਿਰੇ ਤੋਂ ਜਾਣਕਾਰੀ ਪ੍ਰਾਪਤ ਕਰ ਲਈ ਸੀ ਅਤੇ ਉਹਨਾਂ ਨੂੰ ਉੱਤੇਜਿਤ ਲਹਿਜੇ 'ਚ ਗੁਪਤ ਸੂਚਨਾਵਾਂ ਦੇਣ ਲੱਗੇ। ਕਿਸੇ ਨੂੰ ਜਾਣਕਾਰੀ ਸੀ ਕਿ ਪਾਕਿਸਤਾਨੀ ਗਲੀ 'ਚ ਫਲਾਣੇ ਘਰ ਵਿਚ ਟਰਾਂਸਮੀਟਰ ਲੱਗਾ ਹੋਇਆ ਹੈ, ਜਿਸ ਰਾਹੀਂ ਇਕ-ਇਕ ਪਲ ਦੀ ਸੂਚਨਾ ਭੇਜੀ ਜਾ ਰਹੀ ਹੈ। ਇਸ ਲਈ ਜਿਹੜਾ ਦੰਗਾ ਦੁਪਹਿਰ ਬਾਅਦ ਹੋਇਆ, ਉਸ ਦੀ ਖ਼ਬਰ ਸ਼ਾਮ ਨੂੰ ਬੀ. ਬੀ. ਸੀ. 'ਤੇ ਆ ਗਈ। ਉਹਨਾਂ ਦੇ ਇਕ ਦੋ ਈਰਖਾਲੂ ਗੁਆਂਢੀਆਂ ਨੇ ਪੁੱਛਿਆ ਵੀ ਕਿ ਉਹਨਾਂ ਨੇ ਬੀ. ਬੀ. ਸੀ. ਕਦੋਂ ਸੁਣਿਆ, ਪਰ ਬਾਕੀ ਸਾਰਿਆਂ ਨੇ ਮੰਨ ਲਿਆ ਕਿ ਬੀ. ਬੀ. ਸੀ. ਨੇ ਜ਼ਰੂਰ ਇਹ ਖ਼ਬਰ ਦਿੱਤੀ ਹੋਵੇਗੀ। ਕੁਝ ਲੋਕਾਂ ਨੇ ਪਾਕਿਸਤਾਨੀ ਗਲੀ ਵਿਚ ਕੁਝ ਮਕਾਨ ਦੱਸੇ, ਜਿਨ੍ਹਾਂ ਅੰਦਰ ਉਹਨਾਂ ਅਨੁਸਾਰ ਹਥਿਆਰਾਂ ਦੇ ਜ਼ਖ਼ੀਰੇ ਸਨ। ਇਹਨਾਂ ਹਥਿਆਰਾਂ ਦੀ ਸੂਚਨਾ ਲੋਕਾਂ ਨੇ ਆਪਣੇ-ਆਪਣੇ ਮਿੱਥ ਗਿਆਨ ਦੀ ਜਾਣਕਾਰੀ ਅਨੁਸਾਰ ਵੱਖ-ਵੱਖ ਦਿੱਤੀ। ਜ਼ਿਆਦਾਤਰ ਲੋਕਾਂ ਨੇ ਸਿਨਮੇ ਅਤੇ ਅਖ਼ਬਾਰਾਂ'ਚ ਪਿਸਤੌਲਾਂ ਅਤੇ ਬੰਬਾਂ ਬਾਰੇ ਵੇਖਿਆ ਅਤੇ

ਪੜ੍ਹਿਆ ਸੀ, ਇਸ ਲਈ ਉਹਨਾਂ ਅਨੁਸਾਰ ਉਹਨਾਂ 'ਚ ਪਿਸਤੌਲਾਂ ਅਤੇ ਬੰਬਾਂ ਨੂੰ ਇਕੱਠਾ ਕੀਤਾ ਗਿਆ ਸੀ। ਕੁਝ ਲੋਕਾਂ ਨੇ ਸਟੇਨਗਨ ਰੱਖਣ ਦੀ ਸੂਚਨਾ ਵੀ ਦਿੱਤੀ। ਪੁਲਿਸ ਵਾਲਿਆਂ ਨੇ ਜਾਣਕਾਰੀ ਇਕੱਠੀ ਕੀਤੀ। ਉਹ ਹਰ ਵਾਰ ਦੰਗਿਆਂ 'ਚ ਪਾਕਿਸਤਾਨੀਆਂ ਨੂੰ ਸਬਕ ਸਿਖਾਉਂਦੇ ਸਨ।ਇਸ ਵਾਰ ਵੀ ਇਹ ਜਾਣਕਾਰੀਆਂ ਉਹਨਾਂ ਦੇ ਕੰਮ ਆਉਣ ਵਾਲੀਆਂ ਸਨ।

ਪੁਲਿਸ ਵਾਲਿਆਂ ਨੇ ਰੋਟੀ ਖਾਧੀ ਅਤੇ ਨਾਲੀਆਂ 'ਤੇ ਖਲੋ ਕੇ ਹੱਥ ਮੂੰਹ ਧੋਤਾ। ਉਹ ਥੋੜ੍ਹੀ ਦੇਰ ਤਕ ਦੰਦ ਵੇਖਦੇ ਰਹੇ। ਫਿਰ ਨਾਲ ਵਾਲੀ ਗਲੀ 'ਚ ਪਾਕਿਸਤਾਨੀਆਂ ਨੂੰ ਸਬਕ ਸਿਖਾਉਣ ਲਈ ਚਲੇ ਗਏ।

ਰਾਤ ਕਾਫ਼ੀ ਹੋ ਚੁੱਕੀ ਸੀ। ਆਮ ਤੌਰ 'ਤੇ ਇਸ ਸਮੇਂ ਤਕ ਇਹ ਗਲੀ ਥੱਕ ਹਾਰ ਕੇ ਸੌਂ ਜਾਂਦੀ ਸੀ, ਪਰ ਅੱਜ ਗਲੀ 'ਚ, ਘਰਾਂ, ਪੌੜੀਆਂ ਅਤੇ ਚਬੂਤਰਿਆਂ 'ਤੇ ਲੋਕਾਂ ਦੇ ਛੋਟੇ-ਛੋਟੇ ਸਮੂਹ ਇਕੱਠੇ ਸਨ।

ਫ਼ਰਕ ਸਿਰਫ਼ ਇੰਨਾ ਸੀ ਕਿ ਗਲੀ ਦੀਆਂ ਨਾਲੀਆਂ 'ਤੇ ਮੰਜੀਆਂ ਨਹੀਂ ਸਨ ਪਈਆਂ। ਬਾਵਜੂਦ ਇਸਦੇ ਕਿ ਇਹ ਹਿੰਦੂਆਂ ਦੀ ਗਲੀ ਸੀ ਅਤੇ ਕਰਫਿਊ ਸਿਰਫ਼ ਇਸ ਹੱਦ ਤਕ ਲੱਗਾ ਸੀ ਕਿ ਲੋਕ ਗਲੀਆਂ ਤੋਂ ਬਾਹਰ ਮੇਨ ਸੜਕ ਤਕ ਨਹੀਂ ਸਨ ਜਾ ਸਕਦੇ। ਫਿਰ ਵੀ ਉਹ ਹੁੰਮਸ ਭਰੀ ਰਾਤ 'ਚ ਘਰ ਅੰਦਰ ਸੌਣ ਲਈ ਮਜਬੂਰ ਸਨ। ਘਰਾਂ ਦੇ ਅੰਦਰ ਜਾਣ ਦੀ ਕਲਪਨਾ ਹੀ ਬੇਕਾਰ ਸੀ, ਇਸ ਕਰਕੇ ਲੋਕ ਬਾਹਰ ਗਲੀ 'ਚ ਬੈਠ ਗਏ ਅਤੇ ਗੱਪਾਂ ਮਾਰਦੇ ਰਹੇ। ਦੂਸਰੇ ਉਹ ਨਿਸਚਿੰਤ ਸਨ। ਗਲੀ 'ਚ ਬੈਠਣ ਨਾਲ ਕੋਈ ਖ਼ਤਰਾ ਨਹੀਂ ਸੀ। ਦਿਹਾੜੀ ਕਮਾਉਣ ਵਾਲੇ ਜ਼ਰੂਰ ਪ੍ਰੇਸ਼ਾਨ ਸਨ ਕਿ ਜੇਕਰ ਕਰਫਿਊ ਤਿੰਨ-ਚਾਰ ਦਿਨ ਹੋਰ ਲੱਗਾ ਰਿਹਾ ਤਾਂ ਘਰਾਂ ਵਿਚ ਬਲਣ ਵਾਲੇ ਚੁੱਲ੍ਹਿਆਂ ਦੀ ਰਫ਼ਤਾਰ ਘੱਟ ਹੋ ਜਾਵੇਗੀ। ਪਿਛਲੇ ਸਾਲਾਂ ਤੋਂ ਜਦੋਂ ਤਕ ਸ਼ਹਿਰ ਦੇ ਹੁਕਮਰਾਨਾਂ ਨੂੰ ਲੱਗਦਾ ਸੀ ਕਿ ਸ਼ਹਿਰ ਨੂੰ ਚੰਗੀ ਤਰ੍ਹਾਂ ਸਬਕ ਨਹੀਂ ਸਿਖਾਇਆ ਗਿਆ, ਉਦੋਂ ਤਕ ਉਹ ਕਰਫਿਊ ਹਟਾਉਣ ਲਈ ਟਾਲਦੇ ਰਹਿੰਦੇ ਸਨ। ਦੋ-ਤਿੰਨ ਦਿਨ ਲਗਾਤਾਰ ਕਰਫਿਊ ਲੱਗਾ ਰਹਿਣ ਕਾਰਨ ਦਿਹਾੜੀ ਲਾਉਣ ਵਾਲੇ ਤਰਾਹ ਤਰਾਹ ਕਰਨ ਲੱਗਦੇ।

ਗਲੀ ਦੇ ਇਕ ਕੋਣੇ 'ਤੇ ਅਚਾਨਕ ਦੋ ਤਿੰਨ ਪੱਥਰ ਕਿਸੇ ਦਰਵਾਜ਼ੇ ਨਾਲ ਟਕਰਾਏ। ਪੌੜੀਆਂ ਅਤੇ ਚਬੂਤਰਿਆਂ 'ਤੇ ਬੈਠੇ ਲੋਕ ਇਕਦਮ ਦੌੜੇ। ਕੁਝ ਲੋਕ ਨਾਲੀਆਂ ਨਾਲ ਅੜ ਕੇ ਡਿੱਗ ਪਏ। ਕੁਝ ਔਰਤਾਂ ਨੇ ਚੀਖਣਾ ਸ਼ੁਰੂ ਕਰ ਦਿੱਤਾ। ਬੱਚਿਆਂ ਨੂੰ ਸੰਭਾਲਣ ਦੇ ਚੱਕਰ 'ਚ ਔਰਤਾਂ ਡਿੱਗ ਪਈਆਂ। ਪਰ ਇਹ ਬੇਹੋਸ਼ੀ ਥੋੜ੍ਹੇ ਚਿਰ ਲਈ ਹੀ ਰਹੀ। ਜਲਦੀ ਹੀ ਲੋਕਾਂ ਦੀ ਸਮਝ'ਚ ਆ ਗਿਆ ਕਿ ਗਲੀ ਦੇ ਬਾਹਰੋਂ ਕੋਈ ਹਮਲਾ ਨਹੀਂ ਹੋਇਆ। ਬਲਕਿ ਗਲੀ ਦੇ ਮੋੜ 'ਤੇ ਇਕੱਠੇ ਬੈਠੇ ਮੁੰਡਿਆਂ ਨੇ ਹੀ ਯੂਸਫ਼ ਦਰਜ਼ੀ ਦੇ ਮਕਾਨ ਦੇ ਬੰਦ ਦਰਵਾਜ਼ੇ 'ਤੇ ਦੋ ਤਿੰਨ ਰੋੜੇ ਮਾਰੇ ਸਨ। ਯੂਸਫ਼ ਦਰਜ਼ੀ ਇਸ ਗਲੀ'ਚ ਇਕੱਲਾ ਮੁਸਲਮਾਨ ਸੀ। ਦੇਸ਼ ਦੀ ਵੰਡ ਦੇ ਬਾਅਦ ਉਸਦੇ ਸਾਰੇ ਭਰਾ ਪਾਕਿਸਤਾਨ ਚਲੇ ਗਏ, ਸਿਰਫ਼ ਉਹੀ ਰਹਿ ਗਿਆ ਸੀ। ਹਰ ਦੰਗੇ 'ਚ ਯੂਸਫ਼ ਫ਼ੈਸਲਾ ਕਰਦਾ ਕਿ ਇਸ ਗਲੀ 'ਚੋਂ ਮਕਾਨ ਵੇਚ ਕੇ ਉਹ ਕਿਸੇ ਸੁਰੱਖਿਅਤ ਜਗ੍ਹਾ 'ਤੇ ਮਕਾਨ ਲੈ ਲਵੇਗਾ। ਪਰ ਹਰ ਵਾਰ ਦੰਗਾ ਖ਼ਤਮ ਹੋਣ ਦੇ ਬਾਵਜੂਦ ਉਹ ਦੋ-ਤਿੰਨ ਥਾਵਾਂ 'ਤੇ ਮਕਾਨ ਲੱਭਦਾ ਅਤੇ ਫਿਰ ਚੁੱਪਚਾਪ ਸਿਰ ਸੁੱਟ ਕੇ ਕੱਪੜੇ ਸੀਣ ਲੱਗ ਪੈਂਦਾ। ਦੰਗਿਆਂ 'ਚ ਯੂਸਫ਼ ਦਰਜ਼ੀ ਦੇ ਪਰਿਵਾਰ ਨੂੰ ਫ਼ਰਕ ਸਿਰਫ਼ ਇਹ ਪੈਂਦਾ ਕਿ ਉਹ ਆਪਣੇ ਮਕਾਨ ਅੰਦਰ ਕੈਦ ਹੋ ਜਾਂਦਾ। ਮਕਾਨ ਚਾਰੇ ਪਾਸਿਉਂ ਬੰਦ ਕਰ ਦਿੱਤਾ ਜਾਂਦਾ। ਦਰਵਾਜ਼ਿਆਂ ਅੱਗੇ ਫੱਟੇ ਅਤੇ ਮੰਜੀਆਂ ਲਾ ਦਿੱਤੀਆਂ ਜਾਂਦੀਆਂ ਅਤੇ ਘਰ ਦੇ ਕਮਰਿਆਂ ਅੰਦਰ ਉਹ ਚੁੱਪਚਾਪ ਸੁੰਨ ਹੋ ਕੇ ਬੈਠ ਜਾਂਦੇ।



ਯੂਸਫ਼ ਦਰਜ਼ੀ ਦੇ ਨੌਂ ਬੱਚੇ ਸਨ।ਇਹਨਾਂ ਵਿਚੋਂ ਛੇ ਲੜਕੀਆਂ ਸਨ। ਲੜਕੀਆਂ ਵੱਖੋ-ਵੱਖਰੀਆਂ ਉਮਰਾਂ ਦੀਆਂ ਹੋਣ ਕਰਕੇ ਆਪਣੀ-ਆਪਣੀ ਉਮਰ ਦੇ ਮੁਤਾਬਿਕ ਝਗੜਿਆਂ 'ਚ ਗੜੁੱਚ ਸਨ। ਇਹ ਝਗੜੇ ਮੁਹੱਲੇ ਦੇ ਹੋਰਨਾਂ ਮੁੰਡੇ ਕੁੜੀਆਂ ਦੇ ਝਗੜਿਆਂ ਜਿਹੇ ਹੀ ਸਨ, ਜੋ ਸਕੂਲ ਜਾਣ ਦੀ ਉਮਰ ਨਾਲ ਸ਼ੁਰੂ ਹੁੰਦੇ ਅਤੇ ਵਿਆਹ ਹੁੰਦੇ ਹੀ ਖ਼ਤਮ ਹੋ ਜਾਂਦੇ ਸਨ। ਅੱਜ ਤਕ ਤਾਂ ਇਸ ਗਲੀ 'ਚ ਅਜਿਹਾ ਨਹੀਂ ਹੋਇਆ ਕਿ ਜੀਹਦੇ ਨਾਲ ਚੋਰੀ-ਚੋਰੀ ਅੱਖ ਮਟੱਕਾ ਹੋਇਆ ਹੋਵੇ, ਕਾਪੀਆਂ ਕਿਤਾਬਾਂ 'ਚ ਚੋਰੀ-ਚੋਰੀ ਚਿੱਠੀਆਂ ਭੇਜੀਆਂ ਗਈਆਂ ਹੋਣ, ਉਸਦੇ ਨਾਲ ਵਿਆਹ ਹੋ ਗਿਆ ਹੋਵੇ। ਭਵਿੱਖ 'ਚ ਵੀ ਅਜਿਹਾ ਹੋਣ ਦੀ ਸੰਭਾਵਨਾ ਨਜ਼ਰ ਨਹੀਂ ਸੀ ਆਉਂਦੀ। ਇਸ ਲਈ ਯੂਸਫ਼ ਦਰਜ਼ੀ ਦੀਆਂ ਕੁੜੀਆਂ ਸਕੂਲ ਜਾਂਦੇ-ਜਾਂਦੇ ਜਾਂ ਆਪਣੇ ਘਰ ਦੀ ਖਿੜਕੀ ਦਰਵਾਜ਼ੇ 'ਤੇ ਖੜ੍ਹੇ ਹੋ ਕੇ ਇੱਛਾ ਵਿਹੂਣੇ ਭਾਵ ਨਾਲ ਮੁੰਡਿਆਂ ਨੂੰ ਵੇਖ ਕੇ ਮੁਸਕਰਾ ਛੱਡਦੀਆਂ ਜਾਂ ਅੱਖਾਂ ਥੱਲੇ ਕਰਕੇ ਤੇਜ਼ੀ ਨਾਲ ਕੋਲੋਂ ਲੰਘ ਜਾਂਦੀਆਂ।

ਅੱਜ ਵੀ ਕਰਫਿਊ ਲੱਗਣ ਕਰਕੇ ਪੈਦਾ ਹੋਈ ਬੋਰੀਅਤ ਨੂੰ ਦੂਰ ਕਰਨ ਲਈ ਇਹ ਕੁੜੀਆਂ ਵਾਰੀ-ਵਾਰੀ ਖਿੜਕੀ 'ਚ ਆ ਕੇ ਬੈਠ ਗਈਆਂ ਅਤੇ ਥੱਲੇ ਗਲੀ'ਚ ਚਬੂਤਰੇ'ਤੇ ਬੈਠੇ ਮੁੰਡਿਆਂ ਦੀਆਂ ਸੀਟੀਆਂ ਅਤੇ ਹਰਕਤਾਂ'ਤੇ ਮੁਸਕਰਾ ਛੱਡਦੀਆਂ। ਯੂਸਫ ਦਰਜ਼ੀ ਦਾ ਖ਼ਾਨਦਾਨੀ ਮਕਾਨ ਇਸ ਮੁਹੱਲੇ ਦੇ ਮਕਾਨਾਂ ਨਾਲੋਂ ਕਾਫ਼ੀ ਵੱਡਾ ਸੀ। ਥੱਲੇ ਦੋ ਕਮਰੇ ਸਨ, ਵਿਹੜਾ ਸੀ ਅਤੇ ਰਸੋਈ ਸੀ। ਉਪਰ ਇਕ ਕਮਰਾ ਸੀ ਅਤੇ ਖੁੱਲ੍ਹੀ ਛੱਤ ਸੀ। ਛੱਤ ਦੀਆਂ ਕੰਧਾਂ ਯੂਸਫ਼ ਨੇ ਜ਼ਰੂਰ ਆਪਣੀਆਂ ਕੁੜੀਆਂ ਜਾਂ ਦੰਗਿਆਂ ਕਾਰਨ ਉੱਚੀਆਂ ਕਰ ਲਈਆਂ ਹੋਈਆਂ ਸਨ।

ਪੂਰੇ ਘਰ ਅੰਦਰ ਸਹਿਮਿਆ ਹੋਇਆ ਸੰਨਾਟਾ ਸੀ। ਯੂਸਫ਼ ਅਤੇ ਉਸਦੀ ਪਤਨੀ ਨੇ ਬਾਹਰਲਾ ਦਰਵਾਜ਼ਾ ਬੰਦ ਕਰਕੇ ਉਸ ਉੱਤੇ ਫੱਟੇ ਅਤੇ ਮੰਜੀਆਂ ਖੜ੍ਹੀਆਂ ਕਰਕੇ ਮਜਬੂਤ ਕਰ ਦਿੱਤਾ ਸੀ। ਕਰਫਿਊ ਲੱਗਦਿਆਂ ਹੀ ਯੂਸਫ਼ ਬੜੀ ਮੁਸ਼ਕਿਲ ਨਾਲ ਡਿੱਗਦਾ-ਢਹਿੰਦਾ ਆਪਣੀ ਦੁਕਾਨ ਬੰਦ ਕਰਕੇ ਘਰ ਆਇਆ ਸੀ। ਉਹ ਬਹੁਤ ਦੇਰ ਤਕ ਘਰ ਦੇ ਦਰਵਾਜ਼ੇ ਬੰਦ ਕਰਕੇ ਬਿਸਤਰੇ'ਤੇ ਮੂਧੇ ਮੂੰਹ ਪਿਆ ਰਿਹਾ। ਉਸ ਦੀ ਪਤਨੀ ਉਹਨੂੰ ਹਲਕੀ ਆਵਾਜ਼'ਚ ਬੁਰਾ-ਭਲਾ ਆਖਦੀ ਰਹੀ। ਮੁੰਡੇ ਕੁੜੀਆਂ ਸਹਿਮੇ ਹੋਏ ਨੁੱਕਰਾਂ 'ਚ ਵੜੇ ਰਹੇ। ਹਨ੍ਹੇਰਾ ਹੋਣ 'ਤੇ ਕੁੜੀਆਂ ਵਾਰੀ-ਵਾਰੀ ਉਪਰਲੇ ਕਮਰੇ'ਚ ਖਿੜਕੀ ਤਕ ਆਉਣ ਲੱਗੀਆਂ। ਮਾਂ ਨੇ ਖਾਣਾ ਬਣਾਉਣਾ ਸ਼ੁਰੂ ਕੀਤਾ ਅਤੇ ਕੁੜੀਆਂ'ਚੋਂ ਇਕ ਦੋ ਜਣੀਆਂ ਨੂੰ ਮਾਰ-ਕੁੱਟ ਕੇ ਆਪਣੇ ਨਾਲ ਰਸੋਈ'ਚ ਲਾ ਲਿਆ। ਪਿਉ ਕਦੀ-ਕਦੀ ਜ਼ਰਾ ਵੀ ਰੌਲਾ ਪੈਣ'ਤੇ ਦੰਦ ਪੀਹ-ਪੀਹ ਕੇ ਮੁੰਡਿਆਂ ਨੂੰ ਗਾਲ੍ਹਾਂ ਕੱਢਦਾ।

ਖਾਣਾ ਬਣ ਜਾਣ 'ਤੇ ਹੀ ਇਹ ਸਿਲਸਿਲਾ ਟੁੱਟਿਆ ਅਤੇ ਪੂਰਾ ਪਰਿਵਾਰ ਥੱਲੇ ਇਕੱਠਾ ਹੋ ਕੇ ਰੋਟੀ ਖਾਣ ਲਈ ਬੈਠ ਗਿਆ। ਪਤਨੀ ਰੱਖਦੀ ਗਈ ਅਤੇ ਯੂਸਫ਼ ਆਪਣੀ ਆਦਤ ਤੋਂ ਮਜਬੂਰ ਸਿਰ ਝੁਕਾਅ ਕੇ ਖਾਂਦਾ ਰਿਹਾ। ਬੱਚੇ ਵੀ ਉਸਦੀ ਮੌਜੂਦਗੀ ਤੋਂ ਡਰਦੇ ਬਿਨਾਂ ਕੁਝ ਕਹੇ ਰੋਟੀ ਖਾਂਦੇ ਰਹੇ। ਏਨੇ ਚਿਰ 'ਚ ਬਾਹਰ ਚਬੂਤਰਿਆਂ 'ਤੇ ਬੈਠੇ ਮੁੰਡਿਆਂ ਦਾ ਹੌਂਸਲਾ ਜਵਾਬ ਦੇ ਗਿਆ। ਪਹਿਲਾਂ ਤਾਂ ਉਹਨਾਂ ਨੇ ਇਕ ਅੱਧਾ ਰੋੜਾ ਖਿੜਕੀ 'ਤੇ ਮਾਰਿਆ ਅਤੇ ਜਦੋਂ ਕੋਈ ਕੁੜੀ ਖਿੜਕੀ 'ਤੇ ਨਹੀਂ ਆਈ ਤਾਂ ਤਿੰਨ-ਚਾਰ ਅੱਧੀਆਂ ਅਤੇ ਪੂਰੀਆਂ ਇੱਟਾਂ ਦਰਵਾਜ਼ੇ'ਤੇ ਲਿਆ ਮਾਰੀਆਂ।

ਦਰਵਾਜ਼ੇ 'ਤੇ ਇੱਟਾਂ ਵਜਦੇ ਹੀ ਜਿਹੜੀ ਆਵਾਜ਼ ਆਈ, ਉਸਨੇ ਯੂਸਫ਼ ਦਰਜ਼ੀ ਦੇ ਪੂਰੇ ਪਰਿਵਾਰ ਨੂੰ ਭੈਅ ਦੇ ਸਮੁੰਦਰ 'ਚ ਡੁਬੋ ਦਿੱਤਾ। ਛੋਟੇ ਬੱਚਿਆਂ ਨੇ ਰੋਣਾ ਸ਼ੁਰੂ ਕਰ ਦਿੱਤਾ।

ਯੂਸਫ਼ ਨੇ ਦਹਿਸ਼ਤ ਭਰੀਆਂ ਅੱਖਾਂ ਨਾਲ ਦਰਵਾਜ਼ੇ ਵੱਲ ਵੇਖਿਆ। ਦਰਵਾਜ਼ੇ ’ਤੇ ਮੰਜੀਆਂ ਰੱਖੀਆਂ ਸਨ। ਫਿਰ ਵੀ ਜੇਕਰ ਬਾਹਰੋਂ ਦਬਾਅ ਵਧਦਾ ਤਾਂ ਪੁਰਾਣੇ ਸਮੇਂ ਦਾ ਦਰਵਾਜ਼ਾ ਕਿੰਨੀ-ਕੁ ਦੇਰ ਤਕ ਟਿਕਿਆ ਰਹਿੰਦਾ। ਉਸਨੇ ਆਪਣੇ ਛੋਟੇ ਮੁੰਡੇ ਨੂੰ ਕੋਈ ਇਸ਼ਾਰਾ ਕੀਤਾ ਅਤੇ ਉਸ ਨੇ ਖਿੜਕੀ ਬੰਦ ਕਰ ਦਿੱਤੀ। ਯੂਸਫ਼ ਅਤੇ ਉਸ ਦੀ ਪਤਨੀ ਨੇ ਦੋ ਤਿੰਨ ਭਾਰੀਆਂ ਇੱਟਾਂ ਚੁੱਕ ਕੇ ਦਰਵਾਜ਼ੇ ਨਾਲ ਲਾ ਦਿੱਤੀਆਂ। ਬੱਚਿਆਂ ਦੇ ਰੋਟੀ ਖਾਂਦਿਆਂ ਦੇ ਹੱਥ ਰੁਕ ਗਏ ਅਤੇ ਉਹਨਾਂ ਨੇ ਆਪਣੀਆਂ ਡਰ ਨਾਲ ਭਰੀਆਂ ਅੱਖਾਂ ਦਰਵਾਜ਼ੇ ’ਤੇ ਟਿਕਾ ਦਿੱਤੀਆਂ।

ਬਾਹਰ ਗਲੀ ’ਚ ਵੀ ਇੱਟਾਂ ਦੀਆਂ ਆਵਾਜ਼ਾਂ ਨੇ ਲੋਕਾਂ ਨੂੰ ਕੁਝ ਦੇਰ ਲਈ ਇਧਰ ਉਧਰ ਕਰ ਦਿੱਤਾ। ਪਰ ਜਲਦੀ ਹੀ ਲੋਕਾਂ ਦੀ ਸਮਝ ’ਚ ਆ ਗਿਆ ਕਿ ਇਹ ਕੋਈ ਬਾਹਰੀ ਹਮਲਾ ਨਹੀਂ, ਬਲਕਿ ਗਲੀ ਦੇ ਮੁੰਡਿਆਂ ਨੇ ਹੀ ਯੂਸਫ਼ ਦਰਜ਼ੀ ਦੇ ਮਕਾਨ ’ਤੇ ਪੱਥਰ ਮਾਰੇ ਗਏ।

ਲੋਕਾਂ ਨੇ ਮੁੰਡਿਆਂ ਨੂੰ ਗਲੀ ’ਚੋਂ ਝਿੜਕਿਆ। ਜੋ ਲੋਕ ਦੂਸਰੀਆਂ ਗਲੀਆਂ ’ਚ ਮੁਸਲਮਾਨਾਂ ਦੇ ਅੰਦਰ ਪਾਕਿਸਤਾਨੀ ਟਰਾਂਸਮੀਟਰ ਅਤੇ ਹਥਿਆਰਾਂ ਦਾ ਜ਼ਖ਼ੀਰਾ ਹੋਣ ਦਾ ਪਰਚਾਰ ਕਰ ਰਹੇ ਸਨ, ਉਹਨਾਂ ਦੀ ਸਮਝ ’ਚ ਇਹ ਨਹੀਂ ਆਇਆ ਕਿ ਕਿਸ ਤਰ੍ਹਾਂ ਆਪਣੀ ਗਲੀ ਦੇ ਮੁਸਲਮਾਨ ਦੇ ਮਕਾਨ ’ਤੇ ਹਮਲਾ ਕੀਤਾ ਜਾ ਸਕਦਾ ਹੈ। ਇਕੋ ਵਾਰੀ ਇਹ ਲੋਕ ਵੰਗਾਰਨ ਲੱਗੇ ਕਿ ਸ਼ਰਾਰਤੀ ਮੁੰਡੇ ਸਹਿਮ ਕੇ ਭੱਜ ਗਏ।

ਗਲੀ ਵਾਲਿਆਂ ਨੂੰ ਵੀ ਅਹਿਸਾਸ ਹੋਇਆ ਕਿ ਇਸ ਹਫੜਾ-ਦਫੜੀ ਕਰਕੇ ਇਸ ਮਕਾਨ ਨੂੰ ਉਹ ਪੂਰੀ ਤਰ੍ਹਾਂ ਭੁੱਲ ਗਏ ਸਨ। ਉਹ ਮਕਾਨ ਦੇ ਸਾਹਮਣੇ ਇਕੱਠੇ ਹੋ ਗਏ। ਦੋ ਤਿੰਨਾਂ ਨੇ ਵੱਖ-ਵੱਖ ਆਵਾਜ਼ਾਂ ਮਾਰ ਕੇ ਯੂਸਫ਼ ਨੂੰ ਦਰਵਾਜ਼ਾ ਖੋਲ੍ਹਣ ਲਈ ਆਖਿਆ। ਅੰਦਰੋਂ ਕੋਈ ਆਵਾਜ਼ ਨਾ ਆਈ।

‘ਆਜ ਪਹਲਾ ਦਿਨ ਹੈ, ਆਜ ਦਰਵਾਜ਼ਾ ਨਹੀਂ ਖੋਲੇਂਗੇ...’ ਕਿਸੇ ਨੇ ਆਖਿਆ। ਗੱਲ ਠੀਕ ਸੀ, ਕਿਉਂਕਿ ਪਹਿਲਾਂ ਵੀ ਕਰਫਿਊ ਦੇ ਦੌਰਾਨ ਇਕ-ਦੋ ਦਿਨ ਤਕ ਯੂਸਫ਼ ਦੇ ਘਰ ਦਾ ਦਰਵਾਜ਼ਾ ਨਹੀਂ ਸੀ ਖੁੱਲ੍ਹਦਾ।

‘ਯੂਸਫ਼ ਭਾਈ, ਘਬਰਾਨਾ ਨਹੀਂ। ਹਮ ਲੋਕ ਯਹਾਂ ਹੈਂ!’ ਦੇਵੀ ਲਾਲ ਨੇ ਆਪਣੀ ਸ਼ਰਾਬ ਦੀ ਪਿਆਸੀ ਜ਼ਬਾਨ ਦੇ ਅਕੜਾਅ ਨੂੰ ਦਬਾਉਂਦੇ ਹੋਏ ਆਖਿਆ। ਮੁੰਡਿਆਂ ਨੇ ਇਹ ਗੱਲ ਫੜ੍ਹ ਲਈ। ਉਹਨਾਂ ਨੇ ਲੈਅ-ਬਧ ਆਵਾਜ਼ ’ਚ ਗਾਉਣਾ ਸ਼ੁਰੂ ਕਰ ਦਿੱਤਾ:

ਯੂਸਫ਼ ਤੁਮ ਸੰਘਰਸ਼ ਕਰੋ
ਹਮ ਤੁਮਹਾਰੇ ਸਾਥ ਹੈਂ

ਹੁਣੇ-ਹੁਣੇ ਵੋਟਾਂ ਖ਼ਤਮ ਹੋਈਆਂ ਸਨ ਅਤੇ ਨਾਅਰਾ ਮੁੰਡਿਆਂ ਦੀ ਜ਼ਬਾਨ’ਤੇ ਚੜ੍ਹਿਆ ਹੋਇਆ ਸੀ। ਵੱਡਿਆਂ ਨੇ ਉਹਨਾਂ ਨੂੰ ਝਿੜਕਣ ਦੀ ਕੋਸ਼ਿਸ਼ ਕੀਤੀ, ਪਰ ਉਹਦਾ ਕੋਈ ਅਸਰ ਨਾ ਹੋਇਆ। ਉਹ ਲੋਕ ਅਲੱਗ-ਅਲੱਗ ਹਿੱਸਿਆਂ ’ਚ ਖਿੰਡ ਗਏ।

ਥੋੜ੍ਹੀ ਦੇਰ ਬਾਅਦ ਉਪਰ ਵਾਲੀ ਖਿੜਕੀ ਖੁੱਲ੍ਹ ਗਈ ਅਤੇ ਮੁੰਡੇ ਵੀ ਥੱਲੇ ਸਾਹਮਣੇ ਚਬੂਤਰੇ ’ਤੇ ਕੱਠੇ ਹੋ ਗਏ।

(4)

ਕਰਫਿਊ ਦਾ ਦੂਸਰਾ ਦਿਨ ਸੀ ਅਤੇ ਸਈਦਾ ਦੀ ਬੇਟੀ ਪੂਰੀ ਤਰ੍ਹਾਂ ਬੀਮਾਰ ਹੋ ਚੁੱਕੀ ਸੀ। ਅਗਸਤ ਦੀ ਸੜਦੀ ਗਰਮੀ ਨੇ ਲਗਾਤਾਰ ਬੰਦ ਕਮਰੇ ਨੂੰ ਨਰਕ ’ਚ ਤਬਦੀਲ ਕਰ ਦਿੱਤਾ ਸੀ। ਇਸ ਨਰਕ ’ਚ ਘਿਰੇ ਔਰਤਾਂ ਅਤੇ ਮਰਦਾਂ ਦੇ ਜਿਸਮਾਂ ਦੀ ਬਦਬੂ ਨਾਲ ਬੱਚਿਆਂ ਦੀ ਟੱਟੀ ਦੀ



ਬਦਬੂ ਵੀ ਸ਼ਾਮਿਲ ਹੋ ਗਈ ਸੀ। ਤੇਰਾਂ ਗੁਣਾ ਅੱਠ ਫੁੱਟ ਦੇ ਕਮਰੇ ਅਤੇ ਉਹਦੇ ਨਾਲ ਲੱਗੇ ਅੱਠ ਗੁਣਾ ਪੰਜ ਫੁੱਟ ਦੇ ਵਿਹੜੇ ’ਚ ਲੋਕ ਕੈਦ ਸਨ। ਇਹਦੇ ’ਚ ਸਈਦਾ, ਉਸਦਾ ਪਤੀ, ਉਸਦੀ ਸੱਸ ਅਤੇ ਸਹੁਰਾ, ਉਸਦੀ ਇਕ ਵੱਡੀ ਨਨਾਣ, ਦੋ ਛੋਟੇ ਦਿਉਰ ਅਜਿਹੇ ਸਨ, ਜਿਨ੍ਹਾਂ ਨੂੰ ਵੱਡੇ ਆਖਿਆ ਜਾ ਸਕਦਾ ਸੀ। ਉਸਦੀ ਨਨਾਣ ਦਾ ਸੱਤ ਸਾਲ ਦਾ ਮੁੰਡਾ ਅਤੇ ਦੋ ਛੋਟੀਆਂ ਕੁੜੀਆਂ ਅਜਿਹੇ ਪ੍ਰਾਣੀ ਸਨ, ਜਿਹਨਾਂ ਦੀ ਗਿਣਤੀ ਛੋਟਿਆਂ ’ਚ ਹੋ ਸਕਦੀ ਸੀ।

ਸਈਦਾ ਜਦੋਂ ਵਿਆਹ ਤੋਂ ਬਾਅਦ ਆਪਣੇ ਪਿੰਡੋਂ ਇਸ ਘਰ ਵਿਚ ਆਈ ਸੀ ਤਾਂ ਬਹੁਤ ਸਾਰੀਆਂ ਚੀਜ਼ਾਂ ਨਾਲ ਉਹ ਰਚਮਿਚ ਨਹੀਂ ਸੀ ਸਕੀ। ਉਹ, ਮੁਹੱਲਾ ਜਿਸਨੂੰ ਮਿਨਹਾਜਪੁਰ ਦੇ ਨਾਂ ਨਾਲ ਪੁਕਾਰਿਆ ਜਾਂਦਾ ਸੀ, ਮੁੱਖ ਰੂਪ ’ਚ ਮੁਸਲਮਾਨਾਂ ਦਾ ਮੁਹੱਲਾ ਸੀ ਅਤੇ ਜ਼ਿਆਦਾਤਰ ਮੁਸਲਮਾਨ ਮੁਹੱਲਿਆਂ ਵਾਂਗ ਹੀ ਗ਼ਰੀਬੀ, ਗੰਦਗੀ ਅਤੇ ਅਗਿਆਨਤਾ ਨਾਲ ਲੜਦਾ ਰਹਿੰਦਾ ਸੀ। ਸਈਦਾ ਬੜੀ ਮੁਸ਼ਕਿਲ ਨਾਲ ਇਹ ਗੱਲ ਸਮਝ ਸਕੀ ਕਿ ਇਹ ਛੋਟਾ ਜਿਹਾ ਕਮਰਾ ਹੀ ਉਸਦਾ ਪੂਰਾ ਘਰ ਹੈ। ਇਸੇ ਕਮਰੇ ਵਿਚ ਹੀ ਸੱਸ-ਸਹੁਰਾ, ਦਿਉਰ, ਨਨਾਣ ਦੀ ਮੌਜੂਦਗੀ ਵਿਚ, ਉਸਨੇ ਆਪਣੇ ਵਿਆਹੁਤਾ ਜੀਵਨ ਦੀ ਸ਼ੁਰੂਆਤ ਕਰਨੀ ਸੀ। ਸ਼ੁਰੂ-ਸ਼ੁਰੂ ’ਚ ਤਾਂ ਉਹ ਖ਼ਾਮੋਸ਼ ਹੋ ਜਾਂਦੀ ਸੀ। ਇਸ ਘਰ ਅੰਦਰ ਕਮਰੇ ਦੇ ਪਿੱਛੇ ਇਕ ਦਰਵਾਜ਼ਾ ਸੀ, ਜੀਹਦੇ ਨਾਲ ਛੋਟਾ ਜਿਹਾ ਪਖਾਨਾ ਬਣਿਆ ਹੋਇਆ ਸੀ। ਇਹਦੇ ’ਤੇ ਟਾਟ ਦਾ ਇਕ ਪਰਦਾ ਟੰਗਿਆ ਹੋਇਆ ਸੀ ਅਤੇ ਪਰਦਾ ਚੁੱਕਿਆ ਹੋਣ ਦੇ ਕਾਰਨ ਪਖਾਨਾ ਕਦੀ ਵੀ ਚੰਗੀ ਤਰ੍ਹਾਂ ਸਾਫ਼ ਨਹੀਂ ਸੀ ਹੁੰਦਾ। ਪਖਾਨੇ ਅੰਦਰੋਂ ਇਕ ਖ਼ਾਸ ਤਰ੍ਹਾਂ ਦੀ ਬਦਬੂ ਹਮੇਸ਼ਾ ਹੀ ਆਉਂਦੀ ਰਹਿੰਦੀ ਸੀ। ਸਈਦਾ ਨੂੰ ਇਸ ਬਦਬੂ ਨਾਲ ਜੀਣ ਦੀ ਆਦਤ ਪਾਉਣ ’ਚ ਕਈ ਮਹੀਨੇ ਬੀਤ ਗਏ।

ਇਸੇ ਵਿਹੜੇ ’ਚ ਸਈਦਾ ਨੂੰ ਵਿਆਹੁਤਾ ਜੀਵਨ ਦਾ ਆਨੰਦ ਪ੍ਰਾਪਤ ਹੋਇਆ। ਪਹਿਲੀ ਰਾਤ ਨੂੰ ਛੱਡ ਕੇ ਜਦ ਉਸਦਾ ਸਹੁਰਾ ਸਾਰਿਆਂ ਨੂੰ ਲੈ ਕੇ ਬਾਹਰ ਗਲੀ ’ਚ ਸੌਣ ਲਈ ਚਲਿਆ ਗਿਆ ਸੀ। ਅੱਗੋਂ-ਪਿੱਛੋਂ ਲਗਭਗ ਰੋਜ਼ ਹੀ ਕੋਈ ਨਾ ਕੋਈ ਕਮਰੇ ’ਚ ਆਇਆ ਰਹਿੰਦਾ ਸੀ। ਕਦੀ-ਕਦੀ ਤਾਂ ਸਾਰਾ ਪਰਿਵਾਰ ਹੀ ਅੰਦਰ ਹਾਜ਼ਰ ਰਹਿੰਦਾ। ਸਈਦਾ ਦਾ ਪਤੀ ਬਿਸਤਰਾ ਵਿਛਾ ਕੇ ਵਿਹੜੇ ’ਚ ਪਿਆ ਰਹਿੰਦਾ ਅਤੇ ਉਤਾਵਲੇਪਣ ਨਾਲ ਸਈਦਾ ਦਾ ਇੰਤਜ਼ਾਰ ਕਰਦਾ। ਦੇਰ ਹੋ ਜਾਣ ’ਤੇ ਉਹ ਮਜ਼ਾਕੀਆ ਢੰਗ ਨਾਲ ਖੰਘਦਾ ਅਤੇ ਉਸਦੀ ਖੰਘ ਦੀ ਆਵਾਜ਼ ਸੁਣ ਕੇ ਸਈਦਾ ਦਾ ਸਰੀਰ ਸ਼ਤੀਰ ਵਾਂਗ ਸਿੱਧਾ ਖੜ੍ਹਾ ਹੋ ਜਾਂਦਾ। ਸਈਦਾ ਨੂੰ ਪਤੀ ਦੀ ਬੇਸ਼ਰਮੀ ’ਤੇ ਬੇਹੱਦ ਗ਼ੁੱਸਾ ਆਉਂਦਾ ਤੇ ਉਸਦਾ ਗ਼ੁੱਸਾ ਉਦੋਂ ਤਕ ਬਰਕਰਾਰ ਰਹਿੰਦਾ, ਜਦੋਂ ਤਕ ਉਹ ਹੌਲੀ ਜੇਹੀ ਉੱਠ ਕੇ ਪੂਰੇ ਕਮਰੇ ਅੰਦਰ ਜ਼ਮੀਨ ’ਤੇ ਸੁੱਤੇ ਹੋਏ ਲੋਕਾਂ ਉਤੋਂ ਲੰਘਦੇ-ਲੰਘਾਉਂਦੇ ਆਪਣੇ ਪਤੀ ਕੋਲ ਜਾ ਕੇ ਲੰਮੀ ਨਾ ਪੈ ਜਾਂਦੀ।

ਕਰਫਿਊ ਦਾ ਦੂਸਰਾ ਦਿਨ ਸੀ ਅਤੇ ਸਈਦਾ ਨੂੰ ਛੱਡ ਕੇ ਪਰਿਵਾਰ ਦੇ ਬਾਕੀ ਸਾਰੇ ਮੈਂਬਰਾਂ ਨੂੰ ਪਤਾ ਸੀ ਕਿ ਅਜੇ ਅਗਲੇ ਕਈ ਦਿਨਾਂ ਤਕ ਇਹਦੇ ’ਚ ਢਿੱਲ ਨਹੀਂ ਸੀ ਮਿਲਣੀ। ਸ਼ਹਿਰ ਦੇ ਹੁਕਮਰਾਨ ਕਦੀ-ਕਦੀ ਸਬਕ ਸਿਖਾਉਣ ਲਈ ਕਈ ਦਿਨਾਂ ਤਕ ਕਰਫਿਊ ਨਾ ਹਟਾਉਣ ਦੇ ਸਿਧਾਂਤ ’ਤੇ ਵਿਸ਼ਵਾਸ ਕਰਦੇ ਸਨ ਅਤੇ ਜਦੋਂ ਉਹਨਾਂ ਨੂੰ ਇਹ ਵਿਸ਼ਵਾਸ ਹੋ ਜਾਂਦਾ ਕਿ ਉਹਨਾਂ ਨੇ ਕਾਫ਼ੀ ਸਬਕ ਸਿਖਾ ਲਿਆ ਹੈ, ਉਦੋਂ ਉਹ ਕਰਫਿਊ ਹਟਾਉਂਦੇ।

ਬੰਦ ਕਮਰੇ ਵਿਚ ਕੈਦ ਰਹਿਣ ਨਾਲ, ਸਈਦਾ ਨੂੰ ਦੋ ਮੁਸ਼ਕਿਲਾਂ ਮਹਿਸੂਸ ਹੋ ਰਹੀਆਂ ਸਨ। ਇਕ ਤਾਂ ਉਸਦੀ ਬੱਚੀ ਦੀ ਬੀਮਾਰੀ ਸੀ, ਜਿਸਨੂੰ ਵੇਖ ਕੇ ਉਸਦੀ ਅਨੁਭਵੀ ਸੱਸ ਨੂੰ ਮਹਿਸੂਸ ਹੋ ਰਿਹਾ ਸੀ ਕਿ ਉਸਦੇ ਬਚਣ ਦੀ ਸੰਭਾਵਨਾ ਬਹੁਤ ਘੱਟ ਹੈ। ਉਸਦੀ ਸੱਸ ਨੇ ਕੁਲ

ਗਿਆਰਾਂ ਬੱਚੇ ਪੈਦਾ ਕੀਤੇ ਸਨ, ਜਿਹਨਾਂ 'ਚੋਂ ਸੱਤ ਮਰ ਚੁੱਕੇ ਸਨ। ਮਰਦੇ ਬੱਚਿਆਂ ਨੂੰ ਵੇਖਣ ਦਾ ਉਸਨੂੰ ਕੁਝ ਅਜਿਹਾ ਅਨੁਭਵ ਸੀ ਕਿ ਉਹ ਹੁਣ ਕਿਸੇ ਵੀ ਮਰ ਰਹੇ ਬੱਚੇ ਨੂੰ ਵੇਖ ਕੇ ਉਸਦੀ ਆਉਣ ਵਾਲੀ ਮੌਤ ਦਾ ਗਿਆਨ ਹੋ ਜਾਂਦਾ ਸੀ। ਸਈਦਾ ਦੀ ਦੂਜੀ ਮੁਸ਼ਕਿਲ ਬੜੀ ਅਜੀਬ ਕਿਸਮ ਦੀ ਸੀ।

ਉਹ ਜਿਹੜੇ ਰਸਤਿਉਂ ਇਸ ਸ਼ਹਿਰ 'ਚ ਆਈ ਸੀ, ਉੱਥੇ ਅਜਿਹੀ ਮੁਸ਼ਕਿਲ ਦੀ ਕਲਪਨਾ ਕਰਨਾ ਵੀ ਹੈਰਾਨੀਜਨਕ ਸੀ। ਉੱਤੇ ਹਰ ਰੋਜ਼ ਸਵੇਰੇ ਸਵਖਤੇ ਐਲਮੀਨੀਅਮ ਦੀ ਗੜਵੀ ਹੱਥ 'ਚ ਫੜ੍ਹ ਕੇ ਆਪਣੀ ਕਿਸੇ ਭੈਣ ਜਾਂ ਗੁਆਂਢਣ ਨਾਲ ਦੂਰ ਖੇਤਾਂ 'ਚ ਚਲੀ ਜਾਂਦੀ।

ਉਹਦੇ ਪਿੰਡ 'ਚ ਇਕ ਦੋ ਜ਼ਿਮੀਂਦਾਰ ਘਰਾਂ ਨੂੰ ਛੱਡ ਕੇ ਬਾਕੀ ਕਿਸੇ ਦੇ ਘਰ 'ਚ ਪਖਾਨਾ ਨਹੀਂ ਸੀ। ਔਰਤਾਂ ਸਵੇਰੇ-ਸ਼ਾਮ ਹਨ੍ਹੇਰੇ ਹੋਏ ਖੇਤਾਂ ਨੂੰ ਚਲੀਆਂ ਜਾਂਦੀਆਂ। ਜਿਹਨਾਂ ਦਿਨਾਂ 'ਚ ਖੇਤ ਖ਼ਾਲੀ ਹੁੰਦੇ, ਉਹਨਾਂ ਦਿਨਾਂ 'ਚ ਉਹ ਕਿਸੇ ਛੋਟੀ ਵੱਡੀ ਝਾੜੀ ਜਾਂ ਉੱਚੀ ਜਗ੍ਹਾ ਦੇ ਪਿੱਛੇ ਲੁਕ ਜਾਂਦੀਆਂ ਸਨ। ਇਸ ਤਰਤੀਬ 'ਚ ਬਦਲਾਉ ਉਦੋਂ ਆਉਂਦਾ, ਜਦੋਂ ਬਾਰਿਸ਼ ਹੁੰਦੀ ਜਾਂ ਕਿਸੇ ਦਾ ਪੇਟ ਖ਼ਰਾਬ ਹੋ ਜਾਂਦਾ।

ਸਈਦਾ ਦੀ ਸੱਸ ਨੇ ਉਸਨੂੰ ਪਹਿਲੇ ਦਿਨ ਹੀ ਦੱਸ ਦਿੱਤਾ ਕਿ ਇੱਥੇ ਉਸਨੂੰ ਕੀ-ਕੀ ਕਰਨਾ ਪਵੇਗਾ। ਉਸਦਾ ਸੱਸ-ਸਹੁਰਾ ਪਿੰਡ ਤੋਂ ਆ ਕੇ ਇਸ ਗਲੀ 'ਚ ਰਹਿ ਰਹੇ ਸਨ। ਇਸ ਲਈ ਉਸ ਦੀ ਸੱਸ ਜਾਣਦੀ ਸੀ ਕਿ ਪਿੰਡੋਂ ਪਹਿਲੀ ਵਾਰ ਆ ਕੇ ਔਰਤ ਸਾਹਮਣੇ ਕੀ-ਕੀ ਮੁਸ਼ਕਿਲਾਂ ਆ ਸਕਦੀਆਂ ਹਨ। ਪਹਿਲੀ ਸ਼ਾਮ ਹੀ ਸਈਦਾ ਘਰ ਦੇ ਪਖਾਨੇ 'ਚ ਗਈ ਤਾਂ ਉਲਟੀਆਂ ਰੋਕਦੇ-ਰੋਕਦੇ ਉਸਦਾ ਬੁਰਾ ਹਾਲ ਹੋ ਗਿਆ। ਉਸਦੀਆਂ ਅੱਖਾਂ 'ਚੋਂ ਬੁਰੀ ਤਰ੍ਹਾਂ ਪਾਣੀ ਵਗਣ ਲੱਗਾ ਸੀ ਅਤੇ ਖੱਟੀ ਬਲਗਮ ਭਰੀ ਥੁੱਕ ਉਸਦੇ ਬੁੱਲ੍ਹਾਂ ਦੇ ਕਿਨਾਰਿਆਂ ਤੋਂ ਵਗ-ਵਗ ਕੇ ਕੱਪੜੇ ਗਿੱਲੇ ਕਰ ਗਈ। ਪਖਾਨਾ ਛੇ ਗੁਣਾ ਤਿੰਨ ਫੁੱਟ ਉੱਚਾ ਸੀ ਜਿਸਦੀ ਛੱਤ ਏਨੀ ਨੀਵੀਂ ਸੀ ਕਿ ਉਸ ਅੰਦਰ ਮੁਸ਼ਕਿਲ ਨਾਲ ਹੀ ਖੜ੍ਹਾ ਹੋਇਆ ਜਾ ਸਕਦਾ ਸੀ। ਹਨ੍ਹੇਰੇ ਅਤੇ ਸਿੱਲ੍ਹ ਭਰਪੂਰ ਕਮਰੇ ਵਿਚ ਤੇਜ਼ ਬੋਅ ਹਰ ਵੇਲੇ ਮੌਜੂਦ ਰਹਿੰਦੀ ਸੀ ਅਤੇ ਉਸਦਾ ਦਰਵਾਜ਼ਾ ਖੁੱਲ੍ਹਦਿਆਂ ਹੀ ਬੋਅ ਘਰ ਦੇ ਪੂਰੇ ਭੂਗੋਲ 'ਤੇ ਇਕ ਹਲਕੇ ਦੁੱਖ ਵਾਂਗ ਹਾਵੀ ਰਹਿੰਦੀ ਸੀ। ਇਸ ਬੋਅ 'ਚ ਜੀਣ ਲਈ ਇਹਦੇ ਨਾਲ ਜਾਣਕਾਰ ਹੋਣਾ ਜ਼ਰੂਰੀ ਸੀ ਅਤੇ ਇਹ ਜਾਣਕਾਰੀ ਪ੍ਰਾਪਤ ਕਰਨ ਲਈ ਸਈਦਾ ਨੂੰ ਮਹੀਨੇ ਲੱਗ ਗਏ।

ਪਖਾਨਾ ਦਿਨ 'ਚ ਇਕ ਵਾਰੀ ਸਾਫ਼ ਹੁੰਦਾ ਸੀ। ਸਈਦਾ ਨੇ ਸ਼ੁਰੂ 'ਚ ਚਲਾਕ ਬਣਨ ਦੀ ਕੋਸ਼ਿਸ਼ ਕੀਤੀ। ਸਵੇਰੇ ਸੱਤ ਸਾਢੇ ਸੱਤ ਵਜੇ ਜਮਾਂਦਾਰ ਆਉਂਦਾ ਸੀ। ਬਿਨਾਂ ਕੁਝ ਬੋਲੇ ਉਹ ਦਰਵਾਜ਼ੇ ਦੇ ਬਾਹਰ ਪੌੜ੍ਹੀਆਂ 'ਚ ਉਹ ਖ਼ਾਸ ਢੰਗ ਨਾਲ ਝਾੜੂ ਸੁੱਟਦਾ। ਝਾੜੂ ਦੀ ਆਵਾਜ਼ ਉਸਦੇ ਆਉਣ ਦਾ ਸੰਕੇਤ ਸੀ ਅਤੇ ਇਸ ਆਵਾਜ਼ ਨਾਲ ਸਈਦਾ ਦਾ ਦਿਉਰ ਜਾਂ ਸੱਸ ਉੱਠਕੇ ਵੇਖਦੀ ਕਿ ਪਖਾਨੇ 'ਚ ਕੋਈ ਗਿਆ ਤਾਂ ਨਹੀਂ। ਅੰਦਰ ਕਿਸੇ ਦੇ ਹੋਣ ਜਾਂ ਨਾ ਹੋਣ ਦੀ ਸੂਚਨਾ ਜਮਾਂਦਾਰ ਨੂੰ ਦੇ ਦਿੱਤੀ ਜਾਂਦੀ। ਪਖਾਨੇ ਦੀ ਸਫ਼ਾਈ ਲਈ ਗਲੀ ਦੇ ਪਿੱਛੇ ਜਾਣਾ ਪੈਂਦਾ ਸੀ, ਜਿਥੇ ਪਖਾਨੇ ਦਾ ਥੱਲੇ ਵਾਲਾ ਲਗਭਗ ਇਕ ਵਰਗ ਫੁੱਟ ਛੋਟਾ ਜਿਹਾ ਹਿੱਸਾ ਖੁੱਲ੍ਹਦਾ ਸੀ। ਇਸ ਨੂੰ ਢੱਕਣ ਲਈ ਟੀਨ ਦਾ ਟੁਕੜਾ ਕਿੱਲਾਂ ਦੇ ਸਹਾਰੇ ਲਟਕਾਇਆ ਹੋਇਆ ਸੀ। ਸਮੇਂ ਦੀ ਮਾਰ ਨੇ ਇਸ ਟੀਨ ਦੇ ਟੁਕੜੇ ਨੂੰ ਇੰਨਾ ਕਮਜ਼ੋਰ ਕਰ ਦਿੱਤਾ ਸੀ ਕਿ ਜਮਾਂਦਾਰ ਨੂੰ ਰੋਜ਼ ਇਸ ਦੇ ਖੋਲ੍ਹਣ ਜਾਂ ਬੰਦ ਕਰਨ 'ਤੇ ਇਹੋ ਡਰ ਰਹਿੰਦਾ ਸੀ ਕਿ ਦੂਸਰੇ ਦਿਨ ਇਹ ਟੁਕੜਾ ਉਸਨੂੰ ਸਹੀ ਸਲਾਮਤ ਮਿਲੇਗਾ ਜਾਂ ਨਹੀਂ। ਸਈਦਾ ਨੇ ਚਾਰ-ਪੰਜਾਂ ਦਿਨਾਂ ਅੰਦਰ ਹੀ ਜਮਾਂਦਾਰ ਦੇ ਸਾਰੇ ਦਿਨ ਦਾ ਕੰਮ



ਸਮਝ ਲਿਆ। ਉਹ ਸਵੇਰ ਤੋਂ ਹੀ ਧਿਆਨ ਲਾ ਕੇ ਬੈਠੀ ਰਹਿੰਦੀ ਅਤੇ ਜਿਵੇਂ ਹੀ ਜਮਾਂਦਾਰ ਸਫ਼ਾਈ ਕਰਕੇ ਹਟਦਾ, ਉਹ ਪਖਾਨੇ ਵੱਲ ਵਧਦੀ। ਮੁਸ਼ਕਿਲ ਸਿਰਫ਼ ਇਹ ਸੀ ਕਿ ਉਸ ਨੂੰ ਰੋਜ਼ ਸਵੇਰੇ ਪਖਾਨੇ ਜਾਣ ਦੀ ਆਦਤ ਸੀ। ਸਵੇਰੇ ਸੱਤ ਸਾਢੇ ਸੱਤ ਵਜੇ ਤਕ ਇੰਤਜ਼ਾਰ ਕਰਨਾ ਕਾਫ਼ੀ ਦਰਦ ਭਰਿਆ ਅਨੁਭਵ ਸੀ। ਆਪਣੇ 'ਤੇ ਕੰਟਰੋਲ ਕਰਨ ਲਈ ਉਸਨੂੰ ਤਰ੍ਹਾਂ-ਤਰ੍ਹਾਂ ਦੀਆਂ ਹਰਕਤਾਂ ਕਰਨੀਆਂ ਪੈਂਦੀਆਂ ਸਨ। ਅਕਸਰ ਉਸਦਾ ਪੂਰਾ ਜਿਸਮ ਆਕੜ ਜਾਂਦਾ। ਜਲਦੀ ਹੀ ਉਸਦੀ ਸੱਸ ਨੇ ਉਸਦੀ ਇਹ ਹਰਕਤ ਫੜ੍ਹ ਲਈ। ਉਸਦੀ ਸੱਸ ਨੂੰ ਇਹ ਬੁਰਾ ਲੱਗਿਆ ਕਿ ਚਾਰ ਪੰਜ ਦਿਨ ਪਹਿਲਾਂ ਘਰ 'ਚ ਆਈ ਕੁੜੀ ਆਪਣੇ ਆਪ ਨੂੰ ਪਰਿਵਾਰ ਦੇ ਦੂਸਰੇ ਮੈਂਬਰਾਂ ਨਾਲੋਂ ਵਿਸ਼ੇਸ਼ ਸਮਝੇ ਅਤੇ ਅਜਿਹਾ ਵਰਤਾਓ ਕਰੇ, ਜਿਸ ਨਾਲ ਦੂਸਰੇ ਮੈਂਬਰ ਆਪਣੇ ਆਪ ਨੂੰ ਨੀਵਾਂ ਮਹਿਸੂਸ ਕਰਨ। ਇਕ ਦਿਨ ਸਵੇਰੇ-ਸਵੇਰੇ ਉਹਨੇ ਸਈਦਾ ਨੂੰ ਅਜਿਹੀਆਂ ਗਾਲ੍ਹਾਂ ਕੱਢੀਆਂ ਕਿ ਉਹ ਸ਼ਰਮ ਅਤੇ ਘਬਰਾਹਟ 'ਚ ਬਹੁਤ ਦੇਰ ਤਕ ਆਪਣੇ ਗੋਡਿਆਂ 'ਚ ਮੂੰਹ ਦੇ ਕੇ ਰੋਂਦੀ ਰਹੀ।

ਪਰ ਉਸਦੀ ਸੱਸ, ਜੋ ਕਿ ਉਸਦੀ ਸੱਸ ਤੋਂ ਇਲਾਵਾ ਭੂਆ ਵੀ ਸੀ, ਜਲਦੀ ਹੀ ਦਿਆਲੂ ਹੋ ਗਈ। ਉਸਨੇ ਦੋ-ਤਿੰਨ ਵਾਰ ਵੇਖਿਆ ਕਿ ਸਈਦਾ ਡਿੱਗਦੀ ਢਹਿੰਦੀ ਹਾਲਤ'ਚ ਪਖਾਨੇ 'ਚੋਂ ਨਿਕਲਦੀ, ਉਸਦੀਆਂ ਅੱਖਾਂ 'ਚੋਂ ਬੁਰੀ ਤਰ੍ਹਾਂ ਪਾਣੀ ਵਗਦਾ ਰਹਿੰਦਾ ਅਤੇ ਉਲਟੀ ਰੋਕਣ ਦੀ ਕੋਸ਼ਿਸ਼ 'ਚ ਉਸਦੇ ਮੂੰਹ 'ਚੋਂ ਥੁੱਕ ਬਾਹਰ ਡਿੱਗਦਾ ਰਹਿੰਦਾ।

ਸਈਦਾ ਦੇ ਘਰ ਕੋਲ ਜਿਥੇ ਗਲੀ ਖ਼ਤਮ ਹੁੰਦੀ ਸੀ, ਉੱਤੇ ਇਕ ਖ਼ਾਲੀ ਪਲਾਟ ਸੀ। ਉਸਨੂੰ ਕਿਸੇ ਨੇ ਘਰ ਬਣਾਉਣ ਲਈ ਨੀਹਾਂ ਭਰਵਾ ਕੇ ਪਿਛਲੇ ਕਈ ਸਾਲਾਂ ਤੋਂ ਖ਼ਾਲੀ ਰਖਿਆ ਹੋਇਆ ਸੀ। ਉਸਦੇ ਪਿਛੇ ਨਾਲਾ ਸੀ, ਜੋ ਕਾਫ਼ੀ ਦੂਰ ਤਕ ਗਲੀ ਦੇ ਨਾਲ-ਨਾਲ ਵਗਦਾ ਹੋਇਆ ਉੱਤਰ ਵੱਲ ਨਿਕਲ ਜਾਂਦਾ ਸੀ। ਇਹ ਪਲਾਟ ਅਤੇ ਨਾਲਾ ਸਾਰਾ ਦਿਨ ਮੁਹੱਲੇ ਦੇ ਬੱਚਿਆਂ ਲਈ ਆਵਾਰਾਗਰਦੀ ਅਤੇ ਖੇਡਣ ਦਾ ਅੱਡਾ ਬਣਿਆ ਰਹਿੰਦਾ ਸੀ। ਸਈਦਾ ਦੀ ਸੱਸ ਸਵੇਰੇ-ਸਵੇਰੇ ਮੂੰਹ ਹਨ੍ਹੇਰੇ ਉਸਨੂੰ ਲੈ ਕੇ ਇਸੇ ਪਲਾਟ'ਚ ਜਾਣ ਲੱਗ ਪਈ। ਕਦੀ ਉਹ ਪਲਾਟ ਦੇ ਕਿਸੇ ਕੋਣੇ 'ਚ ਬੈਠ ਜਾਂਦੀ ਅਤੇ ਕਦੀ ਨਾਲੇ ਦੇ ਕੰਢੇ ਚਲੀ ਜਾਂਦੀ। ਨਾਲੇ ਦੇ ਕੰਢੇ ਜਾਣ ਲਈ ਢਲਾਣ ਤੋਂ ਉਤਰਨਾ ਪੈਂਦਾ ਸੀ। ਅਕਸਰ ਸੱਸ-ਨੂੰਹ ਇਕ-ਦੂਜੇ ਦਾ ਹੱਥ ਫੜ੍ਹ ਕੇ ਇਕ-ਦੂਜੇ ਨੂੰ ਸਹਾਰਾ ਦੇਂਦੀਆਂ। ਬੁੱਢੀ ਸੱਸ ਦੇ ਇਕ ਦੋ ਵਾਰ ਡਿੱਗਣ ਕਾਰਨ ਉਸਦੇ ਗਿੱਟਿਆਂ 'ਚ ਮੋਚ ਵੀ ਆ ਗਈ ਸੀ। ਹਰ ਵਾਰ ਡਿੱਗਣ 'ਤੇ ਉਹ ਸਈਦਾ ਨੂੰ ਬੁਰਾ-ਭਲਾ ਕਹਿੰਦੀ ਅਤੇ ਬੈਠੇ-ਬੈਠੇ ਜਾਂ ਵਾਪਸ ਜਾਂਦੇ ਵੇਲੇ ਏਨੀਆਂ ਗਾਲ੍ਹਾਂ ਕੱਢਦੀ ਕਿ ਸਈਦਾ ਰੋਣ ਵਾਲੀ ਹੋ ਜਾਂਦੀ।

ਇਸ ਪੂਰੀ ਪ੍ਰਕਿਰਿਆ 'ਚ ਮੁਸ਼ਕਿਲ ਸਿਰਫ਼ ਇਹ ਸੀ ਕਿ ਸੱਸ ਅਤੇ ਨੂੰਹ ਨੂੰ ਸਵੇਰੇ ਜਲਦੀ ਉੱਠਣਾ ਪੈਂਦਾ। ਉਹਨਾਂ ਨੂੰ ਰਾਤ ਗਿਆਰਾਂ ਵਜੇ ਤੋਂ ਪਹਿਲਾਂ ਸੌਣਾ ਨਸੀਬ ਨਹੀਂ ਸੀ ਹੁੰਦਾ। ਸਈਦਾ ਨੂੰ ਤਾਂ ਉਸਦੇ ਬਾਅਦ ਵੀ ਇਕ ਅੱਧੇ ਘੰਟੇ ਵਾਸਤੇ ਜਾਗਣਾ ਪੈਂਦਾ। ਉਸ ਤੋਂ ਬਾਅਦ ਇੰਨੀ ਸਵੇਰੇ ਉੱਠਣ ਦਾ ਮਤਲਬ ਸੀ ਕਿ ਸਾਰਾ ਦਿਨ ਸੁਸਤਾਉਂਦੇ ਹੋਏ ਬਿਤਾਉਣਾ। ਸੱਸ ਨੇ ਤਾਂ ਪੰਜਾਂ-ਸੱਤਾਂ ਦਿਨਾਂ 'ਚ ਹੀ ਤੌਬਾ ਕਰ ਲਈ, ਪਰ ਸਈਦਾ ਨੂੰ ਇਕੱਲੇ ਜਾਣ ਦੀ ਇਜ਼ਾਜਤ ਉਸਨੇ ਦੇ ਦਿੱਤੀ। ਪਖਾਨੇ 'ਚ ਬੈਠਣ ਦੀ ਕਲਪਨਾ ਸਈਦਾ ਲਈ ਏਨੀ ਮੁਸ਼ਕਿਲ ਭਰੀ ਸੀ ਕਿ ਉਹ ਰੋਜ਼ ਸਵੇਰੇ-ਸਵੇਰੇ ਨਿਸ਼ਚਿਤ ਸਮੇਂ 'ਤੇ ਉੱਠ ਪੈਂਦੀ। ਕਦੀ-ਕਦੀ ਪਤੀ ਰਾਤ ਨੂੰ ਦੇਰ ਤਕ ਸੌਣ ਨਾ ਦਿੰਦਾ ਤੇ ਬਾਕੀ ਬਚੇ ਚਾਰ-ਪੰਜ ਘੰਟੇ ਸਈਦਾ ਦੇ ਇਸ ਦਹਿਸ਼ਤ'ਚ ਨਿਕਲ ਜਾਂਦੇ ਕਿ ਕਿਤੇ ਸੂਰਜ ਨਾ ਚੜ੍ਹ ਜਾਏ ਅਤੇ ਉਸਦੀ ਨੀਂਦ ਨਾ ਖੁੱਲ੍ਹੇ। ਉਹ ਅੱਧੀ ਸੌਣ ਅਤੇ ਜਾਗੋ-ਮੀਟੀ ਦੀ ਹਾਲਤ ਵਿਚ ਰਹਿੰਦੀ ਅਤੇ ਕਦੀ-ਕਦੀ ਡਰ ਨਾਲ ਉੱਠ ਪੈਂਦੀ ਅਤੇ ਆਪਣੇ ਪਤੀ ਦੀ

ਕਲਾਈ'ਤੇ ਨਜ਼ਰਾਂ ਟਿਕਾਈ ਟਾਈਮ ਦਾ ਅੰਦਾਜ਼ ਲਾਉਣ ਦੀ ਕੋਸ਼ਿਸ਼ ਕਰਦੀ। ਉਹ ਸਾਰੀ ਰਾਤ, ਇਸੇ ਤਰ੍ਹਾਂ ਸੌਂਦੀ ਅਤੇ ਸਾਰਾ ਦਿਨ ਸੱਸ ਦੀਆਂ ਗਾਲ੍ਹਾਂ ਸੁਣਦੀ ਰਹਿੰਦੀ।

ਕਰਫਿਊ ਦੇ ਦੂਸਰੇ ਦਿਨ ਬੋਅ ਮਾਰਦੇ ਪਖਾਨੇ ਅਤੇ ਹੁੰਮਸ ਭਰੀ ਗਰਮੀ ਨਾਲ ਘਰ ਅਜਿਹੇ ਨਰਕ 'ਚ ਤਬਦੀਲ ਹੋ ਗਿਆ ਸੀ, ਜਿਸ ਅੰਦਰ ਜ਼ਿੰਦਾ ਰਹਿਣ ਵਾਲੇ ਜੀਆਂ ਲਈ ਪਸੀਨੇ ਅਤੇ ਬਦਬੂ ਨਾਲ ਥੱਕੇ ਹੋਏ ਅਸਤਿਤਵ ਨੂੰ ਚੁੱਕੀ ਰੱਖਣਾ ਔਖਾ ਹੁੰਦਾ ਜਾ ਰਿਹਾ ਸੀ। ਸਈਦਾ ਨੇ ਟਾਟ ਦਾ ਪਰਦਾ ਹਟਾ ਕੇ ਅੰਦਰ ਜਾਣ ਦੀ ਕੋਸ਼ਿਸ਼ ਕੀਤੀ ਅਤੇ ਤਕਰੀਬਨ ਉਲਟੀ ਕਰਦੀ ਹੋਈ ਬਾਹਰ ਵੱਲ ਦੌੜੀ। ਪੂਰਾ ਦਿਨ ਹੋ ਗਿਆ ਸੀ ਤੇ ਉਹ ਇਕ ਵਾਰੀ ਵੀ ਪਖਾਨੇ ਨਹੀਂ ਸੀ ਗਈ। ਸਵੇਰ ਤੋਂ ਹੀ ਉਹ ਕੁਝ ਨਹੀਂ ਸੀ ਖਾ ਰਹੀ। ਡਰ ਦੇ ਕਾਰਨ ਉਸ ਨੇ ਚਾਹ ਵੀ ਨਹੀਂ ਸੀ ਪੀਤੀ।

ਸਈਦਾ ਦੀ ਬੇਟੀ ਸਾਰਾ ਦਿਨ ਦਾਦੀ ਦੀ ਗੋਦ 'ਚ ਪਈ ਰਹੀ। ਦੋ ਸਾਲ ਦੀ ਬੱਚੀ ਤਿੰਨ ਦਿਨ ਦੀ ਬਿਮਾਰੀ ਨਾਲ ਨਿਢਾਲ ਹੋ ਗਈ ਸੀ। ਅੱਜ ਦੁਪਹਿਰ ਤੋਂ ਬਾਅਦ ਉਸਨੂੰ ਉਲਟੀਆਂ ਵੀ ਸ਼ੁਰੂ ਹੋ ਗਈਆਂ ਸਨ। ਸਾਫ਼ ਜ਼ਾਹਿਰ ਸੀ ਕਿ ਸੜੀ ਗਰਮੀ ਅਤੇ ਗੰਦਗੀ ਨੇ ਉਸਨੂੰ ਹੈਜ਼ੇ ਦਾ ਸ਼ਿਕਾਰ ਬਣਾ ਦਿੱਤਾ ਸੀ। ਸਿਰਫ਼ ਦਾਦੀ ਅਤੇ ਮਾਂ ਹੀ ਉਸ ਲਈ ਚਿੰਤੁਤ ਸਨ। ਦਾਦਾ ਅਤੇ ਪਿਉ ਇਕ ਕੋਣੇ 'ਚ ਪੈਰਾਂ ਭਾਰ ਬੈਠੇ ਬੀੜੀਆਂ ਬਣਾਉਣ 'ਚ ਏਨੇ ਮਗਨ ਸਨ ਕਿ ਉਸ ਹਨ੍ਹੇਰੇ ਅਤੇ ਸਿੱਲ੍ਹੇ ਕਮਰੇ ਵਿਚ ਅਚਾਨਕ ਬਾਹਰੋਂ ਰੋਸ਼ਨੀ 'ਚੋਂ ਕੋਈ ਅੰਦਰ ਆਉਂਦਾ ਤਾਂ ਉਹਨਾਂ ਨੂੰ ਭੂਤ ਸਮਝਣ ਦੀ ਗਲਤੀ ਕਰ ਬੈਠਦਾ। ਚਾਰੇ ਪਾਸਿਉਂ ਬੰਦ ਕਮਰੇ ਵਿਚ, ਉਹਨਾਂ ਦੇ ਸਰੀਰਾਂ 'ਚੋਂ ਪਸੀਨਾ ਬੁਰੀ ਤਰ੍ਹਾਂ ਵਗ ਰਿਹਾ ਸੀ ਅਤੇ ਉਹਨਾਂ ਦੇ ਨਿਪੁੰਨ ਹੱਥ ਪੱਤੇ, ਤੰਬਾਕੂ ਅਤੇ ਧਾਗਿਆਂ'ਤੇ ਮਸ਼ੀਨ ਵਾਂਗ ਚਲ ਰਹੇ ਸਨ। ਸਈਦਾ ਦੇ ਦੋਵੇਂ ਦਿਉਰ ਅਤੇ ਨਨਾਣ ਦਾ ਲੜਕਾ ਕਮਰੇ ਦੇ ਦੂਸਰੇ ਕੋਣੇ 'ਚ ਬੈਠੇ ਕੈਰਮ-ਬੋਰਡ ਖੇਡਣ ਦੀ ਕੋਸ਼ਿਸ਼ ਕਰ ਰਹੇ ਸਨ। ਘਰ 'ਚ ਮਨੋਰੰਜਨ ਦਾ ਇਹੋ ਇਕ ਸਾਧਨ ਸੀ ਅਤੇ ਸਵੇਰ ਤੋਂ ਉਸ ਨੂੰ ਖੇਡਦੇ-ਖੇਡਦੇ ਬੱਚੇ ਅੱਕ ਚੁੱਕੇ ਸਨ। ਉਹ ਖੇਡਦੇ, ਲੜਦੇ, ਖੇਡਣਾ ਬੰਦ ਕਰ ਦਿੰਦੇ ਅਤੇ ਫੇਰ ਖੇਡਣ ਲੱਗ ਪੈਂਦੇ। ਸਵੇਰ ਤੋਂ ਇਹੀ ਕੁਝ ਚੱਲ ਰਿਹਾ ਸੀ। ਕਿਉਂਕਿ ਅੱਜ ਬੀੜੀ ਬਣਾਉਣ ਦਾ ਸਾਮਾਨ ਥੋੜ੍ਹਾ ਸੀ, ਇਸ ਲਈ ਉਹਨਾਂ ਨੂੰ ਖੇਡਣ ਦੇ ਮੁਆਵਜ਼ੇ'ਚ ਲੱਤਾਂ, ਘਸੁੰਨ ਅਤੇ ਗਾਲ੍ਹਾਂ ਨਹੀਂ ਸਨ ਮਿਲ ਰਹੀਆਂ। ਡੇਢ ਕਮਰੇ ਦੇ ਮਕਾਨ'ਚ ਸਿਰਫ਼ ਸਈਦਾ ਦੀ ਨਨਾਣ ਤੁਰ ਫਿਰ ਰਹੀ ਸੀ ਅਤੇ ਘਰ ਦੇ ਜੀਆਂ ਦੇ ਖਾਣ-ਪੀਣ ਦਾ ਇੰਤਜ਼ਾਮ ਕਰ ਰਹੀ ਸੀ।

ਸਈਦਾ ਦੋ ਦਿਨਾਂ ਵਾਸਤੇ ਦਵਾਈ ਲੈ ਕੇ ਆਈ ਸੀ ਅਤੇ ਘਬਰਾਹਟ 'ਚ ਉਸਨੇ ਇਕੋ ਦਿਨ 'ਚ ਹੀ ਬੱਚੀ ਨੂੰ ਦੇ ਦਿੱਤੀ। ਦੁਪਹਿਰ ਤਕ ਦਵਾਈ ਖ਼ਤਮ ਹੋ ਗਈ। ਸਈਦਾ ਨੇ ਕਈ ਵਾਰ ਲਾਚਾਰ ਨਜ਼ਰਾਂ ਨਾਲ ਆਪਣੇ ਪਤੀ ਵੱਲ ਵੇਖਿਆ। ਇਕ ਅੱਧੀ ਵਾਰੀ ਉਸਨੇ ਆਪਣੇ ਸਹੁਰੇ ਦਾ ਪੱਖਪਾਤ ਛੱਡ ਕੇ ਪਤੀ ਨਾਲ ਬਾਹਰ ਜਾ ਕੇ ਦਵਾਈ ਲਿਆਉਣ ਲਈ ਤਰਸਮਈ ਤਰਲਾ ਵੀ ਕੀਤਾ। ਪਰ ਉਹਦਾ ਪਤੀ ਅਤੇ ਸਹੁਰਾ ਬਗ਼ੈਰ ਕਿਸੇ ਰੁਕਾਵਟ ਤੋਂ ਆਪਣੇ ਕੰਮ 'ਚ ਲੱਗੇ ਰਹੇ।

ਪਤੀ ਨੂੰ ਸਵੇਰੇ ਬੜਾ ਤਲਖ਼ ਅਨੁਭਵ ਹੋਇਆ ਸੀ, ਇਸੇ ਲਈ ਬਾਹਰ ਜਾਣ ਦੀ ਕੋਈ ਵੀ ਬੇਨਤੀ ਸੁਣਨ ਲਈ ਤਿਆਰ ਨਹੀਂ ਸੀ। ਸਵੇਰੇ ਪਾਣੀ ਵਾਸਤੇ ਉਸਨੂੰ ਬਾਹਰ ਜਾਣਾ ਪਿਆ ਸੀ। ਘਰ ਸਿਰਫ਼ ਇਕੋ ਇਕ ਟੂਟੀ ਸੀ, ਜਿਸ ਵਿਚੋਂ ਸਵੇਰੇ ਸ਼ਾਮ ਕੋਈ ਡੇਢ ਦੋ ਘੰਟੇ ਬੂੰਦ-ਬੂੰਦ ਪਾਣੀ ਡਿੱਗਦਾ ਸੀ। ਪਾਣੀ ਦੀ ਬਾਕੀ ਜ਼ਰੂਰਤ ਗਲੀ ਦੇ ਮੋੜ'ਤੇ ਲੱਗੇ ਪਬਲਿਕ ਨਲਕੇ



ਨਾਲ ਪੂਰੀ ਹੁੰਦੀ ਸੀ। ਰੋਜ਼ ਸਵੇਰੇ ਸ਼ਾਮ ਉੱਤੇ ਕੋਹਰਾਮ ਮਚਿਆ ਰਹਿੰਦਾ ਸੀ। ਔਰਤਾਂ ਇਕ ਦੂਸਰੇ ਨਾਲ ਲੜਦੀਆਂ ਝਗੜਦੀਆਂ, ਆਪਣੀ-ਆਪਣੀ ਬਾਲਟੀ ਅੱਧੀ-ਪਚੱਧੀ ਭਰਦੀਆਂ ਸਨ। ਗਲੀ ਦੇ ਜ਼ਿਆਦਾਤਰ ਮਕਾਨਾਂ'ਚ ਇਕ ਦੋ ਟੂਟੀਆਂ ਤੋਂ ਵੱਧ ਨਹੀਂ ਸਨ, ਜਿਨ੍ਹਾਂ ਨਾਲ ਸਰਦੀਆਂ 'ਚ ਵੀ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਸਨ ਹੁੰਦੀਆਂ। ਫਿਰ ਇਸ ਵੇਲੇ ਤਾਂ ਅੰਤਾਂ ਦੀ ਗਰਮੀ ਸੀ, ਜਿਸ ਕਾਰਨ ਆਦਮੀ ਦੇ ਗਲੇ 'ਚ ਹਰ ਵਕਤ ਕੰਡੇ ਉੱਗੇ ਰਹਿੰਦੇ ਸਨ। ਇਸੇ ਕਰਕੇ ਸਈਦਾ ਦੇ ਪਤੀ ਨੇ ਆਪਣੀ ਮਾਂ ਦੇ ਕਹਿਣ 'ਤੇ ਜ਼ੋਖ਼ਮ ਉਠਾਉਣ ਦਾ ਫ਼ੈਸਲਾ ਕੀਤਾ। ਪਿਛਲੇ ਦਿਨ ਕਰਫਿਊ ਲੱਗਣ ਤੋਂ ਬਾਅਦ ਘਰ'ਚ ਇਕ ਬੂੰਦ ਪਾਣੀ ਵੀ ਬਾਹਰੋਂ ਨਹੀਂ ਸੀ ਆਇਆ। ਘਰ ਦੀ ਟੂਟੀ 'ਚੋਂ ਰੋਜ਼ ਵਾਂਗ ਏਨਾ ਕੁ ਪਾਣੀ ਵਗਿਆ ਕਿ ਸਵੇਰ ਹੁੰਦੇ-ਹੁੰਦੇ ਮੁਸ਼ਕਿਲ ਨਾਲ ਡੇਢ ਬਾਲਟੀ ਹੀ ਪਾਣੀ ਬਚਿਆ ਸੀ। ਇਸ ਲਈ ਮਾਂ ਦੇ ਕਹਿਣ'ਤੇ ਉਹ ਬਾਲਟੀ ਹੱਥ'ਚ ਫੜ ਕੇ ਬਾਹਰ ਗਲੀ ਦੇ ਸ਼ਾਂਤ ਹਨ੍ਹੇਰੇ 'ਚ ਨਿਕਲ ਤੁਰਿਆ।

ਲਗਭਗ ਬਾਰਾਂ ਘੰਟੇ ਹੁੰਮਸ ਭਰੇ ਕਮਰੇ ਵਿਚ ਬੰਦ ਰਹਿਣ ਬਾਅਦ ਗਲੀ ਦੇ ਖੁੱਲ੍ਹੇਪਣ 'ਚ ਪ੍ਰਵੇਸ਼ ਕਰਨਾ ਇਕ ਸੁਖਦ ਅਨੁਭਵ ਸੀ। ਅਜੇ ਪਹੁ ਨਹੀਂ ਸੀ ਫੁੱਟੀ ਅਤੇ ਗਰਮੀਆਂ ਦੀ ਸਵੇਰ ਸ਼ਾਂਤ ਹਵਾ ਨਾਲ ਤਾਜ਼ਗੀ ਦੇ ਰਹੀ ਸੀ ਪਰ ਪੂਰੀ ਗਲੀ'ਚ ਸੰਨਾਟਾ ਸੀ ਅਤੇ ਰਾਤ ਗਲੀ ਦੇ ਇਕ-ਇਕ ਇੰਚ 'ਤੇ ਪਈਆਂ ਰਹਿਣ ਵਾਲੀਆਂ ਮੰਜੀਆਂ ਪਤਾ ਨਹੀਂ ਕਿੱਥੇ ਗੁਆਚ ਗਈਆਂ ਸਨ। ਰੋਜ਼ ਦੀ ਤੰਗ ਗਲੀ ਅੱਜ ਕਾਫ਼ੀ ਖੁੱਲ੍ਹੀ ਅਤੇ ਚੌੜੀ ਨਜ਼ਰ ਆ ਰਹੀ ਸੀ। ਜਿਊਂਦੇ ਪ੍ਰਾਣੀਆਂ ਦੇ ਨਾਂ 'ਤੇ ਸਿਰਫ਼ ਕੁੱਤੇ ਸਨ। ਰੋਜ਼ ਰਾਤ ਗਲੀ 'ਚ ਜੁਗਾਲੀ ਕਰਦੀਆਂ ਗਾਵਾਂ ਵੀ ਕਰਫਿਊ ਦੀ ਕੈਦ 'ਚ ਆ ਗਈਆਂ ਸਨ ਅਤੇ ਹੁਣ ਲਾਪਤਾ ਸਨ।

ਆਪਣੇ ਦੋਵੇਂ ਹੱਥਾਂ ਵਿਚ ਬਾਲਟੀਆਂ ਫੜ ਕੇ ਉਹ ਸਹਿਮੀ-ਸਹਿਮੀ ਗਤੀ ਨਾਲ ਅੱਗੇ ਵਧਿਆ। ਨਲਕਾ ਤਕਰੀਬਨ ਸੌ ਗਜ਼ ਦੂਰ ਸੀ। ਥੋੜ੍ਹਾ ਹੀ ਅੱਗੇ ਜਾਣ 'ਤੇ ਪਾਣੀ ਦੀ ਆਵਾਜ਼ ਆਉਣ ਲੱਗੀ। ਨਲਕਾ ਖੁੱਲ੍ਹਾ ਸੀ ਅਤੇ ਸਵੇਰੇ-ਸਵੇਰੇ ਤੇਜ਼ ਗਤੀ ਨਾਲ ਪਾਣੀ ਆਉਣ ਦੇ ਕਾਰਨ ਜ਼ਮੀਨ 'ਤੇ ਡਿੱਗਣ ਦੀ ਆਵਾਜ਼ ਇੱਥੋਂ ਤਕ ਆ ਰਹੀ ਸੀ। ਰੋਜ਼ ਦੀ ਤਰ੍ਹਾਂ ਰਾਤ ਨੂੰ ਨਲਕਾ ਬੰਦ ਨਹੀਂ ਸੀ ਕੀਤਾ ਗਿਆ ਅਤੇ ਰੋਜ਼ ਦੀ ਤਰ੍ਹਾਂ ਹੀ ਪਾਣੀ ਤੇਜ਼ ਰਫ਼ਤਾਰ ਨਾਲ ਜ਼ਮੀਨ 'ਤੇ ਡਿੱਗ ਰਿਹਾ ਸੀ। ਫ਼ਰਕ ਸਿਰਫ਼ ਇਹ ਸੀ ਕਿ ਰੋਜ਼ ਇਸ ਵੇਲੇ ਤਕ ਇੱਕਾ-ਦੁੱਕਾ ਔਰਤਾਂ ਬਾਲਟੀ ਲੈ ਕੇ ਨਲਕੇ ਵੱਲ ਜਾਂਦੀਆਂ ਜਾਂ ਵਾਪਸ ਆਉਂਦੀਆਂ ਦਿਖਾਈ ਦੇ ਜਾਂਦੀਆਂ ਸਨ, ਜਦਕਿ ਇਸ ਵੇਲੇ ਉਹ ਬਿਲਕੁਲ ਇਕੱਲਾ ਸੀ।

ਪੰਜ ਦਸ ਕਦਮ ਤੁਰਨ ਦੇ ਬਾਅਦ ਉਸਦਾ ਡਰ ਹੌਲੀ-ਹੌਲੀ ਖ਼ਤਮ ਹੋਣ ਲੱਗਾ। ਉਹ ਮਸਤੀ 'ਚ ਆਉਣ ਲੱਗਾ। ਰਾਤ ਭਰ ਦੀ ਥਕਾਨ ਨੇ ਉਸਦੇ ਸਰੀਰ 'ਚ ਜੋ ਅਕੜਾ ਪੈਦਾ ਕਰ ਦਿੱਤਾ ਸੀ, ਸਵੇਰ ਦੀ ਠੰਢੀ ਹਲਕੀ ਹਵਾ ਨੇ ਉਸ ਨੂੰ ਦੂਰ ਕਰਕੇ ਤਾਜ਼ਗੀ ਪੈਦਾ ਕਰ ਦਿੱਤੀ ਸੀ। ਉਹ ਹੌਲੀ-ਹੌਲੀ ਗਾਉਣ ਲੱਗਾ। ਆਪਣੀ ਹੋਂਦ ਤੋਂ ਪੂਰੀ ਤਰ੍ਹਾਂ ਬੇਖ਼ਬਰ ਜਦੋਂ ਉਹ ਨਲਕੇ ਦੇ ਨੇੜੇ ਪਹੁੰਚਿਆ ਤਾਂ ਉਸਨੂੰ ਇਹ ਵੀ ਨਹੀਂ ਸੀ ਪਤਾ ਕਿ ਉਹ ਉੱਚੀ ਆਵਾਜ਼ 'ਚ ਗਾ ਰਿਹਾ ਹੈ। ਉਸਨੇ ਨਲਕੇ ਥੱਲੇ ਬਾਲਟੀ ਰੱਖਣ ਤੋਂ ਪਹਿਲਾਂ ਪਾਣੀ ਦੀ ਠੰਢੀ ਧਾਰ ਆਪਣੇ ਹੱਥਾਂ 'ਚ ਭਰ ਕੇ ਹੱਥ-ਮੂੰਹ ਧੋਤਾ। ਪਾਣੀ ਇੰਨੀ ਤੇਜ਼ ਗਤੀ ਨਾਲ ਆ ਰਿਹਾ ਸੀ ਕਿ ਬਚਾਅ ਕਰਦੇ-ਕਰਦੇ ਵੀ ਉਸਦੀ ਧੋਤੀ ਅਤੇ ਬਨੈਣ ਗਿੱਲੀ ਹੋ ਗਈ। ਪਾਣੀ ਠੰਢਾ ਸੀ ਅਤੇ ਉਸਦੀ ਛੋਹ ਸਰੀਰ ਅੰਦਰ ਸੁੱਖ ਅਤੇ ਕੰਬਣੀ ਦੋਵੇਂ ਪੈਦਾ ਕਰ ਰਹੀ ਸੀ।

ਪਤਾ ਨਹੀਂ ਉਸਦੀ ਉੱਚੀ ਆਵਾਜ਼ ਦਾ ਅਸਰ ਸੀ ਜਾਂ ਸਵੇਰੇ-ਸਵੇਰੇ ਠੰਢੇ ਪਾਣੀ ਨਾਲ ਹੱਥ-ਮੂੰਹ ਧੋਣ ਦਾ ਨਤੀਜਾ, ਦੋ ਪੁਲਿਸ ਵਾਲੇ ਸੁਸਤਾਉਂਦੇ ਹੋਏ ਉੱਥੇ ਪ੍ਰਗਟ ਹੋਏ। ਉਸਨੂੰ ਉਹਨਾਂ ਦੇ ਉੱਥੇ ਹੋਣ ਦਾ ਪਤਾ ਉਦੋਂ ਲੱਗਾ ਜਦੋਂ ਉਹਨਾਂ ਨੇ ਇਕੱਠੇ ਹੀ ਗਾਲ੍ਹਾਂ ਅਤੇ ਡੰਡਿਆਂ ਦੀ ਝੜੀ ਸ਼ੁਰੂ ਕਰ ਦਿੱਤੀ ਸੀ '...ਮਾਦਰ..ਸਾਲੇ ਕਰਫਿਊ ਮੇਂ ਯਹਾਂ ਅਪਨੀ ਮਾਂ...ਆਯਾ ਹੈ..' ਇਹਨਾਂ ਸ਼ਬਦਾਂ ਨਾਲ ਕਾਹਲੀ-ਕਾਹਲੀ ਉਸਦੇ ਪੈਰਾਂ ਅਤੇ ਕਮਰ 'ਤੇ ਡੰਡੇ ਵੱਜਣੇ ਸ਼ੁਰੂ ਹੋ ਗਏ।

ਉਸਦੀ ਦੂਸਰੀ ਬਾਲਟੀ ਅੱਧੀ ਭਰੀ ਸੀ। ਉਹ ਲੜਖੜਾ ਕੇ ਇਕ ਪਾਸੇ ਝੁਕਿਆ ਅਤੇ ਫਿਰ ਸੰਭਾਲ ਕੇ ਉਸਨੇ ਦੋਵੇਂ ਬਾਲਟੀਆਂ ਚੁੱਕੀਆਂ ਤੇ ਘਰ ਵੱਲ ਦੌੜਿਆ। ਸ਼ਾਇਦ ਦੋਵੇਂ ਪੁਲਿਸ ਵਾਲੇ ਸਾਰੀ ਰਾਤ ਡਿਊਟੀ ਦੇਣ ਦੇ ਬਾਅਦ ਇੰਨੇ ਥੱਕੇ ਹੋਏ ਸਨ ਕਿ ਉਹਨਾਂ ਨੂੰ ਉਸਦੇ ਪਿੱਛੇ ਦੌੜਣ ਲਈ ਕੋਈ ਤੁਕ ਨਜ਼ਰ ਨਹੀਂ ਸੀ ਆ ਰਹੀ। ਉਹਨਾਂ 'ਚੋਂ ਇਕ ਨੇ ਆਪਣੀ ਬੁੱਕ ਨਲਕੇ ਨਾਲ ਲਾ ਕੇ ਪਾਣੀ ਪੀਣਾ ਸ਼ੁਰੂ ਕਰ ਦਿੱਤਾ ਅਤੇ ਦੂਸਰਾ ਖੜ੍ਹਾ ਹੋ ਕੇ ਮਾਂ ਭੈਣ ਦੀਆਂ ਗਾਲ੍ਹਾਂ ਕੱਢਦਾ ਰਿਹਾ। ਭੱਜਦੇ-ਭੱਜਦੇ ਉਹ ਦੋ ਤਿੰਨ ਵਾਰ ਠੋਕਰ ਖਾ ਕੇ ਲੜਖੜਾਇਆ। ਥਾਂ-ਥਾਂ ਬਾਲਟੀਆਂ ਵਿਚਲਾ ਪਾਣੀ ਡੁੱਲ੍ਹਦਾ ਗਿਆ ਅਤੇ ਸਾਰੇ ਰਸਤੇ ਉਸ ਨੂੰ ਇੰਝ ਪ੍ਰਤੀਤ ਹੁੰਦਾ ਰਿਹਾ ਜਿਵੇਂ ਦੋਵੇਂ ਜਮਦੂਤ ਉਸ ਦੇ ਪਿੱਛੇ ਆ ਰਹੇ ਹੋਣ। ਜਦੋਂ ਉਹ ਘਰ ਅੰਦਰ ਵੜਿਆ ਤਾਂ ਦੋਵੇਂ ਬਾਲਟੀਆਂ 'ਚ ਬੜੀ ਮੁਸ਼ਕਿਲ ਨਾਲ ਦੋ-ਦੋ, ਚਾਰ-ਚਾਰ ਡੱਬੇ ਪਾਣੀ ਰਹਿ ਗਿਆ ਸੀ।

ਇਸੇ ਕਰਕੇ ਕਈ ਵਾਰ ਸਈਦਾ ਦੇ ਇਸ਼ਾਰੇ 'ਤੇ ਅਤੇ ਕਈ ਵਾਰ ਸਾਫ਼-ਸਾਫ਼ ਕਹਿਣ ਦੇ ਬਾਵਜੂਦ ਉਸਦੇ ਮਨ ਵਿਚੋਂ ਬਾਹਰ ਨਿਕਲ ਕੇ ਬੇਟੀ ਲਈ ਦਵਾਈ ਲਿਆਉਣ ਵਾਸਤੇ ਕੋਈ ਉਤਸ਼ਾਹ ਨਹੀਂ ਪੈਦਾ ਹੋਇਆ। ਉਹ ਸਿਰ ਸੁੱਟ ਕੇ ਆਪਣੇ ਕੰਮ ਲੱਗਾ ਰਿਹਾ।

ਸਈਦਾ ਨੇ ਵੀ ਤੰਗ ਆ ਕੇ ਪਤੀ ਨਾਲ ਬੋਲਣਾ ਬੰਦ ਕਰ ਦਿੱਤਾ। ਕਿਸੇ ਵੇਲੇ ਜਦੋਂ ਉਸਦੀ ਬੱਚੀ ਆਪਣੀ ਦਾਦੀ ਉੱਤੇ ਉਲਟੀ ਜਾਂ ਟੱਟੀ ਕਰ ਦਿੰਦੀ ਤਾਂ ਉਹ ਉੱਠਦੀ ਅਤੇ ਪਾਣੀ ਨਾਲ ਪੂਰੀ ਕੰਜੂਸੀ ਵਰਤਦਿਆਂ ਸੱਸ ਦੀ ਸਾੜੀ ਤੇ ਸਰੀਰ ਨੂੰ ਸਾਫ਼ ਕਰ ਦਿੰਦੀ। ਉਸਦੀ ਸੱਸ ਨੇ ਕਈ ਬੱਚਿਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਹੌਲੀ-ਹੌਲੀ ਮਰਦੇ ਵੇਖਿਆ ਸੀ। ਉਹਦੇ ਲਈ ਇਹ ਅੰਦਾਜ਼ਾ ਲਾਉਣਾ ਜ਼ਿਆਦਾ ਮੁਸ਼ਕਿਲ ਨਹੀਂ ਸੀ ਕਿ ਇਹ ਬੱਚੀ ਵੀ ਮਰ ਰਹੀ ਹੈ।

ਛੋਟੇ ਜਿਹੇ ਬੱਚੇ ਨੂੰ ਮਰਦੇ ਹੋਏ ਵੇਖਣਾ ਮਾਂ ਦੇ ਰੂਪ'ਚ ਸਈਦਾ ਦਾ ਪਹਿਲਾ ਅਨੁਭਵ ਸੀ। ਉਸਨੇ ਸ਼ਹਿਰ ਆ ਕੇ ਕਈ ਫ਼ਿਲਮਾਂ ਦੇਖੀਆਂ ਸਨ, ਜਿਹਨਾਂ 'ਚ ਔਰਤਾਂ ਅਕਸਰ ਆਪਣੇ ਮਰ ਚੁੱਕੇ ਬੱਚਿਆਂ ਦੀ ਯਾਦ 'ਚ ਗਾਣੇ ਗਾਉਂਦੀਆਂ ਅਤੇ ਬੱਚਿਆਂ ਦੀਆਂ ਭੋਲੀਆਂ ਸ਼ਰਾਰਤਾਂ ਦੀਆਂ ਸਿਮਰਤੀਆਂ 'ਚ ਗੁਆਚੀਆਂ ਰਹਿੰਦੀਆਂ। ਸਈਦਾ ਨੇ ਆਪਣੀ ਬੱਚੀ ਦੀਆਂ ਸ਼ਰਾਰਤਾਂ ਯਾਦ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਹਰ ਵਾਰ ਅਸਫ਼ਲ ਰਹੀ। ਜਿਹੜੀ ਚੀਜ਼ ਉਸਨੂੰ ਯਾਦ ਆ ਰਹੀ ਸੀ, ਉਹ ਭੁੱਖ, ਮਿੱਟੀ ਅਤੇ ਵਗਦੇ ਨੱਕ ਦਾ ਕੁਝ ਅਜਿਹਾ ਮਿਲਿਆ-ਜੁਲਿਆ ਮਿਸ਼ਰਣ ਸੀ, ਜਿਸ ਨਾਲ ਫ਼ਿਲਮੀ ਮਾਂ ਦੇ ਪਿਆਰ ਵਾਲਾ ਕੋਈ ਵੀ ਮਾਹੌਲ ਨਹੀਂ ਸੀ ਬਣ ਰਿਹਾ। ਉਸਨੂੰ ਵਾਰ-ਵਾਰ ਯਾਦ ਆ ਰਿਹਾ ਸੀ ਕਿ ਇਸ ਬੱਚੀ ਦੇ ਜਨਮ ਲੈਣ 'ਤੇ ਉਸ ਦੀਆਂ ਛਾਤੀਆਂ 'ਚ ਦੁੱਧ ਨਹੀਂ ਸੀ ਉਤਰਿਆ। ਸਾਲ ਦੀ ਪਹਿਲੀ ਬੱਚੀ ਵੀ ਅਜੇ ਤਕ ਉਸ ਦੀ ਛਾਤੀ ਮਸਲਦੀ ਸੀ, ਪਰ ਬੱਚੀ ਦੇ ਜਨਮ ਤੋਂ ਕੁਝ ਦਿਨਾਂ ਬਾਅਦ ਉਸਦੀ ਸੱਸ ਨੇ ਵੱਡੀ ਬੇਟੀ ਨੂੰ ਮਾਰ ਕੁੱਟ ਕੇ ਇਹ ਆਦਤ ਛੁਡਾਉਣ ਦੀ ਕੋਸ਼ਿਸ਼ ਕੀਤੀ। ਵੱਡੀ ਬੱਚੀ ਰੋਂਦੀ ਰਹਿੰਦੀ ਅਤੇ ਉਹ ਛੋਟੀ ਨੂੰ ਆਪਣੀ ਛਾਤੀ ਨਾਲ ਚਿਪਕਾਈ ਰੱਖਦੀ। ਪਤਾ ਨਹੀਂ ਇਸ ਵਾਰੀ ਦੁੱਧ ਕਿਉਂ ਨਹੀਂ ਸੀ ਉਤਰਿਆ। ਹਰ ਤਰ੍ਹਾਂ ਦੀ ਕਮੀ, ਗ਼ਰੀਬੀ ਅਤੇ ਸਖ਼ਤ ਮਿਹਨਤ ਨਾਲ ਟੁੱਟਿਆ ਹੋਇਆ ਸਰੀਰ ਉਸਨੂੰ ਪੂਰੀ ਤਰ੍ਹਾਂ



ਮਾਂ ਬਣਨ ਤੋਂ ਰੋਕ ਰਿਹਾ ਸੀ। ਤੰਗ ਆ ਕੇ ਉਹ ਦੋਵਾਂ ਬੱਚੀਆਂ ਨੂੰ ਜ਼ਮੀਨ 'ਤੇ ਇਕੱਠੀਆਂ ਨੂੰ ਲੰਮੇ ਪਾ ਦਿੰਦੀ ਅਤੇ ਆਪ ਘਰ ਦੇ ਕੰਮ ਲੱਗ ਜਾਂਦੀ। ਦੋਵੇਂ ਬੱਚੀਆਂ ਗਲਾ ਪਾੜ-ਪਾੜ ਕੇ ਰੋਂਦੀਆਂ ਅਤੇ ਰੋਂਦੀਆਂ-ਰੋਂਦੀਆਂ ਬੇਦਮ ਹੋ ਜਾਂਦੀਆਂ। ਘਰ ਦੇ ਜੀਅ ਸਿਰ ਸੁੱਟ ਕੇ ਬੀੜੀ ਬਣਾਉਂਦੇ ਰਹਿੰਦੇ। ਬੱਚੀਆਂ ਦਾ ਇਸ ਤਰ੍ਹਾਂ ਰੋਣਾ ਉਸ ਘਰ ਦੇ ਮਾਹੌਲ 'ਚ ਏਨੀ ਜਾਣੀ ਪਹਿਚਾਣੀ ਘਟਨਾ ਸੀ ਕਿ ਉਹਨਾਂ ਨੂੰ ਆਪਣੇ ਕੰਮ ਛੱਡ ਕੇ ਉਹਨਾਂ ਵੱਲ ਵੇਖਣ ਦੀ ਜ਼ਰੂਰਤ ਹੀ ਮਹਿਸੂਸ ਨਹੀਂ ਸੀ ਹੁੰਦੀ।

ਅੱਜ ਇਹ ਬੱਚੀ ਮਰ ਰਹੀ ਸੀ। ਜੀਵਨ ਦਾ ਸਭ ਤੋਂ ਵੱਡਾ ਦੁਖਾਂਤ ਮਾਂ ਦੀ ਗੋਦ'ਚ ਉਸ ਦੇ ਬੱਚੇ ਦੀ ਮੌਤ ਹੈ। ਸਈਦਾ ਦਾ ਅੰਗ-ਅੰਗ ਮਾਂ ਬਣ ਚੁੱਕਾ ਸੀ ਅਤੇ ਵਿਰਲਾਪ ਕਰ ਰਿਹਾ ਸੀ। ਉਸਦੀ ਇਕ ਕਮਜ਼ੋਰ ਬੱਚੀ ਉਸ ਦੀਆਂ ਅੱਖਾਂ ਦੇ ਸਾਹਮਣੇ ਮਰ ਰਹੀ ਸੀ ਅਤੇ ਕੁਝ ਨਾ ਕਰ ਸਕਣ ਦਾ ਅਹਿਸਾਸ ਉਸ ਨੂੰ ਬੁਰੀ ਤਰ੍ਹਾਂ ਸਤਾ ਰਿਹਾ ਸੀ। ਉਸਨੂੰ ਆਪਣਾ ਪਤੀ ਸਿਰ ਸੁੱਟ ਕੇ ਬੇਦੋਸ਼ ਭਾਵ ਨਾਲ ਬੀੜੀ ਬਣਾਉਂਦਾ ਹੋਇਆ ਕਿਸੇ ਖ਼ੂੰਖਾਰ ਰਾਖਸ਼ਸ਼ ਦੀ ਤਰ੍ਹਾਂ ਜਾਪ ਰਿਹਾ ਸੀ।ਕਈ ਵਾਰ ਉਸਦੇ ਮਨ 'ਚ ਆਇਆ ਕਿ ਉਹ ਚੀਖ਼-ਚੀਖ਼ ਕੇ ਕਮਰੇ ਦੇ ਸੰਨਾਟੇ ਨੂੰ ਤੋੜ ਦਵੇ ਅਤੇ ਪੱਥਰ ਵਾਂਗ ਸਖ਼ਤ ਅਤੇ ਸੰਵੇਦਨ ਇਕਾਂਤਵਾਸ ਆਪਣੇ ਪਤੀ ਦੀ ਛਾਤੀ ਨੂੰ ਤਿੱਖੇ ਨਹੁੰਆਂ ਨਾਲ ਵਿੰਨ੍ਹ ਸੁੱਟੇ।

ਜਿਵੇਂ ਖ਼ਾਮੋਸ਼ ਕਾਲੇ ਪਾਣੀ ਵਾਲੀ ਝੀਲ ਦਾ ਸੰਨਾਟਾ ਉਸ ਅੰਦਰ ਪੱਥਰ ਡਿੱਗਣ ਨਾਲ ਟੁੱਟਦਾ ਹੈ, ਉਸੇ ਤਰ੍ਹਾਂ ਇਸ ਗਰਮ ਹੁੰਮਸ ਵਾਲੇ ਕਮਰੇ ਦੀ ਖ਼ਾਮੋਸ਼ੀ ਸਈਦਾ ਦੀ ਚੀਖ਼ ਨਾਲ ਟੁੱਟੀ ਅਤੇ ਕਮਰੇ ਦਾ ਮਾਹੌਲ ਪਾਣੀ ਦੀ ਤਰ੍ਹਾਂ ਦੇਰ ਤਕ ਕੰਬਦਾ ਰਿਹਾ। ਬੱਚੀ ਦੀਆਂ ਅੱਖਾਂ ਜਲਦੀ-ਜਲਦੀ ਝਪਕਣ ਲੱਗੀਆਂ ਅਤੇ ਹਿਚਕੀ ਨਾਲ ਉਸਦਾ ਸਾਹ ਉਖੜਨ ਲੱਗਾ ਤਾਂ ਉਸਦੀ ਦਾਦੀ ਸਮਝ ਗਈ ਕਿ ਉਸਦਾ ਵਕਤ ਹੁਣ ਪੂਰਾ ਹੋ ਗਿਆ ਹੈ। ਪਰ ਮਾਂ ਦੀ ਸਮਝ'ਚ ਉਦੋਂ ਆਇਆ, ਜਦੋਂ ਉਸਨੇ ਬੱਚੀ ਦੇ ਮੂੰਹ 'ਚੋਂ ਵਗਦੀ ਲਾਰ ਅਤੇ ਉਲਟੀ ਦੇ ਘੋਲ ਨੂੰ ਪੂੰਝਣ ਦੀ ਕੋਸ਼ਿਸ਼ ਕੀਤੀ ਅਤੇ ਉਸਨੇ ਨੀਵੇਂ ਹੋ ਕੇ ਉਸ ਵੱਲ ਵੇਖਿਆ ਕਿ ਬੱਚੀ ਦੀਆਂ ਅੱਖਾਂ ਅਜੀਬ ਕਿਸਮ ਨਾਲ ਝਪਕ ਰਹੀਆਂ ਹਨ ਅਤੇ ਉਸ ਦੀਆਂ ਦੋਵੇਂ ਅੱਖਾਂ ਦੇ ਡੇਲੇ ਉਪਰ ਚੜ੍ਹਦੇ-ਚੜ੍ਹਦੇ ਅਚਾਨਕ ਖਲੋ ਗਏ। ਉਸਨੂੰ ਇਕ ਅਬੁੱਝ ਕਿਸਮ ਦੀ ਘਬਰਾਹਟ ਅਤੇ ਡਰ ਆਪਣੀਆਂ ਨਾੜੀਆਂ 'ਚ ਦੌੜਦਾ ਮਹਿਸੂਸ ਹੋਇਆ ਅਤੇ ਉਹ ਚੀਖ਼ ਉੱਠੀ।

ਸਈਦਾ ਦੇ ਪਤੀ ਲਈ ਮੌਤ ਇਕ ਬਹੁਤ ਸਹਿਜ ਕਿਸਮ ਵਾਲੀ ਚੀਜ਼ ਸੀ। ਉਸਦੇ ਆਪਣੇ ਘਰ ਜਾਂ ਗੁਆਂਢ 'ਚ ਹਰ ਸਾਲ ਕਿਸੇ ਨਾ ਕਿਸੇ ਨੂੰ ਮੌਤ ਆਪਣੇ ਮੂੰਹ'ਚ ਲੈ ਲੈਂਦੀ ਸੀ। ਮਰਨ ਵਾਲਿਆਂ 'ਚ ਅਕਸਰ ਛੋਟੇ-ਛੋਟੇ ਬੱਚੇ ਹੀ ਹੁੰਦੇ ਸਨ। ਪਰ ਆਪਣੇ ਬੱਚੇ ਦੀ ਮੌਤ 'ਤੇ ਪਤਾ ਨਹੀਂ ਕੀ ਸੀ, ਉਦਾਸੀਨਤਾ ਦਾ ਨਾਟਕ ਕਰਨ ਦੇ ਬਾਵਜੂਦ ਵੀ ਸਈਦਾ ਦੀ ਪਹਿਲੀ ਚੀਖ਼ ਸੁਣ ਕੇ ਉਹ ਹਿੱਲ ਗਿਆ। ਜਿਸ ਬੱਚੀ ਨੂੰ ਉਸ ਨੇ ਮੁਸ਼ਕਿਲ ਨਾਲ ਚਾਰ ਛੇ ਵਾਰ ਗੋਦ 'ਚ ਲੈ ਕੇ ਪਿਤਾ ਵਾਂਗ ਪਿਆਰ ਕੀਤਾ ਸੀ, ਉਸਦੇ ਮਰਨ ਤੋਂ ਬਾਅਦ ਕੁਝ ਦੇਰ ਤਕ ਉਹ ਚੁੱਪ-ਚਾਪ ਖ਼ਾਲੀ ਥਾਂ ਵੱਲ ਵੇਖਦਾ ਰਿਹਾ। ਮਾਂ-ਪਿਉ ਦੀ ਮੌਜੂਦਗੀ ਉਸਨੂੰ ਰੋਣ ਤੋਂ ਰੋਕ ਰਹੀ ਸੀ। ਰੋਂਦੀ ਹੋਈ ਸਈਦਾ ਜ਼ਮੀਨ'ਤੇ ਸਿਰ ਮਾਰਨ ਦੀ ਕੋਸ਼ਿਸ਼ ਕਰ ਰਹੀ ਸੀ। ਸੱਸ ਅਤੇ ਨਨਾਣ ਨੇ ਉਸ ਨੂੰ ਜ਼ੋਰ ਨਾਲ ਫੜ੍ਹਿਆ ਹੋਇਆ ਸੀ, ਪਰ ਫਿਰ ਵੀ ਕਦੀ ਕਦੀ ਉਸ ਦਾ ਸਿਰ ਦੀਵਾਰ ਜਾਂ ਫਰਸ਼ ਨਾਲ ਜਾ ਵੱਜਦਾ। ਪਤੀ ਦਾ ਦਿਲ ਕੀਤਾ ਕਿ ਉਹ ਪਤਨੀ ਨੂੰ ਹੌਸਲਾ ਦੇਵੇ। ਉਹ ਹੌਲੀ ਜਿਹੀ ਉੱਠਿਆ

ਅਤੇ ਪਿਛਲੇ ਵਿਹੜੇ 'ਚ ਬੈਠ ਕੇ ਰੋਣ ਲੱਗ ਪਿਆ। ਸ਼ਾਇਦ ਇਹ ਆਪਣੀ ਬੀਮਾਰ ਬੱਚੀ ਲਈ ਕੁਝ ਨਾ ਕਰ ਸਕਣ ਦੀ ਸਜ਼ਾ ਸੀ, ਜਿਸ ਨੇ ਉਸ ਨੂੰ ਰੋਣ 'ਤੇ ਮਜਬੂਰ ਕਰ ਦਿੱਤਾ।

(5)

ਕੁੜੀ ਦੀ ਉਮਰ ਚੌਦਾਂ ਸਾਲ ਦੀ ਹੋਵੇਗੀ। ਨਾਂ ਦੱਸਣ ਨਾਲ ਪਾਠਕਾਂ ਨੂੰ ਕੋਈ ਖ਼ਾਸ ਫਾਇਦਾ ਨਹੀਂ ਹੋਣਾ। ਨਾਂ ਦੇ ਪਿੱਛੇ ਧਰਮ ਜੁੜਿਆ ਹੁੰਦਾ ਹੈ ਅਤੇ ਸਾਡੇ ਇਸ ਮਹਾਨ ਜਗਤ-ਗੁਰੂ 'ਚ ਧਰਮ ਕਦੀ ਵੀ ਸੰਤੁਸ਼ਟੀ ਦਾ ਕਾਰਨ ਹੋ ਸਕਦਾ ਹੈ ਅਤੇ ਕਦੀ ਭਾਵਨਾਵਾਂ ਨੂੰ ਠੇਸ ਪਹੁਚਾਣ ਦਾ ਕਾਰਨ ਬਣ ਸਕਦਾ ਹੈ। ਜਿਵੇਂ ਕਿ ਇਹ ਕੁੜੀ ਹਿੰਦੂ ਹੋਈ ਤਾਂ ਹਿੰਦੂ ਸੂਰਵੀਰਾਂ ਲਈ ਡੁੱਬ ਮਰਨ ਵਾਲੀ ਗੱਲ ਹੋਵੇਗੀ ਅਤੇ ਜੇਕਰ ਮੁਸਲਮਾਨ ਹੋਈ ਤਾਂ ਇਸਲਾਮ ਖ਼ਤਰੇ 'ਚ ਪੈ ਸਕਦਾ ਹੈ। ਇਸ ਲਈ ਪਾਠਕ ਦੋਸਤੋ! ਬਿਹਤਰ ਹੈ ਕਿ ਅਸੀਂ ਇਸ ਕੁੜੀ ਨੂੰ ਹਿੰਦੂ ਜਾਂ ਮੁਸਲਮਾਨ ਨਾ ਮੰਨੀਏ ਅਤੇ ਇਸ ਦੀ ਮੁਸੀਬਤ ਨੂੰ ਸਿਰਫ਼ ਇਸ ਦੀ ਵਿਅਕਤੀਗਤ ਮੁਸੀਬਤ ਮੰਨ ਲਈਏ।

ਇਹ ਕੁੜੀ ਵੀ ਇਸ ਦੇਸ਼ ਦੀਆਂ ਜ਼ਿਆਦਾਤਰ ਕੁੜੀਆਂ ਵਾਂਗ ਅਗਿਆਨਤਾ, ਗ਼ਰੀਬੀ ਅਤੇ ਸੁਪਨਿਆਂ 'ਚ ਜੀਣ ਲਈ ਮਜਬੂਰ ਸੀ। ਹਿੰਦੀ ਫ਼ਿਲਮਾਂ ਅਤੇ ਰਾਣੂ ਦੇ ਨਾਵਲਾਂ ਨੇ ਉਸਦੇ ਸੰਸਕਾਰ ਤਰਾਸ਼ਣੇ ਸ਼ੁਰੂ ਕੀਤੇ ਸਨ ਅਤੇ ਉਹ ਰਾਤ ਦਿਨ ਸੁਪਨਿਆਂ'ਚ ਉਹਨਾਂ ਰਾਜਕੁਮਾਰਾਂ ਬਾਰੇ ਸੋਚਦੀ ਰਹਿੰਦੀ ਸੀ, ਜਿਹਨਾਂ ਨੇ ਉਸਦੀ ਜ਼ਿੰਦਗੀ'ਚ ਕਦੀ ਨਹੀਂ ਸੀ ਆਉਣਾ। ਇਸ ਕੁੜੀ ਦੀ ਗਲੀ ਦੀਆਂ ਨਾਲੀਆਂ 'ਚ ਗੰਦ ਮੌਜੂਦ ਰਹਿੰਦਾ ਸੀ ਅਤੇ ਸਫ਼ਾਈ ਉਦੋਂ ਹੀ ਹੁੰਦੀ ਸੀ, ਜਦੋਂ ਕਿਸੇ ਵੱਡੇ ਅਫ਼ਸਰ ਜਾਂ ਮੰਤਰੀ ਨੇ ਮੁਆਇਨਾ ਕਰਨਾ ਹੁੰਦਾ ਸੀ। ਇਸ ਕੁੜੀ ਦੀ ਵੱਡੀ ਭੈਣ ਵੀ ਇਸ ਗੰਦੀ ਗਲੀ'ਚ ਲੰਮੀਆਂ ਗੱਡੀਆਂ ਵਾਲੇ ਰਾਜਕੁਮਾਰਾਂ ਦੀ ਕਲਪਨਾ ਕਰਦੀ ਰਹਿੰਦੀ ਸੀ ਅਤੇ ਪਿੱਛਲੇ ਸਾਲ ਗਲੀ ਦੇ ਇਕ ਮੁੰਡੇ ਨਾਲ ਭੱਜ ਗਈ ਸੀ। ਸੰਤੋਖ ਇਸ ਗੱਲ ਦਾ ਸੀ ਕਿ ਇਹਨਾਂ ਕੁੜੀਆਂ ਦੇ ਪਿਉ ਅਤੇ ਭਰਾਵਾਂ ਨੇ ਉਸਨੂੰ ਤੀਸਰੇ ਦਿਨ ਮੁੰਬਈ ਰੇਲਵੇ ਪਲੇਟਫਾਰਮ ਤੋਂ ਫੜ੍ਹ ਲਿਆ ਅਤੇ ਪੰਦਰਾਂ ਦਿਨਾਂ 'ਚ ਉਸਦਾ ਇਕ ਖਲਾਸੀ ਨਾਲ ਵਿਆਹ ਕਰ ਦਿੱਤਾ, ਜਿਸ ਦੀ ਪਹਿਲੀ ਘਰਵਾਲੀ ਆਪਣੇ ਪਿੱਛੇ ਤਿੰਨ ਬੱਚਿਆਂ ਨੂੰ ਛੱਡ ਕੇ ਪਿਛਲੇ ਹੀ ਸਾਲ ਮਰ ਗਈ ਸੀ। ਇਸ ਕੁੜੀ ਨਾਲ ਵੀ ਇਹੋ ਹੋਣਾ ਸੀ, ਪਰ ਇਸਦੇ ਬਾਵਜੂਦ ਇਹ ਕੁੜੀ ਉਮਰ ਦੀ ਮਾਰੀ ਗਾਉਂਦੀ ਰਹਿੰਦੀ ਸੀ।

ਰੋਜ਼ ਵਾਂਗ ਇਹ ਕੁੜੀ ਅੱਜ ਵੀ ਇਕ ਵਜੇ ਵਾਪਸ ਘਰ ਪਰਤ ਰਹੀ ਸੀ। ਉਹ ਗਿਆਰਵੀਂ ਕਲਾਸ 'ਚ ਪੜ੍ਹਦੀ ਸੀ। ਉਸਦਾ ਸਕੂਲ ਘਰ ਤੋਂ ਤਿੰਨ ਕਿਲੋਮੀਟਰ ਦੂਰ ਸੀ। ਸਕੂਲ ਸੱਤ ਵਜੇ ਲੱਗਦਾ ਸੀ। ਦੋ ਸ਼ਿਫ਼ਟਾਂ ਹੋਣ ਦੇ ਕਾਰਨ ਠੰਢ, ਗਰਮੀ, ਬਰਸਾਤ ਕਦੀ ਵੀ ਟਾਈਮ ਨਹੀਂ ਸੀ ਬਦਲਦਾ। ਘਰੋਂ ਉਹ ਛੇ ਵਜੇ ਨਿਕਲਦੀ ਸੀ। ਅਕਸਰ ਪਹਿਲਾ ਪੀਰੀਅਡ ਰਹਿ ਜਾਂਦਾ ਸੀ। ਇਸ ਨਿਰੰਤਰਤਾ ਦੇ ਪਿੱਛੇ ਪੜ੍ਹਾਈ ਲਈ ਪੈਦਾ ਹੋਈ ਅਚਾਨਕ ਦਿਲਚਸਪੀ ਨਹੀਂ ਸੀ, ਬਲਕਿ ਕਾਰਨ ਕੁਝ ਹੋਰ ਹੀ ਸੀ।

ਇਸ ਕੁੜੀ ਦੀ ਗਲੀ 'ਚ ਥੋੜ੍ਹਾ ਅੱਗੇ ਜਾ ਕੇ ਇਕ ਮੁੰਡਾ ਰਹਿੰਦਾ ਸੀ। ਮੁੰਡਾ ਉਸ ਤੋਂ ਚਾਰ ਪੰਜ ਸਾਲ ਵੱਡਾ ਸੀ ਅਤੇ ਕੁਝ ਅਵਾਰਾ ਕਿਸਮ ਦਾ ਸੀ। ਸਾਲਾਂ ਤੋਂ ਹੀ ਇਕ ਹੀ ਗਲੀ 'ਚ ਰਹਿੰਦੇ ਹੋਣ ਕਰਕੇ ਵੀ ਦੋਵਾਂ ਨੇ ਇਕ ਦੂਸਰੇ ਨੂੰ ਗੰਭੀਰਤਾ ਨਾਲ ਨਹੀਂ ਸੀ ਲਿਆ, ਪਰ ਪਿਛਲੇ ਕੁਝ ਦਿਨਾਂ ਤੋਂ ਦੋਵਾਂ ਨੇ ਇਕ ਦੂਸਰੇ'ਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਹੋਇਆ ਇਹ ਕਿ ਇਸ ਮੁੰਡੇ ਦੇ ਗਿਆਰਵੀਂ ਪਾਸ ਕਰਨ ਦੇ ਬਾਅਦ ਉਸਦੇ ਪਿਉ ਨੇ ਨੌਕਰੀ ਕਰਨ ਦੀ ਸਲਾਹ ਦੇ



ਦਿੱਤੀ। ਮੁੰਡੇ ਨੇ ਬੀ.ਏ. ਕਰਨ ਦੀ ਜ਼ਿੱਦ ਕੀਤੀ ਤਾਂ ਪਿਉ ਨੇ ਕੁੱਟ ਸੁੱਟਿਆ। ਮੁੰਡੇ ਨੇ ਦੋ ਦਿਨ ਰੋਟੀ ਨਾ ਖਾਧੀ।

ਪਿਉ ਨੇ ਉਸਨੂੰ ਆਪਣੀ ਤਨਖਾਹ ਅਤੇ ਮਹਿੰਗਾਈ ਦਾ ਸਮੀਕਰਨ ਸਮਝਾ ਦਿੱਤਾ। ਮੁੰਡਾ ਘਰੋਂ ਭੱਜ ਗਿਆ। ਸੱਤ ਅੱਠ ਦਿਨਾਂ ਬਾਅਦ ਪਿਉ ਨੇ ਅਖ਼ਬਾਰ'ਚ ਮੁੰਡੇ ਦੀ ਫੋਟੋ ਛਪਵਾਈ ਅਤੇ ਥੱਲੇ ਲਿਖਿਆ ਕਿ ਉਸਦੀ ਮਾਂ ਬਹੁਤ ਬਿਮਾਰ ਹੈ, ਉਹ ਛੇਤੀ ਵਾਪਸ ਆ ਜਾਏ। ਮੁੰਡਾ ਵਾਪਸ ਆ ਗਿਆ, ਪਿਉ ਨੇ ਫੇਰ ਕੁੱਟਿਆ। ਮੁੰਡਾ ਇਸ ਵਾਰੀ ਭੱਜਾ ਨਹੀਂ ਅਤੇ ਉਸ ਨੇ ਚੁੱਪ-ਚਾਪ ਨੌਕਰੀ ਲੱਭਣੀ ਸ਼ੁਰੂ ਕਰ ਦਿੱਤੀ। ਇਸ ਮਾਮਲੇ 'ਚ ਉਹ ਆਪਣੀ ਪੀੜ੍ਹੀ ਦੇ ਸਾਰੇ ਮੁੰਡਿਆਂ ਨਾਲੋਂ ਕਿਸਮਤ ਵਾਲਾ ਨਿਕਲਿਆ। ਬਿਨਾਂ ਕਿਸੇ ਸਿਫ਼ਾਰਸ਼ ਦੇ ਨੈਨੀ ਦੀ ਇਕ ਫੈਕਟਰੀ 'ਚ ਸਿਰਫ਼ ਦੋ ਹਜ਼ਾਰ ਰੁਪਏ ਰਿਸ਼ਵਤ ਦੇ ਕੇ ਉਸਨੂੰ ਟਾਈਮ ਕੀਪਰ ਦੀ ਨੌਕਰੀ ਮਿਲ ਗਈ। ਰਿਸ਼ਵਤ ਦੇਣ ਲਈ ਉਸਦੇ ਪਿਉ ਨੇ ਦਫ਼ਤਰ ਦੇ ਕਈ ਲੋਕਾਂ ਤੋਂ ਉਧਾਰ ਲਿਆ ਸੀ ਅਤੇ ਮੁੰਡਾ ਆਪਣੀ ਪਹਿਲੀ ਤਨਖਾਹ ਨਾਲ ਹੀ ਇਹ ਕਰਜ਼ਾ ਲਾਹੁਣ ਦੀ ਕੋਸ਼ਿਸ਼ ਕਰ ਰਿਹਾ ਸੀ।

ਕੁੜੀ ਦੇ ਨੇਮ ਨਾਲ ਸਵੇਰੇ ਛੇ ਵਜੇ ਘਰੋਂ ਨਿਕਲਣ ਪਿੱਛੇ ਇਹ ਮੁੰਡਾ ਅਤੇ ਉਸਦੀ ਨੌਕਰੀ ਸੀ। ਮੁੰਡੇ ਨੂੰ ਅੱਠ ਵਜੇ ਫੈਕਟਰੀ ਪਹੁੰਚਣਾ ਪੈਂਦਾ ਸੀ ਤੇ ਉਹ ਛੇ ਵਜੇ ਹੀ ਘਰੋਂ ਨਿਕਲ ਜਾਂਦਾ ਸੀ। ਸਿਟੀ ਬੱਸ ਸਟੈਂਡ ਘਰ ਤੋਂ ਲਗਭਗ ਇਕ ਕਿਲੋਮੀਟਰ ਦੂਰ ਸੀ। ਇਹ ਉਹੀ ਰਸਤਾ ਸੀ, ਜਿਸ ਦੇ ਰਾਹੀਂ ਕੁੜੀ ਵੀ ਸਕੂਲ ਜਾਂਦੀ ਸੀ। ਇਕੋ ਰਸਤੇ ਜਾਂਦਿਆਂ-ਜਾਂਦਿਆਂ ਦੋਵਾਂ ਦੀਆਂ ਅੱਖਾਂ ਮੁਹਾਵਰੇ ਦੀ ਭਾਸ਼ਾ 'ਚ ਲੜ ਗਈਆਂ। ਸਵੇਰੇ-ਸਵੇਰੇ ਭੀੜ ਦਾ ਕੋਈ ਸਵਾਲ ਹੀ ਨਹੀਂ ਸੀ ਹੁੰਦਾ। ਇੱਕਾ-ਦੁੱਕਾ ਕੋਈ ਕੋਲੋਂ ਲੰਘ ਜਾਂਦਾ ਤਾਂ ਲੰਘ ਜਾਂਦਾ। ਅੱਖਾਂ ਲੜਾਉਣ ਲਈ ਇਹ ਬੜਾ ਆਦਰਸ਼ ਟਾਈਮ ਸੀ। ਇਕ ਦੋ ਦਿਨ ਤਾਂ ਕੁੜੀ ਨੇ ਧਿਆਨ ਨਾ ਦਿੱਤਾ, ਪਰ ਇਕ ਦਿਨ ਅਚਾਨਕ ਉਸਨੂੰ ਲੱਗਾ ਕਿ ਉਸਦੇ ਅੱਗੇ ਤੁਰਨ ਵਾਲਾ ਮੁੰਡਾ ਜਾਣ ਕੇ ਹੌਲੀ-ਹੌਲੀ ਤੁਰ ਰਿਹਾ ਹੈ ਤਾਂ ਕਿ ਉਹ ਉਸਦੇ ਬਰਾਬਰ ਆ ਜਾਏ। ਲੜਕੀ ਦੀ ਸਮਝ 'ਚ ਨਾ ਆਇਆ ਕਿ ਹੌਲੀ ਤੁਰਨਾ ਹੈ ਕਿ ਤੇਜ਼। ਮੁੰਡੇ ਕੋਲ ਪਹੁੰਚਦੇ-ਪਹੁੰਚਦੇ ਉਸਦਾ ਸਰੀਰ ਕੰਬਣ ਲੱਗਾ ਅਤੇ ਠੰਢ ਦੀ ਸਵੇਰ 'ਚ ਉਸਦੇ ਕੰਨ ਗਰਮ ਹੋ ਗਏ।

ਕੁੜੀ ਨੇ ਆਪਣੀ ਚਾਲ ਹੌਲੀ ਕਰ ਦਿੱਤੀ। ਮੁੰਡੇ ਨੇ ਰਫ਼ਤਾਰ ਹੋਰ ਹੌਲੀ ਕਰ ਦਿੱਤੀ। ਕੁੜੀ ਸਮਝ ਗਈ ਕਿ ਦੂਰੀ ਘਟਣੀ ਹੀ ਹੈ।ਉਹ ਵੀ ਏਹੋ ਚਾਹੁੰਦੀ ਸੀ। ਆਖ਼ਿਰਕਾਰ ਦੂਰੀ ਖ਼ਤਮ ਹੋ ਗਈ। ਫਿਰ ਤਾਂ ਸਵੇਰੇ-ਸਵੇਰੇ ਉੱਠਣ ਦਾ ਆਲਸ ਖ਼ਤਮ ਹੋ ਗਿਆ ਅਤੇ ਰੋਜ਼ ਨਿਯਮ ਨਾਲ ਇਕ ਕਿਲੋਮੀਟਰ ਦੋਵੇਂ ਨਾਲ-ਨਾਲ ਤੁਰਨ ਲੱਗ ਪਏ।

ਇਕ ਅੱਧੇ ਘੰਟੇ ਦੇ ਸਾਥ ਨਾਲ ਹੀ ਦੋਵਾਂ ਨੇ ਸੁਪਨੇ ਵੇਖਣੇ ਸ਼ੁਰੂ ਕਰ ਦਿੱਤੇ। ਕੁੜੀ ਬਿਨਾਂ ਕਾਰਨ ਤੋਂ ਮੁਸਕਰਾਉਣ ਲੱਗੀ ਅਤੇ ਮੁੰਡਾ ਆਪਣੇ ਵਾਲਾਂ ਨੂੰ ਸੰਵਾਰਨ ਲਈ ਪੈਂਟ ਦੀ ਪਿਛਲੀ ਜੇਬ 'ਚ ਕੰਘੀ ਰੱਖਣ ਲੱਗਾ। ਮੁੰਡੇ ਨੂੰ ਕੁਲ 410 ਰੁਪਏ ਤਨਖਾਹ ਦੇ ਰੂਪ 'ਚ ਮਿਲਦੇ ਸਨ। ਇਹਨਾਂ ਵਿਚੋਂ ਸੌ ਰੁਪਿਆ ਮਹੀਨੇ 'ਚ ਬੱਸ ਅਤੇ ਰਿਕਸ਼ੇ 'ਤੇ ਖਰਚ ਹੋ ਜਾਂਦੇ ਸਨ। ਬਾਕੀ 310 ਰੁਪਏ ਉਹ ਹੋਣਹਾਰ ਬੇਟੇ ਦੇ ਤੌਰ 'ਤੇ ਆਪਣੀ ਮਾਂ ਦੇ ਹੱਥ 'ਤੇ ਹਰ ਪਹਿਲੀ ਤਾਰੀਖ਼ ਨੂੰ ਰੱਖ ਦਿੰਦਾ ਸੀ। ਨੱਬੇ, ਸੌ ਰੁਪਏ ਉਹ ਆਪਣੀ ਜੇਬ ਖਰਚ ਦੇ ਤੌਰ 'ਤੇ ਵਰਤਦਾ ਸੀ। ਇਸ ਦੋਸਤੀ ਦੇ ਨਤੀਜੇ ਵਜੋਂ ਪਹਿਲਾਂ ਉਸਨੇ ਆਪਣੀ ਜੇਬ ਖਰਚ ਵਿਚੋਂ ਕਟੌਤੀ ਕੀਤੀ ਅਤੇ ਲੜਕੀ ਨੂੰ ਇਕ ਦਿਨ ਫ਼ਿਲਮ ਵਿਖਾ ਲਿਆਇਆ। ਇਕ ਦਿਨ ਉਸ ਨੂੰ ਪੈਨ ਭੇਂਟ ਕੀਤਾ ਅਤੇ ਦੋ ਵਾਰ ਹੋਟਲ 'ਚ ਚਾਹ ਪਿਆਈ। ਇਸ ਮਹੀਨੇ ਉਸਨੇ ਆਪਣੀ ਮਾਂ ਨੂੰ ਸੌ ਰੁਪਏ ਘੱਟ ਦਿੱਤੇ ਅਤੇ ਬਹਾਨਾ ਬਣਾਇਆ

ਕਿ ਉਸਦੀ ਜੇਬ 'ਚੋਂ ਡਿੱਗ ਪਏ ਹਨ। ਉਹ ਕੁੜੀ ਨੂੰ ਇਕ ਸ਼ਾਲ ਭੇਂਟ ਕਰਨਾ ਚਾਹੁੰਦਾ ਸੀ। ਉਸਨੇ ਦੋ ਤਿੰਨ ਮਹੀਨੇ ਮਾਂ ਅੱਗੇ ਝੂਠ ਬੋਲ ਕੇ ਇੰਨੇ ਪੈਸੇ ਬਚਾਉਣੇ ਸਨ, ਜਿਹਨਾਂ ਨਾਲ ਸ਼ਾਲ ਖਰੀਦੀ ਜਾ ਸਕੇ। ਉਦੋਂ ਤਕ ਸਰਦੀਆਂ ਵੀ ਸ਼ੁਰੂ ਹੋ ਜਾਣੀਆਂ ਸਨ। ਉਸਨੇ ਆਪਣਾ ਇਰਾਦਾ ਕੁੜੀ ਨੂੰ ਦੱਸ ਵੀ ਦਿੱਤਾ। ਕੁੜੀ ਨੂੰ ਜ਼ਿੰਦਗੀ 'ਚ ਇਹ ਪਹਿਲੀ ਸ਼ਾਲ ਮਿਲ ਰਹੀ ਸੀ। ਉਹ ਰਹਿ-ਰਹਿ ਕੇ ਇਸ ਸ਼ਾਲ ਦਾ ਦਬਾਅ ਆਪਣੇ ਸੀਨੇ 'ਤੇ ਮਹਿਸੂਸ ਕਰਦੀ ਅਤੇ ਮੁਸਕਰਾਉਣ ਲੱਗਦੀ। ਉਸਨੇ ਆਪਣੇ ਘਰ ਪਏ ਦੋ ਤਿੰਨ ਪੁਰਾਣੇ ਬੇਕਾਰ ਹੋ ਚੁੱਕੇ ਸਵੈਟਰਾਂ ਨੂੰ ਉਧੇੜਿਆ ਅਤੇ ਮੁੰਡੇ ਲਈ ਸਵੈਟਰ ਬੁਣਨ ਲੱਗੀ। ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਇਹ ਮਾਂ ਨੂੰ ਨਹੀਂ ਸੀ ਦੱਸ ਸਕਦੀ, ਇਸ ਲਈ ਇਹ ਸਾਰੀ ਕਾਰਵਾਈ ਚੋਰੀ ਛਿਪੇ ਹੀ ਹੋਈ। ਇਕ ਵੱਡੀ ਟੋਕਰੀ'ਚ ਮਾਂ ਹਰ ਸਾਲ ਸਰਦੀ ਖ਼ਤਮ ਹੋਣ 'ਤੇ ਘਰ ਦੇ ਫਟੇ ਪੁਰਾਣੇ ਸਵੈਟਰ ਰੱਖ ਦਿੰਦੀ ਸੀ ਅਤੇ ਸਰਦੀ ਸ਼ੁਰੂ ਹੋਣ ਤੋਂ ਇਕ ਅੱਧ ਮਹੀਨਾ ਪਹਿਲਾਂ ਇਹਨਾਂ ਸਵੈਟਰਾਂ ਨੂੰ ਉਧੇੜ-ਉਧੇੜ ਕੇ ਦੋ ਤਿੰਨ ਸਵੈਟਰਾਂ ਦੀ ਉੱਨ ਇਕੱਠੀ ਕਰਕੇ ਨਵਾਂ ਸਵੈਟਰ ਬਣਾਉਂਦੀ ਸੀ। ਇਕ ਸਵੈਟਰ ਦੀ ਉੱਨ ਇਸ ਪ੍ਰਕਿਰਿਆ 'ਚੋਂ ਲਗਭਗ ਇੰਨੀ ਵਾਰ ਗੁਜ਼ਰਦੀ ਕਿ ਪੰਦਰਾਂ ਵੀਹ ਦਿਨ ਪਾਉਣ ਦੇ ਬਾਅਦ ਸਵੈਟਰ ਫੇਰ ਫਟਣਾ ਸ਼ੁਰੂ ਹੋ ਜਾਂਦਾ ਅਤੇ ਸਰਦੀ ਖ਼ਤਮ ਹੁੰਦੇ-ਹੁੰਦੇ ਲੀਰੋ ਲੀਰ ਹੋ ਜਾਂਦਾ। ਉਸਨੇ ਹੌਲੀ ਜਹੀ ਇਕ ਦਿਨ ਮੁੰਡੇ ਦੇ ਮੇਚ ਦੇ ਸਵੈਟਰ ਜਿੰਨੀ ਜ਼ਰੂਰੀ ਉੱਨ ਟੋਕਰੀ ਵਿਚੋਂ ਕੱਢ ਲਈ ਅਤੇ ਆਪਣੀ ਸਹੇਲੀ ਕੋਲ ਰੱਖ ਦਿੱਤੀ। ਰੋਜ਼ ਸਕੂਲ ਜਾਂਦੇ ਵਕਤ ਸਹੇਲੀ ਕੋਲੋਂ ਉੱਨ ਲੈ ਲੈਂਦੀ ਅਤੇ ਸਾਰਾ ਦਿਨ ਉਣ ਕੇ ਵਾਪਸ ਫੇਰ ਸਹੇਲੀ ਕੋਲ ਹੀ ਰੱਖ ਦਿੰਦੀ।

ਇਸ ਕੁੜੀ ਦੀ ਜ਼ਿੰਦਗੀ ਏਸੇ ਤਰ੍ਹਾਂ ਅਣਹੋਂਦ ਅਤੇ ਰੁਮਾਂਸ ਦਾ ਮਿਸ਼ਰਣ ਬਣ ਕੇ ਅਗਲੇ ਦੋ ਤਿੰਨ ਸਾਲ, ਜਦੋਂ ਤਕ ਉਸ ਮੁੰਡੇ ਨਾਲ ਭੱਜਣ ਦਾ ਟਾਈਮ ਨਾ ਆਉਂਦਾ ਜਾਂ ਉਸਦਾ ਵਿਆਹ ਨਹੀਂ ਹੋ ਜਾਂਦਾ, ਤੁਰਦੀ ਰਹਿੰਦੀ, ਜੇਕਰ ਇਹ ਕਰਫਿਊ ਉਸਦੀ ਅਨੁਭਵ ਦੀ ਦੁਨੀਆ 'ਚ ਭੂਚਾਲ ਵਾਂਗ ਨਾ ਆਉਂਦਾ। ਹੋਇਆ ਇਹ ਕਿ ਪਿਛਲੇ ਇਕ ਹਫ਼ਤੇ ਤੋਂ ਸ਼ਹਿਰ ਦਾ ਸੁਭਾਅ ਗਰਮ ਹੋ ਰਿਹਾ ਸੀ। ਕੁੜੀ ਦੇ ਮਾਂ-ਪਿਉ ਅਨੁਭਵੀ ਸਨ ਅਤੇ ਜਾਣਦੇ ਸਨ ਕਿ ਸੁਭਾਅ ਦੀ ਇਹ ਗਰਮੀ ਜਲਦੀ ਹੀ ਦੰਗੇ ਦੀ ਸ਼ਕਲ ਲੈ ਲਵੇਗੀ ਅਤੇ ਸ਼ਹਿਰ ਕਰਫਿਊ ਦੀ ਮਾਰ ਹੇਠ ਆ ਜਾਵੇਗਾ। ਮਾਂ ਨੇ ਰਾਤ ਨੂੰ ਹੀ ਆਖ ਦਿੱਤਾ ਕਿ ਸਵੇਰੇ ਸਕੂਲ ਨਹੀਂ ਜਾਣਾ। ਪਰ ਕੁੜੀ ਦੇ ਰੋਜ਼ਾਨਾ ਕੰਮ 'ਚ ਸਕੂਲ ਜਾਣ ਦਾ ਬਹੁਤ ਮਹੱਤਵ ਸੀ। ਦਰਅਸਲ ਗ਼ਰੀਬੀ ਦੀ ਮਾਰੀ ਇਹ ਕੁੜੀ ਸਕੂਲ ਤੋਂ ਬਾਅਦ ਸਾਰਾ ਵਕਤ ਘਰ ਸੰਭਾਲਦੀ ਸੀ। ਉਸਦੀ ਮਾਂ ਇਕ ਦੁਕਾਨਦਾਰ ਲਈ ਪੇਟੀਕੋਟ ਸੀਉਂਦੀ ਸੀ। ਰੋਜ਼ ਉਹ ਕੁੜੀ ਦੇ ਸਕੂਲੋਂ ਆਉਂਦਿਆਂ ਹੀ ਪੇਟੀਕੋਟ ਸੀਣ ਬੈਠ ਜਾਂਦੀ ਅਤੇ ਅੱਠ ਦਸ ਰੁਪਏ ਕਮਾ ਲੈਂਦੀ। ਕੁੜੀ ਆਪਣੇ ਛੋਟੇ ਭੈਣ-ਭਰਾਵਾਂ ਨੂੰ ਵੇਖਣ ਦੇ ਨਾਲ-ਨਾਲ ਘਰ ਦਾ ਚੌਂਕਾ -ਬਰਤਨ ਸੰਭਾਲਦੀ। ਦੇਰ ਰਾਤ ਤਕ ਘਰ ਦਾ ਕੰਮ ਖ਼ਤਮ ਕਰਕੇ ਉਹ ਪੜ੍ਹਨ ਬੈਠਦੀ। ਪੜ੍ਹਦੀ ਕੀ, ਪੜ੍ਹਣ ਅਤੇ ਚੇਤੰਨ ਹੋਣ ਦੀ ਦੌੜ 'ਚ ਲੱਗੀ ਰਹਿੰਦੀ। ਪੇਪਰ ਵਗੈਰਾ ਨਜ਼ਦੀਕ ਆਉਣ 'ਤੇ ਮਾਂ ਉਸਨੂੰ ਥੋੜ੍ਹਾ ਪਹਿਲਾਂ ਵਿਹਲਾ ਕਰ ਦਿੰਦੀ। ਰੋਜ਼ਾਨਾ ਦੇ ਇਸ ਅਕਾਊ ਅਤੇ ਨੀਰਸ ਕੰਮ 'ਚ ਸਵੇਰੇ ਸਕੂਲ ਜਾਣ ਦੇ ਕਾਰਨ ਜੋ ਥੋੜ੍ਹੀ ਬਹੁਤ ਮਿਠਾਸ ਮਿਲਦੀ ਸੀ, ਉਸਨੂੰ ਉਹ ਕਿਸੇ ਵੀ ਕੀਮਤ 'ਤੇ ਨਹੀਂ ਸੀ ਛੱਡਣਾ ਚਾਹੁੰਦੀ। ਇਸ ਲਈ ਮਾਂ ਦੇ ਮਨ੍ਹਾ ਕਰਨ ਦੇ ਬਾਵਜੂਦ ਕਦੋਂ ਉਹ ਸਾਰਿਆਂ ਤੋਂ ਅੱਖ ਬਚਾ ਕੇ ਤਿਆਰ ਹੋਈ ਅਤੇ ਕਦੋਂ ਸਕੂਲ ਚਲੀ ਗਈ, ਘਰ 'ਚ ਕਿਸੇ ਨੂੰ ਵੀ ਪਤਾ ਨਾ ਲੱਗਾ।



ਕੁੜੀ ਨੂੰ ਬਹੁਤ ਬੁਰਾ ਲੱਗਾ, ਮੁੰਡਾ ਅੱਜ ਆਇਆ ਨਹੀਂ। ਕੁੜੀ ਨੂੰ ਜਾਪਿਆ, ਉਹ ਲੇਟ ਹੋ ਗਈ ਹੈ। ਉਹ ਪੂਰੀ ਗਲੀ ਪਾਰ ਕਰਕੇ ਉਸ ਥਾਂ 'ਤੇ ਪਹੁੰਚੀ, ਜਿਥੋਂ ਮੁੰਡਾ ਆਪਣੀ ਕੰਪਨੀ ਵਾਸਤੇ ਬੱਸ ਫੜਦਾ ਸੀ। ਉੱਤੇ ਰੋਜ਼ ਦੇ ਮੁਕਾਬਲੇ ਇਕ ਤਿਹਾਈ ਲੋਕ ਵੀ ਨਹੀਂ ਸਨ ਆਏ। ਲੱਗਦਾ ਸੀ ਸ਼ਹਿਰ ਦੇ ਤਣਾਓ ਨੂੰ ਵੇਖਦੇ ਹੋਏ ਲੋਕਾਂ ਨੇ ਦਫ਼ਤਰ ਨਾ ਜਾਣਾ ਹੀ ਠੀਕ ਸਮਝਿਆ। ਬੱਸ ਆਈ ਤੇ ਲੰਘ ਗਈ, ਕੁੜੀ ਖੜ੍ਹੀ ਰਹੀ। ਮੁੰਡਾ ਡਰਪੋਕ ਨਿਕਲਿਆ। ਆਪਣੀ ਮਾਂ ਦੀ ਗੋਦ 'ਚੋਂ ਨਾ ਨਿਕਲ ਸਕਿਆ। ਕੁੜੀ ਨੇ ਗ਼ੁੱਸੇ ਅਤੇ ਖਿਝ ਨਾਲ ਉਸਦੇ ਡਰ ਨੂੰ ਬੁਰਾ ਭਲਾ ਆਖਿਆ ਅਤੇ ਘਰ ਵਾਪਸ ਜਾਣ ਲਈ ਮੁੜੀ, ਪਰ ਘਰ ਜਾ ਕੇ ਕੌਣ ਮਾਂ ਕੋਲੋਂ ਬੇਇੱਜ਼ਤ ਹੁੰਦਾ, ਅਖ਼ੀਰ ਉਹ ਸਕੂਲ ਚਲੀ ਗਈ।

ਸਕੂਲ ਬਹੁਤ ਘੱਟ ਕੁੜੀਆਂ ਅਤੇ ਮੈਡਮਾਂ ਆਈਆਂ ਸਨ। ਇਸ ਕਰਕੇ ਕੋਈ ਕਲਾਸ ਨਾ ਲੱਗੀ। ਕਲਾਸ'ਚ ਕੁੜੀਆਂ ਰੌਲਾ ਪਾਉਂਦੀਆਂ ਰਹੀਆਂ ਅਤੇ ਮੈਡਮਾਂ ਪ੍ਰਿੰਸੀਪਲ ਦੇ ਕਮਰੇ 'ਚ ਬੈਠੀਆਂ ਬਾਰ-ਬਾਰ ਚਾਹ ਮੰਗਾਉਂਦੀਆਂ ਰਹੀਆਂ ਅਤੇ ਗੱਪਾਂ ਮਾਰਦੀਆਂ ਰਹੀਆਂ। ਕੁੜੀ ਨੇ ਕਈ ਵਾਰ ਸੋਚਿਆ ਕਿ ਉਹ ਵਾਪਸ ਘਰ ਚਲੀ ਜਾਵੇ, ਪਰ ਮਾਂ ਦੇ ਡਰ ਕਾਰਨ ਉਹ ਬਹੁਤ ਦੇਰ ਤਕ ਸਕੂਲ ਦੇ ਮੈਦਾਨ 'ਚ ਧੁੱਪੇ ਬੈਠੀ ਆਪਣੀ ਸਹੇਲੀ ਨਾਲ ਦੁਨੀਆ ਭਰ ਦੀਆਂ ਗੱਲਾਂ ਕਰਦੀ ਰਹੀ। ਗੱਲਬਾਤ ਦੇ ਇਸ ਸਿਲਸਿਲੇ 'ਚ ਉਸਨੇ ਸੁਣਿਆ ਜ਼ਿਆਦਾ ਅਤੇ ਬੋਲੀ ਘੱਟ।

ਅਚਾਨਕ ਉਨ੍ਹਾਂ ਨੇ ਵੇਖਿਆ ਕਿ ਪ੍ਰਿੰਸੀਪਲ ਦੇ ਕਮਰੇ 'ਚੋਂ ਮੈਡਮਾਂ ਬੇ-ਸੁਧ ਜਿਹੀਆਂ ਨਿਕਲੀਆਂ ਅਤੇ ਫਾਟਕ ਵੱਲ ਦੌੜੀਆਂ। ਰਸਤੇ 'ਚ ਜਿਹੜੀ ਵੀ ਕੁੜੀ ਉਹਨਾਂ ਨੂੰ ਮਿਲੀ, ਉਹਨਾਂ ਨੇ ਫੌਰਨ ਘਰ ਜਾਣ ਦੀ ਸਲਾਹ ਦਿੱਤੀ। ਮੈਦਾਨ ਵੱਲ ਇਕ ਚਪੜਾਸੀ ਭੱਜਾ ਆਇਆ ਅਤੇ ਉਸ ਨੇ ਦੂਰੋਂ ਹੱਥ ਹਿਲਾ ਕੇ ਅਤੇ ਚੀਖ਼ ਕੇ ਘਰ ਦੌੜ ਜਾਣ ਲਈ ਆਖਿਆ। ਝੁੰਡਾਂ ਵਾਂਗ ਹਰ ਪਾਸਿਉਂ ਕੁੜੀਆਂ ਭੱਜੀਆਂ ਅਤੇ ਬਹੁਤੀਆਂ ਨੂੰ ਤਾਂ ਗੇਟ ਉੱਤੇ ਆਉਣ 'ਤੇ ਪਤਾ ਲੱਗਾ ਕਿ ਸ਼ਹਿਰ 'ਚ ਗੜਬੜ ਹੋ ਗਈ ਹੈ ਅਤੇ ਕਰਫਿਊ ਲਾ ਦਿੱਤਾ ਗਿਆ ਹੈ।

ਭਾਵੇਂ ਕਿ ਕੁੜੀ ਦਾ ਘਰ ਅਜਿਹੀ ਗਲੀ 'ਚ ਸੀ, ਜਿਥੇ ਹਰ ਸਾਲ, ਦੋ ਸਾਲ ਬਾਅਦ ਕਰਫਿਊ ਲੱਗਦਾ ਹੀ ਰਹਿੰਦਾ ਸੀ, ਪਰ ਫਿਰ ਵੀ ਕਰਫਿਊ ਦੌਰਾਨ ਸੜਕ'ਤੇ ਦੌੜਣ ਦਾ ਇਹ ਉਸਦਾ ਪਹਿਲਾ ਅਨੁਭਵ ਸੀ। ਉਹ ਬਗ਼ੈਰ ਸੋਚਿਆਂ ਸਮਝਿਆਂ ਦੌੜੀ। ਦੁਕਾਨਾਂ ਜਲਦੀ-ਜਲਦੀ ਬੰਦ ਹੋ ਰਹੀਆਂ ਸਨ। ਸ਼ਟਰਾਂ ਦੇ ਡਿੱਗਣ ਦੀ ਆਵਾਜ਼ ਆਤੰਕ ਪੈਦਾ ਕਰ ਰਹੀ ਸੀ। ਸਾਈਕਲਾਂ ਉੱਤੇ ਅਤੇ ਪੈਦਲ ਬੇ-ਸੁਧ ਭੱਜ ਰਹੇ ਲੋਕਾਂ ਦੀ ਭੀੜ ਰਗੜਦੇ, ਟਕਰਾਉਂਦੇ, ਡਿੱਗਦੇ-ਢਹਿੰਦੇ ਜਿਸ ਤਰ੍ਹਾਂ ਦੌੜ ਰਹੀ ਸੀ, ਅਗਲੇ ਦਿਨ ਇਸ ਦੀ ਕਲਪਨਾ ਕਰਨ 'ਤੇ ਹੱਸਦੇ-ਹੱਸਦੇ ਉਹ ਲੋਟ-ਪੋਟ ਹੋ ਜਾਂਦੀ ਸੀ, ਪਰ ਅੱਜ ਵਾਲੀ ਭੱਜ-ਦੌੜ 'ਚ ਉਸਦੀਆਂ ਅੱਖਾਂ 'ਚ ਬਾਰ-ਬਾਰ ਅੱਥਰੂ ਆ ਰਹੇ ਸਨ।

ਜੀ.ਟੀ. ਰੋਡ 'ਤੇ ਤੀਸਰੀ ਗਲੀ ਸੀ, ਜਿੱਥੋਂ ਕੁੜੀ ਆਪਣੇ ਘਰ ਲਈ ਮੁੜਦੀ ਸੀ। ਅੱਜ ਉਸਨੂੰ ਹੋਸ਼ ਹੀ ਨਾ ਰਿਹਾ ਅਤੇ ਭੀੜ ਦੇ ਇਕੱਠ ਨਾਲ ਉਹ ਕਿਸੇ ਦੂਸਰੀ ਗਲੀ 'ਚ ਧੱਕ ਦਿੱਤੀ ਗਈ। ਜਦੋਂ ਉਹ ਗਲੀ 'ਚ ਵੜੀ ਤਾਂ ਇਕ ਜੱਥੇ ਦਾ ਹਿੱਸਾ ਸੀ, ਪਰ ਅਚਾਨਕ ਜਾਦੂ ਵਾਂਗ ਬਾਕੀ ਲੋਕ ਪਤਾ ਨਹੀਂ ਕਿਧਰ ਚਲੇ ਗਏ ਅਤੇ ਉਸ ਕੁੜੀ ਨੇ ਦੁਪਹਿਰ ਦੇ ਸਮੇਂ ਆਪਣੇ ਆਪ ਨੂੰ ਇਕ ਅਜਿਹੀ ਗਲੀ 'ਚ ਮਹਿਸੂਸ ਕੀਤਾ, ਜੋ ਪੂਰੀ ਤਰ੍ਹਾਂ ਵੀਰਨ ਸੀ। ਜੀਹਦੇ ਅੰਦਰ ਖੁੱਲ੍ਹਣ ਵਾਲੇ ਸਾਰੇ ਦਰਵਾਜ਼ੇ ਅਤੇ ਖਿੜਕੀਆਂ ਸਖ਼ਤ ਜਬਾੜਿਆਂ ਦੀ ਤਰ੍ਹਾਂ ਬੰਦ ਸਨ ਅਤੇ ਜਿਨ੍ਹਾਂ ਦੇ ਮਕਾਨ ਜਾਦੂਗਰ ਮਹੱਲਾਂ ਵਰਗੇ ਸਨ। ਇਨ੍ਹਾਂ ਮਕਾਨਾਂ 'ਚੋਂ ਇਹੀ ਪਤਾ ਨਹੀਂ ਸੀ ਲੱਗ

ਰਿਹਾ ਕਿ ਇਹਨਾਂ 'ਚ ਕੋਈ ਰਹਿੰਦਾ ਵੀ ਹੈ ਜਾਂ ਨਹੀਂ। ਕੁੜੀ ਘਬਰਾਹਟ ਨਾਲ ਥਰ-ਥਰ ਕੰਬ ਰਹੀ ਸੀ। ਇਸ ਗਲੀ 'ਚੋਂ ਉਹ ਸੌ ਵਾਰ ਗੁਜ਼ਰੀ ਸੀ, ਪਰ ਅੱਜ ਪਤਾ ਨਹੀਂ ਕਿੰਝ ਬੇਪਛਾਣ ਜੇਹੀ ਲੱਗ ਰਾਹੀ ਸੀ।

ਉਹ ਇਕ ਨੁੱਕਰ 'ਤੇ ਖੜ੍ਹੀ ਹੋ ਕੇ ਜੀਵਨ ਦੇ ਨਤੀਜੇ ਤਲਾਸ਼ਣ ਲੱਗੀ। ਥੋੜ੍ਹੀ ਦੇਰ ਯਤਨ ਕਰਨ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਕਿ ਮਕਾਨ ਓਨੇ ਸਥਿਰ ਨਹੀਂ ਹਨ, ਜਿੰਨੇ ਸ਼ੁਰੂ 'ਚ ਸਨ। ਹਰ ਮਕਾਨ ਅੰਦਰ ਖਿੜਕੀਆਂ ਜਾਂ ਦਰਵਾਜ਼ਿਆਂ ਦੇ ਪਿੱਛੇ ਚਿਹਰੇ ਲੁਕੇ ਹੋਏ ਸਨ ਅਤੇ ਕਦੀ-ਕਦੀ ਕੋਈ ਪੱਲਾ ਕੰਬਦਾ ਅਤੇ ਉਸ ਪਿੱਛੇ ਡਰੀ, ਘਬਰਾਈ ਅੱਖ ਵੇਖਦੀ ਨਜ਼ਰ ਆ ਜਾਂਦੀ। ਗਲੀ ਦੇ ਬਾਹਰ ਜੀ.ਟੀ.ਰੋਡ 'ਤੇ ਰੌਲ਼ਾ ਪੈਂਦਾ ਤਾਂ ਦਰਵਾਜ਼ੇ, ਖਿੜਕੀਆਂ ਦੀਆਂ ਦਰਾਰਾਂ ਇਕਦਮ ਬੰਦ ਹੋ ਜਾਂਦੀਆਂ। ਨੇੜਿਓਂ ਕਿਸੇ ਮਕਾਨ 'ਚੋਂ ਦਰਵਾਜ਼ੇ ਜਾਂ ਖਿੜਕੀ ਦੀ ਆਵਾਜ਼ ਆਉਂਦੀ ਤਾਂ ਕੁੜੀ ਡਰੀ ਹੋਈ ਹਿਰਨੀ ਦੀ ਤਰ੍ਹਾਂ ਚੌਕੰਨੀ ਹੋ ਜਾਂਦੀ ਅਤੇ ਉਸਦੀ ਧੜਕਣ ਤੇਜ਼ ਹੋ ਜਾਂਦੀ।

ਜਿਨ੍ਹਾਂ ਤਾਕਤਵਰ ਬਾਹਵਾਂ ਨੇ ਕੁੜੀ ਨੂੰ ਬੇਦਰਦੀ ਨਾਲ ਅੰਦਰ ਘਸੀਟ ਲਿਆ, ਉਹ ਪਤਾ ਨਹੀਂ ਕਿੱਥੋਂ ਪੈਦਾ ਹੋ ਗਈਆਂ ਸਨ। ਕੁੜੀ ਨੂੰ ਸਿਰਫ਼ ਸ਼ਟਰ ਚੁੱਕਣ ਦੀ ਆਵਾਜ਼ ਸੁਣਾਈ ਦਿੱਤੀ ਅਤੇ ਜਦੋਂ ਤਕ ਉਹ ਆਵਾਜ਼ ਦੀ ਧਮਕ ਤੋਂ ਛੁਟਕਾਰਾ ਪਾਉਂਦੀ, ਉਦੋਂ ਤਕ ਛੇ ਮਰਦਾਨਾ ਹੱਥਾਂ ਨੇ ਉਸਨੂੰ ਇਕ ਤੰਗ ਜੇਹੇ ਛੋਟੇ ਕਮਰੇ 'ਚ ਘਸੀਟ ਲਿਆ। ਇਹ ਕਮਰਾ ਇਕ ਚੱਕੀ ਸੀ, ਜਿਸ ਅੰਦਰ ਆਟਾ ਪੀਸਿਆ ਜਾਂਦਾ ਸੀ। ਉਹਦੇ ਅੰਦਰ ਲੁਕੇ ਹੋਏ ਮਰਦਾਂ ਨੇ ਅਚਾਨਕ ਸ਼ਟਰ ਚੁੱਕਿਆ ਅਤੇ ਕੁੜੀ ਨੂੰ ਅੰਦਰ ਖਿੱਚ ਲਿਆ। ਘਸੀਟਣ ਦੀ ਪ੍ਰਕਿਰਿਆ'ਚ ਕੁੜੀ ਦਾ ਸਿਰ ਜ਼ੋਰ ਦੀ ਸ਼ਟਰ ਨਾਲ ਵੱਜਾ। ਸਿਰ ਦੀ ਸੱਟ ਅਤੇ ਘਸੀਟੇ ਜਾਣ ਦੇ ਆਤੰਕ ਨੇ ਕੁੜੀ ਨੂੰ ਇਕਦਮ ਬੇ-ਸੁਧ ਕਰ ਦਿੱਤਾ। ਉਹ ਚੀਕਣਾ ਚਾਹੁੰਦੀ ਸੀ, ਪਰ ਉਸਦੀ ਚੀਕ ਗਲੇ 'ਚ ਹੀ ਦੱਬੀ ਗਈ। ਜਦੋਂ ਤਕ ਸਥਿਤੀ ਉਸਨੂੰ ਸਮਝ ਆਉਂਦੀ, ਉਦੋਂ ਤਕ ਸ਼ਟਰ ਫੇਰ ਡਿੱਗ ਚੁੱਕਾ ਸੀ ਅਤੇ ਉਸਨੂੰ ਅਜਿਹੀ ਮੰਜੀ 'ਤੇ ਸੁੱਟ ਦਿੱਤਾ ਗਿਆ ਸੀ, ਜੋ ਬਿਲਕੁਲ ਟੁੱਟੀ ਹੋਈ ਸੀ, ਜੀਹਦੇ ਉੱਤੇ ਆਟੇ ਦੀ ਤਹਿ ਪਰਤ ਦਰ-ਪਰਤ ਜੰਮੀ ਹੋਈ ਸੀ।

'ਮੈਂ ਤੁਮਹਾਰੀ ਬਹਨ ਹੂੰ ਭੈਆ, ਮੁਝੇ ਚਲੇ ਜਾਨੇ ਦੋ।'

ਇਹ ਇਕੱਲਾ ਸ਼ਬਦ ਸੀ, ਜਿਸਨੂੰ ਕੁੜੀ ਆਖ ਸਕੀ। ਤਿੰਨੇ ਉਹਦੇ ਉੱਤੇ ਹੌਲੀ-ਹੌਲੀ ਹੱਸਣ ਲੱਗੇ। ਉਹਨਾਂ 'ਚੋਂ ਇਕ ਨੇ ਬੋਰੀ ਕੱਟਣ ਵਾਲੇ ਛੁਰੇ ਦੇ ਆਕਾਰ ਦਾ ਲੋਹਾ ਚੁੱਕ ਲਿਆ ਅਤੇ ਕੁੜੀ ਦੇ ਸਿਰਹਾਣੇ ਖੜ੍ਹਾ ਹੋ ਗਿਆ। ਕੁੜੀ ਨੇ ਦੁਬਾਰਾ ਕੁਝ ਕਹਿਣ ਦੀ ਕੋਸ਼ਿਸ਼ ਕੀਤੀ।

'ਚੁੱਪ ਸਾਲੀ! ਹਮ ਬਹਨ ਚੋ... ਹੈਂ।'

ਕੁੜੀ ਚੁੱਪ ਹੋ ਗਈ। ਇਸ ਤੋਂ ਬਾਅਦ ਉਹ ਜਿਹੜੇ ਅਨੁਭਵ 'ਚੋਂ ਗੁਜ਼ਰੀ, ਉਹ ਬਹੁਤ ਲਿਜ਼ਲਿਜ਼ਾ ਅਤੇ ਖੌਫ਼ਨਾਕ ਸੀ। ਜਿੰਨੀ ਦੇਰ ਉਹਨੂੰ ਹੋਸ਼ ਰਹੀ, ਇੰਝ ਜਾਪਦਾ ਰਿਹਾ ਜਿਵੇਂ ਗਰਮ ਸਲਾਖਾਂ ਉਸਦੇ ਸਰੀਰ 'ਚ ਖੁਭੋਈਆਂ ਜਾ ਰਹੀਆਂ ਹੋਣ। ਡਰਾਉਣੀਆਂ ਅੱਖਾਂ ਨਾਲ ਉਹ ਆਪਣੇ ਉੱਤੇ ਝੁਕੇ ਹੋਏ ਮਰਦਾਂ ਨੂੰ ਵੇਖਦੀ ਰਹੀ ਅਤੇ ਆਪਣੇ ਅਨੁਭਵੀ ਸੰਸਾਰ 'ਚ ਕੁਝ ਅਜਿਹੇ ਅਨੁਭਵ ਜੋੜਦੀ ਰਹੀ, ਜਿਹੜੇ ਬਾਕੀ ਸਾਰਾ ਜੀਵਨ ਉਸਦੇ ਨਾਲ ਬੁਰੇ ਸੁਪਨਿਆਂ ਦੀ ਤਰ੍ਹਾਂ ਰਹਿਣ ਵਾਲੇ ਸਨ।



ਜਿਸ ਤਰ੍ਹਾਂ, ਮਾਰੇ ਜਾਣ ਵਾਲੇ ਜਾਨਵਰ ਦੇ ਮੂੰਹੋਂ ਗੋ-ਗੋ ਦੀ ਆਵਾਜ਼ ਨਿਕਲਦੀ ਹੈ, ਕੁਝ ਇਸੇ ਤਰ੍ਹਾਂ ਹੀ ਆਵਾਜ਼ ਕੁੜੀ ਦੇ ਮੂੰਹੋਂ ਵੀ ਨਿਕਲ ਰਹੀ ਸੀ। ਦਰਦ ਦੀ ਇਕ ਲਹਿਰ ਸੀ, ਜੋ ਪੈਰਾਂ ਤੋਂ ਹੋ ਕੇ ਉਸਦੇ ਪੂਰੇ ਸਰੀਰ ਨੂੰ ਝੰਜੋੜਦੀ ਤੁਰੀ ਜਾ ਰਹੀ ਸੀ। ਉਹ ਬੁਰੀ ਤਰ੍ਹਾਂ ਤੜਪ ਰਹੀ ਸੀ ਅਤੇ ਕਈ ਵਾਰ ਬੈਠਣ ਦੀ ਕੋਸ਼ਿਸ਼ ਕਰਨ 'ਤੇ ਮੰਜੀ ਦੇ ਪਾਵਿਆਂ ਨਾਲ ਟਕਰਾਅ ਕੇ ਜ਼ਖ਼ਮੀ ਹੋ ਚੁੱਕੀ ਸੀ। ਉਸਦੀ ਪੀੜ ਉਦੋਂ ਖ਼ਤਮ ਹੋਈ, ਜਦੋਂ ਉਹ ਬੇਹੋਸ਼ ਹੋ ਗਈ।

ਪਾਠਕ ਦੋਸਤੋ! ਇਸ ਤੋਂ ਬਾਅਦ ਦਾ ਵਰਨਣ ਵਿਅਰਥ ਹੈ। ਜਿਵੇਂ ਕੁੜੀ ਦੀ ਜਾਤ ਜਾਂ ਧਰਮ ਬਾਰੇ ਪੁੱਛਣਾ ਬੇਕਾਰ ਹੈ, ਉਸੇ ਤਰ੍ਹਾਂ ਉਸਦੇ ਨਾਲ ਬਲਾਤਕਾਰ ਕਰਨ ਵਾਲਿਆਂ ਦੀ ਜਾਤ ਜਾਂ ਧਰਮ ਜਾਨਣ ਦਾ ਕੋਈ ਅਰਥ ਨਹੀਂ। ਇਸ ਗੱਲ ਦੀ ਪੁਸ਼ਟੀ ਕਰਨ ਦੀ ਵੀ ਜ਼ਰੂਰਤ ਨਹੀਂ ਕਿ ਆਟੇ ਦੀ ਧੂੜ ਨਾਲ ਲਥਪਥ ਕੁੜੀ ਹੋਸ਼'ਚ ਆਉਣ ਤੋਂ ਬਾਅਦ ਫਟੇ ਕੱਪੜਿਆਂ ਨਾਲ ਘਰ ਕਿਸ ਤਰ੍ਹਾਂ ਪਹੁੰਚੀ ਜਾਂ ਫਿਰ ਉਸ ਮੁਹੱਲੇ 'ਚ ਸਾਰੇ ਡਰਪੋਕ ਰਹਿੰਦੇ ਹੋਣਗੇ, ਜਿਨ੍ਹਾਂ ਨੇ ਆਪਣੇ ਦਰਵਾਜ਼ਿਆਂ ਖਿੜਕੀਆਂ ਦੀਆਂ ਝੀਤਾਂ ਰਾਹੀਂ ਕੁੜੀ ਨੂੰ ਤਿੰਨ ਦਰਿੰਦਿਆਂ ਦੁਆਰਾ ਚੱਕੀ ਦੇ ਅੰਦਰ ਖਿਚਦਿਆਂ ਵੇਖਿਆ ਅਤੇ ਝੀਤਾਂ ਚੁੱਪ-ਚਾਪ ਬੰਦ ਕਰ ਲਈਆਂ। ਅਰਥ ਸਿਰਫ਼ ਇਸ ਗੱਲ ਦਾ ਹੈ ਕਿ ਕਰਫਿਊ ਕਿਸੇ ਵੀ ਜਾਤ ਜਾਂ ਧਰਮ ਦੀ ਕੁੜੀ ਨੂੰ ਜੀਵਨ ਦੇ ਸਭ ਤੋਂ ਕੋਮਲ ਅਨੁਭਵ ਤੋਂ ਵਾਂਝਾ ਕਰ ਸਕਦਾ ਹੈ ਅਤੇ ਉਸਨੂੰ ਜਾਨਵਰਾਂ ਦੇ ਪੱਧਰ 'ਤੇ ਖੜ੍ਹਾ ਕਰਕੇ ਅਨੁਭਵ ਦੀ ਅਜਿਹੀ ਸੁਰੰਗ 'ਚ ਧੱਕ ਸਕਦਾ ਹੈ, ਜਿਥੇ ਇਕ ਵਾਰ ਪ੍ਰਵੇਸ਼ ਕਰਨ ਤੋਂ ਬਾਅਦ ਸਾਰਾ ਜੀਵਨ ਬੁਰੇ ਸੁਪਨਿਆਂ ਦੀ ਭਟਕਣ 'ਚ ਤਬਦੀਲ ਹੋ ਜਾਵੇ।

**(6)**

ਦੁਨੀਆ ਦਾ ਸਭ ਤੋਂ ਵੱਡਾ ਦੁਖਾਂਤ ਮਾਂ ਦੀ ਗੋਦ 'ਚ ਉਸਦੇ ਬੱਚੇ ਦੀ ਮੌਤ ਦਾ ਹੋਣਾ ਹੈ। ਇਹ ਦੁਖਾਂਤ ਉਸ ਛੋਟੇ ਜਿਹੇ ਨਰਕ ਵਰਗੇ ਇਕ ਡੇਢ ਕਮਰੇ ਵਾਲੇ ਘਰ ਅੰਦਰ ਕੁਝ ਘੰਟੇ ਪਹਿਲਾਂ ਵਾਪਰਿਆ ਸੀ। ਇਸ ਘਰ ਦੇ ਬਾਲਗਾਂ ਲਈ ਮੌਤ ਇਕ ਜਾਣੀ ਪਹਿਚਾਣੀ ਘਟਨਾ ਸੀ। ਹਰ ਦੂਸਰੇ ਤੀਸਰੇ ਸਾਲ ਇਸ ਘਰ ਜਾਂ ਗੁਆਂਢ 'ਚ ਕੋਈ ਨਾ ਕੋਈ ਬੱਚਾ ਮਰ ਜਾਂਦਾ ਸੀ। ਭੁੱਖ, ਗਰੀਬੀ ਅਤੇ ਅਨਪੜ੍ਹਤਾ ਨਾਲ ਜਿਹੜਾ ਮਾਹੌਲ ਇਥੇ ਪੈਦਾ ਹੁੰਦਾ ਸੀ, ਉਹਦੇ 'ਚ ਬੱਚਿਆਂ ਦਾ ਜ਼ਿੰਦਾ ਰਹਿਣਾ ਬਹੁਤਾ ਹੈਰਾਨੀਜਨਕ ਸੀ। ਇਸ ਲਈ ਵੱਡੇ ਲੋਕਾਂ ਵਾਸਤੇ ਭਾਵੇਂ ਹੀ ਨਕਲੀ ਨਹੀਂ ਸੀ, ਪਰ ਘਰ ਅੰਦਰ
ਮੌਜੂਦ ਛੋਟੇ ਅਤੇ ਸਈਦਾ ਇਸ ਘਟਨਾ ਨਾਲ ਬੁਰੀ ਤਰ੍ਹਾਂ ਹਿੱਲ ਗਏ ਸਨ।

ਕਮਰੇ ਵਿਚਕਾਰ ਦੋ ਢਾਈ ਫੁੱਟ ਲੰਬੀ ਇਕ ਲਾਸ਼ ਪਈ ਸੀ, ਜਿਸ ਨੂੰ ਇਕ ਚਿੱਟੀ ਚਾਦਰ ਦੇ ਟੁਕੜੇ ਨਾਲ ਢੱਕ ਦਿੱਤਾ ਗਿਆ ਸੀ। ਘਰ ਦੇ ਸਾਰੇ ਵੱਡੇ ਮੈਂਬਰ ਚਾਰੇ ਪਾਸੇ ਕਮਰੇ ਦੀਆਂ ਕੰਧਾਂ ਨਾਲ ਸਿਰ ਟਿਕਾ ਕੇ ਬੈਠੇ ਹੋਏ ਸਨ। ਸਈਦਾ ਦੀ ਵੱਡੀ ਬੱਚੀ, ਜੋ ਹੁਣੇ-ਹੁਣੇ ਸਾਢੇ ਤਿੰਨ ਸਾਲ ਦੀ ਹੋਈ ਸੀ, ਨਜ਼ਰਾਂ ਗੱਡ ਕੇ ਆਪਣੀ ਭੈਣ ਵੱਲ ਵੇਖੀ ਜਾ ਰਹੀ ਸੀ। ਉਸ ਨੂੰ ਆਪਣੀ ਹੋਸ਼ ਵਿਚ ਪਹਿਲੀ ਵਾਰ ਉਸਦੀ ਭੈਣ ਅੱਜ ਚੁੱਪ ਸ਼ਾਂਤ-ਸੁੱਤੀ ਹੋਈ ਲੱਗ ਰਹੀ ਸੀ, ਨਹੀਂ ਤਾਂ ਉਸਨੇ ਜਦੋਂ ਵੀ ਵੇਖਿਆ, ਉਸਨੂੰ ਬੁਸਕਦੇ ਜਾਂ ਰੋਂਦੇ ਹੋਏ ਹੀ ਵੇਖਿਆ। ਇਕ ਵਾਰ ਉਸਨੇ ਪੁੱਛਿਆ ਵੀ...

'ਕਸ ਅੰਮੀ, ਆਜ ਬਹਨਾ ਬੋਲਤ ਕਾਹੇ ਨਾਹੀਂ?'

ਇਹ ਸੁਣ ਕੇ ਸਈਦਾ ਇੰਨੀ ਜ਼ੋਰ ਦੀ ਚੀਖ ਮਾਰੀ ਅਤੇ ਰੋਣ ਲੱਗ ਪਈ ਕਿ ਉਹ ਘਬਰਾ ਕੇ ਚੁੱਪ ਹੋ ਗਈ। ਉਸਨੂੰ ਲੱਗਿਆ ਕਿ ਉਸਨੇ ਕੋਈ ਅਜਿਹੀ ਚੀਜ਼ ਬਾਰੇ ਉਸ ਤੋਂ ਪੁੱਛ

ਲਿਆ ਹੈ, ਜਿਸ ਬਾਰੇ ਉਸਨੂੰ ਨਹੀਂ ਸੀ ਪੁੱਛਣਾ ਚਾਹੀਦਾ। ਉਸਦੀ ਭੂਆ ਦਾ ਸੱਤ ਸਾਲ ਦਾ ਮੁੰਡਾ, ਦੂਸਰਾ ਅਜਿਹਾ ਬਾਲ ਸੀ, ਜੋ ਇਸ ਮੌਤ ਨਾਲ ਬੁਰੀ ਤਰ੍ਹਾਂ ਪੀੜਤ ਸੀ। ਦਰਅਸਲ ਇਹ ਛੋਟੀ ਬੱਚੀ, ਇਹਨਾਂ ਦੋਵਾਂ ਲਈ ਇਕ ਖਿਡੌਣੇ ਦੀ ਤਰ੍ਹਾਂ ਹੀ ਸੀ। ਉਸਦੇ ਆਉਣ ਤੋਂ ਬਾਅਦ ਇਹ ਦੋਵੇਂ ਆਪਣੇ ਆਪ ਨੂੰ ਵੱਡਾ ਸਮਝਣ ਲੱਗ ਪਏ ਸਨ ਅਤੇ ਸਈਦਾ ਅਕਸਰ ਕੰਮ ਧੰਦੇ 'ਚ ਮਸਰੂਫ਼ ਰਹਿਣ 'ਤੇ ਛੋਟੀ ਬੱਚੀ ਨੂੰ ਇਹਨਾਂ ਦੋਵਾਂ ਦੇ ਹਵਾਲੇ ਕਰ ਦਿੰਦੀ ਸੀ। ਭਾਵੇਂ ਕਿ ਦੋਵਾਂ ਨੂੰ ਛੋਟੀ ਦਾ ਲਗਾਤਾਰ ਰੋਣਾ ਅਤੇ ਚੀਖਣਾ ਪਸੰਦ ਨਹੀਂ ਸੀ, ਫਿਰ ਵੀ ਦੋਵੇਂ ਉਸ ਨਾਲ ਵੱਡਿਆਂ ਦੀ ਤਰ੍ਹਾਂ ਪੇਸ਼ ਆਉਂਦੇ ਸਨ। ਉਸਨੂੰ ਥਾਲੀ ਜਾਂ ਕਟੋਰੀ ਖੜਕਾ ਕੇ ਚੁੱਪ ਕਰਾਉਣ ਦਾ ਯਤਨ ਕਰਦੇ ਜਾਂ ਆਪਣੀ ਗੋਦੀ ਵਿਚ ਪਾ ਕੇ ਵੱਡਿਆਂ ਵਾਂਗ ਚਿਮਚੇ ਅਤੇ ਕੌਲੀ ਨਾਲ ਦੁੱਧ ਅਤੇ ਪਾਣੀ ਪਿਆਉਣ ਦਾ ਯਤਨ ਕਰਦੇ।

ਬੱਚੀ ਦੀ ਮੌਤ ਦਿਨ ਬੀਤਣ ਤੋਂ ਥੋੜ੍ਹਾ ਪਹਿਲਾਂ ਹੋਈ ਸੀ। ਰਾਤ ਹੌਲੀ-ਹੌਲੀ ਉਤਰ ਆਈ ਸੀ ਅਤੇ ਉਸਨੇ ਘਰ ਨੂੰ ਬਾਹਰ ਦੇ ਮਾਹੌਲ ਵਾਂਗ ਆਪਣੇ ਸਿਕੰਜੇ 'ਚ ਜਕੜ ਲਿਆ ਸੀ। ਇਸ ਸਾਰੇ ਘਰ 'ਚ ਦੋ ਹੀ ਬਲਬ ਸਨ। ਇਕ ਉੱਥੇ ਸੀ, ਜਿੱਥੇ ਘਰ ਦੇ ਮੈਂਬਰ ਬੈਠ ਕੇ ਬੀੜੀ ਬਣਾਉਂਦੇ ਅਤੇ ਦੂਸਰਾ ਪਿਛਲੇ ਬਰਾਂਡੇ ਵਿਚ, ਜਿਸਦੀ ਰੌਸ਼ਨੀ ਉਸ ਬਰਾਂਡੇ ਦੇ ਇਕ ਕਿਨਾਰੇ 'ਤੇ ਬਣੀ ਰਸੋਈ ਅਤੇ ਪਖਾਨੇ ਤੱਕ ਜਾਂਦੀ ਸੀ। ਦੋਵਾਂ ਦੀ ਮਰੀਅਲ ਜੇਹੀ ਰੌਸ਼ਨੀ ਨੇ ਘਰ ਦੇ ਮੈਂਬਰਾਂ ਨੂੰ ਜਾਦੂ ਲੋਕ ਦੀਆਂ ਤਸਵੀਰਾਂ ਵਰਗਾ ਬਣਾ ਦਿੱਤਾ ਸੀ।

ਗ਼ਮ ਅਤੇ ਮਾਤਮ ਦੀ ਰਾਤ ਏਨੀ ਹੌਲੀ-ਹੌਲੀ ਬੀਤਦੀ ਏ ਕਿ ਲੱਗ ਰਿਹਾ ਸੀ ਜਿਵੇਂ ਵਕਤ ਰੁਕ ਗਿਆ ਹੋਵੇ। ਅਜਿਹੀ ਰਾਤ ਕਿਸੇ ਤਰ੍ਹਾਂ ਵੀ ਲੰਘਦੀ ਦਿਖਾਈ ਨਹੀਂ ਸੀ ਦੇ ਰਹੀ...

ਕਿਸੀ ਕੀ ਸ਼ਬੇ ਵਸਲ ਕਟੇ ਹੈ/ ਕਿਸੀ ਕੀ ਸ਼ਬੇ ਹਿਜਰ ਕਟੇ ਹੈ

ਯੇਹ ਕੈਸੀ ਸ਼ਬ ਹੈ ਯਾਹ ਇਲਾਹੀ/ ਜੋ ਨਾ ਸੋਤੇ ਕਟੇ ਹੈ ਨਾ ਰੋਤੇ ਕਟੇ ਹੈ

ਇਸ ਘਰ ਦੇ ਮੈਂਬਰਾਂ ਲਈ ਵੀ ਅੱਜ ਦੀ ਰਾਤ ਕੁਝ ਅਜਿਹੀ ਹੀ ਰਾਤ ਹੋ ਗਈ ਸੀ। ਘਰ ਦੇ ਦੋ ਛੋਟੇ ਮੈਂਬਰ ਮੌਤ ਦੇ ਰਹੱਸ ਨਾਲ ਲੜਦੇ-ਲੜਦੇ ਹੌਲੀ-ਹੌਲੀ ਜ਼ਮੀਨ ਉੱਤੇ ਹੀ ਸੌਂ ਗਏ। ਦੁਪਹਿਰ ਤੋਂ ਬਾਅਦ ਉਹਨਾਂ ਦੇ ਢਿੱਡ 'ਚ ਕੁਝ ਨਹੀਂ ਸੀ ਗਿਆ। ਭੁੱਖ ਨੇ ਬਹੁਤ ਦੇਰ ਤੱਕ ਉਹਨਾਂ ਨੂੰ ਸੌਣ ਨਹੀਂ ਸੀ ਦਿੱਤਾ, ਪਰ ਨੀਂਦ ਦੇ ਸਮੁੰਦਰ ਵਿਚ ਤਾਰੀਆਂ ਲਾਉਂਦੇ-ਲਾਉਂਦੇ ਡੁੱਬ ਕੇ ਗੁਆਚ ਗਏ। ਪਤਾ ਨਹੀਂ ਇਹ ਘਰ ਦੀਆਂ ਔਰਤਾਂ ਨੂੰ ਵਿਰਲਾਪ ਕਰਦਿਆਂ ਵੇਖਣ ਦਾ ਸਿੱਟਾ ਸੀ ਜਾਂ ਭੁੱਖ ਨਾਲ ਨਾੜਾਂ ਦੇ ਸੁੱਕਣ ਦਾ ਕਾਰਨ ਕਿ ਉਹਨਾਂ ਦੀਆਂ ਨਿੱਕੀਆਂ-ਨਿੱਕੀਆਂ ਅੱਖਾਂ ਵਿਚੋਂ ਬਹੁਤ ਸਾਰੇ ਅੱਥਰੂ ਵਹਿ ਗਏ ਸਨ ਅਤੇ ਦੋਵਾਂ ਦੀਆਂ ਗੱਲ੍ਹਾਂ ਉੱਤੇ ਅੱਥਰੂ ਲਕੀਰਾਂ ਦੀ ਸ਼ਕਲ 'ਚ ਜੰਮ ਗਏ ਸਨ।

ਘਰ ਦੇ ਵੱਡੇ ਮੈਂਬਰ ਕੰਧ ਨਾਲ ਸਿਰ ਟਿਕਾਈ ਬੈਠੇ ਸਨ। ਸਈਦਾ ਦਾ ਬੁੱਢਾ ਸਹੁਰਾ, ਆਪਣੀਆਂ ਅੱਧੀਆਂ ਅੱਖਾਂ ਖੋਲ੍ਹ ਕੇ ਪਤਾ ਨਹੀਂ ਕਮਰੇ ਦੀ ਕਿਹੜੀ ਚੀਜ਼'ਤੇ ਨਜ਼ਰਾਂ ਟਿਕਾਈ ਖ਼ਾਮੋਸ਼ ਅੰਤਰ ਧਿਆਨ ਹੋਇਆ ਬੈਠਾ ਸੀ। ਆਪਣੇ ਬਚਪਨ 'ਚ ਪਿਉ ਦੀ ਮੌਤ ਨੂੰ ਛੱਡ ਕੇ ਉਹ ਅੱਜ ਤੱਕ ਕਿਸੇ ਵੀ ਮੌਤ 'ਤੇ ਨਹੀਂ ਸੀ ਰੋਇਆ। ਉਹ ਪਿਉ ਨਾਲ ਬਹੁਤ ਜ਼ਿਆਦਾ ਪਿਆਰ ਮਹਿਸੂਸ ਕਰਦਾ ਸੀ ਅਤੇ ਉਸਦੀ ਮੌਤ ਵੇਲੇ ਉਹ ਇੰਨਾ ਸਮਝਦਾਰ ਹੋ ਗਿਆ ਸੀ ਕਿ ਉਸਨੂੰ ਮੌਤ ਦਾ ਮਤਲਬ ਚੰਗੀ ਤਰ੍ਹਾਂ ਪਤਾ ਲੱਗ ਚੁੱਕਾ ਸੀ। ਉਸਦਾ ਪਿਉ ਉਸ ਨੂੰ ਬਹੁਤ ਪਿਆਰ ਕਰਦਾ ਸੀ ਅਤੇ ਸਾਰਾ ਦਿਨ ਬੀੜੀ ਬਣਾਉਣ ਤੋਂ ਬਾਅਦ, ਸ਼ਾਮੀਂ ਉਸਨੂੰ ਘੁਮਾਉਣ ਜ਼ਰੂਰ ਲੈ ਕੇ ਜਇਆ ਕਰਦਾ ਸੀ। ਸਭ ਤੋਂ ਛੋਟਾ ਹੋਣ ਕਰਕੇ ਉਸਨੂੰ ਇਹ ਸੁਖ ਹਾਸਿਲ ਸੀ। ਘੁੰਮ ਫਿਰ ਕੇ ਜਦੋਂ ਉਹ ਘਰ



ਵਾਪਸ ਆਉਂਦਾ ਤਾਂ ਉਹਦੇ ਕੋਲ ਰੰਗ ਬਰੰਗੇ ਬਾਂਟੇ ਤੇ ਪਤੰਗਾਂ ਹੁੰਦੀਆਂ ਤੇ ਉਸਦੇ ਮੂੰਹ ਅਤੇ ਮੁੱਠੀਆਂ ਵਿਚ ਮਿੱਠੀਆਂ ਗੋਲੀਆਂ ਭਰੀਆਂ ਹੁੰਦੀਆਂ। ਉਸਦੇ ਬਾਕੀ ਭਰਾ ਛੋਟੇ ਜਿਹੇ ਕਮਰੇ 'ਚ ਬੈਠੇ ਬੀੜੀ ਬਣਾਉਂਦੇ ਰਹਿੰਦੇ ਅਤੇ ਉਹ, ਉਹਨਾਂ ਦੀ ਈਰਖਾ ਦਾ ਪਾਤਰ ਬਣਿਆ ਕਮਰੇ ਵਿਚ ਬੈਠ ਕੇ ਪਤੰਗ ਨੂੰ ਡੋਰ ਬੰਨ੍ਹਦਾ ਜਾਂ ਬਾਂਟੇ ਖੇਡਦਾ ਰਹਿੰਦਾ। ਪਿਉ ਦੇ ਮਰਨ ਤੋਂ ਮਗਰੋਂ ਜਿਹੜਾ ਅਨੁਭਵ ਉਸਨੂੰ ਹੋਇਆ, ਉਹ ਕਿਸੇ ਹੋਰ ਮੌਤ ਉੱਤੇ ਨਹੀਂ ਹੋਇਆ। ਬਾਅਦ ਦੇ ਸਾਲਾਂ ਵਿਚ ਮੌਤ ਉਹਦੇ ਲਈ ਨਿਰੰਤਰ ਅਤੇ ਠੰਢੀ ਸਥਿਤੀ ਬਣ ਚੁੱਕੀ ਸੀ। ਜਿਹੜੇ ਇਲਾਕੇ ਵਿਚ ਉਹ ਰਹਿੰਦਾ ਸੀ, ਉੱਤੇ ਪੱਚੀ ਸਾਲ ਬਾਅਦ ਲਗਭਗ ਹਰੇਕ ਬੰਦਾ ਤੰਬਾਕੂ ਅਤੇ ਠੰਢ ਦਾ ਸ਼ਿਕਾਰ ਹੋ ਕੇ ਟੀ.ਬੀ. ਦਾ ਮਰੀਜ਼ ਬਣ ਜਾਂਦਾ ਸੀ। ਬੱਚੇ ਵੀ ਵੱਡੀ ਗਿਣਤੀ 'ਚ ਪੈਦਾ ਹੁੰਦੇ ਸਨ ਅਤੇ ਉਸੇ ਅਨੁਪਾਤ ਚ ਮਰਦੇ ਵੀ ਸਨ। ਦਰਅਸਲ ਮੌਤ ਉਸ ਲਈ ਏਨੀ ਜਾਣੀ-ਪਹਿਚਾਣੀ ਚੀਜ਼ ਸੀ ਕਿ ਅੱਜ ਬੱਚੀ ਦੀ ਮੌਤ ਨੇ ਵੀ ਉਸਦੇ ਉੱਤੇ ਜ਼ਿਆਦਾ ਅਸਰ ਨਹੀਂ ਕੀਤਾ। ਉਸਨੂੰ ਜ਼ਿਆਦਾ ਪ੍ਰੇਸ਼ਾਨੀ ਇਸ ਗੱਲ ਦੀ ਸੀ ਕਿ ਬੱਚੀ ਨੂੰ ਦਫਨ ਕਿਵੇਂ ਕੀਤਾ ਜਾਵੇ। ਅੱਜ ਰਾਤੀਂ ਕਰਫਿਊ ਖੁੱਲ੍ਹਣ ਦਾ ਕੋਈ ਸਬੱਬ ਨਜ਼ਰ ਨਹੀਂ ਸੀ ਆ ਰਿਹਾ। ਕੱਲ੍ਹ ਦੁਪਿਹਰ ਤੱਕ ਵੀ ਕਰਫਿਊ ਖੁੱਲ੍ਹੇਗਾ ਜਾਂ ਨਹੀਂ ਕੋਈ ਨਹੀਂ ਸੀ ਦੱਸ ਸਕਦਾ। ਸਵੇਰੇ-ਸਵੇਰੇ ਜਿਵੇਂ ਉਹਦਾ ਮੁੰਡਾ ਘਰ ਦਾ ਦਰਵਾਜ਼ਾ ਬੰਦ ਕਰਕੇ ਹਵਾ ਵਿਚ ਗਾਲ੍ਹਾਂ ਕੱਢਦਾ ਰਿਹਾ ਸੀ, ਉਸ ਨਾਲ ਉਹ ਸਾਫ਼ ਸਮਝ ਗਿਆ ਸੀ ਕਿ ਬਾਹਰੋਂ ਉਹਨੂੰ ਜ਼ਲੀਲ ਕਰਕੇ ਅੰਦਰ ਭੇਜਿਆ ਗਿਆ ਹੈ। ਜਿਸ ਤਰ੍ਹਾਂ ਦੀ ਸੜੀ ਗਰਮੀ ਪੈ ਰਹੀ ਸੀ ਉਸੇ ਵਿਚ ਲਾਸ਼ ਦੁਪਹਿਰ ਸ਼ੁਰੂ ਹੋਣ ਤੋਂ ਪਹਿਲਾਂ-ਪਹਿਲਾਂ ਹੀ ਦਫ਼ਨ ਹੋਣੀ ਚਾਹੀਦੀ ਏ ਨਹੀਂ ਤਾਂ ਉਹ ਸੜਨ ਅਤੇ ਬਦਬੂ ਮਾਰਨ ਲੱਗ ਪਵੇਗੀ।

ਕਰਫਿਊ ਦਾ ਉਹਨੂੰ ਪੁਰਾਣਾ ਅਨੁਭਵ ਸੀ ਕਿਰਫਿਊ ਦੌਰਾਨ ਕੋਤਵਾਲੀ ਵਿਚ ਇਕ ਮਜਿਸਟ੍ਰੇਟ ਕਰਫਿਊ ਪਾਸ ਬਣਾਉਂਦਾ ਸੀ। ਇਹ ਪਾਸ ਬਣਾਉਣਾ, ਉਹਦੇ ਵਰਗੀ ਹੈਸੀਅਤ ਦੇ ਲੋਕਾਂ ਲਈ ਅਸਾਨ ਕੰਮ ਨਹੀਂ ਸੀ। ਪਿਛਲੇ ਇਕ ਦੋ ਮੌਕਿਆਂ 'ਤੇ ਉਹਨੇ ਪਾਸ ਬਣਵਾਉਣ ਦੀ ਕੋਸ਼ਿਸ਼ ਕੀਤੀ ਅਤੇ ਹਰ ਵਾਰ ਅਸਫ਼ਲ ਹੋ ਕੇ ਮੁੜਿਆ ਸੀ। ਮੁੰਡੇ ਨੂੰ ਕਹਿਣ ਲਈ ਉਸਨੇ ਕਈ ਵਾਰ ਹਿੰਮਤ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ ਪਰ ਹਰ ਵਾਰ ਉਸਦਾ ਮੂੰਹ ਵੇਖ ਕੇ ਚੁੱਪ ਕਰ ਗਿਆ।

ਇਹ ਮੁੰਡਾ ਉਹਦੀ ਸੰਤਾਨ 'ਚ ਦੂਸਰੇ ਨੰਬਰ 'ਤੇ ਸੀ, ਪਰ ਮੁੰਡਿਆਂ 'ਚੋਂ ਪਹਿਲੇ ਨੰਬਰ 'ਤੇ ਹੋਣ ਕਰਕੇ ਵਕਤ ਤੋਂ ਪਹਿਲਾਂ ਜ਼ਿੰਮੇਵਰੀਆਂ ਦੇ ਅਹਿਸਾਸ ਨਾਲ ਬੁੱਢਾ ਹੋ ਗਿਆ ਸੀ। ਵੱਡਾ ਹੋਣ ਦਾ ਅਹਿਸਾਸ ਉਸ ਅੰਦਰ ਏਨਾ ਡੂੰਘਾ ਬੈਠਾ ਹੋਇਆ ਸੀ ਕਿ ਤੇਰਾਂ ਚੌਦ੍ਹਾਂ ਸਾਲ ਦਾ ਹੁੰਦੇ-ਹੁੰਦੇ ਉਹ ਬੀੜੀ ਬਣਾਉਣ ਵਾਲੀ ਮਸ਼ੀਨ ਵਿਚ ਤਬਦੀਲ ਹੋਣਾ ਸ਼ੁਰੂ ਹੋ ਗਿਆ ਸੀ। ਨਾ ਉਸਨੇ ਦੂਸਰੇ ਮੁੰਡਿਆਂ ਵਾਂਗ ਕੈਰਮ ਬੋਰਡ ਅਤੇ ਸ਼ੰਤਰਜ ਖੇਡਣ ਲਈ, ਬਾਹਰ ਗਲੀ ਦੇ ਚਬੂਤਰਿਆਂ 'ਤੇ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਪੰਤਗ ਉਡਾਉਣ ਲਈ ਦਰਿਆ ਦੇ ਕਿਨਾਰੇ ਦੌੜ੍ਹਿਆ। ਉਸਦੀ ਇਸ ਬਹੁਤੀ ਜ਼ਿਮੇਵਾਰੀ ਦੇ ਭਾਵ ਨੇ ਉਸਦੇ ਚਿਹਰੇ ਉੱਤੇ ਗੰਭੀਰਤਾ ਦੀ ਇਕ ਅਜਿਹੀ ਪਰਤ ਚੜ੍ਹਾ ਰੱਖੀ ਸੀ, ਜਿਸਨੂੰ ਉਤਾਰ ਕੇ ਉਸਦੇ ਮਨ ਦੀ ਡੂੰਘਿਆਈ ਦਾ ਅੰਦਾਜ਼ਾ ਲਾਉਣਾ ਬਹੁਤ ਮੁਸ਼ਕਿਲ ਸੀ। ਘਰ ਦਾ ਕੋਈ ਵੀ ਮੈਂਬਰ ਉਸ ਨਾਲ ਅਜਿਹੀ ਗੱਲ ਕਰਨ ਦਾ ਹੌਸਲਾ ਨਹੀਂ ਕਰੇਗਾ। ਅੱਜ ਉਹ ਸਾਰਿਆਂ ਤੋਂ ਚੋਰੀ ਪਿਛਲੇ ਵਿਹੜੇ ਵਿਚ ਰੋ ਆਇਆ ਸੀ। ਇਹ ਗੱਲ ਵੀ ਘਰ ਦੇ ਦੂਜੇ ਮੈਂਬਰਾਂ ਲਈ ਬੜੀ ਹੈਰਾਨੀਜਨਕ ਸੀ। ਜਿਹੜੀ ਬੱਚੀ ਨੂੰ ਕਦੀ ਗੋਦ 'ਚ ਚੁੱਕ ਕੇ ਪਿਆਰ ਤੱਕ ਨਹੀਂ ਸੀ ਕੀਤਾ, ਉਹ ਉਹਦੇ ਲਈ ਰੋਏਗਾ, ਇਹਦੀ

ਕਿਸੇ ਨੂੰ ਵੀ ਉਮੀਦ ਨਹੀਂ ਸੀ। ਫ਼ਿਲਹਾਲ ਰੋਣ ਨਾਲ, ਉਹਦੇ ਚਿਹਰੇ ਦੀ ਕਠੋਰਤਾ ਗ਼ਾਇਬ ਹੋ ਗਈ। ਪਰ ਚਿੰਤਾ ਦੀਆਂ ਰੇਖਾਵਾਂ ਉਹਦੇ ਚਿਹਰੇ 'ਤੇ ਸਾਫ਼ ਨਜ਼ਰ ਆ ਰਹੀਆਂ ਸਨ। ਇਹ ਸ਼ਾਇਦ ਉਹਦੇ ਚਿਹਰੇ ਦੀ ਤਰਲਤਾ ਸੀ, ਜਿਸ ਤੋਂ ਉਤਸ਼ਾਹਿਤ ਹੋ ਕੇ ਉਸਦੇ ਪਿਉ ਨੇ ਉਹਨੂੰ ਕਹਿ ਦਿੱਤਾ,

ਪਾਸ ਬਨਵਾਏ ਜਾਯੇ ਕੇ ਹੈ।

ਕੇ ਜਾਯੇ ??

ਹਮ ਨ ਜਾਬ।

ਕਾਹੇ ?

ਫੇਰ ਓਹੀ ਖਾਮੋਸ਼ੀ, ਜੀਹਦੇ ਨਾਲ ਉਹ ਡਰ ਗਏ। ਪਰ ਇਸ ਵਾਰੀ ਖ਼ਾਮੋਸ਼ੀ ਦੇ ਆਤੰਕ ਨੂੰ ਸਈਦਾ ਨੇ ਤੋੜਿਆ। ਆਮ ਤੌਰ 'ਤੇ ਉਹ ਸੱਸ-ਸਹੁਰੇ ਸਾਹਮਣੇ ਨਹੀਂ ਸੀ ਬੋਲਦੀ। ਸੱਸ-ਸਹੁਰੇ ਸਾਹਮਣੇ ਪਤੀ ਨਾਲ ਬੋਲਣਾ ਤਾਂ ਕਲਪਨਾ ਰਹਿਤ ਸੀ, ਪਰ ਦੁੱਖ ਨੇ ਉਹਨੂੰ ਦੁਨੀਆਦਾਰੀ ਤੋਂ ਪਰ੍ਹਾਂ ਕਰ ਦਿੱਤਾ। ਉਹ ਅਜੇ ਤਕ ਇਸ ਸੋਚ ਵਿਚੋਂ ਨਹੀਂ ਸੀ ਨਿਕਲੀ ਕਿ ਜੇਕਰ ਉਹਦੇ ਪਰਿਵਾਰ 'ਚੋਂ ਕਿਸੇ ਮਰਦ ਨੇ ਹਿੰਮਤ ਵਿਖਾਈ ਹੁੰਦੀ ਅਤੇ ਕਰਫਿਊ 'ਚ ਦਵਾਈ ਲੈ ਆਉਂਦਾ ਤਾਂ ਸ਼ਾਇਦ ਬੱਚੀ ਬਚ ਜਾਂਦੀ। ਹੁਣ ਉਹਦੇ ਪਤੀ ਦੀ ਬੁਜ਼ਦਿਲੀ ਕਾਰਨ ਬੱਚੀ ਦੀ ਲਾਸ਼ ਦੀ ਦੁਰਗਤੀ ਹੋਵੇਗੀ। ਦੁੱਖ ਜਾਂ ਗ਼ੁੱਸੇ ਵਿਚ ਉਹ ਅਕਸਰ ਉੱਚਾ ਬੋਲਣ ਲੱਗ ਪੈਂਦੀ ਸੀ। ਅੱਜ ਤਾਂ ਦੋਵੇਂ ਹੱਦ ਤੋਂ ਪਾਰ ਸਨ। ਉਹਨੇ ਉੱਚੀ ਆਵਾਜ਼'ਚ ਵਿਰਲਾਪ ਕਰਨਾ ਸ਼ੁਰੂ ਕਰ ਦਿੱਤਾ, ਹੇ ਮੌਲਾ, ਮੇਰੀ ਬਿਟਿਆ ਕੋ ਜਿੰਦਾ ਰਹਤੇ ਦਵਾ ਨਹੀਂ ਮਿਲੀ...ਔਰ ਅਬ ਮਰੇ ਕੇ ਬਾਦ ਕਬਰ ਨਾ ਨਸੀਬ ਹੋਗੀ ਕਾ। ਹੇ ਮੌਲਾ ਕਾਹੇ ਇਸ ਅਭਾਗਨ ਬਿਟਿਆ ਕੋ ਇਸ ਘਰ ਮਾ ਭੇਜੇ....

ਸਈਦਾ ਦੇ ਰੋਣ-ਕੁਰਲਾਨ ਨੇ ਸਭ ਤੋਂ ਪਹਿਲਾਂ ਉਸਦੇ ਸਹੁਰੇ ਨੂੰ ਤੋੜਿਆ। ਉਸਦਾ ਬੁੱਢਾ ਸਹੁਰਾ ਇਕ ਧਾਰਮਿਕ ਵਿਅਕਤੀ ਸੀ। ਦੋ ਵਕਤ ਦੀ ਰੋਟੀ ਕਮਾਉਣ ਤੋਂ ਵਿਹਲ ਮਿਲਦੀ ਤਾਂ ਰੋਜ਼ ਨਮਾਜ਼ ਪੜ੍ਹਦਾ। ਇਹ ਕਲਪਨਾ ਉਹਦੀ ਬਰਦਾਸ਼ਤ ਤੋਂ ਬਾਹਰ ਹੋ ਗਈ ਕਿ ਉਹਦੀ ਪੋਤਰੀ ਨੂੰ ਮਜ਼ਹਬੀ ਤਰੀਕੇ ਨਾਲ ਮਿੱਟੀ ਨਹੀਂ ਮਿਲੇਗੀ। ਉਸਨੇ ਘਰ ਦੇ ਬਾਕੀ ਜੀਆਂ ਦੇ ਚਿਹਰਿਆਂ 'ਤੇ ਨਜ਼ਰ ਮਾਰੀ। ਸਾਰੇ ਥੱਕੇ ਹਾਰੇ ਚਿਹਰੇ ਜ਼ਮੀਨ ਉੱਤੇ ਨਜ਼ਰਾਂ ਟਿਕਾਈ ਬੈਠੇ ਸਨ। ਇਕ ਦੂਸਰੇ ਤੋਂ ਅੱਖਾਂ ਚੁਰਾ ਕੇ ਸਈਦਾ ਦੇ ਵਿਰਲਾਪ ਦਾ ਮੁਕਾਬਲਾ ਕਰ ਰਹੇ ਸਨ।

'ਕੌਨ ਸੁਖ ਮਿਲਾ ਰੇ ਮੋਰ ਸੋਨ ਚਿਰੈਯਾ ਕੋ ਈ ਘਰ ਮੇਂ ਆ ਕੇ। ਨ ਢੰਗ ਸੇ ਦੂਧ ਮਿਲਾ, ਨ ਦਵਾ-ਦਾਰੂ। ਅਬ ਕਬਰੋ ਨ ਮਿਲੀ... ਮੋਰੋ ਆਕਾ।'

ਬੁੱਢੇ ਨੂੰ ਘਬਰਾਹਟ ਹੋਣ ਲੱਗੀ। ਉਹਨੇ ਆਪਣੀ ਘਰਵਾਲੀ ਵੱਲ ਵੇਖਿਆ। ਉਸਨੂੰ ਉਮੀਦ ਸੀ ਕਿ ਉਹਦੀ ਘਰਵਾਲੀ ਉਹਨੂੰ ਨੈਤਿਕ ਸ਼ਕਤੀ ਦੇਵੇਗੀ, ਪਰ ਉਸਦੀ ਬੁੱਢੀ ਘਰਵਾਲੀ ਵੀ ਉਸ ਤੋਂ ਅੱਖਾਂ ਚੁਰਾ ਰਹੀ ਸੀ। ਇਕ ਅੱਧੀ ਵਾਰ ਦੋਵਾਂ ਦੀਆਂ ਅੱਖਾਂ ਟਕਰਾਈਆਂ, ਪਰ ਹਰ ਵਾਰ ਬੁੱਢੀ ਜ਼ਮੀਨ ਉਪਰ ਜਾਂ ਸੁੰਞ ਵੱਲ ਵੇਖਣ ਲੱਗ ਪੈਂਦੀ। ਸਮਾਂ ਸੱਤ ਤੋਂ ਥੋੜ੍ਹਾ ਉੱਤੇ ਹੋ ਰਿਹਾ ਸੀ। ਇਸ ਸਾਲ ਪਤਾ ਨਹੀਂ ਕੀ ਪ੍ਰਬੰਧ ਸੀ, ਪਰ ਪਿਛਲੇ ਕਰਫਿਊ ਦੇ ਮੌਕਿਆਂ ਦਾ ਉਹਨੂੰ ਅਨੁਭਵ ਸੀ। ਸਾਢੇ ਸੱਤ, ਅੱਠ ਵਜੇ ਤੋਂ ਬਾਅਦ ਕਰਫਿਊ ਪਾਸ ਬਣਾਉਣ ਵਾਲਾ ਅਫ਼ਸਰ ਆਸਾਨੀ ਨਾਲ ਨਹੀਂ ਸੀ ਮਿਲਦਾ। ਜੇਕਰ ਪਾਸ ਬਣਵਾਉਣਾ ਸੀ ਤਾਂ ਘਰੋਂ ਤੁਰੰਤ ਨਿਕਲਣਾ ਪੈਣਾ ਸੀ। ਉਹ ਕਮਜ਼ੋਰ ਇਰਾਦੇ ਨਾਲ ਲੜਖੜਾਂਦਾ ਹੋਇਆ ਉੱਠਿਆ। ਲਗਾਤਾਰ ਬੈਠੇ ਰਹਿਣ ਕਾਰਨ ਉਹਦਾ ਇਕ ਪੈਰ ਸੁੰਨ ਹੋ ਗਿਆ। ਉਹਨੇ ਹੱਥਾਂ ਨਾਲ ਮਾਲਿਸ਼ ਕਰਕੇ ਅਤੇ ਚੂੰਢੀ ਵੱਢ



ਕੇ ਉਸ ਸੁੱਤੇ ਪੈਰ ਨੂੰ ਜਗਾਇਆ। ਕਿੱਲੀ ਤੋਂ ਕੁੜਤਾ ਲਾਹ ਕੇ ਪਾਇਆ। ਹੌਲੀ-ਹੌਲੀ ਇਕ ਬੀੜੀ ਸੁਲਗਾਈ ਅਤੇ ਝਟਕੇ ਨਾਲ ਬਾਹਰ ਚਲਾ ਗਿਆ।

ਘਰ ਦੇ ਬਾਹਰ ਸੰਘਣਾ ਹਨੇਰਾ ਸ਼ਾਂਤ ਝੀਲ ਦੀ ਤਰ੍ਹਾਂ ਫੈਲਿਆ ਹੋਇਆ ਸੀ, ਜਿਸ ਵਿਚ ਕਦਮ ਰੱਖਦਿਆਂ ਹੀ ਉਹ ਪੂਰੀ ਤਰ੍ਹਾਂ ਡੁੱਬ ਗਿਆ। ਜੀਵਨ ਦਾ ਕੋਈ ਲੱਛਣ ਨਹੀਂ ਸੀ। ਰੋਜ਼ ਇਸ ਵੇਲੇ ਤਕ ਇਹ ਗਲੀ, ਲੋਕਾਂ ਦੀਆਂ ਆਵਾਜ਼ਾਂ ਨਾਲ ਚਹਿਕਦੀ ਰਹਿੰਦੀ ਸੀ। ਇਸ ਵੇਲੇ ਗਲੀ ਵਿਚ ਪੂਰੀ ਤਰ੍ਹਾਂ ਸੰਨਾਟਾ ਸੀ। ਗਲੀ ਵਿਚ ਹੁੰਦੀਆਂ ਮੰਜੀਆਂ ਦੀਆਂ ਕਤਾਰਾਂ ਹੁਣ ਗ਼ਾਇਬ ਸਨ ਅਤੇ ਰੋਜ਼ ਜਿਸ ਗਲੀ 'ਚੋਂ ਅੱਧੀ ਰਾਤ ਤਕ ਬਿਨਾਂ ਕਿਸੇ ਨਾਲ ਟਕਰਾਏ ਲੰਘਣਾ ਮੁਸ਼ਕਿਲ ਹੁੰਦਾ ਸੀ, ਉਹ ਅੱਜ ਕਿਸੇ ਚੌੜੀ ਸੜਕ ਦੀ ਤਰ੍ਹਾਂ ਲੱਗ ਰਹੀ ਸੀ।

ਇਸ ਗਲੀ ਵਿਚ ਰੌਸ਼ਨੀ ਪਹਿਲਾਂ ਹੀ ਨਾਮਾਤਰ ਸੀ ਅਤੇ ਅੱਜ ਤਾਂ ਘਰਾਂ ਦੇ ਦਰਵਾਜ਼ੇ ਬੰਦ ਹੋਣ ਕਰਕੇ ਘਰਾਂ ਵਿਚੋਂ ਗਲੀ ਵਿਚ ਆਉਣ ਵਾਲੀ ਰੋਸ਼ਨੀ ਹੋਰ ਵੀ ਘੱਟ ਆ ਰਹੀ ਸੀ। ਹਨੇਰੇ ਵਿਚ ਹੀ ਉਹ ਇਕ ਪਾਸਿਉਂ ਅੱਗੇ ਵਧਿਆ, ਪਰ ਇਸਦਾ ਉਸ ਨੂੰ ਅੰਦਾਜ਼ਾ ਸੀ। ਬਚਪਨ ਤੋਂ ਹੀ ਉਹ ਇਹਨਾਂ ਗਲੀਆਂ ਵਿਚ ਹੀ ਵੱਡਾ ਹੋਇਆ ਸੀ। ਮਕਾਨ ਜ਼ਰੂਰ ਉਸਨੇ ਦੋ-ਤਿੰਨ ਬਦਲੇ ਸਨ, ਪਰ ਸਾਰੇ ਇਸੇ ਇਲਾਕੇ ਵਿਚ ਹੀ ਸਨ। ਗਲੀਆਂ ਅੰਦਰੇ ਅੰਦਰ ਮੀਲਾਂ ਤੱਕ ਫੈਲੀਆਂ ਹੋਈਆਂ ਸਨ। ਕੋਈ ਬੇਗ਼ਾਨਾ ਇਹਨਾਂ ਵਿਚ ਫਸ ਜਾਵੇ ਤਾਂ ਉਸਨੂੰ ਬਾਹਰ ਨਿਕਲਣ ਵਿਚ ਘੰਟੇ ਲੱਗ ਜਾਣ। ਪਰ ਬੁੱਢੇ ਲਈ ਇਹ ਜਾਣੀ ਪਹਿਚਾਣੀ ਦੁਨੀਆ ਸੀ। ਉਹ ਹਨੇਰੇ ਵਿਚ ਹੀ ਤੈਰ ਕੇ ਜਾ ਸਕਦਾ ਸੀ, ਪਰ ਅੱਜ ਦੀ ਗੱਲ ਕੁਝ ਹੋਰ ਹੀ ਸੀ।

ਅੱਜ ਗਲੀਆਂ ਵਿਚ ਖ਼ੌਫ਼ ਪੈਦਾ ਕਰਨ ਦੀ ਹੱਦ ਤਕ ਸੰਨਾਟਾ ਫੈਲਿਆ ਹੋਇਆ ਸੀ। ਜਿਥੋਂ ਦੋ ਤਿੰਨ ਗਲੀਆਂ ਜੁੜਦੀਆਂ ਜਾਂ ਕੋਈ ਗਲੀ ਸੜਕ 'ਤੇ ਜਾ ਨਿਕਲਦੀ, ਉੱਤੇ ਹੀ ਪੁਲਿਸ ਦੇ ਜਵਾਨ ਇਕੱਠ ਬਣਾ ਕੇ ਖਲੋਤੇ ਜਾਂ ਬੈਠੇ ਸਨ। ਕਦੀ-ਕਦੀ ਸੜਕ 'ਤੇ ਕੋਈ ਵਿਖਾਈ ਦਿੰਦਾ ਤਾਂ ਉਹ ਸੀਟੀ ਵਜਾਉਂਦੇ ਜਾਂ ਸੜਕ ਉੱਤੇ ਡੰਡੇ ਮਾਰ ਕੇ ਉਹਨੂੰ ਗਾਲ੍ਹਾਂ ਕੱਢਦੇ ਹੋਏ ਧਮਕਾਉਂਦੇ। ਪੁਲਿਸ ਵਾਲਿਆਂ ਦੇ ਡਰ ਤੋਂ ਬੁੱਢੇ ਨੂੰ ਕਾਫ਼ੀ ਲੰਬਾ ਚੱਕਰ ਕੱਟਣਾ ਪਿਆ। ਕੋਤਵਾਲੀ ਉਹਦੇ ਘਰ ਤੋਂ ਇਕ ਕਿਲੋਮੀਟਰ ਦੂਰ ਸੀ, ਪਰੰਤੂ ਅੱਜ ਚੱਕਰ ਕੱਟਦਿਆਂ ਉਹਨੂੰ ਜਾਪ ਰਿਹਾ ਸੀ ਕਿ ਇਹ ਫ਼ਾਸਲਾ ਪਤਾ ਨਹੀਂ ਕਿੰਨਾ ਵੱਧ ਗਿਆ ਹੈ। ਪੁਲਿਸ ਵਾਲਿਆਂ ਤੋਂ ਬਚਦਾ ਬਚਾਉਂਦਾ ਉਹ ਕੋਤਵਾਲੀ ਦੇ ਇਕਦਮ ਪਿਛਵਾੜੇ ਪਹੁੰਚ ਗਿਆ ਸੀ ਕਿ ਫੜ੍ਹਿਆ ਗਿਆ।

ਹੋਇਆ ਇਹ ਕਿ ਇਕ ਗਲੀ 'ਚੋਂ ਨਿਕਲ ਕੇ ਉਸਨੇ ਮੇਨ ਸੜਕ'ਤੇ ਆਉਣਾ ਸੀ। ਗਲੀ ਦੇ ਅੰਦਰੋਂ ਸੜਕ ਦਾ ਜਿਹੜਾ ਹਿੱਸਾ ਦਿਖਾਈ ਦੇ ਰਿਹਾ ਸੀ, ਉਹ ਇਕਦਮ ਖ਼ਾਲੀ ਸੀ। ਕੋਈ ਆਵਾਜ਼ ਨਹੀਂ ਸੀ। ਪਰ ਜਿਵੇਂ ਹੀ ਉਹ ਸੜਕ 'ਤੇ ਤਿੰਨ ਚਾਰ ਕਦਮ ਅੱਗੇ ਵਧਿਆ, ਗਾਲ੍ਹਾਂ ਦੀ ਬਰਸਾਤ ਉਹਦੇ ਕੰਨਾਂ 'ਚ ਪਈ। ਉਸਦੇ ਬੁੱਢੇ ਜਿਸਮ ਨੇ ਭੱਜਣ ਦੀ ਬਚਕਾਨਾ ਹਰਕਤ ਕੀਤੀ, ਪਰ ਇਕ ਡੰਡਾ ਉਹਦੇ ਪੈਰਾਂ 'ਤੇ ਵੱਜਾ ਤੇ ਉਹ ਡਿੱਗ ਪਿਆ। ਡਿੱਗਣ 'ਤੇ ਉਸਨੂੰ ਇਹ ਅਹਿਸਾਸ ਹੋਇਆ ਕਿ ਗ਼ਲਤੀ ਕਿੱਥੇ ਹੋਈ। ਬੁੱਢੇ ਨੂੰ ਵੇਖ ਕੇ ਉਹ ਚੇਤੰਨ ਹੋ ਗਏ ਅਤੇ ਉਹਨਾਂ ਵਿਚ ਕਾਰਜ ਕਰਨ ਦੀ ਦਲੇਰੀ ਆ ਗਈ।

ਪਤਾ ਨਹੀਂ ਬੁਢਾਪਾ ਸੀ ਜਾਂ ਆਤੰਕ, ਬੁੱਢਾ ਡਿੱਗਿਆ, ਫੇਰ ਦੇਰ ਤਕ ਨਾ ਉੱਠਿਆ। ਪਸੀਨੇ ਅਤੇ ਥੁੱਕ ਨੇ ਉਹਦੀ ਦਾੜ੍ਹੀ ਗਿੱਲੀ ਕਰ ਦਿੱਤੀ ਅਤੇ ਉਸਦੀਆਂ ਘਬਰਾਈਆਂ ਹੋਈਆਂ ਅੱਖਾਂ ਇਕਦਮ ਸਿਪਾਹੀਆਂ 'ਤੇ ਟਿਕੀਆਂ, ਅਗਲੇ ਡੰਡੇ ਦਾ ਇੰਤਜ਼ਾਰ ਕਰ ਰਹੀਆਂ ਸਨ। ਪਰ

ਅਗਲਾ ਡੰਡਾ ਵੱਜਿਆ ਨਹੀਂ। ਉਸਦੇ ਬੁਢਾਪੇ ਨੇ ਸਿਪਾਹੀਆਂ ਨੂੰ ਦਿਆਲੂ ਕਰ ਦਿੱਤਾ। ਜਿਹੜੇ ਸਿਪਾਹੀ ਨੇ ਡੰਡਾ ਮਾਰਿਆ ਸੀ, ਉਹੋ ਹੀ ਬੋਲਦਾ ਰਿਹਾ। ਬਾਕੀ ਸਾਰੇ ਸੁਸਤੀ ਨਾਲ ਭਰੇ ਬੈਠੇ ਸਨ।

'ਮਾਦਰ ਚੋ... ਇਸ ਕਰਫ਼ਊ ਮੇਂ ਨਿਕਲਨੇ ਕੋ ਕਾ ਡਾਕਟਰ ਬਤਾਏ ਰਹੇ।' ਬੁੱਢਾ ਚੁੱਪ ਰਿਹਾ। ਕੁਝ ਕਹਿਣ ਲਈ ਉਹਦੇ ਬੁੱਲ੍ਹ ਕੰਬੇ, ਪਰ ਗਲੇ 'ਚੋਂ ਗੋਂ ਗੋਂ ਤੋਂ ਇਲਾਵਾ ਕੋਈ ਆਵਾਜ਼ ਨਾ ਨਿਕਲੀ।

'ਬੋਲ ਸਾਲੇ! ਕੋਈ ਬਮ-ਫਮ ਤੋਂ ਨਹੀਂ ਛਿਪਾਏ ਹੈ। ਮੁਸਲੋਂ ਕਾ ਕੋਈ ਭਰੋਸਾ ਨਹੀਂ। ਦੀਵਾਨ ਜੀ, ਜਮਾ ਤਲਾਸ਼ੀ ਲੇ ਲੂੰ ਕਯਾ?'

'ਲੇ ਲੋ, ਲੇਕਿਨ ਪੂਛ ਤੋ ਲੋ ਕਹਾਂ ਜਾ ਰਹਾ ਥਾ?'

'ਬੋਲ ਬੇ, ਕਹਾਂ ਜਾ ਰਹਾ ਥਾ?'

ਬੁੱਢੇ ਨੇ ਬੋਲਣ ਦੀ ਕੋਸ਼ਿਸ਼ ਕੀਤੀ, ਪਰ ਅਜੇ ਵੀ ਉਹਦੀ ਆਵਾਜ਼ ਸਮਝ'ਚ ਆਉਣ ਲਈ ਪੂਰੀ ਤਰ੍ਹਾਂ ਸਾਫ਼ ਨਹੀਂ ਸੀ ਹੋਈ। ਸਿਪਾਹੀ ਨੇ ਉਹਦਾ ਕਾਲਰ ਫੜ ਕੇ ਚੁੱਕ ਲਿਆ। ਬੁੱਢੇ ਨੇ ਦੋਵੇਂ ਹੱਥ ਜੋੜ ਕੇ ਦ੍ਰਿੜ੍ਹਤਾ ਨਾਲ ਕੁਝ ਕਹਿਣ ਦੀ ਕੋਸ਼ਿਸ਼ ਕੀਤੀ, ਪਰ ਘਬਰਾਹਟ ਅਤੇ ਡਰ ਨਾਲ ਨਿਕਲੀ ਆਵਾਜ਼ ਸਿਪਾਹੀਆਂ ਦੀ ਸਮਝ 'ਚ ਨਾ ਆਈ।

'ਬਹਨ ਚੋ... ਬੋਲਤਾ ਹੈ ਜਾਂ ਦੂੰ ਏਕ ਰਹਪਟਾ ਔਰ।' ਸਿਪਾਹੀ ਨੇ ਹੱਥ ਚੁੱਕਿਆ। ਜੁੜੇ ਹੋਏ ਦੋਵੇਂ ਹੱਥ ਬੁੱਢੇ ਨੇ ਆਪਣੇ ਮੂੰਹ ਦੇ ਸਾਹਮਣੇ ਕਰ ਲਏ। ਸਿਪਾਹੀ ਨੇ ਵੀ ਮਾਰਿਆ ਨਾ। ਸਿਰਫ਼ ਧਮਕਾਉਂਦਾ ਰਿਹਾ। ਥੋੜ੍ਹੀ ਦੇਰ ਬਾਅਦ ਬੁੱਢੇ ਦੇ ਬੋਲ ਸਾਫ਼ ਨਿਕਲੇ...

'ਸਰਕਾਰ, ਪਾਸ ਬਨਵਾਏ ਜਾ ਰਹਾ। ਘਰ ਮੇਂ ਮਿੱਟੀ ਪੜੀ ਹੈ। ਨਾਤਿਨ ਗੁਜਰ ਗਈ।'

'ਕਯਾ...?' ਸਿਪਾਹੀ ਥੋੜ੍ਹਾ ਪਿੱਛੇ ਹਟ ਗਿਆ।

'ਝੂਠ ਤੋ ਨਹੀਂ ਬੋਲ ਰਿਹਾ। ਅਭੀ ਘਰ ਚਲ ਕਰ ਦੇਖੇਂਗੇ। ਅਗਰ ਗਲਤ ਨਿਕਲਾ ਤੋਂ ਸਾਲੇ... ਮੇਂ ਡੰਡਾ ਡਾਲ ਦੇਂਗੇ।' ਦੂਸਰੇ ਸਿਪਾਹੀ ਨੇ ਆਖਿਆ।

'ਚਲੋ ਦੇਖ ਲੋ ਸਾਹਬ। ਪਾਸ ਮਾਂ ਘਰ ਹੈ।'

ਇਸ ਟੁਕੜੀ ਦਾ ਨਾਇਕ ਦੀਵਾਨ ਸੰਜੀਦਾ ਆਦਮੀ ਸੀ। ਹੁਣ ਤਕ ਉਹ ਜ਼ਿਆਦਾ ਨਹੀਂ ਸੀ ਬੋਲਿਆ, ਪਰ ਗੱਲ ਲੰਮੀ ਹੁੰਦੀ ਵੇਖ ਕੇ ਉਹਨੇ ਦਖ਼ਲ ਦੇਂਦਿਆਂ ਹੋਏ ਆਖਿਆ...

'ਜਾਨੇ ਦੋ ਭੈਯਾ। ਗਮੀ ਕਿਸੀ ਪਰ ਭੀ ਪੜ ਸਕਤੀ ਹੈ।'

'ਕਟੂਯੋਂ ਕੋ ਬੱਚਾ ਪੈਦਾ ਕਰਨੇ ਕੇ ਅਲਾਵਾ ਔਰ ਕਯਾ ਕਾਮ ਹੈ। ਸਾਲੇ ਚੂਹੇ ਕੇ ਬੱਚੋਂ ਕੀ ਤਰਹ ਪੈਦਾ ਕਰੇਂਗੇ ਔਰ ਮਰੇਂਗੇ। ਛੋੜ ਸਾਲੇ ਕੋ। ਭਾਗ ਬੇ। ਬਿਨਾਂ ਪਾਸ ਲੀਏ ਲੌਟਾ ਤੋਂ ਸਮਝ ਲੇ ਤੇਰੇ ਬਾਪ ਯਹਾਂ ਬੈਠੇ ਹੈਂ। ਭਾਗ...ਜਾ ਭਾਗ।'

ਬੁੱਢਾ ਭੱਜਣ ਦੀ ਸਥਿਤੀ 'ਚ ਨਹੀਂ ਸੀ, ਪਰ ਲੜਖੜਾਉਂਦੇ ਹੋਏ ਕਦਮਾਂ ਅਤੇ ਜਿਸ ਰਫ਼ਤਾਰ ਨਾਲ ਉਹ ਗਿਆ, ਉਹ, ਉਸਦੀ ਉਮਰ ਦੇ ਲਿਹਾਜ ਨਾਲ ਭੱਜਣ ਵਰਗੀ ਹੀ ਸੀ। ਇਕ ਅੱਧੀ ਵਾਰ ਲੜਖੜਾਇਆ, ਡਿੱਗਦਿਆਂ-ਡਿੱਗਦਿਆਂ ਸੰਭਲਿਆ ਅਤੇ ਡਿੱਗਦਿਆਂ ਸੰਭਲਦਿਆਂ ਅੰਤ ਉਹ ਕੋਤਵਾਲੀ ਦੇ ਮੋੜ 'ਤੇ ਪਹੁੰਚ ਹੀ ਗਿਆ।

ਕੋਤਵਾਲੀ 'ਚ ਪਿਛਲੇ ਸਾਲਾਂ ਵਰਗਾ ਹੀ ਦ੍ਰਿਸ਼ ਸੀ। ਬਾਹਰ ਸੜਕ 'ਤੇ ਪੁਲਿਸ, ਪੀ.ਏ.ਸੀ. ਅਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਖੜ੍ਹੀਆਂ ਸਨ। ਪੁਲਿਸ ਦੇ ਜਵਾਨ ਸੜਕ 'ਤੇ ਬੰਦ ਪਈਆਂ ਦੁਕਾਨਾਂ ਦੇ ਚਬੂਤਰਿਆਂ, ਬੈਂਚਾਂ ਅਤੇ ਭੱਠੀਆਂ 'ਤੇ ਬੇਤਰਤੀਬ ਬੈਠੇ ਸਨ। ਕਦੀ-



ਕਦੀ ਵੱਡੇ ਅਫ਼ਸਰ ਦੇ ਆਉਣ 'ਤੇ ਉਹਨਾਂ 'ਚ ਹਲਚਲ ਹੁੰਦੀ, ਪਰ ਫੇਰ ਉਹ ਜਲਦੀ ਹੀ ਥਕਾਨ ਅਤੇ ਸੁਸਤੀ ਦੇ ਮਹਾਸਾਗਰ 'ਚ ਡੁੱਬ ਜਾਂਦੇ। ਇਕ ਨੁੱਕਰ 'ਚ ਬੈਠ ਕੇ ਇਕ ਮਜਿਸਟ੍ਰੇਟ ਔਰਤ ਕਰਫਿਊ ਪਾਸ ਬਣਾ ਰਹੀ ਸੀ। ਉਸਦਾ ਕਮਰਾ ਅਤੇ ਕਮਰੇ ਦੇ ਬਾਹਰ ਵਾਲਾ ਵਿਹੜਾ ਮੱਛੀ ਬਾਜ਼ਾਰ ਦੀ ਤਰ੍ਹਾਂ ਰੌਲੇ ਨਾਲ ਗੂੰਜ ਰਿਹਾ ਸੀ।ਕਮਰੇ ਦੇ ਬਾਹਰ ਅੰਦਰ ਦਲਾਲਾਂ, ਨੇਤਾਵਾਂ, ਪੱਤਰਕਾਰਾਂ ਅਤੇ ਮੁਸੀਬਤ ਨਾਲ ਭਰੇ ਲੋਕਾਂ ਦਾ ਇਕੱਠ ਸੀ। ਪਰੇਸ਼ਾਨ ਲੋਕ, ਇਕ-ਇਕ ਪਾਸ ਲਈ ਤਰਸ ਰਹੇ ਸਨ। ਨੇਤਾ ਅਤੇ ਦਲਾਲ ਲੋਕ ਛੇਤੀ ਛੇਤੀ ਪਾਸ ਲੈ ਕੇ ਆਪਣੇ-ਆਪਣੇ ਚਮਚਿਆਂ ਨੂੰ ਦਿੰਦੇ ਜਾ ਰਹੇ ਸਨ। ਜਿਨ੍ਹਾਂ ਦਾ ਕੋਈ ਜਾਣ-ਪਹਿਚਾਣ ਵਾਲਾ ਨਹੀਂ ਸੀ, ਖਿੜਕੀਆਂ 'ਚ ਲੱਗੀ ਲਾਈਨ ਦੇ ਲੋਕਾਂ ਦੀ ਭੀੜ 'ਚ ਬੁੱਢਾ ਵੀ ਸ਼ਰੀਕ ਹੋ ਗਿਆ।

ਬੁੱਢਾ ਇਸ ਦੇਸ਼ ਦੇ ਅਜਿਹੇ ਬਹੁ-ਸੰਖਿਅਕ ਲੋਕਾਂ ਦੀ ਜਮਾਤ ਦਾ ਹਿੱਸਾ ਸੀ, ਜਿਹਨਾਂ ਲਈ ਮਾਨ ਸਨਮਾਨ ਦਾ ਕੋਈ ਅਰਥ ਨਹੀਂ ਸੀ। ਡਰ ਇਹਨਾਂ ਦੇ ਜੀਵਨ ਦਾ ਅਟੁੱਟ ਹਿੱਸਾ ਬਣ ਗਿਆ ਸੀ। ਜ਼ਿੰਦਗੀ ਭਰ ਬੇਇਜ਼ਤ ਹੁੰਦੇ, ਝਿੜਕਾਂ ਖਾਂਦੇ, ਉਹਨਾਂ ਦਾ ਪੂਰਾ ਕੱਦ ਇਨਸਾਨੀ ਕੱਦ ਤੋਂ ਕਾਫ਼ੀ ਛੋਟਾ ਹੋ ਜਾਂਦਾ ਹੈ। ਬੁੱਢਾ ਵੀ ਵਾਰ-ਵਾਰ ਭੀੜ ਵਿਚ ਧੱਕੇ ਖਾਂਦਾ, ਝਿੜਕਾਂ ਖਾਂਦਾ, ਸੱਜੇ-ਖੱਬੇ ਹੁੰਦਾ ਰਿਹਾ ਅਤੇ ਅਖ਼ੀਰ ਮਜਿਸਟ੍ਰੇਟ ਦੇ ਸਿਰ ਤਕ ਪਹੁੰਚ ਹੀ ਗਿਆ।

'ਨਾਮ? ਨਾਮ ਬੋਲੋ ਜਲਦੀ। ਅਬ ਕਯਾ ਏਕ ਘੰਟਾ ਮੈਂ ਤੁਮ ਸੇ ਨਾਮ ਪੂਛਤੀ ਰਹੂੰਗੀ?' ਮਜਿਸਟ੍ਰੇਟ ਦੀ ਤੇਜ਼ ਆਵਾਜ਼ ਨੇ ਬੁੱਢੇ ਨੂੰ ਹਲੂਣਿਆ।

'ਅਬਦੁਰਸ਼ੀਦ... ਅਬਦੁਲ ਰਸ਼ੀਦ।'

'ਵਜਹ?'

'ਜੀ...!'

'ਜੀ.... ਜੀ ਕਯਾ ਕਰ ਰਹਾ ਹੈ। ਪਾਸ ਲੇਨੇ ਕੀ ਵਜਹ ਕਯਾ ਹੈ?'

'ਪੋਤੀ ਮਰ ਗਈ। ਕਲ੍ਹ ਮਾਟੀ ਦੇਨੀ ਹੈ।'

'ਓਹ... ਕਿਤਨੀ ਉਮਰ ਥੀ ਉਸਕੀ।' ਆਵਾਜ਼ ਪਹਿਲੀ ਵਾਰ ਨਰਮ ਹੋਈ।

ਬੁੱਢੇ ਨੇ ਕੋਈ ਜਵਾਬ ਨਾ ਦਿੱਤਾ। ਮਰੀ ਪੋਤੀ ਦੀ ਉਮਰ ਯਾਦ ਕਰਨ ਦੀ ਉਹਦੀ ਜ਼ਰਾ ਵੀ ਇੱਛਾ ਨਾ ਹੋਈ।

'ਕਿਤਨੇ ਲੋਕ ਜਾਏਂਗੇ?'

'ਸਾਤ... ਆਠ।'

'ਸਾਤ ਆਠ ਕਿਉਂ? ਦੋ ਬਹੁਤ ਹੈ।' ਆਵਾਜ਼ ਫੇਰ ਰੁੱਖੇਪਣ ਅਤੇ ਖਿਝ ਨਾਲ ਭਰ ਗਈ। ਬੁੱਢੀ ਨੇ ਐਸੇ ਮੌਕੇ 'ਤੇ ਓਹੀ ਕੀਤਾ, ਜੋ ਉਸਦੀ ਦੁਨੀਆ ਦੇ ਲੋਕ ਕਰਦੇ ਹਨ। ਪਹਿਲਾਂ ਉਹਨੇ ਬਹਿਸ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ, ਫਿਰ ਗੁੱਸੇ ਹੋਣ 'ਤੇ ਉਹ ਹੌਲੀ ਆਵਾਜ਼ 'ਚ ਮਿੰਨਤਾਂ ਕਰਨ ਲੱਗਾ। ਕੋਈ ਅਸਰ ਨਾ ਹੁੰਦਾ ਵੇਖ ਕੇ ਉਹਨੇ ਮਜਿਸਟ੍ਰੇਟ ਦੇ ਪੈਰ ਫੜ੍ਹਨ ਦੀ ਕੋਸ਼ਿਸ਼ ਕੀਤੀ। ਅਖ਼ੀਰ ਤਿੰਨ ਲੋਕਾਂ ਲਈ ਕੱਲ੍ਹ ਸਵੇਰ ਦਾ ਕਰਫਿਊ ਪਾਸ ਮੁੱਠੀ 'ਚ ਲੈ ਕੇ ਕਮਰੇ ਤੋਂ ਬਾਹਰ ਨਿਕਲ ਆਇਆ।

ਸਾਰੇ ਰਸਤੇ 'ਚ ਉਹਨੂੰ ਦੋ ਤਿੰਨ ਵਾਰ ਟੋਕਿਆ ਗਿਆ। ਦੋ ਤਿੰਨ ਵਾਰ ਪੁਲਿਸ ਵਾਲੇ ਹੀ ਉਹਨੂੰ ਮਿਲੇ, ਪਰ ਕਰਫਿਊ ਪਾਸ ਨੇ ਉਹਦੇ ਮਨ ਅੰਦਰ ਇਕ ਖ਼ਾਸ ਤਰ੍ਹਾਂ ਦਾ ਆਤਮ-ਵਿਸ਼ਵਾਸ ਭਰ ਦਿੱਤਾ ਸੀ। ਇਕ ਅੱਧੀ ਵਾਰ ਜਦੋਂ ਪੁਲਿਸ ਵਾਲਿਆਂ ਨੇ ਕਰਫਿਊ ਪਾਸ ਨੂੰ ਪੁੱਠਾ ਸਿੱਧਾ ਕਰਕੇ ਵੇਖਿਆ, ਪਾਸ ਪਾੜ ਦੇਣ ਦੀ ਧਮਕੀ ਦਿੱਤੀ ਜਾਂ ਸੱਚਮੁੱਚ ਪਾਸ ਨੂੰ ਹਵਾ 'ਚ

ਲਹਿਰਾਅ ਕੇ ਜ਼ਮੀਨ 'ਤੇ ਸੁੱਟ ਦਿੱਤਾ ਤਾਂ ਉਸ ਦਾ ਆਤਮ-ਵਿਸ਼ਵਾਸ ਡੋਲਿਆ ਜ਼ਰੂਰ, ਪਰ ਫਿਰ ਵੀ ਉਹਦੇ ਡਰ ਅਤੇ ਆਤਮ-ਵਿਸ਼ਵਾਸ ਨੇ ਮਿਲ ਕੇ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਕਿ ਉਹ ਹੌਲੀ-ਹੌਲੀ ਕਿਸੇ ਤਰ੍ਹਾਂ ਘਰ ਪਹੁੰਚ ਹੀ ਗਿਆ।

ਘਰ ਛੱਪਰ ਦੇ ਖਲੋਤੇ ਹੋਏ ਪਾਣੀ ਦੀ ਤਰ੍ਹਾਂ ਸੀ। ਉਹਦੇ ਆਉਣ ਨਾਲ ਘਰ ਵਿਚ ਹਲਕੀ-ਹਲਕੀ ਹਲਚਲ ਸ਼ੁਰੂ ਹੋ ਗਈ। ਸਾਰੇ ਵੱਡੇ ਲੋਕ ਜਾਗ ਕੇ ਉਹਦਾ ਇੰਤਜ਼ਾਰ ਕਰ ਰਹੇ ਸਨ। ਪਹਿਲੀ ਵਾਰ ਹੌਲੀ ਜਿਹੀ ਖੜਕਾਉਣ ਨਾਲ ਹੀ ਬੁੱਢੀ ਨੇ ਦਰਵਾਜ਼ਾ ਖੋਲ੍ਹ ਦਿੱਤਾ। ਇਸ ਤਰ੍ਹਾਂ ਲੱਗਿਆ ਜਿਵੇਂ ਉਹ ਦਰਵਾਜ਼ੇ ਨਾਲ ਲੱਗ ਕੇ ਉਹਦਾ ਇੰਤਜ਼ਾਰ ਕਰ ਰਹੀ ਹੋਵੇ। ਉਹਨੂੰ ਗ਼ੁੱਸਾ ਵੀ ਆਇਆ ਕਿ ਬਿਨਾਂ ਨਾਂ-ਪਤਾ ਪੁੱਛੇ ਬੁੱਢੀ ਨੇ ਦਰਵਾਜ਼ਾ ਖੋਲ੍ਹ ਕਿਸ ਤਰ੍ਹਾਂ ਦਿੱਤਾ, ਪਰ ਉਹ ਗ਼ੁੱਸਾ ਪੀ ਗਿਆ।

'ਪਾਸ ਮਿਲਾ ?' ਬੁੱਢੀ ਨੇ ਉਹਨੂੰ ਘਰ ਅੰਦਰ ਵੜਦਿਆਂ ਹੀ ਪੁੱਛਿਆ।

'ਹਾਂ ਮਿਲਾ। ਤੀਨ ਜਨੇ ਜਾਏਂਗੇ। ਸੁਬ੍ਹਾ ਮੌਲਵੀ ਸਾਹਬ ਕਾ ਦੇਖੇ ਕਾ ਪੜੀ।'

'ਬਸ ਤੀਨ ਜਨੀ। ਕੈਸੇ ਕੁਲ ਹੋਈ!' ਸੱਸ ਦੀ ਆਵਾਜ਼ ਸੁਣ ਕੇ ਸਈਦਾ ਚੌਕੰਨੀ ਹੋ ਗਈ। ਉਹ ਗੋਡਿਆਂ 'ਚ ਮੂੰਹ ਦੇ ਕੇ ਬੈਠੀ ਹੋਈ ਸੀ। ਉਹਨੂੰ ਮਹਿਸੂਸ ਹੋਇਆ ਕਿ ਸ਼ਾਇਦ ਉਹਦਾ ਸਹੁਰਾ ਅਸਫ਼ਲ ਹੋ ਕੇ ਮੁੜ ਆਇਆ ਹੈ। ਉਹਨੇ ਫਿਰ ਵਿਰਲਾਪ ਸ਼ੁਰੂ ਕੀਤਾ...

'ਹੇ ਮੌਲਾ, ਹਮਰੀ ਬਿਟੀਆ ਕੇ ਕਾ ਮਾਟੀ ਨਾ ਮਿਲੀ...।'

'ਚੁਪ ਸਾਲੀ ...ਖ਼ੂਬ ਮਿਲੀ ਮਾਟੀ। ਮਨ ਭਰ ਕੇ ਮਾਟੀ ਦੇ ਕਲ।'

ਉਸਦੇ ਪਤੀ ਨੇ ਵਿਚੋਂ ਹੀ ਝਿੜਕਿਆ। ਪੂਰੇ ਘਟਨਾਕ੍ਰਮ 'ਚ ਆਪਣੀ ਪਤਨੀ ਦੇ ਸਾਹਮਣੇ ਡਰਪੋਕ ਸਾਬਤ ਹੋਣ ਦੇ ਅਹਿਸਾਸ ਨੇ ਉਹਨੂੰ ਈਰਖਾ ਦੀ ਹੱਦ ਤਕ ਹਿੰਸਕ ਬਣਾ ਦਿੱਤਾ ਸੀ। ਉਹ ਇੰਨਾ ਖ਼ਾਮੋਸ਼ ਤਬੀਅਤ ਇਨਸਾਨ ਸੀ ਕਿ ਉਹਨੇ ਸ਼ਾਇਦ ਹੀ ਕਦੀ ਆਪਣੀ ਪਤਨੀ ਨਾਲ ਝਗੜਾ ਕੀਤਾ ਹੋਵੇ। ਅੱਜ ਪਤਾ ਨਹੀਂ ਪਤਨੀ ਦੀਆਂ ਅੱਖਾਂ 'ਚ ਡਰਪੋਕ ਸਾਬਤ ਹੋਣ ਦੀ ਸ਼ਰਮ ਸੀ ਜਾਂ ਆਪਣੀ ਮਰੀ ਹੋਈ ਬੱਚੀ ਲਈ ਕੁਝ ਨਾ ਕਰ ਸਕਣ ਦੀ ਬੇਬਸੀ, ਜਿਸ ਨੇ ਉਸ ਹਿੰਸਕ ਬਣਾ ਦਿੱਤਾ ਸੀ। ਜੇ ਸਈਦਾ ਪੂਰੀ ਗੱਲ ਸਮਝ ਕੇ ਚੁੱਪ ਨਾ ਹੋ ਜਾਂਦੀ ਤਾਂ ਸ਼ਾਇਦ ਉਹ ਉਹਨੂੰ ਮਾਰਦਾ ਵੀ।

ਬੁੱਢੇ ਦੇ ਆਉਣ ਤੋਂ ਬਾਅਦ ਸ਼ਾਂਤ ਕਮਰੇ ਵਿਚ ਥੋੜ੍ਹੀ ਦੇਰ ਲਈ ਆਵਾਜ਼ਾਂ ਦੀ ਜਿਹੜੀ ਹਲਚਲ ਹੋਈ ਸੀ, ਉਹ ਛੇਤੀ ਹੀ ਹੌਲੀ-ਹੌਲੀ ਫਿਰ ਖ਼ਾਮੋਸ਼ ਹੋ ਗਈ। ਕਮਰੇ ਦੇ ਮੈਂਬਰ, ਜਿਨ੍ਹਾਂ ਦੇ ਖੜ੍ਹੇ ਹੋਣ ਜਾਂ ਬੈਠਣ ਲਈ ਆਪਣੇ ਢੰਗ ਬਦਲੇ ਸਨ। ਫਿਰ ਦੀਵਾਨਾਂ ਨਾਲ ਪਿੱਠ ਲਾ ਕੇ ਬੈਠ ਗਏ। ਕੇਵਲ ਸਈਦਾ ਦੀ ਸੱਸ ਹੀ ਉੱਠ ਕੇ ਸੰਦੂਕ ਪੁੱਠੇ ਸਿੱਧੇ ਕਰ ਰਹੀ ਸੀ। ਕਾਫ਼ੀ ਮਿਹਨਤ ਕਰਨ ਤੋਂ ਬਾਅਦ ਉਹਨੂੰ ਇਕ ਸਫ਼ੇਦ ਚਾਦਰ ਲੱਭ ਹੀ ਗਈ। ਵਕਤ ਦੀ ਮਾਰ ਨੇ ਚਾਦਰ ਨੂੰ ਘਸਮੈਲਾ ਕਰ ਦਿੱਤਾ ਸੀ, ਪਰ ਸਈਦਾ ਦੀ ਸੱਸ ਨੂੰ ਲੱਗਿਆ ਕਿ ਇਸ ਵਕਤ ਇਸ ਚਾਦਰ ਤੋਂ ਇਲਾਵਾ ਕਫ਼ਨ ਦਾ ਕੰਮ ਦੇਣ ਲਈ ਉਸਨੂੰ ਕੋਈ ਹੋਰ ਕੱਪੜਾ ਨਹੀਂ ਸੀ ਮਿਲ ਸਕਦਾ। ਉਹ ਉਸੇ ਕੱਪੜੇ ਨੂੰ ਕੈਂਚੀ ਨਾਲ ਕੱਟਣ-ਵੱਢਣ ਲੱਗ ਪਈ।

ਰਾਤ ਨੇ ਤਾਂ ਬੀਤਣਾ ਹੀ ਸੀ, ਪਰ ਜਾਗ ਰਹੀਆਂ ਅੱਖਾਂ ਨਾਲ ਇਹ ਕਰਜ਼ ਦੇ ਰੂਪ ਵਿਚ ਅਦਾ ਹੋ ਰਹੀ ਸੀ। ਬੱਚੀ ਦੀ ਲਾਸ਼ ਦੇ ਆਲੇ-ਦੁਆਲੇ ਛੋਟੇ ਬੱਚੇ ਫਰਸ਼ ਉੱਤੇ ਹੀ ਸੌਂ ਗਏ ਸਨ। ਜੇਕਰ ਲਾਸ਼ ਦਾ ਮੂੰਹ ਕੱਪੜੇ ਨਾਲ ਨਾ ਢੱਕਿਆ ਹੁੰਦਾ ਤਾਂ ਉਹ ਵੀ ਨੀਂਦ ਵਿਚ ਡੁੱਬੇ ਇਹਨਾਂ ਬੱਚਿਆਂ ਦੀ ਤਰ੍ਹਾਂ ਹੁੰਦੀ। ਵੱਡਿਆਂ ਦੇ ਢਿੱਡ ਵਿਚ ਸਵੇਰ ਤੋਂ ਬਾਅਦ ਪਾਣੀ ਤੋਂ



ਇਲਾਵਾ ਹੋਰ ਕੁਝ ਨਹੀਂ ਸੀ ਗਿਆ। ਪਾਣੀ ਵੀ ਬਚਤ ਨਾਲ ਵਰਤਿਆ ਸੀ। ਇਸ ਲਈ ਸਾਰਿਆਂ ਦੀਆਂ ਨਾੜਾਂ ਭੁੱਖ ਨਾਲ ਆਕੜੀਆਂ ਹੋਈਆਂ ਸਨ ਅਤੇ ਸਾਰਿਆਂ ਦੇ ਗਲੇ ਪਿਆਸ ਨਾਲ ਸੁੱਕੇ ਪਏ ਸਨ। ਇਹ ਘਰ ਰੋਜ਼ ਕਮਾਉਣ ਅਤੇ ਰੋਜ਼ ਖਾਣ ਵਾਲਿਆਂ ਦਾ ਸੀ। ਕਰਫਿਊ ਲੱਗਣ ਦੇ ਦੂਸਰੇ ਜਾਂ ਤੀਸਰੇ ਦਿਨ ਤੰਗੀ ਕੱਟਣ ਦੀ ਨੌਬਤ ਆ ਜਾਂਦੀ ਸੀ। ਜੇਕਰ ਮੌਤ ਨਾ ਵੀ ਹੁੰਦੀ ਤਾਂ ਵੀ ਸ਼ਾਇਦ ਇਹੋ ਸਥਿਤੀ ਹੁੰਦੀ। ਉਹ ਸਾਰੇ ਅਧਮੋਏ ਕੱਲ੍ਹ ਦੀ ਫ਼ਿਕਰ 'ਚ ਸਨ। ਜੇਕਰ ਕੱਲ੍ਹ ਵੀ ਕਰਫਿਊ ਨਾ ਹਟਿਆ ਤਾਂ ਕੱਲ੍ਹ ਦੂਸਰੇ ਵੇਲੇ ਤਕ ਤੰਗੀ ਕੱਟਣ ਦੀ ਨੌਬਤ ਘਰ ਦੇ ਬੱਚਿਆਂ ਨੂੰ ਵੀ ਆ ਜਾਣੀ ਸੀ।

ਟਿਮਟਿਮਾਉਂਦੇ ਬਲਬ ਦੀ ਰੌਸ਼ਨੀ 'ਚ ਰਾਤ ਬੀਤੀ, ਪਰ ਬਹੁਤ ਹੌਲੀ-ਹੌਲੀ। ਬਾਹਰ ਗਲੀ 'ਚ ਇਕ ਦੋ ਵਾਰ ਪੁਲਿਸ ਵਾਲਿਆਂ ਦੇ ਬੂਟਾਂ ਦਾ ਖੜਾਕ ਹੋਇਆ। ਇਕ ਦੋ ਵਾਰ ਕਿਤੇ ਦੂਰ 'ਹਰ ਹਰ ਮਹਾਦੇਵ' ਜਾਂ 'ਅੱਲ੍ਹਾ ਹੂ ਅਕਬਰ' ਵਰਗੀ ਆਵਾਜ਼ ਸੁਣਾਈ ਦਿੱਤੀ। ਕਮਰੇ ਵਿਚਲੇ ਲੋਕ ਇਕ ਦੂਸਰੇ ਤੋਂ ਅੱਖਾਂ ਚੁਰਾ ਕੇ ਬਹੁਤ ਹੌਲੀ-ਹੌਲੀ ਹਿਲਜੁਲ ਕਰਦੇ ਰਹੇ ਅਤੇ ਰਾਤ ਹੌਲੀ-ਹੌਲੀ ਬੀਤਦੀ ਗਈ।

**(7)**

ਸੜਦੀ ਗਰਮੀ ਵਿਚ ਦੁਪਹਿਰੇ ਤਿੰਨ ਵਜੇ ਬਿਜਲੀ ਚਲੀ ਗਈ ਅਤੇ ਜਲਦੀ ਹੀ ਭਲੇਮਾਣਸਾਂ ਦੇ ਮੱਥਿਆਂ 'ਤੇ ਤਿਊੜੀਆਂ ਪੈਣੀਆਂ ਸ਼ੁਰੂ ਹੋ ਗਈਆਂ। ਕੋਤਵਾਲੀ 'ਚ ਤਿੰਨ ਤਰ੍ਹਾਂ ਦੀ ਭੀੜ ਜਮ੍ਹਾਂ ਸੀ। ਇਕ ਕਮਰੇ 'ਚ ਇਕ ਔਰਤ ਮਜਿਸਟ੍ਰੇਟ ਪਾਸ ਬਣਾ ਰਹੀ ਸੀ। ਉਹਦੇ ਕਮਰੇ 'ਚੋਂ ਇੰਨੀਆਂ ਆਵਾਜ਼ਾਂ ਆ ਰਹੀਆਂ ਸਨ ਕਿ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ। ਲੋਕ ਇਕ ਦੂਸਰੇ ਨਾਲ ਜੁੜੇ ਹੋਏ ਸਨ, ਇਕ ਦੂਸਰੇ ਦੇ ਉਪਰ ਡਿੱਗ ਰਹੇ ਸਨ। ਇਸ ਵਕਤ ਬਿਜਲੀ ਚਲੀ ਗਈ ਅਤੇ ਪੱਖਾ ਬੰਦ ਹੋ ਗਿਆ ਤਾਂ ਪਸੀਨੇ ਅਤੇ ਭੀੜ ਨੇ ਕਮਰੇ ਨੂੰ ਯੁੱਧ ਦੇ ਮੈਦਾਨ 'ਚ ਤਬਦੀਲ ਕਰ ਦਿੱਤਾ ਸੀ।

ਪੱਖਾ ਬੰਦ ਹੁੰਦਿਆਂ ਹੀ ਨਾਲ ਦੇ ਵੱਡੇ ਕਮਰੇ 'ਚ ਬੈਠੇ ਪੱਤਰਕਾਰਾਂ ਨੇ ਦੰਗਿਆਂ ਦੀ ਚਰਚਾ ਛੇੜ ਕੇ ਬਿਜਲੀ ਮਹਿਕਮੇ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਉਹਨਾਂ ਨੂੰ ਜ਼ਿਲ੍ਹੇ ਦੇ ਉੱਚ-ਅਫ਼ਸਰਾਂ ਨੇ ਗੱਲਬਾਤ ਲਈ ਸੱਦਿਆ ਸੀ। ਇਕ ਤਾਂ ਸਾਢੇ ਤਿੰਨ ਵੱਜ ਚੁੱਕੇ ਸਨ ਤੇ ਉੱਚ-ਅਫ਼ਸਰ ਅਜੇ ਤਕ ਗ਼ੈਰਹਾਜ਼ਰ ਸਨ, ਦੂਸਰਾ ਬਿਜਲੀ ਬੰਦ ਹੋ ਗਈ ਸੀ। ਪੱਤਰਕਾਰਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਜਿਹੜੇ ਛੋਟੇ ਅਫ਼ਸਰ ਬੈਠੇ ਹੁਣ ਤੱਕ ਉਹਨਾਂ ਨੂੰ ਰੋਕ ਰਹੇ ਸਨ, ਹੌਲੀ-ਹੌਲੀ ਬਾਹਰ ਖਿਸਕ ਗਏ। ਪੱਤਰਕਾਰਾਂ ਨੇ ਪ੍ਰੈੱਸ ਕਾਨਫਰੰਸ ਦੇ ਬਾਈਕਾਟ ਦੀ ਗੱਲ ਕੀਤੀ ਅਤੇ ਬਿਨਾਂ ਕਿਸੇ ਕਾਹਲੀ ਦੇ ਬੈਠੇ ਰਹੇ। ਅੱਜ ਉਹਨਾਂ ਦਾ ਆਪਣਾ ਮਤਲਬ ਸੀ, ਇਸ ਕਰਕੇ ਜਿੰਨੀ ਦੇਰ ਮਰਜ਼ੀ ਹੋ ਜਾਵੇ, ਉਹ ਉੱਠਣ ਵਾਲੇ ਨਹੀਂ ਸਨ। ਜੇਕਰ ਕੋਈ ਦੂਸਰਾ ਮੌਕਾ ਹੁੰਦਾ ਤਾਂ ਉਹਨਾਂ ਵਿਚੋਂ ਜ਼ਿਆਦਾ ਖਿਸਕ ਗਏ ਹੁੰਦੇ ਅਤੇ ਛੋਟੇ ਅਫ਼ਸਰ ਉਹਨਾਂ ਅੱਗੇ ਤਰਲੇ ਮਿੰਨਤਾਂ ਕਰਦੇ ਰਹਿੰਦੇ।

ਕੋਤਵਾਲੀ ਦੇ ਵਿਹੜੇ ਵਿਚ ਤੀਜੇ ਪਾਸੇ ਅਜਿਹੇ ਲੋਕਾਂ ਦੀ ਭੀੜ ਸੀ, ਜਿਹਨਾਂ ਨੂੰ ਸ਼ਾਂਤੀ ਕਮੇਟੀ ਦੀ ਬੈਠਕ ਲਈ ਬੁਲਾਇਆ ਗਿਆ ਸੀ। ਇਹ ਲੋਕ ਰਾਜਨੀਤਕ, ਸਮਾਜ-ਸੇਵੀ, ਵਪਾਰੀ ਜਾਂ ਡਾਕਟਰ, ਵਕੀਲ ਜਿਹੇ ਕੰਮਾਂ ਨਾਲ ਜੁੜੇ ਹੋਏ ਸਨ, ਜਿਹੜੇ ਹਰ ਸਾਲ ਦੰਗਿਆਂ ਦੇ ਸਮੇਂ ਜਾਂ ਤਿਉਹਾਰ ਵਗੈਰਾ ਦੇ ਮੌਕਿਆਂ 'ਤੇ ਕੋਤਵਾਲੀ ਬੁਲਾਏ ਜਾਂਦੇ ਸਨ। ਇਹਨਾਂ ਲੋਕਾਂ ਦੇ ਚਿਹਰੇ ਅਤੇ ਭਾਸ਼ਣ ਇੰਨੇ ਪੁਰਾਣੇ ਹੋ ਚੁੱਕੇ ਸਨ, ਜੇਕਰ ਕੋਤਵਾਲੀ ਦੀਆਂ ਕੰਧਾਂ ਬੋਲਣਾ

ਜਾਣਦੀਆਂ ਹੁੰਦੀਆਂ ਤਾਂ ਉਹਨਾਂ ਦੇ ਖੜ੍ਹੇ ਹੁੰਦਿਆਂ ਹੀ, ਉਹਨਾਂ ਦਾ ਭਾਸ਼ਣ ਦੁਹਰਾਉਣ ਲੱਗ ਪੈਂਦੀਆਂ। ਇਸ ਸਾਲ ਵੀ ਦੰਗਾ ਸ਼ੁਰੂ ਹੋਣ ਤੋਂ ਪਹਿਲਾਂ ਤਾਂ ਅਫ਼ਸਰਾਂ ਨੇ ਹੁਕਮ ਜਾਰੀ ਕੀਤਾ ਕਿ ਸੜਕਾਂ 'ਤੇ ਪਰਿੰਦਾ ਤਕ ਨਾ ਵਿਖਾਈ ਦੇਵੇ ਅਤੇ ਬਾਹਰ ਨਿਕਲਣ ਵਾਲਿਆਂ ਦੀ ਚਮੜੀ ਉਧੇੜ ਦਿੱਤੀ ਜਾਵੇ। ਬਾਅਦ ਵਿਚ ਜਦੋਂ ਮੰਤਰੀਆਂ ਦੇ ਦੌਰੇ ਸ਼ੁਰੂ ਹੋਏ ਅਤੇ ਇਹ ਸ਼ਿਕਾਇਤ ਕੀਤੀ ਜਾਣ ਲੱਗੀ ਕਿ ਜਨਤਾ ਦਾ ਸਹਿਯੋਗ ਨਹੀਂ ਮਿਲ ਰਿਹਾ ਤਾਂ ਉਹਨਾਂ ਨੇ ਦੇਰ ਰਾਤ ਸ਼ਾਂਤੀ ਕਮੇਟੀ ਦੀ ਬੈਠਕ ਬੁਲਾਉਣ ਦਾ ਫ਼ੈਸਲਾ ਕੀਤਾ। ਸਵੇਰ ਤੋਂ ਦੁਪਹਿਰ ਤਕ ਛੇਤੀ-ਛੇਤੀ ਲੋਕਾਂ ਨੂੰ ਸੂਚਨਾ ਦੇਣ ਲਈ ਸਿਪਾਹੀਆਂ ਨੂੰ ਦੁੜਾਇਆ ਗਿਆ ਅਤੇ ਤਿੰਨ ਵਜੇ ਦੀ ਬੈਠਕ ਲਈ ਸਾਢੇ ਤਿੰਨ ਵਜੇ ਤਕ ਦਸ-ਪੰਦਰਾਂ ਲੋਕ ਇਕੱਠੇ ਹੋ ਗਏ ਸਨ। ਇੱਕਾ-ਦੁੱਕਾ ਲੋਕ ਅਜੇ ਵੀ ਆ ਰਹੇ ਸਨ ਅਤੇ ਆਉਣ ਤੋਂ ਬਾਅਦ ਤਕਰੀਬਨ ਸਾਰੇ ਲੋਕ ਇਕੋ ਕਿੱਸਾ ਹੀ ਸੁਣਾਉਂਦੇ ਰਹੇ ਕਿ ਕਿੰਨੀ ਦੇਰ ਨਾਲ ਉਹਨਾਂ ਨੂੰ ਸੂਚਨਾ ਮਿਲੀ ਅਤੇ ਕਿੰਝ ਉਹਨਾਂ ਨੇ ਫੌਰਨ ਕੁੜਤਾ ਜਾਂ ਪੈਰੀਂ ਚੱਪਲਾਂ ਪਾਈਆਂ ਅਤੇ ਦੌੜੇ ਆਏ। ਅਜਿਹੀਆਂ ਬੈਠਕਾਂ ਕਦੇ ਵੀ ਟਾਇਮ ਸਿਰ ਨਹੀਂ ਸੀ ਸ਼ੁਰੂ ਹੁੰਦੀਆਂ। ਇਸ ਲਈ ਉਮੀਦ ਸੀ ਕਿ ਅਗਲੇ ਇਕ ਅੱਧੇ ਘੰਟੇ ਤਕ ਲੋਕ ਆਉਂਦੇ ਰਹਿਣਗੇ। ਅਫ਼ਸਰਾਂ ਨੇ ਸੋਚਿਆ ਵੀ ਇਹੋ ਸੀ ਕਿ ਪ੍ਰੈੱਸ ਕਾਨਫਰੰਸ ਤੋਂ ਬਾਅਦ ਬੈਠਕ ਸ਼ੁਰੂ ਕਰਾਂਗੇ।

ਬਿਜਲੀ ਜਾਂਦਿਆਂ ਹੀ ਤਿੰਨਾਂ ਗਰੁੱਪਾਂ ਦੇ ਵੱਖੋ-ਵੱਖਰੇ ਲੋਕ ਇਕ ਦੂਸਰੇ 'ਚ ਰਲਮਿਲ ਗਏ। ਪਸੀਨੇ ਅਤੇ ਹੁੰਮਸ ਨਾਲ ਦੁਖੀ ਲੋਕਾਂ ਲਈ ਬਹਿਣਾ ਮੁਸ਼ਕਿਲ ਹੁੰਦਾ ਜਾ ਰਿਹਾ ਸੀ। ਪ੍ਰੈੱਸ ਦੇ ਲੋਕ ਉੱਠੇ ਅਤੇ ਬਾਹਰ ਵਿਹੜੇ 'ਚ ਦੋ ਤਿੰਨ ਗੁੱਟਾਂ ਵਿਚ ਅਲੱਗ ਹੋ ਕੇ ਖੜ੍ਹੇ ਹੋ ਗਏ। ਉਹਨਾਂ ਦੀ ਗੱਲਬਾਤ ਦਾ ਮੁੱਖ ਮੁੱਦਾ ਦੰਗੇ ਦੀ ਸ਼ੁਰੂਆਤ ਦਾ ਕਾਰਨ ਅਤੇ ਦੰਗਿਆਂ 'ਚ ਅਫ਼ਸਰਾਂ ਦੀ ਅਸਫ਼ਲਤਾ ਸੀ।

ਮੁਨਸ਼ੀ ਹਰਪ੍ਰਸ਼ਾਦ ਪੁਰਾਣੇ ਸੁਤੰਤਰਤਾ ਸੰਗਰਾਮੀ ਸੈਨਾਪਤੀ ਸਨ ਅਤੇ ਪਿਛਲੇ ਵੀਹ ਸਾਲਾਂ ਤੋਂ ਰਾਜਧਾਨੀ ਤੋਂ ਛਪਣ ਹੋਣ ਵਾਲੇ ਅੰਗਰੇਜ਼ੀ ਦੈਨਿਕ ਦੇ ਪੱਤਰਕਾਰ ਸਨ। ਸੱਤਰ ਸਾਲ ਦੀ ਉਮਰ ਵਿਚ ਵੀ ਉਹ ਪੂਰੇ ਸਰਗਰਮ ਰਹਿੰਦੇ ਸਨ। ਲੋਕ ਉਹਨਾਂ ਨੂੰ ਛੇੜਦੇ ਤੇ ਉਹ ਹਰ ਵਾਰ ਕੋਈ ਅਜਿਹੀ ਬੇਬਾਕ ਟਿੱਪਣੀ ਲਿਖਦੇ ਸਨ, ਜਿਸ ਨਾਲ ਕੋਈ ਨਾ ਕੋਈ ਘਬਰਾ ਜਾਂਦਾ ਅਤੇ ਬਹੁਤੇ ਲੋਕਾਂ ਲਈ ਆਪਣਾ ਹਾਸਾ ਰੋਕਣਾ ਮੁਸ਼ਕਿਲ ਹੋ ਜਾਂਦਾ। ਅੱਜ ਉਹ ਚੁੱਪ ਸਨ ਅਤੇ ਕਈ ਪੱਤਰਕਾਰਾਂ ਦੇ ਯਤਨ ਕਰਨ 'ਤੇ ਵੀ ਨਾ ਬੋਲੇ।

'ਕਯਾ ਬਾਤ ਹੈ ਮੁੰਸ਼ੀ ਜੀ, ਆਜ ਤਬੀਅਤ ਕੁਛ ਢੀਲੀ ਲਗ ਰਹੀ ਹੈ ?'

'ਤਬੀਅਤ ਸਸੁਰੀ ਕੋ ਕਯਾ ਹੂਆ ਹੈ, ਪਰ..., ਮੁਨਸ਼ੀ ਜੀ ਨੇ ਗੱਲ ਟਾਲਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਲੱਗਿਆ ਕਿ ਨਾ ਬੋਲਣ 'ਤੇ ਛੇੜਖਾਨੀ ਹੋਵੇਗੀ, ਇਸ ਲਈ ਬੋਲ ਪਏ, 'ਮੈਂ ਸੋਚ ਰਹਾ ਥਾ ਕਿ ਯਹ ਸ਼ਾਂਤੀ ਕਮੇਟੀ ਕੇ ਨਾਮ ਪਰ ਜੋ ਸ਼ੰਕਰ ਜੀ ਕੀ ਬਾਰਾਤ ਕੋਤਵਾਲੀ ਮੇਂ ਇਕੱਠੀ ਕੀ ਹੈ, ਅਗਰ ਇਨ ਸਭ ਤੋ ਸੀਸਾ ਮੇਂ ਬੰਦ ਕਰ ਦੀਯਾ ਜਾਏ ਤੋਂ ਸ਼ਹਰ ਮੇਂ ਦੰਗਾ ਅਭੀ ਰੁਕ ਜਾਏ।' ਤਾਜ਼ੇ ਹਾਸੇ ਦਾ ਫੁਹਾਰਾ ਛੁਟਿਆ। ਜਿਹੜੇ ਲੋਕ ਸ਼ਾਂਤੀ ਕਮੇਟੀ ਵਿਚ ਹਿੱਸਾ ਲੈਣ ਲਈ ਵਿਹੜੇ ਵਿਚ ਆਏ ਖਲੋਤੇ ਸਨ, ਉਹਨਾਂ ਨਾ ਸੁਣਨ ਦਾ ਨਾਟਕ ਕੀਤਾ ਅਤੇ ਕੁਝ-ਕੁ ਘਬਰਾ ਵੀ ਗਏ। ਕੁਝ ਜਿਹੜੇ ਜ਼ਿਆਦਾ ਮੋਟੀ ਚਮੜੀ ਵਾਲੇ ਸਨ, ਉਹਨਾਂ ਨੇ ਹੱਸਣ 'ਚ ਸਾਥ ਦਿੱਤਾ।

ਇਸ ਤੋਂ ਬਾਅਦ ਥੋੜ੍ਹੀ ਦੇਰ ਤਕ ਰੌਲਾ ਪੈਂਦਾ ਰਿਹਾ। ਪ੍ਰੈੱਸ ਦੀ ਆਜ਼ਾਦੀ ਤੋਂ ਲੈ ਕੇ ਜਨਤਾ ਦੀ ਪ੍ਰਸ਼ਾਸਨ ਵਿਚ ਹਿੱਸੇਦਾਰੀ ਤਕ ਦੀਆਂ ਸਾਰੀਆਂ ਗੱਲਾਂ ਹੁੰਦੀਆਂ ਰਹੀਆਂ, ਪਰ



ਜਲਦੀ ਹੀ ਮਾਮਲਾ ਸਹਿਜ ਹੋ ਗਿਆ ਅਤੇ ਦੋਵੇਂ ਗਰੁੱਪਾਂ ਦੇ ਲੋਕ, ਇਕ ਦੂਜੇ ਨਾਲ ਵਿਅਕਤੀਗਤ ਮਜ਼ਾਕ ਕਰਨ ਲੱਗ ਪਏ। ਬਹੁਤੇ ਲੋਕ ਇਕ ਦੂਸਰੇ ਨੂੰ ਜਾਣਦੇ ਸਨ ਅਤੇ ਇਕ ਦੂਸਰੇ ਨਾਲ ਮਜ਼ਾਕ ਕਰਨ ਅਤੇ ਹੱਸਣ ਦੇ ਆਦੀ ਸਨ।

ਮੁਨਸ਼ੀ ਜੀ ਦਾ ਮਨ ਫੇਰ ਚਿੰਤਤ ਹੋ ਗਿਆ।ਅੱਜ ਉਹ ਦੰਗਿਆਂ ਤੋਂ ਪ੍ਰਭਾਵਿਤ ਇਲਾਕਿਆਂ ਵਿਚ ਬਹੁਤ ਦੇਰ ਤਕ ਘੁੰਮਦੇ ਰਹੇ ਸਨ ਅਤੇ ਹਿੰਸਾ ਦੇ, ਬਰਬਾਦੀ, ਤਾਂਡਵ ਤੋਂ ਬੁਰੀ ਤਰ੍ਹਾਂ ਪੀੜਤ ਸਨ। ਪੱਤਰਕਾਰਾਂ ਅਤੇ ਕਮੇਟੀ ਦੇ ਲੋਕਾਂ ਵਿਚਕਾਰ ਜਿਹੜੇ ਖੁੱਲ੍ਹੀ ਕਿਸਮ ਦੇ ਮਜਾਕ ਚੱਲ ਰਹੇ ਸਨ, ਉਹਨਾਂ ਨੇ ਮੁਨਸ਼ੀ ਜੀ ਨੂੰ ਹੋਰ ਦੁਖੀ ਕਰ ਦਿੱਤਾ। ਰਾਜਧਾਨੀ ਤੋਂ ਚਾਰ ਪੱਤਰਕਾਰਾਂ ਦਾ ਇਕ ਗਰੁੱਪ ਆਇਆ ਸੀ, ਜਿਹੜਾ ਆਪਣੀ ਪੋਸ਼ਾਕ ਅਤੇ ਕੈਮਰਿਆਂ ਕਾਰਨ ਵੱਖਰਾ ਪਛਾਣਿਆ ਜਾ ਰਿਹਾ ਸੀ। ਸਥਾਨਕ ਪੱਤਰਕਾਰਾਂ ਤੋਂ ਆਪਣੇ ਆਪ ਨੂੰ ਵਿਸ਼ੇਸ਼ ਸਮਝਦਾ ਹੋਇਆ ਇਹ ਗਰੁੱਪ ਅਲੱਗ ਖਲੋਤਾ ਸੀ। ਅੱਜ ਇਹ ਗਰੁੱਪ ਵੀ ਮੁਨਸ਼ੀ ਜੀ ਨਾਲ ਕਰਫਿਊ ਤੋਂ ਪ੍ਰਭਾਵਿਤ ਇਲਾਕਿਆਂ 'ਚ ਗਿਆ ਸੀ। ਮੁਨਸ਼ੀ ਜੀ ਉਦਾਸ ਮਨ ਨਾਲ ਉਹਨਾਂ ਕੋਲ ਚਲੇ ਗਏ।

'ਮੁਨਸ਼ੀ ਜੀ, ਇਟ ਇਜ਼ ਹਾਰੀਬਲ। ਇਤਨੀ ਬੜੀ ਟ੍ਰੈਜਡੀ ਇਸ ਸ਼ਹਰ ਮੇਂ ਘਟੀ ਹੈ, ਫਿਰ ਭੀ ਇਨ ਜਨਰਲਿਸਟੋਂ ਕੀ ਸੈਂਸੇਬਿਲਟੀ ਕੋ ਕਯਾ ਹੋ ਗਯਾ ਹੈ। ਕੈਸੇ ਬੇਸ਼ਰਮ ਹੋ ਕਰ ਹਸ ਰਹੇ ਹੈਂ।'

ਮੁਨਸ਼ੀ ਹਰਪ੍ਰਸਾਦ ਨੇ ਅੱਖਾਂ ਬੰਦ ਕਰਦਿਆਂ ਜੀਨ ਪਹਿਨੀ ਹੋਈ ਕੁੜੀ ਨੂੰ ਬੋਲਦਿਆਂ ਸੁਣਿਆ। ਉਹਨਾਂ ਨੂੰ ਜਾਪਿਆ ਕਿ ਉਹਨਾਂ ਨੂੰ ਉਲਟੀ ਆ ਜਾਏਗੀ। ਅੱਜ ਇਹ ਮੁੰਡੇ-ਕੁੜੀਆਂ ਉਹਨਾਂ ਨਾਲ ਘੁੰਮ ਰਹੇ ਸਨ। ਸੜ੍ਹੇ ਹੋਏ ਮਕਾਨ ਜਾਂ ਉਹਨਾਂ ਦੇ ਮਲਬੇ 'ਚ ਦੱਬੇ ਪਿੰਜਰਾਂ ਨੂੰ ਵੇਖ ਕੇ ਅੰਗਰੇਜ਼ੀ ਵਿਚ ਆਪਣੀ ਤਕਲੀਫ਼ ਬਿਆਨ ਕਰਨ ਵਾਲੇ ਇਹਨਾਂ ਲੋਕਾਂ ਨੇ ਧੁੱਪ ਤੇਜ਼ ਹੋ ਜਾਣ 'ਤੇ ਸੂਚਨਾ ਅਧਿਕਾਰੀ ਦੀ ਜੀਪ ਪਿੱਛੋਂ ਕਰੇਟ ਲਾਹ ਕੇ ਇਕ ਅੱਧ-ਸੜ੍ਹੇ ਮਕਾਨ ਦੇ ਵਿਹੜੇ 'ਚ ਬਹਿ ਕੇ ਠੰਢੀ ਬੀਅਰ ਪੀਤੀ ਸੀ। ਮੁਨਸ਼ੀ ਜੀ ਡਰਾਈਵਰ ਲਾਗੇ ਬੈਠੇ ਗੁੱਸੇ 'ਚ ਹਾਰਨ ਵਜਾਉਂਦੇ ਰਹੇ ਸਨ। ਹੁਣ ਇਸ ਕੁੜੀ ਨੂੰ ਦੂਸਰੇ ਬੇਸ਼ਰਮ ਅਤੇ ਸੰਵੇਦਨਾ ਰਹਿਤ ਜਾਪ ਰਹੇ ਸਨ।

ਕਾਮਰੇਡ ਸੂਰਜਭਾਨ ਮੁਨਸ਼ੀ ਜੀ ਦੀ ਮਨੋਸਥਿਤੀ ਸਮਝ ਗਏ। ਉਹ ਪਿਛਲੇ ਕਈ ਦਹਾਕਿਆਂ ਤੋਂ ਮੁਨਸ਼ੀ ਜੀ ਦੇ ਮਿੱਤਰ ਸਨ। ਉਹਨਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਪਤਾ ਸੀ ਕਿ ਮੁਨਸ਼ੀ ਹਰਪ੍ਰਸਾਦ ਸਿਰਫ਼ ਕਲਮ ਘਸੀਟੂ ਪੱਤਰਕਾਰ ਨਹੀਂ ਹਨ। ਖ਼ਬਰਾਂ ਉਹਨਾਂ ਨੂੰ ਪ੍ਰਭਾਵਿਤ ਕਰਦੀਆਂ ਸਨ ਅਤੇ ਅਕਸਰ ਖ਼ਬਰਾਂ ਇਕੱਠੀਆਂ ਕਰਦੇ-ਕਰਦੇ, ਉਹ ਖ਼ੁਦ ਉਹਨਾਂ ਦਾ ਹਿੱਸਾ ਬਣ ਜਾਂਦੇ ਸਨ। ਉਹਨਾਂ ਨੇ ਮੁਨਸ਼ੀ ਜੀ ਕੋਲ ਜਾ ਕੇ ਨਰਮੀ ਨਾਲ ਉਹਨਾਂ ਦਾ ਹੱਥ ਫੜ੍ਹਿਆ ਅਤੇ ਉਹਨਾਂ ਨੂੰ ਦੂਸਰੀ ਨੁੱਕਰ 'ਚ ਲੈ ਗਏ।

ਵਿਹੜੇ ਦੇ ਇਕ ਪਾਸਿਉਂ ਜ਼ੋਰ-ਜ਼ੋਰ ਨਾਲ ਬੋਲਣ ਦੀਆਂ ਆਵਾਜ਼ਾਂ ਆਉਣ 'ਤੇ ਲੋਕਾਂ ਦਾ ਧਿਆਨ ਉਧਰ ਕੇਂਦਰਿਤ ਹੋ ਗਿਆ। ਲਾਲਾ ਰਾਧੇ ਲਾਲ, ਜੋ ਕਿ ਖੇਮ ਚੰਦ ਜੁਗਲ ਕਿਸ਼ੋਰ ਫਰਮ ਦੇ ਮਾਲਕ ਸਨ, ਖਿਝਾਏ ਜਾਣ ਤੇ ਜ਼ਖ਼ਮੀ ਸੱਪ ਦੀ ਤਰ੍ਹਾਂ ਫੁੰਕਾਰ ਰਹੇ ਸਨ।

'ਠੀਕ ਹੈ ਦੰਗੇ ਮੇਂ ਅਨਾਜ ਕੀ ਕੀਮਤੇਂ ਬੜੇਂਗੀ ਤੋ ਮੇਰਾ ਫਾਇਦਾ ਹੋ ਜਾਏਗਾ। ਲੇਕਿਨ ਫਾਇਦਾ ਕਿਸੇ ਕਾਟਤਾ ਹੈ।ਮੈਂ ਇਤਨਾ ਪਤਿਤ ਤੋਂ ਨਹੀਂ ਹੂੰ ਕਿ ਅਪਨੀ ਬਿਕਰੀ ਬੜਾਨੇ ਕੇ ਲੀਏ ਖ਼ੁਦ ਦੰਗਾ ਕਰਾ ਦੂੰ।ਆਪ ਤੋਂ ਸ਼ਰਮਾ ਜੀ ਯੇਹ ਭੀ ਕਰਾ ਸਕਤੇ ਹੈਂ।ਆਪਕੋ ਪਾਕਿਸਤਾਨ ਔਰ ਮੁਸਲਿਮ ਲੀਗ ਕੇ ਝੰਡੋਂ ਮੇਂ ਫ਼ਰਕ ਨਹੀਂ ਮਾਲੂਮ ਹੈ ? ਯੇਹ ਭੀ ਆਪ ਕੋ ਮਾਲੂਮ ਹੈ, ਖ਼ੁਲਦਾਬਾਦ ਕੀ ਮਸਜਿਦ ਕੀ ਬਗਲ ਮੇਂ ਮੁਸਲਿਮ ਲੀਗ ਦਾ ਦਫ਼ਤਰ ਹੈ। ਫਿਰ ਭੀ ਆਪਨੇ

ਮੁਸਲਿਮ ਲੀਗ ਕੇ ਦਫ਼ਤਰ ਪਰ ਫਰਹਨੇ ਵਾਲੇ ਝੰਡੇ ਕੀ ਤਸਵੀਰ ਛਾਪਕਰ ਕੈਪਸ਼ਨ ਯਹ ਦਿਯਾ ਕਿ ਮਸਜਿਦ ਪਰ ਪਾਕਿਸਤਾਨੀ ਝੰਡਾ ਫਰਹਾਯਾ ਗਯਾ ਹੈ। ਅਬ ਬਤਾਈਏ ਦੰਗਾ ਆਪ ਕਰਾ ਰਹੇ ਹੈਂ ਕਿ ਮੈਂ ?'

'ਲੇਕਿਨ ਗੁਰੂ, ਦੰਗਾ ਸ਼ੁਰੂ ਹੋਨੇ ਪਰ ਫਾਇਦਾ ਤੋ ਤੁਮ ਹੀ ਕਮਾਓਗੇ।'

'ਹਾਂ! ਅਬ ਜਨਤਾ ਸਾਲੀ ਚੂਤੀਆ ਹੈ। ਦੰਗਾ ਕਰਾਤੀ ਹੈ ਤੋਂ ਚਾਰ ਪੈਸੇ ਹਮ ਭੀ ਕਮਾ ਲੇਤੇ ਹੈਂ।'

ਲੋਕ ਹੱਸੇ ਅਤੇ ਫਿਰ ਆਪਣੇ ਹੀ ਤਰ੍ਹਾਂ ਦੇ ਮਖ਼ੌਲ ਕਰਨ ਲੱਗ ਪਏ, ਜਿਸ ਨਾਲ ਵਾਤਾਵਰਨ ਦਾ ਤਣਾਓ ਘਟਣ ਲੱਗਾ।

ਇਹਨਾਂ ਦੋਨਾਂ ਤਰ੍ਹਾਂ ਦੀ ਭੀੜ ਤੋਂ ਇਲਾਵਾ ਤੀਸਰੀ ਕਿਸਮ ਦੀ ਭੀੜ ਉਹ ਸੀ, ਜਿਹੜੀ ਬਿਜਲੀ ਬੰਦ ਹੋਣ ਦੇ ਬਾਵਜੂਦ ਵੀ ਕਮਰੇ ਵਿਚੋਂ ਨਹੀਂ ਸੀ ਨਿਕਲਣਾ ਚਾਹੁੰਦੀ। ਇਹ ਭੀੜ ਕਰਫਿਊ ਪਾਸ ਬਣਵਾਉਣ ਵਾਲਿਆਂ ਦੀ ਸੀ। ਜਿਹੜੀ ਇਕ ਛੋਟੇ ਜਿਹੇ ਕਮਰੇ ਵਿਚ ਇਕ ਔਰਤ ਮਜਿਸਟ੍ਰੇਟ ਅਤੇ ਦੋ ਤਿੰਨ ਕਰਮਚਾਰੀਆਂ ਨਾਲ ਉਲਝੀ ਹੋਈ ਸੀ। ਮਜਿਸਟ੍ਰੇਟ ਇਕ ਨੌਜਵਾਨ ਕੁੜੀ ਸੀ, ਜਿਹੜੀ ਅਜੇ ਨਵੀਂ ਨਵੀਂ ਨੌਕਰੀ ਵਿਚ ਆਈ ਸੀ। ਨਹੀਂ ਹੋਣ ਦੇ ਕਾਰਨ ਅਜੇ ਉਹ ਆਪਣੇ ਦੂਸਰੇ ਸਹਿਯੋਗੀ ਅਫ਼ਸਰਾਂ ਦੀ ਤਰ੍ਹਾਂ ਸੰਵੇਦਨਾ ਰਹਿਤ ਨਹੀਂ ਸੀ ਹੋਈ। ਅਜੇ ਤਕ ਉਹਦੇ ਮਨ 'ਚ ਥੋੜ੍ਹਾ ਬਹੁਤ ਆਦਰਸ਼ਵਾਦ ਬਾਕੀ ਸੀ। ਉਹ ਥੋੜ੍ਹਾ ਕੰਮ ਕਰਨਾ ਚਾਹੁੰਦੀ ਸੀ ਅਤੇ ਜਨਤਾ ਉਹਦੇ ਲਈ ਅਜੇ ਪੂਰੀ ਤਰ੍ਹਾਂ ( ?) ਚੀਜ਼ ਨਹੀਂ ਸੀ ਹੋਈ। ਇਸ ਲਈ ਪਸੀਨੇ ਨਾਲ ਪੂਰੀ ਤਰ੍ਹਾਂ ਭਿੱਜੀ ਹੋਈ ਵੀ ਉਹ ਕੰਮ ਕਰ ਰਹੀ ਸੀ। ਕਦੇ-ਕਦੇ ਉਹ ਖਿਝ ਜ਼ਰੂਰ ਜਾਂਦੀ ਸੀ, ਪਰ ਉਹਦੀਆਂ ਉਂਗਲਾਂ ਨਹੀਂ ਸਨ ਰੁਕੀਆਂ। ਉਸਦੇ ਸਟਾਫ਼ ਨੇ ਇਕ ਦੋ ਵਾਰੀ ਗਰਮੀ ਜਾਂ ਹੁੰਮਸ ਨਾਲ ਬਹਾਨੇਬਾਜ਼ੀ ਜ਼ਰੂਰ ਕੀਤੀ, ਪਰ ਮਜਿਸਟ੍ਰੇਟ ਦੀ ਬੇਰੁਖ਼ੀ ਕਾਰਨ ਉਹਨਾਂ ਨੂੰ ਬਾਹਰ ਜਾਣ ਦਾ ਮੌਕਾ ਨਾ ਮਿਲਿਆ।

ਸ਼ਾਂਤੀ ਕਮੇਟੀ 'ਚ ਆਏ ਲੋਕਾਂ ਵਿਚੋਂ ਕੁਝ ਨੇਤਾ ਸਨ। ਮਿਊਂਸਪੈਲਿਟੀ ਦੀ ਚੋਣ ਨੇੜੇ ਸੀ।ਬਾਹਰ ਆਉਣ 'ਤੇ ਉਹਨਾਂ ਨੂੰ ਪਾਸ ਬਣਵਾਉਣ ਵਾਲਿਆਂ 'ਚ ਆਪੋ-ਆਪਣੇ ਵੋਟ ਨਜ਼ਰ ਆ ਗਏ। ਉਹਨਾਂ ਨੇ ਆਪਣੀਆਂ-ਆਪਣੀਆਂ ਵੋਟਾਂ ਫੜ੍ਹੀਆਂ ਤੇ ਉਹਨਾਂ ਦੇ ਪਾਸ ਬਣਾਉਣ 'ਚ ਜੁਟ ਗਏ। ਉਹਨਾਂ ਦੇ ਆਉਣ ਕਰਕੇ ਸਾਰਾ ਪ੍ਰਬੰਧ ਵਿਗੜ ਗਿਆ।ਮਜਿਸਟ੍ਰੇਟ ਦੀ ਆਵਾਜ਼ ਖਿਝ ਨਾਲ ਭਰ ਗਈ। ਇਕ ਦੂਜੇ ਨੂੰ ਧੱਕੇ ਮਾਰਦੇ ਅਤੇ ਰੌਲਾ ਪਾਉਂਦੇ ਨੇਤਾਵਾਂ ਨੂੰ ਵੇਖ ਕੇ ਉਹਨੂੰ ਅਹਿਸਾਸ ਹੋਇਆ ਕਿ ਕਮਰੇ 'ਚ ਹੁੰਮਸ ਵੱਧ ਗਿਆ ਹੈ। ਉਹਨੇ ਅਚਾਨਕ ਆਪਣੀਆਂ ਫ਼ਾਈਲਾਂ ਬੰਦ ਕਰ ਦਿੱਤੀਆਂ ਅਤੇ ਆਖਿਆ ਕਿ ਬਿਜਲੀ ਆਉਣ 'ਤੇ ਹੀ ਕੰਮ ਹੋਵੇਗਾ। ਉਸਦੇ ਕਰਮਚਾਰੀਆਂ ਨੂੰ ਮੌਕਾ ਲੱਭਾ ਤੇ ਉਹ ਉਸੇ ਵੇਲੇ ਕਮਰੇ ਵਿਚੋਂ ਦੌੜ ਗਏ।

ਮਜਿਸਟ੍ਰੇਟ ਦੇ ਔਰਤ ਹੋਣ ਕਰਕੇ ਪਹਿਲਾਂ ਤਾਂ ਨੇਤਾ ਲੋਕ ਹੈਰਾਨ ਹੋਏ, ਪਰ ਫੇਰ ਇਕਦਮ ਰੌਲਾ ਪੈਣਾ ਸ਼ੁਰੂ ਹੋ ਗਿਆ।

'ਅਫ਼ਸਰਸ਼ਾਹੀ ਨੇ ਦੇਸ ਬਰਬਾਦ ਕਰ ਦੀਯਾ ਸਾਹਬ। ਪਹਲੇ ਦੰਗਾ ਕਰਵਾਤੇ ਹੈਂ, ਫਿਰ ਜਨਤਾ ਕੇ ਸਾਥ ਜਾਨਵਰੋਂ ਕੀ ਤਰਹ ਪੇਸ਼ ਆਤੇ ਹੈਂ।'

'ਅਜੀ ਦੰਗਾ ਹੋ ਤੋ ਇਨਕੀ ਇਨਕਮ ਤੋ ਔਰ ਬੜ ਜਾਤੀ ਹੈ। ਬਾਂਟੀਏ ਰੀਲੀਫ਼, ਕਮਾਈਏ ਪੈਸਾ। ਹਮੇਂ ਨਹੀਂ ਪਤਾ ਯਹ ਕਲ ਸੇ ਜੋ ਦੂਧ ਬਟ ਰਹਾ ਹੈ, ਇਸਕੀ ਮਲਾਈ ਕਹਾਂ ਜਾ ਰਹੀ ਹੈ।'



'ਅਰੇ ਯਹੀਂ ਦੀਜੀਏ ਸੌ ਰੁਪਯਾ ਏਕ ਪਾਸ ਕਾ, ਸਬ ਬਨ ਜਾਏਗਾ, ਬਿਜਲੀ ਰਹੇ ਨਾ ਰਹੇ।'

'ਕਯਾ, ਕਯਾ ਕਹਾ, ਮੈਂ ਪੈਸੇ ਮਾਂਗ ਰਹੀ ਹੂੰ, ਮਜਿਸਟ੍ਰੇਟ ਦਾ ਚਿਹਰਾ ਗ਼ੁੱਸੇ ਨਾਲ ਲਾਲ ਹੋ ਗਿਆ। ਉਹ ਕੁਝ ਹੋਰ ਵੀ ਆਖਣਾ ਚਾਹੁੰਦਾ ਸੀ, ਪਰ ਉਸਦੀ ਆਵਾਜ਼ ਰੁਕ ਗਈ।ਉਸਦੇ ਚਪੜਾਸੀ ਅਤੇ ਕਰਮਚਾਰੀਆਂ ਨੇ ਇਕ ਦੋ ਪੁਲੀਸ ਸਿਪਾਹੀ ਬੁਲਾਏ ਅਤੇ ਉਹਨਾਂ ਦੀ ਮਦਦ ਨਾਲ ਉਹ ਉਹਨੂੰ ਨਾਲ ਵਾਲੇ ਕਮਰੇ 'ਚ ਲੈ ਗਏ।

ਮਜਿਸਟ੍ਰੇਟ ਨਵੀਂ ਸੀ, ਇਸ ਲਈ ਉਹਨੂੰ ਅਜਿਹੀ ਸਥਿਤੀ ਸਹਿਣ ਕਰਨ ਦੀ ਆਦਤ ਨਹੀਂ ਸੀ। ਨੇਤਾ ਲੋਕ ਪੁਰਾਣੇ ਸਨ, ਉਹਨਾਂ ਨੂੰ ਪਤਾ ਸੀ ਕਿ ਭੀੜ ਬਣ ਕੇ ਕਿਸ ਤਰ੍ਹਾਂ ਅਫ਼ਸਰਾਂ ਨੂੰ ਦਬਾਇਆ ਜਾ ਸਕਦਾ ਹੈ। ਇਹਨਾਂ ਦੋਨਾਂ ਵਿਚਕਾਰ ਦੁਖੀ ਅਤੇ ਪ੍ਰੇਸ਼ਾਨ ਲੋਕਾਂ ਦਾ ਸਮੂਹ ਸੀ, ਜਿਹਨਾਂ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਕਰਫਿਊ ਪਾਸ ਕਦੋਂ ਮਿਲੇਗਾ। ਇਹਨਾਂ ਵਿਚੋਂ ਕਿਸੇ ਦਾ ਬੱਚਾ ਬੀਮਾਰ ਸੀ, ਕਿਸੇ ਨੇ ਸਟੇਸ਼ਨ ਤੇ ਜਾਣਾ ਸੀ। ਇਹ ਲੋਕ ਕਮਰੇ ਵਿਚ ਇਧਰ-ਉਧਰ ਖਿੰਡ ਕੇ ਬੈਠ ਗਏ। ਇੰਤਜ਼ਾਰ ਤੋਂ ਇਲਾਵਾ ਉਹਨਾਂ ਕੋਲ ਹੋਰ ਹੋਰ ਕੋਈ ਹੱਲ ਨਹੀਂ ਸੀ।

'ਐਕਸਕਿਊਜ਼ ਮੀਂ, ਮੁੰਸ਼ੀ ਜੀ ਯਹ ਝੰਡੇ ਕਾ ਕਯਾ ਮਾਮਲਾ ਹੈ ?' ਦਿਲੀਓਂ ਆਏ ਪ੍ਰੈੱਸ ਦੇ ਮੁੰਡੇ ਕੁੜੀਆਂ ਨੇ ਮੁੰਸ਼ੀ ਜੀ ਨੂੰ ਘੇਰ ਲਿਆ।

'ਝੰਡਾ, ਕੈਸਾ ਝੰਡਾ ?' ਮੁਨਸ਼ੀ ਜੀ ਨੇ ਟਾਲਣ ਦੀ ਕੋਸ਼ਿਸ਼ ਕੀਤੀ।

'ਅਭੀ ਕੋਈ ਕਹ ਰਹਾ ਥਾ ਕਿ ਯਹਾਂ ਲੋਕਲ ਪ੍ਰੈੱਸ ਨੇ ਮੁਸਲਿਮ ਲੀਗ ਕੇ ਝੰਡੇ ਕੋ ਪਾਕਿਸਤਾਨੀ ਝੰਡਾ ਬਨਾ ਕਰ ਛਾਪ ਦੀਯਾ ਥਾ।'

ਮੁਨਸ਼ੀ ਜੀ ਸਥਾਨਕ ਵਿਵਾਦ 'ਚ ਨਹੀਂ ਸਨ ਪੈਣਾ ਚਾਹੁੰਦੇ, ਇਸ ਕਰਕੇ ਜਵਾਬ ਦਿੱਤਾ ਕਾਮਰੇਡ ਸੁਰਜਭਾਨ ਨੇ, 'ਭਾਈ ਮੁਆਫ਼ ਕੀਜੀਏਗਾ, ਮੁਝੇ ਆਪਕਾ ਨਾਮ ਨਹੀਂ ਮਾਲੂਮ, ਲੇਕਿਨ ਆਪ ਲੋਗ ਹਮੇਸ਼ਾ ਐਸੀ ਖ਼ਬਰੇ ਛਾਪਤੇ ਹੈਂ, ਜਿਨ ਸੇ ਐਸਾ ਲਗਤਾ ਹੈ ਕਿ ਹਿੰਦੂਓਂ ਕਾ ਕਤਲੇਆਮ ਹੋ ਰਹਾ ਹੈ। ਅਗਰ ਮੁਸਲਮਾਨ ਪੀ.ਏ.ਸੀ. ਕੀ ਜਯਾਦਤੀ ਕੀ ਸ਼ਿਕਾਯਤ ਕਰਤੇ ਹੈਂ ਤੋ ਆਪਕੋ ਵਹ ਦੇਸ਼ ਧ੍ਰੋਹ ਨਜ਼ਰ ਆਨੇ ਲਗਤਾ ਹੈ। ਲੇਕਿਨ ਪ੍ਰੈਸ ਵਾਲੇ ਆਪ ਕੇ ਛੋਟੇ ਭਾਈ ਹੈਂ। ਮਸਜਿਦ ਕੇ ਬਗਲ ਮੇਂ ਮੁਸਲਿਮ ਲੀਗ ਕੇ ਦਫ਼ਤਰ ਪਰ ਉਸਕਾ ਝੰਡਾ ਫਹਰਾ ਰਹਾ ਥਾ। ਥੋੜ੍ਹੀ ਸੀ ਟ੍ਰਿਕ ਫੋਟੋਗ੍ਰਾਫ਼ੀ ਸੇ ਝੰਡਾ ਮਸਜਿਦ ਪਰ ਪਹੁੰਚ ਗਯਾ। ਨੀਚੇ ਯਹ ਕੈਪਸ਼ਨ ਦੇਨੇ ਮੇਂ ਉਨਕਾ ਕਯਾ ਜਾਤਾ ਹੈ ਕਿ ਝੰਡਾ ਪਾਕਿਸਤਾਨੀ ਹੈ। ਅਬ ਇਸ ਬਾਤ ਸੇ ਅਗਰ ਸ਼ਹਰ ਕਾ ਤਨਾਵ ਕੁਛ ਬੜ ਗਯਾ ਹੋ, ਅਖ਼ਬਾਰ ਵਾਲੋਂ ਕੀ ਸੇਹਤ ਪਰ ਕਯਾ ਫ਼ਰਕ ਪੜਤਾ ਹੈ। ਦਿੱਲੀ ਸੇ ਲਖਨਊ ਤਕ ਅਖਬਾਰੋਂ ਕੇ ਦਫ਼ਤਰੋਂ ਮੇਂ ਜਯਾਦਾਤਰ ਪੈਂਟ ਕੇ ਨੀਚੇ ਹਾਫ਼-ਪੈਂਟ ਪਹਨਨੇ ਵਾਲੇ ਲੋਗ ਹੈਂ।'

ਮੁਨਸ਼ੀ ਹਰਪ੍ਰਸਾਦ ਨੇ ਕਾਮਰੇਡ ਸੁਰਜਭਾਨ ਦਾ ਹੱਥ ਘੁੱਟਿਆ ਅਤੇ ਉਹਨੂੰ ਇਕ ਨੁੱਕਰ 'ਚ ਲੈ ਗਏ। ਰਾਜਧਾਨੀ ਵਾਲੇ ਉਸਦੇ ਹਮਲੇ ਤੋਂ ਕੁਝ ਹੈਰਾਨ ਹੋਏ। ਉਹ ਜਵਾਬ ਦੇਣਾ ਚਾਹੁੰਦੇ ਸਨ, ਪਰ ਕਾਮਰੇਡ ਦੇ ਚਲੇ ਜਾਣ 'ਤੇ ਘਬਰਾ ਗਏ।

ਬਿਜਲੀ ਅਤੇ ਉੱਚ-ਅਫ਼ਸਰ ਇਕੱਠੇ ਹੀ ਆਏ। ਇਕ ਕਮਰੇ ਵਿਚ ਪ੍ਰੈੱਸ ਕਾਨਫਰੰਸ ਸ਼ੁਰੂ ਹੋਈ।

'ਮਰਨੇ ਵਾਲੋਂ ਕਾ ਟੋਟਲ ਕਿਤਨਾ ਪਹੁੰਚਾ ?'

'ਸਤਰਹ।'

'ਨਹਰ ਮੇਂ ਕਿਤਨੇ ਬਹਾ ਦੀਏ ਗਯੇ ?'

....

'ਮਰਨੇ ਵਾਲੋਂ ਕੀ ਗਿਨਤੀ ਕੈਸੇ ਕਰਤੇ ਹੈਂ ?'

'ਮਾਰਚਰੀ ਮੇਂ ਪੋਸਟਮਾਰਟਮ ਕੇ ਲੀਏ ਕਿਤਨੀ ਡੈਡ ਬਾਡੀਜ਼ ਪਹੁੰਚਤੀ ਹੈਂ..।'

'ਪਰ ਜੋ ਪਹੁੰਚ ਹੀ ਨਹੀਂ ਪਾਈਂ। ਜਿਨਹੇ ਨਹਰ ਮੇਂ ਬਹਾ ਦੀਯਾ ਗਯਾ, ਉਨਕਾ...।'

ਠੰਢੇ ਦੀਆਂ ਬੋਤਲਾਂ, ਬਰਫ਼ੀ ਅਤੇ ਸਮੋਸੇ ਆ ਗਏ। ਵਿਚ-ਵਿਚ ਸ਼ਿਕਵੇ-ਸ਼ਕਾਇਤਾਂ ਹੁੰਦੀਆਂ ਰਹੀਆਂ ਕਿ ਪ੍ਰੈੱਸ ਨੂੰ ਕਰਫਿਊ ਪਾਸ ਦੇਣ 'ਚ ਦੇਰ ਕੀਤੀ ਗਈ ਅਤੇ ਕਰਫਿਊ ਪੀੜਤ ਇਲਾਕੇ ਦਾ ਦੌਰਾ ਕਰਨ ਲਈ ਸੂਚਨਾ ਵਿਭਾਗ ਨੂੰ ਧੱਕਾ ਮਾਰ ਜੀਪ ਮੁਹੱਈਆ ਕਰਵਾਈ ਗਈ। ਉਸ ਨੂੰ ਵੀ ਦਿੱਲੀ ਪ੍ਰੈੱਸ ਵਾਲੇ ਲੈ ਕੇ ਘੁੰਮਦੇ ਰਹੇ। ਲੋਕਲ ਪ੍ਰੈੱਸ ਵਾਲੇ ਇਧਰ-ਉਧਰ ਘੁੰਮਦੇ ਰਹੇ, ਵਗੈਰਾ-ਵਗੈਰਾ। ਜ਼ਿਆਦਾ ਸ਼ਿਕਾਇਤਾਂ ਹੋਈਆਂ ਤਾਂ ਸਮੋਸੇ ਹੋਰ ਮੰਗਵਾ ਲਏ ਗਏ।

'ਦੰਗਾ ਵੰਗਾ ਤੋ ਚਲਤਾ ਰਹੇਗਾ। ਪ੍ਰੈੱਸ ਕਾਲੋਨੀ ਕਾ ਕਯਾ ਹੂਆ ? ਦੰਗੇ ਕੀ ਵਜਹ ਸੇ ਲੇਟ ਤੋ ਹੋ ਗਯਾ। ਲੇਕਿਨ ਦੰਗਾ ਖ਼ਤਮ ਹੋਤੇ ਹੀ ਪਲਾਟਮੈਂਟ ਹੋ ਜਾਨਾ ਚਾਹੀਏ।'

'ਹੋ ਜਾਏਗਾ... ਦੰਗਾ ਨ ਹੋਤਾ ਤੋ ਅਬ ਤਕ ਹੋ ਗਯਾ ਹੋਤਾ। ਜ਼ਮੀਨ ਤੋ ਤੈਅ ਹੋ ਗਈ ਹੈ। ਏਕਦਮ ਸਿਵਲ ਲਾਈਨ ਕੇ ਬੀਚ ਮੇਂ ਹੈ। ਬਸ ਪਲਾਟ ਕਾਟਨਾ ਹੈ। ਦੰਗਾ ਖ਼ਤਮ ਹੋਤੇ ਹੀ ਕਟ ਜਾਏਗਾ।'

ਕੁਝ ਪੱਤਰਕਾਰਾਂ ਨੇ ਪਲਾਟ ਲਈ ਅਜੇ ਤਕ ਬੇਨਤੀ-ਪੱਤਰ ਨਹੀਂ ਸਨ ਦਿੱਤੇ। ਉਹਨਾਂ ਨੇ ਰੌਲਾ ਪਾਇਆ ਕਿ ਉਹਨਾਂ ਨੂੰ ਆਖ਼ਰੀ ਤਰੀਕ ਦਾ ਪਤਾ ਨਹੀਂ ਸੀ ਲੱਗਿਆ। ਉਹਨਾਂ ਨੂੰ ਕਿਹਾ ਗਿਆ ਕਿ ਉਹ ਪਿਛਲੀ ਤਰੀਕ ਵਿਚ ਬੇਨਤੀ-ਪੱਤਰ ਦੇ ਦੇਣ। ਉਹਨਾਂ ਵਿਚੋਂ ਕਈਆਂ ਨੇ ਕਾਗ਼ਜ਼ ਪਾੜਿਆ ਅਤੇ ਬੇਨਤੀ ਪੱਤਰ ਲਿਖਣ ਲਈ ਬੈਠ ਗਏ।

ਅਫ਼ਸਰਾਂ ਨੇ ਪੱਤਰਕਾਰਾਂ ਨੂੰ ਛੋਟੇ-ਛੋਟੇ ਗਰੁੱਪਾਂ ਵਿਚ ਵੰਡ ਕੇ ਸਮਝਾਇਆ ਕਿ ਉਹਨਾਂ ਨੇ ਕਿੰਝ ਰਿਪੋਰਟਿੰਗ ਕਰਨੀ ਹੈ।

ਮੁਨਸ਼ੀ ਹਰਪ੍ਰਸਾਦ ਅਤੇ ਕਾਮਰੇਡ ਸੂਰਜਭਾਨ ਬਾਹਰ ਚਲੇ ਗਏ। ਕਾਮਰੇਡ ਸੂਰਜਭਾਨ ਤਾਂ ਜ਼ਬਰਦਸਤੀ ਪ੍ਰੈੱਸ ਕਾਨਫਰੰਸ 'ਚ ਬੈਠ ਗਏ ਸਨ। ਉਹਨਾਂ ਨੂੰ ਸ਼ਾਂਤੀ ਕਮੇਟੀ ਲਈ ਬੁਲਾਇਆ ਗਿਆ ਸੀ। ਉਹ ਉਧਰ ਚਲੇ ਗਏ, ਨਾਲ ਮੁਨਸ਼ੀ ਹਰਪ੍ਰਸਾਦ ਨੂੰ ਵੀ ਲੈ ਗਏ। ਉੱਤੇ ਹਾਲੇ ਹੋਰ ਦੇਰ ਲੱਗਣੀ ਸੀ।ਹਿੱਸਾ ਲੈਣ ਵਾਲੇ ਜ਼ਿਆਦਾਤਰ ਬਾਹਰ ਘੁੰਮ ਰਹੇ ਸਨ। ਕੋਈ ਪਾਸ ਬਣਵਾ ਰਿਹਾ ਸੀ ਅਤੇ ਕੋਈ ਪ੍ਰੈੱਸ ਕਾਨਫਰੰਸ ਵਾਲੇ ਕਮਰੇ ਵਿਚ ਚੋਰੀ ਛਿਪੇ ਵੇਖ ਰਿਹਾ ਸੀ। ਜਿੰਨਾ ਚਿਰ ਅਫ਼ਸਰ ਲੋਕ ਸ਼ਾਂਤੀ ਕਮੇਟੀ ਵਾਲੇ ਪੰਡਾਲ ਵਿਚ ਨਾ ਆ ਜਾਂਦੇ, ਉਦੋਂ ਤਕ ਇਹੀ ਕੁਝ ਹੋਣਾ ਸੀ।

ਕੁਰਸੀ ਆਪਣੇ ਵੱਲ ਖਿੱਚ ਕੇ ਦੋਵੇਂ ਇਕ ਨੁੱਕਰੇ ਬੈਠ ਗਏ। ਉਹਨਾਂ ਦੇ ਆਲੇ - ਦੁਆਲੇ ਹੋਰ ਲੋਕ ਵੀ ਆ ਗਏ ਅਤੇ ਗੱਲਬਾਤ ਫੇਰ ਦੰਗਿਆਂ ਦੀ ਸ਼ੁਰੂਆਤ, ਮਰਨ ਵਾਲਿਆਂ ਦੀ ਗਿਣਤੀ ਅਤੇ ਨੁਕਸਾਨ 'ਤੇ ਕੇਂਦਰਿਤ ਹੋ ਗਈ।

'ਦੰਗਾ ਕਿਸੀ ਨੇ ਸ਼ੁਰੂ ਕੀਯਾ ਹੋਗਾ ?' ਕਾਮਰੇਡ ਸੂਰਜਭਾਨ ਦੁਖੀ ਆਵਾਜ਼ ਵਿਚ ਬੋਲੇ, 'ਏਕ ਬਾਤ ਅਬ ਬੜੀ ਸਾਫ ਦਿਖਾਈ ਦੇਨੇ ਲਗੀ ਹੈ ਕੇ ਆਜ਼ਾਦੀ ਕੇ ਸਮੇਂ ਭੀ ਜਬ ਦੰਗੇ ਹੋਤੇ ਥੇ ਤੋ ਐਸੇ ਲੋਗੋਂ ਕੀ ਤਾਦਾਦ ਬਹੁਤ ਹੂਆ ਕਰਤੀ ਥੀ, ਜੋ ਦੰਗਾ ਕਰਾਨੇ ਵਾਲੀ ਸ਼ਕਤੀਓਂ ਕੇ ਖ਼ਿਲਾਫ਼ ਖੜ੍ਹੇ ਹੋਤੇ ਥੇ। ਅਬ ਐਸੇ ਲੋਗੋਂ ਕੀ ਸੰਖਯਾ ਦਿਨੋਂ-ਦਿਨ ਕਮ ਹੋਤੀ ਜਾ ਰਹੀ ਹੈ।'



'ਅਜੀ ਅਬ ਤੋ ਪੜੋਸੀ ਭੀ ਪੜੋਸੀ ਕੋ ਨਹੀਂ ਬਚਾਤਾ। ਪਹਿਲੇ ਕਮ ਸੇ ਕਮ ਪੜੋਸੀ ਕਾ ਯੇਹ ਭਰੋਸਾ ਰਹਤਾ ਥਾ ਕਿ ਵੋਹ ਹਮਲਾ ਨਹੀਂ ਕਰੇਗਾ। ਲੇਕਿਨ ਅਬ ਤੋ ਯੇਹ ਭੀ ਨਹੀਂ ਰਹਾ।'

'ਰਾਮਪਾਲ ਸਿੰਘ ਪੁਰਾਨੇ ਕਮਿਊਨਿਸਟ ਹੈਂ। ਪਿਛਲੇ ਬੀਸ ਸਾਲ ਸੇ ਕਾਰਡ-ਹੋਲਡਰ ਹੈਂ। ਉਨਕਾ ਲੜਕਾ ਦੰਗੇ ਮੇਂ ਮਾਰਾ ਗਯਾ। ਮੈਂ ਮਾਤਮ-ਪੁਰਸੀ ਕਰਨੇ ਗਯਾ ਤੋ ਦੰਗਾ ਮੇਂ ਰਹਿ ਗਯਾ। ਇਤਨਾ ਬੜਾ ਆਦਮੀ ਕਮਿਊਨਲ ਹੋ ਗਯਾ ਹੈ। ਖੁਲੇ ਆਮ ਮੁਸਲਮਾਨੋਂ ਕੇ ਖਿਲਾਫ ਬੋਲ ਰਹਾ ਥਾ। ਮੈਂਨੇ ਕਹਾ ਭੀ ਕਿ ਕਾਮਰੇਡ, ਤੁਮਹੇਂ ਮੁਸਲਮਾਨੋਂ ਦੇ ਖਿਲਾਫ਼ ਨਹੀਂ, ਬਲਕਿ ਉਨ ਟੇਨਡੇਨਸੀਜ਼ ਕੇ ਖਿਲਾਫ ਬੋਲਨਾ ਚਾਹੀਏ, ਜੋ ਦੰਗਾ ਕਰਾਤੀ ਹੈਂ। ਲੇਕਿਨ ਕੌਨ ਸੁਨਤਾ ਹੈ। ਇਸ ਸਮੇਂ ਤੋਂ ਲਗਤਾ ਹੈ ਪੂਰਾ ਸ਼ਹਿਰ ਹਿੰਦੂ ਜਾਂ ਮੁਸਲਮਾਨ ਮੇਂ ਬਟ ਗਯਾ ਹੈ।'

ਮੁਨਸ਼ੀ ਹਰਪ੍ਰਸਾਦ ਨੇ ਕਾਮਰੇਡ ਸੂਰਜਭਾਨ ਦੇ ਮੋਢੇ ਉੱਤੇ ਹੱਥ ਰੱਖਿਆ। ਉਹ, ਉਹਨਾਂ ਦਾ ਦਰਦ ਮਹਿਸੂਸ ਕਰ ਰਹੇ ਸਨ। ਉਹ ਕਿੰਨੇ ਦਿਨਾਂ ਤੋਂ ਕਾਮਰੇਡ ਨੂੰ ਆਪਣੇ ਸਾਥੀਆਂ ਨਾਲ ਸਾਰੀ-ਸਾਰੀ ਰਾਤ ਉਲਝਦਿਆਂ ਵੇਖ ਰਿਹਾ ਸੀ। ਅਕਸਰ ਰਾਤ ਨੂੰ ਦੇਰ ਨਾਲ ਕਾਮਰੇਡ ਸੂਰਜਭਾਨ ਉਹਨਾਂ ਦੇ ਘਰ ਆਉਂਦੇ ਅਤੇ ਪਾਗਲਾਂ ਵਾਂਗ ਬਕਵਾਸ ਕਰਨ ਲੱਗ ਪੈਂਦੇ।

'ਸਬ ਕੁਛ ਖ਼ਤਮ ਹੋ ਰਹਾ ਹੈ ਮੁੰਸ਼ੀ ਜੀ। ਐਸੇ-ਐਸੇ ਸਾਥੀ ਸੰਪਰਦਾਇਕ ਹੋ ਗਏ ਹੈਂ, ਜੋ ਪਿਛਲੇ ਬੀਸਿਓਂ ਸਾਲੋਂ ਸੇ ਇਨਕਾ ਮੁਕਾਬਲਾ ਕਰਤੇ ਆਏ ਹੈਂ।'

ਮੁਨਸ਼ੀ ਜੀ ਸੁਣਦੇ ਰਹੇ ਅਤੇ ਆਰਾਮ ਨਾਲ ਸਿਰ ਮਾਰਦੇ ਰਹੇ। ਉਹ ਖ਼ੁਦ ਵੇਖ ਰਹੇ ਸਨ ਕਿ ਜਿਹੜੇ ਲੋਕ ਪਿਛਲੇ ਦੰਗਿਆਂ 'ਚ ਸ਼ਾਂਤੀ ਮਾਰਚ 'ਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਰਹੇ ਸਨ ਜਾਂ ਰੁਕਾਵਟਾਂ ਦੇ ਖ਼ਿਲਾਫ਼ ਆਪਣੇ-ਆਪਣੇ ਮੁਹੱਲਿਆਂ ਵਿਚ ਲੋਕਾਂ ਨੂੰ ਸਿੱਖਿਆ ਦੇਂਦੇ ਸਨ, ਉਹ ਲੋਕ ਵੀ ਹਿੰਦੂ ਜਾਂ ਮੁਸਲਮਾਨ ਬਣ ਗਏ ਹਨ। ਇਹ ਅੱਜਕੱਲ੍ਹ ਹੀ ਸੰਭਵ ਹੋਇਆ ਸੀ ਕਿ ਗੁਆਂਢੀ ਦਾ ਗੁਆਂਢੀ ਤੋਂ ਵਿਸ਼ਵਾਸ ਖ਼ਤਮ ਹੋਣਾ ਸ਼ੁਰੂ ਹੋ ਗਿਆ ਸੀ। ਉਹਨਾਂ ਨੇ ਵੇਖਿਆ ਕਿ ਪਹਿਲੀ ਵਾਰ ਗੁਆਂਢੀਆਂ ਨੇ ਗੁਆਂਢੀਆਂ ਉੱਤੇ ਹਮਲਾ ਕੀਤਾ ਅਤੇ ਉਹਨਾਂ ਦੇ ਘਰਾਂ ਵਿਚੋਂ ਲੁੱਟ ਮਾਰ ਕੀਤੀ। ਸ਼ਾਇਦ ਇਹ ਪਿਛਲੇ ਕੁਝ ਸਾਲਾਂ ਤੋਂ ਦੋਵਾਂ ਕੌਮਾਂ ਵਿਚਕਾਰ ਨਿਰੰਤਰ ਫੈਲ ਰਹੇ ਜ਼ਹਿਰ ਦਾ ਅਸਰ ਸੀ, ਜਿਸਨੇ ਸਥਿਤੀ ਨੂੰ ਇਥੋਂ ਤਕ ਪਹੁੰਚਾ ਦਿੱਤਾ ਸੀ।

ਅਫ਼ਸਰਾਂ ਦੇ ਪੰਡਾਲ ਵਿਚ ਪਹੁੰਚਦਿਆਂ ਹੀ ਸ਼ਾਂਤੀ ਕਮੇਟੀ ਦੇ ਜਿਹੜੇ ਲੋਕ ਬਾਹਰ ਘੁੰਮ ਫਿਰ ਰਹੇ ਸਨ, ਹੌਲੀ-ਹੌਲੀ ਅੰਦਰ ਆਉਣੇ ਸ਼ੁਰੂ ਹੋ ਗਏ। ਪ੍ਰੈੱਸ ਕਾਨਫਰੰਸ ਖ਼ਤਮ ਹੋਣ 'ਤੇ ਪੱਤਰਕਾਰਾਂ 'ਚੋਂ ਵੀ ਕਈ ਇਸ ਪੰਡਾਲ ਵਿਚ ਆ ਗਏ।

'ਆਦਰਨੀਯ ਜ਼ਿਲਾਧਿਕਾਰੀ ਜੀ, ਸ੍ਰੀਮਾਨ ਕਪਤਾਨ ਸਾਹਬ, ਹਮਾਰੇ ਔਰ ਮੌਜੂਦ ਅਫ਼ਸਰਾਨ ਬਾਲਾ, ਇਸ ਸ਼ਹਰ ਕੇ ਪ੍ਰਬੁੱਧ ਨਾਗਰਿਕ ਜਨ, ਬਹਨੋਂ ਔਰ ਭਾਈਓਂ ਜਿਸ ਤਰਹ ਹਰ ਸਭਾ ਕੇ ਲੀਏ ਅਧਅਕਸ਼ ਕੀ ਜ਼ਰੂਰਤ ਪੜਤੀ ਹੈ, ਉਸੀ ਤਰਹ ਹਮਾਰੀ ਇਸ ਸਭਾ ਕੇ ਲੀਏ ਭੀ ਏਕ ਅਧਅਕਸ਼ ਕੀ ਜ਼ਰੂਰਤ ਹੈ। ਮੈਂ ਮੁਖਰਜੀ ਦਾਦਾ ਕਾ ਨਾਮ ਇਸ ਸਭਾ ਕੀ ਅਧਅਕਸ਼ਤਾ ਕੇ ਲੀਏ ਪ੍ਰਸਤਾਵਿਤ ਕਰਤਾ ਹੂੰ।

ਮੈਂ ਇਸ ਕਾ ਸਮਰਥਨ ਕਰਤਾ ਹੂੰ।'

ਸ਼ਬਦ ਖ਼ਤਮ ਹੋਣ ਤੋਂ ਪਹਿਲਾਂ ਹੀ ਮੁਖਰਜੀ ਦਾਦਾ ਪ੍ਰਧਾਨ ਦੀ ਕੁਰਸੀ 'ਤੇ ਬੈਠ ਗਏ।ਉਹ ਪਿਛਲੇ ਦਸ ਸਾਲਾਂ ਤੋਂ ਇਹਨਾਂ ਸਭਾਵਾਂ ਦੀ ਪ੍ਰਧਾਨਗੀ ਕਰਦੇ ਆ ਰਹੇ ਸਨ। ਇਸ ਲਈ ਪਹਿਲਾਂ ਹੀ ਤਿਆਰ ਹੋ ਕੇ ਆਉਂਦੇ ਸਨ।ਦੂਜੇ ਲੋਕ ਵੀ ਇਸ ਚੀਜ਼ ਤੋਂ ਇੰਨੇ ਜਾਣੂ ਹੋ ਗਏ ਸਨ, ਪ੍ਰਧਾਨਗੀ ਦੀ ਇਸ ਰਸਮ ਨੂੰ ਜ਼ਰੂਰੀ ਹਰਕਤ ਸਮਝਣ ਲੱਗ ਪਏ ਸਨ।

ਮੁਖਰਜੀ ਦਾਦਾ ਦੇ ਇਕ ਪਾਸੇ ਕਲੈਕਟਰ ਅਤੇ ਦੂਸਰੇ ਪਾਸੇ ਕਪਤਾਨ ਬੈਠੇ ਸਨ। ਮੰਚ ਉੱਤੇ ਦੋ ਪ੍ਰਬੰਧਕ ਅਤੇ ਇਕ ਸੰਸਦ ਦਾ ਮੈਂਬਰ ਵੀ ਬੈਠ ਗਏ ਸਨ। ਸਭਾ ਦੀ ਕਾਰਵਾਈ ਸ਼ੁਰੂ ਹੋਈ। ਜਿਹੜੇ ਸੱਜਣ ਨੇ ਪ੍ਰਧਾਨ ਦਾ ਨਾਂ ਪ੍ਰਸਤਾਵਿਤ ਕੀਤਾ ਸੀ, ਉਹ ਮਾਜਿਦ ਸਾਹਿਬ ਪੇਸ਼ੇ ਤੋਂ ਵਕੀਲ ਸਨ ਅਤੇ ਕੋਤਵਾਲੀ ਦੀਆਂ ਸਭਾਵਾਂ ਦੇ ਸਥਾਈ ਸੰਚਾਲਕ ਸਨ। ਉਹਨਾਂ ਨੇ ਮਾਈਕ ਹੱਥ ਵਿਚ ਫੜ੍ਹਿਆ ਤੇ ਸ਼ੁਰੂਆਤ ਆਪਣੇ ਭਾਸ਼ਣ ਨਾਲ ਕਰ ਦਿੱਤੀ। ਲੋਕ ਉਹਨਾਂ ਦੀ ਏਸੇ ਆਦਤ ਤੋਂ ਪ੍ਰੇਸ਼ਾਨ ਸਨ ਉਹ ਕਿਸੇ ਬੁਲਾਰੇ ਨੂੰ ਬੁਲਾਉਣ ਤੋਂ ਪਹਿਲਾਂ ਕਾਫ਼ੀ ਲੰਮੀ ਭੂਮਿਕਾ ਬੰਨ੍ਹਦੇ ਸਨ। ਸ਼ੇਅਰੋ-ਸ਼ਾਇਰੀ ਨਾਲ ਭਰਪੂਰ ਆਪਣੀ ਲੰਬੀ ਭੂਮਿਕਾ ਤੋਂ ਬਾਅਦ, ਉਹ ਅਗਲੇ ਬੁਲਾਰੇ ਨੂੰ ਬੁਲਾਉਂਦੇ ਅਤੇ ਉਸਦੇ ਮਾਈਕ'ਤੇ ਆਉਂਦੇ ਤਿੰਨ ਚਾਰ ਵਾਰ ਟਾਈਮ ਦਾ ਖ਼ਿਆਲ ਰੱਖਣ ਦੀ ਸਲਾਹ ਦੇ ਦਿੰਦੇ।ਬਹੁਤ ਘੱਟ ਬੁਲਾਰੇ ਉਹਨਾਂ ਦੀ ਇਸ ਸਲਾਹ ਉੱਤੇ ਧਿਆਨ ਦਿੰਦੇ ਸਨ। ਅਕਸਰ ਬੋਲਣ ਵਾਲਿਆਂ ਅਤੇ ਉਹਨਾਂ ਵਿਚਕਾਰ ਮਾਈਕ ਵਾਸਤੇ ਖਿੱਚ-ਧੂਹ ਹੋ ਜਾਂਦੀ ਸੀ।

ਅੱਜ ਵੀ ਮਾਜਿਦ ਸਾਹਿਬ ਨੇ ਕਈ ਸ਼ੇਅਰ ਸੁਣਾਏ ਅਤੇ ਸਰੋਤਿਆਂ ਨੂੰ ਯਾਦ ਕਰਵਾਇਆ ਕਿ ਚਮਨ ਨੂੰ ਸੁਰਖ਼ ਲਹੂ ਦੀ ਨਹੀਂ, ਬਲਕਿ ਸੁਰਖ਼ ਫੁੱਲਾਂ ਦੀ ਜ਼ਰੂਰਤ ਹੈ।

ਜਦੋਂ ਲੋਕ ਬਹੁਤ ਜ਼ਿਆਦਾ ਅੱਕ ਗਏ ਅਤੇ ਤਾਅਨੇ ਮਾਰਨ ਲੱਗ ਪਏ ਤਾਂ ਉਹਨਾਂ ਨੇ ਬੁਲਾਰਿਆਂ ਨੂੰ ਬੁਲਾਉਣਾ ਸ਼ੁਰੂ ਕਰ ਦਿੱਤਾ।

ਮੰਚ ਦੇ ਪਿੱਛੇ ਚਾਨਣੀ ਲੱਗੀ ਹੋਈ ਸੀ। ਉਸ ਚਾਨਣੀ ਨਾਲ ਚਾਰ ਪੰਜ ਮਜਿਸਟ੍ਰੇਟ ਅਤੇ ਪੁਲਿਸ ਅਧਿਕਾਰੀ ਇੰਜ ਕੁਰਸੀਆਂ ਰੱਖ ਕੇ ਬੈਠੇ ਸਨ ਕਿ ਉਹਨਾਂ ਦੀ ਫੁਸਫੁਸਾਹਟ ਮੰਚ 'ਤੇ ਬੈਠੇ ਉਹਨਾਂ ਦੇ ਅਧਿਕਾਰੀਆਂ ਤਕ ਨਾ ਪਹੁੰਚੇ। ਜਦੋਂ ਵੀ ਕੋਈ ਬੁਲਾਰਾ ਪੂਰੀ ਗੰਭੀਰਤਾ ਨਾਲ ਸ਼ਹਿਰ ਨੂੰ ਸੜਨ ਤੋਂ ਬਚਾਉਣ ਦੀ ਅਪੀਲ ਗਲ਼ਾ ਪਾੜ-ਪਾੜ ਕੇ ਕਰਦਾ, ਇਹ ਲੋਕ ਉਸ ਨੂੰ ਮਾਂ ਭੈਣ ਦੀਆਂ ਗਾਲ੍ਹਾਂ ਕੱਢਣ ਲੱਗ ਪੈਂਦੇ।

'ਸਾਲਾ ਯਹਾਂ ਸ਼ਾਂਤੀ ਕਾ ਉਪਦੇਸ ਦੇ ਰਹਾ ਹੈ।ਅਪਨੀ ਗਲੀ ਮੇਂ ਜਾਕਰ ਛੁਰੇ ਬਾਂਟੇਗਾ।'

'ਇਨਹੀਂ ਸਾਲੋ ਕੋ ਬੰਦ ਕਰ ਦੋ, ਦੰਗਾ ਅਪਨੇ ਆਪ ਰੁਕ ਜਾਏਗਾ।'

'ਬੰਦ ਕੈਸੇ ਕਰ ਦੇਂ ? ਅਫਸਰਾਨ ਇਨਹੇਂ ਦਾਮਾਦ ਕੀ ਤਰਹ ਕੋਤਵਾਲੀ ਮੇਂ ਬੁਲਾ ਕਰ ਚਾਏ ਸਮੋਸਾ ਖਿਲਾਤੇ ਹੈਂ।'

'ਅਫਸਰਾਨ ਕਯਾ ਕਰੇਂ ? ਨਾ ਖਿਲਾਏ ਤੋ ਮੰਤਰੀ ਡੰਡਾ ਕਰ ਦੇਗਾ।'

ਉਹਨਾਂ ਦੀ ਹੱਸਣ ਦੀ ਆਵਾਜ਼ ਕਦੀ ਕਦੀ ਤੇਜ਼ ਹੋ ਕੇ ਮੰਚ ਦੀਆਂ ਕੁਰਸੀਆਂ ਨਾਲ ਜਾ ਟਕਰਾਉਂਦੀ। ਮੰਚ ਤੋਂ ਕੋਈ ਟੇਢੀ ਅੱਖ ਨਾਲ ਵੇਖਦਾ ਤਾਂ ਇਹ ਲੋਕ ਇਕ ਦੂਸਰੇ ਦਾ ਹੱਥ ਦਬਾ ਕੇ ਥੋੜ੍ਹੀ ਦੇਰ ਵਾਸਤੇ ਚੁੱਪ ਹੋ ਜਾਂਦੇ। ਕੁਝ ਦੇਰ ਬਾਅਦ ਉਹਨਾਂ ਦੇ ਜ਼ੋਰ ਨਾਲ ਹੱਸਣ ਦੀ ਆਵਾਜ਼ ਫੇਰ ਗੂੰਜਣ ਲੱਗ ਪਈ।

'ਭਾਈਓ, ਜੈਸਾ ਕਿ ਮੈਂਨੇ ਪਹਿਲੇ ਬਤਾਯਾ, ਹਮਾਰੇ ਦੇਸ ਕੇ ਨੌਕਰਸ਼ਾਹੋਂ ਕੋ ਹਮਾਰੀ ਯਾਦ ਤਬ ਆਤੀ ਹੈ, ਜਬ ਹਾਲਾਤ ਉਨਕੇ ਕੰਟਰੋਲ ਕੇ ਬਾਹਰ ਹੋ ਜਾਤੀ ਹੈ। ਮੈਂਨੇ ਪਹਿਲੇ ਭੀ ਕਹਾ ਥਾ ਕਿ ਜਬ ਵਕਤ ਗੁਲਸ਼ਨ ਕੋ ਪੜਾ, ਲਹੂ ਹਮਨੇ ਦੀਆ, ਔਰ ਜਬ ਆਜ ਬਹਾਰ ਆਈ ਹੈ ਤੋ ਪੂਛਤੇ ਹੈਂ ਤੁਮ ਕੌਨ ਹੋ ? ਪਹਿਲੇ ਹਮੇਂ ਯਹਾਂ ਬੁਲਾਯਾ ਨਹੀਂ ਗਯਾ। ਬਹਰਹਾਲ ਅਬ ਜਬ ਬੁਲਾ ਹੀ ਲੀਆ ਗਯਾ ਹੈ ਤੋ ਬਤਾ ਦੇਤੇ ਹੈਂ ਕਿ ਦੰਗਾ ਕੈਸੇ ਕੰਟਰੋਲ ਹੋਗਾ...।'

'ਜ਼ਰੂਰ ਬਤਾਓ ਬੇਟਾ। ਤੁਮ ਨਹੀਂ ਬਤਾਓਗੇ ਤੋ ਦੰਗਾ ਕੰਟਰੋਲ ਕੈਸੇ ਹੋਗਾ ?'



ਪਿਛਲੀਆਂ ਕੁਰਸੀਆਂ ਤੋਂ ਹੋਈ ਫੁਸਫੁਸਾਹਟ ਇੰਨੀ ਤੇਜ਼ ਸੀ ਕਿ ਬੁਲਾਰਿਆਂ ਤੋਂ ਇਲਾਵਾ ਸਾਰਿਆਂ ਨੇ ਸੁਣੀ। ਮੰਚ ਉੱਤੇ ਬੈਠੇ ਅਫ਼ਸਰ ਹੱਸ ਪਏ। ਅਗਲੀ ਕਤਾਰ ਵਿਚ ਬੈਠੇ ਲੋਕਾਂ ਵਿਚੋਂ ਵੀ ਕਈਆਂ ਨੇ ਆਪਣਾ ਹਾਸਾ ਰੋਕ ਲਿਆ, ਪਰ ਬੋਲਣ ਵਾਲੇ 'ਤੇ ਕੋਈ ਅਸਰ ਨਾ ਹੋਇਆ।

'ਹਾਂ ਤੋ ਮੈਂ ਕਹਿ ਥਾ ਕਿ ਜੋ ਭਾਈ ਪੁਲਿਸ ਔਰ ਪੀ.ਏ.ਸੀ. ਕੇ ਖਿਲਾਫ਼ ਬੋਲ ਰਹੇ ਹੈਂ, ਵੋਹ ਦੇਸ਼ ਕਾ ਮਨੋਬਲ ਤੋੜ ਰਹੇ ਹੈਂ। ਵੋਹ ਸੀ.ਆਈ.ਏ. ਔਰ ਫਿਲਸਤੀਨ ਕੇ ਏਜੰਟ ਹੈਂ...।'

'ਫਿਲਸਤੀਨ ? ਯੇਹ ਫਿਲਸਤੀਨ ਕਬ ਸੇ ਆ ਗਯਾ ਦੰਗਾ ਕਰਾਨੇ ?'

'ਮੇਰਾ ਮਤਲਬ ਹੈ ਫਿਲਸਤੀਨ ਨਹੀਂ, ਬਲਕਿ ਚੀਨ...ਮੇਰਾ ਮਤਲਬ ਹੈ ਜਾਪਾਨ...ਅਬੇ ਤੇਰੇ ਮਤਲਬ ਸੇ ਹਮੇਂ ਕਯਾ ਲੇਨਾ ਦੇਨਾ...'

ਰੌਲਾ ਪੈਣ ਲੱਗ ਪਿਆ ਅਤੇ ਥੋੜ੍ਹੀ ਹੀ ਦੇਰ ਵਿਚ ਸ਼ਾਂਤ ਹੋ ਗਿਆ। ਅਗਲੇ ਬੁਲਾਰੇ ਨੂੰ ਬੁਲਾਇਆ ਗਿਆ। ਇਸ ਤਰ੍ਹਾਂ ਦੀਆਂ ਬੈਠਕਾਂ ਵਿਚ ਰੌਲਾ ਤਾਂ ਆਮ ਪੈਂਦਾ ਰਹਿੰਦਾ ਸੀ, ਇਸ ਲਈ ਕਿਸੇ ਨੇ ਜ਼ਿਆਦਾ ਪਰਵਾਹ ਨਹੀਂ ਕੀਤੀ।

ਬੋਲਣ ਵਾਲੇ ਨੂੰ ਛੱਡ ਕੇ ਕਿਸੇ ਹੋਰ ਨੂੰ ਕਿਸੇ ਦੇ ਵੀ ਭਾਸ਼ਣ ਵਿਚ ਦਿਲਚਸਪੀ ਨਹੀਂ ਸੀ ਹੁੰਦੀ। ਭਾਵੇਂ ਹੀ ਕਦੀ ਕਿਸੇ ਸ਼ੇਅਰ ਜਾਂ ਚੁਟਕਲੇ 'ਤੇ ਦੂਸਰਿਆਂ ਦਾ ਧਿਆਨ ਖਿੱਚਿਆ ਜਾਵੇ, ਨਹੀਂ ਤਾਂ ਬੋਲਣ ਵਾਲੇ ਅਤੇ ਸੁਨਣ ਵਾਲੇ ਆਪੋ ਆਪਣੀ ਮਸਤੀ ਵਿਚ ਬੈਠੇ ਰਹਿੰਦੇ ਸਨ।

ਪੰਡਤ ਅਯੋਧਿਆਨਾਥ ਦੀਕਸ਼ਤ ਸ਼ਹਿਰ ਦੇ ਪ੍ਰਬੰਧਕ ਸਨ। ਮੰਚ ਉੱਤੇ ਉਹ ਅਫ਼ਸਰਾਂ ਨਾਲ ਬੈਠੇ ਹੋਏ ਸਨ, ਪਰ ਆਪਣਾ ਭਾਸ਼ਣ ਖ਼ਤਮ ਕਰਕੇ ਥੱਲੇ ਆ ਗਏ ਸਨ। ਉਹ ਉਮੀਦਵਾਰ ਸਨ, ਕਿਉਂਕਿ ਇਹ ਦੰਗਾ ਉਹਨਾਂ ਦੀ ਰਾਜਨੀਤਕ ਹੋਂਦ ਲਈ ਖ਼ਤਰਨਾਕ ਸੀ। ਪਿਛਲੀਆਂ ਚੋਣਾਂ ਵੇਲੇ ਵੀ ਦੰਗਾ ਹੋਇਆ ਸੀ, ਪਰ ਉਹ ਦੰਗਾ ਉਹਨਾਂ ਦੇ ਹੱਕ ਵਿਚ ਭੁਗਤਿਆ ਸੀ। ਉਹਨਾਂ ਦੇ ਪੁਰਾਣੇ ਵਿਰੋਧੀ ਰਾਮਕ੍ਰਿਸ਼ਨ ਜਸਵਾਲ ਇਸ ਵਕਤ ਦੰਗੇ ਤੋਂ ਫਾਇਦਾ ਲੈ ਰਹੇ ਸਨ। ਚੋਣਾਂ ਬਿਲਕੁਲ ਸਿਰ 'ਤੇ ਸਨ। ਉਹਨਾਂ ਨੂੰ ਪੂਰਾ ਸ਼ੱਕ ਸੀ ਕਿ ਦੰਗਾ ਰਾਮਕ੍ਰਿਸ਼ਨ ਜਸਵਾਲ ਨੇ ਹੀ ਕਰਵਾਇਆ ਹੈ। ਰਾਮਕ੍ਰਿਸ਼ਨ ਸੀ ਤਾਂ ਹਿੰਦੂਵਾਦੀ, ਪਰ ਹਾਜੀ ਬਦਰੁੱਦੀਨ ਬੀੜੀ ਵਾਲੇ ਨਾਲ ਉਹਦੀ ਲੱਗਦੀ ਵੀ ਬੜੀ ਸੀ। ਪੂਰਾ ਸ਼ਹਿਰ ਜਾਣਦਾ ਸੀ ਕਿ ਜਸਵਾਲ ਅਤੇ ਹਾਜੀ, ਜਦੋਂ ਚਾਹੁਣ ਸ਼ਹਿਰ ਵਿਚ ਦੰਗਾ ਹੋ ਜਾਂਦਾ ਸੀ। ਚੋਣਾਂ ਵੇਲੇ ਦੰਗਾ ਹੋਣ ਦਾ ਖ਼ਤਰਾ ਇਹ ਸੀ ਕਿ ਵੋਟਰ ਹਿੰਦੂ ਅਤੇ ਮੁਸਲਮਾਨ ਵਿਚ ਵੰਡੇ ਜਾਣੇ ਸਨ। ਮੁਸਲਮਾਨ ਹਾਜੀ ਬਦਰੁੱਦੀਨ ਦੇ ਪਿੱਛੇ ਇਕੱਠੇ ਹੋਣਗੇ ਤਾਂ ਹਿੰਦੂ ਵੀ ਕਿਸੇ ਹਿੰਦੂ ਨੇਤਾ ਦੀ ਤਲਾਸ਼ ਵਿਚ ਜਸਵਾਲ ਦੇ ਸਮਰਥਨ ਲਈ ਇਕਜੁੱਟ ਹੋ ਜਾਣਗੇ। ਇਸ ਸਾਰੇ ਚੱਕਰ ਵਿਚ ਮਾਰੇ ਜਾਣਗੇ ਪੰਡਤ ਅਯੋਧਿਆਨਾਥ ਦੀਕਸ਼ਤ।

ਦੀਕਸ਼ਤ ਜੀ ਮੰਚ ਤੋਂ ਉਤਰ ਕੇ ਇਕ ਨੁੱਕਰ 'ਚ ਖਲੋ ਹੋ ਕੇ ਆਪਣੇ ਸਮਰਥਕਾਂ ਨਾਲ ਗੱਲਬਾਤ ਕਰਨ ਲੱਗ ਪਏ। ਉਹ ਗੱਲਾਂ ਘੱਟ ਕਰ ਰਹੇ ਸਨ ਅਤੇ ਰਾਮਕ੍ਰਿਸ਼ਨ ਜੈਸਵਾਲ ਦੀਆਂ ਗਤੀਵਿਧੀਆਂ ਉੱਤੇ ਨਜ਼ਰ ਜ਼ਿਆਦਾ ਰੱਖ ਰਹੇ ਸਨ,'ਸਾਲਾ ਕੈਸੇ ਮੁਸਕਰਾ ਮੁਸਕਰਾ ਕਰ ਕਲੈਕਟਰ ਸੇ ਬਾਤ ਕਰ ਰਹਾ ਹੈ। ਇਸ ਕਲੈਕਟਰ ਸੇ ਭੀ ਨਿਪਟਨਾ ਹੈ। ਕਮਬਖਤ ਨੇ ਜੈਸਵਲ ਕੋ ਨੀਚੇ ਸੇ ਬੁਲਾਕਰ ਮੰਚ ਪਰ ਬੈਠਾ ਲੀਆ। ਚੁਨਾਵ ਕੀ ਘੋਸ਼ਨਾ ਕੇ ਪਹਲੇ ਹਟਵਾਨਾ ਹੈ। ਬਦਮਾਸ਼ ਜਾਨਤਾ ਨਹੀਂ ਕਿ ਦੰਗਾ ਰਾਮਕ੍ਰਿਸ਼ਨ ਜੈਸਵਾਲ ਅਤੇ ਹਾਜੀ ਬਦਰੁੱਦੀਨ ਨੇ ਮਿਲ ਕਰ ਕਰਵਾਇਆ ਹੈ। ਮੈਂਨੇ ਮਨਾ ਕੀਆ ਥਾ ਕਿ ਇਨ ਲੋਗੋਂ ਕੋ ਸ਼ਾਂਤੀ ਕਮੇਟੀ ਕੀ ਬੈਠਕ ਮੇਂ ਨ ਬੁਲਾਇਆ ਜਾਏ। ਫਿਰ

ਭੀ ਨਲਾਇਕ ਨੇ ਸਿਰਫ ਦੋਨੋਂ ਕੋ ਬੁਲਾਇਆ, ਬਲਕਿ ਮੰਚ ਪਰ ਅਪਨੇ ਪਾਸ ਬਿਠਾਇਆ ਹੈ।' ਇਸੇ ਕਾਰਨ ਹੀ ਦੀਕਸ਼ਤ ਜੀ ਨੇ ਅੱਜ ਭਾਸ਼ਣ 'ਚ ਜ਼ਿਲ੍ਹਾ ਪ੍ਰਸ਼ਾਸਨ ਦੇ ਵਿਰੁੱਧ ਬੋਲਿਆ, 'ਕਹੀਂ ਕੋਈ ਰਾਹਤ ਨਹੀਂ ਬਟੀ, ਪੂਰਾ ਸ਼ਹਰ ਗੰਦਗੀ ਸੇ ਬਜਬਜਾ ਰਹਾ ਹੈ ਔਰ ਜ਼ਰੂਰਤ ਕੇ ਸਾਮਾਨ ਨ ਮਿਲਨੇ ਸੇ ਮਰਾਹ-ਮਰਾਹ ਕਰ ਰਹਾ ਹੈ।'

ਦੀਕਸ਼ਤ ਜੀ ਸਭ ਭੁੱਲ ਗਏ ਕਿ ਉਹ ਵੀ ਕਿਸੇ ਸਭਾ ਦੇ ਅੰਗ ਹਨ, ਜ਼ੋਰ-ਜ਼ੋਰ ਨਾਲ ਆਪਣੇ ਸਮਰਥਕਾਂ 'ਚ ਖਲੋ ਕੇ ਜ਼ਿਲ੍ਹਾ ਪ੍ਰਸਾਸ਼ਨ ਨੂੰ ਗਾਲ੍ਹਾਂ ਕੱਢਣ ਲੱਗ ਜਾਂਦੇ ਹਨ।

ਦੀਕਸ਼ਤ ਜੀ ਦੀ ਪ੍ਰੇਸ਼ਾਨੀ ਤੋਂ ਰਾਮਕ੍ਰਿਸ਼ਨ ਜੈਸਵਾਲ ਅਤੇ ਹਾਜੀ ਬਦਰੁੱਦੀਨ ਬੀੜੀ ਵਾਲੇ ਦੋਵਾਂ ਨੂੰ ਮਜ਼ਾ ਆ ਰਿਹਾ ਹੈ। ਕਦੀ-ਕਦੀ ਦੋਵੇਂ ਇਕ ਦੂਸਰੇ ਨੂੰ ਵੇਖ ਕੇ ਅੱਖਾਂ ਮਾਰਦੇ ਹਨ। ਦੋਵੇਂ ਕਲੈਕਟਰ ਨਾਲ ਜ਼ਬਰਦਸਤੀ ਮੁਸਕਰਾ-ਮੁਸਕਰਾ ਕੇ ਗੱਲਾਂ ਕਰਦੇ ਹਨ।

ਦੀਕਸ਼ਤ ਜੀ ਦੂਰੋਂ ਵੇਖ ਕੇ ਖਿਝਦੇ ਹਨ, 'ਇਸ ਕਲੈਕਟਰ ਕੋ ਤੋ ਦੰਗਾ ਖ਼ਤਮ ਹੋਤੇ ਹੀ ਹਟਵਾਨਾ ਹੈ।' ਕਲੈਕਟਰ ਵੀ ਇਸ ਸਥਿਤੀ ਨੂੰ ਸਮਝ ਰਿਹਾ ਹੈ। ਇਸ ਲਈ ਉਹ ਟੇਢੀ ਨਜ਼ਰ ਨਾਲ ਦੀਕਸ਼ਤ ਨੂੰ ਵੇਖ ਕੇ ਜੈਸਵਾਲ ਅਤੇ ਹਾਜੀ ਦੋਵਾਂ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ। ਪਰ ਦੋਵੇਂ ਜ਼ਬਰਦਸਤੀ ਨੀਵੇਂ ਹੋ ਕੇ ਵਾਰੀ-ਵਾਰੀ ਉਸਦੇ ਕੰਨ ਵਿਚ ਕੁਝ ਕਹਿਣ ਦੀ ਕੋਸ਼ਿਸ਼ ਕਰਦੇ ਹਨ ਅਤੇ ਉਸ ਨੂੰ ਮਜਬੂਰੀ 'ਚ ਸਿਰ ਹਿਲਾਉਣਾ ਪੈਂਦਾ ਹੈ।

ਕਲੈਕਟਰ ਨੇ ਆਪਣੀ ਥਾਂ ਬਦਲਣੀ ਚਾਹੀ। ਉਹ ਜੈਸਵਾਲ ਅਤੇ ਹਾਜੀ ਤੋਂ ਦੂਰ ਹੋ ਕੇ ਬੈਠਣ ਦਾ ਬਹਾਨਾ ਲੱਭ ਰਿਹਾ ਸੀ। ਮੰਚ ਦੇ ਕਿਨਾਰੇ 'ਤੇ ਪੁਲਿਸ ਕਪਤਾਨ ਬੈਠਾ ਸੀ। ਉਸਨੇ ਕਪਤਾਨ ਨੂੰ ਇਸ਼ਾਰਾ ਕਰਕੇ ਥਾਂ ਬਦਲਣ ਦਾ ਯਤਨ ਕੀਤਾ, ਪਰ ਕਪਤਾਨ ਨੇ ਉਸਦਾ ਇਸ਼ਾਰਾ ਸਮਝਣ ਤੋਂ ਇਨਕਾਰ ਕਰ ਦਿੱਤਾ। ਦਰਅਸਲ ਉਸ ਨੂੰ ਕਲੈਕਟਰ ਦੀ ਪ੍ਰੇਸ਼ਾਨੀ ਦਾ ਮਜ਼ਾ ਆ ਰਿਹਾ ਸੀ। ਕਲੈਕਟਰ ਨੇ ਪਿਛਲੇ ਕਈ ਦਿਨਾਂ ਤੋਂ ਉਹਨੂੰ ਦੁਖੀ ਕੀਤਾ ਹੋਇਆ ਸੀ। ਉਹਨੇ ਮੰਤਰੀਆਂ ਨੂੰ ਸ਼ਿਕਾਇਤ ਕੀਤੀ ਸੀ ਕਿ ਪੁਲਿਸ ਉਸਨੂੰ ਪੂਰਾ ਸਹਿਯੋਗ ਨਹੀਂ ਦੇ ਰਹੀ। ਆਪਣੇ ਵਿਸ਼ਵਾਸ ਵਾਲੇ ਪੱਤਰਕਾਰਾਂ ਰਾਹੀਂ ਉਸਨੇ ਪੁਲਿਸ ਦੇ ਖ਼ਿਲਾਫ਼ ਖ਼ਬਰਾਂ ਛਪਵਾਈਆਂ ਸਨ। ਇਸ ਲਈ ਕਪਤਾਨ ਨੇ ਵੀ ਅੱਜ ਤੋਂ ਆਪਣੇ ਵਿਸ਼ਵਾਸ ਪਾਤਰ ਪੱਤਰਕਾਰਾਂ ਨੂੰ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ। ਅਯੋਧਿਆਨਾਥ ਦੀਕਸ਼ਤ ਸੱਤਾ ਪੱਖ ਦੇ ਪ੍ਰਬੰਧਕ ਸਨ। ਉਹਨਾਂ ਦਾ ਇਸਤੇਮਾਲ ਕਲੇਕਟਰ ਦੇ ਵਿਰੁੱਧ ਹੋ ਸਕਦਾ ਹੈ, ਇਹ ਕਪਤਾਨ ਦੀ ਸਮਝ 'ਚ ਆ ਗਿਆ। ਉਸਨੇ ਆਪਣੇ ਇਕ ਕਰਮਚਾਰੀ ਨੂੰ ਬੁਲਾ ਕੇ ਹੌਲੀ ਜਿਹੀ ਉਸਦੇ ਕੰਨ ਵਿਚ ਆਖਿਆ ਕਿ ਦੀਕਸ਼ਤ ਨੂੰ ਮੀਟਿੰਗ ਤੋਂ ਬਾਅਦ ਮਿਲਣ ਲਈ ਆਖੇ। ਕਰਮਚਾਰੀ ਨੇ ਉਸਦਾ ਹੁਕਮ ਪੂਰਾ ਕੀਤਾ। ਕਲੈਕਟਰ ਨੇ ਕਪਤਾਨ ਦੀ ਫੁਸਫੁਸਾਹਟ ਅਤੇ ਕਰਮਚਾਰੀ ਦਾ ਦੀਕਸ਼ਤ ਤਕ ਪਹੁੰਚਦਾ ਵੇਖਿਆ। ਉਸ ਨੇ ਕਪਤਾਨ ਨਾਲ ਨਜਿੱਠਣ ਲਈ ਨਵੀਂ ਰਣਨੀਤੀ ਬਣਾਉਣੀ ਸ਼ੁਰੂ ਕਰ ਦਿੱਤੀ।

ਬੁਲਾਰਿਆਂ ਦੇ ਭਾਸ਼ਣ ਏਨੀ ਦੇਰ ਚਲਦੇ ਰਹੇ ਕਿ ਜਿਹੜੇ ਬੋਲਣ ਵਾਲੇ ਰਹਿ ਗਏ ਸਨ, ਉਹਨਾਂ ਨੂੰ ਛੱਡ ਕੇ ਬਾਕੀ ਸਾਰਿਆਂ ਦਾ ਹੌਸਲਾ ਜਵਾਬ ਦੇ ਗਿਆ। ਜਿਹਨਾਂ ਨੇ ਸਭਾ ਬੁਲਾਈ ਸੀ, ਉਹ ਵੀ ਸਾਰੇ ਅੱਕ ਗਏ। ਮੰਚ ਉੱਤੇ ਬੈਠੇ ਦੋ ਤਿੰਨ ਜਣਿਆਂ ਨੇ ਮਾਜਿਦ ਸਾਹਿਬ ਨੂੰ ਬੁਲਾ ਕੇ ਉਹਨਾਂ ਦੇ ਕੰਨ 'ਚ ਕੁਝ ਆਖਿਆ। ਮਾਜਿਦ ਸਾਹਿਬ ਨੇ ਹਰ ਵਾਰ ਸਿਰ ਹਿਲਾਇਆ, ਪਰ ਹਰ ਵਾਰੀ ਮਾਈਕ ਖ਼ਾਲੀ ਹੁੰਦਿਆਂ ਹੀ ਪਹਿਲਾਂ ਦੋ ਤਿੰਨ ਸ਼ੇਅਰ ਆਪਣੇ ਸੁਣਾਏ, ਫੇਰ ਅਗਲੇ ਬੁਲਾਰੇ ਨੂੰ ਬੁਲਾਇਆ। ਅੰਤ ਕਲੈਕਟਰ ਨੇ ਮਾਜਿਦ ਨੂੰ ਸਖ਼ਤੀ ਨਾਲ ਕੁਝ ਆਖਿਆ ਤੇ ਉਹਨਾਂ ਨੇ ਪ੍ਰਧਾਨ ਨੂੰ ਆਪਣਾ ਪ੍ਰਧਾਨਗੀ ਭਾਸ਼ਣ ਦੇਣ ਲਈ ਸੱਦਿਆ। ਜਿਹਨਾਂ ਨੇ ਅਜੇ ਭਾਸ਼ਣ



ਨਹੀਂ ਸੀ ਦਿੱਤਾ, ਉਹਨਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਸ਼ੋਰ ਸ਼ਰਾਬੇ 'ਚ ਥੋੜ੍ਹੀ ਦੇਰ ਤਕ ਕੁਝ ਵੀ ਸੁਣਾਈ ਨਾ ਦਿੱਤਾ। ਇਸ ਹਫੜਾ-ਦਫੜੀ 'ਚ ਇਕ ਦੋ ਲੋਕ ਆਏ ਅਤੇ ਭਾਸ਼ਣ ਦੇ ਕੇ ਤੁਰ ਗਏ। ਬੜੀ ਮੁਸ਼ਕਿਲ ਨਾਲ ਪ੍ਰਧਾਨ ਨੇ ਖੜ੍ਹੇ ਹੋ ਕੇ ਮਾਈਕ 'ਤੇ ਕਬਜ਼ਾ ਕੀਤਾ।

ਪ੍ਰਧਾਨ ਮੁਖਰਜੀ ਦਾਸ ਦਾ ਭਾਸ਼ਨ ਲੋਕ ਪਿਛਲੇ ਕਈ ਸਾਲਾਂ ਤੋਂ ਸੁਣਦੇ ਆ ਰਹੇ ਸਨ। ਉਹਨਾਂ ਨੂੰ ਅੱਜ ਵੀ ਗਿਆਨ ਸੀ, ਕਦੋਂ ਉਹ ਚੁਟਕਲਾ ਸੁਣਾਉਣਗੇ, ਕਦੋਂ ਉਹਨਾਂ ਨੇ ਤਾੜੀਆਂ ਵਜਾਉਣੀਆਂ ਹਨ ਅਤੇ ਕਦੋਂ ਨਹੀਂ, ਨਹੀਂ ਆਖਣਾ ਹੈ। ਇਕ ਅੱਧੀ ਥਾਂ 'ਤੇ ਉਹ ਭੁੱਲ ਗਏ ਤਾਂ ਸਰੋਤਿਆਂ ਨੇ ਉਹਨਾਂ ਨੂੰ ਯਾਦ ਕਰਾ ਦਿੱਤਾ। ਆਖ਼ਰਕਾਰ ਉਹਨਾਂ ਦਾ ਭਾਸ਼ਣ ਖ਼ਤਮ ਹੋਣ ਤੋਂ ਪਹਿਲਾਂ ਹੀ ਲੋਕ ਉੱਠ ਗਏ ਅਤੇ ਉਹਨਾਂ ਨੇ ਆਖ਼ਰੀ ਸ਼ਬਦ ਕੁਰਸੀਆਂ, ਕਦਮਾਂ ਲੋਕਾਂ ਦੀ ਆਵਾਜ਼ ਵਿਚ ਦੱਬੇ ਗਏ। ਨਾਲ ਦੀ ਇਕ ਸ਼ਾਮਿਆਨੇ 'ਚ ਚਾਹ-ਨਾਸ਼ਤੇ ਦਾ ਇੰਤਜ਼ਾਮ ਸੀ, ਲੋਕ ਉਧਰ ਚਲੇ ਗਏ।

ਚਾਹ ਪੀਣ ਵੇਲੇ ਚਾਪਲੂਸੀ ਅਤੇ ਛੇੜਛਾੜ ਦੇ ਦੌਰ ਚਲਦੇ ਰਹੇ। ਨੇਤਾ, ਅਫ਼ਸਰ, ਪੱਤਰਕਾਰ ਅਤੇ ਸਮਾਜ ਸੇਵੀ ਈਰਖਾ, ਵੈਰ ਅਤੇ ਝਗੜੇ ਨਾਲ ਇਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਹਰ ਮੌਕੇ ਨੂੰ ਇਸਤੇਮਾਲ ਕਰਦੇ ਰਹੇ। ਦੰਗਾ ਤਾਂ ਹਰ ਦੂਜੇ ਤੀਜੇ ਸਾਲ ਹੁੰਦਾ ਸੀ, ਉਹਦੇ ਬਾਰੇ ਜ਼ਿਆਦਾ ਚਿੰਤਤ ਹੋਣ ਦੀ ਲੋੜ ਨਹੀਂ ਸੀ। ਇਸ ਚਾਲ ਦਾ ਛੋਟੇ ਤੋਂ ਛੋਟੇ ਮੌਕਾ ਕੋਈ ਵੀ ਨਹੀਂ ਸੀ ਗੁਆਉਣਾ ਚਾਹੁੰਦਾ, ਇਸ ਲਈ ਸਾਰਿਆਂ ਨੇ ਇਸ ਮੌਕੇ ਦਾ ਭਰਪੂਰ ਫਾਇਦਾ ਉਠਾਇਆ।

(8)

ਤਲਾਸ਼ੀਆਂ ਹੋ ਰਹੀਆਂ ਸਨ। ਹਰ ਦੋ ਤਿੰਨ ਸਾਲ ਬਾਅਦ ਇਸ ਦੀ ਨੌਬਤ ਆਉਂਦੀ ਸੀ, ਇਸ ਲਈ ਸਾਰਾ ਕੁਝ ਕਾਫ਼ੀ ਹੱਦ ਤਕ ਨਿਸ਼ਚਿਤ ਸੀ। ਜਿਹੜੇ ਸਾਲ ਫੌਜ ਆ ਜਾਂਦੀ, ਉਸ ਸਾਲ ਫੌਜ ਕੋਲੋਂ, ਨਹੀਂ ਤਾਂ ਬੀ.ਐਸ.ਐਫ., ਸੀ.ਆਰ.ਪੀ., ਜਿਹੜੀ ਵੀ ਮਿਲ ਸਕੇ ਹੋਵੇ, ਉਹਦੇ ਕੋਲੋਂ ਸ਼ਹਿਰ ਦੇ ਪਾਕਿਸਤਾਨੀ ਹਿੱਸੇ ਨੂੰ ਘੇਰ ਕੇ ਸਿਵਲ ਪੁਲਿਸ ਅਤੇ ਪੀ.ਏ.ਸੀ. ਦੇ ਲੋਕ ਤਲਾਸ਼ੀਆਂ ਲੈਂਦੇ ਸਨ। ਅਫ਼ਸਰਾਂ ਨੂੰ ਪੂਰਾ ਯਕੀਨ ਹੁੰਦਾ ਸੀ ਕਿ ਦੰਗਾ ਇਸ ਹਿੱਸੇ ਦੇ ਲੋਕ ਹੀ ਕਰਦੇ ਹਨ, ਇਸ ਕਰਕੇ ਤਲਾਸ਼ੀਆਂ ਵੀ ਇਸੇ ਇਲਾਕੇ ਦੀਆਂ ਹੁੰਦੀਆਂ ਸਨ। ਕਿੰਨੇ ਕਿੰਨੇ ਸਾਲ ਤਾਂ ਕਦੋਂ ਮਰਨ ਵਾਲਿਆਂ 'ਚੋਂ ਸਾਰੇ ਲੋਕ ਏਥੋਂ ਦੇ ਹੁੰਦੇ ਸਨ, ਉਦੋਂ ਵੀ ਤਲਾਸ਼ੀਆਂ ਸਿਰਫ਼ ਇਹਨਾਂ ਹੀ ਮੁਹੱਲਿਆਂ ਦੀਆਂ ਹੁੰਦੀਆਂ ਸਨ। ਇਸ ਵਾਰ ਵੀ ਮਰਨ ਵਾਲੇ ਛੇ ਲੋਕ ਏਥੋਂ ਦੇ ਹੀ ਸਨ। ਪਰ ਅਫ਼ਸਰਾਂ ਨੇ ਸ਼ਹਿਰ ਆ ਕੇ ਪਾਕਿਸਤਾਨੀ ਹਿੱਸੇ ਦੀ ਤਲਾਸ਼ੀ ਦਾ ਪ੍ਰੋਗਰਾਮ ਬਣਾ ਕੇ ਰਾਤ ਡੇਢ ਵਜੇ ਉਹਦੇ 'ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ।

ਸਾਰੇ ਦਿਨ ਦੀ ਹੁੰਮਸ ਭਰੀ ਗਰਮੀ ਤੇ ਪਸੀਨੇ ਨਾਲ ਨਹਾਤਾ ਹੋਇਆ ਸ਼ਹਿਰ ਇਸ ਵੇਲੇ ਹਲਕੀ ਠੰਢੀ ਹਵਾ ਦੀ ਖ਼ੁਸ਼ਫਹਿਮੀ ਦਾ ਸ਼ਿਕਾਰ ਹੋ ਚੁੱਕਾ ਸੀ। ਸਿਰਫ਼ ਉਹੀ ਲੋਕ, ਜਿਹਨਾਂ ਨੂੰ ਸਾਰਾ ਦਿਨ ਕਮਾਉਣ ਤੋਂ ਬਾਅਦ ਹੀ ਰਾਤ ਨੂੰ ਰੋਟੀ ਮਿਲਦੀ ਸੀ ਅਤੇ ਜਿਹਨਾਂ ਦੀਆਂ ਭੁੱਖੀਆਂ ਨਾੜਾਂ ਦੇ ਵੱਟ ਨੇ ਨੀਂਦ ਉਹਨਾਂ ਦੀਆਂ ਅੱਖਾਂ ਤੋਂ ਦੂਰ ਕਰ ਦਿੱਤੀ ਸੀ, ਅੱਧਾ ਸੌਣ ਅਤੇ ਅੱਧਾ ਜਾਗਣ ਦੀ ਸਥਿਤੀ 'ਚ ਸਨ। ਬਾਕੀ ਸਾਰੇ ਇਲਾਕੇ 'ਚ ਸ਼ਾਂਤੀ ਪਸਰੀ ਹੋਈ ਸੀ। ਬਾਰਾਂ, ਸਾਢੇ ਬਾਰਾਂ ਵਜੇ ਤਕ ਤਾਂ ਜ਼ਰੂਰ ਹਰ ਹਰ ਮਹਾਦੇਵ ਅਤੇ ਅੱਲ੍ਹਾ ਹੂ ਅਕਬਰ ਦੇ ਨਾਅਰੇ ਲਹਿਰਾਂ ਦੀ ਤਰ੍ਹਾਂ ਵਹਿੰਦੇ ਹੋਏ ਘਰ ਦੀਆਂ ਛੱਤਾਂ ਨਾਲ ਟਕਰਾਅ ਰਹੇ ਸਨ ਅਤੇ ਇਕ ਘੰਟੇ ਤੋਂ ਉਹਨਾਂ ਦੀ ਰਫ਼ਤਾਰ ਵੀ ਹੌਲੀ ਹੁੰਦੀ ਤਕਰੀਬਨ ਖ਼ਤਮ ਹੋ ਗਈ ਸੀ। ਇਹ ਨਾਅਰੇ ਅਜੀਬ ਕਿਸਮ ਦੀ

ਉੱਤੇਜਨਾ ਅਤੇ ਡਰ ਪੈਦਾ ਕਰਦੇ ਸਨ ਅਤੇ ਹਰ ਘਰ ਅੰਦਰ ਲੁਕੇ ਵਸਨੀਕਾਂ ਨੂੰ ਅਜਿਹਾ ਜਾਪਦਾ ਸੀ, ਜਿਵੇਂ ਗੁਆਂਢ 'ਚ ਹੀ ਕੋਈ ਹਮਲਾਵਰ ਭੀੜ ਇਹ ਨਾਅਰੇ ਲਾ ਰਹੀ ਹੋਵੇ।

ਡੇਢ ਵਜੇ ਤੋਂ ਬਾਅਦ ਗਲੀਆਂ ਦੇ ਬਾਹਰ ਮੇਨ ਸੜਕ 'ਤੇ ਵੱਡੀਆਂ ਗੱਡੀਆਂ ਦੇ ਰੁਕਣ ਦੀ ਆਵਾਜ਼ ਆਈ। ਗੱਡੀਆਂ ਦੀਆਂ ਲਾਈਟਾਂ ਨਾਲ ਸੜਕਾਂ ਅਤੇ ਗਲੀਆਂ ਦੇ ਹਨੇਰੇ ਕੋਣੇ ਰੌਸ਼ਨ ਹੋ ਗਏ। ਰੌਸ਼ਨੀ ਦੀਆਂ ਕੁਝ ਕਿਰਨਾਂ ਲੋਕਾਂ ਦੀਆਂ ਖਿੜਕੀਆਂ ਅਤੇ ਰੌਸ਼ਨਦਾਨਾਂ 'ਚੋਂ ਹੁੰਦੀਆਂ ਹੋਈਆਂ ਘਰਾਂ ਅੰਦਰ ਵੀ ਪਹੁੰਚ ਗਈਆਂ। ਡਰੇ ਹੋਏ ਹੱਥਾਂ ਨੇ ਛੇਤੀ-ਛੇਤੀ ਬਾਰੀਆਂ ਦੇ ਪੱਲੇ ਬੰਦ ਕਰ ਦਿੱਤੇ। ਇਸ ਤੋਂ ਬਾਅਦ ਸ਼ੁਰੂ ਹੋਇਆ ਬੂਟਾਂ ਦਾ ਲੈਅਬੱਧ ਸ਼ੋਰ। ਟਰੱਕਾਂ ਤੋਂ ਛਾਲਾਂ ਮਾਰ ਕੇ ਜਵਾਨਾਂ ਨੇ ਪੁਜੀਸ਼ਨਾਂ ਸੰਭਾਲਣੀਆਂ ਸ਼ੁਰੂ ਕਰ ਦਿੱਤੀਆਂ। ਰਾਤ ਦੇ ਸੰਨਾਟੇ ਅੰਦਰ ਬੂਟਾਂ ਦੀ ਆਵਾਜ਼ ਇਕ ਖ਼ਾਸ ਤਰ੍ਹਾਂ ਦੀ ਸਨਸਨੀ ਪੈਦਾ ਕਰ ਰਹੀ ਸੀ। ਘਰਾਂ ਅੰਦਰ ਅੱਧ-ਸੁੱਤੇ ਲੋਕ ਆਉਣ ਵਾਲੀ ਮੁਸੀਬਤ ਲਈ ਤਿਆਰ ਹੋਣਾ ਸ਼ੁਰੂ ਹੋ ਗਏ।

ਖਟ...ਖਟ...ਠਕ...ਠਕ....ਖਟ...?...ਅਬੇ ਖੋਲ ਬੇ-ਦਰਵਾਜ਼ਾ। ਸਾਲੇ ਕਹਾਂ ਅਪਨੀ ਮਾਂ ਕੀ ਗੋਦ ਮੇਂ ਸੋਏ ਬੈਠੇ ਹੋ। ਖੋਲਤਾ ਹੈ ਦਰਵਾਜ਼ਾ ਕਿ ਤੋੜ ਦੂ।

ਆਵਾਜ਼ਾਂ...ਆਵਾਜਾਂ ਪੂਰੇ ਮਾਹੌਲ ਅੰਦਰ ਪਸਰ ਗਈਆਂ। ਆਵਾਜ਼ਾਂ...ਹੱਥਾਂ ਨਾਲ ਦਰਵਾਜ਼ਾ ਖੜਕਾਉਣ ਦੀਆਂ ਸਨ। ਆਵਾਜ਼ਾਂ...ਬੂਟਾਂ ਨਾਲ ਦਰਵਾਜ਼ੇ 'ਤੇ ਠੁੱਡ ਮਾਰਨ ਦੀਆਂ ਸਨ। ਆਵਾਜ਼ਾਂ, ਬੱਚਿਆਂ ਦੇ ਰੋਣ ਅਤੇ ਔਰਤਾਂ ਦੇ ਚੀਖਣ ਦੀਆਂ ਸਨ। ਆਵਾਜ਼ 'ਚ ਗਾਲ੍ਹਾਂ, ਸਿਸਕੀਆਂ ਅਤੇ ਮਿੰਨਤਾਂ ਭਰੀਆਂ ਹੋਈਆਂ ਸਨ। ਇਹ ਆਵਾਜ਼ਾਂ ਅਚਾਨਕ ਪੈਦਾ ਹੋਈਆਂ ਅਤੇ ਉਹਨਾਂ ਨੇ ਪੂਰੇ ਮਾਹੌਲ ਨੂੰ ਰਿੜਕ ਸੁੱਟਿਆ।

ਬਹਨ ਚੋ....ਇਤਨੀ ਦੇਰ ਦਰਵਾਜ਼ਾ ਪੀਟਤੇ ਰਹੇ, ਅਬ ਜਾਕਰ ਦਰਵਾਜ਼ਾ ਖੋਲ੍ਹਾ। ਅੰਦਰ ਅਸਲ੍ਹੇ ਛਿਪਾ ਰਹੇ ਥੇ....?

ਬੋਲਤੇ ਕਿਉਂ ਨਹੀਂ ਸਸੁਰ। ਅਬ ਜ਼ਬਾਨ ਮੇਂ ਤਾਲਾ ਲਗ ਗਯਾ ਹੈ।

ਬੱਚੇ ਫਰਸ਼ 'ਤੇ ਨੀਂਦ 'ਚ ਬੇਹੋਸ਼ ਸਨ ਅਤੇ ਬਾਲਗ ਮੈਂਬਰ ਦਹਿਸ਼ਤ 'ਚ ਖਾਮੋਸ਼, ਹੈਰਾਨ ਬੈਠੇ ਸਨ। ਦਰਵਾਜ਼ਾ ਟੁੱਟਦਿਆਂ ਹੀ ਢੇਰ ਸਾਰੇ ਲੋਕ ਤੇਜ਼ੀ ਨਾਲ ਬੰਦੂਕਾਂ ਸਮੇਤ ਅੰਦਰ ਆ ਵੜ੍ਹੇ। ਮਰਦਾਂ ਨੇ ਆਦਤਨ ਆਪਣੇ ਹੱਥਾਂ ਨਾਲ ਸਿਰ ਢੱਕ ਲਿਆ। ਉਹਨਾਂ ਨੂੰ ਉਮੀਦ ਸੀ ਕਿ ਹੁਣ ਡੰਡਿਆਂ, ਬੂਟਾਂ ਅਤੇ ਬੰਦੂਕ ਦੇ ਬੱਟ ਨਾਲ ਉਹਨਾਂ ਨੂੰ ਮਾਰਿਆ ਜਾਵੇਗਾ। ਮਾਰਨਾ ਅਜੇ ਸ਼ੁਰੂ ਹੀ ਹੁੰਦਾ, ਇਕ ਔਰਤ ਦੀ ਚੀਖ ਨੇ ਕਮਰੇ ਅੰਦਰ ਰੁਕੀ ਹਵਾ 'ਚ ਕੰਬਣੀ ਪੈਦਾ ਕਰ ਦਿੱਤੀ।

ਕਮਰੇ ਅੰਦਰ ਵੜ੍ਹਦਿਆਂ ਹੀ ਉਹ ਚਾਰੇ ਕੋਨਿਆਂ 'ਚ ਬੈਠਣ ਦੀ ਤਰਤੀਬ ਅਨੁਸਾਰ ਥੱਲੇ ਸੁੱਤੇ ਹੋਏ ਬੱਚਿਆਂ ਨੂੰ ਮਧੋਲ ਰਹੇ ਸਨ। ਲਾਸ਼ ਬੱਚਿਆਂ ਦੇ ਵਿਚਕਾਰ ਚਾਦਰ 'ਚ ਲਪੇਟੀ ਪਈ ਸੀ। ਜਿਵੇਂ ਹੀ ਬੂਟ ਉਹਦੇ ਉੱਤੇ ਰੱਖਿਆ ਜਾਣ ਲੱਗਾ, ਸਈਦਾ ਦੀ ਚੀਖ਼ ਨਿਕਲ ਗਈ।

ਕਯਾ ਬਕਤੀ ਹੈ, ਕਿਸ ਕੀ ਲਾਸ਼ ਹੈ ?

ਸਈਦਾ ਨੇ ਬਿਨਾਂ ਜਵਾਬ ਦਿੱਤਿਆਂ ਰੋਣਾ ਜਾਰੀ ਰੱਖਿਆ। ਉਹਦੇ ਨਾਲ ਉਹਦੀ ਸੱਸ ਤੇ ਨਨਾਣ ਨੇ ਵੀ ਰੋਣਾ ਸ਼ੁਰੂ ਕਰ ਦਿੱਤਾ। ਬੁੱਢੀ ਨੇ ਬੜੀ ਮੁਸ਼ਕਿਲ ਨਾਲ ਸਥਿਤੀ ਨੂੰ ਸਪੱਸ਼ਟ ਕੀਤਾ। ਉਤਾਵਲੇ ਹੋਏ ਸਾਰੇ ਬੂਟ ਬਾਹਰ ਨਿਕਲ ਗਏ। ਦਰਵਾਜ਼ਾ ਬੰਦ ਨਹੀਂ ਸੀ ਹੋ ਸਕਦਾ। ਬੁੱਢੇ ਨੇ ਦਰਵਾਜ਼ੇ ਦੇ ਟੁੱਟੇ ਹੋਏ ਪੱਲਿਆਂ ਨੂੰ ਬੰਦ ਕਰਕੇ ਉਹਨਾਂ ਦੇ ਨਾਲ ਇਕ ਟੁੱਟੀ ਹੋਈ ਮੇਜ਼ ਟਿਕਾ ਦਿੱਤੀ। ਬਾਹਰ ਦਾ ਦ੍ਰਿਸ਼ ਇਹਨਾਂ ਟੁੱਟੇ ਹੋਏ ਪੱਲਿਆਂ ਤੋਂ ਲੁਪਤ ਜ਼ਰੂਰ ਹੋ ਗਿਆ ਸੀ, ਪਰ ਆਵਾਜ਼ਾਂ ਆਉਂਦੀਆਂ ਰਹੀਆਂ।



"ਇਸ ਬਕਸੇ ਮੇਂ ਕਯਾ ਹੈ ? ਖੋਲ... ਖੋਲ... ਇਸੇ ਭੀ।"

"ਹਜੂਰ, ਮਾਈ ਬਾਪ...ਲੜਕੀ ਕੇ ਜੇਵਰ ਗੁਰੀਯਾ ਹੈਂ। ਇਸੀ ਜਾੜੇ ਮੇਂ ਸ਼ਾਦੀ ਕਰਨੀ ਹੈ।"

"ਖੋਲ ਤੋ। ਦੇਖੇਂ ਤਭੀ ਤੋਂ ਪਤਾ ਚਲੇਗਾ ਕਿ ਜੇਵਰ ਹੈਂ ਜਾਂ ਬਮ ਛਿਪਾ ਰਖਾ ਹੈ। ਤੁਮ ਲੋਗੋਂ ਕਾ ਕੋਈ ਭਰੋਸਾ ਵੈਸੇ ਭੀ ਨਹੀਂ ਕਰਨਾ ਚਾਹੀਏ। ਪਾਕਿਸਤਾਨ ਸੇ ਲਾਕਰ ਬਮ-ਪਿਸਤੌਲ ਇਕੱਠਾ ਕਰਤੇ ਹੋ।"

"ਖੋਲ ਸਾਲੇ। ਏਕ ਏਕ ਘਰ ਮੇਂ ਇਤਨੀ ਦੇਰ ਲਗਾਏਂਗੇ ਤੋਂ ਦੋ ਹੀ ਘਰ ਮੇਂ ਸੁਬਹ ਹੋ ਜਾਏਗੀ।"

"ਸੀਧੇ ਸੇ ਨਹੀਂ ਖੋਲਾ ਤੋਂ ਮੂੰਹ ਭੀ ਤੋੜ ਦੇਂਗੇ ਔਰ ਤਾਲਾ ਭੀ।"

ਬੰਦੂਕ ਦਾ ਬੱਟ ਦੋਵੇਂ ਤੋੜ ਸਕਦਾ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਤਾਲਾ ਟੁੱਟਣ ਸਮੇਂ ਜ਼ੋਰ ਦੀ ਆਵਾਜ਼ ਕਰਦਾ ਹੈ ਤੇ ਆਦਮੀ ਦਾ ਮੂੰਹ ਸਿਰਫ਼ ਆਹ ਦੀ ਆਵਾਜ਼ ਹੀ ਕੱਢਦਾ ਹੈ।

"ਹਜ਼ੂਰ...ਬੜੀ ਮੁਸ਼ਕਿਲ ਸੇ ਇਕੱਠਾ ਕੀਯਾ ਹੈ। ਬੇਟੀ ਕੀ ਸ਼ਾਦੀ ਨਹੀਂ ਹੋ ਪਾਏਗੀ।" ਪੈਂਟ ਦੀ ਜੇਬ 'ਚ ਪਿਆ ਹੱਥ ਤੇ ਕਮਜ਼ੋਰ ਕੰਬਦਾ ਹੱਥ ਲਹਿਰਾ ਜਾਂਦਾ ਹੈ। ਬੱਟ ਦੀ ਦੂਸਰੀ ਸੱਟ ਕਿਸੇ ਨੂੰ ਵੀ ਇਸ ਜੋਗਾ ਨਹੀਂ ਛੱਡਦੀ ਕਿ ਉਹ ਮਜਬੂਤ ਹੱਥ ਨੂੰ ਦੁਬਾਰਾ ਫੜ੍ਹਨ ਦਾ ਹੌਸਲਾ ਕਰੇ। ਜਦੋਂ ਤਕ ਬੂਟ ਬਾਹਰ ਨਿਕਲਦੇ, ਘਰ ਦੇ ਸਾਰੇ ਮਰਦ ਔਰਤਾਂ ਰੋਣ ਤੇ ਚੀਖਣ ਲੱਗ ਪੈਂਦੇ ਹਨ। ਬੱਚੇ ਵੀ ਘਬਰਾ ਕੇ ਥੋੜ੍ਹਾ ਉੱਚੀ ਆਵਾਜ਼ 'ਚ ਰੋਂਦੇ ਹਨ, ਪਰ ਜਾਣ ਵਾਲਿਆਂ 'ਤੇ ਇਸ ਦਾ ਕੋਈ ਅਸਰ ਨਹੀਂ ਹੁੰਦਾ।

ਤਲਾਸ਼ੀ ਦਾ ਅੰਤ ਹਰ ਘਰ 'ਚ ਲਗਭਗ ਇਕੋ ਜਿਹਾ ਹੀ ਹੁੰਦਾ ਸੀ। ਅਖੀਰ ਵਿਚ ਜੇਕਰ ਕਾਲੇ ਅਤੇ ਮਿੱਟੀ ਨਾਲ ਭਰੇ ਚਿਹਰੇ ਹੰਝੂਆਂ ਨਾਲ ਵੀ ਗਿੱਲੇ ਨਾ ਹੁੰਦੇ ਤਾਂ ਅਪਮਾਨਿਤ ਅਤੇ ਵੇਦਨਾ ਮੁਰਝਾਏ ਹੋਏ ਬੂਟਾਂ ਦੀ ਆਵਾਜ਼ ਸੁਣਦੇ ਰਹਿੰਦੇ।

ਅਬੇ ਦਰਵਾਜ਼ਾ ਇਤਨੀ ਦੇਰ ਸੇ ਕਯੂੰ ਖੋਲਾ।

ਸੌ ਰਹਾ ਥਾ। ਨੀਂਦ ਖੁਲੀ ਤੋਂ ਖੋਲਾ।

ਕਯਾ! ਜਬਾਨ ਲੜਾਤਾ ਹੈ।...ਠਾਹ...ਠਾਹ।

ਮਾਰਾ ਕਯੂੰ ? ਮਾਰਨੇ ਕਾ ਅਖਤਿਆਰ ਕਿਸ ਨੇ ਦੀਆ ਤੁਮਹੇਂ ?

ਸਾਲਾ ਅਖਤਿਆਰ ਪੂਛਤਾ ਹੈ। ਇਸ ਨੇ ਦੀਆ ਅਖ਼ਤਿਆਰ।

ਰਾਈਫਲ ਦਾ ਬੱਟ ਅੱਧਾ ਮੂੰਹ ਅਤੇ ਅੱਧਾ ਦਰਵਾਜ਼ੇ 'ਤੇ ਵੱਜਦਾ ਹੈ। ਮੂੰਹ ਵਿਚੋਂ ਖ਼ੂਨ ਵਗਦਾ ਹੈ ਅਤੇ ਖ਼ੂਨ ਨਾਲ ਦੋ ਤਿੰਨ ਦੰਦ ਵੀ ਬਾਹਰ ਆ ਡਿੱਗਦੇ ਹਨ। ਘਰ ਦੇ ਬਜ਼ੁਰਗ ਮਰਦ ਔਰਤ ਆ ਕੇ ਨੌਜਵਾਨ ਨਾਲ ਚਿੰਬੜ ਜਾਂਦੇ ਹਨ। ਘਰ ਦਾ ਬਜ਼ੁਰਗ ਮੁਖੀਆ ਖ਼ੂਨ ਵੇਖ ਕੇ ਉੱਤੇਜਨਾ ਵਿਚ ਹੌਲੀ-ਹੌਲੀ ਕੰਬਣ ਲੱਗ ਪੈਂਦਾ ਹੈ। ਸਾਹਮਣੇ ਖਲੋਤੇ ਮਜਿਸਟ੍ਰੇਟ ਨਾਲ ਹੌਲੀ ਆਵਾਜ਼ ਵਿਚ ਗੱਲ ਕਰਨ ਦੀ ਕੋਸ਼ਿਸ਼ ਕਰਨ 'ਤੇ ਵੀ ਉਹਦੀ ਆਵਾਜ਼ ਤਲਖ਼ ਹੋ ਜਾਂਦੀ ਹੈ।

ਆਪ ਕੇ ਸਾਮਨੇ ਸਭ ਕੁਛ ਹੋ ਰਹਾ ਹੈ ਔਰ ਆਪ ਚੁੱਪਚਾਪ ਦੇਖ ਰਹੇ ਹੈਂ। ਯਹੀ ਤਲਾਸ਼ੀ ਕਾ ਢੰਗ ਹੈ। ਕਿਸ ਕਾਨੂੰਨ ਨੇ ਆਪ ਕੋ ਅਧਿਕਾਰ ਦੀਆ ਹੈ ਬਿਨਾ ਵਜਹ ਮਾਰਨੇ ਪੀਟਨੇ ਕਾ। ਮੈਂ ਭੀ ਵਕੀਲ ਰਹਾ ਹੂੰ। ਇਸ ਮੁਲਕ ਮੇਂ ਸੰਵਿਧਾਨ ਹੈ...ਕਾਨੂੰਨ ਹੈ...ਕਾਯਦਾ ਹੈ।

ਤੂੰ ਹਮੇਂ ਕਾਨੂੰਨ ਕਾਯਦਾ ਸਿਖਾਏਗਾ। ਵਕੀਲ ਕੀ ਦੁਮ...।

ਦੁਨੀਆ ਦਾ ਕੋਈ ਵੀ ਬਜ਼ੁਰਗ ਆਪਣੇ ਚਿਹਰੇ ’ਤੇ ਬੰਦੂਕ ਦਾ ਬੱਟ ਸਹਿ ਕੇ ਚੁੱਪਚਾਪ ਖੜ੍ਹਾ ਨਹੀਂ ਰਹਿ ਸਕਦਾ।

ਸਾਲੇ ਖਾਤੇ ਯਹਾਂ ਕਾ ਹੈ, ਦੇਖਤੇ ਪਾਕਿਸਤਾਨ ਕੀ ਤਰਫ਼ ਹੈਂ।ਗੌਰ ਸੇ ਤਲਾਸ਼ੀ ਲੇਨਾ, ਇਸ ਬਦਮਾਸ਼ ਵਕੀਲ ਕੇ ਯਹਾਂ ਸੇ ਟਰਾਂਸਮੀਟਰ ਭੀ ਹੋਗਾ। ਯਹੀ ਸਾਲੇ ਖ਼ਬਰ ਦੇਤੇ ਹੈਂ, ਤਭੀ ਸੁਬਹ-ਸੁਬਹ ਬੀ.ਬੀ.ਸੀ. ਬੋਲਨੇ ਲਗਤਾ ਹੈ।

ਪਾਕਿਸਤਾਨੀ...ਖ਼ੂਨ ਨਾਲ ਲਥਪਥ ਮੂੰਹ ਨੂੰ ਅਜੀਬ ਕਿਸਮ ਨਾਲ ਹਿਲਾ ਕੇ ਨੌਜਵਾਨ ਚਿਹਰਾ ਫੁੰਕਾਰਦਾ ਹੈ...ਪਹਲੇ ਤੋਂ ਨਹੀਂ ਕੀ, ਲੇਕਿਨ ਅਬ ਜ਼ਰੂਰ ਕਰੇਂਗੇ ਪਾਕਿਸਤਾਨੀ ਜਾਸੂਸੀ। ਇਸ ਸਾਲੇ ਦੇਸ ਮੇਂ ਅਗਰ ਜ਼ਲਾਲਤ ਹੀ ਮਿਲਨੀ ਹੈ ਤੋ ਜ਼ਰੂਰ ਕਰੇਂਗੇ ਪਾਕਿਸਤਾਨੀ ਦਲਾਲੀ।

ਕਯਾ ਕਹਾ ? ਕਯਾ ਕਹਾ...ਪਾਕਿਸਤਾਨੀ ਜਾਸੂਸ ਹੈ। ਤਬ ਤੋਂ ਤੂੰ ਹੀ ਬਤਾਏਗਾ ਕਿ ਕਹਾਂ ਛਿਪਾ ਰੱਖਾ ਹੈ ਟਰਾਂਸਮੀਟਰ ਔਰ ਬਮ।

ਵਿਗੜਿਆ ਚਿਹਰਾ ਥੋੜ੍ਹਾ ਹੋਰ ਵਿਗੜ ਜਾਂਦਾ ਹੈ। ਪਰ ਔਰਤਾਂ ਤਕਰੀਬਨ ਉਹਦੇ ਉੱਤੇ ਲੰਮੀਆਂ ਹੀ ਪੈ ਜਾਂਦੀਆਂ ਹਨ।

ਪਿਉ ਦੇ ਗੱਲ੍ਹ ਦਾ ਫਟਿਆ ਮਾਸ ਵੇਖ ਕੇ ਨੌਜਵਾਨ ਨੂੰ ਜਿਵੇਂ ਹਿਸਟਰੀਆ ਦੇ ਦੌਰੇ ਪੈਂਦੇ ਜਾ ਰਹੇ ਸਨ। ਉਸ ਨੂੰ ਬੋਲਨ ਤੋਂ ਰੋਕਣ ਲਈ ਬੁੱਢੇ ਵਕੀਲ ਸਮੇਤ ਘਰ ਦੇ ਸਾਰੇ ਮੈਂਬਰ ਉਸ ਨੂੰ ਘੇਰ ਕੇ ਬੈਠ ਗਏ ਅਤੇ ਕੋਈ ਸਮਝਾ ਕੇ, ਕੋਈ ਪਿਆਰ ਨਾਲ ਅਤੇ ਕੋਈ ਝਿੜਕ ਕੇ ਉਹਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਜੇਕਰ ਇਸਦੇ ਬਾਵਜੂਦ ਵੀ ਉਹਦੀ ਆਵਾਜ਼ ਤੇਜ਼ ਹੋ ਜਾਂਦੀ ਤਾਂ ਕੋਈ ਨਾ ਕੋਈ ਔਰਤ ਉੱਚੀ ਆਵਾਜ਼ ਵਿਚ ਰੋ ਕੇ ਉਸਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰਦੀ।

ਤਲਾਸ਼ੀ ਲੈਣ ਵਾਲਿਆਂ ਦੀ ਦਿਲਚਸਪੀ ਉਹਦੇ ’ਚੋਂ ਖ਼ਤਮ ਹੋ ਚੁੱਕੀ ਸੀ। ਦੋ ਜਵਾਨਾਂ ਨੂੰ ਉਹਦੇ ਕੋਲ ਖੜ੍ਹਾ ਕਰਕੇ ਬਾਕੀ ਸਾਰੇ ਤਲਾਸ਼ੀ ਲੈਣ ਚਲੇ ਗਏ। ਘਰ ਬਹੁਤ ਸਮਝਦਾਰ ਲੋਕਾਂ ਦਾ ਲੱਗਦਾ ਸੀ। ਇਸ ਕਰਕੇ ਤਲਾਸ਼ੀ ਲੈਣ ਵਾਲੇ ਪੂਰੀ ਰੀਝ ਨਾਲ ਤਲਾਸ਼ੀ ਲੈ ਰਹੇ ਸਨ। ਜਿਨ੍ਹਾਂ ਦੋ ਜਵਾਨਾਂ ਨੂੰ ਘਰ ਦੇ ਮੈਂਬਰਾਂ ਕੋਲ ਖੜ੍ਹਾ ਕੀਤਾ ਗਿਆ ਸੀ, ਉਹ ਵੀ ਥੋੜ੍ਹੀ ਦੇਰ ’ਚ ਅੰਦਰ ਸਰਕ ਗਏ ਅਤੇ ਤਲਾਸ਼ੀ ਲੈਣ ਵਿਚ ਸ਼ਰੀਕ ਹੋ ਗਏ। ਘਰ ਵਾਲੇ ਬਾਹਰ ਵਾਲੇ ਕਮਰੇ ਵਿਚ ਗੋਲ ਚੱਕਰ ਬਣਾ ਕੇ ਸੋਫਿਆਂ ਅਤੇ ਕੁਰਸੀਆਂ ਉੱਤੇ ਬੈਠੇ ਰਹੇ ਅਤੇ ਇਕ ਦੂਸਰੇ ਨੂੰ ਹੌਸਲਾ ਦੇਂਦੇ ਰਹੇ ਜਾਂ ਚੁੱਪ ਕਰਾਉਂਦੇ ਰਹੇ। ਜਦੋਂ ਤਲਾਸ਼ੀ ਲੈਣ ਵਾਲੇ ਚਲੇ ਗਏ ਤਾਂ ਔਰਤਾਂ ਨੇ ਭੱਜ ਕੇ ਆਪਣੇ ਗਹਿਣਿਆਂ ਦੇ ਬਕਸਿਆਂ ਅਤੇ ਨਕਦੀ ਦੀ ਗੋਲਕ ਨੂੰ ਉਲਟਾ-ਪੁਲਟਾ ਕੇ ਰੋਣਾ ਪਿੱਟਣਾ ਸ਼ੁਰੂ ਕਰ ਦਿੱਤਾ।ਮਰਦਾਂ ਨੇ ਉਹਨਾਂ ਨੂੰ ਝਿੜਕਿਆ ਤੇ ਬੁੱਢੇ ਵਕੀਲ ਨੇ ਜਾ ਕੇ ਦਰਵਾਜ਼ਾ ਬੰਦ ਕਰ ਦਿੱਤਾ।

ਲਗਭਗ ਸਾਰੇ ਘਰਾਂ ਵਿਚ ਇਹੋ ਨਾਟਕ ਹੋਇਆ। ਸਿਰਫ਼ ਹਾਜੀ ਬਦਰੁੱਦੀਨ ਦੇ ਘਰ ਨਾਟਕ ਦੇ ਸੰਵਾਦ ਬਦਲ ਗਏ। ਉਹਨਾਂ ਦਾ ਘਰ ਦੋ ਏਕੜ ਵਿਚ ਫੈਲਿਆ ਹੋਇਆ ਸੀ। ਸੰਘਣੇ ਖ਼ੂਬਸੂਰਤ ਪਾਸ ਦੇ ਦਰਖ਼ਤਾਂ ਥੱਲੇ ਫੈਲੇ ਲਾਅਨ ਵਿੱਚ ਹਲਕਾ ਨੀਲਾ ਚਾਨਣ ਫੈਲਿਆ ਹੋਇਆ ਸੀ। ਮਕਾਨ ਦੇ ਚਾਰੇ ਪਾਸੇ ਉੱਚੀਆਂ-ਉੱਚੀਆਂ ਦੀਵਾਰਾਂ ਸਨ। ਇਸ ਲਈ ਅੰਦਰ ਦਾ ਕੋਈ ਵੀ ਦ੍ਰਿਸ਼ ਬਾਹਰੋਂ ਵਿਖਾਈ ਨਹੀਂ ਸੀ ਦਿੰਦਾ। ਮੇਨ ਗੇਟ ਦਾ ਦਰਵਾਜ਼ਾ ਖੋਲ੍ਹ ਕੇ ਜਦੋਂ ਡਿਪਟੀ ਕਲੈਕਟਰ ਅਤੇ ਇਕ ਡਿਪਟੀ ਐਸ.ਪੀ. ਦੀ ਅਗਵਾਈ ਵਿਚ ਪੁਲਿਸ ਦਲ ਅੰਦਰ ਆਇਆ ਤਾਂ ਉਹਨਾਂ ਨੂੰ



ਲੱਗਾ ਕਿ ਜਿਵੇਂ ਤਪਦੇ ਹੋਏ ਰੇਗਿਸਤਾਨ ਵਿਚ ਨਿਕਲ ਕੇ ਕਿਸੇ ਵਧੀਆ ਠੰਢੇ ਪਰਦੇਸ ਵਿਚ ਆ ਪਹੁੰਚੇ ਹਨ।

ਯੇਹ ਕਰਫਿਊ ਮੇਂ ਕੈਸਾ ਮਜਮਾ ਲਗਾ ਰਖਾ ਹੈ ? ਬੋਲਣ ਵਾਲੇ ਨੇ ਆਪਣੀ ਆਵਾਜ਼ ਵਿਚ ਸਖ਼ਤੀ ਲਿਆਉਣ ਦੀ ਕੋਸ਼ਿਸ਼ ਕੀਤੀ, ਪਰ ਉਹਦੀ ਸਖ਼ਤੀ ਵਾਲਿਆਂ ’ਤੇ ਕੋਈ ਅਸਰ ਨਾ ਕੀਤਾ। ਕਿਉਂਕਿ ਵਾਕ ਖ਼ਤਮ ਹੁੰਦਿਆਂ-ਹੁੰਦਿਆਂ ਉਹ ਹੱਸ ਪਿਆ।

ਆਈਏ ਹਜ਼ੂਰ, ਡਿਪਟੀ ਸਾਹਬ...ਕੈਸਾ ਕਰਫਿਊ ਔਰ ਕਹਾਂ ਕਾ ਕਰਫਿਊ। ਹਮ ਤੋ ਅਪਨੇ ਘਰ ਕੇ ਅੰਦਰ ਬੈਠੇ ਹੈਂ।

ਥੋੜ੍ਹੀ ਦੇਰ ਤਕ ਆਪਸ ਵਿਚ ਇਸ ਗੱਲ ’ਤੇ ਦੋਸਤਾਨਾ ਬਹਿਸ ਹੁੰਦੀ ਰਹੀ ਕਿ ਕਰਫਿਊ ਸਿਰਫ਼ ਸ਼ਹਿਰ ਦੇ ਅੰਦਰੂਨੀ ਹਿੱਸਿਆਂ ਤਕ ਸੀਮਤ ਸੀ ਜਾਂ ਬਾਹਰ ਚਾਰਦੀਵਾਰੀ ਤਕ ਹੀ ਉਹਦੀ ਹੱਦ ਸੀ। ਸਿਪਾਹੀ ਲਾਅਨ ਦੇ ਬਾਹਰ ਪੌੜੀਆਂ ’ਚ ਬੈਠ ਗਏ ਅਤੇ ਅਫ਼ਸਰ ਗੁਲਾਬ ਦੀਆਂ ਕਿਆਰੀਆਂ ਕੋਲੋਂ ਗੁਜ਼ਰਦੇ ਹੋਏ ਲਾਅਨ ਵਿਚ ਪਈਆਂ ਕੁਰਸੀਆਂ ’ਤੇ ਜਾ ਬੈਠੇ। ਥਕਾਵਟ ਅਤੇ ਕਈ ਦਿਨਾਂ ਦੀ ਅਧੂਰੀ ਨੀਂਦ ਨੇ ਸਾਰਿਆਂ ਨੂੰ ਬੁਰੀ ਤਰ੍ਹਾਂ ਤੋੜ ਸੁੱਟਿਆ ਸੀ। ਲੱਕ ਸਿੱਧਾ ਹੁੰਦਿਆਂ ਹੀ ਜ਼ਿਆਦਾਤਰ ਸਿਪਾਹੀ ਸੁਸਤਾਉਣ ਲੱਗ ਪਏ। ਹਾਜੀ ਦੇ ਆਦਮੀਆਂ ਨੇ ਜਲਦੀ-ਜਲਦੀ ਠੰਢਾ ਪਾਣੀ ਅਤੇ ਸ਼ਰਾਬ ਪੇਸ਼ ਕਰਨੀ ਸ਼ੁਰੂ ਕਰ ਦਿੱਤੀ।

ਔਰ ਕਯਾ ਖਿਦਮਤ ਕਰੇਂ ਸਾਹਬ ? ਐਸਾ ਵਕਤ ਹੈ ਕਿ ਕੁਛ ਸੇਵਾ ਭੀ ਨਹੀ ਕਰ ਪਾ ਰਹੇ ਹੈਂ।

ਅਰੇ ਬਹੁਤ ਹੈ ਹਾਜੀ ਜੀ। ਆਜ ਤੋ ਆਪਕਾ ਠੰਡਾ ਪਾਨੀ ਭੀ ਅਮ੍ਰਿਤ ਲਗ ਰਹਾ ਹੈ।

ਥੋੜਾ ਸਾ ਅੱਛਾ ਮਾਲ ਭੀ ਰੱਖਾ ਹੈ। ਇਜਾਜ਼ਤ ਦੇ ਤੋ ਮੰਗਾਊਂ।

ਨਹੀਂ ਨਹੀਂ ! ਇਸ ਸਮੇਂ ਅੱਛਾ-ਬੁਰਾ ਕੁਛ ਨਹੀਂ ਚਲੇਗਾ। ਅਫ਼ਸਰਾਂ ਨੇ ਨਜ਼ਰਾਂ ਤੋਂ ਦੂਰ ਬੈਠੇ ਮੁਲਾਜ਼ਮਾਂ ਵੱਲ ਵੇਖਿਆ।

ਅੰਦਰ ਕਮਰੇ ਮੇਂ ਇੰਤਜ਼ਾਮ ਕਰ ਦੇਤਾ ਹੂੰ। ਥੋੜਾ ਲੇ ਲੇਂ, ਥਕਾਵਟ ਦੂਰ ਹੋ ਜਾਏਗੀ।

ਰਹਨੇ ਦੇਂ ਹਾਜੀ ਜੀ, ਫਿਰ ਕਿਸੀ ਦਿਨ ਬੈਠੇਂਗੇ।

ਇਕ ਅਫ਼ਸਰ ਨੇ ਵੇਖਿਆ ਕਿ ਲਾਅਨ ਦੇ ਇਕ ਕੋਣੇ ਵਿਚ ਰੱਖੀ ਕੁਰਸੀ ’ਤੇ ਬੈਠਿਆਂ ਕਿਸੇ ਨੇ ਪਾਸਾ ਬਦਲਿਆ। ਕੁਰਸੀ ਮਹਿੰਦੀ ਦੀਆਂ ਝਾੜੀਆਂ ਦੇ ਓਹਲੇ ਇਸ ਤਰ੍ਹਾਂ ਪਈ ਸੀ ਕਿ ਬਹੁਤ ਧਿਆਨ ਦੇਣ ’ਤੇ ਹੀ ਸਾਫ਼ ਦਿਖਾਈ ਦਿੰਦੀ ਸੀ। ਅਫ਼ਸਰ ਨੇ ਚੌਕੰਨੇ ਹੋ ਕੇ ਪੁੱਛਿਆ, ਕੌਨ ਹੈ...ਉਧਰ ਝਾੜੀਓਂ ਕੇ ਪੀਛੇ ਕੌਨ ਹੈ।

ਅਰੇ ਜਾਏਸਵਾਲ ਜੀ, ਆ ਜਾਈਏ। ਇਧਰ ਹੀ ਆਕਰ ਬੈਠੀਏ, ਨਹੀਂ ਤੋ ਸਾਹਬ ਲੋਗ ਸੋਚੇਂਗੇ ਕਿ ਮੈਂਨੇ ਕਿਸੀ ਹਿੰਦੂ ਕੋ ਅਗਵਾ ਕਰ ਰੱਖਾ ਹੈ।

ਰਾਮਕ੍ਰਿਸ਼ਨ ਜਸਵਾਲ ਥੋੜ੍ਹਾ ਸ਼ਰਮਾਉਂਦੇ ਹੋਏ ਝਾੜੀਆਂ ਪਿੱਛੋਂ ਆ ਗਏ। ਜਸਵਾਨ ਜੀ ਪ੍ਰਬੰਧਕ ਸਨ ਅਤੇ ਆਉਣ ਵਾਲੀਆਂ ਚੋਣਾਂ ਵਿਚ ਖੜ੍ਹੇ ਹੋਣ ਵਾਲੇ ਸਨ। ਹਾਜੀ ਬਦਰੁੱਦੀਨ ਉਸਦੇ ਪੁਰਾਣੇ ਵਿਰੋਧੀ ਸਨ। ਇਸ ਵਾਰ ਸ਼ਹਿਰ ਵਿਚ ਅਫ਼ਵਾਹ ਇਹ ਸੀ ਕਿ ਮੌਜੂਦਾ ਪ੍ਰਬੰਧਕ ਅਯੋਧਿਆਨਾਥ ਦੀਕਸ਼ਤ ਦੇ ਖ਼ਿਲਾਫ਼ ਦੋਵਾਂ ਨੇ ਹੱਥ ਮਿਲਾ ਲਿਆ ਹੈ।

ਜਾਏਸਵਾਲ ਜੀ ਕਰਫਿਊ ਮੇਂ ਇਤਨੀ ਰਾਤ ਗਏ ਆਪ ਯਹਾਂ। ਖੈਰੀਅਤ ਤੋ ਹੈ। ਇਕ ਅਫ਼ਸਰ ਨੇ ਅਣਜਾਣ ਬਣਨ ਦੀ ਕੋਸ਼ਿਸ਼ ਕੀਤੀ।

ਹਮ ਤੋ ਡਿਪਟੀ ਸਾਹਬ, ਸ਼ਹਰ ਕੇ ਅੰਦੇਸ਼ੇ ਸੇ ਪਰੇਸ਼ਾਨ ਹੈਂ। ਹਾਜੀ ਜੀ ਸੇ ਡਿਸਕਸ ਕਰਨੇ ਗਲੀਓਂ-ਗਲੀਓਂ ਛਿਪਤੇ ਆ ਗਏ ਥੇ। ਦੰਗਾ ਕੈਸੇ ਰੋਕਾ ਜਾਏ, ਇਸੀ ਪਰ ਬਾਤ ਕਰ ਰਹੇ ਥੇ ਕਿ ਆਪ ਆ ਗਏ।

ਸਾਲਾ ਕੈਸੀ ਭੋਲੀ ਬਾਤ ਕਰ ਰਹਾ ਹੈ। ਸਾਰਾ ਸ਼ਹਰ ਜਾਨਤਾ ਹੈ ਕਿ ਯਹੀ ਦੋਨੋਂ ਦੰਗਾ ਕਰਾ ਰਹੇ ਹੈਂ। ਪਰ ਇਨ ਕੋ ਪਕੜੇਗਾ ਕੌਨ ? ਦੂਰ ਪੌੜੀਆਂ ਵਿਚ ਬੈਠੇ ਇਕ ਸਿਪਾਹੀ ਨੇ ਦੂਸਰੇ ਦੇ ਕੰਨ ਵਿਚ ਹੌਲੀ ਜਹੀ ਆਖਿਆ।

ਚੁਪ ਰਹ ਯਾਰ, ਕਯੂੰ ਬੁਰਾ ਬਨਤਾ ਹੈ। ਯਹ ਕਮਬਖਤ ਤੋ ਪਰਦੇ ਕੇ ਪੀਛੇ ਰਹ ਕਰ ਕਾਮ ਕਰਤੇ ਹੈਂ। ਇਨਕਾ ਪੈਸਾ ਸਭ ਕੁਛ ਕਰਾਤਾ ਹੈ। ਇਨਹੇਂ ਕੌਨ ਪਕੜੇਗਾ ਔਰ ਕਯੂੰ ? ਦੂਸਰੇ ਨੇ ਆਪਣੀ ਆਵਾਜ਼ ਜਿੰਨੀ ਹੋ ਸਕੇ, ਦਬਾਉਂਦਿਆਂ ਆਖਿਆ।

ਡਿਪਟੀ ਐਸ.ਪੀ. ਨੇ ਡਿਪਟੀ ਕਲੈਕਟਰ ਨੂੰ ਅੱਖ ਨਾਲ ਕੁਝ ਇਸ਼ਾਰਾ ਕੀਤਾ ਅਤੇ ਦੋਵੇਂ ਲਾਅਨ ਦੀ ਨੁੱਕਰ ਵਿਚ ਚਲੇ ਗਏ।

ਮੁਝੇ ਭਾਈ ਸਾਹਬ ਕੁਛ ਗੜਬੜ ਲਗ ਰਹਾ ਹੈ। ਜਾਏਸਵਾਲ ਕਾ ਇਸ ਸਮੇਂ ਯਹਾਂ ਹੋਨਾ ਸੰਦੇਹ ਪੈਦਾ ਕਰਨਾ ਹੈ। ਕਹੀਏ ਤੋਂ ਅੰਦਰ ਤਲਾਸ਼ੀ ਲੀ ਜਾਏ, ਕੁਛ ਮਿਲ ਸਕਤਾ ਹੈ।

ਆਪ ਭੀ ਸ਼ਰਮਾ ਜੀ ਬੱਚੋਂ ਜੈਸੀ ਬਾਤ ਕਰਤੇਂ ਹੈਂ। ਹਾਜੀ ਕਯਾ ਅਪਨੇ ਘਰ ਮੇਂ ਅਸਲਹਾ ਰਖੇਗਾ ? ਜਾਂ ਜਾਏਸਵਾਲ ਖ਼ੁਦ ਚਾਕੂ ਚਲਾਏਗਾ। ਅਰੇ ਇਨਕਾ ਤੋਂ ਸਿਰਫ਼ ਪੈਸਾ ਔਰ ਦਿਮਾਗ਼ ਕਾਮ ਕਰਤਾ ਹੈ। ਇਨਕੇ ਯਹਾਂ ਤਲਾਸ਼ੀ ਲੇਨੇ ਸੇ ਕਯਾ ਮਿਲੇਗਾ। ਕਲ ਹਮਾਰਾ ਤਬਾਦਲਾ ਜ਼ਰੂਰ ਹੋ ਜਾਏਗਾ।

ਦੋਵੇਂ ਕਾਫ਼ੀ ਦੇਰ ਤਕ ਖਲੋਤੇ ਹੌਲੀ ਆਵਾਜ਼ 'ਚ ਗੱਲਾਂ ਕਰਦੇ ਰਹੇ। ਹਾਜੀ ਅਤੇ ਜਸਵਾਲ ਲਾਅਨ 'ਚ ਬੈਠੇ ਥੋੜ੍ਹੀ ਬੇਚੈਨੀ ਨਾਲ ਉਹਨਾਂ ਦੀ ਗੱਲਬਾਤ ਦੇ ਖ਼ਤਮ ਹੋਣ ਦਾ ਇੰਤਜ਼ਾਰ ਕਰਦੇ ਰਹੇ। ਜਸਵਾਲ ਗੱਲਬਾਤ ਨੂੰ ਲੰਬੀ ਹੁੰਦਿਆਂ ਵੇਖ ਕੇ ਪ੍ਰੇਸ਼ਾਨ ਹੋਣ ਲੱਗਾ। ਪਰ ਹਾਜੀ ਉਸ ਨੂੰ ਹੱਥ ਜਾਂ ਅੱਖ ਦੇ ਇਸ਼ਾਰੇ ਨਾਲ ਲਗਾਤਾਰ ਸੰਤੁਸ਼ਟ ਕਰ ਰਿਹਾ ਸੀ।

ਦੋਵੇਂ ਅਫ਼ਸਰ ਵਾਪਸ ਆ ਕੇ ਬੈਠ ਗਏ। ਗੱਲਬਾਤ ਫੇਰ ਸ਼ੁਰੂ ਹੋ ਗਈ। ਜਸਵਾਲ ਨੇ ਦੱਸਿਆ ਕਿ ਹਾਜੀ ਨੇ ਕਿਸ ਤਰ੍ਹਾਂ ਮੁਹੱਲੇ ਦੇ ਗ਼ਰੀਬ ਹਿੰਦੂਵਾਂ ਲਈ ਲੰਗਰ ਲਾ ਰੱਖਿਆ ਹੈ। ਉਹਨਾਂ ਦੇ ਆਦਮੀਆਂ ਨੂੰ ਆਸਾਨੀ ਨਾਲ ਕਰਫਿਊ ਪਾਸ ਨਹੀਂ ਮਿਲ ਰਹੇ। ਇਸ ਲਈ ਉਹ ਚਾਹੁੰਦੇ ਹੋਏ ਵੀ ਸਾਰਿਆਂ ਤਕ ਮਦਦ ਨਹੀਂ ਪਹੁੰਚਾ ਸਕਦੇ। ਹਾਜੀ ਨੇ ਵੀ ਜਸਵਾਲ ਦੁਆਰਾ ਆਪਣੇ ਗੁਆਂਢੀ ਮੁਸਲਮਾਨਾਂ ਨੂੰ ਆਪਣੇ ਘਰ ਸ਼ਰਨ ਦੇਣ ਦੀ ਗੱਲ ਅਫ਼ਸਰਾਂ ਨੂੰ ਦੱਸੀ। ਏਨੇ ਚਿਰ 'ਚ ਅੰਦਰੋਂ ਚਾਹ ਬਣ ਕੇ ਆ ਗਈ।

ਅਭੀ ਤੋਂ ਠੰਡਾ ਪੀਆ ਥਾ। ਅਬ ਚਾਏ ਕਾ ਤਕੱਲੁਫ ਕਯੂੰ ਕੀਆ।

ਤਕੱਲੁਫ ਕੈਸਾ ਸਾਹਬ, ਮੈਂ ਤੋ ਸ਼ਰਮਿੰਦਾ ਹੂੰ ਕਿ ਐਸੇ ਮੌਕੇ ਪਰ ਆਪ ਤਸ਼ਰੀਫ ਲਾਏ ਹੈਂ ਕਿ ਕੁਛ ਖ਼ਾਤਰ ਨਹੀਂ ਕਰ ਪਾ ਰਹਾ ਹੂੰ।

ਕਭੀ ਫੁਰਸਤ ਸੇ ਪ੍ਰੋਗਰਾਮ ਬਨਾਏਂ। ਬੇਗਮ ਸਾਹਿਬਾ ਮੁਰਗਾ ਬਹੁਤ ਅੱਛਾ ਪਕਾਤੀ ਹੈਂ। ਹਾਜੀ, ਅਬਕੀ ਕਰਫਿਊ ਹਟੇ ਤੋ ਸਾਹਬ ਲੋਗੋਂ ਕੋ ਦਾਅਵਤ ਦੀਜੀਏ। ਜਸਵਾਲ ਨੇ ਆਖਿਆ।

ਮੈਂ ਤੋ ਹਮੇਸ਼ਾ ਖਿਦਮਤ ਮੇਂ ਹਾਜ਼ਰ ਹੂੰ। ਆਪ ਲੋਗੋਂ ਕੀ ਜਬ ਫੁਰਸਤ ਹੋ...।

ਦੇਖੇਂਗੇ...ਰਖੇਂਗੇ ਹਾਜੀ ਜੀ, ਬਸ ਕਰਫਿਊ ਸੇ ਜਲਦੀ ਆਪ ਲੋਗ ਛੁੱਟੀ ਦਿਲਾਈਏ।



ਅਜੀ ਮੇਰੇ ਔਰ ਜਾਏਸਵਾਲ ਜੀ ਕੀ ਤਰਫ਼ ਸੇ ਤੋ ਆਪ ਕਰਫਿਊ ਕਲ ਹਟਾਤੇ ਹੋ ਤੋ ਆਜ ਹਟਾ ਦੀਜੀਏ। ਹਮ ਤੋ ਅਮਨ ਕੇ ਲੀਏ ਕੋਈ ਭੀ ਕੁਰਬਾਨੀ ਕਰ ਸਕਤੇ ਹੈਂ।

ਸੋ ਤੋ ਹੈ...ਮੇਰਾ ਮਤਲਬ ਹੈ ਕਿ ਜੋ ਦੰਗਾ ਕਰਾ ਰਹੇ ਹੈਂ ਵੋਹ ਫੁਰਸਤ ਦੇਂ ਤੋ ਦਾਅਵਤ-ਵਾਅਵਤ ਭੀ ਤਭੀ ਰਖੀ ਜਾ ਸਕਤੀ ਹੈ।

ਅਫ਼ਸਰ ਉੱਠ ਖਲੋਤੇ। ਮੁਲਾਜ਼ਮਾਂ ਨੇ ਵੀ ਮਿੱਟੀ ਝਾੜੀ ਅਤੇ ਆਪਣੀਆਂ ਬੰਦੂਕਾਂ ਵਗੈਰਾ ਸੰਭਾਲਦਿਆਂ ਹੋਏ ਉੱਠ ਖਲੋਤੇ। ਅੱਠ ਦਸ ਲੋਕਾਂ ਦਾ ਕਾਫ਼ਲਾ ਹੌਲੀ ਹੌਲੀ ਫਾਟਕ ਤੋਂ ਬਾਹਰ ਚਲਾ ਗਿਆ। ਫਾਟਕ 'ਤੇ ਖੜ੍ਹੇ ਹੋ ਕੇ ਹਾਜੀ ਬਦਰੁੱਦੀਨ ਨੇ ਹੱਥ ਮੱਥੇ 'ਤੇ ਲਿਆ ਕੇ ਸਲਾਮ ਕੀਤਾ, ਅਬ ਇਸ ਸੇ ਬਾਹਰ ਨਿਕਲਨੇ ਪਰ ਤੋ ਆਪ ਲੇਨਾ ਪੜੇਗਾ।

ਜਸਵਾਲ ਅਤੇ ਅਫ਼ਸਰ ਹੌਲੀ ਜੇਹੀ ਹੱਸੇ। ਇਕ-ਇਕ ਕਰਕੇ ਗੱਡੀਆਂ ਸਟਾਰਟ ਹੋਈਆਂ ਅਤੇ ਹਾਜੀ ਨੇ ਵੱਡਾ ਦਰਵਾਜ਼ਾ ਹੌਲੀ-ਹੌਲੀ ਬੰਦ ਕਰ ਦਿੱਤਾ। ਕੁਝ ਦੇਰ ਤਕ ਸੰਨਾਟੇ ਵਿਚ ਸਿਰਫ਼ ਗੱਡੀਆਂ ਦੀਆਂ ਆਵਾਜ਼ਾਂ ਗੂੰਜਦੀਆਂ ਰਹੀਆਂ ਅਤੇ ਹੈੱਡ ਲਾਈਟਾਂ ਦੀਆਂ ਰੌਸ਼ਨੀਆਂ ਗਲੀਆਂ ਦੀਆਂ ਦੀਵਾਰਾਂ ਉੱਤੇ ਨੱਚਦੀਆਂ ਰਹੀਆਂ।

(9)

ਜਦੋਂ ਤਕ ਬਾਹਰ ਦਰਵਾਜ਼ਿਆਂ ਦੇ ਟੁੱਟਣ, ਗਲੀਆਂ 'ਚ ਬੂਟਾਂ ਦੇ ਦੌੜਣ, ਤੁਰਨ ਜਾਂ ਲੋਕਾਂ ਦੇ ਚੀਖਣ ਰੋਣ ਦੀਆਂ ਆਵਾਜ਼ਾਂ ਆਉਂਦੀਆਂ ਰਹੀਆਂ, ਉਦੋਂ ਤਕ ਘਰ ਦੇ ਸਾਰੇ ਮੈਂਬਰ ਡਰ ਅਤੇ ਸਹਿਮ ਨਾਲ ਬੈਠੇ ਰਹੇ। ਆਵਾਜ਼ਾਂ ਇਸ ਗੱਲ ਦਾ ਸਬੂਤ ਸਨ ਕਿ ਤਲਾਸ਼ੀਆਂ ਚੱਲ ਰਹੀਆਂ ਹਨ। ਇਹ ਸਾਰੇ ਘਰ ਤਲਾਸ਼ੀ ਲੈਣ ਵਾਲਿਆਂ ਦੀ ਕਾਰਗੁਜ਼ਾਰੀ ਤੋਂ ਡਰੇ ਹੋਏ ਲੋਕਾਂ ਦਾ ਸੀ। ਤਲਾਸ਼ੀਆਂ ਦਾ ਦੌਰ ਏਨਾਂ ਲੰਮਾ ਸੀ ਕਿ ਨਾ ਮੁੱਕਣ ਵਰਗਾ ਲੱਗਦਾ ਸੀ। ਕਿਸੇ ਤਰ੍ਹਾਂ ਇਹ ਸਿਲਸਿਲਾ ਖ਼ਤਮ ਹੋਣ 'ਤੇ ਆਇਆ ਅਤੇ ਆਵਾਜ਼ਾਂ ਹੌਲੀ-ਹੌਲੀ ਬੰਦ ਹੋ ਗਈਆਂ। ਇਕੋ ਵੇਲੇ ਬਹੁਤ ਸਾਰੀਆਂ ਛੋਟੀਆਂ ਤੇ ਵੱਡੀਆਂ ਗੱਡੀਆਂ ਇਕੱਠੀਆਂ ਹੀ ਸਟਾਰਟ ਹੋਈਆਂ, ਇਸ ਲਈ ਉਹਨਾਂ ਦੀ ਆਵਾਜ਼ ਹਮਲਾਵਰ ਮਧੂ-ਮੱਖੀਆਂ ਦੀ ਤਰ੍ਹਾਂ ਪੂਰੀ ਗਲੀ ਅੰਦਰ ਫੈਲ ਗਈ। ਬਹੁਤ ਸਾਰੀਆਂ ਗੱਡੀਆਂ ਦੀਆਂ ਹੈੱਡ ਲਾਈਟਾਂ ਦਾ ਪ੍ਰਕਾਸ਼ ਵੀ ਪੂਰੀ ਗਲੀ ਨੂੰ ਇਕਦਮ ਰੌਸ਼ਨੀ ਨਾਲ ਨਹਾਉਂਦਾ ਨਿਕਲ ਗਿਆ। ਜਦੋਂ ਇਸ ਰੌਸ਼ਨੀ ਤੋਂ ਮੁਕਤੀ ਪ੍ਰਾਪਤ ਕਰਕੇ ਗਲੀ ਫੇਰ ਹਨ੍ਹੇਰੇ ਦੀ ਲਪੇਟ 'ਚ ਆ ਗਈ ਤਾਂ ਘਰ ਦੇ ਲੋਕਾਂ ਨੂੰ ਵਿਸ਼ਵਾਸ ਹੋ ਗਿਆ ਕਿ ਤਲਾਸ਼ੀਆਂ ਖ਼ਤਮ ਹੋ ਗਈਆਂ ਹਨ ਤਾਂ ਉਸਦੇ ਤੁਰੰਤ ਬਾਅਦ ਉਹਨਾਂ ਨੇ ਸੁਸਤਾਉਣਾ ਸ਼ੁਰੂ ਕਰ ਦਿੱਤਾ।

ਗੁਆਂਢੀਆਂ ਦੇ ਮੁਰਗੇ ਨੇ ਅਸੁਭਾਵਿਕ ਰੂਪ 'ਚ ਤੇਜ਼ ਬਾਂਗ ਦਿੱਤੀ। ਸ਼ਾਇਦ ਸਾਰੀ ਰਾਤ ਦੀ ਬੇਚੈਨੀ ਨੇ ਉਹਦੇ ਅੰਦਰ ਗ਼ੁੱਸਾ ਭਰ ਦਿੱਤਾ ਸੀ। ਉਸਦੀ ਤੇਜ਼ ਆਵਾਜ਼ ਨੇ ਸਈਦਾ ਦੀ ਸੱਸ ਨੂੰ ਸਭ ਤੋਂ ਪਹਿਲਾਂ ਜਗਾਇਆ। ਮਾਈ ਵੈਸੇ ਵੀ ਹਲਕੀ ਨੀਂਦ 'ਚ ਸੌਂਦੀ ਸੀ, ਅੱਜ ਤਾਂ ਉਸ ਨੂੰ ਢੰਗ ਨਾਲ ਨੀਂਦ ਵੀ ਨਹੀਂ ਸੀ ਆਈ। ਉਹਨੇ ਉੱਠ ਕੇ ਨੁੱਕਰ 'ਚ ਪਏ ਮੇਜ਼ ਉੱਤੇ ਰੱਖੀ ਮੇਜ਼ ਘੜੀ ਤੋਂ ਟਾਇਮ ਵੇਖਣ ਦੀ ਕੋਸ਼ਿਸ਼ ਕੀਤੀ। ਇਕ ਤਾਂ ਘੜੀ ਬਹੁਤ ਛੋਟੀ ਸੀ, ਦੂਸਰਾ ਮੇਜ਼ ਉੱਤੇ ਇਕ ਸੁਰਾਹੀ ਪਈ ਹੋਈ ਸੀ, ਉਹਦੇ ਪਿੱਛੇ ਪਈ ਹੋਣ ਦੇ ਕਾਰਨ ਘੜੀ ਦੀਆਂ ਸੂਈਆਂ ਸਾਫ਼ ਦਿਖਾਈ ਨਹੀਂ ਸਨ ਦੇ ਰਹੀਆਂ। ਬੁੱਢੜੀ ਨੇ ਮਦਦ ਲਈ ਕਮਰੇ ਵਿਚ ਨਜ਼ਰ ਦੌੜਾਈ। ਦੀਵਾਰ ਨਾਲ ਸਿਰ ਟਿਕਾ ਕੇ ਸੁੱਤੇ ਹੋਏ ਵੇਖਣ ਤੋਂ ਇਹ ਸਪੱਸ਼ਟ ਹੋ ਗਿਆ ਸੀ ਕਿ ਉਹਨਾਂ ਵਿਚੋਂ ਕੁਝ-ਕੁ ਅੱਖਾਂ ਬੰਦ ਕਰਕੇ ਜਾਗ ਰਹੇ ਸਨ, ਪਰ ਉਹਨਾਂ ਸਾਰਿਆਂ ਵਿਚੋਂ ਕਿਸੇ ਕੋਲੋਂ ਵੀ ਮਦਦ ਦੀ ਕੋਈ ਉਮੀਦ ਨਹੀਂ ਸੀ ਕੀਤੀ ਜਾ ਸਕਦੀ।

ਮਾਈ ਖ਼ੁਦ ਉੱਠੀ ਅਤੇ ਸੁਰਾਹੀ ਨੂੰ ਪਰ੍ਹਾਂ ਕਰਕੇ ਘੜੀ ਵੇਖੀ ਤੇ ਘੜੀ ਤੇ ਚਾਰ ਵੱਜਣ ਵਾਲੇ ਸਨ। ਬੁੱਢੜੀ ਘਬਰਾਹਟ ਭਰੀ ਜਲਦਬਾਜ਼ੀ ਨਾਲ ਭਰ ਗਈ। ਉਹਨੇ ਸੁਰਾਹੀ ਨੂੰ ਹਿਲਾ ਕੇ ਜਾਣਕਾਰੀ ਲਈ। ਸੁਰਾਹੀ ਪੂਰੀ ਤਰ੍ਹਾਂ ਖਾਲੀ ਸੀ। ਕੱਲ੍ਹ ਸਾਰਾ ਦਿਨ ਪਾਣੀ ਭਰਨ ਦੀ ਨੌਬਤ ਹੀ ਨਹੀਂ ਸੀ ਆਈ। ਜਿਹੜਾ ਥੋੜ੍ਹਾ-ਬਹੁਤ ਪਾਣੀ ਦਾ ਤੁਪਕਾ ਥਲੜੇ ਹਿੱਸੇ 'ਚ ਬਚਿਆ ਸੀ, ਉਸਨੂੰ ਬੱਚਿਆਂ ਨੇ ਸੁਰਾਹੀ ਨੂੰ ਦੋ-ਤਿੰਨ ਵਾਰ ਉਲਟਾ ਕੇ ਨਿਚੋੜ ਸੁੱਟਿਆ ਸੀ। ਮਾਈ ਨੇ ਪਿਛਲੇ ਵਿਹੜੇ ਦੇ ਚੌਂਕੇ ਵਿਚ ਜਾ ਕੇ ਵੇਖਿਆ। ਬਾਲਟੀ ਵਿਚ ਦੋ ਢਾਈ ਕੁ ਜੱਗ ਪਾਣੀ ਸੀ। ਘਰ ਦੇ ਇਕ ਨਲਕੇ ਵਿਚੋਂ ਸ਼ੂ...ਸ਼ੂ ਦੀ ਆਵਾਜ਼ ਆ ਰਹੀ ਸੀ। ਮਤਲਬ ਪਾਣੀ ਜਲਦੀ ਹੀ ਆਉਣ ਵਾਲਾ ਸੀ। ਉਹਨੇ ਬਾਲਟੀ ਨਲਕੇ ਥੱਲੇ ਰੱਖੀ ਅਤੇ ਨਲਕੇ ਨੂੰ ਪੂਰਾ ਖੋਲ੍ਹ ਦਿੱਤਾ। ਭਾਵੇਂ ਕਿ ਨਲਕਾ ਪੂਰੀ ਤਰ੍ਹਾਂ ਖੋਲ੍ਹਣਾ ਇਸ ਘਰ 'ਚ ਮੁਹਾਵਰੇ ਤੋਂ ਜ਼ਿਆਦਾ ਅਰਥ ਨਹੀਂ ਸੀ ਰੱਖਦਾ। ਨਲਕਾ ਭਾਵੇਂ ਜਿੰਨਾ ਮਰਜ਼ੀ ਖੋਲ੍ਹਿਆ ਜਾਵੇ, ਪਾਣੀ ਹਮੇਸ਼ਾ ਇਕ ਪਤਲੀ ਧਾਰ ਦੀ ਸ਼ਕਲ ਵਿਚ ਹੀ ਆਉਂਦਾ ਸੀ ਜਿਸ ਨਾਲ ਬਾਲਟੀ ਭਰਨ ਤੋਂ ਪਹਿਲਾਂ-ਪਹਿਲਾਂ ਹਮੇਸ਼ਾ ਹੀ ਆਦਮੀ ਦਾ ਹੌਸਲਾ ਜਵਾਬ ਦੇ ਜਾਂਦਾ ਸੀ।

ਬੁੱਢੜੀ ਨੇ ਬਾਲਟੀ ਵਿਚ ਬਚੇ ਪਏ ਦੋ ਜੱਗ ਪਾਣੀ ਨਾਲ ਆਪਣੇ ਦਿਨ ਦੇ ਸਾਰੇ ਕੰਮ ਕਰਨੇ ਸ਼ੁਰੂ ਕਰ ਦਿੱਤੇ। ਜਦੋਂ ਉਹ ਪਖਾਨੇ 'ਚੋਂ ਬਾਹਰ ਆਈ ਤਾਂ ਨਕਲੇ ਵਿਚੋਂ ਹੌਲੀ-ਹੌਲੀ ਪਾਣੀ ਆਉਣਾ ਸ਼ੁਰੂ ਹੋ ਗਿਆ ਸੀ। ਉਹ ਨਲਕੇ ਕੋਲ ਜ਼ਮੀਨ ਉੱਤੇ ਹੀ ਬੈਠ ਗਈ ਅਤੇ ਸੁਸਤਾਉਂਦੇ ਹੋਏ ਬਾਲਟੀ ਭਰ ਜਾਣ ਦਾ ਇੰਤਜ਼ਾਰ ਕਰਨ ਲੱਗੀ। ਸਾਰੀ ਰਾਤ ਜਾਗਣ ਕਰਕੇ ਉਹ ਸੌਣ ਵਾਲੀ ਸਥਿਤੀ 'ਚ ਪਹੁੰਚ ਪਈ। ਚੇਤੰਨ ਉਦੋਂ ਹੋਈ, ਜਦੋਂ ਉਹਦਾ ਸਿਰ ਨਲਕੇ ਕੋਲ ਲੱਗੇ ਖੰਭੇ ਨਾਲ ਵੱਜਾ। ਉਸਨੇ ਘਬਰਾ ਕੇ ਵੇਖਿਆ, ਪਾਣੀ ਲਗਭਗ ਇਕ ਚੌਥਾਈ ਭਰ ਗਿਆ ਸੀ। ਇਹਦਾ ਮਤਲਬ ਉਹ ਕਾਫ਼ੀ ਦੇਰ ਤਕ ਅੱਖਾਂ ਬੰਦ ਕਰਕੇ ਪਈ ਰਹੀ ਸੀ। ਉਸਨੇ ਛੇਤੀ ਛੇਤੀ ਜੱਗ ਨਾਲ ਪਾਣੀ ਕੱਢਿਆ। ਇਕ ਛੋਟੀ ਜਿਹੀ ਘਸੀ ਹੋਈ ਕੱਪੜੇ ਧੋਣ ਵਾਲੇ ਸਾਬਣ ਦੀ ਚਿੱਪਰ ਪਈ ਸੀ। ਉਸਨੇ ਉਹਦੇ ਨਾਲ ਆਪਣੇ ਹੱਥ ਮਲ-ਮਲ ਕੇ ਧੋਤੇ। ਚਿੱਪਰ ਇੰਨੀ ਛੋਟੀ ਸੀ ਕਿ ਕਾਫ਼ੀ ਰਗੜਨ ਦੇ ਬਾਅਦ ਵੀ ਉਹਦੇ 'ਚੋਂ ਝੱਗ ਪੈਦਾ ਨਹੀਂ ਹੋਈ ਅਤੇ ਥੋੜ੍ਹਾ ਜ਼ੋਰ ਲਾਉਣ 'ਤੇ ਉਹ ਤਿਲਕ ਕੇ ਨਾਲੀ ਵਿਚ ਡਿੱਗ ਪਈ। ਕੋਈ ਹੋਰ ਦਿਨ ਹੁੰਦਾ ਤਾਂ ਉਹ ਉਸਨੂੰ ਨਾਲੀ ਵਿਚੋਂ ਵੀ ਕੱਢ ਲੈਂਦੀ। ਪਰ ਅੱਜ ਉਸਦਾ ਮਨ ਰਾਤ ਭਰ ਦੀ ਥਕਾਨ ਅਤੇ ਘਰ ਅੰਦਰ ਪਈ ਬੱਚੀ ਦੀ ਲਾਸ਼ ਕਰਕੇ ਏਨਾ ਟੁੱਟਾ ਹੋਇਆ ਸੀ ਕਿ ਉਸ ਨੇ ਸਾਬਣ ਦੇ ਟੁਕੜੇ ਦੀ ਪਰਵਾਹ ਨਾ ਕੀਤੀ, ਜਿਸਨੂੰ ਉਹ ਘੱਟ ਤੋਂ ਘੱਟ ਦੋ ਤਿੰਨ ਦਿਨ ਹੋਰ ਵਰਤਦੀ ਅਤੇ ਜੇਕਰ ਘਰ ਦੇ ਕਿਸੇ ਬੱਚੇ ਜਾਂ ਜਵਾਨ ਕੋਲੋਂ ਇਹ ਸਾਬਣ ਨਾਲੀ ਵਿਚ ਡਿੱਗਿਆ ਹੁੰਦਾ ਤਾਂ ਉਹ ਉਸਨੂੰ ਮਨ ਆਈਆਂ ਗਾਲ੍ਹਾਂ ਕੱਢਦੀ।

ਹੱਥ ਅਤੇ ਮੂੰਹ ਉੱਤੇ ਠੰਢਾ ਪਾਣੀ ਪੈਣ ਨਾਲ ਉਹਦੇ ਸਰੀਰ ਵਿਚ ਕੁਝ ਚੁਸਤੀ ਜੇਹੀ ਪੈਦਾ ਹੋਈ। ਉਹ ਆਪਣੇ ਕੁੜਤੇ ਅਤੇ ਸਲਵਾਰ ਨਾਲ ਹੱਥ ਪੂੰਝਦੀ ਹੋਈ ਛੇਤੀ-ਛੇਤੀ ਅੰਦਰ ਆਈ। ਪਾਣੀ ਜਲਦੀ ਜਾ ਸਕਦਾ ਸੀ। ਜੇਕਰ ਉਦੋਂ ਤਕ ਸਾਰੇ ਜਣੇ ਆਪਣੇ ਕੰਮ ਨਿਪਟਾ ਲੈਣ ਤਾਂ ਲਾਸ਼ ਨੂੰ ਨੁਹਾਉਣ ਦਾ ਇੰਤਜ਼ਾਮ ਕੀਤਾ ਜਾ ਸਕਦਾ ਸੀ। ਹਾਲਾਂਕਿ ਉਸਦਾ ਸਾਲਾਂ ਦਾ ਅਨੁਭਵ ਦੱਸਦਾ ਸੀ ਕਿ ਘਰ ਵਿਚ ਏਨਾ ਪਾਣੀ ਨਹੀਂ ਆ ਸਕਦਾ ਤੇ ਬਾਹਰ ਵਾਲੇ ਨਲਕੇ ਤੋਂ ਪਾਣੀ ਭਰਨ ਦੀ ਕਲਪਨਾ ਏਨੀ ਦੁਖਦ ਸੀ ਕਿ ਉਸਨੇ ਪੂਰੇ ਮਨ ਨਾਲ ਚਾਹਿਆ ਕਿ ਲੋਕ ਏਨੀ ਛੇਤੀ ਆਪਣੇ ਕੰਮ ਨਿਪਟਾ ਲੈਣ ਕਿ ਬਾਹਰ ਜਾਣ ਦੀ ਜ਼ਰੂਰਤ ਹੀ ਨਾ ਪਵੇ। ਸਾਰਾ ਦਿਨ ਪੀਣ



ਵਾਲੇ ਪਾਣੀ ਦੀ ਕਮੀ ਰਹੇਗੀ। ਉਸਨੂੰ ਬਾਅਦ ਵਿਚ ਵੇਖ ਲੈਣਗੇ। ਸ਼ਮਸ਼ਾਨ ਘਾਟ ਤੋਂ ਮੁੜਦੇ ਵੇਲੇ ਘਰ ਦੇ ਮਰਦ ਪਾਣੀ ਦਾ ਇੰਤਜ਼ਾਮ ਕਰ ਲੈਣਗੇ।

ਅਜੇ ਸਾਰੇ ਅੰਦਰ ਹੀ ਸੁੱਤੇ ਪਏ ਸਨ। ਸਿਰਫ ਬਜੁਰਗ ਆਪਣੀਆਂ ਅੱਖਾਂ ਖੋਲ੍ਹ ਕੇ ਪਤਾ ਨਹੀਂ ਕਿਧਰ ਵੇਖ ਰਿਹਾ ਸੀ। ਉਸਦੀਆਂ ਹਰਕਤਾਂ ਰਹਿਤ ਪੁਤਲੀਆਂ ਨੂੰ ਵੇਖ ਕੇ ਆਸਾਨੀ ਨਾਲ ਇਹ ਅਹਿਸਾਸ ਵੀ ਨਹੀਂ ਸੀ ਹੋ ਰਿਹਾ ਕਿ ਉਹ ਜਾਗ ਰਿਹਾ ਹੈ ਜਾਂ ਅੱਖਾਂ ਖੋਲ੍ਹ ਕੇ ਸੌਂ ਰਿਹਾ ਹੈ। ਸਈਦਾ ਦੀ ਗਰਦਨ ਇਕ ਪਾਸੇ ਕੰਧ ਨਾਲ ਟੇਢੀ ਹੋਈ ਪਈ ਸੀ। ਉਹਦੇ ਖੁੱਲ੍ਹੇ ਮੂੰਹ ਵਿਚੋਂ ਰਾਲ਼ ਵਗ ਕੇ ਉਸਦੀ ਸਾੜ੍ਹੀ ਦੇ ਪੱਲੇ 'ਚੋਂ ਹੁੰਦੀ ਹੋਈ ਉਸਦੇ ਗੋਡਿਆਂ ਤਕ ਪਹੁੰਚ ਚੁੱਕੀ ਸੀ। ਸਾਰੀ ਰਾਤ ਵਾਰ-ਵਾਰ ਵਿਰਲਾਪ ਕਰਨ ਅਤੇ ਜਾਗਣ ਕਾਰਨ, ਉਸਦਾ ਮੂੰਹ ਬੰਦ ਕਰ ਦੇਵੇ ਤੇ ਲਾਰ ਪੂੰਝ ਕੇ ਉਸਨੂੰ ਥੋੜ੍ਹੀ ਦੇਰ ਹੋਰ ਸੌਣ ਦੇਵੇ, ਪਰ ਆਦਤ ਤੋਂ ਮਜਬੂਰ ਉਸਦੇ ਮੂੰਹ ਵਿਚੋਂ ਨਿਕਲ ਹੀ ਗਿਆ,

'ਅਰੇ ਉਠ! ਕਰਮਜਲੀ, ਅਬ ਕਯਾ ਦੁਪਹਰ ਤਕ ਸੋਤੀ ਹੀ ਰਹੇਗੀ।'

ਹਾਲਾਂਕਿ ਬੁੱਢੜੀ ਦੀ ਆਵਾਜ਼ ਰੋਜ਼ ਵਾਂਗ ਸਖ਼ਤ ਨਹੀਂ ਸੀ, ਫਿਰ ਵੀ ਉਸਦੀ ਰਫ਼ਤਾਰ ਦੀ ਵਜ੍ਹਾ ਕਰਕੇ ਸਈਦਾ ਨੇ ਘਬਰਾ ਕੇ ਆਪਣੀਆਂ ਅੱਖਾਂ ਖੋਲ੍ਹ ਲਈਆਂ। ਇਕ ਪਲ ਤਾਂ ਉਹਦੀ ਸਮਝ ਵਿਚ ਕੁਝ ਨਹੀਂ ਆਇਆ ਕਿ ਉਹਦੀ ਧੀ ਕਿੰਝ ਕੰਧ ਨਾਲ ਲੱਗੀ ਹੈ ਅਤੇ ਉਸ ਨੇ ਛੇਤੀ-ਛੇਤੀ ਉੱਠਣ ਦੀ ਕੋਸ਼ਿਸ਼ ਕੀਤੀ, ਪਰ ਪੂਰੀ ਤਰ੍ਹਾਂ ਉੱਠਣ ਤੋਂ ਪਹਿਲਾਂ ਹੀ ਉਹਦੀ ਨਜ਼ਰ ਸਾਹਮਣੇ ਫ਼ਰਸ਼ ਉੱਤੇ ਚਾਦਰ ਵਿਚ ਢੱਕੀ ਆਪਣੀ ਬੱਚੀ ਉੱਤੇ ਪਈ ਅਤੇ ਇਕ ਵਾਰ ਫਿਰ ਉਸਨੇ ਰੋਣਾ ਸ਼ੁਰੂ ਕਰ ਦਿੱਤਾ। ਪਹਿਲਾਂ ਉਸਨੇ ਸਿਸਕੀਆਂ ਲਈਆਂ ਅਤੇ ਫਿਰ ਇਕਦਮ ਗਲ਼ਾ ਪਾੜ ਕੇ ਰੋਣ ਲੱਗ ਪਈ। ਉਹਨੇ ਪਿਛਲੇ ਚੌਵੀ ਘੰਟਿਆਂ ਤੋਂ ਕੁਝ ਵੀ ਨਹੀਂ ਸੀ ਖਾਧਾ। ਇਸ ਲਈ ਛੇਤੀ ਹੀ ਉਸਦਾ ਗਲ਼ਾ ਸੁੱਕ ਗਿਆ ਅਤੇ ਉਹਦੀ ਆਵਾਜ਼ ਸਿਸਕੀਆਂ ਵਿਚ ਬਦਲ ਗਈ।

ਸਈਦਾ ਦੇ ਰੋਣ ਨੇ ਕਮਰੇ ਅੰਦਰ ਫਰਸ਼ ਉੱਤੇ ਪਏ ਸਾਰੇ ਵੱਡੇ ਲੋਕਾਂ ਨੂੰ ਉੱਠਾ ਦਿੱਤਾ। ਬੱਚੇ ਹੁਣ ਵੀ ਸੌਂ ਰਹੇ ਸਨ। ਪਰ ਵੱਡਿਆਂ ਨੇ ਇਕ-ਇਕ ਕਰਕੇ ਆਪਣੀ ਥਾਂ ਤੋਂ ਉੱਠਣਾ ਸ਼ੁਰੂ ਕਰ ਦਿੱਤਾ। ਮਾਈ ਨੇ ਸਾਰਿਆਂ ਨੂੰ ਜਲਦੀ-ਜਲਦੀ ਆਪਣੇ ਰੋਜ਼ਾਨਾ ਦੇ ਕੰਮ ਨਿਪਟਾਉਣ ਲਈ ਆਖਿਆ। ਲੋਕਾਂ ਨੇ ਇਕ-ਇਕ ਕਰਕੇ ਪਿਛਲੇ ਵਿਹੜੇ ਵੱਲ ਜਾਣਾ ਸ਼ੁਰੂ ਕਰ ਦਿੱਤਾ।

ਨਲਕਾ ਲਗਾਤਾਰ ਖੁੱਲ੍ਹਾ ਰਿਹਾ। ਪਰ ਬਾਲਟੀ ਸਿਰਫ਼ ਇਕ ਵਾਰ ਹੀ ਭਰੀ ਗਈ। ਇਸ ਦਾ ਮਾਈ ਨੂੰ ਪਹਿਲਾਂ ਹੀ ਸ਼ੱਕ ਸੀ। ਨਲਕੇ 'ਚੋਂ ਜਦੋਂ ਪਾਣੀ ਆਉਣਾ ਬੰਦ ਹੋ ਗਿਆ ਤਾਂ ਬਾਲਟੀ ਵਿਚ ਥੋੜ੍ਹਾ ਜਿਹਾ ਪਾਣੀ ਹੀ ਬਚਿਆ ਸੀ। ਅਜੇ ਸਾਰੇ ਬੱਚੇ ਬਾਕੀ ਰਹਿੰਦੇ ਸਨ। ਉਹਨਾਂ ਨੂੰ ਉੱਠਦਿਆਂ ਹੀ ਪਾਣੀ ਦੀ ਜ਼ਰੂਰਤ ਪੈਣੀ ਸੀ। ਇਸ ਤੋਂ ਇਲਾਵਾ ਸਭ ਤੋਂ ਜ਼ਰੂਰੀ ਕੰਮ ਲਾਸ਼ ਨੂੰ ਨੁਹਾਉਣਾ ਸੀ। ਬੱਚੀ ਨੂੰ ਮਰਿਆਂ ਬਾਰਾਂ ਘੰਟੇ ਹੋ ਗਏ ਸਨ। ਰਾਤ ਨੂੰ ਵੈਸੇ ਮੌਸਮ ਤਾਂ ਗਰਮ ਨਹੀਂ ਸੀ, ਪਰ ਜਲਦੀ ਹੀ ਗਰਮ ਹੋਣਾ ਸ਼ੁਰੂ ਹੋ ਜਾਵੇਗਾ ਅਤੇ ਲਾਸ਼ ਵਿਚੋਂ ਤਪਸ਼ ਅਤੇ ਬਦਬੂ ਆਉਣੀ ਸ਼ੁਰੂ ਹੋ ਜਾਏਗੀ। ਇਸ ਲਈ ਮਾਈ ਚਾਹੁੰਦੀ ਸੀ ਕਿ ਜਲਦੀ ਹੀ ਪਾਣੀ ਦਾ ਇੰਤਜ਼ਾਮ ਹੋ ਜਾਵੇ ਅਤੇ ਦਫਨਾਉਣ ਜਾਣ ਲਈ ਘਰੋਂ ਤੁਰਨ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇ।

ਪਾਣੀ ਸਿਰਫ਼ ਬਾਹਰ ਦੇ ਸਾਂਝੇ ਨਲਕੇ ਤੋਂ ਹੀ ਮਿਲ ਸਕਦਾ ਸੀ। ਸਈਦਾ ਦੇ ਪਤੀ ਨੂੰ ਪਿਛਲੀ ਸਵੇਰ ਦਾ ਅਨੁਭਵ ਅਜੇ ਤਕ ਭੁੱਲਿਆ ਨਹੀਂ ਸੀ। ਕਰਫਿਊ ਪਾਸ ਬਣਾਉਣ ਲਈ ਜਿੰਨਾ ਬੁੱਢਾ ਜ਼ਲੀਲ ਹੋਇਆ ਸੀ, ਉਸ ਕਰਕੇ ਉਹਦੇ ਵਿਚ ਏਨੀ ਹਿੰਮਤ ਨਹੀਂ ਸੀ ਕਿ ਉਹ

ਬਾਹਰ ਜਾਵੇ। ਹਾਲਾਂਕਿ ਉਹਦੇ ਕੋਲ ਕਰਫਿਊ ਪਾਸ ਵੀ ਸੀ ਅਤੇ ਬਾਹਰ ਪਾਣੀ ਲੈਣ ਵਾਸਤੇ ਜਾਇਆ ਜਾ ਸਕਦਾ ਸੀ, ਪਰ ਫਿਰ ਵੀ ਪੁਲਿਸ ਵਾਲਿਆਂ ਦਾ ਕੋਈ ਭਰੋਸਾ ਨਹੀਂ ਸੀ। ਉਹਨਾਂ ਨੂੰ ਕਰਫਿਊ ਪਾਸ ਪਾੜ ਕੇ ਸੁੱਟਣ ਦੇਣ ਅਤੇ ਫਿਰ ਕਿਸੇ ਬਹਾਨੇ ਕੁੱਟਣ ਵਿਚ ਜ਼ਿਆਦਾ ਸਮਾਂ ਨਹੀਂ ਸੀ ਲੱਗਦਾ। ਉਹਦੇ ਮਨ ਦੇ ਕਿਸੇ ਕੋਣੇ ਅੰਦਰ ਇਹ ਇੱਛਾ ਜ਼ੋਰ ਪਾ ਰਹੀ ਸੀ ਕਿ ਬੁੱਢੀ ਹੀ ਬਾਹਰ ਪਾਣੀ ਲੈਣ ਲਈ ਜਾਵੇ। ਉਹ ਆਪਣੇ ਕਿਸੇ ਵੀ ਮੁੰਡੇ ਨੂੰ ਬਾਹਰ ਨਹੀਂ ਸੀ ਜਾਣ ਦੇਣਾ ਚਾਹੁੰਦਾ। ਰੋਜ਼ ਹੀ ਮਾਈ ਜਾਂ ਘਰ ਦੀਆਂ ਦੂਸਰੀਆਂ ਔਰਤਾਂ ਹੀ ਜਾਂਦੀਆਂ ਸਨ। ਕਿਸੇ ਜਵਾਨ ਔਰਤ ਦਾ ਬਾਹਰ ਜਾਣਾ ਠੀਕ ਨਹੀਂ ਸੀ। ਪਰ ਬੁੱਢੜੀ ਦੇ ਜਾਣ 'ਤੇ ਕੋਈ ਖ਼ਤਰਾ ਨਹੀਂ ਸੀ। ਅਖ਼ੀਰ ਬੁੱਢੜੀ ਹੀ ਗਈ।

ਦੋਵਾਂ ਹੱਥਾਂ ਵਿਚ ਖ਼ਾਲੀ ਬਾਲਟੀ ਲਟਕਾਈ ਮਾਈ ਨੂੰ ਪੰਜਾਹ ਮੀਟਰ ਦੀ ਡਰਾਉਣੀ, ਖਾਲੀ ਅਤੇ ਸੁੰਨਸਾਨ ਗਲੀ ਪਾਰ ਕਰਨ ਲਈ ਪੂਰਾ ਇਕ ਯੁੱਗ ਲੱਗਾ। ਬੜੀ ਮੁਸ਼ਕਿਲ ਨਾਲ ਗਲੀ ਦਾ ਉਹ ਮੋੜ ਆਇਆ, ਜਿੱਥੇ ਸਾਂਝਾ ਨਲਕਾ ਲੱਗਾ ਹੋਇਆ ਸੀ। ਮੋੜ ਦੇ ਖੱਬੇ ਪਾਸੇ ਨਲਕਾ ਸੀ ਅਤੇ ਨਲਕਾ ਮੋੜ ਉੱਤੇ ਪਹੁੰਚਣ 'ਤੇ ਹੀ ਦਿਖਾਈ ਦਿੰਦਾ ਸੀ। ਨਲਕਾ ਲੱਗਦਾ ਖੁੱਲ੍ਹਾ ਸੀ, ਕਿਉਂਕਿ ਥੋੜ੍ਹੀ ਦੂਰੋਂ ਹੀ ਪਾਣੀ ਦੇ ਵਗਣ ਦੀ ਆਵਾਜ਼ ਆਉਣ ਲੱਗ ਪਈ ਸੀ। ਸਮਾਂ ਰੋਜ਼ ਵਾਂਗ ਹੁੰਦਾ ਤਾਂ ਮੋੜ ਤੋਂ ਪਹਿਲਾਂ ਹੀ ਜ਼ਮੀਨ ਤੇ ਲਾਈਨ ਵਿਚ ਰੱਖੇ ਹੋਏ ਬਰਤਨ ਦਿਖਾਈ ਪੈ ਜਾਂਦੇ ਅਤੇ ਲੁਕੇ ਨਲਕੇ ਦਾ ਅਹਿਸਾਸ ਕਰਾਉਣ ਲੱਗਦੇ। ਅੱਜ ਜਦੋਂ ਉਹ ਮੋੜ 'ਤੇ ਅੱਪੜੀ ਤਾਂ ਉਸਨੇ ਵੇਖਿਆ ਕਿ ਇਕ ਪੁਲਿਸ ਵਾਲਾ ਆਪਣੇ ਦੋਵੇਂ ਹੱਥਾਂ ਦੇ ਬੁੱਕ ਨਾਲ ਪਾਣੀ ਭਰ ਕੇ ਆਪਣੇ ਮੂੰਹ ਉੱਤੇ ਮਾਰ ਕੇ ਮੂੰਹ ਧੋਣ ਦੀ ਕੋਸ਼ਿਸ਼ ਕਰ ਰਿਹਾ ਸੀ।

ਮਾਈ ਇਕ ਪਲ ਲਈ ਸਹਿਮ ਗਈ, ਪਰ ਹੁਣ ਵਾਪਸ ਪਰਤਣਾ ਵੀ ਸੰਭਵ ਨਹੀਂ ਸੀ। ਉਹ ਅੱਗੇ ਵਧਦੀ ਗਈ ਅਤੇ ਪੁਲਿਸ ਵਾਲੇ ਕੋਲ ਪਹੁੰਚ ਕੇ ਡਰੀ ਜਹੀ ਖਲੋ ਗਈ। ਪੁਲਿਸ ਵਾਲੇ ਦੀ ਪਿੱਠ ਮਾਈ ਵੱਲ ਸੀ। ਜਿਵੇਂ ਹੀ ਉਹ ਪਿੱਛੇ ਮੁੜਿਆ, ਉਹਦੀ ਆਵਾਜ਼ 'ਚ ਗ਼ੁੱਸਾ ਭਰ ਗਿਆ।

ਅਰੇ ਕਹਾਂ ਸੁਬਹ ਸੁਬਹ ਆ ਗਈ ਬੁੜੀਆ। ਜਲਦੀ ਪਾਨੀ ਭਰ ਕਰ ਭਾਗ ਅਪਨੇ ਘਰ। ਉਹ ਥੋੜ੍ਹਾ ਅੱਗੇ ਬੈਠੇ ਆਪਣੇ ਸਾਥੀਆਂ ਵੱਲ ਚਲਾ ਗਿਆ।

ਮਾਈ ਨੂੰ ਏਨੀ ਛੇਤੀ ਛੁਟਕਾਰੇ ਦੀ ਉਮੀਦ ਨਹੀਂ ਸੀ। ਉਹ ਜਲਦੀ-ਜਲਦੀ ਦੋਵੇਂ ਬਾਲਟੀਆਂ ਭਰ ਕੇ ਵਾਪਸ ਮੁੜੀ। ਦੋਵੇਂ ਬਾਲਟੀਆਂ 'ਚ ਪਾਣੀ ਭਰ ਕੇ ਜਦੋਂ ਉਹ ਘਰ ਅੰਦਰ ਗਈ ਤਾਂ ਘਰ ਦੇ ਮਰਦਾਂ ਵਿਚ ਉਹ ਜ਼ਿਆਦਾ ਮਾਣ ਨਾਲ ਭਰੀ ਹੋਈ ਸੀ। ਉਹਨੇ ਦੋਵੇਂ ਬਾਲਟੀਆਂ ਦਾ ਪਾਣੀ ਘਰ 'ਚ ਜਿੰਨੇ ਭਾਂਡੇ ਵੀ ਮੌਜੂਦ ਸਨ, ਉਹਨਾਂ ਵਿਚ ਭਰ ਦਿੱਤਾ ਅਤੇ ਇਕ ਵਾਰ ਫਿਰ ਪਾਣੀ ਲੈਣ ਤੁਰ ਪਈ।

ਇਸ ਵਾਰ ਬੁੱਢੜੀ ਨੂੰ ਸਫ਼ਲਤਾ ਨਹੀਂ ਮਿਲੀ। ਘਰ ਤੋਂ ਥੋੜ੍ਹਾ ਅੱਗੇ ਜਾਣ 'ਤੇ ਹੀ ਉਹਨੂੰ ਗਾਲ੍ਹਾਂ ਕੱਢਣ ਅਤੇ ਜ਼ਮੀਨ ਉੱਤੇ ਡੰਡੇ ਮਾਰਨ ਦੀ ਆਵਾਜ਼ ਸੁਣਾਈ ਦਿੱਤੀ। ਹੋਇਆ ਇਹ ਕਿ ਗਲੀ ਵਿਚ ਉਸਦੀ ਆਵਾਜ਼ ਸੁਣ ਕੇ ਕਈ ਲੋਕਾਂ ਨੇ ਆਪਣੇ ਘਰਾਂ ਦੇ ਦਰਵਾਜ਼ਿਆਂ, ਖਿੜਕਿਆਂ ਵਿਚੋਂ ਉਹਨੂੰ ਪਾਣੀ ਲੈਣ ਜਾਂਦੇ ਅਤੇ ਮੁੜਦੇ ਵੇਖਿਆ। ਇਸ ਗਲੀ ਦੇ ਜ਼ਿਆਦਾਤਰ ਲੋਕਾਂ ਨੂੰ ਪਾਣੀ ਸਾਂਝੇ ਨਲਕੇ ਤੋਂ ਹੀ ਮਿਲਦਾ ਸੀ। ਇਸ ਲਈ ਮਾਈ ਜਦੋਂ ਦੂਸਰੀ ਵਾਰ ਬਾਹਰ ਨਿਕਲੀ, ਉਦੋਂ ਤਕ ਕਈ ਘਰਾਂ ਦੇ ਮਰਦ ਅਤੇ ਔਰਤਾਂ ਨਲਕੇ ਤਕ ਪਹੁੰਚ ਚੁੱਕੇ ਸਨ। ਗਰਮੀ ਵਿਚ ਪਾਣੀ ਦੀ ਜ਼ਰੂਰਤ ਏਨੀ ਵੱਡੀ ਸੀ ਕਿ ਗਾਲ੍ਹਾਂ ਸੁਣਦੇ ਅਤੇ ਮਾਰ ਖਾਂਦੇ ਹੋਏ ਵੀ ਲੋਕ



ਨਲਕੇ ਦੇ ਆਲੇ-ਦੁਆਲੇ ਮੰਡਰਾਉਂਦੇ ਰਹੇ ਅਤੇ ਡਿੱਗਦੇ ਢਹਿੰਦੇ ਅੱਧੀ ਪੌਣੀ ਜਿੰਨੀ ਵੀ ਬਾਲਟੀ ਭਰੀ ਹੁੰਦੀ, ਉਸਨੂੰ ਲੈ ਕੇ ਆਪਣੇ ਘਰਾਂ ਵੱਲ ਦੜ ਵੱਟ ਜਾਂਦੇ। ਮਾਈ ਨੇ ਚਲਾਕ ਬਣਨ ਦੀ ਕੋਸ਼ਿਸ਼ ਕੀਤੀ ਅਤੇ ਨਲਕੇ ਦੁਆਲੇ ਪਈ ਹਫੜਾ-ਦਫੜੀ 'ਚ ਦੋਵੇਂ ਬਾਲਟੀਆਂ ਅੱਧੀ ਤੋਂ ਜ਼ਿਆਦਾ ਭਰ ਲਈਆਂ, ਪਰ ਮੁੜਦੇ ਸਮੇਂ ਇਕ ਸਿਪਾਹੀ ਉਹਦੇ ਨਾਲ ਅਜਿਹਾ ਟਕਰਾਇਆ ਕਿ ਦੋਵੇਂ ਬਾਲਟੀਆਂ 'ਚ ਸਿਰਫ਼ ਥੋੜ੍ਹਾ ਥੋੜ੍ਹਾ ਪਾਣੀ ਹੀ ਬਚਿਆ ਤੇ ਉਸਨੂੰ ਲੈ ਕੇ ਹੀ ਉਹ ਵਾਪਸ ਮੁੜ ਗਈ।

ਕਮਰੇ ਵਿਚ ਵਾਪਸ ਪਰਤ ਕੇ ਪਾਣੀ ਨਾ ਲਿਆ ਸਕਣ ਦਾ ਗ਼ੁੱਸਾ ਉਹਨੇ ਸਈਦਾ 'ਤੇ ਕੱਢਿਆ। ਸਈਦਾ ਉੱਠਣ ਤੋਂ ਬਾਅਦ ਕੰਧ ਨਾਲ ਲੱਗ ਕੇ ਹੌਲੀ-ਹੌਲੀ ਵਿਰਲਾਪ ਕਰ ਰਹੀ ਸੀ। ਉਸਨੇ ਹੁਣ ਤਕ ਕੁਝ ਵੀ ਨਹੀਂ ਸੀ ਕੀਤਾ। ਬੁੱਢੜੀ ਨੇ ਆਪਣੀ ਆਵਾਜ਼ ਨੂੰ ਜ਼ਿਆਦਾ ਸਖ਼ਤ ਬਣਾਉਂਦਿਆਂ ਆਖਿਆ...

'ਅਭੀ ਤਕ ਉਠੀ ਨਹੀਂ ਕਰਮਜਲੀ। ਸਾਰਾ ਕਾਮ ਪੜਾ ਹੈ। ਜਹਾਂ ਤੇਰੀ ਲੌਂਡੀ ਕੌਨ ਹੈ, ਜੋ ਸਾਰਾ ਕਾਮ ਨਿਪਟਾਏਗੀ। ਉਠ... ਜਲਦੀ ਉਠ।'

ਸਈਦਾ ਸ਼ੁਰੂ ਤੋਂ ਹੀ ਉਹਦੇ ਕੋਲੋਂ ਡਰਦੀ ਸੀ। ਉਹਦੇ ਝਿੜਕਣ ਦਾ ਨਤੀਜਾ ਇਹ ਹੋਇਆ ਕਿ ਜਦ ਤਕ ਮਾਈ ਬਾਲਟੀ ਰੱਖ ਕੇ ਅੰਦਰ ਕਮਰੇ 'ਚ ਆਈ, ਉਦੋਂ ਤਕ ਉਹ ਸਿੱਧੀ ਖੜ੍ਹੀ ਹੋ ਗਈ ਸੀ। ਮਾਈ ਦਾ ਬੁੜਬੁੜਾਉਣਾ ਜਾਰੀ ਰਿਹਾ। ਪਰ ਸਈਦਾ ਨੇ ਉਹਨੂੰ ਮੌਕਾ ਨਹੀਂ ਦਿੱਤਾ। ਉਹ ਲੜਖੜਾਉਂਦੀ ਹੋਈ ਅੰਦਰ ਚਲੀ ਗਈ।

ਜਦੋਂ ਤਕ ਸਈਦਾ ਵਾਪਸ ਆਈ, ਉਦੋਂ ਤਕ ਉਹਦੀ ਸੱਸ ਕਾਫ਼ੀ ਹੱਦ ਤਕ ਤਿਆਰੀਆਂ ਕਰ ਚੁੱਕੀ ਸੀ। ਇਸ ਵੇਲੇ ਉਹ ਇਕ ਪੁਰਾਣੀ ਚਿੱਟੀ ਧੋਤੀ ਹੋਈ ਚਾਦਰ ਸੂਈ ਧਾਗਾ ਲੈ ਕੇ ਸੀਉਂ ਰਹੀ ਸੀ। ਚਾਦਰ ਬਹੁਤ ਪੁਰਾਣੀ ਸੀ, ਉਸ ਦਾ ਰੰਗ ਤਕਰੀਬਨ ਉੱਡ ਚੁੱਕਾ ਸੀ। ਸ਼ੁਕਰ ਸੀ ਕਿ ਕਈ ਬਕਸੇ ਫਰੋਲਣ ਤੋਂ ਬਾਅਦ ਉਹਨੂੰ ਇਹ ਚਾਦਰ ਲੱਭੀ ਸੀ, ਜਿਸਨੂੰ ਉਹ ਕਫ਼ਨ ਬਣਾ ਰਹੀ ਸੀ। ਸਈਦਾ ਨੇ ਉਹਦੇ ਕੋਲ ਬੈਠ ਕੇ ਉਹਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ, ਪਰ ਚਾਦਰ ਫੜ੍ਹਦਿਆਂ ਹੀ ਰੋਣ ਨਾਲ ਉਹਦਾ ਗਲਾ ਭਰ ਆਇਆ ਅਤੇ ਅੱਖਾਂ ਦੀਆਂ ਪੁਤਲੀਆਂ 'ਤੇ ਪਾਣੀ ਦੀਆਂ ਬੂੰਦਾਂ ਫੈਲ ਗਈਆਂ। ਹਰ ਚੀਜ਼ ਧੁੰਦਲੀ ਹੋ ਗਈ। ਸੱਸ ਨੇ ਕੋਮਲਤਾ ਨਾਲ ਉਹਦਾ ਹੱਥ ਪਿਛਾਂਹ ਕਰ ਦਿੱਤਾ ਅਤੇ ਉਹਦੇ ਇਸ਼ਾਰੇ ਤੇ ਨਨਾਣ ਨੇ ਸਈਦਾ ਨੂੰ ਆਪਣੀਆਂ ਬਾਹਾਂ ਵਿਚ ਲੈ ਕੇ ਪਿੱਛੇ ਦੀਵਾਰ ਨਾਲ ਲਾ ਦਿੱਤਾ। ਸਈਦਾ ਦੀਵਾਰ ਨਾਲ ਸਿਰ ਟਿਕਾਈ ਇਸ ਪੂਰੇ ਘਟਨਾਕ੍ਰਮ ਦੀ ਮੂਕ ਦਰਸ਼ਕ ਬਣ ਗਈ।

ਤਕਰੀਬਨ ਇਕ ਘੰਟੇ ਵਿਚ ਤਿਆਰੀ ਪੂਰੀ ਹੋ ਗਈ। ਬੱਚੀ ਨੂੰ ਨੁਹਾ ਕੇ, ਕਫ਼ਨ ਵਿਚ ਲਪੇਟ ਕੇ ਤੁਰਨ ਦਾ ਟਾਈਮ ਆਇਆ ਤਾਂ ਦਿਨ ਪੂਰੀ ਤਰ੍ਹਾਂ ਚੜ੍ਹ ਚੁੱਕਾ ਸੀ। ਨਮਾਜ਼ ਪੜ੍ਹੀ ਗਈ ਅਤੇ ਤਿੰਨ ਮਰਦਾਂ ਦੇ ਜਾਣ ਲਈ ਦਰਵਾਜ਼ਾ ਖੋਲ੍ਹਿਆ ਗਿਆ। ਉਦੋਂ ਤਕ ਸਈਦਾ ਪੂਰੀ ਤਰ੍ਹਾਂ ਥੱਕ ਚੁੱਕੀ ਸੀ ਪਰ ਦਰਵਾਜ਼ਾ ਖੁੱਲ੍ਹਦਿਆਂ ਹੀ ਉਹ ਬੇ-ਸੁਧ ਹੋ ਕੇ ਡਿੱਗੀ ਅਤੇ ਪੂਰੇ ਵੇਗ ਨਾਲ ਵਿਰਲਾਪ ਕਰਦੇ-ਕਰਦੇ ਉਸਨੇ ਦੋ ਤਿੰਨ ਵਾਰ ਆਪਣਾ ਸਿਰ ਜ਼ਮੀਨ ਉੱਤੇ ਮਾਰਿਆ। ਉਹਦੇ ਪਤੀ ਦੇ ਹੱਥਾਂ ਵਿਚ ਬੱਚੀ ਦੀ ਲਾਸ਼ ਸੀ। ਜਿਵੇਂ ਹੀ ਉਸਦਾ ਪਹਿਲਾ ਪੈਰ ਘਰ ਤੋਂ ਬਾਹਰ ਨਿਕਲਿਆ, ਸਈਦਾ ਦਰਵਾਜ਼ੇ ਵੱਲ ਦੌੜੀ। ਪਤਾ ਨਹੀਂ ਉਹਦੇ ਕਮਜ਼ੋਰ ਸਰੀਰ ਵਿਚ ਏਨੀ ਤਾਕਤ ਕਿੱਥੋਂ ਆ ਗਈ ਸੀ ਕਿ ਉਸਨੂੰ ਸੰਭਾਲਦਿਆਂ ਉਹਦੀ ਸੱਸ ਅਤੇ ਨਨਾਣ ਡਿੱਗ ਪਈਆਂ।

ਇਕ ਪੈਰ ਦਰਵਾਜ਼ੇ ਦੀ ਚੌਖਟ ਤੋਂ ਬਾਹਰ ਗਲੀ ਵਿਚ ਅਤੇ ਇਕ ਪੈਰ ਅੰਦਰ ਕਮਰੇ ਵਿਚ ਰੱਖੀ, ਸਈਦਾ ਆਪਣੀ ਸੱਸ ਅਤੇ ਨਨਾਣ ਨਾਲ ਦੇਰ ਤਕ ਵਿਰਲਾਪ ਕਰਦੀ ਰਹੀ। ਸਿਰ ਸੁੱਟੀ ਛੋਟੀ ਜੇਹੀ ਲਾਸ਼ ਨੂੰ ਹੱਥਾਂ 'ਚ ਚੁੱਕੀ ਤਿੰਨ ਮਰਦਾਂ ਦੀ ਸ਼ਕਲ ਦਿਨ ਦੀ ਰੌਸ਼ਨੀ ਵਿਚ ਗ਼ਾਇਬ ਹੋ ਗਈ। ਗੁਆਂਢੀਆਂ ਦੀਆਂ ਖਿੜਕੀਆਂ ਅੱਧੀਆਂ ਅਧੂਰੀਆਂ ਖੁੱਲ੍ਹੀਆਂ, ਫਿਰ ਤੇਜ਼ੀ ਨਾਲ ਬੰਦ ਹੋ ਗਈਆਂ। ਦਰਵਾਜ਼ੇ ਅਤੇ ਖਿੜਕੀਆਂ ਦੇ ਪੱਲਿਆਂ ਦੀਆਂ ਝੀਤਾਂ ਨਾਲ ਅੱਖਾਂ ਲਾਈ ਪਤਾ ਨਹੀਂ ਕਿੰਨੇ ਸਿਰ ਉਹਨਾਂ ਨੂੰ ਜਾਂਦਿਆਂ ਵੇਖਣ ਲਈ ਟਿਕੇ ਹੋਏ ਸਨ।

ਸਵੇਰ ਦੇ ਸੱਤ ਵਜੇ ਸਨ ਅਤੇ ਧੁੱਪ ਪੂਰੇ ਜ਼ੋਰ ਨਾਲ ਚਮਕ ਰਹੀ ਸੀ, ਕਿਉਂਕਿ ਪਿਛਲੀ ਰਾਤ ਪੂਰੀ ਥਕਾ ਦੇਣ ਵਾਲੀ ਅਤੇ ਗਹਿਮਾ-ਗਹਿਮੀ ਨਾਲ ਭਰਪੂਰ ਸੀ। ਇਸ ਕਰਕੇ ਏਨਾ ਤਾਂ ਗਰੰਟੀ ਨਾਲ ਕਿਹਾ ਜਾ ਸਕਦਾ ਸੀ ਕਿ ਅਜੇ ਤਕ ਹਾਜੀ ਬਦਰੁੱਦੀਨ ਅਤੇ ਰਾਮਕ੍ਰਿਸ਼ਨ ਜੈਸਵਾਲ ਦਾ ਨਾਸ਼ਤਾ ਮੇਜ਼ਾਂ ਉੱਤੇ ਨਹੀਂ ਲੱਗਿਆ ਹੋਣਾ ਅਤੇ ਵੱਡੇ ਅਫ਼ਸਰਾਂ ਦੇ ਨਹਾਉਣ ਲਈ ਰੱਖਿਆ ਹੋਇਆ ਪਾਣੀ ਵੀ ਗੁਸਲਖ਼ਾਨਿਆਂ ਵਿਚ ਇੰਤਜ਼ਾਰ ਕਰ ਰਿਹਾ ਹੋਵੇਗਾ।

---


## ਮੋਹਨ ਤਿਆਗੀ ਦੀਆਂ ਦੋ ਨਵੀਂਆਂ ਪੁਸਤਕਾਂ

## ਦੀਪਕ ਜੈਤੋਈ ਜੀਵਨ ਤੇ ਰਚਨਾ

## ਸਮਕਾਲੀ ਪੰਜਾਬੀ ਕਾਵਿ-ਅਧਿਐਨ

---

## ਹਰਜੀਤ ਅਟਵਾਲ ਦਾ ਨਵਾਂ ਨਾਵਲ

## ਜੇਠੂ

## ਸੰਗਮ ਪ੍ਰਕਾਸ਼ਨ, ਸਮਾਣਾ

---

## ਬਲਦੇਵ ਸਿੰਘ ਦਾ ਨਵਾਂ ਨਾਵਲ

## ਇੱਕੀਵੀਂ ਸਦੀ

## ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ




## ਕਹਾਣੀਆਂ

ਅੰਗਰੇਜ਼ੀ ਸਾਹਿਤ ਵਿੱਚ ਨਿੱਕੀ ਕਹਾਣੀ ਦੀ ਉਹ ਥਾਂ ਨਹੀਂ ਹੈ ਜੋ ਨਾਵਲ ਦੀ ਹੈ ਪਰ ਅਲਾਈਸ ਮੁਨਰੋ ਨੂੰ ਕਹਾਣੀ ਵਿਧਾ 'ਤੇ ਨੋਬਲ ਪ੍ਰਾਈਜ਼ ਮਿਲਣਾ ਇਹ ਦਰਸਾਉਂਦਾ ਹੈ ਕਿ ਕਹਾਣੀ ਦਾ ਅੰਗਰੇਜ਼ੀ ਸਾਹਿਤ ਵਿੱਚ ਵੀ ਵਿਸ਼ੇਸ਼ ਸਥਾਨ ਹੈ। ਪੰਜਾਬੀ ਸਾਹਿਤ ਦੀ ਤਾਂ ਨਿੱਕੀ ਕਹਾਣੀ ਲਾਡਲੀ ਵਿਧਾ ਹੈ। ਇਹੋ ਸਭ ਤੋਂ ਵੱਧ ਲਿਖੀ ਗਈ ਹੈ। ਦੂਜੀਆਂ ਭਾਸ਼ਾਵਾਂ ਵਿੱਚ ਵੀ ਪੰਜਾਬੀ ਨਿੱਕੀ ਕਹਾਣੀ ਬਹੁਤ ਅਨੁਵਾਦ ਕੀਤੀ ਗਈ ਹੈ ਤੇ ਹਿੰਦੁਸਤਾਨ ਦੀ ਕਿਸੇ ਵੀ ਭਾਸ਼ਾ ਦੀ ਕਹਾਣੀ ਦਾ ਪੰਜਾਬੀ ਕਹਾਣੀ ਮੁਕਾਬਲਾ ਕਰ ਰਹੀ ਹੈ।

ਅਸੀਂ ਪਹਿਲਾਂ ਵੀ ਗੱਲ ਕੀਤੀ ਸੀ ਕਿ ਹੁਣ ਪੰਜਾਬੀ ਕਹਾਣੀ ਵਿੱਚ ਖੜੋਤ ਆ ਗਈ ਹੈ। ਅਸੀਂ ਇਸ ਖੜੋਤ ਦੇ ਕਾਰਨਾਂ 'ਤੇ ਵੀ ਉਂਗਲ ਰੱਖੀ ਸੀ। ਬਹੁਤ ਸਾਰੇ ਕਾਰਨਾਂ ਵਿੱਚ ਇਕ ਕਾਰਨ ਇਹ ਵੀ ਹੈ ਕਿ ਕਹਾਣੀ ਦੀਆਂ ਨਰਸਰੀਆਂ ਹੀ ਖ਼ਤਮ ਹੋ ਗਈਆਂ ਹਨ। ਲੇਖਕ ਸਭਾਵਾਂ ਦੇ ਰੋਲ ਬਦਲ ਗਏ ਹਨ। ਅੱਸੀਵੇਂ ਦਹਾਕੇ ਵਿੱਚ ਪਈ ਇਕ ਪਰਤ 'ਦੀਵਾ ਬਲੇ ਸਾਰੀ ਰਾਤ' ਜਿਸ ਵਿੱਚ ਉਸ ਵੇਲੇ ਦੇ ਵੱਡੇ ਨਾਂ ਜਿਵੇਂ ਕਿ ਪ੍ਰੇਮ ਗੋਰਖੀ, ਕਿਰਪਾਲ ਕਜ਼ਾਕ, ਸੁਰਿੰਦਰ ਸ਼ਰਮਾ, ਜਸਬੀਰ ਭੁੱਲਰ, ਦਲਬੀਰ ਚੇਤਨ ਆਦਿ ਸ਼ਾਮਲ ਹੁੰਦੇ ਸਨ, ਖ਼ਤਮ ਹੋ ਗਈ ਹੈ। ਇਸ ਵਿੱਚ ਲੇਖਕ ਇਕੱਠੇ ਹੋ ਕੇ ਸਾਰੀ ਰਾਤ ਕਹਾਣੀਆਂ ਪੜ੍ਹਿਆ ਕਰਦੇ ਸਨ ਤੇ ਇਹਨਾਂ ਨੂੰ ਨਿਰਪੱਖ ਹੋ ਕੇ, ਜੇ ਕਹੀਏ ਕਿ ਬੇਕਿਰਕ ਹੋ ਕੇ ਵਿਚਾਰਿਆ ਕਰਦੇ ਸਨ। ਇਸ ਵਿੱਚ ਨਵੇਂ-ਪੁਰਾਣੇ ਸਾਰੇ ਲੇਖਕ ਸ਼ਾਮਲ ਹੋਇਆ ਕਰਦੇ ਸਨ। ਨਵੇਂ ਕਹਾਣੀਕਾਰਾਂ ਦੇ ਸਿੱਖਣ ਲਈ ਤਾਂ ਬਹੁਤ ਕੁਝ ਹੋਇਆ ਹੀ ਕਰਦਾ ਸੀ ਪੁਰਾਣੇ ਲੇਖਕ ਵੀ ਕੁਝ ਨਾ ਕੁਝ ਲੈ ਕੇ ਜਾਂਦੇ ਸਨ।

ਇਸ ਤਰ੍ਹਾਂ ਕਹਾਣੀ-ਵਿਧਾ ਨੂੰ ਬਲ ਮਿਲਦਾ ਸੀ। ਕਹਾਣੀਕਾਰ ਬਹੁਤ ਉਤਸ਼ਾਹ ਨਾਲ 'ਦੀਵਾ ਬਲੇ ਸਾਰੀ ਰਾਤ' ਦੇ ਸਮਾਗਮਾਂ ਵਿੱਚ ਪੁੱਜਦੇ ਸਨ ਬਲਕਿ ਉਡੀਕਦੇ ਰਹਿੰਦੇ ਸਨ। ਫਿਰ ਕੁਝ ਕਾਰਨਾਂ ਕਰਕੇ ਇਹ ਰਵਾਇਤ ਖਤਮ ਹੋ ਗਈ। ਇਕ ਕਿਸਮ ਨਾਲ ਪੰਜਾਬੀ ਕਹਾਣੀ ਦਾ ਉਤਸ਼ਾਹ ਮੱਠਾ ਪੈ ਗਿਆ। ਫੇਸਬੁੱਕ ਦਾ ਜ਼ਮਾਨਾ ਆਇਆ ਤਾਂ ਗੱਲ ਮੂਲੋਂ ਹੀ ਰਹਿ ਬਦਲ ਗਈ। ਫੇਸਬੁੱਕ 'ਤੇ ਕੱਚੀਆਂ ਜਿਹੀਆਂ ਰਚਨਾਵਾਂ ਪਾਈਆਂ ਜਾਂਦੀਆਂ ਹਨ ਤੇ ਵਕਤੀ ਵਾਹ-ਵਾਹ ਖੱਟੀ ਜਾਂਦੀ ਹੈ। ਰਚਨਾ ਦੇ ਸੁਧਾਰ ਦੇ ਮੌਕੇ ਬਿਲਕੁਲ ਨਹੀਂ ਹੁੰਦੇ। ਖੁਸ਼ੀ ਦੀ ਗੱਲ ਹੈ ਕਿ ਬਹੁਤ ਸਾਲਾਂ ਬਾਅਦ ਫਿਰ ਸਾਰੀ ਰਾਤ ਕਹਾਣੀਆਂ ਪੜ੍ਹਨ ਤੇ ਵਿਚਾਰਨ ਦੀ ਰਵਾਇਤ ਸ਼ੁਰੂ ਹੋਈ ਹੈ। ਜੋ ਜਸਪਾਲ ਮਾਨਖੇੜਾ ਤੇ ਹਰਬੰਸ ਸਿੰਘ ਬਰਾੜ ਨੇ 'ਕੇਸਰਾ ਸਿੰਘ ਵਾਲਾ' ਪਿੰਡ ਵਿੱਚ 3 ਮਾਰਚ ਨੂੰ ਸਾਰੀ ਰਾਤ ਦੀ ਕਹਾਣੀ ਗੋਸ਼ਟੀ ਕਰਵਾਈ ਗਈ ਜਿਸ ਵਿੱਚ ਦਰਜਨ ਤੋਂ ਵੱਧ ਲੇਖਕ ਸ਼ਾਮਲ ਹੋਏ। ਵੈਸੇ ਤਾਂ ਇਹ ਉਹਨਾਂ ਦਾ ਦੂਜਾ ਉਦਮ ਸੀ ਪਰ ਇਸ ਵਾਰ ਗੱਲਬਾਤ ਬਹੁਤੀ ਨਿੱਠ ਕੇ ਹੋਈ। ਕਹਾਣੀਆਂ ਪੜ੍ਹੀਆਂ ਤੇ ਵਿਚਾਰੀਆਂ ਗਈਆਂ। ਇਹ ਵਿਚਾਰਾਂ ਕਿਸੇ ਪੱਖ-ਪਾਤ ਤੋਂ ਹੋਈਆਂ। ਹਰ ਕਹਾਣੀ ਦਾ ਵਿਸ਼ਾ ਅਲੱਗ ਅਲੱਗ ਸੀ। ਤਕਰੀਬਨ ਹਰ ਪੀੜ੍ਹੀ ਦੇ ਕਹਾਣੀਕਾਰ ਇਸ ਵਿੱਚ ਸ਼ਾਮਲ ਹੋਏ। ਇਸ ਨਾਲ ਪੰਜਾਬੀ ਕਹਾਣੀ ਦੇ ਭਵਿੱਖ ਲਈ ਕੁਝ ਉਮੀਦਾਂ ਬੱਝਦੀਆਂ ਹਨ। ਜਿਹਨਾਂ ਦੋਸਤਾਂ ਨੇ ਇਹ ਰਵਾਇਤ ਮੁੜ ਕਾਇਮ ਕੀਤੀ ਹੈ ਉਹ ਵਧਾਈ ਦੇ ਹੱਕਦਾਰ ਵੀ ਹਨ ਤੇ ਅਸੀਂ ਆਪਣੇ ਤੌਰ 'ਤੇ ਉਹਨਾਂ ਦਾ ਧੰਨਵਾਦ ਵੀ ਕਰਦੇ ਹਾਂ। ਅਸੀਂ ਉੱਥੇ ਪੜ੍ਹੀਆਂ ਗਈਆਂ 5 ਕਹਾਣੀਆਂ ਤੇ ਬਹਿਸ ਨੂੰ ਇਸ ਅੰਕ 'ਚ ਛਾਪ ਰਹੇ ਹਾਂ।

**-ਜਿੰਦਰ**

# ਆਸੁਰਾਂ ਦੀ ਬਸਤੀ/ਸਰੂਪ ਸਿਆਲਬੀ
## 1. ਪਥੇਰਿਆਂ ਦੀ ਬਸਤੀ

ਕੁੱਝ ਦਿਨਾਂ ਤੋਂ ਮਹੋਲੇਧਾਰ ਵਰਖਾ ਹੋ ਰਹੀ ਸੀ। ਟਿਕੀ ਹੋਈ ਰਾਤ ਨੂੰ ਪਿੰਡ ਤਾਰਾਪੁਰ ਦੇ ਲੋਕਾਂ ਨੂੰ, ਭੱਠੇ ਵੱਲੋਂ 'ਬਚਾਉ-ਬਚਾਉ' ਦੀਆਂ ਆਵਾਜ਼ਾਂ ਸੁਣਾਈ ਦੇਣ ਲੱਗੀਆਂ ਸਨ। ਬੱਚੇ ਤੇ ਤੀਵੀਆਂ ਰੋ ਰਹੇ ਸਨ। ਕੂਕ-ਰੌਲ਼ਾ ਪੈ ਰਿਹਾ ਸੀ।

ਹਰ ਸਾਲ ਬਰਸਾਤ ਵਿੱਚ ਇੱਟਾਂ ਦੇ ਭੱਠੇ ਬੰਦ ਕਰ ਦਿੱਤੇ ਜਾਂਦੇ ਸਨ ਤੇ ਭੱਠਿਆਂ ਉੱਤੇ ਕੰਮ ਕਰਦੀ ਲੇਬਰ ਘਰਾਂ ਨੂੰ ਪਰਤ ਜਾਂਦੀ ਸੀ। ਪਰ ਭੱਠੇ ਉੱਤੇ ਇੱਟਾਂ ਪੱਥਣ ਵਾਲੇ ਕੁਝ ਪਥੇਰੇ, ਉਨ੍ਹਾਂ ਦੇ ਘਰ ਦੂਰ ਹੋਣ ਕਰਕੇ, ਪਰਿਵਾਰਾਂ ਸਮੇਤ ਭੱਠੇ ਉੱਤੇ ਉਹਨਾਂ ਲਈ ਬਣਾਏ ਘਰਾਂ ਵਿੱਚ ਰਹਿ ਜਾਂਦੇ ਸਨ। ਘਰ ਵੀ ਕੀ ਸਨ ? ਭੱਠੇ ਦੇ ਇੱਕ ਪਾਸੇ, ਦੋ-ਦੋ ਕੁ ਖੁਣਾਂ ਦੇ ਪੱਕੀਆਂ ਇੱਟਾਂ ਦੀਆਂ ਆਦਮੀ ਦੇ ਸਿਰ ਤੋਂ ਉੱਚੀਆਂ ਕੰਧਾਂ ਕਰਕੇ ਉੱਤੇ ਭੂੰਙ ਸਰਕੜੇ ਦੀ ਛੱਤ ਪਾਈ ਹੋਈ ਸੀ। ਢਾਰੇ ਜਿਹੇ ਬਣਾਏ ਹੋਏ ਸਨ। ਕਈ ਦਿਨਾਂ ਤੋਂ ਲੱਗੀ ਝੜੀ ਵਿੱਚ ਛੱਤਾ ਥਾਂ-ਥਾਂ ਤੋਂ ਚੋ ਰਹੀਆਂ ਸਨ। ਉਹ ਚੁੱਲ੍ਹਿਆਂ ਵਿੱਚ ਪਾਣੀ ਭਰਨ ਕਰਕੇ ਰੋਟੀ ਖਾਣੋਂ ਭੁੱਖੇ-ਭਾਣੇ ਬਿਲਕਦੇ ਬੱਚਿਆਂ ਨੂੰ ਗਲ ਨਾਲ ਲਾਈ ਬੈਠੇ ਸਨ।

ਭੱਠੇ ਦੇ ਕੋਲ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚੋਂ ਨਿੱਕਲਦੀ ਸਗਰਾਓ ਕੀ ਰਾਓ(ਨਦੀ) ਵਗਦੀ ਸੀ। ਕਈ ਦਿਨਾਂ ਤੋਂ ਵਰਖਾ ਹੋਣ ਕਰਕੇ ਨਦੀ ਵਿੱਚ ਭਿਆਨਕ ਹੜ੍ਹ ਆਇਆ ਹੋਇਆ ਸੀ। ਪਥੇਰੇ ਪੱਥਰਾਂ ਵਿੱਚ ਨੂੰ ਵਗਦੇ ਪਾਣੀ ਦੀ ਗੂੰਜ ਨੂੰ ਸੁਣਕੇ ਤੇ ਨਦੀ ਵਿੱਚ ਉੱਠਦੀਆਂ ਲਹਿਰਾਂ ਨੂੰ ਦੇਖਦੇ ਭੈ-ਭੀਤ ਹੋਏ ਬੈਠੇ ਸਨ। ਕਿਉਂਕਿ ਨਦੀ ਕਿਨਾਰੇ ਦੀ ਮਿੱਟੀ ਖੋਰਦੀ ਹੋਈ ਉਹਨਾਂ ਦੀ ਬਸਤੀ ਵੱਲ ਨੂੰ ਆ ਰਹੀ ਸੀ।

ਉਪਰੋਂ ਰਾਤ ਪੈ ਰਹੀ ਸੀ। ਪਥੇਰੇ ਫੈਸਲਾ ਨਹੀਂ ਕਰ ਪਾ ਰਹੇ ਸਨ...ਕਿ ਜਾਣ ਤਾਂ ਕਿੱਥੇ ਜਾਣ ? ਨਾਲ ਦੇ ਪਿੰਡ ਹਰੀਪੁਰ ਵਿੱਚ, ਜੇ ਉਹਨਾਂ ਦੇ ਬੱਚੇ ਲੰਗਰ ਖਾਣ ਚਲੇ ਵੀ ਜਾਂਦੇ ਸਨ ਤਾਂ ਲੰਗਰ ਵਰਤਾਉਣ ਵਾਲੇ, ਉਨ੍ਹਾਂ ਦੇ ਕਾਲੇ-ਕਲੂਟੇ ਤੇ ਪਾਟੇ-ਪੁਰਾਣੇ ਕੱਪੜਿਆਂ ਵਾਲੇ ਬੱਚਿਆਂ ਨੂੰ, ਗੁਰਦੁਆਰੇ ਦੇ ਬਾਹਰੋਂ ਹੀ ਝਿੜਕ ਕੇ ਭਜਾ ਦਿੰਦੇ ਸਨ।

"ਚਲੋ ਭੱਜੋ ਕਿੱਥੋਂ ਆਏ ਨੇ ਮੰਗ-ਮੰਗ ਕੇ ਖਾਣ ਵਾਲੇ, ਤੁਸੀਂ ਤਾਂ ਸਾਡਾ ਜੱਗ ਹੀ ਭ੍ਰਿਸ਼ਟ ਕਰ ਦੇਣਾ ਏ...." ਬਜ਼ੁਰਗ ਸਲਾਹਾਂ ਕਰਦੇ ਕਿ ਫਿਰ ਉਹਨਾਂ ਨੇ ਸਾਨੂੰ ਗੰਦੇ-ਮੰਦੇ ਲੋਕਾਂ ਨੂੰ ਪਿੰਡ ਕਿੱਥੇ ਵੜਨ ਦੇਣਾ ਏ, ਰਹੀ ਗੱਲ ਉਹਨਾਂ ਦੀਆਂ ਔਰਤਾਂ ਦੀ ...ਉਹ ਤਾਂ ਪਹਿਲਾਂ ਹੀ ਪਿੰਡ ਦੇ ਮਰਦਾਂ ਤੋਂ ਬਹੁਤ ਡਰਦੀਆਂ ਰਹਿੰਦੀਆਂ ਸਨ। ਕਤਲ-ਬਲਾਤਕਾਰਾਂ ਨੂੰ ਝੱਲਦੇ, ਉਹ ਡਰਦੇ ਮਾਰੇ ਦੂਰ-ਦੁਰਾਡੇ ਦੇ ਜੰਗਲ ਵਿੱਚੋਂ ਆਪਣੀਆਂ ਝੁੱਗੀਆਂ ਝੌਂਪੜੀਆਂ ਨੂੰ ਛੱਡਕੇ ਏਥੇ ਆਏ ਸਨ ਤੇ ਪਿੰਡਾਂ ਤੋਂ ਦੂਰ, ਭੱਠੇ ਉੱਤੇ ਬਣੇ ਢਾਰਿਆਂ ਵਿੱਚ ਰਹਿ ਕੇ ਦਿਨ ਕੱਟ ਰਹੇ ਸਨ।

ਪਰ ਉਹਨਾਂ ਦੀਆਂ ਔਰਤਾਂ ਨੇ ਦਿਨ ਭਰ ਭੱਠੇ ਉੱਤੇ ਕੰਮ ਕਰਕੇ ਸੰਝ ਨੂੰ, ਪੇਟ ਨੂੰ ਝੁਲਕਾਂ ਦੇਣ ਲਈ ਚੁੱਲ੍ਹਾ ਤਾਂ ਤਪਾਉਣਾ ਹੀ ਹੁੰਦਾ ਸੀ। ਤੀਵੀਆਂ ਇੱਧਰ-ਉੱਧਰ ਤੁਰ-ਫਿਰ ਕੇ ਬਾਲਣ ਇੱਕਠਾ ਕਰ ਲੈਂਦੀਆਂ ਸਨ। ਪਰ ਉਹ ਹਰ ਵੇਲੇ ਖੇਤਾਂ ਵਿੱਚ ਕੰਮ ਕਰਦੇ ਬੰਦਿਆਂ ਕੋਲੋਂ ਡਰਦੀਆਂ ਰਹਿੰਦੀਆਂ ਸਨ। ਭਾਵੇਂ ਉਹਨਾਂ ਦੇ ਲੱਕ ਘਸੀ ਹੋਈ ਘੱਗਰੀ ਤੇ ਗਲ ਮੈਲੇ-ਕੁਚੈਲਾ ਬਲਾਊਜ਼ ਪਾਇਆ ਹੁੰਦਾ ਤੇ ਉਹਨਾਂ ਦਾ ਰੰਗ ਤੇਜ਼ ਧੁੱਪ ਵਿੱਚ ਕੰਮ ਕਰਦਿਆਂ ਕਾਲਾ ਹੋਇਆ ਹੁੰਦਾ... ਪਰ ਉਹਨਾਂ ਵਿੱਚੋਂ ਰਤਾ ਸਾਫ ਰੰਗ ਤੇ ਜਚਦੇ ਨੈਣ ਨਕਸ਼ਾਂ ਵਾਲੀ ਤੀਵੀਂ ਹੋਰ ਵੀ ਭੈੜੇ ਕੱਪੜੇ ਪਾ ਕੇ ਤੇ ਮੂੰਹ ਢੱਕ ਕੇ ਰੱਖਦੀ ਸੀ। ਕਿਤੇ ਕਿਸੇ ਬੰਦੇ ਦੀ ਮੈਲੀ ਨਜ਼ਰ ਉਸ ਉੱਤੇ ਪੈ ਜਾਵੇ



ਤੇ ਜ਼੍ਹਾ ਜਾਂਦੀ ਹੋ ਜਾਵੇ। ਕਿਉਂਕਿ ਉਹਨਾਂ ਵਿੱਚ ਤਾਂ ਉਜਰ ਕਰਨ ਤੇ ਵਿਰੋਧ ਕਰਨ ਦਾ ਵੀ ਦਮ ਨਹੀਂ। ਇਸ ਲਈ ਭੱਠੇ ਉੱਤੇ ਰਹਿੰਦੇ ਮਰਦ ਤੀਵੀਆਂ ਪਿੰਡ ਵਾਲਿਆਂ ਦੇ ਨੇੜੇ ਨਹੀਂ ਸੀ ਹੁੰਦੇ। ਆਪਣੇ-ਆਪ ਵਿੱਚ ਹੀ ਘੁੱਟੇ-ਘੁੱਟੇ ਰਹਿੰਦੇ ਸੀ।

ਪਰ ਅੱਜ ਉਨ੍ਹਾਂ ਦੀ ਜਾਨ ਉੱਤੇ ਬਣ ਆਈ ਸੀ। ਬਿਜਲੀ ਲਿਸ਼ਕੀ, ਉਨ੍ਹਾਂ ਨੇ ਡਰੇ ਹੋਇਆਂ ਨੇ ਦੇਖਿਆ ਕਿ ਹੜ੍ਹਾਂ ਦਾ ਪਾਣੀ ਉਹਨਾਂ ਦੇ ਢਾਰਿਆਂ ਕੋਲ ਪਹੁੰਚ ਚੁੱਕਾ ਸੀ। ਉਹ ਆਪਣੇ ਬੱਚਿਆਂ ਨੂੰ ਗਲ ਪੇਟ ਲਾ ਕੇ ਰੋਂਦੇ ਕੁਰਲਾਉਂਦੇ ਪਿੰਡ ਵੱਲ ਭੱਜੇ ਤੇ ਪਿੰਡ ਬਾਹਰਲੇ ਅੰਬਾਂ ਦੇ ਬਾਗ ਵਿੱਚ ਜਾ ਵੜੇ ਸਨ। ਪਰ ਏਨੀ ਦੇਰ ਤੋਂ ਬਾਰਸ਼ ਹੋਣ ਕਰਕੇ ਰੁੱਖ ਚੋ ਰਹੇ ਸਨ। ਗੌਂਡ ਘੋਟੂਲ ਤੇ ਗੈਡਾਪੁਰ ਨਾਂ ਦੇ ਬਜ਼ੁਰਗ ਪਥੇਰਿਆਂ ਦੁਆਰਾ ਚੁੱਪ-ਚਾਪ ਰਹਿ ਕੇ ਰਾਤ ਕੱਟਣ ਦੇ ਬਾਵਜੂਦ ਡਰੇ, ਘਬਰਾਏ ਹੋਏ ਬੱਚੇ ਤੇ ਔਰਤਾਂ ਮੀਂਹ ਵਿੱਚ ਥਰ-ਥਰ ਕੰਬਦੇ ਹੋਏ ਉੱਚੀ-ਉੱਚੀ ਰੋਣ ਲੱਗ ਪਏ ਸਨ। ਚੀਕ-ਚਿਹਾੜਾ ਪੈ ਰਿਹਾ ਸੀ।

ਪਥੇਰਿਆਂ ਦੀਆਂ ਚੀਕਾਂ ਆਵਾਜ਼ਾਂ ਵੱਲ ਸਭ ਤੋਂ ਪਹਿਲਾ ਪ੍ਰੋ. ਪਾਲ ਦਾ ਧਿਆਨ ਪਿਆ। ਉਹ ਪੁਰਾਤਨ ਸੱਭਿਅਤਾ ਤੇ ਅਵਸ਼ੇਸ਼ਾਂ ਦੀ ਢੂੰਡ-ਭਾਲ ਕਰਨ ਲਈ ਆਇਆ ਹੋਇਆ ਸੀ ਤੇ ਮ. ਮੋਹਨ ਸਿੰਘ ਦੇ ਪਸ਼ੂਆਂ ਦੇ ਵਾੜੇ ਵਿੱਚ ਰਹਿੰਦਾ ਸੀ। ਉਸਨੇ ਪਿੰਡ ਵਿੱਚ ਘੁੰਮ-ਫਿਰ ਕੇ, ਆਪਣੇ ਘਰਾਂ ਵਿੱਚ ਖੜ੍ਹੇ ਰੋਣ-ਪਿੱਟਣ ਦੀਆਂ ਆਵਾਜਾਂ ਸੁਣ ਰਹੇ ਲੋਕਾਂ ਨੂੰ ਝਿੰਜੋੜਿਆ, "ਖੜ੍ਹੇ ਕੀ ਦੇਖਦੇ ਓ ?..ਮੁਸੀਬਤ ਵਿੱਚ ਫਸੇ ਲੋਕਾਂ ਨੂੰ ਬਚਾਉਣ ਲਈ ਆਉ ਚੱਲੀਏ..." ਟਾਂਵੇ-ਟਾਂਵੇ ਬੰਦੇ ਘਰਾਂ ਵਿੱਚੋ ਨਿੱਕਲਕੇ ਉਹਨਾਂ ਦੇ ਮਗਰ ਚੱਲ ਪਏ ਸਨ। ਬੱਚਿਆਂ ਤੇ ਤੀਵੀਆਂ ਦੀਆਂ ਹਿਰਦੇ-ਵੇਧਕ ਚੀਕਾਂ ਸੁਣਕੇ ਸੁਆਣੀਆਂ ਵੀ ਘਰੋਂ ਨਿੱਕਲ ਕੇ ਮੋਹਲੇਧਾਰ ਪੈਂਦੇ ਮੀਂਹ ਦੀ ਪਰਵਾਹ ਨਾ ਕਰਦਿਆਂ ਉਹਨਾਂ ਦੇ ਮਗਰ ਤੁਰ ਪਈਆਂ ਸਨ।

ਪਿੰਡ ਦੇ ਬੰਦਿਆਂ ਨੂੰ ਆਉਂਦੇ ਦੇਖ ਕੇ ਡਰੇ ਸਹਿਮੇ ਬਜ਼ੁਰਗ ਪਥੇਰੇ ਭੈਭੀਤ ਹੋ ਗਏ ਸਨ। ਭਾਣੇ ਪਿੰਡ ਦੇ ਧਾੜਵੀ ਉਹਨਾਂ ਬੇਸਹਾਰਾ ਲੋਕਾਂ ਦੀਆਂ ਬਹੂ-ਬੇਟੀਆਂ ਨੂੰ ਚੁੱਕਣ ਲਈ ਉਹਨਾਂ 'ਤੇ ਟੁੱਟ ਪਏ ਸਨ। ਪਥੇਰਿਆਂ ਵਿੱਚੋਂ ਇੱਕ ਨੌਜਵਾਨ ਪਥੇਰਾ ਪਰਾਤੀਆ ਸਭ ਤੋਂ ਅੱਗੇ ਆਉਂਦੇ ਪ੍ਰੋ. ਪਾਲ ਵੱਲ ਵਧਿਆ। ਪਰਾਤੀਆ ਪਹਿਲਾਂ ਵੀ ਉਹਨਾਂ ਦੇ ਕੋਲੋਂ ਲੰਘੇ ਜਾਂਦੇ ਪ੍ਰੋ.ਪਾਲ ਨੂੰ ਆਦਰ ਨਾਲ ਮਿਲਦਾ ਰਹਿੰਦਾ ਸੀ। ਪ੍ਰੋ. ਪਾਲ ਉਹਨੂੰ ਤੇ ਹੋਰ ਪਥੇਰਿਆਂ ਨੂੰ ਪਿੰਡ ਵਿੱਚ ਚੱਲਣ ਲਈ ਕਹਿਣ ਲੱਗਾ। ਮਗਰ ਆਈਆਂ ਰਹਿਮ-ਦਿਲ ਸੁਆਣੀਆਂ ਤੋਂ ਰੋਂਦੇ ਬੱਚਿਆਂ ਤੇ ਪਥੇਰਨਾਂ ਦਾ ਦੁੱਖ ਝੱਲਿਆ ਨਹੀਂ ਸੀ ਜਾ ਰਿਹਾ। ਉਹ ਉਹਨਾਂ ਨੂੰ ਘੁੱਟ-ਘੁੱਟ ਕੇ ਕਲਾਵੇ ਵਿੱਚ ਲੈ ਕੇ ਤੁਰਨ ਲੱਗ ਪਈਆਂ ਸਨ। ਤੀਵੀਆਂ ਤੇ ਬੱਚਿਆਂ ਨੂੰ ਦੇਖ ਪਥੇਰੇ ਵੀ ਅਨਮੰਨੇ ਮਨ ਨਾਲ ਪਿੰਡ ਵਾਲਿਆਂ ਨਾਲ ਚੱਲ ਪਏ ਸਨ।

ਹੁਣ ਬੱਚਿਆਂ ਨੂੰ ਧੂਹ-ਘੜੀਸ ਕੇ ਲਿਜਾ ਰਹੀਆਂ ਇਸਤਰੀਆਂ ਤੋਂ ਪੁਰਸ਼ ਅੱਗੇ ਨਿੱਕਲ ਗਏ ਸਨ। ਪ੍ਰੋ. ਪਾਲ ਚਿੰਤਿਤ ਸਨ ਕਿ ਪਿੰਡ ਦੇ ਲੋਕ ਤਾਂ ਰੁਲ-ਖੁਲ ਕੇ ਜੀਵਨ ਗੁਜਾਰ ਰਹੇ ਪਥੇਰਿਆਂ ਨੂੰ ਕੋਲ ਖੜ੍ਹਣ ਨ੍ਹੀਂ ਦਿੰਦੇ... ਫਿਰ ਉਹ ਇਸ ਭਿਆਨਕ ਰਾਤ ਨੂੰ... ਪਥੇਰਿਆਂ ਦੇ ਪਰਿਵਾਰ ਨੂੰ ਪਿੰਡ ਵਿੱਚ ਲਜਾ ਕੇ ਬੈਠਾਉਣਗੇ ਕਿੱਥੇ ?

ਪ੍ਰੋ. ਪਾਲ ਨੂੰ ਪਿੰਡ ਵਿੱਚ ਚੱਲਦੀਆਂ ਗੱਲਾਂ ਤੋਂ ਪਤਾ ਲੱਗਿਆ ਕਿ ਕੁਝ ਸਾਲ ਪਹਿਲਾ ਬੱਲੂ ਨਾਂ ਦਾ ਬਾਲਮੀਕੀ ਬਦੇਸ਼ ਤੋਂ ਆਇਆ ਸੀ। ਉਹਨਾਂ ਦੇ ਪਰਿਵਾਰ ਦੀਆਂ ਲੰਗਰ ਛਕਣ ਗਈਆਂ ਔਰਤਾਂ ਨੂੰ ਉੱਚ ਜਾਤੀ ਦੀਆਂ ਔਰਤਾਂ ਨੇ ਆਪਣੇ ਕੋਲ ਬਿਠਾਉਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਉਹ ਪਰੇ ਬਹਿ ਕੇ ਲੰਗਰ ਛਕਣ ਤਾਂ ਬੱਲੂ ਬਾਲਮੀਕੀ ਆਪਣੇ ਬੱਚਿਆਂ ਤੇ ਔਰਤਾਂ

ਨੂੰ ਲੰਗਰ ਛਕਣ ਤੋਂ ਬਿਨਾਂ ਹੀ ਮੋੜ ਲਿਆਇਆ ਸੀ।

ਜਦ ਪਿੰਡ ਦੇ ਤੰਗਹਾਲ ਲੋਕਾਂ ਤੋਂ ਤੰਗ ਆ ਕੇ ਕੁਝ ਲੋਕ ਪਿੰਡ ਸਾਂਝੀ ਧਰਮਸ਼ਾਲਾ ਬਣਾਉਣ ਲੱਗੇ, ਤਾਂ ਬੱਲੂ ਬਾਲਮੀਕੀ ਨੇ ਕਿਹਾ ਕਿ "ਮੈਂ ਪਿੰਡ ਸਾਂਝੀ ਧਰਮਸ਼ਾਲਾ ਲਈ ਦਸ ਹਜ਼ਾਰ ਰੁਪਏ ਦਿੰਦਾ ਹਾਂ, ਪਰ ਕਿਸੇ ਜਾਤੀ ਜਾਂ ਧਰਮ ਦੀ ਨਹੀਂ ਹੋਣੀ ਚਾਹੀਦੀ।"

ਧਰਮਸ਼ਾਲਾ ਬਣਾਉਣ ਵਾਲੇ ਤਾਂ ਪਹਿਲਾਂ ਹੀ ਚਾਹੁੰਦੇ ਸਨ। ਸੋ ਧਰਮਸ਼ਾਲਾ ਬਣਾ ਕੇ ਅੱਗੇ ਸਾਂਝੀ ਧਰਮਸ਼ਾਲਾ ਦਾ ਬੋਰਡ ਵੀ ਲਾ ਦਿੱਤਾ ਸੀ। 'ਪਿੰਡ ਸਾਂਝੀ ਧਰਮਸ਼ਾਲਾ' ਦੇ ਦੇਸ ਰਾਜ ਦੁਕਾਨਦਾਰ, ਬੱਲੂ ਬਾਲਮੀਕੀ ਤੇ ਹੋਰ ਮੈਂਬਰ, ਪਥੇਰਿਆਂ ਨੂੰ ਪਿੰਡ ਲਿਜਾ ਰਹੇ ਲੋਕਾਂ ਵਿੱਚ ਸ਼ਾਮਲ ਸਨ। ਪ੍ਰੋ. ਪਾਲ ਨੇ ਉਹਨਾਂ ਨੂੰ, ਪਥੇਰਿਆਂ ਨੂੰ ਪਿੰਡ ਸਾਂਝੀ ਧਰਮਸ਼ਾਲਾ 'ਚ ਅਟਕਾਉਣ ਬਾਰੇ ਪੁੱਛਿਆ।

ਉਨ੍ਹਾਂ ਨੇ ਹਾਮੀ ਭਰੀ, "ਲਿਜਾ ਕੇ ਬਿਠਾ ਦੇ। ਜੇ ਕੋਈ ਇਤਰਾਜ ਕਰੂਗਾ ਅਸੀਂ ਸਮਝਾ ਦਮਾਂਗੇ।"

ਪਥੇਰਿਆਂ ਦੇ ਪਿੰਡ ਸਾਂਝੀ ਧਰਮਸ਼ਾਲਾ ਪੁੱਜਣ ਦੀ ਖ਼ਬਰ ਪਿੰਡ ਵਿੱਚ ਅੱਗ ਵਾਂਗ ਫੈਲ ਗਈ ਸੀ। ਲੋਕ ਥੂ-ਥੂ ਕਰ ਰਹੇ ਸਨ। ਪਰ ਕਈ ਰਹਿਮ-ਦਿਲ ਮਰਦ ਤੇ ਔਰਤਾਂ ਉਨ੍ਹਾਂ ਪਥੇਰਿਆਂ ਦੇ ਦੁੱਖੀ ਤੇ ਬੇਸਹਾਰਾ ਪਰਿਵਾਰਾਂ ਨੂੰ ਸੰਭਾਲਣ ਵਿੱਚ ਲੱਗੇ ਹੋਏ ਸਨ। ਔਰਤਾਂ ਪਥੇਰਨਾਂ ਤੇ ਉਹਨਾਂ ਦੇ ਬੱਚਿਆਂ ਨੂੰ ਧਰਮਸ਼ਾਲਾ ਦੇ ਹਾਲ ਨਾਲ ਲੱਗਦੇ ਕਮਰਿਆਂ ਵਿੱਚ ਲਿਜਾ ਕੇ ਉਹਨਾਂ ਦੇ ਗਿੱਲੇ ਕੱਪੜੇ ਲਵ੍ਹਾ ਕੇ ਘਰੋਂ ਲਿਆਂਦੇ ਨਵੇਂ ਤੇ ਪੁਰਾਣੇ ਕੱਪੜੇ ਪਹਿਨਾ ਰਹੀਆਂ ਸਨ। ਆਦਮੀ ਹਾਲ ਵਿੱਚ ਹੀ ਪਥੇਰਿਆਂ ਦੇ ਗਿੱਲੇ ਕੱਪੜੇ ਬਦਲਾ ਰਹੇ ਸਨ।

ਪ੍ਰੋ. ਪਾਲ ਨੇ ਪਿੰਡ ਦੇ ਡਾਕਟਰ ਨੂੰ ਬਿਮਾਰ ਬੱਚਿਆਂ ਤੇ ਪਥੇਰਿਆਂ ਨੂੰ ਦਵਾਈ ਦੇਣ ਲਈ ਬੁਲਾ ਲਿਆ ਸੀ। ਲੋਕੀ ਆਪਣੇ ਘਰਾਂ ਤੋਂ ਦਾਲ, ਚਾਵਲ, ਰੋਟੀਆਂ ਲਿਜਾ ਕੇ ਪਥੇਰਿਆਂ ਨੂੰ ਲੰਗਰ ਛਕਾਉਣ ਲੱਗੇ ਪਏ ਸਨ। ਪਰ ਪਿੰਡ ਵਾਲਿਆਂ ਦੇ ਵਿਰੋਧ ਤੋਂ ਡਰਦੇ ਉਹ ਨਵੇਂ ਬਰਤਨਾਂ ਵਿੱਚ ਨਹੀਂ ਪੁਰਾਣੇ ਬਰਤਨਾਂ ਵਿੱਚ ਖਾਣਾ ਖਵਾ ਰਹੇ ਸਨ। ਰੁੱਖੀ-ਸੁੱਖੀ ਖਾ ਕੇ ਭੁੱਖੇ ਤੇ ਅੱਧ-ਭੁੱਖੇ, ਵਕਤ ਦੇ ਮਾਰੇ ਹੋਏ ਪਥੇਰੇ, ਰਹਿਮ ਦਿਲ ਲੋਕਾਂ ਦੇ ਦਿੱਤੇ ਹੋਏ ਪਾਟੇ-ਪੁਰਾਣੇ ਖੇਸ, ਖੇਸੀਆਂ, ਚਾਦਰਾਂ, ਕੰਬਲ ਤੇ ਮੱਝਾਂ ਗਾਂਵਾਂ ਦੇ ਝੁੱਲਾਂ ਵਿੱਚ ਵੜਕੇ ਆਪਣੇ ਜਿਸਮਾਂ ਨੂੰ ਨਿੱਘ ਦੇ ਰਹੇ ਸਨ।

ਦੂਸਰੇ ਦਿਨ ਵੀ ਮੀਂਹ ਰੁਕਣ ਦਾ ਨਾਂ ਨਹੀਂ ਸੀ ਲੈ ਰਿਹਾ। ਪਥੇਰਿਆਂ ਦੇ ਮਨਾਂ ਵਿੱਚੋਂ ਪਿੰਡ ਵਾਲਿਆਂ ਦਾ ਡਰ ਨਿੱਕਲਿਆ ਨਹੀਂ ਸੀ। ਉਹ ਆਪਣੇ ਨਾਲ ਕਿੱਸੇ ਅਣਹੋਣੀ ਘਟਨਾ ਹੋਣ ਤੋਂ ਡਰਦੇ ਮਾਰੇ ਉੱਥੋਂ ਜਾਣ ਦੀ ਜ਼ਿੱਦ ਕਰ ਰਹੇ ਸਨ। ਬਜ਼ੁਰਗ ਨੂੰ ਪਥੇਰਿਆਂ ਗੋਂਡ ਘੋਂਟੂਲ ਤੇ ਗੰਡਾਧੂਰ ਨੇ ਪਿੰਡ ਵਾਲਿਆਂ ਦਾ ਉਹਨਾਂ ਨੂੰ ਰਾਤ ਨੂੰ ਆਸਰਾ ਦੇਣ ਲਈ ਧੰਨਵਾਦ ਕੀਤਾ ਤੇ ਪਥੇਰਿਆਂ ਦੇ ਪਰਿਵਾਰਾਂ ਨੂੰ ਉੱਥੋ ਤੁਰਨ ਲਈ ਕਹਿਣ ਲੱਗੇ। ਪਰ ਉਹਨਾਂ ਦੇ ਹਮਦਰਦ ਉਹਨਾਂ ਨੂੰ ਸਮਝਾ ਰਹੇ ਸਨ ਕਿ 'ਤੁਸੀਂ ਏਨੀ ਬਾਰਿਸ਼ ਪੈਂਦੀ ਵਿੱਚ ਜਾਉਗੇ ਕਿੱਥੇ ? ਚਾਰੇ ਪਾਸੇ ਨਦੀਆਂ ਵਿੱਚ ਹੜ੍ਹ ਆਏ ਹੋਏ ਨੇ। ਬੁਆਢਾ ਅੱਗੇ ਜਾ ਕੇ ਵੀ ਰਹਿਣ ਲਈ ਕੋਈ ਥਾਂ ਟਿਕਾਣਾ ਨਹੀਂ ? ਨਾ ਹੀ ਖਾਣ-ਪੀਣ ਦਾ ਕੋਈ ਪ੍ਰਬੰਧ ਹੈ ? ਇਸ ਲਈ ਬਰਸਾਤ ਦੇ ਦਿਨਾਂ ਵਿੱਚ ਤੁਸੀਂ ਸਾਡੇ ਕੋਲ ਹੀ ਰਹੋ।' ਬਜ਼ੁਰਗ ਪਥੇਰੇ ਗੋਂਡ ਘੁੰਟਲ ਤੇ ਗੂੰਡਾਧਰ ਤਾਂ ਚੁੱਪ ਹੀ ਰਹੇ। ਪਰ ਨੌਜਵਾਨ ਪਥੇਰਿਆਂ ਨੂੰ ਇਹਨਾਂ ਦੀ ਗੱਲ ਸਮਝ ਆ ਗਈ ਸੀ ਤੇ ਉਹਨਾਂ ਖੜ੍ਹੇ ਹੋ ਕੇ ਸੀਸ ਝੁਕਾ ਕੇ ਉਹਨਾਂ ਦੀ ਗੱਲ ਨਾਲ ਸਹਿਮਤੀ ਪ੍ਰਗਟ ਕਰ ਦਿੱਤੀ ਸੀ।

ਪਰ ਪਥੇਰਿਆਂ ਦੇ ਇੰਨੇ ਪਰਿਵਾਰ, ਧਰਮਸ਼ਾਲਾ ਵਿੱਚ ਰਹਿ ਵੀ ਨਹੀਂ ਸਕਦੇ ਸਨ। ਪ੍ਰੋ.



ਪਾਲ, ਦੇਸ ਰਾਜ ਦੁਕਾਨਦਾਰ, ਬੱਲੂ ਬਾਲਮੀਕੀ ਤੇ ਲੰਬੜਦਾਰ ਰੋਸ਼ਨ ਸਿੰਘ ਨੇ ਸਲਾਹ ਕਰ ਕੇ ਪਥੇਰਿਆਂ ਨੂੰ ਪਿੰਡ ਤੋਂ ਜੰਗਲ ਵੱਲ ਦੇ ਪਾਸੇ ਆਪਣੀਆਂ ਝੁੱਗੀਆਂ ਬਣਾਉਣ ਲਈ ਥਾਂ ਦੇ ਦਿੱਤੀ ਸੀ। ਪਥੇਰਿਆਂ ਨੇ ਪਰਿਵਾਰ ਨਾਲ ਲੱਗਕੇ ਜੰਗਲ ਵਿੱਚੋਂ ਬਾਂਸ, ਬੱਲੀਆਂ ਤੇ ਝੁੰਡ ਸਰਕੜਾ ਵੱਢ ਕੇ ਲਿਆ ਕੇ ਆਪਣੀਆਂ ਆਪਣੀਆਂ ਝੁੱਗੀਆਂ ਬਣਾਉਣ ਲੱਗ ਪਏ ਸਨ।

ਪਿੰਡ ਦੇ ਕੁਝ ਬੰਦੇ ਆ ਕੇ ਪਥੇਰਿਆਂ ਨੂੰ ਝੁੱਗੀਆਂ ਪਾਉਣ ਤੋਂ ਵਰਜਣ ਲੱਗ ਪਏ ਸਨ। ਪਥੇਰੇ ਡਰ ਗਏ ਸਨ। ਲੰਬੜਦਾਰ ਰੋਸ਼ਨ ਸਿੰਘ ਨੇ ਉਹਨਾਂ ਨੂੰ ਘੂਰ ਦਿੱਤਾ ਸੀ, "ਪਿੰਡ ਦੀ ਹਜਾਰਾਂ ਏਕੜ ਦੀ ਸ਼ਾਮਲਾਤ ਜ਼ਮੀਨ ਏ। ਕੁਝ ਜ਼ਮੀਨ ਬੇਸਹਾਰਾ ਲੋਕਾਂ ਨੂੰ ਝੁੱਗੀਆਂ ਪਾਉਣ ਲਈ ਨਹੀਂ ਦੇ ਸਕਦੇ ? ਜਿਹੜਾ ਸਰਪੰਚ ਸੁੱਚਾ ਸਿੰਘ ਤੁਹਾਨੂੰ ਚੁੱਕ ਕੇ ਭੇਜਦਾ ਉਹਨੂੰ ਬੁਲਾ ਕੇ ਲਿਆਉ। ਉਹ ਮੇਰੇ ਨਾਲ ਗੱਲ ਕਰੇ।" ਲੰਬੜਦਾਰ ਰੋਸ਼ਨ ਸਿੰਘ ਦੀ ਪੱਤੀ ਦੇ ਜ਼ਿਮੀਦਾਰ ਉਹਦੇ ਨਾਲ ਖੜ੍ਹੇ ਸਨ। ਵਿਰੋਧੀ ਧਿਰ ਦੇ ਭੇਜੇ ਬੰਦੇ, ਲੰਬੜਦਾਰ ਰੋਸ਼ਨ ਸਿੰਘ ਦੀਆਂ ਖਰੀਆਂ-ਖਰੀਆਂ ਸੁਣਕੇ ਭੱਜ ਗਏ ਸਨ। ਰੁੱਕ-ਰੁੱਕ ਕੇ ਪੈਂਦੇ ਮੀਂਹ ਵਿੱਚ ਹੀ ਪਥੇਰਿਆਂ ਨੇ ਫਿਰ ਆਪਣੀਆਂ ਝੁੱਗੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ।

ਜੰਗਲ ਵਿੱਚ ਪਥੇਰਿਆਂ ਨਾਲ ਹੁੰਦੇ ਕਤਲ, ਬਲਾਤਕਾਰਾਂ ਕਰਕੇ ਉਹਨਾਂ ਦੇ ਮਨ ਵਿੱਚ ਏਥੋਂ ਦੇ ਪੇਂਡੂਆਂ ਦਾ ਵੀ ਏਨਾਂ ਡਰ ਬੈਠਿਆ ਹੋਇਆ ਸੀ ਕਿ ਉਹਨਾਂ ਦੇ ਆਗੂ ਗੋਂਡ ਘੁੰਟਲ ਤੇ ਗੰਡਾਧੂਰ ਪਿੰਡ ਵਿਚਲੇ ਉਹਨਾਂ ਦੇ ਸਮਰਥਕਾਂ ਨਾਲ ਗੱਲ ਕਰਨ ਤੋਂ ਵੀ ਡਰਦੇ ਸਨ। ਉਹਨਾਂ ਦੀਆਂ ਮੁਸ਼ਕਲਾਂ ਬਾਰੇ ਗੱਲਬਾਤ ਵੀ ਨੌਜਵਾਨ ਪਰਾਤੀਆ ਪਥੇਰਾ ਹੀ ਅੱਗੇ ਹੋ ਕੇ ਕਰਦਾ ਸੀ। ਪ੍ਰੋ. ਪਾਲ ਨੇ ਪਰਾਤੀਆ ਪਥੇਰੇ ਨੂੰ ਕਹਿ ਦਿੱਤਾ ਸੀ ਕਿ ਉਹ ਦਾਲ, ਚੌਲ, ਘੀ, ਗੁੜ ਆਦਿ ਖਾਣ-ਪੀਣ ਦਾ ਸਾਮਾਨ ਦੇਸ ਰਾਜ ਦੁਕਾਨਦਾਰ ਦੀ ਦੁਕਾਨ ਤੋਂ ਉਧਾਰ ਲੈਂਦੇ ਰਹਿਣ, ਪੈਸਿਆਂ ਦਾ ਹਿਸਾਬ-ਕਿਤਾਬ ਉਹ ਆਪੇ ਕਰ ਦੇਵੇਗਾ।

ਕੁਝ ਦਿਨ ਤਾਂ ਪਥੇਰੇ ਪਿੰਡ ਵਾਲਿਆਂ ਨੂੰ ਜੰਗਲ ਵਿੱਚੋਂ ਸੁੱਕੀਆਂ ਲੱਕੜੀਆਂ ਲਿਆਉਂਦਿਆਂ ਨੂੰ ਦੇਖਦੇ ਰਹੇ ਸਨ। ਇੱਕ ਦਿਨ ਪਰਾਤੀਆ ਪਥੇਰੇ ਨੇ ਹੱਲਾਸ਼ੇਰੀ ਦਿੱਤੀ, "ਅਸੀਂ ਝੁੱਗੀਆਂ ਵਿੱਚ ਬੈਠੇ ਕੀ ਕਰਦੇ ਆਂ ? ਅਸੀਂ ਵੀ ਜੰਗਲ ਵਿੱਚੋਂ ਸੁੱਕੀਆਂ ਲੱਕੜੀਆਂ ਲੈ ਕੇ ਆਈਏ।" ਤੇ ਪਥੇਰੇ ਜੰਗਲ ਵਿੱਚੋਂ ਸੁੱਕੀਆਂ ਲੱਕੜੀਆਂ ਲਿਆ ਕੇ, ਨਾਲ ਲੱਗਦੇ ਖਿਜਰਾਬਾਦ ਤੇ ਸਿਆਲਸਾ ਮਾਜਰੀ ਆਦਿ ਪਿੰਡਾਂ ਵਿੱਚ ਵੇਚ ਕੇ, ਆਪਣੇ ਖਾਣ-ਪੀਣ ਦਾ ਸਾਮਾਨ ਲਿਆਉਣ ਲੱਗ ਪਏ ਸਨ।

ਵਿਹਲੇ ਸਮੇਂ ਵਿੱਚ ਪਰਾਤੀਆ ਪਥੇਰਾ, ਪ੍ਰੋ. ਪਾਲ ਕੋਲ ਚਲਿਆ ਜਾਂਦਾ ਸੀ ਤੇ ਜੰਗਲ ਵਾਸੀਆਂ ਬਾਰੇ ਗੱਲਾਂ ਕਰਦਾ ਰਹਿੰਦਾ ਸੀ। ਪ੍ਰੋ. ਪਾਲ ਨੇ ਉਹਨੂੰ ਪੰਜਾਬੀ ਦੇ ਅੱਖਰਾਂ ੳ. ਅ. ੲ ਦੀ ਪਹਿਚਾਣ ਕਰਾ ਦਿੱਤੀ ਸੀ ਤੇ ਉਹ ਅੱਖਰ ਜੋੜ ਕੇ ਪੜ੍ਹਨ ਲੱਗ ਪਿਆ ਸੀ। ਪ੍ਰੋ. ਪਾਲ ਹੜੱਪਾ ਕਾਲ ਦੀਆਂ ਵਸਤਾਂ ਲੱਭਣ ਲਈ ਇਲਾਕੇ ਵਿੱਚ ਘੁੰਮਦਾ-ਫਿਰਦਾ ਰਹਿੰਦਾ ਸੀ। ਬਰਸਾਤ ਵਿੱਚ ਇਸ ਇਲਾਕੇ ਵਿੱਚ ਵਗਦੀਆਂ ਸਗਰਾਉਂ, ਬੁਧਕੀ, ਸੀਸ਼ਵਾ, ਜੈਨਤੀ, ਆਦਿ ਨਦੀਆਂ ਵਿੱਚ ਹੜ੍ਹ ਆ ਜਾਂਦੇ ਸਨ। ਪ੍ਰੋ. ਪਾਲ ਨਦੀਆਂ ਦੇ ਕਿਨਾਰੇ ਹੜੱਪਾ ਕਾਲ ਤੇ ਪ੍ਰਾਚੀਨ ਕਾਲ ਦੀ ਧਰਤੀ ਥੱਲਿਉਂ ਦੀ ਪੱਕੀ ਮਿੱਟੀ, ਤਾਂਬੇ ਤੇ ਕਾਂਸੀ ਦੇ ਔਜਾਰ ਬਰਤਨ, ਖਿਡਾਉਣੇ ਤੇ ਹੋਰ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਨਿੱਕਲ ਆਉਂਦੀਆਂ ਹਨ। ਪ੍ਰੋ. ਪਾਲ ਦੇ ਨਾਲ ਤੁਰਦਾ-ਫਿਰਦਾ ਪਰਾਤੀਆ ਪਥੇਰਾ ਇਹਨਾਂ ਵਸਤਾਂ ਨੂੰ ਮਾ. ਮੋਹਨ ਸਿੰਘ ਦੇ ਵਾੜੇ ਵਿੱਚ ਪ੍ਰੋ. ਪਾਲ ਦੇ ਕਮਰੇ ਕੋਲ ਲਿਜਾ ਕੇ ਰੱਖੀ ਜਾਂਦਾ ਸੀ।

ਇੱਕ ਦਿਨ ਪਿੰਡ ਹਰੀਪੁਰ ਕੋਲ ਵਗਦੀ ਸਗਰਾਓ ਕੀ ਰਾਓ ਵਿੱਚ ਹੜ੍ਹ ਆਇਆ

ਹੋਇਆ ਸੀ। ਪ੍ਰੋ. ਪਾਲ ਨੇ ਨਦੀ ਵਿੱਚ ਮਨੁੱਖੀ ਹੱਡੀਆਂ ਦਾ ਪਿੰਜਰ ਰੁੜ੍ਹਿਆ ਜਾਂਦਾ ਦੇਖਿਆ। ਉਹ ਮਨੁੱਖੀ ਹੱਡੀਆਂ ਦੇ ਪਿੰਜਰ ਨੂੰ ਫੜਨ ਲਈ ਡੂੰਘੇ ਪਾਣੀ ਵਿੱਚ ਜਾ ਵੜਿਆ ਸੀ ਤੇ ਪਿੰਜਰ ਦੇ ਨਾਲ ਨਦੀ ਦੇ ਤੇਜ਼ ਵਹਾਉ ਵਿੱਚ ਹੜ੍ਹਨ ਲੱਗ ਗਿਆ ਸੀ। ਪ੍ਰੋ. ਨੂੰ ਬਚਾਉਣ ਲਈ ਕਈ ਤੈਰਾਕੀ ਜਾਣਦੇ ਮੁੰਡਿਆਂ ਨੇ ਛਾਲਾਂ ਮਾਰ ਦਿੱਤੀਆਂ ਸਨ। ਉਹ ਪ੍ਰੋ. ਨੂੰ ਫੜ ਕੇ ਬਾਹਰ ਵੱਲ ਖਿੱਚ ਰਹੇ ਸਨ ਪਰ ਪ੍ਰੋ. ਹੱਡੀਆਂ ਦੇ ਪਿੰਜਰ ਨੂੰ ਛੱਡ ਨਹੀਂ ਸੀ ਰਿਹਾ। ਅੰਤ ਨੂੰ ਪਿੰਜਰ ਹੜ੍ਹ ਗਿਆ ਸੀ ਤੇ ਖੋਪੜੀ ਤੇ ਕੁਝ ਹੱਡੀਆਂ ਪ੍ਰੋ. ਦੇ ਹੱਥ ਵਿੱਚ ਰਹਿ ਗਈਆਂ ਸਨ।

ਪਿੰਡ ਵਿੱਚ ਰੌਲਾ ਪੈ ਗਿਆ ਸੀ ਕਿ ਪ੍ਰੋ. ਮੁਰਦੇ ਦੀਆਂ ਹੱਡੀਆਂ ਨਦੀ ਦੇ ਵਿਹਣ ਵਿੱਚੋਂ ਫੜ੍ਹ ਕੇ ਲਿਆਇਆ ਏ। ਉਹਦੇ ਕੋਲ ਭੂਤ ਆਉਂਦੇ ਨੇ, ਉਹ ਰਾਤ ਨੂੰ ਕਾਲਾ ਇਲਮ ਵਰਤ ਕੇ, ਹੱਡੀਆਂ ਵਾਲੇ ਮੁਰਦੇ ਨੂੰ ਆਪਣੇ ਕੋਲ ਬੁਲਾ ਲਵੇਗਾ ਤੇ ਆਪਣੇ ਭੂਤਾਂ ਵਿੱਚ ਸ਼ਾਮਿਲ ਕਰ ਲਵੇਗਾ। ਅਗਲੇ ਦਿਨ ਅਚਾਨਕ ਇੱਕ ਗਰਭਵਤੀ ਔਰਤ ਬਿਮਾਰ ਹੋ ਗਈ। ਕਿਸੇ ਨੇ ਰੌਲਾ ਪਾ ਦਿੱਤਾ ਕੇ ਪ੍ਰੋ. ਨੇ ਮੁਰਦੇ ਦੀਆਂ ਹੱਡੀਆਂ ਵਾਲਾ ਭੂਤ ਛੱਡਿਆ ਏ।

ਜਦ ਪਿੰਡ ਦੀ ਤੀਵੀਂ ਵਿੱਚ ਭੂਤ-ਭੂਤਨੀਆਂ ਵਾੜਨ ਦੀ ਗੱਲ ਸਰਪੰਚ ਸੁੱਚਾ ਸਿੰਘ ਨੂੰ ਪਤਾ ਲੱਗੀ ਤਾਂ ਉਹ ਵੱਟ ਖਾ ਗਿਆ ਸੀ, "ਅੱਛਾਅ ਕੱਲੂ ਦੇ ਮੁੰਡੇ, ਲੰਬੜਦਾਰ ਰੋਸ਼ਨ ਸਿੰਘ, ਨੂੰ ਤਾਂ ਕੋਈ ਸਮਝ ਨ੍ਹੀਂ ਹੈਗੀ। ਉਹ ਹਰ ਗੱਲ ਪ੍ਰੋ. ਪਾਲ ਦੀ ਸ਼ਹਿ ਉੱਤੇ ਕਰਦਾ ਏ। ਪਥੇਰਿਆਂ ਨੂੰ ਪਿੰਡਾਂ ਵਿੱਚੋਂ ਕੱਢਣ ਤੋਂ ਪਹਿਲਾਂ ਪਾਲ ਨੂੰ ਪਿੰਡ ਵਿੱਚੋਂ ਕੱਢਣਾ ਪਊ।"

ਉਹਨੇ ਆਪਣੇ ਭਰੋਸੇਮੰਦ ਪੰਚ ਚੰਦਾ ਸਿੰਘ ਤੇ ਚਾਰ ਬੰਦਿਆਂ ਨਾਲ ਮਾ. ਮੋਹਨ ਸਿੰਘ ਨੂੰ ਕਿਹਾ, "ਜਾਂ ਤਾਂ ਭੂਤ ਕੱਢਣ ਵਾਲੇ ਪਾਲ ਨੂੰ ਘਰੋਂ ਕੱਢਦੇ ਨਹੀਂ ਤਾਂ ਫਿਰ ਅਸੀਂ ਉਹਦਾ ਸਾਮਾਨ ਕੱਢ ਕੇ ਬਾਹਰ ਸੁੱਟਣ ਲੱਗੇ ਆ।" ਉਨ੍ਹਾਂ ਨੇ ਪ੍ਰੋ. ਦੇ ਕਮਰੇ ਵਿੱਚਲੀ, ਹੱਡੀਆਂ ਦੇ ਢਾਂਚੇ ਦੇ ਗਹਿਣੇ ਪਾਏ ਹੋਏ, ਵਾਲੀ ਤਸਵੀਰ ਵੱਲ ਹੱਥ ਕਰਕੇ ਕਿਹਾ, "ਸਬੂਤ ਵਜੋਂ ਆਹ ਰਾਤ ਨਦੀ ਵਿੱਚੋਂ ਫੜੇ ਮੁਰਦੇ ਦੀਆਂ ਹੱਡੀਆਂ ਦੇ ਢਾਂਚੇ ਦੇ ਗਹਿਣੇ ਪਾ ਕੇ ਬਣਾਈ ਤਸਵੀਰ ਦੇਖ ਲਉ ਬਈ ਆਹ ਭੂਤ ਪ੍ਰੇਤ ਕੱਢਣ ਵਾਲਾ ਸਿਆਣਾ ਐ, ਚੇਲਾ ਐ।"

ਪ੍ਰੋ. ਪਾਲ ਨੂੰ ਮਿਲਣ ਆਏ ਕਾਲਜੀਏਟ ਕੁਲਜਿੰਦਰ ਤੇ ਜਸਵਿੰਦਰ ਉਨ੍ਹਾਂ ਦੀ ਕਮ-ਅਕਲੀ ਉੱਤੇ ਹੱਸ ਹੱਸ ਕੇ ਦੂਹਰੇ ਹੋ ਗਏ ਸਨ ਤੇ ਦੱਸ ਰਹੇ ਸਨ ਕਿ ਨਦੀ ਵਿੱਚੋਂ ਫੜੀਆਂ ਹੱਡੀਆਂ ਤੇ ਕੱਠੀਆਂ ਕੀਤੀਆਂ ਹੋਰ ਵਸਤਾਂ ਤਾਂ ਉਹ ਪੁਰਾਤਤਵ ਵਿਭਾਗ, ਪੰਜਾਬ ਨੂੰ ਖਿਜ਼ਰਾਬਾਦ ਦੇ ਡਾਕਖਾਨੇ ਨੂੰ ਪਾਰਸਲ ਕਰਵਾ ਆਏ ਸਨ। ਤਾਂ ਜੋ ਇਹ ਪਤਾ ਲੱਗ ਸਕੇ ਕਿ ਇਹ ਵਸਤਾਂ ਹੜੱਪਾ ਕਾਲ, ਜਾਂ ਉਸ ਤੋਂ ਵੀ ਕਿਸੇ ਪਿੱਛਲੇ ਕਾਲ ਦੀਆਂ ਨੇ।

ਮਾ. ਮੋਹਨ ਸਿੰਘ ਨੇ ਉਹਨਾਂ ਨੂੰ ਦੱਸਿਆ, "ਤਸਵੀਰ ਵਿੱਚ ਦਿਖਾਇਆ ਗਿਆ ਖੁਦਾਈ ਕਰਨ ਤੇ ਮਿਲਿਆਂ ਹੱਡੀਆਂ ਦਾ ਢਾਂਚਾ, ਲਗਭਗ ਚਾਰ ਹਜ਼ਾਰ ਸਾਲ ਪਹਿਲਾਂ ਕਿਸੇ ਨਰਤਕੀ ਦੀਆਂ ਹੱਡੀਆਂ ਦਾ ਪਿੰਜਰ ਏ, ਜਿਸਨੂੰ ਹੱਥਾਂ, ਪੈਰਾਂ ਤੇ ਗਲ ਵਿੱਚ ਪਾਏ ਗਹਿਣਿਆਂ ਸਣੇ ਦਬਾ ਦਿੱਤਾ ਸੀ। ਉਸਦਾ ਮਾਸ ਤਾਂ ਗਲ ਗਿਆ ਸੀ। ਪਰ ਹੱਡੀਆਂ ਤਾਂ ਕਾਇਮ ਰਹਿੰਦੀਆਂ ਹਨ। ਤੇ ਗਹਿਣਿਆਂ ਸਮੇਤ ਨਰਤਕੀ ਦੀਆਂ ਹੱਡੀਆਂ ਦਾ ਪਿੰਜਰ ਹੁਣ ਵੀ ਉੱਚਾ ਪਿੰਡ ਸੰਘੋਲ ਦੇ ਮਿਊਜ਼ੀਅਮ ਵਿੱਚ ਰੱਖਿਆ ਹੋਇਆ ਏ। ਪ੍ਰੋ. ਪਾਲ ਪੁਰਾਤਨ ਸੱਭਿਅਤਾ ਦੇ ਅਵਸ਼ੇਸ਼ਾਂ ਦੀ ਖੋਜ ਕਰ ਰਿਹਾ ਏ,ਇਸ ਲਈ ਮੈਂ ਉਸ ਨੂੰ ਆਪਣੇ ਵਾੜੇ ਵਿੱਚ ਕਮਰਾ ਬਣਾ ਕੇ ਰਹਿਣ ਲਈ ਕਿਰਾਏ ਉਤੇ ਦਿੱਤਾ ਹੋਇਆ ਏ।"

ਪ੍ਰੋ. ਪਾਲ ਉਹਨਾਂ ਨੂੰ ਆਪਣੇ ਕਮਰੇ ਵਿੱਚ ਲੱਗੀਆਂ ਪੁਰਾਤਨ ਸੱਭਿਅਤਾ ਨਾਲ



ਜੁੜੀਆਂ ਪੇਂਟਿੰਗਾਂ ਦਿਖਾਉਣ ਲੱਗਿਆ, ਪਰ ਉਨ੍ਹਾਂ ਨੂੰ ਇਸ ਵਿੱਚ ਕੋਈ ਦਿਲਚਸਪੀ ਨਹੀਂ ਸੀ। ਉਹ ਤਾਂ ਭੂਤਾਂ-ਪ੍ਰੇਤਾਂ ਦਾ ਇਲਜ਼ਾਮ ਲਾ ਕੇ, ਉਹਨੂੰ ਏਥੋਂ ਖਦੇੜਨ ਲਈ ਆਏ ਸਨ। ਪਰ ਗੱਲ ਬਣਦੀ ਨਾ ਦੇਖ, ਉਹ ਥੱਪ-ਥੱਪ ਪੈਰ ਪਟਕਦੇ ਹੋਏ ਚਲੇ ਗਏ ਸਨ। ਪ੍ਰੋ. ਦੇ ਕਮਰੇ ਦੀਆਂ ਕੰਧਾਂ ਉੱਤੇ ਬਣੀਆਂ ਪੇਂਟਿੰਗਾਂ ਦੀ ਪਿੰਡ ਵਿੱਚ ਚਰਚਾ ਹੋਣ ਲੱਗ ਪਈ ਸੀ। ਟਾਂਵੇ-ਟਾਂਵੇ ਬੰਦੇ ਉਹਨਾਂ ਨੂੰ ਦੇਖਣ ਲਈ ਆਉਣ ਲੱਗ ਪਏ ਸਨ।

ਬਰਸਾਤ ਖਤਮ ਹੁੰਦਿਆਂ ਹੀ ਇੱਟਾਂ ਦੇ ਭੱਠੇ ਫਿਰ ਚੱਲ ਪਏ ਸਨ। ਪਥੇਰੇ ਮੁੜ ਭੱਠਿਆ ਉੱਤੇ ਬਣੇ ਉਨ੍ਹਾਂ ਦੇ ਢਾਰਿਆਂ ਵਿੱਚ ਜਾ ਕੇ ਰਹਿਣ ਦੀ ਤਿਆਰੀ ਕਰਨ ਲੱਗ ਪਏ ਸਨ। ਪ੍ਰੋ. ਪਾਲ, ਬੱਲੂ ਬਾਲਮੀਕੀ, ਦੇਸਰਾਜ ਦੁਕਾਨਦਾਰ ਤੇ ਲੰਬੜਦਾਰ ਰੋਸ਼ਨ ਸਿੰਘ ਆਦਿ ਉਹਨਾਂ ਦੇ ਸਮਰਥਕ ਉਹਨਾਂ ਨੂੰ ਕਹਿਣ ਲੱਗੇ, "ਅਸੀਂ ਤੁਹਾਨੂੰ ਝੁੱਗੀਆਂ ਦੀ ਥਾਂ ਦੇਣ ਕਰਕੇ ਪਿੰਡ ਵਿੱਚ ਵਿਰੋਧ ਖੱਟਿਆ ਏ। ਹੁਣ ਜੇ ਤੁਸੀਂ ਝੁੱਗੀਆਂ ਛੱਡ ਕੇ ਜਾਂਦੇ ਹੋ ਤਾਂ ਇਸ ਵਿੱਚ ਸਾਡਾ ਵੀ ਘਟਾਓ ਹੁੰਦਾ ਹੈ। ਨਾਲੇ ਬੁਆਨੂੰ ਝੁੱਗੀਆਂ ਵਿੱਚ ਰਹਿਣਾ ਫਾਇਦੇਮੰਦ ਈ ਏ, ਨੁਕਸਾਨਦਾਇਕ ਤਾਂ ਨਹੀਂ।"

ਚਾਹੁੰਦੇ ਤਾਂ ਪਥੇਰੇ ਵੀ ਨਹੀਂ ਸਨ। ਉਹ ਇੱਜ਼ਤ ਆਬਰੂ ਨਾਲ ਰਹਿੰਦੇ ਸਨ। ਆਪਣੇ ਵਸਦੇ ਰਸਦੇ ਘਰਾਂ ਨੂੰ ਛੱਡ ਕੇ ਜਾਣਾ ਤਾਂ ਨਹੀਂ ਚਾਹੁੰਦੇ ਸਨ। ਹੁਣ ਉਹ ਨੇੜੇ-ਤੇੜੇ ਦੇ ਹੋਰ ਪਥੇਰਿਆਂ ਵਾਂਗ, ਤੜਕੇ ਉਠੱਕੇ ਜਾਂਦੇ ਤੇ ਕੱਲ੍ਹ ਦੀ ਤਿਆਰ ਕੀਤੀ ਘਾਣੀ ਦੀਆਂ ਇੱਟਾਂ ਪੱਥਣੀਆਂ ਸ਼ੁਰੂ ਕਰ ਦਿੰਦੇ ਸਨ। ਤੇ ਦੁਪਹਿਰ ਬਾਅਦ ਅਗਲੇ ਦਿਨ ਨਵੀਂ ਗਾਰੇ ਦੀ ਘਾਣੀ ਤਿਆਰ ਕਰ ਕੇ, ਲੋਕਲ ਪਥੇਰਿਆ ਵਾਂਗ ਆਪਣੇ-ਆਪਣੇ ਘਰਾਂ ਵੱਲ ਮੁੜ ਆਉਂਦੇ ਸਨ। ਉਨ੍ਹਾਂ ਦੇ ਬੱਚੇ ਵੀ ਉਨ੍ਹਾਂ ਦੇ ਨਾਲ ਜਾ ਕੇ ਅੱਧ-ਸੁੱਕੀਆਂ ਇੱਟਾਂ ਛੇਤੀ ਸੁੱਕਣ ਲਈ ਖੜ੍ਹੀਆਂ ਕਰਨ ਤੇ ਘਾਣੀ ਵਿਚੋਂ ਇੱਟਾਂ ਪੱਥਣ ਲਈ ਥੋੜ੍ਹਾ-ਥੋੜ੍ਹਾ ਗਾਰਾ ਸੁੱਟਦਿਆਂ, ਇੱਟਾਂ ਪੱਥਣ ਵਿੱਚ ਉਹਨਾਂ ਦੀ ਸਹਾਇਤਾ ਕਰਦੇ ਸਨ। ਪਰ ਪ੍ਰੋ. ਪਾਲ ਦੇ ਕਹਿਣ ਉੱਤੇ ਉਨ੍ਹਾਂ ਨੇ ਪੰਜ ਸਾਲ ਤੋਂ ਉੱਪਰ ਦੇ ਬੱਚਿਆਂ ਨੂੰ ਪਿੰਡ ਦੇ ਸਰਕਾਰੀ ਸਕੂਲ ਦਾਖਲ ਕਰਵਾ ਦਿੱਤਾ ਸੀ। ਉਹ ਪਿੰਡ ਦੇ ਹੋਰ ਬੱਚਿਆਂ ਨਾਲ ਪੰਜਾਬੀ ਦਾ ੳ ਅ ੲ ਪੜ੍ਹਨ ਲੱਗ ਗਏ ਸਨ।

ਹੁਣ ਪਥੇਰਿਆਂ ਦੇ ਸਮਰਥਕਾਂ ਨੇ ਉਹਨਾਂ ਦੇ ਰਾਸ਼ਨ ਕਾਰਡ ਤੇ ਵੋਟ ਕਾਰਡ ਵੀ ਬਣਵਾ ਦਿੱਤੇ ਸਨ। ਉਹ ਆਪਣੇ ਆਪ ਨੂੰ ਆਪਣੇ ਘਰਾਂ ਦੇ ਮਾਲਕ ਸਮਝਣ ਲੱਗ ਪਏ ਸਨ। ਤੇ ਉਹ ਭੱਠੇ ਉੱਤੋਂ ਉਧਾਰ ਇੱਟਾਂ ਲਿਆ ਕੇ ਰਹਿਣ ਲਈ ਦੋ-ਦੋ,ਤਿੰਨ-ਤਿੰਨ ਖਣਾਂ ਦੇ ਕਮਰੇ ਵੀ ਬਣਾਉਣ ਲੱਗ ਪਏ ਸਨ। ਪ੍ਰੋ. ਪਾਲ ਤੇ ਲੰਬੜਦਾਰ ਰੋਸ਼ਨ ਸਿੰਘ ਨੇ ਪਥੇਰਿਆਂ ਦੀ ਥਾਂ ਦੀ ਮਾਲਕੀ ਦੀ ਹੋਰ ਕਾਇਮੀ ਕਰਨ ਲਈ ਉਨ੍ਹਾਂ ਦੀ ਬਸਤੀ ਦੇ ਕੋਲ, ਸਿਆਲਣੀ ਤੇ ਪੇਂਟਰ ਰਾਜੂ ਨੂੰ ਬੁਲਾ ਕੇ 'ਪਥੇਰਿਆਂ ਦੀ ਬਸਤੀ' ਦਾ ਬੋਰਡ ਲਵਾ ਦਿੱਤਾ ਸੀ।

## 2. ਆਸੁਰਾਂ ਦੀ ਬਸਤੀ

ਹਰ ਸਾਲ ਵਾਂਗ, ਇਸ ਸਾਲ ਵੀ ਪ੍ਰੋ. ਪਾਲ, ਹਰੀਪੁਰ ਪਿੰਡ ਵਿੱਚ ਹੜੱਪਾ ਕਾਲ ਦੀਆਂ ਵਸਤੂਆਂ ਦੇ ਅਵਸ਼ੇਸ਼ਾਂ ਨੂੰ ਲੱਭਣ ਆਇਆ ਹੋਇਆ ਸੀ। ਸੌਣ ਦਾ ਮਹੀਨਾ ਸੀ, ਹਰੀਪੁਰ ਪਿੰਡ ਦੇ ਕੁਝ ਬੰਦੇ ਹਰਦੁਆਰ ਤੋਂ ਗੰਗਾਂ ਜਲ ਲਿਆਉਣ ਲਈ ਗਏ ਸਨ। ਪ੍ਰੋ. ਪਾਲ ਨੇ ਮਾ.ਮੋਹਨ ਸਿੰਘ ਨੂੰ ਕਿਹਾ, "ਮੋਹਨ ਸਿਆਂ! ਤੈਨੂੰ ਵੀ ਤਾਂ ਸਕੂਲ ਤੋਂ ਛੁੱਟੀਆਂ ਨੇ। ਚੱਲ ਅਸੀਂ ਵੀ ਪਵਿੱਤਰ ਦਰਿਆਵਾਂ ਦੀ ਯਾਤਰਾ ਤੇ ਚੱਲੀਏ।" ਬਰਸਾਤ ਕਰਕੇ ਭੱਠੇ ਉੱਤੇ ਪਥੇਰ ਵੀ ਬੰਦ ਸੀ। ਪ੍ਰੋ.ਪਾਲ ਨੇ ਪਰਾਤੀਆ ਪਥੇਰੇ ਨੂੰ ਵੀ ਨਾਲ ਚੱਲਣ ਲਈ ਤਿਆਰ ਕਰ ਲਿਆ ਸੀ।

ਉਹ ਤਿੰਨੇ ਜਣੇ ਪਿੰਡ ਤੋਂ ਬੱਸ ਫੜਕੇ ਕੁਰਾਲੀ ਪਹੁੰਚ ਗਏ ਸਨ। ਪ੍ਰੋ. ਪਾਲ ਉਹਨਾਂ ਨੂੰ ਲੈ ਕੇ ਰੋਪੜ ਦੇ ਬੱਸ ਅੱਡੇ ਵੱਲ ਤੁਰ ਪਿਆ ਸੀ। ਮਾ. ਮੋਹਨ ਸਿੰਘ ਨੇ ਪੁੱਛਿਆ, "ਕਾਵੜੀਏ ਤਾਂ ਹਰਦੁਆਰ ਜਾਣ ਲਈ ਚੰਡੀਗੜ੍ਹ ਦੀ ਬੱਸ ਫੜ ਰਹੇ ਨੇ!"

ਪ੍ਰੋ. ਨੇ ਉਹਨਾਂ ਨੂੰ ਪਠਾਨਕੋਟ ਜਾਣ ਵਾਲੀ ਬੱਸ ਵਿੱਚ ਬਿਠਾਇਆ ਤੇ ਕਿਹਾ, "ਆਪਾਂ ਪਿੰਡ ਚਲਦੇ ਆਂ, ਉਥੋਂ ਦਰਿਆਵਾਂ ਦੀ ਯਾਤਰਾ ਲਈ ਨਿੱਕਲ ਪਵਾਂਗੇ।"

ਬੱਸ ਬਲਾਚੋਰ ਤੋਂ ਹੁਸ਼ਿਆਰਪੁਰ ਤੇ ਮੁਕੇਰੀਆਂ ਤੋਂ ਪਠਾਨਕੋਟ ਵੱਲ ਮੁੜ ਗਈ ਸੀ। ਉਹ ਮੀਰਥਲ ਪਿੰਡ ਦੇ ਬੱਸ ਅੱਡੇ ਉੱਤੇ ਉੱਤਰ ਕੇ, ਪਿੰਡ ਦੇ ਬਾਹਰਲੇ ਪਾਸੇ ਪ੍ਰੋ. ਦੇ ਘਰ ਪਹੁੰਚ ਗਏ ਸਨ।

ਪ੍ਰੋ. ਦਾ ਕਮਰਾ ਘਰ ਦੇ ਪਿਛਵਾੜੇ ਪਸ਼ੂਆਂ ਦੇ ਵਾੜੇ ਵੱਲ ਖੁੱਲ੍ਹਦਾ ਸੀ। ਪ੍ਰੋ. ਪਾਲ ਤੇ ਮੋਹਨ ਸਿੰਘ ਕਮਰੇ ਵਿੱਚ ਦਾਖਲ ਹੋ ਗਏ ਸਨ, ਪਰ ਪਰਾਤੀਆ? ਬਾਹਰ ਹਨੇਰਾ ਸੀ ਪ੍ਰੋ. ਨੇ ਬਾਹਰ ਦੀ ਬੱਤੀ ਬਾਲੀ ਤੇ ਉਹਨੂੰ ਅੰਦਰ ਆਉਣ ਲਈ ਕਿਹਾ। ਉਹ ਇੱਕ ਕੋਨੇ ਵਿੱਚ ਦੁਬਕਿਆ ਖੜ੍ਹਾ ਸੀ। ਉਹ ਕਹਿਣ ਲੱਗਿਆ, "ਸਾਨੂੰ ਨੀਵੀਂ ਜਾਤ ਦੇ ਲੋਕਾਂ ਨੂੰ ਉੱਚ ਜਾਤੀ ਦੇ ਘਰਾਂ ਵਿੱਚ ਜਾਣ ਦੀ ਮਨਾਹੀ ਏ। ਇੱਥੇ ਹੀ ਦੋ ਰੋਟੀਆਂ ਹੱਥ ਤੇ ਧਰਕੇ ਖਾ ਕੇ, ਚਾਦਰਾ ਵਿਛਾ ਕੇ ਸੌਂ ਜਾਵਾਂਗਾ।" ਉਹਦੇ ਕਾਲੇ ਚਿਹਰੇ ਉੱਤੇ ਭੈ-ਭੀਤ ਭਾਵ ਸਾਫ ਨਜ਼ਰ ਆ ਰਹੇ ਸਨ। ਪਾਲ ਉਹਨੂੰ ਬਾਂਹ ਤੋਂ ਫੜਨ ਲਈ ਅੱਗੇ ਨੂੰ ਹੋਇਆ। ਉਹ ਪਿੱਛੇ ਨੂੰ ਹਟ ਗਿਆ ਸੀ, ਜਿਵੇਂ ਕਹਿ ਰਿਹਾ ਹੋਵੇ, "ਮੈਨੂੰ ਨਾ ਛੂਹੋ, ਭਿੱਟੇ ਜਾਉਗੇਂ।" ਪਾਲ ਨੇ ਉਹਨੂੰ ਬਾਹਾਂ ਵਿੱਚ ਘੁਟਦਿਆਂ, ਨਾਲ ਲਿਜਾ ਕੇ ਸੋਫੇ ਉੱਤੇ ਬਿਠਾ ਦਿੱਤਾ ਸੀ।

ਚਾਹ ਪੀਂਦਿਆਂ ਪਥੇਰਾ ਪਰਾਤੀਆ ਮੇਜ਼ ਉੱਤੇ ਪਈ ਕਿਤਾਬ ਨੂੰ ਫਰੋਲਣ ਲੱਗ ਪਿਆ ਸੀ, "ਹੈਂ! ਇਹ ਦਰਿਆ ਦੇ ਕਿਨਾਰੇ ਉੱਤੇ ਪੱਕੀਆ ਇੱਟਾਂ ਦੇ ਦੋ-ਦੋ, ਤਿੰਨ-ਤਿੰਨ ਮੰਜ਼ਲਾਂ ਮਕਾਨ, ਖੁੱਲ੍ਹੇ ਵਿਹੜੇ, ਪੱਕੀਆਂ ਇੱਟਾਂ ਦੀਆਂ ਬਣੀਆਂ ਗਲੀਆਂ, ਇਸ਼ਨਾਨ ਘਰ, ਕਣਕ ਸਾਂਭਣ ਲਈ ਛੋਟੇ ਕਮਰੇ। ਕਮਾਲ ਏ! ਪਰ ਅਗਲੇ ਪੰਨੇ ਉੱਤੇ, ਪ੍ਰੋ. ਪਾਲ! ਕੀ ਇਹ ਇਸੇ ਵਸਦੇ ਰਸਦੇ ਪਿੰਡ ਦੇ ਹੀ ਖੰਡਰ ਨੇ? ਤੇ ਫਿਰ ਪਿੰਡ ਵਿੱਚ ਵਸਦੇ ਤਸਵੀਰ 'ਚ ਦਿਖਾਏ ਕਾਲੇ ਰੰਗ ਤੇ ਫੀਨ੍ਹੇ ਰੰਗ ਵਾਲੇ ਲੋਕ ਕਿੱਥੇ ਚਲੇ ਗਏ ਨੇ?"

ਪ੍ਰੋ. ਪਾਲ ਰਤਾ ਤ੍ਰਬਾਕਿਆ ਤੇ ਫਿਰ ਦੱਸਣ ਲੱਗਿਆ, "ਹਜ਼ਾਰਾਂ ਸਾਲ ਪਹਿਲਾਂ ਦਰਿਆਵਾਂ ਦੇ ਕਿਨਾਰਿਆਂ ਉੱਤੇ ਵੱਡੇ-ਵੱਡੇ ਨਗਰ ਵਸਦੇ ਸਨ ਜਿਨ੍ਹਾਂ ਵਿੱਚ ਅਤਿ ਸਭਿਅਕ ਲੋਕ ਰਹਿੰਦੇ ਸਨ। ਮੱਧ ਏਸ਼ੀਆ ਤੋਂ ਆਏ ਪਸ਼ੂ-ਪਾਲਕ ਆਰੀਆਂ ਨੇ ਉਹਨਾਂ ਉੱਤੇ ਆਕਰਮਣ ਕਰ ਦਿੱਤਾ ਸੀ। ਮਾਰ ਧਾੜ ਤੇ ਗੁਲਾਮ ਬਣਾਏ ਜਾਣ ਤੋਂ ਬਚੇ ਇਹ ਕਾਲੇ ਰੰਗ ਤੇ ਫੀਨ੍ਹੇ ਨੱਕ ਵਾਲੇ ਆਸੁਰ ਜੰਗਲਾਂ ਵਿੱਚ ਨੂੰ ਭੱਜ ਗਏ ਸਨ। ਤੇ ਅੱਜ ਤੱਕ ਵੀ ਉਹਨਾਂ ਆਸੁਰਾਂ ਦੀ ਸੰਤਾਨ ਜੰਗਲਾਂ, ਬਾਲਿਆਂ ਵਿੱਚ ਪੀੜੀ ਦਰ ਪੀੜੀ ਰਹਿੰਦੀ ਚਲੀ ਆ ਰਹੀ ਏ।"

"ਆਸੁਰ ਜੰਗਲਾਂ ਵਿੱਚ ਨੂੰ ਭੱਜ ਗਏ ਸਨ? ਹੁਣ ਵੀ ਜੰਗਲਾਂ ਬੇਲਿਆਂ ਵਿੱਚ ਰਹਿੰਦੇ ਚਲੇ ਜਾ ਰਹੇ ਨੇ??" ਪਥੇਰੇ ਪਰਾਤੀਆ ਨੇ ਜਿਵੇਂ ਆਪਣੇ ਆਪ ਨੂੰ ਕਿਹਾ। ਤੇ ਉਹ ਭੱਜ ਕੇ ਕਮਰੇ ਤੋਂ ਬਾਹਰ ਬਣੇ ਬਾਥਰੂਮ ਵਿੱਚ ਜਾ ਵੜਿਆ ਸੀ। ਮਗਰੋਂ ਮਾ. ਮੋਹਨ ਨਫਤਰ ਨਾਲ ਘੂਰੀ ਜਿਹੀ ਵੱਟ ਕੇ ਕਹਿਣ ਲੱਗਿਆ, "ਇਸ ਪਥੇਰੇ ਜਿਹੇ ਨੂੰ ਤੁਸੀ ਚਾਰ ਅੱਖਰ ਪੜ੍ਹਨੇ ਕੀ ਸਿੱਖਾ ਦਿੱਤੇ ਇਹ ਆਪਣੇ ਆਪ ਨੂੰ ਪਤਾ ਨਹੀਂ ਕੀ ਸਮਝਣ ਲੱਗ ਪਿਆ ਏ।" ਚਿੰਤਾ ਵਿੱਚ ਪਏ ਪ੍ਰੋ. ਨੇ ਉਹਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ। ਪਰਾਤੀਆ ਬਾਥਰੂਮ ਵਿੱਚੋਂ ਬਾਹਰ ਨਿੱਕਲਿਆ। ਅਜੇ ਵੀ ਉਹਦੇ



ਹੰਝੂ ਸੁੱਕੇ ਨਹੀਂ ਸਨ। ਉਹ ਨਿੰਮੋਝੂਣਾ ਜਿਹਾ ਹੋ ਕਿ ਕਹਿਣ ਲੱਗਾ, "ਅਸੀਂ ਵੀ ਖੁੱਲ੍ਹਾ-ਡੁੱਲ੍ਹਾ ਜੀਵਨ ਜਿਉਂਦੇ ਸਾਂ। ਕਦੇ ਕਦੇ ਜੰਗਲੀ ਜੀਵਨ ਦੀ ਯਾਦ ਆਉਣ ਨਾਲ ਮੇਰਾ ਰੋਣਾ ਨਿੱਕਲ ਜਾਂਦਾ ਏ।"

ਪਥੇਰਾ ਪੁਰਾਤੀਆ ਪ੍ਰੋ.ਪਾਲ ਕੋਲ ਆਸੁਰਾਂ ਤੇ ਆਰੀਆ ਦੀਆਂ, ਸਿੰਧ, ਜਿਹਲਮ, ਚਿਨਾਬ ਆਦਿ ਦਰਿਆਵਾਂ ਦੇ ਮਹਾਣਿਆਂ ਉੱਤੇ ਹੋਏ ਯੁੱਧਾਂ ਦੀਆਂ ਕਹਾਣੀਆਂ ਸੁਣਨ ਵਿੱਚ ਮਗਨ ਸੀ। ਜਦਕਿ ਮਾ. ਮੋਹਨ ਨੂੰ ਇਹਨਾਂ ਵਿੱਚ ਕੋਈ ਦਿਲਚਸਪੀ ਨਹੀਂ ਸੀ। ਉਹ ਖਾਣਾ ਖਾ ਕੇ ਬੈੱਡ ਉਤੇ ਪਿਆ ਉਸਲ ਵੱਟੇ ਲੈ ਰਿਹਾ ਸੀ ਕਿ ਪ੍ਰੋ. ਨਾਲ ਦਰਿਆਵਾਂ ਦੀ ਯਾਤਰਾ ਉੱਤੇ ਜਾਣ ਦੀ ਐਵੇਂ ਹਾਮੀ ਭਰੀ। ਕੋਈ ਬਹਾਨਾ ਲਾ ਦੇਣਾ ਸੀ। ਉਹਨੇ ਤਾਂ ਸੋਚਿਆ ਸੀ ਕਿ ਦਿਨ ਦਿਨ ਹਰਦੁਆਰ ਪਹੁੰਚ ਜਾਵਾਂਗੇ। ਗੰਗਾ ਇਸ਼ਨਾਨ ਕਰਕੇ, ਰਾਤ ਨੂੰ ਬੱਸ ਬਹਿ ਕੇ ਸਵੇਰੇ ਪਿੰਡ ਪਹੁੰਚ ਜਾਵਾਂਗੇ। ਪਰ ਪ੍ਰੋ. ਨੇ ਤਾਂ ਲੱਗਦਾ ਏ ਦਰਿਆਵਾਂ ਦੀ ਯਾਤਰਾ ਦਾ ਗਿੱਲਾ ਪੀਹਣ ਪਾ ਲਿਆ ਏ। ਪ੍ਰੋ. ਪਾਲ ਮੋਹਨ ਸਿੰਘ ਨੂੰ ਬੈੱਡ ਉੱਤੇ ਬੇਅਰਾਮ ਪਿਆ ਦੇਖ ਕੇ, ਪਰਾਤੀਆ ਪਥੇਰੇ ਨੂੰ ਵੀ ਆਰਾਮ ਕਰਨ ਲਈ ਕਹਿ ਕੇ, ਆਪ ਆਪਣੇ ਬੈੱਡ-ਰੂਮ ਵਿੱਚ ਜਾ ਕੇ ਸੌਂ ਗਿਆ ਸੀ।

ਸਵੇਰੇ ਉੱਠ ਕੇ ਪ੍ਰੋ. ਪਾਲ ਨੇ ਦੇਖਿਆ ਕਿ ਪਰਾਤੀਆ ਪਥੇਰਾ ਮਾ. ਮੋਹਨ ਸਿੰਘ ਦੇ ਨਾਲ ਬੈੱਡ ਉੱਤੇ ਪੈਣ ਦੀ ਥਾਂ ਜਿੱਥੇ ਬੈਠਾ ਸੀ, ਉਸੇ ਸੋਫੇ ਉੱਤੇ ਸੌਂ ਗਿਆ ਸੀ। ਪ੍ਰੋ. ਪਾਲ ਨੇ ਪੁੱਛਿਆ, "ਪਰਾਤੀਆ! ਮਾ.ਮੋਹਨ ਸਿੰਘ ਕੋਲ ਇੰਨਾ ਬੈੱਡ ਖਾਲੀ ਪਿਆ ਸੀ, ਤੂੰ ਉਹਦੇ ਕੋਲੇ ਬੈੱਡ ਉੱਤੇ ਪੈ ਕੇ ਸੌਂ ਜਾਣਾ ਸੀ?" ਪਰ ਮੋਹਨ ਸਿੰਘ ਦੇ ਚਿਹਰੇ ਉੱਤੇ ਨਫ਼ਰਤ ਦੇ ਭਾਵ ਦੇਖ ਕੇ ਸਮਝ ਗਿਆ ਸੀ ਕਿ ਮਾਸਟਰ ਚਾਹੁੰਦਾ ਹੀ ਨਹੀਂ ਸੀ ਕਿ ਨੀਂਵੀਂ ਜਾਤੀ ਦਾ ਪਥੇਰਾ ਉਹਦੇ ਨਾਲ ਬੈੱਡ ਉੱਤੇ ਪੈ ਕੇ ਸੌਂ ਜਾਵੇ! ਪ੍ਰੋ. ਪਾਲ ਨੂੰ ਇਹ ਗੱਲ ਸਮਝ ਲੱਗ ਗਈ ਸੀ ਕਿ ਮਾ. ਮੋਹਨ ਸਿੰਘ ਦੇ ਘਰ ਵਾਲੇ ਕਮਰੇ ਵਿੱਚ ਪਰਾਤੀਆ ਪਥੇਰਾ ਕਿੱਥੇ ਵੜਦਾ ਹੋਵੇਗਾ। ਇਸੇ ਕਰਕੇ ਉਹਨੇ ਪ੍ਰੋ. ਦੇ ਕਮਰੇ ਵਿੱਚ ਲੱਗੀਆਂ ਪੁਰਾਤਨ ਸੱਭਿਅਤਾ ਦੀਆਂ ਤਸਵੀਰਾਂ ਨਹੀਂ ਦੇਖੀਆਂ। ਨਹਾ-ਧੋ ਕੇ, ਨਾਸ਼ਤਾ ਕਰਕੇ ਉਹ ਦਰਿਆਵਾਂ ਦੀ ਯਾਤਰਾ ਲਈ ਨਿੱਕਲ ਪਏ ਸਨ। ਪਰ ਪ੍ਰੋ.ਪਾਲ ਦੇ ਡਰਾਈਵਰ, ਰਾਣਾ ਨੇ ਚੰਡੀਗੜ੍ਹ ਦੀ ਥਾਂ ਕਾਰ ਪਠਾਨਕੋਟ ਵੱਲ ਮੋੜ ਲਈ ਸੀ। ਮਾ. ਮੋਹਨ ਸਿੰਘ ਨੇ ਮਨ ਨੂੰ ਸਮਝਾਇਆ ਕਿ ਪ੍ਰੋ.ਪਾਲ ਨੇ ਪਠਾਨਕੋਟ ਤੋਂ ਕਿਸੇ ਜਾਣ-ਪਛਾਣ ਵਾਲੇ ਨੂੰ ਨਾਲ ਲੈ ਕਿ ਜਾਣਾ ਹੋਣਾ। ਪਰ ਡਰਾਈਵਰ ਨੇ ਤਾਂ ਕਾਰ ਪਠਾਟਕੋਟ ਤੋਂ ਜੰਮੂ ਜਾਣ ਵਾਲੀ ਸੜਕ ਉੱਤੇ ਪਾ ਲਈ ਸੀ ਤੇ ਥੋੜ੍ਹੀ ਦੂਰ ਜਾ ਕੇ ਰਾਵੀ ਦੇ ਕਿਨਾਰੇ ਉੱਤੇ ਰੋਕ ਲਈ ਸੀ।

ਪ੍ਰੋ. ਨੇ ਕਾਰ ਤੋਂ ਉਤਰ ਕੇ ਤੇਜ਼ ਕਦਮੀ ਪੁਰੂਸ਼ਰੀ ਦੀ ਵਗਦੀ ਤੇਜ਼ ਧਾਰਾ ਵੱਲ ਜਾਂਦਿਆਂ ਕਿਹਾ, "ਹੁਣ ਅਸੀਂ ਨਦੀ ਦੀ ਸੈਰ ਕਰਾਂਗੇ।" ਮਾ.ਮੋਹਨ ਸਿੰਘ ਘਬਰਾ ਗਿਆ ਕਿ ਇਸ ਸਿਰ ਫਿਰੇ ਪ੍ਰੋ. ਦਾ ਕੀ ਪਤਾ! ਕਿਨਾਰੇ ਉੱਤੇ ਖੜ੍ਹੀ ਕਿਸ਼ਤੀ ਦਰਿਆ ਵਿੱਚ ਠੇਲ੍ਹ ਦਵੇ। ਬਰਸਾਤ ਦਾ ਮੌਸਮ ਏ, ਦਰਿਆ ਵਿੱਚ ਹੜ੍ਹ ਆਇਆ ਹੋਇਆ ਏ। ਮਾ.ਮੋਹਨ ਸਿੰਘ ਭੁੱਲਿਆ ਨਹੀਂ ਸੀ ਕਿ ਕਿਵੇਂ ਪ੍ਰੋ. ਪਾਲ ਨੂੰ ਸਗਰਾਓ ਨਦੀ ਵਿੱਚੋਂ ਮਨੁੱਖੀ ਹੱਡੀਆਂ ਦਾ ਪਿੰਜਰ ਫੜਦੇ ਨੂੰ ਹੜ੍ਹੇ ਜਾਂਦੇ ਨੂੰ ਲੋਕਾਂ ਨੇ ਮਸਾਂ ਫੜ ਕੇ ਬਚਾਇਆ ਸੀ।

ਪ੍ਰੋ. ਪਾਲ ਪੁਰੂਸ਼ਰੀ ਨਦੀ ਦੀ ਧਾਰਾ ਵਿੱਚ ਖੜ੍ਹ ਕੇ ਦੱਸਣ ਲੱਗਿਆ ਕਿ ਮੱਧ ਏਸ਼ੀਆ ਦੇ ਪੁਰੂ, ਯਦੂ, ਦ੍ਰਹਯੂ, ਅਨੂ, ਤੇ ਤੁਰਵਸ਼ ਪੰਜ ਜਨ ਹੀ ਆਏ ਸਨ ਤੇ ਹੁਣ ਉਹਨਾਂ ਦੇ ਅੱਗੇ ਤੋਂ ਅੱਗੇ 25 ਜਨ ਬਣ ਗਏ ਸਨ। ਪਰ ਪੁਰੂ ਜਨ ਦੀ, ਵੱਧ ਸ਼ਕਤੀਸ਼ਾਲੀ ਹੋਣ ਕਰਕੇ ਉੱਚਤਾ ਕਾਇਮ ਸੀ। ਇਸ ਲਈ ਪੁਰੂ ਜਨ ਦੇ ਨਾਂ ਉੱਤੇ ਅਸਕਿਨੀ(ਰਾਵੀ) ਨੂੰ ਪੁਰੂਸ਼ਰੀ ਵੀ ਕਿਹਾ ਜਾਣ ਲੱਗ ਪਿਆ ਸੀ।

ਪੁਰੂਜਨ ਦਾ ਪੁਰੁਸ਼ਗੀ ਤੋਂ ਸਰਸਵਤੀ ਤੱਕ, ਸਾਰਸਵਤ ਉੱਤੇ ਰਾਜ ਸੀ।

ਆਰੀਆ ਦੇ ਦੂਸਰੇ ਰਾਜ ਵਾਂਗ ਪੁਰੂਜਨਵੀ ਵੱਖ-ਵੱਖ ਜਨਾਂ ਵਿੱਚ ਵੰਡਿਆ ਹੋਇਆ ਸੀ। ਪੁਰੁਸ਼ਗੀ ਤੇ ਵਿਪਾਸ਼ ਦਰਿਆ ਦੇ ਬਾਰੀ ਦੁਆਬੇ' ਦੇ ਮੱਧ ਭਾਗ ਉੱਤੇ ਕੁਸ਼ਿਕਾਂ ਦਾ ਤੇ ਉਸਦੇ ਉੱਤਰ ਵਿੱਚ ਭਰਤ ਪੂਰਵ ਤੋਂ ਪੱਛਮ ਤੱਕ ਫੈਲੇ ਹੋਏ ਸਨ। ਪੁਰੁਸ਼ਗੀ ਦੇ ਪੱਛਮ ਤਟ ਉੱਤੇ ਪੁਰੂਆ ਦੀ ਇੱਕ ਸ਼ਾਖਾ ਤ੍ਰਿਤਸੂ ਜਨ ਦਾ ਰਾਜ ਸੀ। ਪੂਰਵ ਵੱਲ ਦੇ ਵਿਸ਼ਾਲ ਖੇਤਰ ਉੱਤੇ ਪੁਰੂ ਆਪਣਾ ਅਧਿਕਾਰ ਜਮਾਈ ਬੈਠੇ ਸਨ।

ਬਾਰੀ ਦੁਆਬ ਦੇ ਪੁਰੁਸ਼ਗੀ ਤੇ ਵਿਪਾਸ਼ ਦਰਿਆਵਾਂ ਦੇ ਸੰਗਮ ਉੱਤੇ ਰਿਸ਼ੀ ਭਰਦਵਾਜ ਦਾ ਆਸ਼ਰਮ ਸੀ। ਰਾਜਿਆਂ ਦੇ ਰਾਜ ਕੁਮਾਰ ਰਿਸ਼ੀਆਂ ਦੇ ਆਸ਼ਰਮ ਉੱਤੇ ਸ਼ਾਸਤਰ ਤੇ ਸ਼ਸ਼ਤਰ ਵਿੱਦਿਆ ਸਿੱਖਣ ਲਈ ਆਉਂਦੇ ਸਨ। ਰਾਜੇ ਰਿਸ਼ੀਆਂ ਨੂੰ ਰਥ, ਘੋੜੇ, ਗਾਈਆਂ, ਅਨਾਜ, ਬੈਲ, ਕੀਮਤੀ ਵਸਤਰ, ਗੱਡੇ ਤੇ ਦਾਸ ਦਾਸੀਆ ਭੇਟ ਕਰਦੇ ਸਨ। ਰਿਸ਼ੀ ਭਾਰਦਵਾਜ ਦੇ ਆਸ਼ਰਮ ਤੇ ਪੁਰੂ ਰਾਜਾ ਪੁਰੂਕੁਸਤ ਦਾ ਪੁੱਤਰ ਤ੍ਰਸਦਸਯੂ, ਭਰਤ ਰਾਜਾ ਵੱਧਰ ਯਸ਼ਵ ਦਾ ਪੁੱਤਰ ਦਿਵੋਦਾਸ ਤੇ ਹੋਰ ਰਾਜਿਆਂ ਦੇ ਰਾਜਕੁਮਾਰ ਗਰਗ, ਭਜਯੂ, ਕੁਤਸ ਆਕਿ ਸ਼ਸਤਰ ਤੇ ਸ਼ਾਸਤਰ ਵਿੱਦਿਆ ਗ੍ਰਹਿਣ ਕਰ ਰਹੇ ਸਨ।

ਭਰਤ ਜਨ ਦੇ ਰਾਜਾ ਵਧਰਯਸ਼ਵ ਅਚਾਨਕ ਬਿਮਾਰ ਰਹਿਣ ਲੱਗ ਪਿਆ ਸੀ। ਰਿਸ਼ੀ ਭਾਰਤਵਾਜ ਨੇ ਉਸਦੇ ਪੁੱਤਰ ਰਾਜਕੁਮਾਰ ਦੇਵੀਦਾਸ ਨੂੰ ਘੋੜੇ ਤੇ ਸਵਾਰ ਹੋ ਕੇ ਰਾਜੇ ਵਧਰਯੂਵ ਦੀ ਖ਼ਬਰ ਸਾਰ ਲੈਣ ਲਈ ਜਾਣ ਦਾ ਆਦੇਸ਼ ਦਿੱਤਾ ਉਦੋਂ ਤੱਕ ਪਸ਼ੂ ਪਾਲਕ ਕਬੀਲੇ ਹੀ ਸਨ। ਸਪਤ ਸਿੰਧੂ ਦੀ ਧਰਤੀ ਸੰਘਣੇ ਜੰਗਲਾਂ ਨਾਲ ਭਰੀ ਪਈ ਸੀ। ਭਾਵੇਂ ਸਪਤ ਸਿੰਧੂ ਦੀ ਧਰਤੀ ਉਤੇ ਪੁਰੂ ਜਨ ਦਾ ਅਧਿਕਾਰ ਹੋ ਗਿਆ ਸੀ ਪਰ ਅਜੇ ਆਸੁਰ ਜਾਤੀਆਂ ਦੇ ਲੋਕ ਜੰਗਲਾਂ, ਬੇਲਿਆਂ ਵਿੱਚ ਲੁਕ-ਛਿਪ ਕੇ ਜੀਵਨ ਬਤੀਤ ਕਰ ਰਹੇ ਸਨ। ਤੇ ਉਹ ਇੱਕਠੇ ਹੋ ਕੇ ਆਰੀਆ ਉੱਪਰ ਆਕਰਮਣ ਕਰਦੇ ਰਹਿੰਦੇ ਸਨ। ਭਰਤ ਜਨ ਦੇ ਆਲੇ-ਦੁਆਲੇ ਦੇ ਜੰਗਲਾਂ ਵਿੱਚ ਲੁਕੇ ਛਿਪੇ ਆਰੀਆ ਦੇ ਅਜ, ਸ਼ਿਗਰੂ, ਪਦੀ, ਨਿਸ਼ਾਦ ਆਦਿ ਕਬੀਲਿਆਂ ਨੇ ਇੱਕਠੇ ਹੋ ਕੇ ਭਰਤ ਜਨ ਉੱਤੇ ਅਕਰਮਣ ਕਰ ਦਿੱਤਾ ਸੀ। ਆਰੀਆ ਦੇ ਵੱਖਰੇ-ਵੱਖਰੇ ਜਨ ਵੀ ਈਰਖਾ ਵਸ ਇੱਕ-ਦੂਸਰੇ ਜਨ ਨੂੰ ਨੀਵਾਂ ਦਿਖਾਉਣ ਵਿੱਚ ਲੱਗੇ ਰਹਿੰਦੇ ਸਨ। ਆਰੀਆ ਦੇ ਤ੍ਰਿਤਿਬੂ, ਕੁਸ਼ਿਕ ਆਦਿ ਜਨ ਭਰਤ ਜਨ ਦੀ ਸਹਾਇਤਾ ਲਈ ਆਉਣ ਲਈ ਜਾਣ ਬੁੱਝ ਕੇ ਅਵੇਸਲੇ ਹੋ ਰਹੇ ਸਨ। ਦਿਵੋਦਾਸ ਦੀ ਕਮਾਨ ਅਧੀਨ ਭਰਤ ਜਨ ਦੇ ਸੈਨਿਕ ਘੱਟ ਹੋਣ ਕਰਕੇ...ਆਸੁਰ ਸੈਨਾ ਅੱਗੇ ਟਿਕ ਨਹੀਂ ਪਾ ਰਹੇ ਸਨ। ਏਨੇ ਨੂੰ ਰਿਸ਼ੀ ਭਰਦਵਾਜ ਵੀ ਆਪਣੇ ਸ਼ਿਸ਼ਾਂ ਨੂੰ ਲੈ ਕੇ ਭਰਤ ਰਾਜਾ ਵਧਰਯਸ਼ਵ ਦੀ ਬਿਮਾਰ ਪੁਰਸ਼ੀ ਲਈ ਪਹੁੰਚ ਗਿਆ ਸੀ। ਆਪਣੇ ਸ਼ਿਸ਼ ਦਿਵੋਦਾਸ ਨੂੰ ਹਾਰਦਾ ਦੇਖ ਭਰਤਵਾਜ ਨੇ ਆਸੁਰਾਂ ਨਾਲ ਯੁੱਧ ਦੀ ਕਮਾਨ ਖੁਦ ਸੰਭਾਲ ਲਈ ਸੀ ਤੇ ਰਿਸ਼ੀ ਦੇ ਤਾਜ਼ਾ ਦਮ ਸ਼ਿਸ਼ਾਂ ਨੇ ਯੁੱਧ ਵਿੱਚ ਸ਼ਾਮਿਲ ਹੋ ਕਿ ਆਸੁਰਾਂ ਨੂੰ ਭੱਜਣ ਲਈ ਮਜਬੂਰ ਕਰ ਦਿੱਤਾ ਸੀ।

ਪਰਾਤੀਆ ਪਥੇਰਾ ਲਗਾਤਾਰ ਦੇਖਦਾ ਆ ਰਿਹਾ ਸੀ ਕਿ ਸਿਰ ਉੱਤੇ ਲੰਮੇ ਵਾਲ, ਰਤਾ ਲੰਮੇ ਗੋਰੇ ਮੂੰਹ ਉੱਤੇ ਲੰਮੀ ਦਾੜ੍ਹੀ... ਪੁਰੁਸ਼ਦੀ ਦੇ ਪਾਣੀ ਵਿੱਚ ਖੜ੍ਹ ਕੇ ਪੁਰੁਸ਼ਦੀ ਦੇ ਮੁਹਾਣੇ ਦਿੱਤੇ ਹੋਏ ਆਰੀਆ,ਆਸੁਰ ਯੁੱਧ ਦੀ ਕਹਾਣੀ ਸੁਣਾ ਰਿਹਾ ਪ੍ਰੋ. ਪਾਲ ਉਹਨੂੰ ਰਾਤੀਂ ਕਿਤਾਬ ਦੀਆਂ ਤਸਵੀਰਾਂ ਵਿੱਚ ਦੇਖੇ ਭਾਰਦਵਾਜ, ਵਿਸ਼ਵਾਮਿੱਤਰ, ਵਾਸ਼ਿਸ਼ਠ ਆਦਿ ਰਿਸ਼ੀਆਂ ਵਰਗਾ ਜਾਪ ਰਿਹਾ ਸੀ। ਜੇ ਫਰਕ ਸੀ ਤਾਂ ਕੇਵਲ ਏਨਾ ਕਿ ਰਿਸ਼ੀਆਂ ਨੇ ਧੋਤੀ ਲਾ ਕੇ ਲੜ ਮੋਢੇ ਉੱਤੇ ਸੁੱਟਿਆ ਹੋਇਆ ਸੀ ਤੇ ਪ੍ਰੋ ਪਾਲ ਨੇ ਸਫੇਦ ਲੰਮਾ ਕੁੜਤਾ ਪਜਾਮਾ ਪਹਿਨਿਆ ਹੋਇਆ ਸੀ।



ਪ੍ਰੋ. ਪਾਲ ਵੀ ਦੇਖ ਰਿਹਾ ਸੀ ਕਿ ਕਹਾਣੀ ਸੁਣਦਿਆਂ ਜਦ ਆਸੁਰਾਂ ਦਾ ਪਲੜਾ ਭਾਰੀ ਹੁੰਦਾ ਤਾਂ ਪਰਾਤੀਆ ਪਥੇਰੇ ਦਾ ਚਿਹਰਾ ਖਿੜ ਜਾਂਦਾ ਸੀ ਤੇ ਜਦ ਆਸੁਰਾਂ ਦੀ ਜਿੱਤ ਹੋ ਜਾਂਦੀ ਤਾਂ ਮਾ. ਮੋਹਨ ਸਿੰਘ ਦੇ ਚਿਹਰੇ ਤੇ ਗਰੂਰ ਹੁੰਦਾ 'ਕਿ ਇਹਨਾਂ ਆਸੁਰਾਂ ਨਾਲ ਏਦਾਂ ਹੀ ਹੋਣੀ ਚਾਹੀਦੀ ਸੀ। ਪ੍ਰੋ. ਸ਼ਾਂਤ ਚਿੱਤ ਕਹਾਣੀ ਸੁਣਾਈ ਜਾਂਦਾ। ਪਰ ਆਸੁਰਾਂ ਦੇ ਹਾਰਨ ਤੇ ਰਤਾ ਉਦਾਸ ਹੋ ਜਾਂਦਾ ਕਿ ਕਿਵੇਂ ਵਿਚਾਰੇ ਮਾਤਰੀ ਭੂਮੀ ਤੋਂ ਵਿਰਵੇ ਹੋ ਰਹੇ ਸਨ।

ਪਰਾਤੀਆ ਪਥੇਰੇ ਦੀ ਕਹਾਣੀ ਅੱਗੇ ਸੁਣਨ ਦੀ ਉਤਸੁਕਤਾ ਨੂੰ ਦੇਖਦਿਆਂ ਪ੍ਰੋ. ਪਾਲ ਨੇ ਆਪਣੀ ਗੱਲ ਅੱਗੇ ਤੋਰੀ। ਭਰਤ ਜਨ ਦੇ ਰਾਜਕੁਮਾਰ ਦਿਵੋਦਾਸ ਦੀ ਸ਼ੂਰਵੀਰਤਾ ਦੀ ਚਰਚਾ ਸਪਤ ਸਿੰਧੂ ਦੇ ਸਾਰੇ ਆਰੀਆ ਜਨਾਂ ਵਿੱਚ ਫੈਲ ਗਈ ਸੀ। ਰਿਸ਼ੀ ਭਰਦਵਾਜ ਨੇ ਖੁਸ਼ ਹੁੰਦਿਆਂ ਆਪਣੇ ਸ਼ਿਸ਼ ਦੇਵੀਦਾਸ ਨੂੰ ਆਰੀਆ ਦਾ ਸੈਨਾਪਤੀ(ਇੰਦਰ) ਥਾਪ ਦਿੱਤਾ ਸੀ। ਤੇ ਭਰਤ ਰਾਜਾ ਵਰਧਯਸ਼ਵ ਨੇ ਬਾਰ ਕੁਮਾਰ ਦੇਵੀਦਾਸ ਨੂੰ ਰਾਜ ਗੱਦੀ ਸੌਂਪਣ ਦੀ ਘੋਸ਼ਣਾ ਕਰ ਦਿੱਤੀ ਸੀ। ਸਪਤ ਸਿੰਧੂ ਦੇ ਤਮਾਮ ਆਰੀਆ ਜਨ ਨੂੰ ਸੱਦਣ ਲਈ ਘੋੜਸਵਾਰ ਸੰਦੇਸ਼ ਵਾਹਕ ਭੇਜ ਦਿੱਤੇ ਗਏ ਸੀ। ਪੁਰੁਸ਼ਦੀ ਦੇ ਪੂਰਵ ਤੋਂ ਤ੍ਰਿਤਸੂ, ਕੁਸ਼ਿਕਾ ਪੁਰੂ ਆਦਿ ਆਰੀਆ ਜਨ ਵੀ ਪੁਰੂ ਜਨਾਂ ਨਾਲ ਹੁੰਮ-ਹੁੰਮਾ ਕੇ ਪਹੁੰਚ ਚੁੱਕੇ ਸਨ। ਪੁਰੁਸ਼ਦੀ ਦੇ ਪੱਛਮੀ ਭਾਗਾਂ ਤੋਂ ਅਨੁ, ਦ੍ਰਹਯੂ, ਕੁਰੂ, ਤੁਰਵਸ਼, ਸ੍ਰਿੰਜਯ, ਰਧਿਾਰ, ਪਖਤ(ਪਠਾਣ) ਆਦਿ ਆਰੀਆ ਜਨ ਪੁਰੂ ਜਨਾਂ ਨਾਲ ਸ਼੍ਰੇਸਠਤਾ ਲਈ ਅੰਦਰੂਨੀ ਯੁੱਧ ਚਲਦਾ ਹੋਣ ਉੱਤੇ ਵੀ ਸ਼ਿਸ਼ਟਾਚਾਰ ਵਜੋਂ ਰਾਜਭਿਸ਼ੇਕ ਯੱਗ ਵਿੱਚ ਸੱਤ ਨਦੀਆਂ ਦੇ ਜਲ ਦੀ ਆਹੂਤੀ ਦਿੱਤੀ ਤੇ ਰਿੱਗ ਵੇਦ ਵਿੱਚੋਂ ਸੂਕਤ(ਗੀਤ) ਪੜੇ.....

ਹੇ ਰਾਜਾ ਦੇਵੀਦਾਸ!  
ਪਰਬਤ ਦੀ ਤਰ੍ਹਾਂ ਰਹੋ! ਚਯੁਤ ਮਤ ਹੋਵੋ!  
ਇੰਦਰ ਦੀ ਤਰ੍ਹਾਂ ਧਰੁਵ ਰਹੋ! ਇਸ ਰਾਸ਼ਟਰ ਨੂੰ ਧਾਰਨ ਕਰੋ॥  
ਤੁਹਾਡੇ ਰਾਜਾ ਵਰੁਨ ਧਰੁਵ! ਦੇਵ ਬ੍ਰਿਹਸਪਤੀ ਧਰੁਵ।  
ਇੰਦਰ, ਪਵਨ, ਅਗਨੀ ਧਰੁਵ! ਰਾਮਟਰ ਕੇ ਧਾਰਨ ਕਰੋ।

ਪੁਰੁਸ਼ਦੀ ਵਿੱਚ ਆਏ ਹੜ੍ਹ ਦਾ ਪਾਣੀ ਕੰਢਿਆਂ ਵੱਲ ਵਧਦਾ ਜਾ ਰਿਹਾ ਸੀ। ਪ੍ਰੋ. ਪਾਲ ਨੇ ਕਿਹਾ, "ਹੁਣ ਅਸੀਂ ਪ੍ਰਸਥਾਨ ਕਰਦੇ ਆਂ।"

ਪਰਾਤੀਆ ਪਥੇਰੇ ਨੂੰ ਪਤਾ ਨਹੀਂ ਕੀ ਸੁਝਿਆ ਸ਼ਾਇਦ ਉਹਨੂੰ ਯਾਦ ਰਹਿ ਗਿਆ ਸੀ ਕਿ ਆਰੀਆ ਜਨ ਸੱਤ ਨਦੀਆਂ ਦਾ ਜਲ ਕਲਸ਼ਾਂ ਵਿੱਚ ਭਰ ਕੇ ਲਿਆਏ ਸਨ। ਉਹ ਝੱਟ ਜਾ ਕੇ ਮਛੇਰਿਆਂ ਦੀਆਂ ਝੁੱਗੀਆਂ ਵਿੱਚੋਂ ਇੱਕ ਮਟਕਾ ਲੈ ਆਇਆ ਸੀ। ਤੇ ਪੁਰੁਸ਼ਦੀ ਦੇ ਪਵਿੱਤਰ ਜਲ ਦਾ ਮਟਕਾ ਭਰ ਲਿਆਇਆ ਤੇ ਕਾਰ ਦੀ ਪਿੱਛਲੀ ਸੀਟ ਉੱਤੇ ਜਾ ਕੇ ਬਹਿ ਗਿਆ ਸੀ।

ਡਰਾਈਵਰ ਨੇ ਕਾਰ ਪਠਾਨਕੋਟ ਵੱਲ ਮੋੜ ਲਈ ਸੀ। ਪਠਾਨਕੋਟ ਤੋਂ ਅੱਗੇ ਵਿਪਾਸ਼ ਦਰਿਆ ਦਾ ਪੁਲ ਪਾਰ ਕਰਕੇ ਡਰਾਈਵਰ ਨੇ ਕਾਰ ਰੋਕ ਲਈ ਸੀ।

"ਇਥੋਂ ਵਿਪਾਸ਼ ਤੇ ਸ਼ਤਦਰੂ ਦਰਿਆਵਾਂ ਵਿਚਲਾ ਬਿਸਤ ਦੁਆਬ ਆਰੰਭ ਹੁੰਦਾ ਏ।" ਆਖ ਪ੍ਰੋ. ਪਾਲ ਵਿਪਾਸ਼ ਦੀ ਵਗਦੀ ਕਲ ਨਿਰਮਲ ਧਾਰਾ ਵੱਲ ਚੱਲ ਪਿਆ ਸੀ।

ਵਿਪਾਸ਼ ਦੇ ਜਲ ਦੀ ਧਾਰਾ ਵਿੱਚ ਹੱਥ-ਮੂੰਹ ਧੋ ਕੇ ਤਾਜ਼ਗੀ ਮਹਿਸੂਸ ਕਰਦਿਆਂ ਪ੍ਰੋ. ਪਾਲ ਨੇ ਕਿਹਾ ਕਿ ਰਿਸ਼ੀ ਬਦਾਏ ਦੁਆਰਾ ਰਾਜਾ ਦਿਵਦਾਸ ਨੂੰ ਆਰੀਆ ਦਾ ਸੈਨਾਪਤੀ ਬਣਾਏ ਜਾਣ ਤੋਂ ਬਾਅਦ ਉਹ ਆਪਣੀ ਸੈਨਾ ਲੈ ਕੇ ਪੁਰੁਸ਼ਦੀ ਤੋਂ ਅੱਗੇ ਬਾਰੀ ਦੁਆਬ ਵਿੱਚ ਸਿਰ ਚੱਕ ਰਹੇ ਆਸੁਰਾਂ ਨਾਲ ਯੁੱਧ ਵਿਪਾਸ਼ ਦਰਿਆ ਵੱਲ ਵਧਣ ਲੱਗਿਆ। ਆਸੁਰ ਆਪਣੀ ਇੱਕ-ਇੱਕ ਇੰਚ

ਧਰਤੀ ਲਈ ਖ਼ੂਨ ਬਹਾ ਰਹੇ ਸਨ। ਆਸੁਰਾਂ ਦੇ ਨਾਲ ਆਰੀਆਂ ਦਾ ਵੀ ਭਾਰੀ ਨੁਕਸਾਨ ਹੋ ਰਿਹਾ ਸੀ। ਇਸ ਲਈ ਆਰੀਆਂ ਦਾ ਪਰੋਹਿਤ ਰਿਸ਼ੀ ਭਾਰਦਵਾਜ ਅਤਿਅੰਤ ਚਿੰਤਿਤ ਸੀ। ਰਿਸ਼ੀ ਨੇ ਆਰੀਆ ਸੈਨਾਪਤੀ ਦਿਵੇਦਾਸ ਨੂੰ ਉਤਸ਼ਾਹਿਤ ਕਰਨ ਲਈ ਅਤੇ ਯੁੱਧ ਵਿੱਚ ਵਿਜੈ ਪ੍ਰਪਤ ਕਰਨ ਲਈ ਵਿਪਾਸ਼ ਦਰਿਆ ਦੇ ਕਿਨਾਰੇ ਉੱਤੇ ਯੱਗ ਅਨੁਸ਼ਠਾਨ ਕੀਤਾ ਤੇ ਇੰਦਰ ਦੇਵਤਾ ਦੀ ਉਸਤਤ ਵਿੱਚ ਸੂਕਤ ਉਚਾਰੇ:

– ਹੇ ਇੰਦਰ! ਤੁਸੀਂ ਕਾਲੇ ਚਮੜੇ ਵਾਲਿਆਂ ਨੂੰ ਮਾਰਿਆ।

– ਹੇ ਇੰਦਰ! ਤੁਸੀਂ ਪੰਜ ਹਜ਼ਾਰ ਕਾਲੇ ਰੰਗ ਦੇ ਦੈਂਤਾਂ ਨੂੰ ਮਾਰ ਦਿੱਤਾ(ਭਾਵ ਆਰੀਆ ਸੈਨਾਪਤੀ ਦਿਵੇਦਾਸ ਦੁਆਰਾ)

– ਹੇ ਇੰਦਰ! ਤੁਸੀਂ ਦਿਵੇਦਾਸ ਦੀ ਕਾਲੇ ਚਮੜੇ ਵਾਲਿਆਂ ਤੋ ਰਕਸ਼ਾ ਕਰੋ।

– ਹੇ ਇੰਦਰ !ਤੁਸੀਂ ਰਾਕਸ਼ਾਂ ਨੂੰ ਸਮਾਪਤ ਕਰ ਦਿਉ(ਭਾਵ ਆਰੀਆ ਸੈਨਾਪਤੀ ਦਿਵੇਦਾਸ ਦੁਆਰਾ)

ਪਰਾਤੀਆ ਨੂੰ ਸ਼ਾਇਦ ਕਾਲੇ ਰੰਗ ਵਾਲਿਆਂ ਨੂੰ ਸਮਾਪਤ ਕਰਨ ਬਾਰੇ ਉਸਰੇ ਰਿਸ਼ੀ ਦੇ ਸੂਕਤ ਚੰਗੇ ਨਹੀਂ ਲੱਗ ਰਹੇ, ਉਹ ਕਾਰ ਵਿੱਚੋਂ ਪੁਰੁਸ਼ਦੀ ਦੇ ਜਲ ਦਾ ਮਟਕਾ ਚੱਕ ਕੇ ਲਿਆਉਣ ਲਈ ਚਲਿਆ ਗਿਆ ਸੀ।

ਮਾ. ਮੋਹਨ ਵੀ ਹੁਣ ਪਿੱਛੇ ਨਹੀਂ ਸੀ ਰਹਿਣਾ ਚਾਹੁੰਦਾ। ਜਿਵੇਂ ਉਸਨੂੰ ਪ੍ਰੋ. ਪਾਲ ਦੀ ਹਰ ਸਾਲ ਦਰਿਆਵਾਂ ਦੀ ਯਾਤਰਾ ਕਰਨ ਦਾ ਵੱਖਰਾ ਅੰਦਾਜ਼ ਪਸੰਦ ਆ ਗਿਆ ਸੀ। ਕਿਉਂਕਿ ਕਾਂਵੜੀਏ ਤਾਂ ਇੱਕ ਦੂਸਰੇ ਦੀ ਰੀਸੋ-ਰੀਸ ਹਰਦੁਆਰ ਤੋਂ ਗੰਗਾ ਜਲ ਲਿਆਉਣ ਲਈ ਚੱਲ ਪੈਂਦੇ ਸਨ, ਪਰ ਪ੍ਰੋ.ਪਾਲ ਦਰਿਆਵਾਂ ਦੇ ਮੁਹਾਨਿਆਂ ਉੱਤੇ ਹੋਏ ਆਸੁਰ, ਆਰੀਆ ਯੁੱਧਾਂ ਦਾ ਇਤਿਹਾਸ ਦੱਸਦਾ ਰਹਿੰਦਾ ਸੀ ਤੇ ਨਾਲ ਦੀ ਨਾਲ ਇਹਨਾਂ ਜੀਵਨ-ਦਾਤੇ ਦਰਿਆਵਾਂ ਦੀ ਯਾਤਰਾ ਕਰਨ ਦੀ ਪਰੰਤਤਾ ਵੀ ਪਤਾ ਲੱਗਦੀ ਰਹਿੰਦੀ ਸੀ। ਇਸ ਲਈ ਉਹ ਵੀ ਪਰਾਤੀਆ ਪਥੇਰੇ ਦੇ ਨਾਲ ਜਾ ਕੇ, ਵਿਪਾਸ਼ ਦਰਿਆ ਦੇ ਕਿਨਾਰੇ ਵਸੇ ਮਛੇਰਿਆਂ ਤੋ ਪਵਿੱਤਰ ਦਰਿਆਵਾਂ ਦਾ ਜਲ ਲਿਆਉਣ ਲਈ ਇੱਕ ਮਟਕਾ ਲੈ ਆਇਆ ਸੀ।

ਪ੍ਰੋ. ਪਾਲ ਚਾਹੁੰਦਾ ਸੀ ਕਿ ਉਹ ਪਰਾਤੀਆ ਪਥੇਰੇ ਦੇ ਮਟਕੇ ਵਿੱਚੋਂ ਪੁਰੁਸ਼ਦੀ ਨਦੀ ਦਾ ਕੁਝ ਜਲ ਮਾ. ਮੋਹਨ ਸਿੰਘ ਦੇ ਮਟਕੇ ਵਿੱਚ ਪਾ ਦੇਵੇ। ਪਰ ਦਰਿਆਵਾਂ ਦਾ ਪਵਿੱਤਰ ਜਲ ਵੀ, ਮਾ. ਮੋਹਨ ਸਿੰਘ ਦੇ ਮਨ ਵਿੱਚੋਂ ਜਾਤੀ ਉੱਚਤਾ ਦੀ ਮੈਲ ਨੂੰ ਧੋ ਨਹੀਂ ਸਕਿਆ ਸੀ। ਉਹਨੇ ਭੱਜ ਕੇ ਜਾ ਕੇ ਵਿਪਾਸ਼ ਦੇ ਜਲ ਵਿੱਚੋਂ ਆਪਣਾ ਮਟਕਾ ਭਰ ਲਿਆ ਸੀ ਤੇ ਪਰਾਤੀਆ ਪਥੇਰੇ ਨੇ ਸ਼ਰਧਾ ਭਾਵ ਨਾਲ ਆਪਣੇ ਮਟਕੇ ਵਿੱਚੋਂ ਪੁਰੁਸ਼ਦੀ ਦਾ ਅੱਧਾ ਜਲ ਪ੍ਰਵਾਹ ਕਰ ਦਿੱਤਾ ਸੀ ਤੇ ਖਾਲੀ ਹੋਏ ਮਟਕੇ ਨੂੰ ਵਿਪਾਸ਼ ਜਲ ਦੇ ਪਾਵਨ ਜਲ ਨਾਲ ਭਰ ਲਿਆ ਸੀ।

ਹੁਣ ਮਾ. ਮੋਹਨ ਦੇ ਮਨ ਵਿੱਚ ਇੱਕ ਸ਼ੰਕਾ ਉਤਪੰਨ ਹੋਈ ਕਿ ਪ੍ਰੋ. ਪਾਲ ਦਰਿਆਵਾਂ ਦੀ ਯਾਤਰਾ ਕਰ ਕੇ ਆਪ ਦਰਿਆਵਾਂ ਦਾ ਪਵਿੱਤਰ ਜਲ ਆਪਣੇ ਨਾਲ ਕਿਉਂ ਨਹੀਂ ਲੈ ਜਾਂਦਾ? ਪ੍ਰੋ. ਪਾਲ ਨੇ ਮਾ. ਮੋਹਨ ਦੀ ਮਨ ਦੀ ਸ਼ੰਕਾ ਦਾ ਉੱਤਰ ਦਿੱਤਾ ਕਿ ਸਾਡੇ ਖੇਤ ਵਿਪਾਸ਼ ਦਰਿਆ ਦੇ ਨਾਲ ਲੱਗਦੇ ਨੇ। ਸਾਡੇ ਪਸ਼ੂ ਵਿਪਾਸ਼ ਦਰਿਆ ਦੇ ਕਿਨਾਰਿਆਂ ਦੀਆਂ ਚਾਰਾਗਾਹ ਵਿੱਚ ਚਰਦੇ ਤੇ ਦਰਿਆ ਦੇ ਪਾਣੀ ਵਿੱਚ ਤਾਰੀਆਂ ਲਾਉਂਦੇ ਨੇ। ਖੇਤਾਂ ਵਿੱਚ ਹਲ ਵਾਹੁੰਦੇ ਹਾਲੀ ਪਿਆਸ ਲੱਗਣ ਤੇ ਵਿਪਾਸ਼ ਦਾ ਪਾਣੀ ਪੀਂਦੇ ਨੇ। ਆਰੀਆ ਕਿਸਾਨ ਦਰਿਆਵਾਂ 'ਚੋਂ ਖਾਲ੍ਹਾ ਕੱਢ ਕੇ ਆਪਣੀ ਸਿੰਜਾਈ ਕਰਦੇ ਸਨ। ਤੇ ਹੁਣ ਸਾਡੇ ਪਿੰਡ ਦੇ ਕਿਸਾਨ ਵਿਪਾਸ਼ ਦੇ ਕਿਨਾਰੇ ਤੇ ਇੰਜਣ ਰੱਖਕੇ ਤੇ



ਪਾਣੀ ਵਿੱਚ ਪਾਈਪ ਸੁੱਟ ਕੇ ਖੇਤ ਸਿੰਜ ਲੈਂਦੇ ਨੇ।

ਮੈਂ ਤਾਂ ਸਾਲ ਵਿੱਚ ਕਈ ਵਾਰ 'ਕੱਲਾ ਤੇ ਕਦੇ-ਕਦੇ ਪਰਿਵਾਰ ਸਮੇਤ ਇਹਨਾਂ ਦਰਿਆਵਾਂ ਦੀ ਯਾਤਰਾ ਕਰਦਾ ਰਹਿੰਦਾ ਹਾਂ। ਤੇ ਪੁਰਾਤਨ ਇਤਿਹਾਸ ਦਾ ਮੰਨਨ ਕਰਦਾ ਰਹਿੰਦਾ ਹਾਂ, ਯਾਦ ਕਰਦਾ ਰਹਿੰਦਾ ਹਾਂ। ਮੇਰੀ ਪਤਨੀ ਪ੍ਰੋ.ਪਾਲੀ ਵੀ ਕੁਦਰਤ ਪ੍ਰੇਮੀ, ਨੇਚਰ ਲਵਰ ਏ। ਦਰਿਆਵਾਂ ਕਿਨਾਰੇ ਦੇ ਕੁਦਰਤੀ ਦ੍ਰਿਸ਼ਾਂ ਤੇ ਪਾਣੀਆਂ ਨਾਲ ਸਾਡਾ ਖਾਸ ਮੋਹ ਪਿਆਰ ਏ।

ਪ੍ਰੋ.ਪਾਲ ਨੇ ਦੇਖਿਆ, ਸੂਰਜ ਸਿਰ ਤੋਂ ਉਪਰ ਉਠ ਆਇਆ ਸੀ। ਪ੍ਰੋ. ਦਾ ਡਰਾਇਵਰ ਰਾਣਾ, ਉਸਦਾ ਇਸ਼ਾਰਾ ਸਮਝ ਕੇ ਕਾਰ ਦੀ ਡਿੱਘੀ ਵਿੱਚੋਂ ਆਲੂ, ਪਿਆਜ, ਮੂਲੀ ਵਾਲੇ ਪਰੌਂਠੇ, ਦਹੀ, ਆਚਾਰ ਨਿੱਕ-ਸੁੱਕ ਚੁੱਕ ਲਿਆਇਆ ਸੀ। ਉਹਨਾਂ ਨੇ ਵਿਆਸ ਦਾ ਜਲ ਪੀਤਾ, ਰੱਜ ਕੇ ਪਰੌਂਠੇ ਖਾਧੇ ਤੇ ਫਿਰ ਥਰਮਸ ਵਿੱਚੋਂ ਚਾਹ ਦਾ ਕੱਪ ਭਰ ਭਰ ਕੇ ਪੀਤੇ। ਜਦ ਤੁਰਨ ਲੱਗੇ ਤਾਂ ਮੋਹਨ ਸਿੰਘ ਨੂੰ ਮਜਾਕ ਸੁਝਿਆ, "ਪ੍ਰੋ. ਪਾਲ! ਆਹ ਅੱਧੀ ਰਾਤ ਨੂੰ ਪਰੌਂਠੇ ਕੀਹਨੇ ਲਾਹ ਕੇ ਦਿੱਤੇ?" ਪ੍ਰੋ. ਹੱਸਿਆ, "ਬਸ ਪਤਨੀ ਪਾਲੀ ਕਰਕੇ ਈ ਕਾਇਮ ਆ। ਅਸੀਂ ਦੋਵੇਂ 'ਸਰਸਵਤੀ ਬਾਈ ਫੂਲੇ' ਕਾਲਿਜ,ਪਠਾਨਕੋਟ ਵਿੱਚ ਇਤਿਹਾਸ ਪੜ੍ਹਾਉਂਦੇ ਆਂ। ਮੈਂ ਤਾਂ ਕਾਲਜ ਘੱਟ-ਵੱਧ ਈ ਜਾਂਦਾ ਆਂ। ਮੈਨੇਜਮੈਂਟ ਮਹਿਰਬਾਨ ਏ, ਲੱਗੀਆਂ ਦਿਹਾੜੀਆਂ ਦੀ ਤਨਖਾਹ ਦੇਈ ਜਾਂਦੀ ਏ। ਬਾਕੀ ਪਾਲੀ ਜਾਣੇ ਪਾਲੀ ਦਾ ਕੰਮ ਘਰ ਕਿਵੇਂ ਚੱਲਦਾ ਏ, ਬੱਚਿਆਂ ਦੀ ਸਾਂਭ-ਸੰਭਾਲ ਕਿਵੇਂ ਕਰਨੀ ਏ। ਪਸ਼ੂਆਂ ਤੇ ਖੇਤੀ ਦਾ ਕੰਮ ਬਾਪੂ ਕਾਮੇਂ ਰੱਖ ਕੇ ਕਰਾਈ ਜਾਂਦਾ ਏ। ਬਾਕੀ ਸਾਡਾ ਡਰਾਈਵਰ ਰਾਣਾ, ਆਹ ਦੇਖ ਲਓ ਕਾਰ ਭਜਾਈ ਜਾਂਦਾ ਏ।"

ਡਰਾਈਵਰ ਰਾਣਾ ਨੇ ਰੋਪੜ ਪਹੁੰਚ ਕੇ, ਸਤਲੁਜ ਦਾ ਪੁਲ ਪਾਰ ਕਰਕੇ ਕਾਰ ਰੋਕ ਲਈ ਸੀ। ਉਹ, 'ਮਹਾਰਾਜਾ ਰਣਜੀਤ ਸਿੰਘ ਦੇ ਪਾਰਕ' ਦੇ ਕੋਲੋਂ ਲੰਘ ਕੇ, ਸ਼ਤਦਰੂ ਦਰਿਆ ਦੇ ਬਣੇ ਹੈੱਡ ਵਰਕਸ ਤੋਂ ਛੱਡੇ ਪਾਣੀ ਦੇ ਛੋਟੇ ਝਰ੍ਹੇ ਕੋਲ ਪਹੁੰਚ ਗਏ। ਬਰਸਾਤ ਦੇ ਹੁੰਮਸ ਭਰੇ ਮੌਸਮ ਵਿੱਚ ਉਹਨਾਂ ਦਾ ਮੱਲੋਮੱਲੀ ਨਹਾਉਣ ਨੂੰ ਜੀ ਕਰ ਆਇਆ ਸੀ। ਮਾ. ਮੋਹਨ ਸਿੰਘ ਨੇ ਨਹਾ ਕੇ,ਪੈਂਟ, ਬੁਰਸ਼ਟ ਬੈਗ ਵਿੱਚ ਪਾ ਲਏ ਤੇ ਖੁੱਲ੍ਹਾ ਕੁਰਤਾ,ਪਜ਼ਾਮਾ ਪਾ ਲਿਆ ਸੀ ਤੇ ਦਾੜ੍ਹੀ ਖੁੱਲ੍ਹੀ ਛੱਡ ਲਈ ਸੀ। ਦੂਰ-ਨੇੜੇ ਦੇ ਇਲਾਕੇ ਵਿੱਚ ਇਹ ਮਾਨਤਾ ਚੱਲਦੀ ਆ ਰਹੀ ਏ ਕਿ ਬੁੱਢੇ ਦਰਿਆ(ਸ਼ੱਤਦਰੂ) ਵਿੱਚ ਨਹਾਉਣ ਨਾਲ ਖਾਜ, ਖੁਜਲੀ ਹਟ ਜਾਂਦੀ ਏ। ਵਿਸਾਖੀ ਨੂੰ ਇੱਥੇ ਭਾਰੀ ਮੇਲਾ ਲੱਗਦਾ ਏ। ਇਸ ਥਾਂ ਉੱਤੇ ਪੁਰਸ਼ ਇਸ਼ਨਾਨ ਕਰਦੇ ਨੇ ਤੇ ਇਸ ਤੋਂ ਅੱਗੇ ਇਸਤਰੀਆਂ ਇਸ਼ਨਾਨ ਕਰ ਰਹੀਆਂ ਹੁੰਦੀਆਂ ਨੇ। ਮਰਦਾਂ ਨੂੰ ਉਧਰ ਜਾਣ ਦੀ ਮਨਾਹੀ ਏ।

ਪ੍ਰੋ. ਪਾਲ ਦੱਸਣ ਲੱਗਿਆ ਕਿ ਆਰੀਆਂ ਦਾ ਬਣਿਆ ਨਵਾਂ ਸੈਨਾਪਤੀ, ਦਿਵੇਦਾਸ ਬਿਸਤ ਦੁਆਬ ਦੇ ਜੰਗਲਾਂ, ਬੇਲਿਆਂ ਵਿੱਚਲੇ ਆਸੁਰਾਂ ਨਾਲ ਯੁੱਧ ਕਰਦਾ ਹੋਇਆ, ਸ਼ਤਦਰੂ ਪਾਰ ਕਰਕੇ ਸ਼ਤਦਰੂ ਤੇ ਦ੍ਰਿਸ਼ਦੂਤਾ(ਘੱਗਰ) ਦੇ ਦੁਆਬੋ ਘੱਗ' ਵਿੱਚ ਦਾਖਲ ਹੋ ਚੁੱਕਾ ਸੀ।

ਕਿਰਾਤਾ ਦਾ ਸਰਦਾਰ ਸੰਬਰ ਹਥਿਆਰ ਘੁੜ-ਸਵਾਰ ਸੈਨਿਕਾ ਨੂੰ ਲੈ ਕੇ ਉਹਨੂੰ ਆਣ ਟੱਕਰਿਆ ਤੇ ਲਲਕਾਰਿਆ, "ਹੇ ਦਿਵੇਦਾਸ! ਮੈਂ ਪੁਰੂਜਨ ਦੇ ਰਾਜਾ ਪੁਰੂਕੁਤਸ ਦੁਆਰਾ ਤਬਾਹ ਕੀਤੇ ਰੋਪੜ ਨਗਰ ਦੇ ਖੇਤਰਾਂ ਨੂੰ ਖ਼ੂਨ ਦੇ ਹੰਝੂ ਰੋਂਦਿਆਂ ਨਮਸਕਾਰ ਕਰਕੇ ਆਇਆ ਹਾਂ। ਤੂੰ ਪਾਣੀਆ, ਨਿਸ਼ਾਦਾ ਨੂੰ ਹਰਾਉਂਦਾ ਆ ਰਿਹਾ ਏਂ। ਹੁਣ ਤੇਰਾ ਟਾਕਰਾ ਸ਼ਿਵਲਿਕ ਤੇ ਹਿਮਵੰਤ ਪਰਵਤ ਉੱਤੇ ਰਹਿੰਦੇ ਪਸ਼ੂ-ਪਾਲਕ ਕਬੀਲੇ ਦੇ ਕਿਰਾਤਾ ਨਾਲ ਹੋਵੇਗਾ।" ਸੰਬਰ ਕਿਰਾਤ ਉੱਚੀ ਆਵਾਜ਼ ਵਿੱਚ ਚੀਕਿਆ, "ਐ ਦਿਵੇਦਾਸ! ਮੈਂ ਆਪਣੇ ਸੈਨਿਕਾਂ ਨੂੰ ਲੈ ਕੇ ਜਾ ਰਿਹਾ ਹਾਂ। ਜੇ ਥੁਆਡੇ ਵਿੱਚ ਦਮ ਐ ਤਾਂ ਸਾਨੂੰ ਰੋਕ ਕੇ ਦਿਖਾਓ।" ਏਨਾ ਕਹਿੰਦਿਆਂ ਕਿਰਾਤ ਸੰਘਣੇ ਜੰਗਲ

ਵਿੱਚ ਅਲੋਪ ਹੋ ਗਏ ਸਨ।

ਹਨੇਰਾ ਹੋਣ ਤੋਂ ਪਹਿਲਾਂ-ਪਹਿਲਾਂ ਘਰ ਪਹੁੰਚਣ ਲਈ ਉਹ ਉਥੋਂ ਤੁਰਨ ਦੀ ਤਿਆਰੀ ਕਰਨ ਲੱਗੇ। ਮਾ. ਮੋਹਨ ਸਿੰਘ ਨੇ ਵਿਪਾਸ਼ ਦਰਿਆਵਾਂ ਦੇ ਜਲ ਨਾਲ ਭਰੇ ਮਟਕੇ ਵਿੱਚੋਂ, ਅੱਧਾ ਜਲ ਸ਼ਤਦਰੂ ਦੀ ਧਾਰਾ ਵਿੱਚ ਡੋਲ ਕੇ ਮਟਕਾ ਸ਼ਤਦਰੂ ਦੇ ਜਲ ਨਾਲ ਭਰ ਲਿਆ ਸੀ। ਤੇ ਪਰਾਤੀਆ ਪਥੇਰੇ ਨੇ ਵੀ ਆਪਣੇ ਜਲ ਵਿੱਚੋਂ ਤੀਸਰਾ ਹਿੱਸਾ ਜਲ ਸ਼ਤਦਰੂ ਦਰਿਆ ਵਿੱਚ ਡੋਲ ਕੇ ਊਣੇ ਹੋਏ ਮਟਕੇ ਨੂੰ ਸ਼ਰਧਾ ਪੂਰਵਕ ਸ਼ਤਦਰੂ ਦੇ ਜਲ ਨਾਲ ਭਰ ਲਿਆ ਸੀ।

ਚੱਲਣ ਲਈ ਉਤਸ਼ਾਹਿਤ ਹੋਏ ਪ੍ਰੋ. ਪਾਲ ਨੇ ਡਰਾਈਵਰ ਨੂੰ ਕਾਰ ਸਟਾਰਟ ਕਰਨ ਲਈ ਕਿਹਾ, ਜਿਵੇਂ ਉਹ ਰੋਪੜ ਤੋਂ ਦਿਵੋਦਾਸ ਦੀ ਆਰੀਆ ਸੈਨਾ ਨੂੰ ਚਕਮਾ ਦੇ ਕੇ ਨਿੱਕਲੇ ਕਿਰਾਤਾ ਦੀ ਇਤਿਹਾਸਕ ਪੈੜ ਨੱਪਦਿਆਂ ਉਹਨਾਂ ਦਾ ਸ਼ਿਵਾਲਿਕ ਦੀਆਂ ਪਹਾੜੀਆਂ ਵੱਲ ਜਾਣ ਦਾ ਰਾਹ ਤਲਾਸ਼ਣ ਲਈ ਉਤਾਵਲਾ ਹੋ ਰਿਹਾ ਹੋਵੇ।

ਕਾਰ ਵਿੱਚ ਬੈਠਾ ਪ੍ਰੋ. ਪਾਲ ਮਾ. ਮੋਹਨ ਤੇ ਪਰਾਤੀਆ ਪਥੇਰੇ ਨੂੰ ਦੱਸਣ ਲੱਗਿਆ ਕਿ ਰੋਪੜ ਤੋਂ ਸੰਘਣੇ ਜੰਗਲਾਂ ਨੂੰ ਛੱਡ ਕੇ ਸ਼ਿਵਾਲਿਕ ਦੀਆਂ ਪਹਾੜੀਆਂ ਵੱਲ ਜਾਣ ਦੇ ਦੋ ਹੀ ਰਾਹ ਹੋ ਸਕਦੇ ਸਨ। ਪਹਿਲਾ ਰੋਪੜ ਤੋਂ ਨਿੱਕਲ ਕੇ ਭਿਓਰਾ ਪਿੰਡ ਕੋਲ ਤੋਂ ਸਗਰਾਓ ਨਦੀ ਦੇ ਡੰਬ(ਪਾਣੀ ਦੇ ਬਹਾਅ) ਦੇ ਨਾਲ-ਨਾਲ ਤੇ ਦੂਸਰਾ ਆਰੀਆ ਸੈਨਾਨੂੰ ਚਕਮਾ ਦੇਣ ਲਈ ਥੋੜ੍ਹਾ ਅੱਗੇ ਜਾ ਕੇ ਰੰਗੀਲਪੁਰ ਪਿੰਡ ਤੋਂ ਬੁਧਕੀ ਨਦੀ ਦੀ ਕੱਕੀ ਰੇਤ ਵਿੱਚ ਨੂੰ। ਸ਼ਾਇਦ ਉੱਤੇ ਜੰਗਲ ਵਿੱਚ ਬੁਧਕੀ ਨਦੀ ਦੇ ਕਿਨਾਰੇ ਉੱਤੇ ਰੰਗੀਲ 'ਪੁਰ' (ਆਸੁਰਾਂ ਦੀ ਮੋਰਚਾਬੰਦੀ) ਹੋਵੇ।

ਪ੍ਰੋ. ਪਾਲ ਨੂੰ ਇਹਨਾਂ ਨਦੀਆਂ ਵਿੱਚ ਘੁੰਮਦੇ ਨੂੰ ਉਪਰੋਂ ਹੜ੍ਹ ਕੇ ਆਈ ਜਾਂ ਰੇਤਾ ਉਡਣ ਨਾਲ ਨੰਗੀ ਹੋਈ ਕਿਸੇ ਆਰੀਆ ਜਾਂ ਆਸੁਰ ਸੈਨਿਕ ਦੇ ਪਿੰਜਰ ਦੀ ਕੋਈ ਨਾ ਕੋਈ ਹੱਡੀ, ਪੱਸਲੀ ਲੱਭਦੀ ਰਹਿੰਦੀ ਸੀ ਤੇ ਪ੍ਰੋ. ਇਹਨਾਂ ਹੱਡੀਆਂ ਨੂੰ ਪਰਖਣ ਲਈ ਪੁਰਾਤਤਵ ਵਿਭਾਗ ਨੂੰ ਭੇਜ ਦਿੰਦਾਂ ਸੀ ਕਿ ਇਹਨਾਂ ਦਾ ਪਤਾ ਕੀਤਾ ਜਾਵੇ ਕਿਹੜੇ ਕਾਲ ਦੀਆਂ ਹਨ ਤੇ ਡੀ.ਐਨ.ਏ. ਟੈਸਟ ਕਰ ਕੇ ਦੇਖਿਆ ਜਾਵੇ ਕਿ ਕਿਹੜੀ ਹੱਡੀ ਆਸੁਰ ਤੇ ਕਿਹੜੀ ਆਰੀਆ ਸੈਨਿਕ ਦੀ ਏ? ਇਸ ਦੇ ਨਾਲ-ਨਾਲ ਕਿਸੇ ਤੀਰ, ਤਲਵਾਰ, ਕੁਹਾੜੇ, ਬਰਛੇ, ਭਾਲੇ ਆਦਿ ਹਥਿਆਰ ਦਾ ਕੋਈ ਟੁਕੜਾ ਲੱਭ ਪੈਂਦਾ ਸੀ। ਕਿਉਂਕਿ ਸ਼ਿਵਾਲਿਕ ਦੇ ਪੈਰਾਂ ਵਿੱਚ ਤੇ ਪਹਾੜੀਆਂ ਉੱਤੇ ਪਸ਼ੂ ਪਾਲਕ ਕਬੀਲੇ ਕਿਰਾਤਾ ਤੇ ਆਰੀਆ ਸੈਨਿਕਾਂ ਦਾ ਲੰਮੇ ਸਮੇਂ ਲਈ ਯੁੱਧ ਚਲਦਾ ਰਿਹਾ ਸੀ। ਕਿਰਾਤਾ ਦਾ ਸੈਨਾਪਤੀ ਸੰਬਰ ਤੇ ਆਰੀਆ ਦਾ ਸੈਨਾਪਤੀ ਦਿਵੋਦਾਸ ਸੀ। ਯੁੱਧ ਵਿੱਚ ਕਦੇ ਕਿਰਾਤਾ ਦਾ ਪਾਲੜਾ ਭਾਰੀ ਹੋ ਜਾਂਦਾ ਸੀ ਤੇ ਕਦੇ ਆਰੀਆ ਦਾ।

ਇਸ ਯੁੱਧ ਸੰਬੰਧੀ ਆਰੀਆ ਰਿਸ਼ੀਆਂ ਨੇ ਸੂਕਤਾਂ(ਗੀਤਾਂ) ਦੀ ਰਚਨਾ ਕੀਤੀ:

- ਪ੍ਰਤਾਪੀ ਰਾਜੇ ਸੰਬਰ ਨੇ ਇੱਕ ਵਾਰ ਤਾਂ ਦਿਵੋਦਾਸ ਦੇ ਛੱਕੇ ਛੁਡਾ ਦਿੱਤੇ।
- ਇੰਦਰ! (ਭਾਵ ਸੈਨਾਪਤੀ ਦਿਵੋਦਾਸ) ਨੇ ਸੰਬਰ ਦੇ 99 ਨਗਰਾਂ ਨੂੰ ਤੋੜਿਆ
- ਇੰਦਰ! ਤੁਸੀਂ 40,000 ਕਾਲੇ ਚਮੜੇ ਵਾਲਿਆਂ (ਆਸੁਰਾਂ) ਨੂੰ ਤਬਾਹ ਕੀਤਾ।
- ਸੰਬਰ ਨੂੰ ਪਰਬਤ ਤੋਂ ਗਿਰਾ ਦਿੱਤਾ।
- ਦਿਵੋਦਾਸ ਆਸੁਰ ਰਾਜੇ ਸੰਬਰ ਨਾਲ ਅਨੇਕਾਂ ਜਬਰਦਸਤ ਯੁੱਧ ਲੜਦਾ ਰਿਹਾ, 40 ਸਾਲ ਬਾਅਦ ਜੇਤੂ ਰਹਿਣ ਵਿੱਚ ਸਫਲ ਹੋਇਆ।

ਪ੍ਰੋ. ਪਾਲ ਨੇ ਦੱਸਿਆ ਕਿ ਜਦ ਇਸ ਇਲਾਕੇ ਵਿੱਚ ਏਨੇ ਲੰਮੇ ਸਮੇਂ ਲਈ ਆਰੀਆ ਤੇ ਆਸੁਰਾਂ ਦਾ ਯੁੱਧ ਹੁੰਦਾ ਰਿਹਾ ਸੀ, ਫਿਰ ਇਲਾਕੇ ਵਿੱਚ ਪੁਰਾਤਨ ਸੱਭਿਅਤਾ ਦੇ ਹੋਰ ਵੀ ਅਵਸ਼ੇਸ਼



ਮਿਲਣੇ ਚਾਹੀਦੇ ਸਨ। ਇਸ ਲਈ ਉਹ ਪਿੰਡ ਤੋਂ ਆਉਂਦਾ ਹੋਇਆ ਰੋਪੜ ਤੋਂ ਅੱਗੇ ਬੱਸ ਜਾਂ ਕਾਰ ਵਿੱਚ ਜਾਣ ਦੀ ਥਾਂ ਆਮ ਤੌਰ ਤੇ ਨਦੀਆਂ ਖੇਤਾਂ ਜਾਂ ਪਿੰਡ ਵਿੱਚ ਨੂੰ ਪੈਦਲ ਤੁਰ ਕੇ ਜਾਂਦਾ ਸੀ। ਤੇ ਖੁਦਾਈ ਕਰਦਿਆਂ ਪੁਰਾਤਨ ਵਸਤਾਂ ਬਾਰੇ ਪਤਾ ਕਰਦਾ ਰਹਿੰਦਾ ਸੀ। ਪੁਰਾਤਨ ਕਾਲ ਬਾਰੇ ਗੱਲਾਂ ਮਾਰੀ ਜਾਣ ਕਰਕੇ ਕੁਝ ਲੋਕ ਉਹਨੂੰ 'ਸਿਰ ਫਿਰਿਆ' ਪ੍ਰੋ. ਵੀ ਕਹਿੰਦੇ ਸਨ।

ਪਹਿਲਾ ਵਾਂਗ ਅੱਜ ਵੀ ਉਹ ਰੋਪੜ ਤੋਂ ਰਤਾ ਅੱਗੇ ਪਿੰਡਾਂ ਵਿੱਚ ਨੂੰ ਪੈਦਲ ਤੁਰ ਕੇ ਜਾਣਾ ਚਾਹੁੰਦਾ ਸੀ। ਪਰ ਉਹਨੇ ਸੋਚਿਆ ਕਿ ਜੇ ਉਹ ਅੱਜ ਕਾਰ ਵਿੱਚੋਂ ਉਤਰ ਕੇ ਪੈਦਲ ਤੁਰਨ ਲੱਗ ਪਿਆ, ਉਹਦੇ ਨਾਲ ਆਏ ਮਾ. ਮੋਹਨ ਤੇ ਪਰਾਤੀਆ ਪਥੇਰੇ ਨੂੰ ਬੁਰਾ ਲੱਗੇਗਾ। ਇਸ ਲਈ ਉਹਨੇ, ਉਹਨਾਂ ਦੇ ਨਾਲ ਹੀ ਕਾਰ ਵਿੱਚ ਬਹਿ ਕੇ ਜਾਣਾ ਚੰਗਾ ਸਮਝਿਆ ਸੀ।

ਹਰੀਪੁਰ ਪਿੰਡ ਪਹੁੰਚ ਕੇ ਮਾ. ਮੋਹਨ ਸਿੰਘ, ਕਾਰ ਵਿਚੋਂ ਉਤਰ ਕੇ, ਦਰਿਆਵਾਂ ਦੇ ਪਵਿੱਤਰ ਜਲ ਦਾ ਮਟਕਾ ਚੁੱਕ ਕੇ ਆਪਣੇ ਘਰ ਵੜ ਗਿਆ ਸੀ। ਤੇ ਲੋਕੀ ਉਹਦੇ ਘਰੋਂ ਥੋੜ੍ਹਾ-ਥੋੜ੍ਹਾ 'ਜਲ' ਲਿਜਾਣ ਵੀ ਲੱਗ ਪਏ ਸਨ।

ਪਿੰਡ ਤੋਂ ਚੜ੍ਹਦੇ ਵੱਲ ਪਥੇਰਿਆਂ ਦੀ ਬਸਤੀ ਵਿੱਚ ਪਹੁੰਚ ਕੇ ਪਰਾਤੀਆ ਪਥੇਰਾ, ਕੱਠੇ ਹੋਏ ਪਥੇਰਿਆਂ ਨੂੰ ਪ੍ਰੋ. ਪਾਲ ਤੋਂ 'ਆਸੁਰਾਂ' ਬਾਰੇ ਸੁਣੀਆਂ ਗੱਲਾਂ ਦੱਸਣ ਲੱਗ ਪਿਆ ਸੀ ਕਿ ਆਸੁਰ ਇਸ ਦੇਸ਼ ਦੇ ਰਾਜੇ ਹੁੰਦੇ ਸਨ ਤੇ ਦਰਿਆ ਦੇ ਕਿਨਾਰਿਆ ਉੱਤੇ ਹੁਣ ਵੀ ਉਹਨਾਂ ਦੇ ਰਾਜ-ਮਹਿਲਾਂ ਤੇ ਨਗਰਾਂ ਦੇ ਖੰਡਰ ਮੌਜੂਦ ਨੇ।

ਪ੍ਰੋ. ਪਾਲ ਵੀ ਉਤਸੁਕ ਹੋਇਆ ਦੱਸਣ ਲੱਗਿਆ, "ਆਸੁਰ ਤਾਂ ਹੁਣ ਵੀ ਝਾਰਖੰਡ ਦੇ ਜੰਗਲੀ ਇਲਾਕੇ ਵਿੱਚ ਰਹਿੰਦੇ ਨੇ। ਤੇ ਵਿਦਵਾਨ ਲਿਖਦੇ ਹਨ ਕਿ ਇਹ 'ਆਸੁਰ' ਸਿੰਧੂ ਘਾਟੀ ਕਾਲ ਤੇ ਮਹਾਂਭਾਰਤ ਕਾਲ ਦੇ ਆਸੁਰਾਂ ਦੇ ਵਾਰਸ ਨੇ। ਪਰ ਖਾਣਾ ਖਰੀਦਣ ਵਾਲਿਆਂ ਦੁਆਰਾ ਧੱਕੇ ਨਾਲ ਉਹਨਾਂ ਦੀ ਜ਼ਮੀਨ ਖੋਹਣ ਲਈ ਪੁਲਿਸ ਦੀ ਸ਼ਹਿ ਉੱਤੇ ਉਹਨਾਂ ਦੇ ਕਤਲ, ਬਲਾਤਕਾਰ ਕੀਤੇ ਜਾਣ ਕਰਕੇ ਬਹੁਤ ਸਾਰੇ ਆਸੁਰ ਵੀ ਨੇਤਰਹਾਟ ਦੇ ਜੰਗਲ ਨੂੰ ਛੱਡ ਕੇ ਦੂਰ-ਦੁਰਾਡੇ ਦੀਆਂ ਥਾਂਵਾਂ ਉੱਤੇ ਜਾ ਕੇ ਮਿਹਨਤ ਮਜਦੂਰੀ ਕਰਨ ਲੱਗ ਪਏ ਨੇ।

ਪਥੇਰਿਆਂ ਦੇ ਗੋਂਡ ਘੁੰਟਨ, ਤੇ ਗੰਡਾਧੁਰ ਆਦਿ ਬਜ਼ੁਰਗ ਵੀ ਦੱਸਣ ਲੱਗ ਪਏ ਸਨ, "ਭੱਠੇ ਉੱਤੇ ਇੱਟਾਂ ਦੀ ਪਥੇਰ ਕਰਦਾ ਤੇ ਪਥੇਰਿਆਂ ਦੀ ਬਸਤੀ ਵਿੱਚ ਰਹਿੰਦਾ ਸਾਡਾ ਕਬੀਲਾ ਵੀ ਨੇਤਰਹਾਟ ਦੇ ਜੰਗਲਾਂ ਵਿੱਚੋਂ ਜਰਵਾਨਿਆ ਦੁਆਰਾ ਕੀਤੇ ਜਾਂਦੇ ਕਤਲ, ਬਲਾਤਕਾਰਾਂ ਤੋਂ ਡਰ ਕੇ ਭੱਜ ਕੇ ਆਇਆ ਹੋਇਆ ਆਸੁਰਾਂ ਦਾ ਕਬੀਲਾ ਹੈ।"

ਪ੍ਰੋ.ਪਾਲ ਨੇ ਸਿਆਲਬੇ ਤੋਂ ਰਾਜੂ ਪੇਂਟਰ ਨੂੰ ਬੁਲਾ ਕੇ 'ਪਥੇਰਿਆਂ ਦੀ ਬਸਤੀ' ਵਾਲੇ ਬੋਰਡ ਨੂੰ ਉਤਰਵਾ ਕੇ 'ਆਸੁਰਾਂ ਦੀ ਬਸਤੀ' ਦਾ ਬੋਰਡ ਲਵਾ ਦਿੱਤਾ ਸੀ।

ਹੁਣ ਆਸੁਰ ਨਰ-ਨਾਰੀ, ਉਹਨਾਂ ਦੇ ਪੂਰਵਜ ਆਸੁਰਾਂ ਦੀ ਧਰਤੀ 'ਤੇ ਵਗਦੇ ਦਰਿਆਵਾਂ ਤੇ ਮਟਕੇ ਵਿੱਚ ਲਿਆਂਦੇ ਪਵਿੱਤਰ ਜਲ ਨੂੰ ਵੰਡ ਕੇ ਪੀਣ ਲੱਗ ਪਏ ਸਨ। ਤੇ ਆਪਣੀ ਬੋਲੀ ਵਿੱਚ ਢੋਲਕ ਤੇ ਵੀਣਾ ਦੀ ਤਾਲ ਉੱਤੇ ਖੁਸ਼ੀ ਤੇ ਗਮੀ ਦੇ ਗੀਤ, ਆਪਣਾ ਲੋਕ ਨਾਚ ਨੱਚਦਿਆ ਗੌਣ ਲੱਗ ਪਏ ਸਨ।

**ਮੋ: 98881-29977**

# ਆਟੋ ਨੰਬਰ 420/ਸੁਖਜੀਤ

ਭੀੜ ਵਾਲੀ ਸੜਕ 'ਤੇ ਉਹ ਖਾਲੀ ਆਟੋ ਲਈ ਜਾ ਰਿਹਾ ਸੀ ਕਿ ਆਟੋ ਦੇ ਨਾਲ-ਨਾਲ ਕਾਲੇ ਰੰਗ ਦੀ ਲੰਬੀ ਕਾਰ ਚੱਲਣ ਲੱਗੀ। ਕਾਰ ਇੰਨੀ ਚਮਕਦਾਰ ਸੀ ਕਿ ਉਹਨੇ ਦੇਖਿਆ ਤਾਂ ਉਸ ਦਾ ਅਤੇ ਆਟੋ ਦਾ ਇੱਕ ਅਜੀਬ ਅਕਸ ਦਿੱਸਣ ਲੱਗਾ। ਉਹ ਦੇਖਦਾ ਹੀ ਰਹਿ ਗਿਆ।

ਬਸ ਕੁਝ ਹੀ ਛਿਣ ਤੇ ਉਸ ਦਾ ਆਟੋ ਕਾਰ ਦੇ ਨਾਲ ਜਾ ਟਕਰਾਇਆ। ਜ਼ੋਰਦਾਰ ਆਵਾਜ਼ ਦੇ ਨਾਲ ਕਾਰ ਦੇ ਉੱਤੇ ਇੱਕ ਝਰੀਟ ਖਿੱਚਦੀ ਚਲੀ ਗਈ। ਡਰਾਈਵਰ ਨੇ ਕਾਰ ਇੱਕਦਮ ਦੂਜੇ ਪਾਸੇ ਘੁੰਮਾਈ ਤਾਂ ਉੱਧਰ ਵੀ ਕਿਸੇ ਗੱਡੀ ਨਾਲ ਟਕਰਾਉਣ ਦਾ ਧਮਾਕਾ ਜਿਹਾ ਸੁਣਿਆ। ਅਚਾਨਕ ਕਾਰ ਦਾ ਅਗਲਾ ਸ਼ੀਸ਼ਾ ਖੁੱਲ੍ਹਿਆ ਤੇ ਅੰਦਰ ਬੈਠਾ ਗੰਨਮੈਨ ਉਹਦੇ ਵੱਲ ਗੰਨ ਸਿੱਧੀ ਕਰ ਕੇ ਚੀਕਿਆ, "ਅੰਨੈਂ ਸਾਲੇਆ!"

ਉਹ ਐਨਾ ਡਰ ਗਿਆ ਕਿ ਉਹਦੇ ਕੋਲੋਂ ਆਟੋ ਦਾ ਹੈਂਡਲ ਆਪਣੇ ਆਪ ਹੀ ਖੱਬੇ ਪਾਸੇ ਘੁੰਮ ਗਿਆ। ਏਹ ਤਾਂ ਉਹਦੀ ਕਿਸਮਤ ਚੰਗੀ ਸੀ ਪਤਾ ਨਹੀਂ ਮਾੜੀ ਕਿ ਖੱਬੇ ਪਾਸੇ ਇੱਕ ਸੜਕ ਜਾਂਦੀ ਸੀ। ਉਹ ਪੂਰੀ ਤਰ੍ਹਾਂ ਬੋਖਲਾਇਆ ਹੋਇਆ ਸੀ। ਆਟੋ ਉਸ ਸੜਕ ਤੇ ਪੈਂਦਿਆਂ ਹੀ ਉਸ ਨੇ ਐਕਸੀਲੇਟਰ ਪੂਰਾ ਘੁਮਾ ਦਿੱਤਾ। ਉਸਨੂੰ ਲੱਗ ਰਿਹਾ ਸੀ ਕਿ ਗੋਲੀ ਉਹਦੇ ਵੱਜੀ ਕਿ ਵੱਜੀ ਜਾਂ ਪਿੱਛੋਂ ਕਾਰ ਆਵੇਗੀ ਤੇ ਉਹਦੇ ਆਟੋ ਨੂੰ ਟੱਕਰ ਮਾਰ ਕੇ ਹਵਾ 'ਚ ਉਛਾਲ ਦੇਵੇਗੀ। ਉਹਦੇ ਪਸੀਨੇ ਛੁੱਟ ਰਹੇ ਸਨ।

ਐਸੀ ਹਾਲਤ 'ਚ ਵੀ ਉਹ ਦੇਖ ਵੀ ਰਿਹਾ ਤੇ ਥੋੜ੍ਹਾ ਬਹੁਤ ਸੋਚ ਵੀ। ਉਦੋਂ ਹੀ ਉਹਨੇ ਸਿੱਧਾ ਜਾਣ ਦੀ ਬਜਾਏ ਖੱਬੇ ਹੱਥ ਮੁੜਦੇ ਕੱਚੇ ਰਸਤੇ ਵੱਲ ਆਟੋ ਮੋੜ ਦਿੱਤਾ। ਪਤਾ ਨਹੀਂ ਉਹ ਕਿੰਨੀ ਦੇਰ ਚੱਲਦਾ ਰਿਹਾ, ਉਹਨੂੰ ਉਦੋਂ ਹੋਸ਼ ਆਈ ਜਦੋਂ ਆਟੋ ਇੱਕ ਜੰਗਲ 'ਚ ਵੜਣ ਲੱਗਾ। ਉਹ ਹੁਣ ਵੀ ਏਨਾਂ ਡਰਿਆ ਹੋਇਆ ਸੀ ਕਿ ਰੁੱਖਾਂ ਅਤੇ ਝਾੜੀਆਂ ਤੋ ਬਚਾਉਂਦਾ ਆਟੋ ਨੂੰ ਕਦੇ ਸੱਜੇ ਕਦੇ ਖੱਬੇ ਕਰਦਾ ਜੰਗਲ 'ਚ ਸਮਾ ਜਾਣਾ ਚਾਹੁੰਦਾ ਸੀ। ਜੰਗਲ ਸੰਘਣਾਂ, ਹੋਰ ਸੰਘਣਾਂ ਅਤੇ ਬੇਹੱਦ ਸੰਘਣਾਂ ਹੁੰਦਾ ਜਾ ਰਿਹਾ ਸੀ ਕਿ ਅਚਾਨਕ ਝਾੜੀਆਂ ਵਿਚਾਲੇ ਇੱਕ ਟੋਏ 'ਚ ਆਟੋ ਫਸ ਗਿਆ। ਉਹਨੇ ਤਿੰਨ ਚਾਰ ਵਾਰ ਆਟੋ ਨੂੰ ਅੱਗੇ ਪਿੱਛੇ ਕਰਨ ਦੀ ਕੋਸ਼ਿਸ਼ ਕੀਤੀ ਪਰ ਜਦੋਂ ਆਟੋ ਬੰਦ ਹੋਇਆ ਤਾਂ ਉਸਨੂੰ ਖਿਆਲ ਆਇਆ ਕਿ ਆਟੋ 'ਚ ਤੇਲ ਵੀ ਹੁੰਦਾ ਹੈ। ਫਿਰ ਵੀ ਆਟੋ ਸਟਾਟ ਕਰਨ ਦੇ ਇੱਕ ਦੋ ਵਿਅਰਥ ਯਤਨ ਕਰ ਕੇ ਉਸ ਨੇ ਆਟੋ ਛੱਡਿਆ ਤੇ ਭੱਜਣ ਲੱਗਾ। ਫਿਰ ਕੁਝ ਸੋਚ ਵਾਪਿਸ ਮੁੜਿਆ ਕਿ ਘਾਹ ਫੂਸ, ਪੱਤੇ, ਟਾਹਣੀਆਂ ਨਾਲ ਆਟੋ ਨੂੰ ਢੱਕ ਦਿੱਤਾ ਤੇ ਉਹ ਅਚਾਨਕ ਜੰਗਲ 'ਚ ਟੇਢਾ-ਮੇਢਾ ਹੁੰਦਿਆਂ ਹਫਦਾ ਹੋਇਆ ਭੱਜਦਾ ਰਿਹਾ ਉਦੋਂ ਤੱਕ ਸਾਹਮਣੇ ਭਰਕੇ ਵਗਦੀ ਇੱਕ ਛੋਟੀ ਜਿਹੀ ਨਦੀ ਆ ਗਈ। ਪਾਣੀ ਨੂੰ ਦੇਖ ਉਹਦੀ ਤ੍ਰੇਹ ਜਾਗ ਪਈ। ਪਾਣੀ ਪੀ ਕੇ ਉਹਦਾ ਮਨ ਕੁਝ ਸ਼ਾਂਤ ਹੋਇਆ, ਉਹ ਉੱਥੇ ਹੀ ਬੈਠ ਗਿਆ ਅਤੇ ਪਹਿਲੀ ਵਾਰ ਸੋਚਿਆ ਕਿ ਇੱਥੋ ਤੱਕ ਗੱਡੀ ਅਤੇ ਗੋਲੀ ਨਹੀਂ ਆ ਸਕਦੀ। ਉਹ ਚੈਨ ਦਾ ਸਾਹ ਲੈਂਦਿਆਂ ਉੱਥੇ ਹੀ ਲੰਮਾ ਪੈ ਗਿਆ।

ਅਚਾਨਕ ਉਸਨੂੰ ਲੱਗਾ ਕਿ ਰਾਤ ਉੱਤਰ ਰਹੀ ਹੈ। ਉਸਨੂੰ ਖਿਆਲ ਆਇਆ ਕਿ ਜੰਗਲੀ ਜਾਨਵਰ ਏਸ ਜਲ ਧਾਰਾ ਤੇ ਪਾਣੀ ਪੀਣ ਜ਼ਰੂਰ ਆਉਂਦੇ ਹੋਣਗੇ। ਏਸ ਖਿਆਲ ਨਾਲ ਹੀ ਉਸ ਦੀ ਰੀੜ੍ਹ ਦੀ ਹੱਡੀ 'ਚ ਕੰਬਣੀ ਜਿਹੀ ਛਿੜੀ, ਉਹ ਬੁੜਕ ਕੇ ਉੱਠਿਆ ਤੇ ਛੇਤੀ ਤੋਂ ਛੇਤੀ ਏਥੋਂ ਦੂਰ ਆਪਣੇ ਆਟੋ ਕੋਲ ਪਹੁੰਚਣ ਲਈ ਵਾਹੋ ਦਾਹੀ ਤੁਰਨ ਲੱਗਾ। ਨੇਰ੍ਹੇ ਵਿੱਚ ਆਟੋ ਨੂੰ ਲੱਭਦਿਆਂ ਪਤਾ ਨਹੀਂ ਉਹ ਕਿੰਨੀ ਵਾਰ ਦਰਖਤਾਂ ਨਾਲ ਟਕਰਾਇਆ ਤੇ ਝਾੜੀਆ 'ਚ ਫਸਿਆ ਤੇ ਜੰਗਲ ਦੀਆਂ ਖੌਫਨਾਕ ਆਵਾਜ਼ਾਂ ਸੁਣਦਿਆਂ ਤ੍ਰੱਬਕ ਕੇ ਰੁਕਿਆ, ਭੱਜਿਆ, ਹਫਦਾ ਹੋਇਆ ਬੈਠਾ ਤੇ ਭੈਅ ਨਾਲ ਕੰਬਦਾ ਰਿਹਾ।

ਹੁਣ ਪੂਰੇ ਜੰਗਲ 'ਚ ਉਸ ਦੇ ਲਈ ਸੁੱਰਖਿਅਤ ਟਿਕਾਣਾ ਉਸ ਦਾ ਆਟੋ ਹੀ ਸੀ, ਜੋ ਕਿਸੇ ਵੀ ਤਰ੍ਹਾਂ ਉਸਨੂੰ ਮਿਲ ਨਹੀਂ ਸੀ ਰਿਹਾ ਕਿ ਅਚਾਨਕ ਉਸ ਨੇ ਕੁਝ ਸੁੰਘਣ ਦੀ ਕੋਸ਼ਿਸ਼ ਕੀਤੀ, ਜੰਗਲ ਦੀਆਂ ਮਹਿਕਾਂ ਵਿੱਚੋ ਇਹ ਜਾਣੀ ਪਹਿਚਾਣੀ ਗੰਧ ਸੀ। ਜਿੱਧਰੋਂ ਹਵਾ ਦਾ ਬੁੱਲਾ ਆਇਆ ਸੀ, ਸੁੰਘਦਾ ਹੋਇਆ, ਉਹ ਉੱਧਰ ਨੂੰ ਵੱਧਣ ਲੱਗਾ। ਗੰਧ ਦੇ ਨਾਲ-ਨਾਲ ਉਸ ਦੀ ਖੁਸ਼ੀ ਵੀ ਵਧਦੀ ਜਾ ਰਹੀ ਸੀ। ਉਸਨੂੰ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਵਰ੍ਹਿਆਂ ਤੋਂ ਵਿੱਛੜਿਆ ਕੋਈ ਭਰਾਵਾਂ ਵਰਗਾ ਯਾਰ ਮਿਲ ਰਿਹਾ ਹੋਵੇ। ਅੰਤ ਨੂੰ ਉਹ ਆਪਣੇ ਆਟੋ ਕੋਲ ਪਹੁੰਚ ਹੀ ਗਿਆ। ਅੰਤਾਂ ਦੀ ਖੁਸ਼ੀ ਦੇ ਨਾਲ ਆਟੋ ਨੂੰ ਚੁੰਮਦੇ ਹੋਏ ਉਸ ਦਾ ਮਨ ਭਰਿਆ ਤੇ ਅੱਖਾਂ ਵੀ । ਉਹ ਪੂਰੇ ਤੇ ਪੂਰੇ ਆਟੋ ਨੂੰ ਬਾਹਾਂ ਵਿੱਚ ਭਰ ਲੈਣਾ ਚਾਹੁੰਦਾ ਸੀ। ਰਾਤ ਚਾਨਣੀ ਸੀ ਪਰ ਜੰਗਲ ਘੁੱਪ ਹਨੇਰਾ ਸੀ। ਉਂਜ ਕਦੇ ਕਦੇ ਚੰਦ ਦਾ ਚਮਕਾਰਾ ਜਿਹਾ ਵੱਜਦਾ ਤਾਂ ਆਟੋ ਤੇ ਨਿਕਲ ਕੀਤੇ ਪਾਇਪ ਚਮਕ ਜਾਂਦੇ। ਉਸ ਨੇ ਘਾਹ ਫੂਸ ਲਾਹ ਕੇ ਆਟੋ ਨੂੰ ਤਰਪਾਲ ਨਾਲ ਚੰਗੀ ਤਰ੍ਹਾਂ ਕਵਰ ਕੀਤਾ। ਮੁੜ ਟਾਹਣੀਆਂ ਤੇ ਘਾਹ ਫੂਸ ਨਾਲ ਛੁਪਾ ਕੇ ਆਟੋ ਦੇ ਅੰਦਰ ਇੰਜ ਜਾ ਬੈਠਾ ਜਿਵੇਂ ਕੋਈ ਸ਼ਹਿਨਸ਼ਾਹ ਆਪਣੇ ਕਿਲ੍ਹੇ 'ਚ ਬੇਫਿਕਰ ਬੈਠਾ ਹੋਵੇ। ਸਵੇਰੇ ਜਦੋਂ ਉਹਦੀ ਅੱਖ ਖੁੱਲ੍ਹੀ ਤਾਂ ਪੰਛੀਆਂ ਦੀ ਚਹਿਚਹਾਟ ਦੇ ਨਾਲ ਸੰਘਣੇ ਰੁੱਖਾਂ 'ਚ ਛਣ-ਛਣ ਕੇ ਆਉਂਦੀ ਧੁੱਪ ਨੇ ਉਸਨੂੰ ਜੀ ਆਇਆਂ ਕਿਹਾ। ਨਦੀ ਵੱਲ ਜਾਣ ਲੱਗਿਆਂ ਉਸ ਨੇ ਆਟੋ 'ਚ ਲੁਕਾ ਕੇ ਰੱਖਿਆ ਦਾਤ ਫੜ੍ਹ ਲਿਆ। ਨਦੀ ਲੱਭਦਾ ਉਹ ਜਿੱਥੋਂ ਦੀ ਵੀ ਲੰਘਦਾ ਟਾਹਣੀਆਂ ਕੱਟਦਾ ਜਾਂਦਾ ਤਾਂ ਕਿ ਮੁੜਦਿਆਂ ਔਖ ਨਾ ਹੋਵੇ। ਉਹਨੇ ਆਪਣੇ ਲਈ ਇੱਕ ਦਾਤਣ ਬਣਾਈ ਤੇ ਦਾਤਣ ਕਰਦਾ ਨਦੀ ਵੱਲ ਵਧਣ ਲੱਗਾ। ਖੁੱਲ੍ਹੇ ਅਤੇ ਸਵੱਛ ਪਾਣੀ ਵਿੱਚ ਨਹਾ ਕਿ ਉਸਨੂੰ ਏਨਾ ਆਨੰਦ ਆਇਆ ਕਿ ਉਹ ਖੁਦ ਨੂੰ ਕੋਈ ਰਿਸ਼ੀ ਸਮਝਣ ਲੱਗਾ। ਝਾੜੀਆ 'ਚ ਫਸ ਕੇ ਲਗਭਗ ਪਾਟ ਚੁੱਕੇ ਕੱਪੜੇ ਪਾਉਣ ਨੂੰ ਉਸ ਦਾ ਮਨ ਨਾ ਮੰਨਿਆ। ਉਹ ਸਰੀਰ ਤੇ ਪੱਤੇ ਲਪੇਟਣ ਬਾਰੇ ਸੋਚਣ ਲੱਗਾ, ਫਿਰ ਮੁਸਕਰਾਉਂਦਿਆਂ ਉਸ ਨੇ ਉਹੀ ਕੱਪੜੇ ਪਾ ਲਏ।

ਮੁੜਦਿਆਂ ਉਹਨੂੰ ਬਹੁਤ ਭੁੱਖ ਲੱਗੀ। ਜੰਗਲੀ ਫਲਾਂ ਦੀ ਭਾਲ 'ਚ ਉਸ ਨੇ ਏਧਰ ਓਧਰ ਵੇਖਿਆ ਤਾਂ ਇੱਕ ਛੋਟਾ ਜਿਹਾ ਬੂਟਾ ਨਿੱਕੇ-ਨਿੱਕੇ ਲਾਲ ਫਲਾਂ ਨਾਲ ਲੱਦਿਆ ਹੋਇਆ ਦਿੱਸਿਆ। ਇਹ ਗੱਲ ਉਸਨੂੰ ਪਤਾ ਨਹੀਂ ਕਿਵੇਂ ਸੁੱਝੀ ਕਿ ਉਸਨੇ ਦਾਤ ਪਾਸੇ ਰੱਖ ਬੂਟੇ ਦੀ ਪਰਿਕਰਮਾ ਕੀਤੀ ਤੇ ਫਿਰ ਚੌਂਕੜੀ ਮਾਰ ਬੂਟੇ ਦੇ ਕੋਲ ਬੈਠ, ਨਮਸਕਾਰ ਕਰਦਿਆਂ ਫਲ ਖਾਣ ਲੱਗਾ। ਫਲ ਮਿੱਠੇ, ਥੋੜ੍ਹੇ ਖੱਟੇ ਕੁਸੈਲੇ ਵੀ ਸਨ ਪਰ ਉਹਨੂੰ ਏਨਾ ਸਵਾਦ ਆ ਰਿਹਾ ਸੀ ਜਿਵੇਂ ਕਦੇ ਕਦਾਈਂ ਖੁਸ਼ ਹੋ ਕੇ ਉਹਦੀ ਘਰਵਾਲੀ ਦਿਲ ਨਾਲ ਖਾਣਾ ਬਣਾਉਂਦੀ, ਪਰੋਸਦੀ ਤੇ ਕੋਲ ਬਹਿ ਕੇ ਖਵਾਉਂਦੀ। ਉਸ ਦੀ ਭੁੱਖ ਤਾਂ ਸ਼ਾਂਤ ਨਹੀਂ ਸੀ ਹੋਈ ਪਰ ਉਸ ਨੇ ਬਹੁਤ ਸਾਰੇ ਫਲ ਬੂਟੇ ਉਥੇ ਹੀ ਛੱਡ ਦਿੱਤੇ, ਪੰਛੀਆਂ ਲਈ।

ਪਤਨੀ ਦਾ ਧਿਆਨ ਆਉਂਦਿਆਂ ਹੀ ਉਹਦਾ ਮਨ ਹੋਇਆ ਕਿ ਮੋਬਾਇਲ ਤੇ ਪਤਨੀ ਨਾਲ ਗੱਲ ਕਰੇ ਪਰ ਮੋਬਾਇਲ ਤਾਂ ਰਾਤ ਹੀ ਬੰਦ ਹੋ ਗਿਆ ਸੀ ਜਦੋਂ ਭੱਜ ਨੱਸ ਵਿੱਚ ਪਤਨੀ ਦਾ ਫੋਨ ਆਇਆ ਸੀ, "ਘਰ ਕਦੋਂ ਆਉਗੇ?" ਤਾਂ ਉਸਨੇ ਕਹਿ ਦਿੱਤਾ ਸੀ ਕਿ ਸ਼ਹਿਰ ਤੋਂ ਬਾਹਰ ਦੀ ਸਵਾਰੀ ਮਿਲੀ ਹੈ, ਆਉਣ 'ਚ ਕੁੱਝ ਦਿਨ ਲੱਗਣਗੇ। ਉਹ ਹਰੀ ਚਾਚਾ ਦੀ ਦੁਕਾਨ ਤੋਂ ਰਾਸ਼ਨ

ਲੈਂਦੇ ਰਹਿਣ, ਉਹ ਆ ਕੇ ਹਿਸਾਬ ਕਰ ਦੇਵੇਗਾ।

ਸਵੇਰ ਦੀ ਤਰ੍ਹਾਂ ਹੀ ਉਸਨੂੰ ਬੀੜੀ ਦੀ ਤਲਬ ਲੱਗੀ ਪਰ ਭੱਜਣ ਤੋਂ ਪਹਿਲਾਂ ਨਾ ਉਸ ਕੋਲ ਬੀੜੀ ਸੀ, ਨਾ ਮਾਚਿਸ। ਪਰ ਬੀੜੀ ਦੀ ਤਲਬ ਨੇ ਉਸਨੂੰ ਦੋ ਕੁ ਦਿਨ ਹੀ ਪਰੇਸ਼ਾਨ ਕੀਤਾ ਸੀ। ਹੁਣ ਉਹਦਾ ਪੂਰਾ ਧਿਆਨ ਭੁੱਖ ਤੇ ਹੀ ਲੱਗਾ ਰਹਿੰਦਾ। ਜੰਗਲੀ ਫਲ ਮਿਲਦੇ ਤਾਂ ਫਲ, ਖੱਟੇ ਮਿੱਠੇ ਕੌੜੇ, ਜਿਹੋ ਜਿਹੇ ਵੀ ਹੁੰਦੇ ਉਹ ਢਿੱਡ ਭਰ ਲੈਂਦਾ, ਫਲ ਨਹੀਂ ਤਾਂ ਫੁੱਲ, ਫੁੱਲ ਨਹੀਂ ਤਾਂ ਪੱਤੇ, ਇੱਥੋਂ ਤੱਕ ਕਿ ਕਦੇ ਕਦਾਈ ਰੁੱਖਾਂ ਦੀ ਛਿੱਲ ਵੀ ਉਹ ਸਭ ਖਾ ਜਾਂਦਾ, ਪਤਾ ਨਹੀਂ ਉਸ ਜਲ ਧਾਰਾ ਦੇ ਜਲ 'ਚ ਐਸਾ ਕੀ ਸੀ ਜਾਂ ਜੰਗਲ ਦੀ ਹਵਾ 'ਚ ਕੁਝ ਸੀ ਕਿ ਉਹਨੂੰ ਏਨੀ ਭੁੱਖ ਲੱਗਦੀ, ਲੱਗਦਾ ਉਹ ਪੂਰੇ ਦਾ ਪੂਰਾ ਦਰਖਤ ਹੀ ਖਾ ਜਾਵੇਗਾ।

ਕੁੱਝ ਦਿਨਾਂ ਪਿੱਛੋਂ ਉਸ ਨੇ ਨਹਾਉਣ ਤੇ ਖਾਣ ਪੀਣ ਤੋਂ ਬਿਨਾਂ ਇੱਕ ਕੰਮ ਹੋਰ ਕਰਨਾ ਸ਼ੁਰੂ ਕਰ ਦਿੱਤਾ ਸੀ। ਸ਼ਹਿਰ ਕਿਸ ਪਾਸੇ ਹੈ ਉਹ ਜਾਨਣ ਲਈ ਜੰਗਲ ਦੀ ਦਿਸ਼ਾ ਵੱਲ ਤੁਰ ਪੈਂਦਾ।

ਆਟੋ ਚਲਾਉਂਦਿਆਂ ਏਨੀ ਉਮਰ ਉਹ ਸ਼ਹਿਰ 'ਚ ਹੀ ਗੁਆਚਾ ਰਿਹਾ ਪਰ ਉਸਨੂੰ ਸ਼ਹਿਰ ਦਾ ਕੋਈ ਹੱਦ ਬੰਨਾ ਨਹੀਂ ਸੀ ਲੱਭਾ। ਇਹੀ ਹਾਲ ਜੰਗਲ ਦਾ ਸੀ। ਪੰਦਰਾਂ, ਵੀਹ ਜਾਂ ਏਦੂੰ ਵੀ ਜ਼ਿਆਦਾ ਦਿਨ ਲੰਘ ਚੁੱਕੇ ਸਨ ਸ਼ਾਇਦ ਮਹੀਨੇ ਤੋਂ ਵੀ ਵੱਧ ਪਰ ਨਿੱਤ ਦੀਆਂ ਕੋਸ਼ਿਸ਼ਾਂ ਪਿੱਛੋਂ ਵੀ ਉਸਨੂੰ ਸ਼ਹਿਰ ਦੀ ਕੋਈ ਨਿਸ਼ਾਨੀ ਨਹੀਂ ਦਿੱਸੀ। ਇੱਕ ਦਿਨ ਬੈਠਾ ਉਹ ਪੁਰਾਣੇ ਦਿਨਾਂ ਬਾਰੇ ਸੋਚ ਰਿਹਾ ਸੀ ਕਿ ਉਸਨੂੰ ਸਟੈਂਡ ਤੇ ਬੈਠੇ ਆਪਣੇ ਦੋਸਤ ਦੀ ਗੱਲ ਯਾਦ ਆ ਗਈ। ਉਸਨੇ ਕਿਹਾ ਸੀ "ਸੁਣਿਐਂ ਯਾਰੋ, ਸ਼ਹਿਰ ਦੇ ਚੜ੍ਹਦੇ ਪਾਸੇ ਬੜਾ ਭਿਆਨਕ ਜੰਗਲ ਐ?" ਇਹ ਸੋਚਦਿਆਂ ਹੀ ਉਹਦੀਆਂ ਅੱਖਾਂ 'ਚ ਚਮਕ ਆ ਗਈ।

ਅਗਲੀ ਸਵੇਰ ਉਹ ਸੂਰਜ ਦੇਵਤਾ ਤੋਂ ਦਿਸ਼ਾ ਲੈ ਕੇ ਛਿਪਦੇ ਪਾਸੇ ਚੱਲ ਪਿਆ। ਕੋਈ ਤਿੰਨ ਕੁ ਦਿਨ ਪਿੱਛੋਂ ਜਦੋਂ ਉਹ ਸ਼ਹਿਰ 'ਚ ਦਾਖਲ ਹੋਇਆ, ਲੱਗ ਰਿਹਾ ਸੀ ਜਿਵੇਂ ਉਹ ਵਰ੍ਹਿਆਂ ਬਾਅਦ ਸ਼ਹਿਰ ਆਇਆ ਹੋਵੇ। ਚਾਅ ਵਿੱਚ ਉਹ ਅੱਗੇ ਹੀ ਅੱਗੇ ਵੱਧਦਾ ਜਾ ਰਿਹਾ ਸੀ ਕਿ ਅਚਾਨਕ ਉਸਨੇ ਥਾਂ ਪਛਾਣਨ ਦੀ ਕੋਸ਼ਿਸ਼ ਕੀਤੀ। ਪਛਾਣਦਿਆਂ ਹੀ ਉਹ ਰੱਬ ਦਾ ਸ਼ੁਕਰ ਕਰਨ ਲੱਗਾ। ਇਹ ਉਹੀ ਹਸਪਤਾਲ ਸੀ ਜਿੱਥੇ ਉਹ ਤਿੰਨ ਚਾਰ ਹਫਤਿਆਂ ਬਾਅਦ ਆਪਣਾ ਖ਼ੂਨ ਵੇਚਣ ਆਇਆ ਕਰਦਾ ਸੀ। ਉਸਨੇ ਸੋਚਿਆ ਬਾਕੀ ਰਾਤ ਹਸਪਤਾਲ ਦੇ ਬਰਾਂਡੇ 'ਚ ਕੱਟ ਕੇ ਸਵੇਰੇ ਖ਼ੂਨ ਦੇ ਪੈਸੇ ਲੈ ਕੇ ਹੀ ਘਰ ਜਾਵੇਗਾ। ਜਾਣ ਤੋਂ ਪਹਿਲਾ ਕਿਸੇ ਪੀ.ਸੀ.ਓ. ਤੋਂ ਘਰ ਫੋਨ ਵੀ ਕਰ ਲਵੇਗਾ, ਕਿਤੇ ਕੋਈ ਗੜ੍ਹਬੜ ਤਾਂ ਨਹੀਂ ਹੋਈ। ਫਿਰ ਆਪਣੇ ਦੋਸਤ ਬੰਸੀ ਨੂੰ ਲੈ ਕੇ ਜੰਗਲ ਵਿੱਚੋਂ ਆਟੋ ਵੀ ਤਾਂ ਲੈ ਕੇ ਆਉਣਾ ਹੈ। ਸਵੇਰੇ ਜਦੋਂ ਹਸਪਤਾਲ ਦਾ ਪੀਅਨ ਚਾਂਦੀ ਮਿਲਿਆ ਉਹਦੇ ਮੂੰਹੋਂ ਆਪਣਾ ਨਾ ਸੁਣ ਕੇ ਚਾਂਦੀ ਉਸ ਵੱਲ ਹੈਰਾਨੀ ਨਾਲ ਦੇਖਣ ਲੱਗਾ।

"ਕੀ ਹੋਇਆ ਚਾਂਦੀ ਬਾਊ ਜੀ?" ਚਾਂਦੀ ਦੀ ਹੈਰਾਨੀ ਹੋਰ ਵੱਧ ਗਈ ਤੇ ਉਲਝਿਆ ਜਿਹਾ ਬੋਲਿਆ, "ਤੂੰ ਨੀਲ ਹੀ ਐਂ ਨਾ ਆਟੋ ਵਾਲਾ... ਪਰ ਏਹ ਵਧੇ ਹੋਏ ਦਾੜ੍ਹੀ ਕੇਸ?"

ਉਸ ਨੇ ਮੁਸਕਰਾਉਂਦਿਆਂ ਹਾਂ 'ਚ ਸਿਰ ਹਿਲਾਇਆ ਤਾਂ ਚਾਂਦੀ ਫਿਰ ਬੋਲਿਆ, "ਲੱਗਦਾ ਸੀ ਬੰਦਾ ਤਾਂ ਕੋਈ ਆਪਣੈ। ਤੇਰਾ ਤਾਂ ਰੰਗ ਨਿਕਲ ਆਇਐ ਯਾਰ, ਕਿੱਥੇ ਉਹ ਮੁਰਝਾਇਆ ਚਿਹਰਾ ਤੇ ਕਿੱਥੇ ਲਾਲ ਸੁਰਖ ਗੱਲ੍ਹਾਂ ਤੇ ਚਮਕਦਾਰ ਅੱਖਾਂ..."

"ਬਸ ਬਹੁਤ ਦਿਨਾਂ ਤੋਂ ਤੀਰਥ ਯਾਤਰਾ 'ਤੇ ਗਿਆ ਸੀ," ਨੀਲ ਸ਼ਰਮਾਉਂਦੇ ਹੋਏ ਬੋਲਿਆ, "ਹੁਣ ਸਿੱਧਾ ਈ ਉੱਥੋਂ ਆ ਰਿਹਾਂ। ਸੋਚਿਆ ਚਾਰ ਪੈਸੇ ਘਰ ਲੈ ਕੇ ਜਾਵਾਂ, ਤੂੰ ਛੇਤੀ ਨਿਬੇੜ ਦੇ ਚਾਂਦੀ ਬਾਊ।"



"ਬਸ ਪੰਜ ਸੱਤ ਮਿੰਟ, ਡਾ: ਗੁਪਤਾ ਆਉਣ ਵਾਲੇ ਨੇ। ਡਾ: ਜਾਵੇਦ ਨੂੰ ਕਹੂੰ ਤਾਂ ਵੀਹ ਸਵਾਲ ਪੁੱਛੂ, ਈਮਾਨਦਾਰ ਜੋ ਹੋਇਆ।"

ਚਾਂਦੀ ਦਾ ਹੁਣ ਕੋਈ ਅਸਲੀ ਨਾਂ ਨਹੀਂ ਜਾਣਦਾ। ਕਦੇ ਡਾ: ਜਾਵੇਦ ਨੇ ਉਸਨੂੰ ਗੁਪਤਾ ਦੀ ਚਾਂਦੀ ਦੀ ਜੁੱਤੀ ਕਿਹਾ ਸੀ, ਉਦੋਂ ਤੋਂ ਹੀ ਸਾਰੇ ਉਸਨੂੰ ਚਾਂਦੀ ਕਹਿੰਦੇ ਨੇ। ਉਂਜ ਤਾਂ ਗੁਪਤਾ ਸਰਕਾਰੀ ਡਾਕਟਰ ਨੇ ਪਰ ਏਹ ਉਹਨਾਂ ਦਾ ਪ੍ਰਾਈਵੇਟ ਹਸਪਤਾਲ ਹੈ ਜਿਸਨੂੰ ਉਹ ਆਪਣੇ ਇੰਡਸਟਰੀਅਲਿਸਟ ਸਰਦਾਰ ਦੋਸਤ ਮਿਸਟਰ ਬਵੇਜਾ ਨਾਲ ਰਲ ਕੇ ਚਲਾਉਂਦੇ ਨੇ ਤੇ ਦੋਨੋਂ ਦੋਸਤ ਦਿਨ ਰਾਤ ਏਹੀ ਯੋਜਨਾ ਬਣਾਉਂਦੇ ਰਹਿੰਦੇ ਨੇ ਕਿ ਉੱਪਰ ਤੱਕ ਪਹੁੰਚ ਕਰ ਕੇ ਸ਼ਹਿਰ ਨਾਲ ਲੱਗਦੇ ਜੰਗਲ ਦਾ ਵੱਡਾ ਹਿੱਸਾ ਲੀਜ਼ 'ਤੇ ਲੈ ਕੇ ਵਿਦੇਸ਼ੀ ਵੱਡੀ ਕੰਪਨੀ ਨਾਲ ਮਿਲ ਕੇ ਇੱਕ ਬਹੁਤ ਵੱਡਾ ਹਸਪਤਾਲ ਬਣਾਉਣਾ।

ਹੈ ਤਾਂ ਜਾਵੇਦ ਵੀ ਸਰਕਾਰੀ ਡਾਕਟਰ ਪਰ ਉਹ ਗੁਪਤੇ ਵਰਗਾ ਨਹੀਂ। ਈਮਾਨਦਾਰ, ਜ਼ਹੀਨ ਅਤੇ ਕਾਬਲ ਡਾਕਟਰ ਹੈ, ਏਸੇ ਲਈ ਲੰਬੇ ਸਮੇਂ ਤੋਂ ਮੁਅੱਤਲ ਹੈ। ਉਂਜ ਤਾਂ ਉਸਨੂੰ ਮੁਅੱਤਲ ਕਰਾਉਣ ਵਿੱਚ ਡਾ: ਗੁਪਤਾ ਦਾ ਵੀ ਹੱਥ ਹੈ ਪਰ ਉਸ ਦੀ ਇਮਾਨਦਾਰੀ ਅਤੇ ਕਾਬਲੀਅਤ ਕਰ ਕੇ ਏਥੇ ਨੌਕਰੀ ਦਿੱਤੀ ਹੋਈ ਹੈ ਤੇ ਗਾਹੇ ਬਗਾਹੇ ਅਹਿਸਾਨ ਵੀ ਜਤਾਉਂਦੇ ਰਹਿੰਦੇ ਨੇ ਕਿ ਉਹਨਾਂ ਨੇ ਆਪਣੇ ਕਾਬਲ ਦੋਸਤ ਦੀ ਹੈਲਪ ਕੀਤੀ ਹੈ।

ਡਾ:ਗੁਪਤਾ ਅਜੇ ਬਲੱਡ ਦੀ ਜਾਂਚ ਕਰ ਰਿਹਾ ਸੀ। ਨੀਲ ਨੂੰ ਅਜੇ ਪੈਸੇ ਨਹੀਂ ਮਿਲੇ ਕਿ ਅਚਾਨਕ ਡਾ: ਗੁਪਤਾ ਦੀ ਉੱਚੀ ਆਵਾਜ਼, 'ਓ ਚਾਂਦੀ ਦੇ ਬੱਚੇ!' ਸੁਣ ਕੇ ਹੜਬੜਾ ਗਿਆ ਸੀ ਚਾਂਦੀ। ਅਜਿਹੇ ਬੋਲ ਕਿਸੇ ਗੜਬੜ ਵੇਲੇ ਹੀ ਸੁਣਦੇ ਨੇ। ਚਾਂਦੀ ਘਬਰਾਇਆ ਹੋਇਆ ਲੈਬੋਰੇਟਰੀ ਪਹੁੰਚਿਆ ਤਾਂ ਦੂਜਾ ਬੰਬ ਫਟਿਆ, "ਇਹ ਨੀਲ ਕੁਮਾਰ ਆਟੋ ਨੰਬਰ 415 ਕੌਣ ਐ? ਏਹਨੂੰ ਜਾਣ ਨਹੀਂ ਦੇਣਾ ਤੇ ਡਾ:ਜਾਵੇਦ ਨੂੰ ਬੁਲਾਓ ਜਲਦੀ।"

ਆਪ ਡਾ:ਗੁਪਤਾ ਮਿਸਟਰ ਬਵੇਜਾ ਨੂੰ ਫੋਨ ਮਿਲਾਉਣ ਲੱਗਾ। ਚਾਂਦੀ ਨੇ ਭੱਜ ਕੇ ਡਾ: ਜਾਵੇਦ ਨੂੰ ਸੁਨੇਹਾ ਲਾਇਆ ਤੇ ਆ ਕੇ ਨੀਲ ਨੂੰ ਘੇਰ ਲਿਆ, "ਓਏ ਆਟੋ ਨੰਬਰ 420!"

"420 ਨਹੀਂ ਚਾਂਦੀ ਬਾਊ ਜੀ।" ਪਰ ਨੀਲ ਦੀ ਆਵਾਜ ਚਾਂਦੀ ਨੇ ਅੰਦਰ ਹੀ ਦਬਾ ਦਿੱਤੀ ਤੇ ਸਖਤੀ ਨਾਲ ਬੋਲਿਆ, "ਓਏ 420 ਹੀ ਐਂ ਤੂੰ, ਮੈਂ ਤੈਨੂੰ ਭਰਾ ਸਮਝਦਾ ਸੀ ਪਰ ਤੂੰ... ਇਹ ਕੀ ਕੀਤਾ ਤੂੰ?"

ਨੀਲ ਗਿੜਗੜਾਉਣ ਲੱਗਾ, "ਚਾਂਦੀ ਬਾਊ ਜੀ, ਮੇਰੀ ਕੋਈ ਗਲਤੀ ਨਹੀਂ, ਗੱਡੀ ਇੰਨੀ ਚਮਕਦਾਰ ਸੀ..."

ਉਦੋਂ ਤੱਕ ਉਹ ਛੋਟੇ ਜਿਹੇ ਕਮਰੇ ਤੱਕ ਪਹੁੰਚ ਗਏ ਸਨ। ਚਾਂਦੀ ਨੇ ਉਸਨੂੰ ਅੰਦਰ ਧੱਕਦਿਆਂ ਕਿਹਾ, "ਜਦੋਂ ਤੱਕ ਮੈਂ ਨਾ ਕਹਾਂ ਬਾਹਰ ਨਾ ਨਿਕਲੀਂ। ਤੇ ਬਾਹਰੋਂ ਚਿਟਕਨੀ ਲਾ ਦਿੱਤੀ ਤੇ ਫਿਰ ਡਾ:ਗੁਪਤਾ ਕੋਲ ਚਲਾ ਗਿਆ ਤੇ ਡਰਦੇ ਨੇ ਪੁੱਛਿਆ, "ਹੋਇਆ ਕੀ ਆ ਸਾਬ?"

ਉਦੋਂ ਹੀ ਡਾ: ਜਾਵੇਦ ਲੈਬਰੋਟਰੀ 'ਚ ਆਇਆ ਤਾਂ ਗੁਪਤਾ ਨੇ ਨੀਲ ਦੇ ਬਲੱਡ ਵੱਲ ਇਸ਼ਾਰਾ ਕਰਦੇ ਹੋਏ ਅੰਗਰੇਜ਼ੀ 'ਚ ਕੁਝ ਕਿਹਾ ਤਾਂ ਡਾ: ਜਾਵੇਦ ਖ਼ੂਨ ਦੀ ਜਾਂਚ ਕਰਨ ਲੱਗਾ।

ਚਾਂਦੀ ਬਦਹਵਾਸ ਜਿਹਾ ਖੂੰਜੇ 'ਚ ਖੜ੍ਹਾ ਸੀ। ਉਸ ਨੇ ਸੁਣਿਆ ਕਿ ਡਾ: ਜਾਵੇਦ ਬੇਹੱਦ ਹੈਰਾਨੀ ਨਾਲ ਡਾ: ਗੁਪਤਾ ਨੂੰ ਪੁੱਛ ਰਹੇ ਹਨ, "ਇਜ਼ ਇਟ ਟਰੂ?"

ਡਾ: ਗੁਪਤਾ ਨੇ ਪਥੈਲੋਜਿਸਟ ਨੂੰ ਕਿਹਾ, "ਤੁਸੀਂ ਡਾ: ਜਾਵੇਦ ਨਾਲ ਮਿਲ ਕੇ ਇੱਕ ਵਾਰੀ ਫਿਰ ਚੈੱਕ ਕਰਲੋ ਆਰਾਮ ਨਾਲ।" ਫਿਰ ਚਾਂਦੀ ਵੱਲ ਮੁੜੇ, "ਉਹ ਕਿੱਥੇ ਐ?"

"ਕਮਰੇ 'ਚ ਬੰਦ ਕਰ ਕੇ ਆਇਆਂ ਸਾਲੇ ਨੂੰ!"

"ਹਾਂ ਜਾਣ ਨ੍ਹੀਂ ਦੇਣਾ, ਪਰ ਇੰਝ ਕਰ, ਉਹਨੂੰ ਜੂਸ ਪਿਲਾ ਤੇ ਆਰਾਮ ਨਾਲ ਪਾ ਦੇ।"

ਚਾਂਦੀ ਬਾਹਰ ਜਾਂਦਾ ਸਿਰ ਖੁਜਲਾਉਂਦਾ ਬੁੜਬੁੜਾਇਆ, "ਪਤਾ ਨਹੀਂ ਕੀ ਕਾਂਡ ਕੀਤਾ ਸਾਲੇ ਨੇ।"

ਜੂਸ ਪੀਂਦੇ ਨੀਲ ਨੂੰ ਵੀ ਕੁਝ ਸਮਝ ਨਹੀਂ ਸੀ ਆ ਰਿਹਾ। ਉਹ ਉਥੋਂ ਨਿਕਲਣਾ ਚਾਹੁੰਦਾ ਸੀ। ਚਾਂਦੀ ਨੂੰ ਬਾਰ-ਬਾਰ ਕਹਿ ਰਿਹਾ ਸੀ, ਕਿ ਜਾਣ ਦੇਵੋ, ਪੈਸੇ ਕਦੇ ਫੇਰ ਲੈ ਜਾਵੇਗਾ। ਉਹ ਸੋਚ ਰਿਹਾ ਸੀ ਕਿ ਕਾਰ ਜ਼ਰੂਰ ਡਾਕਟਰ ਦੀ ਹੋਵੇਗੀ, ਉਹ ਆਟੋ ਦੇ ਨੰਬਰ ਤੋਂ ਫੜਿਆ ਗਿਆ ਹੈ। ਪਰ ਚਾਂਦੀ ਉਹਨੂੰ ਪੁੱਛ ਰਿਹਾ ਸੀ ਕਿ ਉਹਦੇ ਵਰਗਾ ਭਲਾਮਾਨਸ ਬੰਦਾ ਐਸੀ ਵੈਸੀ ਥਾਂ ਤੇ ਜਾਂਦਾ ਹੀ ਕਿਉਂ ਸੀ। ਉਦੋਂ ਹੀ ਨੀਲ ਦੇ ਹੱਥੋਂ ਜੂਸ ਦਾ ਗਲਾਸ ਡਿਗਦਾ ਡਿਗਦਾ ਬਚਿਆ। ਉਹਨੇ ਤਾਕੀ ਵਿੱਚੋਂ ਹਸਪਤਾਲ ਦੇ ਵਿਹੜੇ 'ਚ ਆਈ ਉਹੀ ਲੰਬੀ ਕਾਰ ਤੋਂ ਉਤਰਦਾ ਉਹੀ ਗੰਨਮੈਨ ਤੇ ਉਸ ਕੋਲ ਬਹੁਤ ਸਾਰੀਆਂ ਗਲੀਆਂ ਵਾਲੀ ਗੰਨ ਦੇਖੀ।"

"ਬਵੇਜਾ ਸਾਹਬ ਆ ਗਏ," ਕਹਿੰਦਾ ਹੋਇਆ ਚਾਂਦੀ ਬਾਹਰ ਜਾਂਦਾ ਨੀਲ ਨੂੰ ਫਿਰ ਬੰਦ ਕਰ ਗਿਆ। ਬਚਿਆ ਹੋਇਆ ਜੂਸ ਨਾ ਨੀਲ ਤੋਂ ਪੀਤਾ ਗਿਆ ਨਾ ਛੱਡਿਆ।

ਮਿਸਟਰ ਬਵੇਜਾ ਸਿੱਧੇ ਲੈਬੋਰਟਰੀ ਵੱਲ ਹੋ ਲਏ ਤੇ ਅੰਦਰ ਵੜਦਿਆਂ ਹੀ ਡਾ: ਗੁਪਤਾ ਨੂੰ ਪੁੱਛਿਆ, "ਸੱਚਮੁੱਚ ਉਹਦੇ ਬਲੱਡ 'ਚ...?"

"ਹਾਂ ਬਵੇਜਾ ਸਾਹਿਬ, ਸ਼ਿਉਰ, ਸਮਝੋ ਤੁਸੀਂ ਦੁਨੀਆ ਦੇ ਸਭ ਤੋਂ ਵੱਡੇ ਇੰਡਸਟਰੀਅਲਿਸਟ ਬਣ ਗਏ!"

"ਉਏ ਗੁਪਤਾ! ਯਾਰ, ਆਪਾਂ ਕਹਿ ਆਪਾਂ!" ਬਵੇਜਾ ਨੇ ਗੁਪਤਾ ਨੂੰ ਕਲਾਵੇ 'ਚ ਲੈ ਲਿਆ। ਖੁਸ਼ੀ ਵਿਚ ਉਹ ਡਾ: ਜਾਵੇਦ, ਪੈਥਲੋਜਿਸਟ ਤੇ ਲੈਬ ਟੈਕਨੀਸ਼ੀਅਨ ਨੂੰ ਭੁੱਲ ਹੀ ਗਏ। ਅਚਾਨਕ ਧਿਆਨ ਆਉਣ ਤੋਂ ਬਵੇਜਾ ਉਹਨਾਂ ਨਾਲ ਹੱਥ ਮਿਲਾਉਂਦਾ ਡਾ: ਜਾਵੇਦ ਨੂੰ ਪੁੱਛਣ ਲੱਗਾ, "ਕਿਉਂ ਡਾ: ਜਾਵੇਦ 'ਕੰਨਫਰਮ' ਰਿਪੋਰਟ ਆ?"

ਡਾ: ਜਾਵੇਦ ਗੰਭੀਰਤਾ ਨਾਲ ਕਹਿਣ ਲੱਗਾ, "ਫਿਲਹਾਲ ਤਾਂ ਏਹੀ ਲੱਗ ਰਿਹਾ ਬਵੇਜਾ ਸਾਹਿਬ, ਕਿਉਂਕਿ ਅੱਜ ਤੱਕ ਐੱਚ.ਆਈ.ਵੀ. ਦੇ ਦਰਜਨਾਂ ਟੈਸਟ ਕੀਤੇ ਨੇ। ਕਿੰਨੇ ਹੀ ਨੈਗਟਿਵ ਪੋਜਟਿਵ ਦੇਖੇ ਨੇ ਪਰ ਇਹ ਇੱਕਦਮ 'ਡਿਸਕਸ਼ਟਿੰਗ' ਐ, 'ਯੂਨੀਕ', ਅਨਅਟੈਂਡੀਕਲ...!"

"ਬਸ, ਬਸ ਮੇਰੇ ਜਵੇਦ ਯਾਰਾ!" ਮਿਸਟਰ ਬਵੇਜਾ ਦਾ ਲੂੰ-ਲੂੰ ਖਿੜਿਆ ਪਿਆ ਸੀ, "ਓਹ ਮੈਨੂੰ ਡਾਕਟਰੀ ਭਾਸ਼ਾ 'ਚ ਨਹੀਂ ਸਗੋਂ ਸਿੱਧਾ ਦੱਸੋ ਕਿ ਆਖਿਰ ਮਿਲਿਆ ਕੀ ਆ?"

"ਮੈਂ ਦੱਸਦਾਂ," ਡਾ: ਗੁਪਤਾ ਅੱਗੇ ਆਇਆ, "ਅੱਜ ਤੱਕ ਅਮਰੀਕਾ ਵਰਗੇ ਦੇਸ਼ ਦੇ ਮੈਡੀਕਲ ਸਾਇੰਟਿਸਟ ਜਿਹਨਾਂ ਤੱਤਾਂ ਦੀ 'ਅਮੈਜੀਨੇਸ਼ਨ' ਕਰਦੇ ਸੀ ਕਿ ਉਹ ਏਡਜ਼ ਦੇ 'ਅਗੇਨਸਟ' ਲੜ ਸਕਣਗੇ, ਉਹ ਤੱਤ ਏਸ ਬਲੱਡ 'ਚ ਨੇ।" ਡਾ: ਜਵੇਦ ਅੱਗੇ ਦੱਸਣ ਲੱਗਾ, "ਐਂਟੀਬਾਡੀਜ..."

"ਬਸ, ਬਸ ਡਾ: ਜਾਵੇਦ, ਸਮਝ ਗਏ ਬਵੇਜਾ ਸਾਹਿਬ। ਹੁਣ ਛੇਤੀ ਤੋਂ ਛੇਤੀ ਇਸਨੂੰ ਪੇਟੈਂਟ ਕਰਾਉਣ ਲਈ ਕਰਾਵਾਈ ਕਰੋ ਤੇ ਉਸ 'ਸਬਜੈਕਟ' ਨੂੰ ਕੈਪਚਰ ਕਰ ਕੇ ਬਵੇਜਾ ਸਾਹਿਬ ਦੇ 'ਗੈਸਟ ਹਾਊਸ' ਪਹੁੰਚਾ ਦਿਉ ਤੇ ਉਹਦੇ ਖਾਣ ਪੀਣ ਦਾ ਖਿਆਲ ਰੱਖੋ ਤੇ ਚਾਂਦੀ ਉਹਨੂੰ ਸੰਭਾਲਣ ਦੀ ਜਿੰਮੇਵਾਰੀ ਤੇਰੀ, ਪਰ ਧਿਆਨ ਰੱਖਿਉ ਸਾਰੇ, ਇਹ ਗੱਲ ਬਾਹਰ ਨਾ ਜਾਵੇ।" ਡਾ: ਗੁਪਤਾ ਨੇ ਘੁੱਟ ਕੇ ਮੁਠੀ ਬੰਦ ਕਰਦਿਆਂ ਸਭ ਨੂੰ ਸਮਝਾਇਆ।

ਮਿਸਟਰ ਬਵੇਜਾ ਕੁਝ ਸੋਚਦੇ ਹੋਏ ਬੋਲੇ, "ਪਰ ਜੇ ਆਪਾਂ ਇਸ ਤੋਂ ਉਲਟ ਕਰੀਏ,



'ਸਬਜੈਕਟ' ਨੂੰ ਮੀਡੀਆ ਸਾਹਮਣੇ ਪੇਸ਼ ਕਰੀਏ ਕਿ ਇਹ ਸਾਡੀ ਡਿਸਕਵਰੀ ਹੈ। ਉਸ ਪਿਛੋਂ ਉਸਨੂੰ ਛੁਪਾ ਦਿੰਦੇ ਹਾਂ।"

"ਹਾਂ, ਹਾਂ ਬਿਲਕੁਲ ਠੀਕ।" ਡਾ: ਗੁਪਤਾ ਪੂਰੇ ਉਤਸ਼ਾਹਿਤ ਸੀ।

"ਮੈਂ ਹੁਣੇ ਮੀਡੀਆ ਨੂੰ ਬੁਲਾਉਣਾ।" ਕਹਿ ਕੇ ਮਿਸਟਰ ਬਵੇਜਾ ਫੋਨ ਮਿਲਾਉਣ ਲੱਗੇ।

ਨੀਲ ਉੱਥੋਂ ਭੱਜਣ ਬਾਰੇ ਸੋਚ ਰਿਹਾ ਸੀ ਕਿ ਮੀਡੀਆ ਦੀਆਂ ਗੱਡੀਆਂ ਦੇਖ ਉਸ ਦਾ ਦਿਲ ਬੈਠਣ ਲੱਗਾ। ਚਾਂਦੀ ਨੇ ਚਿਟਕਣੀ ਲਾਹ ਕੇ ਜਦੋਂ ਆਵਾਜ਼ ਮਾਰੀ, "ਆ ਵੀ ਨੀਲ, ਆਟੋ ਨੰਬਰ 415।" ਆਟੋ ਨੰਬਰ 415 ਸੁਣਕੇ ਬਵੇਜਾ ਦੇ ਗੰਨਮੈਨ ਨੇ ਕੰਨ ਚੱਕ ਲਏ, ਚਾਂਦੀ ਦੇ ਨਾਲ ਜਾਂਦੇ ਨੀਲ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਪੁੱਛਣ ਲੱਗਾ, "ਕਿੰਨੇ ਨੰਬਰ ਆਟੋ ਆ ਤੇਰਾ?" ਨੀਲ ਨੇ ਡਰਦਿਆਂ ਹੋਇਆਂ ਕਿਹਾ, "ਸਾਹਬ 420।"

ਚਾਂਦੀ ਦਾ ਇੱਧਰ ਉੱਧਰ ਧਿਆਨ ਹੀ ਨਹੀਂ ਸੀ। ਉਹ ਨੀਲ ਦਾ ਹੱਥ ਫੜ ਕੇ ਸਹਿਲਾਉਂਦਾ ਹੋਇਆ ਕਹਿ ਰਿਹਾ ਸੀ, "ਵਾਹਗੁਰੂ, ਤੈਂ ਤਾਂ ਕਮਾਲ ਕਰਤੀ ਯਾਰਾ!"

ਪਰ ਨੀਲ ਨੀਮ ਬੇਹੋਸ਼ੀ ਦੀ ਹਾਲਤ 'ਚ ਸੀ। ਮੀਡੀਆ ਵਾਲੇ ਉਹਦੀਆਂ ਫੋਟੋਆਂ ਖਿੱਚ ਰਹੇ ਸਨ, ਮੂਵੀ ਬਣਾ ਰਹੇ ਸਨ। ਡਾ: ਗੁਪਤਾ ਉਹਦੇ ਬਾਰੇ ਲਗਾਤਾਰ ਕੁੱਝ ਦੱਸ ਰਹੇ ਸਨ। ਪਰ ਨੀਲ ਨੂੰ ਕੁਝ ਸਮਝ ਨਹੀਂ ਸੀ ਲੱਗ ਰਹੀ। ਉਹ ਤਾਂ ਬਸ ਵਿੱਚ-ਵਿੱਚ ਰੁਕ-ਰੁਕ ਕੇ ਏਹੀ ਕਹਿ ਰਿਹਾ ਸੀ, "ਇਹਦੇ ਵਿੱਚ ਮੇਰਾ ਕੋਈ ਕਸੂਰ ਨਹੀਂ ਸਾਹਬ। ਗੱਡੀ ਹੀ ਏਨੀ ਚਮਕਦਾਰ ਸੀ ਕਿ..." ਉਸਨੇ ਮੀਡੀਆ ਵਾਲਿਆਂ ਦੇ ਕਿਸੇ ਸਵਾਲ ਦਾ ਜਵਾਬ ਨਹੀਂ ਦਿੱਤਾ।

ਡਾ: ਗੁਪਤਾ ਸਭ ਨੂੰ ਕਹਿ ਰਿਹਾ ਸੀ, "ਏਹਨੇ ਹੁਣੇ-ਹੁਣੇ ਬਲੱਡ ਡੋਨੇਟ ਕੀਤਾ ਹੈ ਨਾਂ, ਅਜੇ ਸਿਹਤ ਠੀਕ ਨਹੀਂ, ਕੁਝ ਘਬਰਾ ਵੀ ਗਿਆ ਹੈ। ਜੋ ਵੀ ਪੁੱਛਣਾ ਹੈ ਮੇਰੇ ਕੋਲੋਂ ਪੁੱਛੋ।"

ਜਦੋਂ ਸਾਰਾ ਲਾਉ-ਲਸ਼ਕਰ ਹਸਪਤਾਲ 'ਚੋਂ ਨਿੱਕਲ ਗਿਆ ਤੇ ਚਾਂਦੀ ਤੇ ਗੰਨਮੈਨ ਨੀਲ ਨੂੰ ਕਾਲੇ ਰੰਗ ਦੀ ਕਾਰ 'ਚ ਬਿਠਾਉਣ ਲੱਗੇ, ਪਰ ਉਸ ਨੇ ਤਾਂ ਜਿਵੇਂ ਜ਼ਮੀਨ 'ਚ ਪੈਰ ਗੱਡ ਦਿੱਤੇ ਹੋਣ ਤੇ ਚੀਕਣ ਲੱਗਾ, "ਮੇਰਾ ਕੋਈ ਕਸੂਰ ਨਹੀਂ। ਮੈਨੂੰ ਗੱਡੀ 'ਚ ਨਾ ਬਿਠਾਉ। ਮੈਨੂੰ ਜਾਣ ਦਿਉ। ਮੈਂ ਬਾਲ-ਬੱਚੇਦਾਰ ਆਂ।"

ਉਦੋਂ ਹੀ ਡਾ: ਜਾਵੇਦ ਅੱਗੇ ਆਇਆ। ਉਸਨੇ ਚਾਂਦੀ ਅਤੇ ਗੰਨਮੈਂਨ ਕੋਲੋਂ ਨੀਲ ਨੂੰ ਛੁਡਾਇਆ ਤੇ ਪਿਆਰ ਨਾਲ ਬੋਲਿਆ, "ਮੇਰੀ ਗੱਲ ਸੁਣੋ ਨੀਲ ਕੁਮਾਰ ਜੀ, ਤੁਸੀਂ ਮੇਰੇ ਨਾਲ ਆਉ।" ਤੇ ਉਹਦੇ ਮੋਢੇ ਉਤੇ ਬਾਂਹ ਵਲਾ ਕੇ ਉਸਨੂੰ ਆਪਣੇ ਕਮਰੇ ਵੱਲ ਲੈ ਤੁਰਿਆ। ਨੀਲ ਨੂੰ ਕਦੇ ਕਿਸੇ ਨੇ ਇੰਨੀ ਇੱਜ਼ਤ ਤੇ ਪਿਆਰ ਨਹੀ ਸੀ ਦਿੱਤਾ।

ਡਾ: ਸਾਹਿਬ ਦੇ ਸਾਹਮਣੇ ਬੈਠਦਿਆਂ ਹੀ ਉਹ ਫੁੱਟ ਪਿਆ ਤੇ ਪੂਰੀ ਕਹਾਣੀ ਦੱਸ ਦਿੱਤੀ। ਅਨੁਭਵੀ ਡਾ: ਨੂੰ ਜਾਣਦਿਆਂ ਦੇਰ ਲਾ ਲੱਗੀ ਕਿ ਬਲੱਡ ਤਾਂ ਨੀਲ ਪਹਿਲਾਂ ਵੀ ਦਿੰਦਾ ਰਿਹਾ। ਪਰ ਅੱਜ ਉਹਦੇ ਖੂਨ ਵਿੱਚ ਇਹ ਬਦਲਾਅ ਜੰਗਲ ਦੇ ਜਲਵਾਜੂ, ਫਲ, ਪੱਤੇ ਤੇ ਜੜ੍ਹੀਆਂ-ਬੂਟੀਆਂ ਕਰ ਕੇ ਆਇਆ। ਡਾ: ਜਾਵੇਦ ਨੇ ਆਪਣੇ-ਪਣ ਨਾਲ ਕਿਹਾ, "ਮੇਰੀ ਗੱਲ ਧਿਆਨ ਨਾਲ ਸੁਣੋ ਨੀਲ ਕੁਮਾਰ, ਜਿਸ ਗੰਨਮੈਂਨ ਤੋਂ ਤੁਸੀਂ ਡਰ ਰਹੇ ਹੋ ਨਾ ਅਜਿਹੇ ਦਸ ਤੁਹਾਡੀ ਸੁਰੱਖਿਆ ਲਈ ਹੋਣਗੇ।"

"ਕਿਉਂ ਸਾਹਬ?" ਨੀਲ ਨੇ ਬੇਹੱਦ ਹੈਰਾਨੀ ਨਾਲ ਪੁੱਛਿਆ ਤਾਂ ਮੁਸਕਰਾਉਂਦੇ ਹੋਏ ਡਾ:ਜਾਵੇਦ ਨੇ ਕਿਹਾ,"ਕਿਉਂਕਿ ਤੁਹਾਡੇ ਬਲੱਡ 'ਚ ਅਜਿਹੀ ਚਮਤਕਾਰੀ ਸ਼ਕਤੀ ਮਿਲੀ ਆ ਜਿਹਦੇ ਅੱਗੇ ਸਾਰੀ ਦੁਨੀਆ ਝੁਕੇਗੀ ਇੱਕ ਦਿਨ।"

ਤੇ ਸਭ ਨੇ ਦੇਖਿਆ, ਉਹੀ ਨੀਲ ਆਤਮ-ਵਿਸ਼ਵਾਸ ਨਾਲ ਡਾ: ਜਾਵੇਦ ਨਾਲ ਅੱਗੇ ਵੱਧਦਾ ਕਾਰ ਦੀ ਪਿੱਛਲੀ ਸੀਟ ਤੇ ਜਾ ਬੈਠਾ। ਡਾ:ਜਾਵੇਦ ਨੇ ਬਵੇਜਾ ਨੂੰ ਕਿਹਾ ਕਿ ਉਹ ਆਪਣੇ ਗੰਨਮੈਨ ਨਾਲ ਕਿਸੇ ਹੋਰ ਗੱਡੀ 'ਚ ਆ ਜਾਣ।

ਅਗਲੇ ਕੁਝ ਹੀ ਦਿਨਾਂ 'ਚ ਨੀਲ ਦਾ ਜੀਵਨ ਬਦਲ ਗਿਆ। ਬਵੇਜਾ ਨੇ ਉਸਨੂੰ ਇੱਕ ਵਧੀਆ ਕਲੋਨੀ 'ਚ ਘਰ ਲੈ ਦਿੱਤਾ ਜਿੱਥੇ ਉਸ ਦੀ ਪਤਨੀ ਤੇ ਬੇਟਾ ਬੇਟੀ ਰਹਿਣ ਲੱਗੇ। ਘਰ 'ਚ ਹਰ ਤਰ੍ਹਾਂ ਦਾ ਸਾਮਾਨ ਆ ਗਿਆ ਪਰ ਨੀਲ ਬਵੇਜਾ ਦੇ 'ਗੈਸਟ-ਹਾਊਸ' ਹੀ ਰਿਹਾ। ਉਹਦੇ ਆਲੇ-ਦੁਆਲੇ ਗੰਨਮੈਨ ਰਹਿੰਦੇ। ਡਾ: ਜਾਵੇਦ ਤੇ ਚਾਂਦੀ ਉਸਨੂੰ ਖਵਾਉਂਦੇ ਪਿਉਂਦੇ, ਕਸਰਤ ਕਰਾਉਂਦੇ, ਉਹ ਚੰਗੇ ਕੱਪੜੇ ਪਹਿਨਦਾ ਪਰ ਉਸਨੂੰ ਕਿਸੇ ਨਾਲ ਮਿਲਣ ਨਹੀਂ ਸੀ ਦਿੱਤਾ ਜਾਂਦਾ, ਚੈਨਲਾਂ ਤੇ ਉਸਦੀਆ ਖਬਰਾਂ ਚਲਦੀਆਂ ਰਹਿੰਦੀਆਂ।

ਪਤਨੀ ਨਾਲ ਫੋਨ ਤੇ ਗੱਲ ਹੁੰਦੀ ਤਾਂ ਉਹ ਫੁੱਲੀ ਨਾ ਸਮਾਉਂਦੀ। ਬਾਰ-ਬਾਰ ਕਹਿੰਦੀ, "ਰਾਜਾ ਦੇ ਪਾਪਾ, ਤੁਸੀਂ ਕਿਹੜੇ ਤੀਰਥ ਸਥਾਨ 'ਤੇ ਗਏ ਸੀ ? ਕਿਹੜੇ ਬਾਬਾ ਜੀ ਨੂੰ ਮਿਲੇ ਸੀ ਜਿਹੜੀ ਆਪਣੇ ਉੱਤੇ ਇੰਨੀ ਕ੍ਰਿਪਾ ਹੋਈ ਆ, ਸਾਨੂੰ ਵੀ ਦਰਸ਼ਨ ਕਰਵਾਉ।"

ਨੀਲ ਹੱਸ ਕੇ ਕਹਿੰਦਾ, "ਬੜਾ ਬਿਖੜਾ ਪੈਂਡਾ ਏ ਕਮਲੀਏ। ਇੰਨਾ ਸੋਖਾ ਨਹੀਂ ਪਰ ਕਦੇ ਵਣ ਦੇਵੀ ਦੀ ਆਗਿਆ ਲੈ ਕੇ ਚੱਲਗਾਂ।" ਇਹ ਵਣ ਦੇਵੀ ਦੀ ਕ੍ਰਿਪਾ ਬਾਰੇ ਉਸਨੂੰ ਡਾ:ਜਾਵੇਦ ਨੇ ਦੱਸਿਆ ਸੀ।

ਪਰ ਜਦੋਂ ਮਹੀਨੇ ਪਿੱਛੋਂ ਨੀਲ ਦਾ ਬਲੱਡ ਟੈਸਟ ਕੀਤਾ ਗਿਆ ਤਾਂ ਸਭ ਨੂੰ ਸੱਪ ਸੁੰਘ ਗਿਆ। ਉਹ ਆਮ ਬਲੱਡ ਸੀ, 'ਡਿਸਕਸ਼ਟਿੰਗ', 'ਯੂਨੀਕ' ਤੇ 'ਮਾਇਰੈਕਲ' ਸਭ ਗਾਇਬ ਹੋ ਚੁੱਕਿਆ ਸੀ। ਡਾ: ਜਾਵੇਦ ਤੋਂ ਬਿਨਾਂ ਸਭ ਸਿਰ ਫੜ ਕੇ ਬੈਠ ਗਏ। ਜਾਵੇਦ ਸੋਚਾਂ 'ਚ ਡੁੱਬਿਆ ਹੋਇਆ ਸੀ। ਸਾਰਾ ਤਾਮ-ਝਾਮ ਧਰਿਆ-ਧਰਾਇਆ ਰਹਿ ਗਿਆ। ਕੇਂਦਰ ਤੋਂ ਆਏ ਹੋਏ ਹੈਲਥ ਮਨਿਸਟਰ, ਸਟੇਟ ਦੇ ਸੀ.ਐੱਮ. ਅਤੇ ਅਮਰੀਕਾ ਤੋਂ ਇੰਡੀਆ ਦੇ ਮੈਡੀਕਲ ਐਕਸਪਰਟਸ ਸਭ ਇੱਕ ਦੂਜੇ ਦਾ ਮੂੰਹ ਦੇਖ ਰਹੇ ਸਨ। ਅਮਰੀਕਾ ਵਾਲਿਆਂ ਨੂੰ ਦੇਖ ਕੇਂਦਰੀ ਮੰਤਰੀ ਤੇ ਸੀ. ਐਮ. ਨੇ ਮੱਥੇ ਵੱਟ ਪਾਏ ਸਨ ਤੇ ਬਵੇਜਾ ਸਾਹਬ ਨੇ ਡਾ: ਗੁਪਤਾ ਨੂੰ ਕਿਹਾ ਸੀ, "ਫੀਲ ਕਰ ਰਹੇ ਨੇ, ਆਪਾਂ ਨਾ ਬੁਲਾਉਂਦੇ ਫੋਰਨਰਜ਼ ਨੂੰ।"

ਗੁਪਤਾ ਨੇ ਉਹਨਾਂ ਨੂੰ ਸਮਝਾਇਆ, "ਇੰਡੀਆ ਵਾਲੇ ਭੁੱਖਿਆ ਨੇ ਆਪਾਂ ਨੂੰ ਕੀ ਦੇਣਾ, ਡਾਲਰ ਤਾਂ ਫੋਰਨ ਤੋਂ ਹੀ ਆਉਣਗੇ। ਆਪਣੇ ਕੋਲੋਂ ਲੈ ਕੇ ਇਹਨਾਂ ਨੇ ਤਾਂ 'ਵੇਦਾਤਾਂ' ਵਰਗਿਆ ਕੋਲ 'ਸੇਲ' ਕਰਨਾ ਜਿਵੇਂ ਜੰਗਲ ਕੀਤੇ ਹੋਏ ਨੇ..."

ਬਵੇਜਾ ਨੇ ਅੱਖਾਂ ਹੀ ਅੱਖਾਂ ਰਾਹੀਂ ਗੁਪਤੇ ਦੀ ਸਿਆਣਪ ਦੀ ਦਾਤ ਦਿੱਤੀ ਸੀ। ਉਦੋਂ ਹੀ ਡਾ: ਜਾਵੇਦ ਗੁਪਤਾ ਤੇ ਬਵੇਜਾ ਕੋਲ ਆਇਆ ਤੇ ਕਹਿਣ ਲੱਗਾ ਕਿ ਜੇ ਉਹਨੂੰ ਕੁਝ ਕਹਿਣ ਦਾ ਮੌਕਾ ਦਿੱਤਾ ਜਾਵੇ ਤਾਂ ਉਹ ਇਸ ਦਾ ਉਪਾਅ ਦੱਸ ਸਕਦੈ।

ਡੁੱਬਦੇ ਨੂੰ ਤਿਨਕੇ ਦੇ ਸਹਾਰੇ ਵਾਂਗੂੰ ਬਵੇਜਾ ਨੇ ਖੜ੍ਹੇ ਹੁੰਦਿਆਂ ਡਾ: ਜਾਵੇਦ ਬਾਰੇ ਵਧਾ ਚੜ੍ਹਾ ਕੇ ਦੱਸਦਿਆਂ ਕਿਹਾ ਕਿ ਜਾਵੇਦ ਇਸ ਦੇ ਬਾਰੇ ਕੁਝ ਬੋਲਣਗੇ।

ਡਾ: ਜਾਵੇਦ ਨੇ ਨੀਲ ਦੀ ਸਾਰੀ ਕਹਾਣੀ ਸੰਖੇਪ 'ਚ ਦੱਸਦਿਆਂ ਕਿਹਾ ਕਿ ਨੀਲ ਦੇ ਬਲੱਡ 'ਚ ਚਮਤਕਾਰ ਮਹੀਨਾ ਭਰ ਜੰਗਲ 'ਚ ਰਹਿਣ ਕਰਕੇ ਹੋਇਆ ਹੈ। ਹੁਣ ਪਿਛਲੇ ਮਹੀਨੇ ਤੋਂ ਉਸਨੂੰ ਚੰਗਾ ਫੂਡ ਦਿੱਤਾ ਗਿਆ ਸੀ ਪਰ ਉਹ ਜੰਗਲ ਦਾ ਨਹੀਂ ਸ਼ਹਿਰ ਦਾ ਸੀ। ਇਸ ਲਈ ਮਨ ਚਾਹਿਆ 'ਰਿਜ਼ਲਟ' ਨਹੀਂ ਮਿਲਿਆ।



ਉਦੋਂ ਹੀ 'ਸੀ. ਐਮ.' ਦੇ ਕੰਨ 'ਚ ਉਹਨਾਂ ਦੇ ਪ੍ਰਿੰਸੀਪਲ ਸਕੱਤਰ ਨੇ ਕੁਝ ਕਿਹਾ ਤਾਂ ਸੀ.ਐਮ. ਫੈਸਲਾ ਸੁਣਾਉਂਦੇ ਬੋਲੇ, "ਉਸਨੂੰ ਵਾਪਸ ਜੰਗਲ 'ਚ ਭੇਜੋ, ਉਸੇ ਹਾਲਾਤ 'ਚ ਰੱਖੋ ਜੰਗਲ ਦੇ ਚਾਰੋਂ ਤਰਫ ਗਾਰਡ ਤੈਨਾਤ ਕਰੋ।"

ਜਦੋਂ ਕੇਂਦਰੀ ਹੈਲਥ ਮਨਿਸਟਰ ਦੇ ਪੀ.ਏ. ਨੇ ਵੀ ਮੰਤਰੀ ਦੇ ਕੰਨ 'ਚ ਕੁਸ਼ ਕਿਹਾ, ਮੰਤਰੀ ਬੋਲੇ, "ਇਸ ਤਰ੍ਹਾਂ ਕਰਦੇ ਹਾਂ ਸੀ.ਐਮ. ਸਾਹਿਬ, ਇੱਕ 'ਸਬਜੈਕਟ' ਹੀ ਕਿਉਂ ਕੁਝ ਹੋਰ ਵੀ ਛੱਡ ਦਿੰਦੇ ਆ ਏਹਦੇ ਨਾਲ ਜੰਗਲ 'ਚ।"

ਸੀ.ਐਮ. ਨੇ ਸਿਰ ਹਿਲਾ ਕੇ ਹਾਮੀ ਭਰੀ ਕਿ ਜਦੋਂ ਹੈਲਥ ਮਨਿਸਟਰ ਦੇ ਪ੍ਰਿੰਸੀਪਲ ਸਕੱਤਰ ਨੇ ਵੀ ਉਹਦੇ ਕੰਨ 'ਚ ਕਿਹਾ ਤਾਂ ਮੰਤਰੀ ਜੀ ਗਲ੍ਹਾ ਸਾਫ ਕਰਦੇ ਕਹਿਣ ਲੱਗੇ, "ਚਲੋ, ਇਹਨਾਂ ਨੂੰ ਭੇਜ ਦਿਉ ਜੰਗਲ 'ਚ ਪਰ ਮੈਂ ਸਮਝਦਾਂ ਮਹੀਨੇ ਦੋ ਮਹੀਨੇ 'ਚ ਇਹ ਉਹੋ ਜਿਹਾ ਰਿਜ਼ਲਟ ਨਹੀਂ ਦੇ ਸਕਦੇ ਜਿਹੋ ਜਿਹਾ ਸਦੀਆਂ ਤੋਂ ਜੰਗਲ 'ਚ ਰਹਿ ਰਹੇ ਆਦਿ ਮਾਨਵ ਦੇ ਸਕਦੇ ਨੇ।" ਉਹ ਕੁਝ ਚਿਰ ਰੁਕੇ ਤੇ ਸਭ ਦੇ ਚਿਹਰੇ ਤੇ ਆਪਣੇ ਲਈ ਪ੍ਰਸੰਸਾ ਦੇ ਭਾਵ ਦੇਖ ਫਿਰ ਬੋਲੇ, "ਅੱਜ ਹੀ ਪੀ.ਐਮ. ਸਾਹਬ ਨੂੰ ਫੋਨ ਕਰ ਕੇ ਫੋਰਸ ਨੂੰ ਆਰਡਰ ਕਰਾਉਂਦੇ ਹਾਂ, ਜੋ ਨਿਰੋਏ ਆਦਿ-ਵਾਸੀਆਂ ਨੂੰ ਫੜ-ਫੜ ਕੇ ਹਸਪਤਾਲ 'ਚ ਲਿਆਉਣ ਤੇ ਉਹਨਾਂ ਦਾ ਬਲੱਡ ਟੈਸਟ ਕਰਾਉਣ।"

ਸਭ ਤਾੜੀਆਂ ਵਜਾਉਣ ਲੱਗੇ ਪਰ ਡਾ: ਜਾਵੇਦ ਚੁੱਪ ਤੇ ਪ੍ਰੇਸ਼ਾਨ ਹੋ ਕੇ ਪਛਤਾਅ ਰਿਹਾ ਸੀ ਕਿ ਇਹਨਾਂ ਨੂੰ ਜੰਗਲ ਵਾਲੀ ਗੱਲ ਕਾਹਨੂੰ ਦੱਸੀ।

ਡਾ: ਗੁਪਤਾ ਤੇ ਬਵੇਜਾ ਆਪਣੇ ਹੱਥੋਂ ਬਾਜ਼ੀ ਨਿਕਲਦੀ ਦੇਖ ਸਿਰ ਪਿੱਟਣ ਦੀ ਹਾਲਤ 'ਚ ਸਨ, ਗੁਪਤਾ ਝੁੰਜਲਾਅ ਕੇ ਬੋਲਿਆ, "ਲਉ ਜੀ, ਹੁਣ ਜੰਗਲ ਬਚਾਉਣਗੇ ਸ਼ਹਿਰਾਂ ਨੂੰ।"

ਉਸ ਦਾ ਵਿਅੰਗ ਸੁਣ ਕੇ ਡਾ: ਜਾਵੇਦ ਨੇ ਪੂਰੇ ਵਿਸ਼ਵਾਸ ਨਾਲ ਕਿਹਾ, "ਡਾ: ਸਾਹਬ ਜੇ ਅਸੀਂ ਬੰਦਿਆਂ ਵਾਂਗੂੰ ਵਰਤੀਏ ਤਾਂ ਜੰਗਲ ਸ਼ਹਿਰਾਂ ਨੂੰ ਹੀ ਨਹੀਂ ਪੂਰੀ ਦੁਨੀਆਂ ਨੂੰ ਬਚਾ ਸਕਦੇ ਨੇ।"

**ਮੋ: 99887-30005**

---


**31 ਕਹਾਣੀਆਂ**

# ਜਿੰਦਰ

**ਆਰਸੀ ਪ੍ਰਕਾਸ਼ਨ, ਦਿੱਲੀ**

---

**ਵੈਟਰਨ ਅਥਲੈਟਿਕਸ ਰਾਹੀਂ ਦੱਖਣ ਯਾਤਰਾ**

# ਮੁਖ਼ਤਿਆਰ ਸਿੰਘ

**ਐਵਿਸ ਪਬਲੀਕੇਸ਼ਨਜ਼, ਦਿੱਲੀ**

# ਪਿੰਡਾਂ ਵਿਚੋਂ ਪਿੰਡ ਸੁਣੀਂਦਾ/ਕੇਸਰਾ ਰਾਮ

ਸੰਤੋਸ਼ ਆਨੰਦ ਝਾਅ ਦੀ ਬਦਲੀ ਦੀ ਖ਼ਬਰ ਸੁਣਨ ਸਾਰ ਦਫਤਰ ’ਚ ਮੁਬਾਰਕਾਂ ਦਾ ਦੌਰ ਸ਼ੁਰੂ ਹੋ ਗਿਐ।

ਉਸ ਵੱਲੋਂ ਬੜਾ ਚਿਰ ਪਹਿਲਾਂ ਪ੍ਰਗਟਾਈ ਇੱਛਾ ਮੇਰੇ ਦਿਮਾਗ਼ ਵਿਚ ਇਕ ਵਾਰ ਫੇਰ ਗੂੰਜਣ ਲੱਗ ਪਈ, “ਮੈਂ ਮਾਲਵੇ ਕੇ ਪਿੰਡ ਦੇਖਣੇ ਚਾਹਤਾ ਹੂੰ...!”

ਕਦੋਂ ਦਾ ਇਹੀ ਕੁਝ ਗੂੰਜੀ ਜਾ ਰਿਹੈ, ਮਾਲਵੇ ਕੇ ਪਿੰਡ...! ਪਿੰਡ...!! ਪਿੰਡ...!!! ਪਿੰਡ ਨਾ ਹੋਏ, ਕੋਹਕਾਫ਼ ’ਤੇ ਬਣਿਆ ਹੋਇਆ ਕੋਈ ਅਪਹੁੰਚ ਕਿਲ੍ਹਾ ਹੋ ਗਿਆ! ਮੈਂ ਇਸ ਕਿਲ੍ਹੇ ’ਚ ਘਿਰਿਆ ਹੋਇਆ ਮਹਿਸੂਸ ਕਰ ਰਿਹਾਂ। ਸੰਤੋਸ਼ ਨੂੰ ਮੁਬਾਰਕਵਾਦ ਦੇਣੀ ਚਾਹੁੰਦਾਂ। ਸੀਟ ਤੋਂ ਉੱਠਿਆ ਹੀ ਨਹੀਂ ਗਿਆ।

“ਵਾਹ ਜੀ, ਵਾਹ! ਮੁਬਾਰਕਾਂ! ਬਨਵਾਸ ਕੱਟਿਆ ਗਿਆ।” ਦਫਤਰ ’ਚ ਕਾਂਵਾਂ-ਰੌਲ਼ੀ ਪਈ ਹੋਈ ਹੈ।

“ਬਨਵਾਸ?” ਮੈਂ ਸੋਚਣ ਲੱਗਿਆ, “ਸੰਤੋਸ਼ ਲਈ ਤਾਂ ਇਹ ਨੌਕਰੀ ਮੂੰਹ ਮੰਗੀ ਮੁਰਾਦ ਸੀ!”

ਉਸ ਨੇ ਲਗਭਗ ਚਾਰ ਸਾਲ ਪਹਿਲਾਂ ਇਥੇ ਜੁਆਇਨ ਕੀਤਾ ਸੀ। ਨਵੀਂ ਭਰਤੀ ਸੀ। ਕੇਂਦਰ ਸਰਕਾਰ ਦੀ ਨੌਕਰੀ ਵਿਚ ਕਿਤੇ ਵੀ ਪੋਸਟਿੰਗ ਮਿਲ ਸਕਦੀ ਹੈ। ਉਸਨੂੰ ਪੰਜਾਬ ਦਾ ਸੰਗਰੂਰ ਜ਼ਿਲ੍ਹਾ ਹੈਡਕੁਆਟਰ ਮਿਲਿਆ।

ਉਸ ਦੀ ਖ਼ੁਸ਼ੀ ਤਾਂ ਸਗੋਂ ਡਬਲ ਹੋ ਗਈ ਸੀ। ਇਸ ਇਲਾਕੇ ਨੂੰ ਨੇੜਿਓਂ ਤੱਕਣ ਦਾ ਮੌਕਾ ਜੋ ਮਿਲ ਰਿਹਾ ਸੀ। ਜੋਸ਼ੀਲਾ ਗੀਤ-ਸੰਗੀਤ, ਮਸਤ ਰਹਿਣੀ-ਬਹਿਣੀ, ਪ੍ਰਭਾਵਿਤ ਕਰਨ ਵਾਲਾ ਖੁੱਲ੍ਹਾ-ਡੁੱਲ੍ਹਾ ਸੱਭਿਆਚਾਰ, ਪੰਜਾਬੀਆਂ ਬਾਰੇ ਅੱਤਕਥਨੀ ਤੋਂ ਵੀ ਵਧੇਰੇ ਵਧਾ-ਚੜ੍ਹਾ ਕੇ ਅਕਸਰ ਕੀਤੀਆਂ ਜਾਂਦੀਆਂ ਗੱਲਾਂ ਸੁਣ-ਸੁਣ ਕੇ ਉਹ ਖ਼ਾਸਾ ਰੁਮਾਂਚਿਤ ਸੀ।

ਤਿੰਨ ਜੂਨੀਅਰ ਇੰਜੀਨੀਅਰਾਂ ’ਚੋਂ ਦੋ ਰਾਜਸਥਾਨ ਤੋਂ ਸਨ ਅਤੇ ਸੰਤੋਸ਼ ਬਿਹਾਰ ਦੇ ਜ਼ਿਲ੍ਹਾ ਪੂਰਣੀਆ ਤੋਂ। ਤਿੰਨ ਸਾਲ ਤੋਂ ਪਹਿਲਾਂ ਸਰਕਲ ਨਹੀਂ ਬਦਲਿਆ ਜਾ ਸਕਦਾ ਸੀ, ਪਰ ਰਾਜਸਥਾਨ ਵਾਲੇ ਆਪਣੀ ਤਕੜੀ ਪਹੁੰਚ ਦੇ ਸਿਰ ’ਤੇ ਪਹਿਲਾਂ ਡੈਪੂਟੇਸ਼ਨ ’ਤੇ ਗਏ, ਫੇਰ ਤਿੰਨ ਸਾਲ ਹੋਣ ਸਾਰ ਰੈਗੂਲਰ ਆਡਰ ਉਥੋਂ ਦੇ ਹੀ ਕਰਵਾ ਲਏ। ਸੰਤੋਸ਼ ਨੇ ਵੀ ਕੋਸ਼ਿਸ਼ ਤਾਂ ਕੀਤੀ ਸੀ, ਪਰ...

ਹੁਣ ਉਹ ਵਾਪਸ ਆਪਣੇ ਦੇਸ਼ ਪਰਤ ਜਾਵੇਗਾ। ਜਿਵੇਂ ਜੀਰੀ ਲਾਉਣ ਦਾ ਕੰਮ ਮੁਕਾ ਕੇ ਯੂ.ਪੀ., ਬਿਹਾਰ ’ਚੋਂ ਆਏ ਮਜ਼ਦੂਰ ਅਗਲੇ ਸੀਜਨ ’ਚ ਮੁੜ ਆਉਣ ਲਈ ਪਰਤ ਜਾਂਦੇ ਹੁੰਦੇ ਨੇ। ਪਰ ਸੰਤੋਸ਼ ਨੇ ਮੁੜ ਕੇ ਨਹੀਂ ਆਉਣਾ। ਨਾਲੇ ਉਹ ਪ੍ਰਵਾਸੀ ਮਜ਼ਦੂਰਾਂ ਵਾਂਗ ਨਹੀਂ, ਇਕ ਅਫਸਰ ਅਤੇ ਜਗਿਆਸਾ ਨਾਲ ਭਰੇ ਇਕ ਯਾਤਰੀ ਵਾਂਗ ਪੰਜਾਬ ਆਇਆ ਸੀ। ਜਿਸ ਦੀ ਇਕ ਜਗਿਆਸਾ ਸ਼ਾਂਤ ਹੁੰਦੀ ਤਾਂ ਝਟ ਦੂਜੀ ਸਿਰ ਚੁੱਕ ਲੈਂਦੀ।

ਮੈਂ ਕਿਹਾ, “ਸਿਰਫ ਮਾਲਵਾ ਕਿਉਂ, ਸਾਰਾ ਪੰਜਾਬ ਦੇਖੋ?” ਤਾਂ ਉਸ ਨੇ ਦੱਸਿਆ ਕਿ ਉਸ ਦੀ ਜਗਿਆਸਾ ਤਾਂ ਖ਼ਾਸ ਮਾਲਵੇ ਬਾਰੇ ਹੈ।



ਆਪਣੇ ਦੇਸ਼ ਵਿਚ ਦੋ ਮਾਲਵੇ ਹਨ। ਸੰਤੋਸ਼ ਇਹਨਾਂ ਦੋਨਾਂ ਬਾਰੇ ਕਾਫੀ ਕੁਝ ਜਾਣਦਾ ਸੀ ਅਤੇ ਜਾਨਣਾ ਵੀ ਚਾਹੁੰਦਾ ਸੀ। ਮੱਧ ਭਾਰਤ ਦੇ ਮਾਲਵੇ ਦੀ ਜਰਖੇਜ ਧਰਤੀ ਨੇ ਕਾਲੀਦਾਸ ਤੋਂ ਲੈ ਕੇ ਅੰਬੇਡਕਰ, ਕਿਸ਼ੋਰ ਕੁਮਾਰ, ਲਤਾ ਮੰਗੇਸ਼ਕਰ, ਐਮ.ਐਫ. ਹੁਸੈਨ ਅਤੇ ਰਾਹਤ ਇੰਦੌਰੀ ਵਰਗੇ ਕਿੰਨੇ ਹੀ ਹੀਰੇ ਦਿੱਤੇ ਸੀ। ਪਰ ਇਹ ਸਭ ਕਾਫੀ ਨਹੀਂ ਸੀ।

ਇਸੇ ਤਰ੍ਹਾਂ ਪੰਜਾਬ ਵਾਲੇ ਮਾਲਵੇ ਦੀ ਧਰਤੀ ਵੀ ਘਟ ਜਰਖੇਜ ਨਹੀਂ ਸੀ। ਬਾਬੂ ਰਜੱਬ ਅਲੀ, ਗਿਆਨੀ ਜੈਲ ਸਿੰਘ, ਗੁਰਦਿਆਲ ਸਿੰਘ, ਜਰਨੈਲ ਸਿੰਘ ਭਿੰਡਰਾਂਵਾਲੇ ਵਰਗੇ ਕਈ ਨਾਂਵਾਂ ਤੋਂ ਉਹ ਜਾਣੂ ਸੀ। ਪਰ ਇਹ ਵੀ ਕਾਫੀ ਨਹੀਂ ਸੀ।

ਸਾਹਿਤ ਵਿਚ ਦਿਲਚਸਪੀ ਹੋਣ ਕਰ ਕੇ ਇਸ ਇਲਾਕੇ ਦੇ ਲੇਖਕਾਂ ਬਾਰੇ ਵੀ ਉਹ ਖ਼ਾਸਾ ਕੁਝ ਜਾਣਦਾ ਸੀ। ਮਸਲਨ ਵਧੇਰੇ ਲੇਖਕ ਪਿੰਡਾਂ ’ਚੋਂ ਸਨ। ਉਹਨਾਂ ਦੇ ਜਨਮ ਸਥਾਨ, ਉਹਨਾਂ ਦੀਆਂ ਯਾਦਗਾਰਾਂ ਦੇਖਣੀਆਂ ਚਾਹੁੰਦਾ ਸੀ। ਗੱਲ ਸਿਰਫ ਵੱਡੀਆਂ ਹਸਤੀਆਂ ਜਾਂ ਥਾਂਵਾਂ ਦੀ ਹੀ ਨਹੀਂ, ਸੱਭਿਆਚਾਰ ਬਾਰੇ ਜਾਨਣ ਦੀ ਵੀ ਸੀ।

ਉਸ ਨੇ ਤਾਂ ਮਜ਼ਾਕ-ਮਜ਼ਾਕ ’ਚ ਸਾਡੇ ਪੰਜਾਬੀ ਮਾਲਵੇ ਦੀ ਮੱਧ ਭਾਰਤ ਵਾਲੇ ਮਾਲਵੇ ਨਾਲ ਇਕ ਕਮਾਲ ਦੀ ਸਾਂਝ ਵੀ ਜੋੜ ਲਈ ਸੀ, “ਉਸ ਮਾਲਵੇ ਵਿਚ ਕਾਨੂਨੀ ਤੌਰ ’ਤੇ ਦੁਨੀਆ ਦੀ ਸਭ ਤੋਂ ਵਧ ਅਫੀਮ ਦੀ ਖੇਤੀ ਹੁੰਦੀ ਹੈ ਅਤੇ ਇਧਰ ਆਪਣੇ ਮਾਲਵੇ ਵਿਚ ਅਮਲੀਆਂ ਦੇ ਵਾਰੇ-ਨਿਆਰੇ ਨੇ।” ਤੇ ਹੱਸ ਪਿਆ ਸੀ।

ਅਮਲੀਆਂ ਦੇ ਕਿੱਸੇ ਉਸਨੂੰ ਖਿੱਚ ਪਾਉਂਦੇ ਸਨ ਅਤੇ ਉਹ ਪਿੰਡਾਂ ਦੀਆਂ ਸੱਥਾਂ ਵਿਚ ਬੈਠ ਕੇ ਕਿੱਸੇ-ਕਹਾਣੀਆਂ ਸੁਣਨੀਆਂ ਚਾਹੁੰਦਾ ਸੀ।

ਸੰਤੋਸ਼ ਕੋਲ ਅਕਸਰ ਕੋਈ ਨਾ ਕੋਈ ਸਾਹਿਤਿਕ ਪੱਤ੍ਰਕਾ ਹੁੰਦੀ। ਮੈਨੂੰ ਵੀ ਸਾਹਿਤ ਪੜ੍ਹਨ ਦਾ ਸ਼ੌਕ ਸੀ। ਇਹੀ ਸਾਂਝ ਸਾਡੀ ਦੋਸਤੀ ਦਾ ਜਰੀਆ ਬਣੀ। ਹਿੰਦੀ ਵਿਚ ਅਨੁਵਾਦ ਹੋਇਆ ਪੰਜਾਬੀ ਸਾਹਿਤ ਪੜ੍ਹ ਕੇ, ਖ਼ਾਸ ਕਰ ਕੇ ਪੇਂਡੂ ਸਮਾਜ ਦੇ ਖਿੱਚ-ਭਰਪੂਰ ਕਲਚਰ ਬਾਰੇ ਇਕ ਅਕਸ ਉਸ ਨੇ ਆਪਣੇ ਦਿਮਾਗ਼ ਵਿਚ ਬਣਾ ਰੱਖਿਆ ਸੀ। ਇਹ ਵੱਖਰੀ ਗੱਲ ਹੈ ਕਿ ਟੇਲੀਵਿਜ਼ਨ ਅਤੇ ਬੱਸਾਂ ’ਚ ਵੱਜਣ ਵਾਲੇ ਪੰਜਾਬੀ ਗਾਣੇ ਸੁਣਦਿਆਂ ਉਹ ਅਕਸ ਤਿੜਕਣ ਲੱਗਦਾ। ਉਸ ਦੇ ਅੰਦਰ ਦਵੰਦ ਛਿੜ ਜਾਂਦਾ। ਉਹ ਇਸ ਦਵੰਦ ’ਚੋਂ ਉੱਭਰਨਾ ਚਾਹੁੰਦਾ ਸੀ।

ਪੰਜਾਬ ਆ ਕੇ ਜਦੋਂ ਪ੍ਰਤੱਖ ਦੇਖਿਆ ਤਾਂ ਹੋਰ ਵੀ ਕਨਫਿਊਜ ਹੋ ਗਿਆ ਸੀ। ਜਦੋਂ ਵੀ ਸਮਾਂ ਮਿਲਦਾ, ਆਪਣੀ ਗੱਲ ਮੇਰੇ ਸਾਹਮਣੇ ਰੱਖ ਦਿੰਦਾ। ਸੈਕਸ਼ਨ ਭਾਵੇਂ ਉਸ ਦਾ ਵੱਖਰਾ ਸੀ, ਪਰ ਮੇਰੀ, ਜੱਗੀ ਤੇ ਝਾਅ ਦੀ ਤਿਕੜੀ ਬਣ ਗਈ ਸੀ।

ਮਾਲਵੇ ਦੀਆਂ ਕਈ ਗੱਲਾਂ ਨੂੰ ਲੈ ਕੇ ਉਹ ਵਧੇਰੇ ਹੀ ਉਤਸ਼ਾਹਤ ਸੀ। ਪਟਿਆਲਾ ਪੈੱਗ ਬਾਰੇ ਗੱਲਾਂ ਕਰਦਾ। ਮਹਿਫਿਲਾਂ ’ਚ ਵੀ ਸ਼ਾਮਲ ਹੁੰਦਾ। ਖ਼ੁਦ ਨਿੱਕੇ-ਨਿੱਕੇ ਦੋ ਪੈੱਗਾਂ ਤੋਂ ਵਧ ਨਹੀਂ ਪੀ ਸਕਦਾ ਸੀ। ਇਧਰ ਸਾਡੇ ਆਲ਼ੇ ਬਾਈ ਦਾਰੂ ਦੇ ਪੂਰੇ ਡਰੰਮ! ਸਗੋਂ ਪੀਣ ਤੋਂ ਬਾਅਦ ਤਾਂ ਅੰਗ੍ਰੇਜ਼ੀ ਨੂੰ ਪਟਾ ਚਾੜ੍ਹ ਦਿੰਦੇ, ਓਕੇ, ਟਾਟਾ, ਪਲੀਜ਼... ਤੈਨੂੰ ਮੇਰੀ ਸਹੁੰ ਲੱਗੇ...!

ਅਗਲੇ ਨੂੰ ਸਹੁੰ ਵੀ ਖਾਣੀ ਪੈਂਦੀ ਤੇ ਪੈੱਗ ਵੀ ਬਰਾਬਰ ਲਾਉਣੇ ਪੈਂਦੇ।

ਝਾਅ ਤਾਂ ਬਸ ਨਾਲ ਬੈਠਾ ਸਲਾਦ ਖਾਈ ਜਾਂਦਾ ਅਤੇ ਸਾਡੀਆਂ ਬੜ੍ਹਕਾਂ ਸੁਣੀ ਜਾਂਦਾ। ਉਹ ਸਾਨੂੰ ਚਿਕਨ ਚਰੂੰਡਦਿਆਂ ਨੂੰ ਸਲਾਦ ਔਫਰ ਕਰਦਾ ਤਾਂ ਸਾਡੇ ’ਚੋਂ ਕੋਈ ਬੋਲ ਪੈਂਦਾ, “ਸ਼ੇਰ ਘਾਹ ਨਹੀਂ ਖਾਂਦੇ ਓਏ!”

ਉਹ ਘਾਹ ਖਾਈ ਜਾਂਦਾ ਤੇ ਸਿਰ ਘੁਕਾਉਂਦੇ, ਲੜਖੜਾਉਂਦੇ ਸੇਰਾਂ ਦੀਆਂ ਗੱਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਰਹਿੰਦਾ। ਜੰਮਣ-ਖੱਪਣ ਤੋਂ ਲੈ ਕੇ ਵਿਆਹ-ਸ਼ਾਦੀਆਂ ਦੀਆਂ ਰਸਮਾਂ ਬਾਰੇ ਖੋਦ-ਖੋਦ ਕੇ ਪੁੱਛਦਾ ਰਹਿੰਦਾ। ਪਰ ਸਾਡੇ ਕੋਲ ਦੱਸਣ ਲਈ ਹੈ ਈ ਕੀ ਸੀ!

ਉਹ ਜੱਟਾਂ ਦੇ ਹਥਿਆਰਾਂ ਦੇ ਸ਼ੌਕ ਬਾਰੇ ਗੱਲਾਂ ਕਰਦਾ। ਉਹਨਾਂ ਵੱਲੋਂ ਪੇਸ਼ੀ ਭੁਗਤਣ ਆਉਣ 'ਤੇ ਕਚਹਿਰੀਆਂ 'ਚ ਲੱਗਣ ਵਾਲੇ ਮੇਲਿਆਂ ਬਾਰੇ ਜਗਿਆਸਾ ਪ੍ਰਗਟਾਉਂਦਾ। ਹਾੜੀ ਵੇਚ-ਵੱਟ ਕੇ, ਵਿਸਾਖੀ 'ਤੇ ਸ਼ਮਲੇ ਵਾਲੀਆਂ ਪੱਗਾਂ ਨਾਲ ਸਜੇ ਹੋਏ, ਬੋਲੀਆਂ ਤੇ ਭੰਗੜਾ ਪਾਉਂਦੇ, ਮੇਲੇ ਜਾਂਦੇ ਜੱਟਾਂ ਅਤੇ ਫੁਲਕਾਰੀਆਂ ਵਾਲੀਆਂ ਨੱਚਦੀਆਂ-ਗਾਉਂਦੀਆਂ, ਗਿੱਦਾ ਪਾਉਂਦੀਆਂ ਜੱਟੀਆਂ ਦੇਖਣ ਦੀਆਂ ਖਾਹਿਸ਼ਾਂ ਪ੍ਰਗਟਾਉਂਦਾ।

ਉਸ ਦੀਆਂ ਖਾਹਿਸ਼ਾਂ ਸੁਣ ਕੇ ਜੱਗੀ ਹੱਸ ਪੈਂਦਾ, "ਛਪਾਰ ਦਾ ਇਕ ਮੇਲਾ ਤਾਂ ਲੱਗਦੈ, ਪੰਡਤ ਜੀ। ਉਹ ਤੈਨੂੰ ਦਿਖਾ ਲਿਆਵਾਂਗੇ।"

ਛਪਾਰ ਦੇ ਮੇਲੇ 'ਚ ਰਾਤ ਨੂੰ ਮੰਡ੍ਹੀਰ ਵੱਲੋਂ ਪਾਈਆਂ ਜਾਂਦੀਆਂ ਲੁੱਚੀਆਂ ਬੋਲੀਆਂ ਤੋਂ ਸਿਵਾ ਜ਼ਿਕਰਯੋਗ ਉਥੇ ਕੁਝ ਖ਼ਾਸ ਨਹੀਂ ਲੱਭਿਣਾ ਸੀ। ਕੁਝ ਬੋਲੀਆਂ ਦਾ ਅਰਥ ਉਸ ਨੂੰ ਹਿੰਦੀ 'ਚ ਦੱਸਿਆ ਤਾਂ ਉਹ ਮੈਨੂੰ ਵੀ ਲੁੱਚੀਆਂ ਲੱਗੀਆਂ। ਮੈਂ ਸੋਚਣ ਲੱਗਿਆ ਕਿ ਇਹਨੂੰ ਕੀ ਦਿਖਾ ਰਿਹਾਂ ਅਤੇ ਫੇਰ ਵਿਆਖਿਆ ਕਾਸ ਲਈ?

ਬਾਕੀ ਲੱਡੂ-ਜਲੇਬੀਆਂ, ਵੇਸਣ ਦੀਆਂ ਚੱਕੀਆਂ, ਪਤੌੜ-ਪਤਾਸੇ, ਖੰਡ-ਖਿਡੌਣੇ ਤੇ ਹੋਰ ਖਾਣਾ-ਪੀਣਾ ਤਾਂ ਹਰ ਕਿਤੇ ਆਪੋ-ਆਪਣੇ ਹਿਸਾਬ ਨਾਲ ਹੁੰਦਾ ਹੀ ਹੈ, ਕਿਤੇ ਵਧ ਕਿਤੇ ਘਟ। ਸਗੋਂ ਸ਼ਹਿਰਾਂ 'ਚ ਤਾਂ ਅੱਜਕਲ੍ਹ ਹਰ ਚੀਜ਼ ਮਿਲ ਜਾਂਦੀ ਹੈ। ਜਿਵੇਂ ਢੋਸੇ ਤੇ ਪੰਜਾਬ ਦਾ ਕੀ ਮੇਲ? ਪਰ ਵਿਕ ਰਿਹਾ ਹੈ।

ਇਕ ਕੰਮ ਠੀਕ ਹੋਇਆ, ਮਕਾਨ ਮਾਲਕ ਦਾ ਪਰਵਾਰ ਉਸ ਨੂੰ ਚੰਗਾ ਮਿਲ ਗਿਆ। ਤਿੰਨ-ਚਾਰ ਮਹੀਨਿਆਂ ਬਾਅਦ ਹੀ ਉਹ ਵੀ ਪਿੰਡੋਂ ਆਪਣਾ ਪਰਵਾਰ ਲੈ ਆਇਆ। ਛੋਟਾ ਜਿਹਾ ਪਰਵਾਰ। ਤਿੰਨ ਕੁ ਸਾਲ ਦੀ ਬੱਚੀ ਤੇ ਘਰਵਾਲੀ। ਬੜੀ ਛੇਤੀ ਉਸ ਦੀ ਘਰਵਾਲੀ ਮੇਰੀ ਘਰਵਾਲੀ ਨਾਲ ਵੀ ਚੰਗੀ ਘੁਲ਼ਮਿਲ ਗਈ।

ਇਕ ਦਿਨ ਮਸਤੁਆਣਾ ਸਾਹਬ ਗਏ। ਪਰਵਾਰ ਸਮੇਤ ਨਾਲ ਜਾ ਕੇ ਵਿਸਾਖੀ ਦਾ ਮੇਲਾ ਦਿਖਾਇਆ। ਨਾਨਕਿਆਣੇ ਗੁਰਦੁਆਰੇ ਹੁੰਮ-ਹੁੰਮਾ ਕੇ ਪਹੁੰਚੀਆਂ ਸੰਗਤਾਂ। ਸੜਕ ਦੇ ਕੰਢੇ 'ਤੇ ਦੂਰ-ਦੂਰ ਤਕ ਰੰਗ-ਬਿਰੰਗੀਆਂ ਚੀਜ਼ਾਂ ਵੇਚਣ ਵਾਲਿਆਂ ਦੀ ਚਹਿਲ-ਪਹਿਲ। ਹਾਰ-ਗਾਨੀਆਂ, ਵਾਲੀਆਂ-ਝੁਮਕੇ, ਕੋਕੇ-ਮੁੰਦਰੀਆਂ, ਬੰਸਰੀਆਂ-ਅਲ਼ਗੋਜੇ, ਪੀਪਣੀਆਂ... ਗ਼ਰੀਬ-ਗੁਰਬੇ ਖਰੀਦ ਵੀ ਰਹੇ ਸੀ। ਬੱਚੇ ਕੀ ਤੇ ਵੱਡੇ ਕੀ, ਮੇਲੇ ਦਾ ਚਾਅ ਸਾਰਿਆਂ ਦੇ ਚਿਹਰਿਆਂ 'ਤੇ ਝਲਕਾਰੇ ਮਾਰ ਰਿਹਾ ਸੀ। ਬੱਚੇ ਖੂਬ ਲੁਤਫ ਉਠਾ ਰਹੇ ਸੀ। ਜੀਅ ਲੱਗਣ ਵਾਲਾ ਮਾਹੌਲ। ਝਾਅ ਦੀ ਘਰਵਾਲੀ ਤੇ ਬੱਚੀ ਬਹੁਤ ਖ਼ੁਸ਼ ਹੋਈਆਂ। ਇਸੇ ਖ਼ੁਸ਼ੀ ਦੀ ਰੌਂਅ 'ਚ ਝਾਅ ਨੇ ਯਾਦ ਕਰਾਇਆ, "ਸਰ ਜੀ, ਬਸ ਇਸੀ ਤਰ੍ਹਾਂ ਪਿੰਡ ਭੀ..."

ਪਿੰਡ ਦੇਖਣ ਵਾਲੀ ਬਾਤ ਤਾਂ ਉਸ ਨੇ ਮੇਰੇ ਨਾਲ ਦੋਸਤੀ ਪੈਣ ਸਾਰ ਹੀ ਪਾ ਦਿੱਤੀ ਸੀ। ਪਰਵਾਰ ਲਿਆਉਣ ਤੋਂ ਬਾਅਦ ਹਥਿਆਰਾਂ ਦਾ ਸ਼ੌਕ ਰੱਖਣ ਵਾਲੇ ਜੱਟਾਂ ਦੀ ਗੱਲ ਕਰਨੀ ਘਟ ਕਰ ਦਿੱਤੀ ਸੀ। ਹਾਂ, ਮੇਲੇ ਦਾ ਤਾਂ ਨਾਂ ਹੀ ਖਿੱਚ ਪਾਉਣ ਵਾਲਾ ਹੁੰਦਾ ਹੈ। ਇਸੇ ਲਈ ਸ਼ਾਇਦ ਕਚਹਿਰੀਆਂ ਵਰਗੀ ਸੁਰੱਖਿਅਤ ਥਾਂ 'ਚ ਲੱਗਣ ਵਾਲੇ ਮੇਲੇ ਦੇਖਣ ਦੀ ਉਸ ਦੀ ਇੱਛਾ ਹਾਲੇ ਬਾਕੀ ਸੀ।



ਉਸ ਦੀ ਇਸ ਰੀਝ ਨੂੰ ਪੂਰੀ ਕਰਨ ਲਈ ਲੰਚ ਟਾਈਮ 'ਚ ਮੈਂ ਦੋ-ਤਿੰਨ ਵਾਰੀ ਉਸ ਨੂੰ ਕਚਹਿਰੀਆਂ 'ਚ ਲੈ ਕੇ ਵੀ ਗਿਆ। ਉਸ ਨੇ ਜੋ ਚਿਤਵਿਆ ਹੋਇਆ ਸੀ, ਉਹੋ ਜਿਹਾ ਉਥੇ ਕੁਝ ਵੀ ਨਹੀਂ ਦਿੱਸਿਆ। ਛਵੀਆਂ, ਟਕੁਏ, ਗੰਡਾਸੇ ਜਾਂ ਮੋਢੇ 'ਤੇ ਦੁਨਾਲੀ ਰੱਖਣ ਵਾਲਾ ਬੜ੍ਹਕਾਂ ਮਾਰਦਾ ਇਕ ਵੀ ਜੱਟ ਨਾ ਥਿਆਇਆ।

ਬਿਰਖ ਬਣ ਕੇ ਖੜ੍ਹੇ-ਖੜ੍ਹੇ ਸੁੱਕਦੇ ਜਾ ਰਹੇ ਬੰਦਿਆਂ ਦੀ ਭੀੜ 'ਚ ਕਿਸੇ ਦੇ ਵੀ ਚਿਹਰੇ 'ਤੇ ਖ਼ੁਸ਼ੀਆਂ ਤੇ ਖੇੜਾ ਨਹੀਂ ਸੀ। ਸਾਰੇ ਈ ਜਿਵੇਂ ਕਿਸੇ ਦੀ ਮਰਗ 'ਤੇ ਆਏ ਹੋਣ ਅਤੇ ਇਥੇ ਆ ਕੇ ਬੁਤ ਬਣ ਗਏ ਹੋਣ।

ਕਾਲੇ ਕੋਟ ਵਾਲੇ ਵਕੀਲਾਂ ਪਿੱਛੇ ਕਾਲੀ ਛਾਂ ਬਣ ਕੇ ਫਿਰਦੇ ਬੁਤ। ਕੋਰਟ-ਰੂਮਾਂ ਦੇ ਬਾਹਰ ਬੈਂਚਾਂ 'ਤੇ ਆਪਣੀ ਵਾਰੀ ਦੀ ਉਡੀਕ 'ਚ ਬੈਠੇ ਬੁਤ। ਵਕੀਲਾਂ ਦੀਆਂ ਮੇਜ਼ਾਂ ਦੁਆਲੇ ਹੱਥ ਬੰਨ੍ਹ ਕੇ ਖੜ੍ਹੇ ਬੁਤ। ਆਪਣੇ ਲਈ ਪੈਣ ਵਾਲੀ ਹਾਕ ਨੂੰ ਉਡੀਕ-ਉਡੀਕ ਕੇ ਥੱਕ ਚੁੱਕੇ ਅਤੇ ਸਰੀਰ ਨੂੰ ਭਾੜਾ ਦੇਣ ਲਈ ਕੰਟੀਨ 'ਚੋਂ ਨਿੱਕੀਆਂ-ਨਿੱਕੀਆਂ ਡਿਸਪੋਜਲ ਗਿਲਾਸੀਆਂ 'ਚ ਚਾਹ ਸੁੜਕਦੇ ਬੁਤ।

ਹਾਂ, ਭੀੜ ਵਧਣ ਦੇ ਨਾਲ-ਨਾਲ ਟਾਈਪ, ਫੋਟੋਸਟੇਟ ਤੇ ਕੰਟੀਨ ਵਾਲਿਆਂ ਦੇ ਚਿਹਰਿਆਂ 'ਤੇ ਰੌਣਕ ਵਧਦੀ ਜਾਂਦੀ।

ਬੁਤਾਂ ਤੋਂ ਧਿਆਨ ਹਟਾ ਕੇ ਸੰਤੋਸ਼ ਝਾਅ ਨੇ ਮੇਰੇ ਵੱਲ ਦੇਖਿਆ। ਉਸ ਦਾ ਸਵਾਲ ਮੈਂ ਸਮਝ ਗਿਆ ਸਾਂ, 'ਫੇਰ ਉਹ ਹੌਸਲੇ ਵਾਲਾ, ਦਬੰਗ ਅਤੇ ਲਲਕਾਰੇ ਮਾਰਨ ਵਾਲਾ ਜੱਟ, ਸਰ ਜੀ?'

ਅਜਿਹਾ ਤਾਂ ਅੱਜਕਲ੍ਹ ਵਜਦੇ ਗਾਣਿਆਂ 'ਚ ਹੀ ਸੁਣੀਂਦੈ, ਸੋਚਦਿਆਂ ਮੈਂ ਇਤਿਹਾਸ ਦੇ ਇਕ ਪੜਾਅ ਤੋਂ ਪਾਰ ਦੇਖਦਿਆਂ ਕਿਹਾ, "ਹੁਣ ਤਾਂ ਇਹੀ ਕੁਝ ਐ ਵੀਰ। ਵੈਸੇ ਮੈਂ ਤਾਂ, ਹਰੇ ਇਨਕਲਾਬ ਤੋਂ ਬਾਅਦ ਦੀ ਪੈਦਾਇਸ਼ ਹਾਂ, ਉਸ ਤੋਂ ਪਹਿਲਾਂ ਦਾ ਤਾਂ ਮੈਨੂੰ ਵੀ ਖ਼ਾਸ ਨ੍ਹੀਂ ਪਤਾ।"

ਉਸ ਨੇ ਮੇਰੇ ਚਿਹਰੇ 'ਤੇ ਸਵਾਲੀਆਂ ਨਜ਼ਰਾਂ ਗੱਡੀਆਂ ਹੋਈਆਂ ਸੀ। ਆਪਣੇ ਚਿਹਰੇ 'ਤੇ ਗੰਭੀਰਤਾ ਲਿਆਉਂਦਿਆਂ ਮੈਂ ਕਿਹਾ, "ਮਜ਼ਾਕ ਨ੍ਹੀਂ, ਮੈਂ ਸੀਰੀਅਸ ਹਾਂ।"

ਪੰਜਾਬ 'ਚ ਹਰੇ ਇਨਕਲਾਬ ਕਾਰਨ ਕੀ ਕੁਝ ਹਰਾ ਹੋਇਆ ਤੇ ਕਿੰਨਾ ਕੁਝ ਸੁੱਕਿਆ, ਥੋੜ੍ਹਾ-ਬਹੁਤ ਤਾਂ ਸੰਤੋਸ਼ ਝਾਅ ਵੀ ਜਾਣਦਾ ਸੀ। ਇਥੇ ਆ ਕੇ ਉਸ ਨੇ ਖ਼ੁਦ ਮੰਨਿਆ ਕਿ ਉਸਨੂੰ ਤਾਂ ਹਰਾ-ਹਰਾ ਹੀ ਵੱਧ ਪਤਾ ਸੀ, ਸੁੱਕਾ-ਸੁੱਕਾ ਤਾਂ ਉਸ ਤੱਕ ਖ਼ਾਸ ਨਹੀਂ ਪਹੁੰਚਿਆ ਸੀ। ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀਆਂ ਇੱਕਾ-ਦੁੱਕਾ ਖ਼ਬਰਾਂ ਬੇਸ਼ੱਕ ਉਸ ਨੇ ਸੁਣੀਆਂ ਸਨ।

ਪਰ ਇੰਨੇ ਖ਼ੁਸ਼ਹਾਲ ਸੂਬੇ ਦੇ ਜ਼ਿੰਦਾ-ਦਿਲ ਲੋਕਾਂ ਬਾਰੇ ਇਹੋ ਜਿਹੀਆਂ ਖ਼ਬਰਾਂ ਉਸ ਨੂੰ ਅਣਹੋਣੀ ਗੱਲ ਜਾਪਦੀਆਂ ਸਨ। ਉਹ ਜ਼ੋਰ ਦੇ ਕੇ ਕਹਿੰਦਾ ਹੁੰਦਾ, "ਮੈਨੂੰ ਨਹੀਂ ਲੱਗਦਾ ਕਿ ਐਨੇ ਅਮੀਰ ਸੂਬੇ ਦੀ ਸਰਕਾਰ ਆਪਣੇ ਕਿਸਾਨਾਂ ਨੂੰ ਇਸ ਤਰ੍ਹਾਂ ਮਰ ਜਾਣ ਦਿੰਦੀ ਹੋਵੇਗੀ।"

ਉਸ ਨੂੰ ਪੰਜਾਬ ਵਿਚ ਦੋ ਸਾਲ ਹੋਣ ਵਾਲੇ ਸਨ। ਉਸ ਦੀ ਚੂਹੀ ਜਿਹੀ ਬੇਟੀ ਸੋਨਾਕਸ਼ੀ ਸਕੂਲ ਜਾਣ ਲੱਗ ਪਈ ਸੀ। ਬੱਚਿਆਂ ਨਾਲ ਖੇਡਦਿਆਂ ਉਸ ਨੇ ਪੰਜਾਬੀ ਬੋਲਣੀ

ਸਿੱਖ ਲਈ ਸੀ। ਸਗੋਂ ਆਪਣੀ ਮਾਂ-ਬੋਲੀ ਮੈਥਲੀ ਨਾਲੋਂ ਉਸ ਨੂੰ ਪੰਜਾਬੀ ਵਧ ਬੋਲਣੀ ਆਉਣ ਲੱਗ ਪਈ ਸੀ।

ਸ਼ੁਰੂ-ਸ਼ੁਰੂ 'ਚ ਜਦੋਂ ਉਹ ਆਮ ਬੋਲਚਾਲ 'ਚ 'ਕਿਥੇ', 'ਕਾਹਤੋਂ' ਵਰਗੇ ਸ਼ਬਦ ਵਰਤਣ ਲੱਗੀ ਤਾਂ ਉਸ ਦੀ ਮੰਮੀ ਨੂੰ ਤਾਂ ਸਮਝ ਹੀ ਨਾ ਪਈ ਕਿ ਉਸ 'ਤੇ ਨਾਲ ਖੇਡਣ ਵਾਲੇ ਨਿੱਕੇ-ਨਿੱਕੇ ਜੁਆਕਾਂ ਦੀ ਸੰਗਤ ਦਾ ਐਨਾ ਅਸਰ ਪੈ ਚੁੱਕੈ।

ਸੰਤੋਸ਼ ਬੜੇ ਮਾਣ ਜਿਹੇ ਨਾਲ ਕਹਿੰਦਾ, "ਸੋਨਾਕਸ਼ੀ ਕੇ ਅੰਕਲ ਕੀ ਸੰਗਤ ਕਾ ਅਸਰ ਹੈ, ਕਾਮਨੀ ਜੀ!"

ਸ਼ਹਿਰਾਂ 'ਚ ਵਧੇਰੇ ਮਾਂਵਾਂ ਆਪਣੇ ਬੱਚਿਆਂ ਨੂੰ ਤਮੀਜ ਨਾਲ ਬੋਲਣਾ ਸਿੱਖਾਉਣ ਲਈ ਆਪ-ਆਪ ਕਹਿ ਕੇ ਬੁਲਾਉਂਦੀਆਂ ਨੇ, ਪਰ ਸੋਨਾਕਸ਼ੀ ਜਵਾਬ 'ਚ ਸਾਰਿਆਂ ਨੂੰ 'ਤੂੰ' ਕਹਿ ਕੇ ਬੁਲਾਉਂਦੀ। ਉਸ ਦੀ ਮੰਮੀ ਔਖ ਜਿਹੀ ਮੰਨਦੀ, "ਐਸੇ ਬੋਲਤੇ ਹੈਂ?"

ਕਿਸੇ ਗੱਲ 'ਤੇ ਜ਼ਿੱਦ ਪੁਗਾਉਣ ਲਈ ਆਪਣੀ ਮੰਮੀ ਨੂੰ ਦਬਕੇ ਜਿਹੇ ਨਾਲ ਕਹਿੰਦੀ, "ਮੈਂ ਨ੍ਹੀਂ!" ਤਾਂ ਉਸ ਦਾ ਇਹ ਸਟਾਇਲ ਕਿਸੇ ਲਲਕਾਰੇ ਨਾਲੋਂ ਘਟ ਨਹੀਂ ਸੀ ਲੱਗਦਾ।

ਮੈਂ ਸੰਤੋਸ਼ ਨਾਲ ਮਜ਼ਾਕ ਕਰਦਿਆਂ ਕਿਹਾ, "ਆਹ ਦੇਖ ਲਓ, ਬਾਹਮਣੋ! ਜੱਟ ਤਾਂ ਥੋਡੇ ਘਰ 'ਚ ਈ ਜੰਮ ਪਿਐ। ਲਲਕਾਰਿਆਂ ਦੀ ਸਟੱਡੀ ਕਰਨ ਲਈ ਹੁਣ ਥੋਨੂੰ ਕਿਤੇ ਜਾਣ ਦੀ ਲੋੜ ਨਹੀਂ।"

'ਪਿੰਡ ਲਈ ਨੋਸਟੇਲਜਿਕ ਹੋਣ ਦੀ ਲੋੜ ਹੈ?' ਮੇਰੇ ਅੰਦਰੋਂ ਆਵਾਜ਼ ਆਈ। ਪਰ ਮੈਂ ਉਸਨੂੰ ਕਿਵੇਂ ਸਮਝਾਵਾਂ?

ਜਦੋਂ ਵੀ ਅਸੀਂ ਪਰਵਾਰ ਸਮੇਤ ਇਕੱਠੇ ਹੁੰਦੇ ਜਾਂ ਐਤਵਾਰ ਵਾਲੇ ਦਿਨ ਵੱਡੇ ਪਾਰਕ 'ਚ ਘੁੰਮਣ ਜਾਂਦੇ ਤਾਂ ਮੈਂ ਸੋਨਾਕਸ਼ੀ ਨਾਲ ਖੂਬ ਖੇਡਦਾ। ਉਸ ਨੂੰ ਲਲਕਾਰੇ ਮਾਰਨੇ ਸਿਖਾਉਂਦਾ।

ਫੇਰ ਇਕ ਨਵਾਂ ਖੇਡ ਸ਼ੁਰੂ ਹੋ ਗਿਆ। ਮੈਂ ਕੁਝ-ਕੁਝ ਮੈਥਲੀ ਸਿੱਖ ਚੁਕਾ ਸਾਂ ਅਤੇ ਜਾਣਬੁਝ ਕੇ ਉਸ ਨੂੰ ਮੈਥਲੀ 'ਚ ਬੁਲਾਉਂਦਾ। ਜਦੋਂ ਕਦੇ ਉਹਨਾਂ ਦੇ ਘਰ ਜਾਂਦਾ, ਬਾਹਰੋਂ ਹੀ ਹਾਕ ਮਾਰਦਾ, "ਸੋਨਾਕਸ਼ੀ, ਤੋਂ ਕਤਯ ਛੇਂ?"(ਸੋਨਾਕਸ਼ੀ, ਤੂੰ ਕਿਥੇ ਐਂ?)

ਹੁੱਬ੍ਹ ਕੇ ਉਸ ਦਾ ਠੇਠ ਮਲਵਈ 'ਚ ਜਵਾਬ ਆਉਂਦਾ, "ਆਹ ਤੀ!"

ਇਸ ਦੀ ਬਜਾਇ ਮੈਥਲੀ 'ਚ 'ਏਤਯ ਛੀ!'(ਇੱਥੇ ਹਾਂ!) ਨਾ ਕਹਿਣ 'ਤੇ ਉਸ ਦੀ ਮੰਮੀ ਹੈਰਾਨ ਹੁੰਦੀ। ਘਰਵਾਲੇ ਨੂੰ ਪੁੱਛਦੀ, "ਈ ਏਤਯ ਕਿਏ ਅਛਿ?"

ਮੈਂ ਵਿਚਾਲੇ ਬੋਲ ਪੈਂਦਾ, "ਭਾਬੀ ਜੀ, ਪੂਰਣੀਆ ਜਾ ਕੇ ਪਤਾ ਤਾਂ ਲੱਗੇ ਬਈ ਸੋਨਾਕਸ਼ੀ ਪੰਜਾਬ ਦਾ ਪਾਣੀ ਪੀ ਕੇ ਆਈ ਹੈ।"

ਪਾਣੀ ਦਾ ਖ਼ਾਸ ਜ਼ਿਕਰ ਆਉਣ 'ਤੇ ਉਸ ਦੀ ਮੰਮੀ ਇਕ ਦਮ ਡਰ ਜਾਂਦੀ।

ਸੰਤੋਸ਼ ਝਾਅ ਆਪਣੀ ਬਦਲੀ ਕਰਾ ਕੇ ਵਾਪਸ ਬਿਹਾਰ ਜਾਣ ਦੀਆਂ ਕੋਸ਼ਿਸ਼ਾਂ ਵਿਚ ਜ਼ੋਰਾਂ-ਸ਼ੋਰਾਂ ਨਾਲ ਜੁਟਿਆ ਹੋਇਆ ਸੀ। ਇਸ ਦੌਰਾਨ ਉਸ ਦੀਆਂ ਪੰਜਾਬ ਨੂੰ ਵਧ ਤੋਂ ਵਧ ਦੇਖਣ, ਸਮਝਣ ਦੀਆਂ ਇੱਛਾਵਾਂ ਵਿਚ ਵੀ ਉਬਾਲ ਆਉਂਦਾ ਜਾ ਰਿਹਾ ਸੀ। ਉਸ ਦੀਆਂ ਗੱਲਾਂ ਦਾ ਅਕਸਰ ਇਹੀ ਵਿਸ਼ਾ ਹੁੰਦਾ, ਪਿੰਡਾਂ ਵਿਚੋਂ ਪਿੰਡ ਸੁਣੀਂਦਾ... ਮਾਰਦਾ



ਦਮਾਮੇ ਜੱਟ ਮੇਲੇ ਆ ਗਿਆ... ਗੁਰੂਆਂ, ਪੀਰਾਂ-ਫਕੀਰਾਂ ਦੀ ਧਰਤੀ... ਪੰਜ ਆਬ ਭਾਵ ਪੰਜਾਂ ਪਾਣੀਆਂ ਦੀ ਰਾਣੀ, ਜਿਹਦਾ ਸ਼ਰਬਤ ਵਰਗਾ ਪਾਣੀ...

ਸ਼ਰਬਤ ਵਰਗੇ ਪਾਣੀ ਦੀ ਗੱਲ ਕਰਦਿਆਂ ਮੈਨੂੰ ਉਹ ਸਮਾਂ ਯਾਦ ਆ ਗਿਆ ਜਦੋਂ ਖ਼ਰਾਬ ਵਾਟਰ ਸਪਲਾਈ ਕਾਰਨ ਸ਼ਹਿਰ 'ਚ ਪੀਲੀਆ ਫੈਲ ਗਿਆ ਸੀ ਤੇ ਸੋਨਾਕਸ਼ੀ ਵੀ ਲਪੇਟੇ ਵਿਚ ਆ ਗਈ ਸੀ। ਇਸੇ ਕਰ ਕੇ ਉਸ ਸਾਲ ਉਹ ਆਪਣੇ ਖ਼ਾਸ ਤਿਉਹਾਰ 'ਛਠ ਪੂਜਾ' 'ਤੇ ਆਪਣੇ ਪਿੰਡ ਨਹੀਂ ਜਾ ਸਕੇ ਸੀ। ਬਹੁਤ ਦੁੱਖ ਲੱਗਿਆ। ਸੰਤੋਸ਼ ਦੀ ਘਰਵਾਲੀ ਤਾਂ ਰੋਣਹਾਕੀ ਹੋ ਗਈ ਸੀ।

ਅਸੀਂ ਸਮਝਾਇਆ ਕਿ ਚਿੰਤਾ ਨਾ ਕਰੋ, ਛਠ ਪੂਜਾ ਆਪਾਂ ਇਥੇ ਵੀ ਓਨੀ ਹੀ ਧੂਮ-ਧਾਮ ਨਾਲ ਮਨਾਵਾਂਗੇ।

ਪਰ ਮਨਾਈਏ ਕਿੱਥੇ? ਸਾਨੂੰ ਤਾਂ ਭਾਜੜਾਂ ਪੈ ਗਈਆਂ। ਪੂਜਾ ਕਰਨ ਲਈ ਨੇੜੇ-ਤੇੜੇ ਕੋਈ ਨਦੀ, ਨਹਿਰ ਜਾਂ ਤਾਲਾਬ ਹੀ ਨਾ ਥਿਆਵੇ।

ਮੈਂ ਦਫਤਰ 'ਚੋਂ ਸੇਵਾਦਾਰ ਨੂੰ ਬਾਈਕ ਦੇ ਕੇ ਕੋਈ ਤਾਲਾਬ ਦੇਖਣ ਲਈ ਇਕ ਨੇੜਲੇ ਪਿੰਡ ਵੱਲ ਭਜਾਇਆ। ਜਿੱਥੇ ਹੋ ਸਕਦੈ ਕਿਤੇ ਅਜਿਹਾ ਕੁਝ ਚੱਲ ਰਿਹਾ ਹੋਵੇ।

"ਉੱਥੇ ਤਾਂ ਜੇ.ਈ. ਸਾਹਬ, ਤਲਾਬ-ਤਲੂਬ ਕੋਈ ਨਹੀਂ, ਨਿੱਕੀ ਜਿਹੀ ਇਕ ਛੱਪੜੀ ਜਿਹੀ ਤਾਂ ਸੀ, ਜੋ ਗੰਦਗੀ ਨਾਲ ਭਰੀ ਪਈ ਦੂਰੋਂ ਹੀ ਬੂ ਮਾਰ ਰਹੀ ਐ। ਮੈਂ ਤਾਂ ਪਹਿਲਾਂ ਈ ਕਿਹਾ ਤੀ ਬੀ ਪਿੰਡਾਂ ਬਾਰੇ ਥੋਡਾ ਗਿਆਨ ਕਾਫੀ ਪੁਰਾਣਾ ਹੋ ਚੁੱਕਿਐ।"

ਬਹੁਤਾ ਹੀ ਅੱਗੇ ਵਧਣ ਲੱਗਿਆ ਤਾਂ ਮੈਂ ਕਿਹਾ, "ਓ ਯਾਰ, ਊਈਂ ਰੋਈ ਜਾਂਦੈਂ। ਕਿਸੇ ਹੋਰ ਪਿੰਡ 'ਚ ਦੇਖ ਲੈਂਦਾ। ਚਲ ਛੇਤੀ ਦੇਣੇ ਇਧਰ ਉੱਪਲੀ ਕੰਨੀਂ ਜਾ ਕੇ ਆ।"

ਪਰ ਜੋ ਰੋਂਦਾ ਜਾਂਦੈ, ਮਰੇ ਦੀ ਖ਼ਬਰ ਲਿਆਉਂਦੈ, "ਉੱਥੇ ਤਾਂ ਜੀ, ਨਾ ਤਾਂ ਕੋਈ ਤਲਾਬ ਤੇ ਨਾ ਈ ਕੋਈ ਛੱਪੜੀ। ਤਾਲਾਬ ਵਾਲੀ ਥਾਂ 'ਤੇ ਲੋਕਾਂ ਨੇ ਕਬਜ਼ਾ ਕਰ ਰੱਖਿਐ। ਕੁਝ ਇਕ ਨੇ ਤਾਂ ਭਰਤ ਪਾ ਕੇ ਮਕਾਨ ਛੱਤ ਲਏ, ਕੁਝ ਇਕ ਨੇ ਰੂੜੀਆਂ ਦੇ ਢੇਰ ਲਾ ਰੱਖੇ ਨੇ।"

ਫੇਰ ਉਸ ਨੇ ਦੱਸਿਆ, "ਸਰ ਜੀ, ਇੰਡਸਟ੍ਰੀਅਲ ਏਰੀਏ 'ਚ 'ਭਈਆਂ' ਦੀ ਵਾਹਵਾ ਭੀੜ ਲੱਗੀ ਹੋਈ ਐ। ਸ਼ਾਇਦ ਪੂਜਾ ਵਾਲਾ ਪ੍ਰੋਗ੍ਰਾਮ ਈ ਚੱਲ ਰਿਹੈ।"

ਅਸੀਂ ਵੀ ਝਟ ਪਹੁੰਚ ਗਏ। ਉੱਥੇ ਇਕ ਖਾਲੀ ਪਲਾਟ ਵਿਚ ਜੇ.ਸੀ.ਬੀ. ਨਾਲ ਖੱਡਾ ਪੁੱਟਿਆ ਹੋਇਆ ਸੀ। ਉਸ 'ਚ ਕਾਲ਼ਾ ਮੋਮੀ ਕਾਗਜ਼, ਜਿਹੋ ਜਿਹਾ ਕਿਸਾਨ ਖੇਤਾਂ 'ਚ ਤੂੜੀ ਢਕਣ ਲਈ ਵਰਤਦੇ ਹੁੰਦੇ ਨੇ, ਵਿਛਾ ਕੇ ਉਸ ਵਿਚ ਟੈਂਕਰ ਨਾਲ ਪਾਣੀ ਪਾਇਆ ਹੋਇਆ ਸੀ ਅਤੇ ਉਸ ਵਿਚ ਹੀ ਛਠ ਮਈਆ ਨੂੰ ਜਲ ਅਰਪਣ ਕਰਨ ਦੀ ਰਸਮ ਨਿਭਾ ਰਹੇ ਸੀ। ਸ਼ਹਿਰ 'ਚ ਕੰਮ ਕਰਨ ਵਾਲੇ ਇਹ ਉਹ ਪਰਵਾਰ ਸਨ ਜੋ ਹਰ ਸਾਲ ਛਠ 'ਤੇ ਆਪਣੇ ਦੇਸ ਨਹੀਂ ਜਾ ਸਕਦੇ ਸੀ।

ਇਸੇ ਦੌਰਾਨ ਸੋਨਾਕਸ਼ੀ ਨੂੰ ਜ਼ੋਰ ਦੀ ਤ੍ਰੇਹ ਲੱਗ ਗਈ। ਰੋਈ ਜਾਵੇ, "ਮੰਮੀ, ਪਾਣੀ?"

ਪਾਣੀ ਅਸੀਂ ਨਾਲ ਲੈ ਕੇ ਨਹੀਂ ਗਏ ਸੀ। ਫਟਾਫਟ ਉਪਚਾਰਿਕਤਾ ਜਿਹੀ ਨਿਭਾ ਕੇ ਘਰ ਪਰਤਣਾ ਪਿਆ।

ਬਾਵਜੂਦ ਇਸ ਦੇ ਪੰਜਾਂ ਪਾਣੀਆਂ ਦੀ ਧਰਤੀ ਨੂੰ ਦੇਖਣ-ਸਮਝਣ ਦਾ ਸੰਤੋਸ਼ ਦਾ ਚਾਅ ਜਿਉਂ ਦਾ ਤਿਉਂ ਬਰਕਰਾਰ ਸੀ।

ਗੋਲਡਨ ਟੈਂਪਲ ਯਾਨੀ ਹਰਿਮੰਦਰ ਸਾਹਿਬ ਅਤੇ ਵਾਹਗਾ ਬਾਡਰ ਦੇਖ ਲਿਆ, ਚੰਡੀਗੜ੍ਹ ਤਾਂ ਦਫਤਰ ਦੇ ਕੰਮ ਗਏ ਹੀ ਦੇਖ ਆਏ ਸਾਂ। ਰੌਕ ਗਾਰਡਨ, ਰੋਜ਼ ਗਾਰਡਨ, ਸੁਖਨਾ ਝੀਲ, ਸਭ ਕੁਝ। ਦੋਵੇਂ ਪਰਵਾਰ ਇਕੱਠੇ ਗਏ ਸਾਂ।

"ਕਿਸੇ ਇਲਾਕੇ 'ਚ ਬਣੀਆਂ ਹੋਈਆਂ ਇਮਾਰਤਾਂ ਜਾਂ ਉਥੋਂ ਦੇ ਚੌਂਕ-ਚੁਰਾਹਿਆਂ 'ਚ ਲੱਗੇ ਵਿਸ਼ਾਲ ਬੁਤ ਕਾਂ-ਕਬੂਤਰਾਂ ਨੂੰ ਤਾਂ ਠਾਹਰ ਦੇ ਸਕਦੇ ਨੇ, ਪਰ ਸੱਭਿਆਚਾਰਾਂ ਬਾਰੇ ਕਿਸੇ ਦੀ ਜਗਿਆਸਾ ਸ਼ਾਂਤ ਨਹੀਂ ਕਰ ਸਕਦੇ।"

ਸੰਤੋਸ ਮੈਨੂੰ ਆਪਣੀ ਇਸ ਗੱਲ ਨਾਲ ਸਹਿਮਤ ਹੋਣ ਲਈ ਕਹਿੰਦਾ ਹੈ ਕਿ ਇਸ ਲਈ ਉਥੋਂ ਦਾ ਸਾਹਿਤ ਪੜ੍ਹਨਾ ਅਤੇ ਦੂਰ-ਦੁਰੇਡੇ ਦੇ ਪਿੰਡਾਂ ਦੇ ਲੋਕਾਂ ਨਾਲ ਘੁਲ਼ਮਿਲ ਕੇ ਉਥੋਂ ਦੇ ਸੱਭਿਆਚਾਰ ਨੂੰ ਸਮਝਣਾ ਜਰੂਰੀ ਹੈ।

ਮਾਲਵੇ ਦੇ ਪਿੰਡਾਂ ਨੂੰ ਛੇਤੀ ਤੋਂ ਛੇਤੀ ਦੇਖਣ ਦੀ ਉਸ ਦੀ ਇੱਛਾ ਤੀਬਰ ਹੁੰਦੀ ਜਾ ਰਹੀ ਸੀ।

ਉਂਝ ਤਾਂ ਮੈਂ ਵੀ ਪਿੰਡੋਂ ਸਾਂ, ਪਰ ਹੁਣ ਸ਼ਹਿਰ ਹੀ ਰਹਿ ਰਿਹਾ ਸਾਂ। ਪਿੰਡ 'ਚ ਆਪਣੇ ਹਿੱਸੇ ਦੀ ਜ਼ਮੀਨ ਮੈਂ ਵੱਡੇ ਭਰਾ ਨੂੰ ਠੇਕੇ 'ਤੇ ਦੇ ਰੱਖੀ ਸੀ। ਜੱਦੀ ਘਰ ਦਾ ਭਰਾਵਾਂ ਨਾਲ ਹਿਸਾਬ ਕਰ ਲਿਆ ਸੀ ਅਤੇ ਸ਼ਹਿਰ 'ਚ ਨਵੀਂ ਆਬਾਦ ਅਫਸਰ ਕਲੋਨੀ 'ਚ ਕੋਠੀ ਪਾ ਲਈ ਸੀ।

ਸੰਤੋਸ਼ ਦੀ ਇੱਛਾ ਅਕਸਰ ਮੇਰੇ ਦਿਮਾਗ਼ 'ਤੇ ਛਾਈ ਰਹਿੰਦੀ। ਮੈਂ ਉਸ ਨੂੰ ਕਿਹੜਾ ਪਿੰਡ ਦਿਖਾਵਾਂ ? ਕੋਈ ਵੀ ਪਿੰਡ ਜਾਂ ਆਪਣਾ ? ਆਪਣਾ ਪਿੰਡ ਦਿਖਾਵਾਂ ਵੀ ਤਾਂ ਕਿਵੇਂ ?

"ਕਿਸੇ ਪਿੰਡ ਵਿਚੋਂ ਹੋ ਕੇ ਲੰਘ ਜਾਣਾ ਤਾਂ ਪਿੰਡ ਦੇਖਣਾ ਨਹੀਂ ਹੁੰਦਾ," ਸੰਤੋਸ਼ ਦੀਆਂ ਗੱਲਾਂ ਮੇਰੇ ਦਿਮਾਗ਼ 'ਚ ਗੂੰਜਣ ਲੱਗਦੀਆਂ ਹਨ, "ਪਿੰਡ ਦੀ ਰੂਹ ਨੂੰ ਮਹਿਸੂਸ ਕਰਨ ਲਈ, ਉਸ ਨਾਲ ਇਕਮਿਕ ਹੋਣ ਲਈ ਉਥੇ ਜਾ ਕੇ ਡੇਰਾ ਲਾਉਣਾ ਪੈਂਦੈ।"

"ਕਿਸੇ ਡੇਰੇ 'ਚ ਡੇਰਾ ਲਾਉਣੈ ਤਾਂ ਕਰ ਗੱਲ। ਹਰੇਕ ਪਿੰਡ 'ਚ ਕਈ-ਕਈ ਡੇਰੇ ਨੇ, ਭਰਾਵਾ!" ਜੱਗੀ ਵਿਚਾਲੇ ਬੋਲ ਪਿਆ।

ਮੈਂ ਵੀ ਪਿੰਡ ਤਾਂ ਬਸ ਹਾੜ੍ਹੀ-ਸਾਉਣੀ ਜ਼ਮੀਨ ਦਾ ਠੇਕਾ ਲੈਣ ਹੀ ਜਾਈਦੈ। ਉਹ ਵੀ ਉਦੋਂ ਜਦੋਂ ਬਾਜ਼ਾਰ ਆਉਂਦਾ ਜਾਂਦਾ ਭਰਾ ਇਥੇ ਨਾ ਫੜਾ ਗਿਆ ਹੋਵੇ। ਨਹੀਂ ਦਿਨੇ ਹੀ ਜਾ ਕੇ ਮੁੜ ਆਈਦੈ।

ਭਰਾ ਇਸ ਗੱਲੋਂ ਨਾਰਾਜ਼ ਨੇ ਕਿ ਮੇਰੀ ਪੜ੍ਹਾਈ 'ਤੇ ਖਰਚਾ ਲੱਗਿਆ। ਮੈਂ ਨੌਕਰੀ ਵੀ ਲੱਗ ਗਿਆਂ ਤੇ ਜ਼ਮੀਨ 'ਚੋਂ ਹਿੱਸਾ ਵੀ ਵੰਡਾ ਲਿਐ। ਮੈਂ ਸ਼ਹਿਰ 'ਚ ਐਸ਼ ਕਰਦਾਂ ਤੇ ਉਹਨਾਂ ਦਾ ਜ਼ਮੀਨ ਦੀ ਪੈਦਾਵਾਰ 'ਚੋਂ ਗੁਜ਼ਾਰਾ ਵੀ ਨਹੀਂ ਹੁੰਦਾ। ਕਦੇ ਕੁਦਰਤੀ ਕ੍ਰੋਪੀ ਮਾਰ ਜਾਂਦੀ ਐ, ਕਦੇ ਨਕਲੀ ਬੀਅ-ਸਪਰੇਅ ਬੇੜਾ ਬਹਾ ਦਿੰਦੇ ਨੇ ਤਾਂ ਕਦੇ ਭਾਅ ਨ੍ਹੀਂ ਪੂਰਾ ਮਿਲਦਾ। ਔਖੇ ਤਾਂ ਹੈਣ ਈ। ਔਖੇ ਕਿਹਾ ਤਾਂ ਭਲਾ ਕਿਹਾ, ਕਰਜ਼ੇ 'ਚ ਗਲ਼ ਤੱਕ ਡੁੱਬੇ ਪਏ ਨੇ।



ਅਜਿਹੇ ਹਾਲਾਤ ਵਿਚ ਸੰਤੋਸ਼ ਨੂੰ ਪਿੰਡ ਲਿਜਾ ਕੇ ਕਿਵੇਂ ਕਹਿ ਦਿਆਂ ਕਿ ਵੀਰੇ, ਇਹ ਮੇਰਾ ਦੋਸਤ ਹੈ, ਸੰਤੋਸ਼ ਆਨੰਦ ਝਾਅ, ਬਿਹਾਰ ਤੋਂ। ਅਸੀਂ ਦੋ-ਚਾਰ ਦਿਨ ਇਥੇ ਰਹਾਂਗੇ। ਇਹਨੂੰ ਪਿੰਡ ਦਿਖਾਉਣੈ। ਫੁੱਲ ਸੇਵਾ ਹੋਣੀ ਚਾਹੀਦੀ।

ਅੱਵਲ ਤਾਂ ਇਹ ਗੱਲ ਮੈਥੋਂ ਹੀ ਨਹੀਂ ਕਹਿ ਹੋਣੀ। ਸੰਤੋਸ਼ ਬੇਸ਼ੱਕ ਜੇ.ਈ. ਲੱਗਿਆ ਹੋਇਐ, ਪਰ ਉਹਨਾਂ ਦੇ ਮਨ 'ਚ ਬਣੀ ਧਾਰਨਾ ਅਨੁਸਾਰ ਦਿੱਸਦਾ ਤਾਂ 'ਭਈਆ' ਹੀ ਹੈ। ਬਿਨਾ ਮਤਲਬ ਘਰੇ ਰੱਖ ਕੇ ਇਕ 'ਭਈਏ' ਦੀ ਦਾਰੂ-ਮੁਰਗ਼ੇ ਨਾਲ ਸੇਵਾ ਕਿਵੇਂ ਕਰ ਦੇਣਗੇ ? ਹਾਂ, ਝੋਨਾ ਲਵਾਉਣਾ ਹੋਵੇ ਤਾਂ ਬੇਸ਼ੱਕ ਉਹ ਉਹਨਾਂ ਵਾਂਗ ਹਿੰਦੀ ਬੋਲਣ ਦੀ ਕੋਸ਼ਿਸ਼ ਵੀ ਖੂਬ ਕਰਦੇ ਨੇ।

ਸੰਤੋਸ਼ ਨੂੰ ਪਿੰਡ ਦਿਖਾਉਣ ਬਾਰੇ ਮੈਂ ਵਲੇਵੇਂ ਜਿਹੇ ਨਾਲ ਜੱਗੀ ਨਾਲ ਵੀ ਗੱਲ ਕੀਤੀ ਸੀ। ਉਹ ਰੋਜ਼ਾਨਾ ਪਿੰਡੋਂ ਆਉਂਦੈ। ਧਨੌਲੇ ਲਵੇ ਉਸ ਦਾ ਪਿੰਡ ਹੈ। ਬਹੁਤਾ ਦੂਰ ਵੀ ਨਹੀਂ। ਪਰ ਉਸ ਨੇ ਗੱਲਾਂ-ਗੱਲਾਂ 'ਚ ਹੀ ਟਾਲ਼ ਦਿੱਤਾ ਸੀ।

ਉਂਝ ਜੱਗੀ ਦੇ ਭਰਾ ਅਤੇ ਰਮੇਸ਼ ਦੀ ਭੈਣ ਦੇ ਵਿਆਹ ਵਿਚ ਸਾਡੇ ਨਾਲ ਸੰਤੋਸ਼ ਤੇ ਉਸ ਦੀ ਘਰਵਾਲੀ ਵੀ ਸ਼ਾਮਲ ਹੋ ਚੁੱਕੇ ਨੇ।

ਜੱਗੀ ਆਪਣੇ ਭਰਾ ਦੇ ਵਿਆਹ ਤੋਂ ਚਾਰ-ਪੰਜ ਦਿਨ ਪਹਿਲਾਂ ਦਫਤਰ 'ਚ ਕਾਰਡ ਵੰਡਣ ਆਇਆ ਸੀ। ਕਾਰਡ ਫੜਦਿਆਂ ਸੰਤੋਸ਼ ਨੇ ਪੁੱਛਿਆ ਸੀ, "ਬਰਾਤ ਕੌਨ ਸੇ ਪਿੰਡ ਜਾਏਗੀ ?"

ਮੈਨੂੰ ਇਕ ਦਮ ਖਟਕਿਆ, ਅੱਜਕਲ੍ਹ ਤਾਂ ਅਜਿਹਾ ਸਵਾਲ ਕੋਈ ਪੁੱਛਦਾ ਹੀ ਨਹੀਂ।

ਜਦੋਂ ਕੋਈ ਪੁੱਛਦਾ ਹੀ ਨਹੀਂ ਤਾਂ ਜੱਗੀ ਵੀ ਕੀ ਦੱਸਦਾ ? ਕਹਿੰਦਾ, "ਝਾਅ ਸਾਹਬ, ਕਾਰਡ 'ਚ ਸਭ ਕੁਝ ਲਿਖਿਆ ਹੋਇਐ। ਪਿੰਡ ਤਾਂ ਬਰਨਾਲੇ ਤੋਂ ਵੀ ਖ਼ਾਸਾ ਅੱਗੇ ਪੈਂਦੈ, ਪਰ... ਤੁਸੀਂ ਸਤਿੰਦਰ ਭਾ ਨਾਲ ਕਰ ਲਿਓ ਸੈਟਿੰਗ, ਉਹਨਾਂ ਨਾਲ ਗੱਡੀ 'ਚ ਆ ਜਾਇਓ। ਪਰਵਾਰ ਸਮੇਤ ਆਉਣੈ। ਦਿਨ ਦੀ ਬਰਾਤ ਐ। ਨਾਲੇ ਸੰਡੇ ਐ। ਨੱਚ-ਨੱਚ ਧਮਾਲਾਂ ਪਾਵਾਂਗੇ। ਬੱਕਰੇ ਬੁਲਾਵਾਂਗੇ।"

ਸੰਡੇ ਨੂੰ ਸਵੇਰੇ-ਸਵੇਰੇ ਹੀ ਸੰਤੋਸ਼ ਦਾ ਫੋਨ ਆ ਗਿਆ, "ਕਬ ਚਲੇਂਗੇ ?"

"ਅਰੇ ਇਤਨੀ ਜਲਦੀ ਕਹਾਂ ?"

"ਦੁਲ੍ਹਾ ਬਨਨੇ ਸੇ ਪਹਿਲੇ ਪਹੁੰਚਨਾ ਹੈ। ਆਪ ਕੀ ਭਾਬੀ ਕਹਿ ਰਹੀ ਹੈ, ਸਾਰੀ ਰਸਮੇਂ ਦੇਖੇਂਗੇ। ਪਿੰਡ ਭੀ ਦੇਖੇਂਗੇ।"

"ਓ ਤੁਮ ਚਿੰਤਾ ਮਤ ਕਰੋ।" ਕਹਿ ਕੇ ਮੈਂ ਫੋਨ ਰੱਖ ਦਿੱਤਾ।

ਦੁਲ੍ਹਾ ਬਣਨ ਦੀਆਂ ਸਾਰੀਆਂ ਰਸਮਾਂ ? ਸੋਚਦਾਂ, ਮੈਂ ਵੀ ਕਿਸੇ ਨੂੰ ਦੁਲ੍ਹਾ ਬਣਦਿਆਂ ਕਦੋਂ ਦੇਖਿਆ ਸੀ ? ਵੱਡੇ ਵੀਰ ਜਸਪ੍ਰੀਤ ਨੂੰ ? ਨਹੀਂ, ਜਸਪ੍ਰੀਤ ਵੇਲੇ ਸਾਡੀ ਮੰਗ ਸੀ ਕਿ ਪੈਲੇਸ 'ਚ ਦਾਰੂ ਦਾ ਵੀ ਸਪੇਸ਼ਲ ਸਟਾਲ ਲੱਗਣਾ ਚਾਹੀਦਾ। ਤੇ ਕੁੜੀ ਵਾਲਿਆਂ ਨੇ ਸਾਨੂੰ ਹੀ ਸੰਭਲਾ ਦਿੱਤਾ ਸੀ ਕਿ ਆਪਣੇ ਹਿਸਾਬ ਨਾਲ ਲਵਾ ਲਿਓ। ਮੈਂ ਆਪਣੀ ਕਲਪਨਾ ਵਾਲੇ ਸਪੇਸ਼ਲ ਸਟਾਲ ਦਾ ਇੰਤਜ਼ਾਮ ਦੇਖਣ ਲਈ ਪਹਿਲਾਂ ਚਲਾ ਗਿਆ ਸਾਂ।

ਕਿਸੇ ਦੋਸਤ ਨੂੰ ਦੇਖਿਐ ਲਾੜਾ ਬਣਦਿਆਂ ? ਮੇਰੀ ਯਾਦ ਆਉਣੀ 'ਚ ਤਾਂ... ਜਿੰਨੇ ਵੀ ਵਿਆਹ ਅਟੈਂਡ ਕੀਤੇ ਨੇ, ਸਿੱਧੇ ਮੈਰਿਜ ਪੈਲੇਸ 'ਚ ਹੀ ਪਹੁੰਚਦੇ ਰਹੇ ਹਾਂ। ਸ਼ਗਨ ਜਾਂ ਗਿਫਟ-ਗੁਫਟ ਜੀ ਦਿੱਤੀ, ਆਪਣਾ ਇੰਜੁਆਇਮੈਂਟ ਕੀਤਾ ਤੇ ਚੱਲ ਬਈ।

ਦਫਤਰ ਵਾਲੇ ਸਾਥੀਆਂ ਦੇ... ਦਫਤਰ ਕੀ, ਲਗਭਗ ਰਿਸ਼ਤੇਦਾਰੀਆਂ 'ਚ ਵੀ ਅੱਜਕਲ੍ਹ ਤਾਂ... ਸਗੋਂ ਸੂਟ-ਸਾਟ ਦੇਣ ਦਾ ਰਿਵਾਜ਼ ਵੀ ਨਹੀਂ ਰਿਹਾ। ਸਭ ਨਗਦੋ-ਨਗਦੀ। ਓਨਲੀ ਵਨ ਲਿਫਾਫਾ।

ਹਰ ਸੀਜਨ 'ਚ ਕਿੰਨੇ ਵਿਆਹ ਅਟੈਂਡ ਕਰੀਦੇ ਨੇ ਕਿ ਲੱਗਦੈ ਜਿਵੇਂ ਬਹੁਤ ਹੀ ਸੋਸ਼ਲ ਹੋ ਗਏ ਹਾਂ, ਪਰ ਘਰ ਕਿੰਨਿਆਂ ਦਾ ਦੇਖਿਐ ? ਸੋਚ ਕੇ ਹੈਰਾਨ ਹੋ ਰਿਹਾਂ, ਹਾਂ ਯਾਰ, ਇਹ ਤਾਂ ਕਦੇ ਖ਼ਿਆਲ ਹੀ ਨਹੀਂ ਆਇਆ। ਘਰ ਕੀ, ਬਥੇਰਿਆਂ ਦੇ ਤਾਂ ਪਿੰਡ ਦਾ ਵੀ ਨਹੀਂ ਪਤਾ। ਕਾਰਡ 'ਚ ਦਿੱਤੀ ਰਿਸੈਪਸ਼ਨ ਵਾਲੀ ਵੈਨਿਊ 'ਤੇ ਹੀ ਪਹੁੰਚੀਦੈ।

ਅੱਜਕਲ੍ਹ ਤਾਂ ਹਰ ਬੰਦਾ ਆਪਣੀ ਪੂਰੀ ਵਾਹ ਲਾ ਕੇ ਵਿਆਹ ਕਿਸੇ ਵੱਡੇ ਮੈਰਿਜ ਪੈਲੇਸ 'ਚ ਹੀ ਕਰਨ ਦੀ ਕੋਸ਼ਿਸ਼ ਕਰਦੈ। ਪੈਲੇਸ ਅਕਸਰ ਸ਼ਹਿਰ ਤੋਂ ਬਾਹਰਵਾਰ ਹੁੰਦੇ ਨੇ। ਘਰ ਮੂਹਰੇ ਗਲੀ 'ਚ ਅੱਜਕਲ੍ਹ ਕਿਹੜਾ ਟੈਂਟ ਲਾਉਂਦੈ।

ਮੇਰੇ ਦਿਮਾਗ਼ ਵਿਚ ਇਕ ਦਮ ਆਇਆ, ਕੀ ਮੈਂ ਖ਼ੁਦ ਨੂੰ ਲਾੜਾ ਬਣਦਿਆਂ ਦੇਖਿਆ ਸੀ ? ਮਤਲਬ, ਉਦੋਂ ਦਾ ਕੋਈ ਬਿੰਬ ਹੈ ਮੇਰੀ ਯਾਦ ਵਿਚ ?

ਇਹੀ ਗੱਲ ਜਸਲੀਨ ਨੂੰ ਪੁੱਛੀ, "ਤੈਨੂੰ ਪਤੈ, ਮੈਂ ਲਾੜਾ ਕਿਵੇਂ ਬਣਿਆ ਸੀ ?" ਸੁਣ ਕੇ ਉਹ ਹੈਰਾਨ ਹੋਈ, ਇਹ ਕੀ ਪੁੱਛ ਰਿਹਾਂ ?

ਚਾਹ ਦਾ ਪਿਆਲਾ ਫੜਾਉਂਦਿਆਂ ਬੋਲੀ, "ਪਹਿਲਾਂ ਸਰੀਰ ਜਾ ਬਣਾ ਲਓ, ਦਿਮਾਗ਼ ਦੀ ਬੱਤੀ ਜਗਾ ਲਓ, ਫੇਰ ਸੋਚਿਓ। ਰਹੀ ਮੇਰੀ ਗੱਲ, ਜੇ ਮੈਂ ਉਦੋਂ ਥੋਡੇ ਘਰੇ ਹੁੰਦੀ, ਹੋਰ ਕੋਈ ਦੇਖੇ ਨਾ ਦੇਖੇ, ਮੈਂ ਤਾਂ ਜਰੂਰ ਦੇਖਦੀ।"

"ਹਾਂ, ਰਸਮ-ਰਿਵਾਜਾਂ ਦੀ ਸਾਰਥੀ ਤਾਂ ਅਕਸਰ ਜਨਾਨੀਆਂ ਈ ਹੁੰਦੀਆਂ ਨੇ।"

"ਸੱਚ, ਮੈਂ ਕਿਵੇਂ ਦੇਖਦੀ ? ਮੈਂ ਤਾਂ ਆਪ ਉਦੋਂ ਬਿਊਟੀ ਪਾਰਲਰ 'ਚ ਹੋਣੀ ਤੀ।"

"ਤੈਨੂੰ ਤੇਰੀ... ਮਤਲਬ, ਲਾੜੀ ਬਣਨ ਵੇਲੇ ਦੀ ਕੋਈ ਰਸਮ-ਰਿਵਾਜ਼ ਯਾਦ ਐ ?" ਮੈਂ ਸੋਚਦਾਂ ਕਿਤੇ ਸੰਤੋਸ਼ ਅਜਿਹਾ ਕੁਝ ਪੁੱਛ ਹੀ ਨਾ ਲਵੇ, ਕੀ ਦੱਸਾਂਗਾ ?

"ਮੇਰੀ ਰਸਮ-ਰਿਵਾਜ਼ ? ਹਾਂ, ਓਦਣ ਤਾਂ ਬਸ ਪੁੱਛੋ ਈ ਨਾ। ਕੇਰਾਂ ਤਾਂ ਬੌਤ ਟੈਂਸ਼ਨ ਹੋਗੀ ਤੀ। ਅਸੀਂ ਤਾਂ ਸੋਚਿਆ ਸੀ ਬੀ ਬਰਾਤ ਦੋ-ਤਿੰਨ ਵਜੇ ਤੋਂ ਪਹਿਲਾਂ ਤਾਂ ਮਤਲਬ ਈ ਨ੍ਹੀਂ, ਲਾੜੇ ਦੇ ਯਾਰ-ਬੇਲੀਆਂ ਨੇ ਸੌ ਨੱਚਣਾ-ਟੱਪਣਾ ਹੁੰਦੈ... ਪੂਰਾ ਖੜਦੂ ਪਾਉਂਦੇ ਨੇ ਅੱਜਕਲ੍ਹ ਤਾਂ, ਪਰ ਤੁਸੀਂ ਤਾਂ ਸਾਢੇ ਬਾਰਾਂ ਈ ਪਹੁੰਚਗੇ ਸੀ। ਓਧਰ ਮੈਂ ਸ਼ਹਿਰ ਬੈਠੀ ਤੀ ਬਿਊਟੀ ਪਾਰਲਰ ਦੇ। ਏਨੀ ਭੀੜ... ਰਹੇ ਰੱਬ ਦਾ ਨਾਂ ! ਬਾਰੀ ਈ ਨਾ ਆਵੇ। ਉਧਰੋਂ ਫੋਨ 'ਤੇ ਫੋਨ ਆਈ ਜਾਣ। ਮਖਿਆ ਮਨਾ ਮਰਗੇ ਅੱਜ ਤਾਂ। ਕਿਤੇ ਕੰਵਾਰੀ ਈ ਨਾ ਰਹਿ ਜਾਂ।" ਕਹਿ ਕੇ ਜਸਲੀਨ ਹੱਸੀ।

ਮੇਰਾ ਵੀ ਫਰਜ਼ ਬਣਦਾ ਸੀ ਕਿ ਹੱਸਣ 'ਚ ਉਸ ਦਾ ਸਾਥ ਦੇਵਾਂ, ਕਦੇ-ਕਦਾਈਂ ਤਾਂ ਮੌਕਾ ਮਿਲਦੈ, ਪਰ ਮੈਨੂੰ ਹਾਸਾ ਕਿੱਥੇ ? ਮੇਰਾ ਧਿਆਨ ਤਾਂ ਸੰਤੋਸ਼ ਵੱਲ ਸੀ।

"ਦੇਖਿਓ, ਘਰੋਂ ਤਾਂ ਨਾ ਮੈਂ ਪੁਰਾਣੇ ਜੇ ਲੀੜਿਆਂ 'ਚ ਈ ਨਿਕਲੀ ਤੀ।"

"ਕੀਹਦੇ ਨਾਲ ਨਿਕਲ ਗੀ ਤੀ ?"



"ਰਹਿਣ ਦਿਓ !" ਕਹਿੰਦਿਆਂ ਹਲਕੀ ਜਿਹੀ ਮੁਸਕਰਾਹਟ ਉਸ ਦੇ ਚਿਹਰੇ 'ਤੇ ਆ ਗਈ। ਫੇਰ ਕੁਝ ਯਾਦ ਕਰਦਿਆਂ ਬੋਲੀ, "ਓਥੇ ਫੇ ਬਿਊਟੀ ਪਾਰਲਰ ਆਲ਼ੀ ਨੇ ਮੂੰਹ, ਲੱਤਾਂ-ਬਾਂਹਾਂ ਛਿੱਲ-ਛਿੱਲ ਕੇ ਮੇਕੱਪ ਕੀਤਾ... ਕਪੜੇ ਵੀ ਉਸੇ ਨੇ ਪਾ ਕੇ ਸੈੱਟ ਕੀਤੇ... ਫੇ ਮੈਂ ਫਟਾਫਟ ਮੈਰਿਜ ਪੈਲੇਸ ਪਹੁੰਚੀ, ਉਥੋਂ ਥੋਡੀ ਕਾਰ 'ਚ... ਪਤਾ ਈ ਐ...!"

ਮੈਂ ਸੰਤੋਸ਼ ਦੀ ਜੱਗੀ ਦੇ ਘਰ ਜਾਣ ਵਾਲੀ ਇੱਛਾ ਜਸਲੀਨ ਨੂੰ ਯਾਦ ਕਰਵਾਈ ਤਾਂ ਜਿਵੇਂ ਕੋਈ ਵੱਡਾ ਹਿਸਾਬ ਲਾਉਣਾ ਹੋਵੇ, ਜਸਲੀਨ ਨੇ ਪੁੱਛਿਆ, "ਧਨੌਲੇ ਤੋਂ ਕਿੰਨਾ ਪੈਂਦੈ ਜੱਗੀ ਭਾ ਜੀ ਦਾ ਪਿੰਡ ?"

"ਤੀਹ-ਪੈਂਤੀ ਕੁ ਤਾਂ ਪੈਦਾ ਈ ਹੋਣਾ।" ਮੈਂ ਪੰਜ-ਸੱਤ ਕਿਲੋਮੀਟਰ ਵਧ ਹੀ ਦੱਸਿਆ।

"ਦੂਰ ਤਾਂ ਖ਼ਾਸਾ ਪੈਂਦੈ।"

"ਹਾਂ, ਸੰਤੋਸ਼ ਵੀ ਖ਼ਾਸਾ ਈ ਜ਼ੋਰ ਪਾ ਰਿਹਾ ਤੀ। ਪਿੰਡ ਦੇਖਣੈ... ਪਿੰਡ ਦੇਖਣੈ... ਪਿੰਡ 'ਚ ਦੱਸ ਕੀ ਬੰਝ ਪਿਐ ? ਕਿਵੇਂ ਕਰੀਏ ? ਪੈਂਤੀ ਜਾਣਾ, ਪੈਂਤੀ ਆਉਣਾ। ਫੇਰ ਧਨੌਲੇ ਤੋਂ ਬਰਨਾਲੇ। ਅੱਗੇ ਪੈਲੇਸ ਵੀ ਦੂਰ ਕਿਤੇ ਖੇਤਾਂ 'ਚ ਹੋਊ... ਚਲੋ ਦੇਖਦੇ ਹਾਂ।" ਮੈਂ ਆਲਸ ਜਿਹਾ ਭੰਨਦਿਆਂ ਕਿਹਾ।

"ਕੀ ਦੇਖਦੇ ਹਾਂ ? ਅੱਠ ਵਜੇ ਤਾਂ ਉੱਠੇ ਹਾਂ। ਬ੍ਰੇਕਫਾਸਟ ਵੀ ਕਰਨੈ। ਤਿਆਰ ਹੋਣੈ। ਮੈਂ ਤਾਂ ਆਈਬ੍ਰੋ ਵੀ ਸੈੱਟ ਕਰਾਉਣੀਆਂ ਹਾਲੇ। ਪੈਲੇਸ ਹੀ ਸਮੇਂ ਸਿਰ ਪਹੁੰਚ ਜਾਈਏ ਤਾਂ ਈ ਸ਼ੁਕਰ ਐ।" ਕਹਿੰਦਿਆਂ ਜਸਲੀਨ ਨੇ ਆਪਣੇ ਚਿਹਰੇ 'ਤੇ ਹੱਥ ਫੇਰਿਆ।

ਦਸ ਵਜਦੇ ਨੂੰ ਸੰਤੋਸ਼ ਦਾ ਫੇਰ ਫੋਨ ਆ ਗਿਆ, "ਸਰ ਜੀ, ਹਮ ਤੋ ਤਿਆਰ ਹੋ ਗਏ।"

"ਓ ਹੋ ! ਸੰਤੋਸ਼ ਜੀ, ਆਪ ਕੀ ਭਾਬੀ ਬਿਊਟੀ ਪਾਰਲਰ ਸੇ ਹੀ ਨਹੀਂ ਮੁੜੀ ਅਭੀ ਤਕ। ਚੰਗੀ ਭਲੀ ਤੋ ਹੈ, ਫਿਰ ਭੀ ਪਤਾ ਨਹੀਂ ਕਿਆ ਮੋਡੀਫਿਕੇਸ਼ਨ ਕਰਵਾਨੇ ਗਈ ਹੈ। ਬਈ ਇਨ ਔਰਤੋਂ ਕਾ ਭੀ... ਹਾ... ਹਾ... ਹਾ...! ਚਲੋ ਮੈਂ ਕਰਤਾ ਹੂੰ ਆਪ ਕੋ ਫੋਨ।"

ਸੰਤੋਸ਼ ਨੇ ਵੀ ਹੱਸਣ ਦੀ ਰਸਮ ਨਿਭਾਈ। ਉਸ ਦੇ ਹਾਸੇ 'ਚੋਂ ਬੇਚੈਨੀ ਝਲਕ ਰਹੀ ਸੀ। ਅੱਜ ਦੇ ਜ਼ਮਾਨੇ 'ਚ ਇੰਤਜ਼ਾਰ ਤਾਂ ਇਕ ਬਹੁਤ ਵੱਡੀ ਸਜ਼ਾ ਐ। ਮੈਨੂੰ ਵੀ ਥਕੇਵਾਂ ਹੋਣ ਲੱਗ ਪਿਐ। ਕੋਟ ਦੀ ਜੇਬ 'ਚੋਂ ਸ਼ਗਨ ਵਾਲਾ ਲਿਫਾਫਾ ਕੱਢ ਕੇ ਦੇਖਿਆ। 'ਸ਼ੁਭ ਇਛਾਵਾਂ ਸਹਿਤ...' ਥੱਲੇ ਆਪਣਾ ਨਾਮ, ਪਤਾ ਠੀਕ ਲਿਖਿਆ ਹੋਇਆ ਹੈ। ਵਾਪਸ ਜੇਬ 'ਚ ਰੱਖ ਕੇ ਬੈਠ ਗਿਆਂ। ਪਰ ਇਸ ਨਾਲ ਕਿੰਨਾ ਕੁ ਸਮਾਂ ਕੱਟਿਆ ਜਾ ਸਕਦਾ ਸੀ।

ਅੱਧੇ ਕੁ ਘੰਟੇ 'ਚ ਬੁੜਬੁੜ ਕਰਦੀ ਜਸਲੀਨ ਆ ਗਈ, "ਸਾਰੀਆਂ ਤੀਵੀਂਆਂ ਨੂੰ ਖੌਰੇ ਅੱਜ ਹੀ ਟਾਈਮ ਮਿਲਿਐ। ਇਸ ਕਲੋਨੀ ਵਾਲੀਆਂ ਈ ਮਾਣ ਨ੍ਹੀਂ ਤੀ... ਅੱਜ ਤਾਂ ਖੌਰੇ ਕਿਥੋਂ-ਕਿਥੋਂ ਆਈਆਂ ਬੈਠੀਆਂ ਸੀ ! ਪਿੰਡਾਂ 'ਚੋਂ ਵੀ...!"

"ਹੂੰ !" ਕਹਿੰਦਿਆਂ ਮੈਂ ਲੰਮਾ ਸਾਹ ਲਿਆ, "ਅਸਲ 'ਚ ਵੱਡੇ ਪਾਰਲਰ ਸਾਰੇ ਅਡਵਾਂਸ 'ਚ ਬੁੱਕ ਹੋ ਜਾਂਦੇ ਨੇ। ਵਿਚਾਰੇ ਪਿੰਡਾਂ-ਪੁੰਡਾਂ ਵਾਲਿਆਂ ਨੂੰ ਫੇ ਮੌਕੇ 'ਤੇ ਸ਼ਹਿਰ ਦੇ ਗਲੀ-ਮੁਹੱਲਿਆਂ 'ਚ ਨਿੱਕੀਆਂ-ਮੋਟੀਆਂ ਦੁਕਾਨਾਂ ਵੱਲ ਭੱਜਣਾ ਪੈਂਦੈ। ਬਈ ਅੱਜਕਲ੍ਹ ਬਿਊਟੀ ਪਾਰਲਰ ਜਾਣ ਦੀ ਲੋੜ ਤਾਂ ਸਾਰਿਆਂ ਨੂੰ ਈ ਮਹਿਸੂਸ ਹੋਣ ਲੱਗ ਪਈ ਹੈ।"

"ਬਿਊਟੀ ਪਾਰਲਰ ਗਿਆਂ ਬਿਨਾ ਤਾਂ ਕਨਫੀਡੈਂਸ ਜਿਹਾ ਈ ਨ੍ਹੀਂ ਬਣਦਾ।"

"ਵਿਆਹ ਈ ਬਹੁਤ ਨੇ ਅੱਜ ਤਾਂ," ਕਹਿੰਦਿਆਂ ਮੈਂ ਗੱਲ ਮੁੰਦੇ ਵੱਲ ਮੋੜੀ, "ਜ਼ਰਾ ਛੇਤੀ ਕਰ, ਕਿਤੇ ਰਸਤੇ 'ਚ ਜਾਮ ਲੱਗਿਆ ਨਾ ਮਿਲ ਜੇ। ਝਾਅ ਦਾ ਵੀ ਦੋ ਵਾਰੀ ਫੋਨ ਆ ਚੁੱਕਿਐ।"

ਘਰਵਾਲੀ ਨੇ ਵਾਲ ਕਲੌਕ ਵੱਲ ਦੇਖਦਿਆਂ ਪੁੱਛਿਆ, "ਇਕ ਵਜੇ ਤੱਕ ਤਾਂ ਪਹੁੰਚ ਹੀ ਜਾਂਗੇ?" ਫੇਰ ਕੁਝ ਸੋਚ ਕੇ ਬੋਲੀ, "ਉਹਨਾਂ ਨੂੰ ਦੱਸ 'ਤਾ ਸੀ ਨਾ ਬਈ ਸਿੱਧਾ ਪੈਲੇਸ ਈ ਪਹੁੰਚਾਂਗੇ। ਨਾਸ਼ਤਾ-ਨੁਸ਼ਤਾ..."

"ਹਾਂ ਯਾਰ, ਗੱਲ ਤੇਰੀ ਠੀਕ ਐ।" ਕਹਿੰਦਿਆਂ ਮੈਂ ਸੰਤੋਸ਼ ਨੂੰ ਫੋਨ ਲਾਇਆ।

ਸੰਤੋਸ਼ ਤਾਂ ਜਿਵੇਂ ਫੋਨ ਦੇ ਕੋਲ ਹੀ ਬੈਠਾ ਸੀ, ਤਪਾਕ ਨਾਲ ਬੋਲਿਆ, "ਹਾਂ ਜੀ!"

ਮੈਂ ਕਮੈਂਟਰੀ ਸੁਣਾਉਣ ਵਾਂਗ ਸ਼ੁਰੂ ਹੋ ਗਿਆ, "ਸੰਤੋਸ਼ ਜੀ, ਆਪ ਕੀ ਭਾਬੀ ਜਾਨ ਅਭੀ-ਅਭੀ ਬਿਊਟੀ ਪਾਰਲਰ ਸੇ ਤਸ਼ਰੀਫ ਲੈ ਆਈ ਹੈ। ਅਬ ਨਹਾਏਗੀ। ਫਿਰ ਕਪੜੇ ਪਾਏਗੀ। ਫਿਰ ਸੁਰਖੀ-ਪੌਡਰ ਲਗਾਏਗੀ। ਮੈਂ ਤਿਆਰ-ਬਰ-ਤਿਆਰ ਹੂੰ। ਆਇਮ ਸ਼ਓਰ, ਬਾਰਾਂ-ਸਾਢੇ ਬਾਰਾਂ ਸੇ ਪਹਿਲੇ-ਪਹਿਲੇ ਆਪਾਂ ਪੈਲੇਸ ਪਹੁੰਚ ਜਾਂਗੇ।"

"ਪੈਲੇਸ?" ਉਧਰੋਂ ਇਹ ਸ਼ਬਦ ਸਵਾਲ ਵਾਂਗ ਮੇਰੇ ਕੰਨ ਦੇ ਪਰਦੇ 'ਤੇ ਵੱਜਿਆ।

ਮੈਂ ਇਸ ਨੂੰ ਸਵਾਲ ਵਾਂਗ ਲਿਆ ਹੀ ਨਹੀਂ ਅਤੇ, "ਹਾਂ, ਹਾਂ ਸੰਡੇ ਹੈ, ਟ੍ਰੈਫਿਕ ਬਹੁਤਾ ਨ੍ਹੀਂ ਹੋਣਾ। ਰੇਲ ਬਣਾ ਦਾਂਗੇ ਕਾਰ ਦੀ।" ਕਹਿੰਦਿਆਂ ਫੋਨ ਰੱਖ ਦਿੱਤਾ।

ਮੈਂ ਹੈਰਾਨ ਹਾਂ ਕਿ ਐਦਾਂ ਦੀ ਹੁਸ਼ਿਆਰੀ ਮੈਂ ਕਿਉਂ ਕੀਤੀ। ਪਿੰਡ ਦੇ ਨਾਂ 'ਤੇ ਮੈਂ ਇੰਨਾ ਤ੍ਰਭਕਦਾ ਕਿਉਂ ਹਾਂ?

ਮੈਂ ਸੋਚਣ ਲੱਗਿਆ, ਮੇਰਾ ਆਪਣਾ ਪਿੰਡ ਵੀ ਹੁਣ ਮੇਰੀਆਂ ਯਾਦਾਂ 'ਚ ਕਿੰਨਾ ਕੁ ਬਚਿਆ ਹੋਇਆ ਹੈ? ਪਿਛਲੀ ਵਾਰ ਜਦੋਂ ਮੈਂ ਜ਼ਮੀਨ ਠੇਕੇ 'ਤੇ ਦੇਣ ਗਿਆ ਸਾਂ, ਉਦੋਂ ਪਿੰਡ 'ਚ ਨਵਾਂ-ਪੁਰਾਣਾ ਕੀ ਕੁਝ ਦੇਖਿਆ ਸੀ? ਦਿਮਾਗ਼ 'ਤੇ ਬਹੁਤ ਜ਼ੋਰ ਦੇਣ 'ਤੇ ਵੀ ਕੁਝ ਯਾਦ ਨਹੀਂ ਆ ਰਿਹਾ।

ਪਿੰਡ ਵਿਚ ਮੇਰਾ ਹੁਣ ਹੈ ਵੀ ਕੀ? ਘਰ ਵੱਡੇ ਭਰਾ ਦੇ ਹਿੱਸੇ ਆ ਗਿਐ। ਜ਼ਮੀਨ? ਰਿਸ਼ਤੇ ਤਾਂ ਜਿਵੇਂ ਅਜਿਹੀਆਂ ਚੀਜ਼ਾਂ ਨਾਲ ਹੀ ਜੁੜੇ ਹੁੰਦੇ ਹਨ। ਮੈਂ ਕਦੇ ਖੇਤ ਜਾ ਕੇ ਨਹੀਂ ਦੇਖਿਆ। ਅੱਜ ਤਾਂ ਕਿਸੇ ਦੇ ਦੱਸੇ ਬਿਨਾ ਮੈਂ ਆਪਣੇ ਹਿੱਸੇ ਦੀ ਜ਼ਮੀਨ ਨੂੰ ਪਹਿਚਾਣ ਵੀ ਨਹੀਂ ਸਕਦਾ? ਸਾਰੇ ਖੇਤ, ਕਿੱਲੇ, ਕਿਆਰੀਆਂ, ਖਾਲ਼, ਨੱਕੇ-ਬੰਨ੍ਹੇ ਇਕੋ ਜਿਹੇ ਹੀ ਤਾਂ ਹਨ। ਅੱਜਕਲ੍ਹ ਤਾਂ ਇਹ ਵੀ ਨਹੀਂ ਕਿ ਟਾਹਲੀ ਵਾਲਾ ਖੇਤ ਫਲਾਣੇ ਦਾ, ਬੇਰੀ ਜਾਂ ਤੂਤਾਂ ਵਾਲਾ ਫਲਾਣੇ ਦਾ। ਦਰਖ਼ਤ ਕਿਤੇ ਕੋਈ ਰਿਹਾ ਹੀ ਨਹੀਂ। ਖੇਤਾਂ 'ਚ ਸਬਮਰਸੀਬਲ ਮੋਟਰਾਂ ਵਾਲੇ ਕੋਠੜੇ ਤੇ ਚੁਬੱਚੇ ਲੱਗਭਗ ਇਕੋ ਜਿਹੇ ਹੀ ਹਨ।

ਖੇਤ ਦੀ ਛੱਡੋ, ਮੈਂ ਤਾਂ ਆਪਣਾ ਜੱਦੀ ਘਰ ਵੀ ਚੱਜ ਨਾਲ ਨਹੀਂ ਪਹਿਚਾਣ ਸਕਿਆ ਸਾਂ। ਜਿੱਥੇ ਮੈਂ ਪਲਿਆ-ਵਧਿਆ, ਖੇਡਿਆ-ਕੁੱਦਿਆ। ਜੱਦੀ ਘਰ ਵੱਡੇ ਭਰਾ ਦੇ ਹਿੱਸੇ ਆਇਆ ਹੋਇਐ। ਵੱਡੇ ਵੀਰ ਨੇ ਵੀ ਭੰਨ-ਤੋੜ ਕਰ ਕੇ ਜੱਦੀ ਘਰ ਨੂੰ ਕੋਠੀ ਦੀ ਸ਼ਕਲ ਵਿਚ ਤਬਦੀਲ ਕਰਨ ਦਾ ਜੁਗਾੜ ਕਰ ਲਿਆ ਸੀ। ਵੰਡੇ-ਵੰਡਾਰੇ ਕਾਰਨ ਭਰਾਵਾਂ 'ਚ ਪੈਦਾ ਹੋਈ ਤਲਖ਼ੀ ਅਤੇ ਸ਼ਹਿਰ 'ਚ ਨਵੇਂ ਟਿਕਾਣੇ ਦੀ ਸੈਟਿੰਗ 'ਚ ਰੁੱਝਿਆ ਹੋਣ ਕਰ ਕੇ ਵਾਹਵਾ ਚਿਰ ਮੇਰਾ ਪਿੰਡ ਜਾਣ ਦਾ ਸਬਬ ਹੀ ਨਹੀਂ ਬਣਿਆ ਸੀ। ਜਦੋਂ ਗਿਆ, ਦੇਖਿਆ,



ਪਿੰਡ ਬਦਲ ਰਿਹਾ ਸੀ ਪਰ ਪੈਰ ਆਪਣੇ ਹਿਸਾਬ ਨਾਲ ਚਲ ਰਹੇ ਸੀ। ਜਦੋਂ ਘਰ ਦੇ ਸਾਹਮਣੇ ਪਹੁੰਚਿਆ ਤਾਂ ਦਿਮਾਗ਼ ਚਕਰਾ ਗਿਆ। ਪੈਰ ਥਾਂਏਂ ਗੱਡੇ ਗਏ। ਅੰਦਰੋਂ ਇਕ ਦਮ ਹਿੱਲ ਗਿਆ, "ਸਾਡਾ ਘਰ?"

ਅੰਦਰੋਂ ਪ੍ਰਤੀਧੁਨੀ ਗੂੰਜੀ, "ਸਾਡਾ ਘਰ? ਸਾਡਾ... ਮਤਲਬ?"

ਮੈਂ ਜਵਾਬ ਦੇਣ ਦੀ ਕੋਸ਼ਿਸ਼ ਕੀਤੀ, "ਹਾਂ, ਹਾਂ... ਮਤਲਬ ਸਾਡਾ..." ਅਤੇ 'ਘਰ' ਕਹਿਣ ਲੱਗਿਆਂ ਜ਼ਬਾਨ ਜਵਾਬ ਦੇ ਗਈ ਸੀ। ਜਿਵੇਂ ਬਹੁਤ ਹੀ ਕੀਮਤੀ ਕੁਝ ਗੁਆਚ ਗਿਆ ਹੋਵੇ।

ਫੇਰ ਇਕ ਦਮ ਡਰ ਸਤਾਇਆ। ਘਰ ਗੁਆਚਣ ਦਾ ਨਹੀਂ, ਇਸ ਗੱਲ ਦਾ ਕਿ ਮੈਨੂੰ ਇਸ ਹਾਲਤ ਵਿਚ ਕੋਈ ਦੇਖ ਨਾ ਲਵੇ। ਕਿਸੇ ਨੂੰ ਪਤਾ ਨਾ ਲੱਗ ਜੇ ਕਿ ਮੇਰਾ ਘਰ ਗੁਆਚ ਗਿਐ। ਪਿੰਡ ਵਾਲੇ ਕੀ ਕਹਿਣਗੇ?

"ਜਾਹ ਓਏ ਸ਼ਹਿਰੀਆ! ਉਹ ਥਾਂ ਵੀ ਨਹੀਂ ਪਹਿਚਾਣ ਸਕਿਆ ਜਿੱਥੇ ਤੇਰੀ ਔਲ ਦੱਬੀ ਹੋਈ ਹੈ?"

ਉਹ ਦ੍ਰਿੱਸ਼ ਯਾਦ ਕਰ ਕੇ ਕੰਬ ਗਿਆਂ। ਹੱਬੜਵਾਹੇ ਉੱਠ ਬੈਠਿਆ। ਜਾ ਕੇ ਬਾਥਰੂਮ ਦਾ ਬੂਹਾ ਖੜਕਾਇਆ, "ਜਸਲੀਨ, ਗੱਲ ਸੁਣ!"

ਮੈਂ ਲਗਾਤਾਰ ਬੂਹਾ ਖੜਕਾ ਰਿਹਾਂ, "ਸੁਣਦੀਐਂ?"

ਪਾਣੀ ਦੀ ਟੂਟੀ ਬੰਦ ਹੋਣ ਦੇ ਨਾਲ ਅੰਦਰੋਂ ਘਰਵਾਲੀ ਦੀ ਖਿਝੀ ਹੋਈ ਆਵਾਜ਼ ਆਈ, "ਕੀ ਹੋ ਗਿਐ ਹੁਣ? ਆ ਰਹੀ ਆਂ, ਮੈਂ ਕਿਹੜਾ ਇਥੇ ਈ ਘਰ ਪਾ ਲਿਐ!"

"ਘਰ?" ਇਹਨੂੰ ਕਿਵੇਂ ਪਤੈ, ਮੈਂ ਘਰ ਬਾਰੇ ਹੀ ਸੋਚ ਰਿਹਾ ਸਾਂ? ਪਿੰਡ ਵਾਲੇ ਘਰ ਬਾਰੇ! ਚਾਣਚੱਕ ਕੀ ਹੋ ਗਿਐ ਮੈਨੂੰ?

ਅੱਖਾਂ ਬੰਦ ਕਰ ਕੇ ਸੋਚਣ ਲੱਗਦਾ ਹਾਂ, "ਸੰਤੋਸ਼ ਬਾਈ, ਤੈਂ ਕਿਹੜੇ ਸੰਸਿਆਂ 'ਚ ਪਾ ਦਿੱਤੈ ਯਾਰ ਮੈਨੂੰ?"

ਸਗੋਂ ਮੈਂ ਆਪ ਉਸ ਨਾਲ ਵਾਅਦਾ ਕੀਤਾ ਸੀ, "ਪਿੰਡਾਂ ਦੀ ਤਾਂ ਗੱਲ ਈ ਕੋਈ ਨ੍ਹੀਂ, ਜਦੋਂ ਜੀਅ ਕੀਤਾ, ਗੇੜਾ ਕੱਢ ਆਵਾਂਗੇ, ਰੱਜ-ਰੱਜ ਦੇਖੀਂ।"

ਸਾਹਿਤ ਬੰਦੇ ਨੂੰ ਆਮ ਦੁਨੀਆਦਾਰ ਨਹੀਂ ਰਹਿਣ ਦਿੰਦਾ। ਨਹੀਂ ਮੈਨੂੰ ਕੀ ਲੋੜ ਪਈ ਸੀ ਅੱਗੇ ਵਧ ਕੇ ਕਹਿਣ ਦੀ ਕਿ ਵੀਰ ਨੂੰ ਆਤਮਾ ਸਮੇਤ ਦਰਸ਼ਨ ਕਰਵਾਵਾਂਗੇ ਪਿੰਡ ਦੇ! ਹੁਣ ਭੁਗਤ ਰਿਹਾਂ। ਆਤਮਾ ਸਮੇਤ ਦਰਸ਼ਨ! ਮੇਰੀ ਆਤਮਾ ਭਟਕਣ ਲੱਗ ਪਈ ਐ।

ਜੱਗੀ ਨ੍ਹੀਂ ਅਜਿਹੀ ਕੋਈ ਟੈਂਸ਼ਨ ਲੈਂਦਾ। ਤਾਂ ਹੀ ਝਟ ਬੋਲ ਪਿਆ ਸੀ, "ਘਰ ਦੀ ਕੱਢੀ ਦਾਰੂ ਤਾਂ ਆਪਾਂ ਪਿਲਾ ਸਕਦੇ ਹਾਂ, ਵੀਰੇ। ਕਹੇਂ ਤਾਂ ਕਲ੍ਹ ਨੂੰ ਈ ਕੈਨੀ ਚੱਕ ਲਿਆਊਂ!"

ਅੱਗੇ ਕਹਿੰਦਾ, "ਦਾਰੂ ਦੀ ਵੀ ਇਲਾਕੇ ਵਾਈਜ਼ ਵੱਖਰੀ ਵਾਸ਼ਨਾ। ਇਕ ਤੋਂ ਇਕ ਵਰਾਈਟੀਆਂ ਪਈਆਂ ਨੇ। ਧਨੌਲੇ ਵੱਲ ਦੀ ਦਾਰੂ ਅੱਡ। ਲਹਿਰੇ ਵੱਲ ਦੀ ਅੱਡ। ਕੇਰਾਂ ਪੀ ਲੀ ਤਾਂ ਅਗਲੀ ਵਾਰੀ ਆਪੇ ਪਛਾਣ ਜੇਂਗਾ ਬਈ ਇਹ ਕਿਹੜੇ 'ਲਾਕੇ ਦੀ ਐ। ਊਂ ਸਿਰ ਨ੍ਹੀਂ ਫੜਦੀ ਕੋਈ ਵੀ।"

ਜੱਗੀ ਨੂੰ ਲੱਗਦਾ ਸੀ ਕਿ ਸੰਤੋਸ਼ ਦਾ ਪਿੰਡ ਦੇਖਣ ਤੋਂ ਭਾਵ ਘਰ ਦੀ ਕੱਢੀ ਦਾਰੂ ਪੀਣ ਤੋਂ ਹੈ। ਉਹ ਫੇਰ ਦਾਰੂ ਦੇ ਗੁਣ ਗਾਉਣ ਲੱਗਿਆ, "ਆਹ ਧਨੌਲਾ ਤੇ ਉਹ ਲਹਿਰਾ! ਏਨੀ ਦੂਰੀ 'ਚ ਕਿਸਾਨ ਯੂਨੀਅਨ ਦੇ ਲੀਡਰਾਂ ਦੇ ਭਾਸ਼ਣਾਂ ਦਾ ਅੰਦਾਜ਼ ਬੇਸ਼ੱਕ ਨਹੀਂ ਬਦਲਦਾ,

ਪਰ ਦੇਖ ਲਾ ਬੀ ਦਾਰੂ ਦਾ ਸਵਾਦ ਬਦਲ ਜਾਂਦੈ। ਪਰਵਾਹ ਨਾ ਕਰ, ਦਾਰੂ ਨਾਲ ਤਾਂ ਜਮ੍ਹਾਂ ਨਮ੍ਹਾ ਦਿਆਂਗੇ।"

ਸੰਤੋਸ਼ ਕੀ ਚਾਹੁੰਦੈ, ਜੱਗੀ ਸ਼ਾਇਦ ਨਹੀਂ ਸਮਝਦਾ। ਮਾਲਵੇ ਦੇ ਲੇਖਕਾਂ ਦੇ ਨਾਵਲ-ਕਹਾਣੀਆਂ ਹਿੰਦੀ 'ਚ ਜਿੰਨੇ ਕੁ ਮੈਨੂੰ ਮਿਲੇ, ਮੈਂ ਸੰਤੋਸ਼ ਨੂੰ ਪੜ੍ਹਨ ਲਈ ਦਿੱਤੇ। ਰਾਮ ਸਰੂਪ ਅਣਖੀ ਦੇ ਨਾਵਲ 'ਕੋਠੇ ਖੜਕ ਸਿੰਘ' ਦਾ ਤਾਂ ਹਿੰਦੀ 'ਚ ਨਾਮ ਹੀ 'ਕਹਾਨੀ ਏਕ ਗਾਂਵ ਕੀ' ਹੈਗਾ।

ਸੰਤੋਸ਼ ਨੇ ਇਕ ਵਾਰੀ ਕਿਹਾ ਸੀ, "ਇਤਿਹਾਸ ਤਾਂ ਭਾਵੇਂ ਪੱਖਪਾਤੀ ਤਰੀਕੇ ਨਾਲ ਲਿਖਿਆ ਹੋਇਆ ਵੀ ਹੋ ਸਕਦਾ ਹੈ, ਕਿਸੇ ਖਿੱਤੇ ਜਾਂ ਕੌਮ ਦੇ ਅਤੀਤ ਨੂੰ ਸਹੀ ਅਰਥਾਂ ਵਿਚ ਜਾਨਣਾ, ਸਮਝਣਾ ਹੋਵੇ ਤਾਂ ਉਥੋਂ ਦੇ ਉਸ ਸਮੇਂ ਦੇ ਸਾਹਿਤ ਵਿਚੋਂ ਹੀ ਜਾਣਿਆ ਜਾ ਸਕਦਾ ਹੈ।"

"ਬੇਸ਼ੱਕ। ਇਹਨਾਂ ਨਾਵਲਾਂ 'ਚੋਂ ਮਾਲਵੇ ਦੇ ਪਿੰਡਾਂ ਦੇ ਦਰਸ਼ਨ ਜਰੂਰ ਹੋਣਗੇ।" ਮੈਂ ਕਿਹਾ ਸੀ।

"ਜਿਹੜੀਆਂ ਬਦਕਿਸਮਤ, ਸਰਾਪੀਆਂ ਰੂਹਾਂ ਜਿਉਂਦੇ ਜਾਗਦੇ ਪਾਤਰ ਤੇ ਧੜਕਦੀਆਂ ਥਾਂਵਾਂ ਛੱਡ ਕੇ ਨਾਵਲਾਂ, ਕਹਾਣੀਆਂ 'ਚ ਪਿੰਡ ਲੱਭਣ ਲੱਗ ਪੈਣ...?" ਸੋਚਦਿਆਂ ਖ਼ੁਦ ਨੂੰ ਕੋਸਣ ਲੱਗਿਆ।

"ਹਾਂ ਜੀ, ਦੱਸੋ?" ਤੌਲੀਏ ਨਾਲ ਵਾਲ਼ ਸੁਕਾਉਂਦੀ ਘਰਵਾਲੀ ਦੇ ਗਿੱਲੇ ਵਾਲ਼ਾਂ ਦੀਆਂ ਬੂੰਦਾਂ ਮੇਰੇ ਮੂੰਹ 'ਤੇ ਡਿੱਗੀਆਂ ਤਾਂ ਖ਼ਿਆਲਾਂ ਦੀ ਲੜੀ ਟੁੱਟੀ।

"ਨਹੀਂ, ਕੁਝ ਨਹੀਂ।" ਮੈਂ ਆਪ 'ਚ ਪਰਤਦਿਆਂ ਕਿਹਾ।

"ਕੁਝ ਕਿਉਂ ਨਹੀਂ? ਅੱਗੇ ਤੋਂ ਬੂਹਾ ਖੁੱਲਾ ਛੱਡ ਦਿਆ ਕਰੂੰ!" ਕਹਿੰਦਿਆਂ ਉਹ ਮੁਸਕਰਾਈ।

"ਯਾਰ, ਮੈਨੂੰ ਟੈਂਸ਼ਨ ਹੋਈ ਪਈ ਐ ਤੇ ਤੈਨੂੰ ਮਜ਼ਾਕ ਸੁੱਝਦੈ!"

ਉਸ ਦੀ ਮੁਸਕਰਾਹਟ ਗਾਇਬ ਹੋ ਗਈ, "ਸੌਰੀ, ਕੀ ਗੱਲ ਹੋਗੀ ਜਾਨੂੰ? ਮੈਨੂੰ ਦੱਸੋ, ਪਲੀਜ।" ਰੋਣਹਾਕੀ ਹੁੰਦਿਆਂ ਮੇਰੇ ਚਿਹਰੇ ਨੂੰ ਆਪਣੇ ਨਰਮ, ਠੰਡੇ ਹੱਥਾਂ ਨਾਲ ਸਹਿਲਾਉਂਦਿਆਂ ਬੈੱਡ 'ਤੇ ਬੈਠ ਗਈ, "ਕੀ ਮੈਂ ਲੇਟ ਕਰਾ 'ਤਾ?"

"ਨਹੀਂ ਯਾਰ, ਮੈਂ ਤਾਂ ਦਰਅਸਲ ਸੋਚਦਾ ਸੀ, ਮਤਲਬ... ਜੇ ਆਪਣੇ ਨਿਆਣਿਆਂ ਨੇ ਕਦੇ ਪਿੰਡ ਦੇਖਣ ਦੀ ਜ਼ਿੱਦ ਕੀਤੀ, ਕਿਹੜਾ ਦਿਖਾਵਾਂਗੇ? ਜੱਦੀ ਪਿੰਡ ਦਿਖਾਉਣ ਦਾ ਕੋਈ ਮਤਲਬ ਹੀ ਨਹੀਂ। ਨਾਨਕਾ ਵੀ ਨਾ ਹੀ ਮੰਨੋ। ਤੇਰਾ ਭਰਾ ਵੀ ਪਿੰਡੋਂ ਸਭ ਕੁਝ ਵੇਚ-ਵੱਟ ਕੇ ਮਾਨਸੇ ਜਾ ਵੜਿਐ।"

"ਮਾਨਸਾ ਕਿਹੜਾ ਸਵਿਟਜ਼ਰਲੈਂਡ ਐ? ਪਿੰਡ ਈ ਸਮਝੋ।" ਕਹਿੰਦਿਆਂ ਉਹ ਵਾਲ਼ ਵਾਹੁਣ ਲੱਗ ਪਈ।

ਫੇਰ ਇਕ ਦਮ ਹੱਥ ਰੋਕ ਕੇ ਮੇਰੀਆਂ ਅੱਖਾਂ 'ਚ ਝਾਕਦਿਆਂ ਬੋਲੀ, "ਸੱਚੀ, ਆਹੀ ਗੱਲ ਸੀ? ਮੇਰੀ ਤਾਂ ਜਾਨ ਈ ਨਿੱਕਲ ਗੀ ਤੀ। ਇਹ ਕੀ ਗੱਲ ਹੋਈ ਭਲਾ?" ਤੇ ਰਾਹਤ ਮਹਿਸੂਸਦਿਆਂ ਬੋਲੀ, "ਚੱਲੋ ਫੇ ਉੱਠੋ, ਡੀਓ-ਡੂਓ ਜਾ ਛਿੜਕ ਲਓ ਤੇ ਚੱਲੀਏ।"



ਸੰਤੋਸ਼ ਦੇ ਘਰ ਪਹੁੰਚਣ ਤੋਂ ਪਹਿਲਾਂ ਰਸਤੇ 'ਚ ਫੇਰ ਉਸ ਨੇ ਪੁੱਛਿਆ, "ਸੱਚੀ, ਆਹੀ ਗੱਲ ਸੀ? ਫੇਰ ਬੂਹਾ ਕਾਹਤੋਂ ਏਨਾ ਜ਼ੋਰ-ਜ਼ੋਰ ਦਾ ਖੜਕਾ ਰਹੇ ਸੀ, ਜਿਵੇਂ ਪਰਲੋ ਆਈ ਹੁੰਦੀ ਐ?"

"ਜ਼ੋਰ ਦਾ ਖੜਕਾਇਆ ਸੀ?"

"ਲੈ, ਚੁਗਾਠ ਪੱਟਣ ਨੂੰ ਫਿਰਦੇ ਤੀ। ਅੱਛਾ, ਨਿਆਣੇ ਕਿਹੜਿਆਂ ਦੀ ਗੱਲ ਕਰਦੇਓਂ, ਤੇ ਕਿੰਨੇ ਭਲਾ? ਆਪਾਂ ਤਾਂ ਇਕ ਪਲਾਨ ਕੀਤਾ ਹੋਇਐ ਨਾ?"

"ਹਾਂ, ਉਸੇ ਦੀ ਗੱਲ ਕਰਦਾਂ।"

"ਉਸੇ ਦੀ ਉਸੇ ਨੂੰ ਪੁੱਛਾਂਗੇ, ਬਈ ਤੈਂ ਪਿੰਡ ਕਿੱਸੇ-ਕਹਾਣੀਆਂ 'ਚ ਦੇਖਣੈ ਕਿ ਫਿਲਮਾਂ-ਡਾਕੂਮੈਂਟਰੀਆਂ 'ਚ? ਤੁਸੀਂ ਨਾ ਖਾਹਮਖਾਹ ਟੈਂਸ਼ਨ ਜੀ ਲਈ ਜਾਓ। ਸਮੇਂ ਦੇ ਨਾਲ-ਨਾਲ ਬੜਾ ਕੁਝ ਬਦਲਦਾ ਰਹਿੰਦੈ। ਜਦੋਂ ਨੂੰ ਨਿਆਣਾ ਦੇਖਣ ਆਲ਼ਾ ਹੋਇਆ, ਖੌਰੇ ਪਿੰਡ ਰਹਿਣ ਈ ਨਾ। ਹੁਣ ਵੀ ਕਿਹੜਾ ਫਰਕ ਰਹਿ ਗਿਐ ਪਿੰਡ ਤੇ ਸ਼ਹਿਰ 'ਚ?"

ਫੇਰ ਆਪਣੀਆਂ ਤਾਜ਼ਾ ਤਰਾਸ਼ੀਆਂ ਹੋਈਆਂ ਭਰਵੱਟਾਂ ਮਟਕਾਉਂਦਿਆਂ ਬੋਲੀ, "ਲੋਕਾਂ ਦਾ ਪਿੰਡਾਂ ਪ੍ਰਤੀ ਏਨਾ ਕ੍ਰੇਜ਼ ਦੇਖ ਕੇ ਹੋ ਸਕਦੈ, ਸਰਕਾਰ ਸ਼ਹਿਰਾਂ ਦੇ ਨਾਂ ਈ ਬਦਲ ਕੇ ਪਿੰਡ ਰੱਖ ਦੇਵੇ। ਸਮਾਰਟ ਪਿੰਡ! ਸਿਟੀ ਤਾਂ ਸਮਾਰਟ ਹੋਣੋ ਰਹੇ। ਕੀ ਖ਼ਿਆਲ ਐ?"

ਸੰਤੋਸ਼ ਦੇ ਘਰ ਦਾ ਬੂਹਾ ਖੁੱਲਾ ਪਿਆ ਸੀ। ਫੋਰਮਲ ਜੀ ਬੈੱਲ ਮਾਰ ਕੇ ਅਸੀਂ ਅੰਦਰ ਚਲੇ ਗਏ। ਮੈਂ ਉਸੇ ਪਸੰਦੀਦਾ ਅੰਦਾਜ਼ 'ਚ ਹਾਕ ਮਾਰੀ, "ਸੋਨਾਕਸ਼ੀ, ਤੋਂ ਕਤਯ ਛੋਂ?"

"ਆਹ ਤੀ!" ਹਮੇਸ਼ਾ ਪੂਰੇ ਠਰ੍ਹੰਮੇ ਨਾਲ ਉਸ ਦਾ ਜਵਾਬ ਆਉਂਦਾ ਹੁੰਦੈ, ਪਰ ਅੱਜ ਨਹੀਂ ਆਇਆ। ਉਡੀਕ-ਉਡੀਕ ਕੇ ਸੌਂ ਗਈ ਸੀ। ਲੰਮੀ ਇੰਤਜ਼ਾਰ ਨਾਲ ਪੈਦਾ ਹੋਇਆ ਅਕੇਵਾਂ ਅਤੇ ਥਕੇਵਾਂ ਸੰਤੋਸ਼ ਤੇ ਉਸ ਦੀ ਘਰਵਾਲੀ ਦੇ ਚਿਹਰੇ 'ਤੇ ਵੀ ਨਜ਼ਰ ਆ ਰਿਹਾ ਸੀ।

ਸੰਤੋਸ਼ ਦੀ ਘਰਵਾਲੀ ਵਿਚਾਰੀ, "ਚਾਏ ਲੇਂਗੇ ਨਾ?" ਕਹਿੰਦਿਆਂ ਉਪਚਾਰਿਕਤਾ ਵੀ ਨਿਭਾਈ ਜਾਵੇ ਤੇ ਸੋਨਾਕਸ਼ੀ ਨੂੰ ਉਠਾਉਣ ਦੀ ਕੋਸ਼ਿਸ਼ ਵੀ ਕਰੀ ਜਾਵੇ। ਉੱਠਣ ਲਈ ਸੋਨਾਕਸ਼ੀ ਨੂੰ ਥੋੜ੍ਹਾ ਜਿਹਾ ਮੈਂ ਵੀ ਵਡਿਆਇਆ। ਉਹ ਉੱਠੀ ਤੇ ਅੱਖਾਂ ਮਲਣ ਲੱਗੀ। ਮੈਂ ਠਰ੍ਹੰਮੇ ਜਿਹੇ ਨਾਲ ਪੁੱਛਿਆ, "ਸੋਨਾਕਸ਼ੀ, ਤੋਂ ਕਤਯ ਛੋਂ?"

"ਆਹ ਤੀ!" ਮਰੀ ਜਿਹੀ ਆਵਾਜ਼ ਆਈ।

ਅਸੀਂ ਹੱਸਣ ਦੀ ਐਕਟਿੰਗ ਕੀਤੀ। ਭਾਵੇਂ ਦੇਰ ਨਾਲ ਹੀ ਸਹੀ ਪਰ ਚੰਗੀ ਸ਼ੁਰੂਆਤ ਸੀ। ਸਮਝੋ ਅੱਧਾ ਕੰਮ ਨਿਬੜ ਗਿਆ। ਹਾਂ, ਕੰਮ ਹੀ ਤਾਂ ਨਬੇੜਦੇ ਹਾਂ।

ਅੱਜ ਦਾ ਇਹ ਕੰਮ ਵੀ ਨਿਬੜ ਜਾਣੈ, ਪੌਣਾ ਘੰਟਾ ਪਹੁੰਚਣ 'ਚ ਲੱਗੂ। ਅੱਧਾ-ਪੌਣਾ ਘੰਟਾ ਖਾਣ-ਪੀਣ 'ਚ। ਬਸ, ਫੇਰ ਤੂੰ ਤੇਰੇ ਘਰ, ਮੈਂ ਮੇਰੇ ਘਰ।

ਪੈੱਗ ਲਾਉਣ ਵਾਲਿਆਂ ਦੀ ਗੱਲ ਹੋਰ ਹੁੰਦੀ ਹੈ। ਜਿਸ ਦਿਨ ਘਰਵਾਲੀ ਨੇ ਆਪਣੀ ਸਹੁੰ ਖਵਾ ਕੇ ਵਾਅਦਾ ਕਰਵਾ ਲਿਆ ਕਿ ਦਿਨ ਦੇ ਵਿਆਹ 'ਚ ਬਿਲਕੁਲ ਨਹੀਂ, ਉਸ ਦਿਨ ਤੋਂ ਬਾਅਦ ਦਿਨ ਦੇ ਵਿਆਹ 'ਚ ਪੀਣਾ ਤਾਂ ਦੂਰ, ਆਪਾਂ ਹੱਥ ਵੀ ਨੀਂ ਲਾਉਂਦੇ। ਘਰਵਾਲੀ ਖ਼ੁਸ਼ ਹੈ ਕਿ ਵਿਆਹ ਤਾਂ ਅੱਜਕਲ੍ਹ ਦਿਨੇ ਹੀ ਹੁੰਦੇ ਨੇ।

ਸੋ ਸਾਰਾ ਧਿਆਨ ਖਾਣੇ ਅਤੇ ਫੋਟੋ ਖਿਚਵਾਉਣ ਵੱਲ ਹੀ ਰਹਿੰਦਾ ਹੈ। ਮੂਵੀ ਜਾਂ ਫੋਟੋ 'ਚ ਆ ਗਏ ਤਾਂ ਸਮਝੋ ਪੱਕੀ ਹਾਜ਼ਰੀ ਲੱਗ ਗਈ। ਤਮਾਮ ਤਰ੍ਹਾਂ ਦੇ ਝਮੇਲਿਆਂ ਕਾਰਨ ਪੱਜਲ ਪਰਵਾਰ ਵਾਲਿਆਂ ਨੂੰ ਤਾਂ ਫੇਰ ਮੂਵੀ ਜਾਂ ਸ਼ਗਨ ਆਲ਼ੇ ਲਿਫਾਫੇ ਤੋਂ ਹੀ ਪਤਾ ਲੱਗਦੈ ਕਿ ਵਿਆਹ 'ਚ ਫਲਾਣਾ ਵੀ ਆਇਆ ਸੀ।

ਮੇਰਾ ਧਿਆਨ ਇਕ ਵਾਰੀ ਫੇਰ ਸ਼ਗਨ ਵਾਲੇ ਲਿਫਾਫੇ ਵੱਲ ਚਲਾ ਗਿਐ। ਕਿਤੇ ਭੁੱਲ ਤਾਂ ਨਹੀਂ ਗਿਆ?

"ਓ ਮਾਈ ਗੌਡ! ਜਾਮ? ਸ਼ਾਇਦ ਫਾਟਕ ਬੰਦ ਹੈ।" ਫਾਟਕ ਤੋਂ ਲੈ ਕੇ ਬਰਨਾਲਾ ਕੈਂਚੀਆਂ ਤੱਕ ਜਾਮ ਲੱਗਿਆ ਹੋਇਆ ਹੈ।

ਸੰਤੋਸ਼ ਦੇ ਚਿਹਰੇ 'ਤੇ ਚਿੰਤਾ ਦੀਆਂ ਲਕੀਰਾਂ ਫੇਰ ਉੱਭਰ ਆਈਆਂ। ਸੰਤੋਸ਼ ਨੂੰ ਧਰਵਾਸ ਦੇਣ ਦੀ ਗਰਜ ਨਾਲ ਮੈਂ ਕਿਹਾ, "ਕੇਰਾਂ ਸੰਗਰੂਰੋਂ ਨਿਕਲਣ ਤੋਂ ਬਾਅਦ ਨ੍ਹੀਂ ਕੋਈ ਸਮੱਸਿਆ। ਪੈਲੇਸ ਪਹੁੰਚ ਕੇ ਹੀ ਬ੍ਰੇਕਾਂ ਲੱਗਣਗੀਆਂ।"

"ਵੈਸੇ ਪਿੰਡ ਕਿਹੜਾ ਹੈ?" ਸੰਤੋਸ਼ ਨੇ ਪੁੱਛਿਆ।

"ਹੋਊ ਕੋਈ ਤਾਂ। ਊਂ ਕਾਰਡ 'ਚ ਲਿਖਿਆ ਹੁੰਦੈ ਬੀ ਫਲਾਨੇ ਪਿੰਡ ਦੀ ਕੁੜੀ ਤੇ ਫਲਾਨੇ ਪਿੰਡ ਦੇ ਮੁੰਡੇ ਦਾ ਵਿਆਹ ਫਲਾਨੇ ਪੈਲੇਸ 'ਚ ਹੋ ਰਿਹੈ।"

"ਪਿੰਡ ਦਾ ਨਾਂ ਕੋਠੇ ਖੜਕ ਸਿੰਘ ਹੋਣਾ!"

"ਹੈਂ?" ਮੈਂ ਹੈਰਾਨੀ ਪ੍ਰਗਟਾਈ, "ਮਤਲਬ?"

ਸੰਤੋਸ਼ ਹੱਸ ਪਿਆ, "ਜੱਗੀ ਭਾਈ ਸਾਹਬ ਨੇ ਦੱਸਿਆ ਸੀ ਨਾ, ਪਿੰਡ ਤਾਂ ਬਰਨਾਲੇ ਤੋਂ ਖ਼ਾਸਾ ਅੱਗੇ ਪੈਂਦੈ। ਥੋੜ੍ਹਾ-ਬਹੁਤ ਮੈਨੂੰ ਵੀ ਪਤਾ ਹੈ, ਸਰ ਜੀ... ਹੰਢਿਆਏ ਤੋਂ ਗੱਡੀ ਰਾਹੀਂ ਰਾਮਪੁਰਾ ਫੂਲ ਉਤਰੋ ਤੇ ਉਥੋਂ ਤਾਂਗਾ ਮਿਲ ਜਾਂਦੈ... ਸਧਾਣਿਆਂ ਦੇ ਘਰਾਟਾਂ ਤੋਂ ਕੋਠੇ ਖੜਕ ਸਿੰਘ ਮਸਾਂ ਡੇਢ-ਦੋ ਘੰਟੇ ਦੀ ਵਾਟ ਦੱਸੀ ਜਾਂਦੀ ਐ। ਉਧਰ ਸੇਲਬਰਾਹ ਦਾ ਮੇਲਾ ਭਰਦਾ ਹੈ। ਉਹ ਵੀ ਦੇਖਾਂਗੇ ਕਦੇ।"

ਕਹਿ ਕੇ ਸੰਤੋਸ਼ ਕਿਤੇ ਗੁਆਚ ਗਿਐ, ਜਿਵੇਂ ਕਿ ਸੇਲਬਰਾਹ ਦੇ ਮੇਲੇ 'ਚ ਆਉਣ ਵਾਲੇ ਲੋਕਾਂ ਦੇ ਇਕੱਠ 'ਚ ਖੋ ਗਿਆ ਹੋਵੇ। ਇਕ ਪਾਸੇ ਦੁੱਲੇਵਾਲਾ ਤੋਂ ਲੈ ਕੇ ਦਿਆਲਪੁਰਾ, ਛੰਨਾ ਗੁਲਾਬ ਸਿੰਘ, ਢਪਾਲੀ, ਧਿੰਗੜ, ਘੰਡਾ ਬੰਨਾ ਤੇ ਭਾਈ ਰੂਪਾ। ਦੂਜੇ ਪਾਸਿਓਂ ਜਲਾਲ, ਗੁੰਮਟੀ ਤੋਂ ਲੈ ਕੇ ਕੋਠੇ ਖੜਕ ਸਿੰਘ, ਬੁਰਜ ਗਿੱਲਾਂ, ਹਰਨਾਮ ਸਿੰਘ ਵਾਲਾ, ਕੌਲੋਕੇ ਤੇ ਸਧਾਣਿਆਂ ਤੱਕ ਦੇ ਲੋਕਾਂ ਨਾਲ ਮੇਲਾ ਦੇਖਦੇ ਸੰਤੋਸ਼ ਦੀ ਚੂਹੀ ਜਿਹੀ ਬਾਲੜੀ ਸੋਨਾਕਸ਼ੀ ਸੰਤੋਸ਼ ਦੀ ਉਂਗਲੀ ਫੜ੍ਹ ਕੇ ਨਾਲ-ਨਾਲ ਤੁਰ ਰਹੀ ਹੈ। ਠੀਕ ਉਸੇ ਤਰ੍ਹਾਂ ਉਸ ਦੇ ਬਰਾਬਰ ਉਸ ਦੀ ਘਰਵਾਲੀ ਵੀ। ਹੱਥ 'ਚ ਘੁੱਗੀਆਂ, ਗੁਟਾਰਾਂ ਕੱਢਿਆ ਹੋਇਆ ਸੂਤ ਦਾ ਝੋਲ਼ਾ।

ਮੈਂ ਸੜਕ ਦੇ ਦੋਵੇਂ ਪਾਸੇ ਇਕਸਾਰ ਹਰੇ-ਭਰੇ ਲਹਿਲਹਾਉਂਦੇ ਕਣਕਾਂ ਦੇ ਖੇਤ ਨਿਹਾਰਨੇ ਚਾਹੁੰਦਾਂ, ਪਰ ਡਰਾਇਵਿੰਗ ਕਾਰਨ ਇਹ ਸੰਭਵ ਨਹੀਂ। ਉਂਝ ਵੀ ਸਾਡੀ ਮੰਜਲ ਅੱਜ ਖੇਤ ਨਹੀਂ, ਪਿੰਡ ਨਹੀਂ, ਇਕ ਪੈਲੇਸ ਹੈ।

ਪੈਲੇਸ ਦੇ ਗੇਟ 'ਤੇ ਕੁੜੀ ਵਾਲੇ ਅਤੇ ਜ਼ਰਾ ਅੰਦਰ ਵੱਲ ਮੁੰਡੇ ਵਾਲੇ ਸਵਾਗਤ ਲਈ ਖੜ੍ਹੇ ਸੀ। ਅਸੀਂ ਮੁਸਕਰਾਉਣ ਦੀ ਐਕਟਿੰਗ ਕਰਦਿਆਂ ਹੱਥ ਜੋੜ ਕੇ ਸ਼ੁਭ ਇੱਛਾਵਾਂ ਦਿੱਤੀਆਂ ਤੇ ਫੇਰ ਮੁੰਡੇ ਵਾਲਿਆਂ ਨੂੰ ਪਛਾਣ ਕੇ ਹੋ-ਹੋ-ਹੀ-ਹੀ...! ਕਰਦਿਆਂ ਜੱਫੀਆਂ



ਵੀ ਪਾਈਆਂ। ਗਰਮੀ ਮਹਿਸੂਸ ਹੋਣ ਲੱਗ ਪਈ ਸੀ। ਮੇਰੇ ਵਰਗੇ ਥ੍ਰੀ-ਪੀਸੀਏ ਦਾ ਤਾਂ ਹੋਰ ਵੀ ਬੁਰਾ ਹਾਲ ਸੀ।

ਫੋਟੋ ਤੇ ਮੂਵੀ ਗੇਟ 'ਤੇ ਹੀ ਬਣ ਰਹੀ ਸੀ। ਸ਼ਗਨ ਵਾਲਾ ਲਿਫਾਫਾ ਵੀ ਫੜਾ ਦਿੱਤਾ। ਮੈਂ ਤਸੱਲੀ ਦਾ ਸਾਹ ਲਿਆ। ਦੇਖਿਆ ਜਾਵੇ ਤਾਂ ਕਾਫੀ ਕੰਮ ਨਿਬੜ ਚੁੱਕਾ ਸੀ।

ਗੇਟ ਦੇ ਦੋਵੇਂ ਪਾਸੇ ਦੋ ਕੁੜੀਆਂ ਆਪਣੇ ਸਰੀਰ 'ਤੇ ਸਿਲਵਰ ਕਲਰ ਦਾ ਲੇਪ ਥੱਪ ਕੇ ਮੂਰਤਾਂ ਬਣਿਆਂ 'ਜੀ ਆਇਆਂ' ਕਹਿਣ ਦੀ ਮੁਦਰਾ ਵਿਚ ਖੜ੍ਹੀਆਂ ਸਨ। ਇਕ ਦਮ ਥਿਰ, ਬੁਤ ਵਾਂਗ। ਉਹਨਾਂ ਦੀਆਂ ਗੋਲਾਈਆਂ ਹਰ ਆਉਣ ਜਾਣ ਵਾਲੇ ਨੂੰ ਖਿੱਚ ਪਾਉਂਦੀਆਂ ਸਨ।

ਮੈਂ ਸੋਨਾਕਸ਼ੀ ਨੂੰ ਗੋਦੀ 'ਚ ਚੁੱਕਿਆ ਹੋਇਆ ਸੀ। ਉਹ ਮੇਰੇ ਨਾਲ ਬਹੁਤ ਖ਼ੁਸ਼ ਸੀ। ਸੋਨਾਕਸ਼ੀ ਨੂੰ ਦਿਖਾਉਣ ਦੇ ਬਹਾਨੇ ਮੈਂ ਉਹਨਾਂ ਮੂਰਤਾਂ ਨੂੰ ਚੰਗੀ ਤਰ੍ਹਾਂ ਦੇਖਿਆ।

ਅੰਦਰ ਖੁੱਲੇ-ਡੁਲ੍ਹੇ ਪੈਲੇਸ ਵਿਚ ਤਕੜੀ ਭੀੜ ਸੀ। ਵੱਖ-ਵੱਖ ਅਇਟਮਾਂ ਦੇ ਨਿਰੇ ਈ ਸਟਾਲ। ਜਿਵੇਂ ਕਿ ਰੱਬ ਨੇ ਉਸ ਭੀੜ ਦੀ ਪੱਕੀ ਡਿਊਟੀ ਲਾਈ ਹੋਵੇ ਕਿ ਹਰ ਆਇਟਮ ਚੱਖਣੀ ਹੀ ਚੱਖਣੀ ਹੈ। ਭੀੜ ਵੀ ਪੂਰੀ ਜ਼ਿੰਮੇਵਾਰੀ ਨਾਲ ਆਪਣਾ ਫਰਜ਼ ਅੰਜਾਮ ਦੇ ਰਹੀ ਸੀ।

ਜਿਵੇਂ ਕਿ ਸਟਾਲਾਂ ਵਾਲੇ ਇਲਾਕੇ 'ਚ ਵੜਨ ਸਾਰ ਲੋਕ ਕਹਿੰਦੇ ਹੁੰਦੇ ਨੇ, ਮੈਂ ਵੀ ਕਿਹਾ, "ਹਾਂ ਜੀ, ਸੰਤੋਸ਼ ਜੀ, ਕਿਥੋਂ ਸ਼ੁਰੂ ਕਰੀਏ?"

ਸੰਤੋਸ਼ ਕੁਝ ਨਹੀਂ ਬੋਲਿਆ। ਬੇਸ਼ੱਕ ਭੁੱਖ ਬਹੁਤ ਜ਼ੋਰ ਦੀ ਲੱਗੀ ਹੋਈ ਹੈ। ਸਵੇਰ ਦਾ ਤਿਆਰ ਹੋ ਕੇ ਬੈਠਾ ਸੀ ਕਿ ਜੱਗੀ ਦੇ ਪਿੰਡ ਜਾਣੈ। ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਰਿਹੈ। ਖ਼ਬਰੈ ਚਲਾਕੀ ਦਾ।

ਸੋਨਾਕਸ਼ੀ ਆਪਣੀ ਮੰਮੀ ਕੋਲ ਚਲੀ ਗਈ। ਜਨਾਨੀਆਂ ਨੇ ਤਾਂ ਸ਼ਾਇਦ ਗੋਲ-ਗੱਪਿਆਂ ਤੋਂ ਸ਼ੁਰੂ ਕਰਨਾ ਹੁੰਦੈ। ਚਲੋ ਜੋ ਵੀ ਹੈ, ਇਹ ਅਜਿਹੀ ਥਾਂ ਹੈ ਜਿਥੇ ਜ਼ਿਆਦਾਤਰ ਮਰਦ-ਬਹਾਦਰ ਥੋੜ੍ਹੀ ਦੇਰ ਲਈ ਤਾਂ ਆਪਣੀ ਪਤਨੀ ਤੇ ਬੱਚਿਆਂ ਨੂੰ ਆਜ਼ਾਦ ਛੱਡ ਹੀ ਦਿੰਦੇ ਹਨ।

"ਬਾਰਾਤ?" ਸੰਤੋਸ਼ ਨੇ ਪੁੱਛਿਆ।

"ਬਰਾਤ ਵੀ ਪਹੁੰਚਗੀ। ਆਪਾਂ ਕੀ ਬਰਾਤੀ ਨਹੀਂ? ਅੱਜਕਲ੍ਹ ਕੋਈ ਜੀਪਾਂ, ਫੋਰ-ਵ੍ਹੀਲਰਾਂ ਜਾਂ ਬੱਸਾਂ 'ਚ ਭਰ ਕੇ ਥੋੜ੍ਹੀ ਲਿਆਉਣੀ ਹੁੰਦੀ ਐ। ਸਭ ਆਪੋ-ਆਪਣੀਆਂ ਗੱਡੀਆਂ 'ਚ ਸਿੱਧੇ ਵੈਨਿਊ 'ਤੇ ਈ ਲੈਂਡ ਕਰਦੇ ਨੇ।"

"ਦੁਲ੍ਹਾ ਨਜ਼ਰ ਨਹੀਂ ਆ ਰਹਾ?" ਸੰਤੋਸ਼ ਨੇ ਜਾਨਣਾ ਚਾਹਿਆ।

"ਦੁਲ੍ਹਾ... ਸ਼ਾਇਦ ਗੁਰਦੁਆਰੇ ਗਿਐ, ਲਾਵਾਂ 'ਤੇ... ਜੈਸੇ ਆਪ ਲੋਗੋਂ ਕੇ ਫੇਰੇ ਹੋਤੇ ਹੈਂ ਨਾ।"

ਬਾਅਦ 'ਚ ਪਤਾ ਲੱਗਿਆ ਕਿ ਹਾਲੇ ਲਾਵਾਂ 'ਤੇ ਕਿਥੇ! ਉਹ ਤਾਂ ਕਿਸੇ ਹੋਟਲ 'ਚ ਫੋਟੋ ਸੈਸ਼ਨ ਲਈ ਗਏ ਹੋਏ ਸੀ। ਮੂਵੀ ਵਾਲੇ ਦੀ ਹਿਦਾਇਤ ਸੀ ਕਿ ਤਾਜ਼ਾ-ਤਾਜ਼ਾ ਕੀਤੇ ਮੇਕੱਪ 'ਚ ਪਹਿਲਾਂ ਉਸ ਨੂੰ ਆਪਣਾ ਕੰਮ ਨਬੇੜ ਲੈਣ ਦਿੱਤਾ ਜਾਵੇ। ਬਾਅਦ 'ਚ ਦੁਲ੍ਹਾ-ਦੁਲ੍ਹਨ ਦੇ ਚਿਹਰਿਆਂ 'ਤੇ ਉਹ ਫ੍ਰੈਸ਼ਨੇਸ ਵੀ ਨਹੀਂ ਰਹਿੰਦੀ ਤੇ ਕੁਝ-ਕੁਝ ਮੇਕੱਪ ਵੀ ਡੱਲ ਪੈ ਜਾਂਦੈ।

ਹੋਟਲ 'ਚ ਸਾਰਾ ਇੰਤਜਾਮ ਕੀਤਾ ਹੋਇਆ ਸੀ। ਲਾੜਾ-ਲਾੜੀ ਵੱਲੋਂ ਹੱਥਾਂ ਨਾਲ ਦਿਲ ਦੀ ਸ਼ਕਲ ਬਣਾਉਣੀ ਅਤੇ ਮੋਢੇ 'ਤੇ ਸਿਰ ਰੱਖਣ ਤੋਂ ਲੈ ਕੇ ਐਲਬਮ ਲਈ ਵੱਖ-ਵੱਖ ਤਰ੍ਹਾਂ ਦੇ ਪੋਜ ਅਤੇ 'ਸੁਹਾਗ ਰਾਤ ਹੈ, ਘੁੰਘਟ ਉਠਾ ਰਹਾ ਹੂੰ...' ਤੱਕ ਦੇ ਸਾਰੇ ਦ੍ਰਿਸ਼ਾਂ ਦੀਆਂ ਫੋਟੋਆਂ ਤੇ ਮੂਵੀ ਬਣਨ ਤੋਂ ਬਾਅਦ ਹੀ ਲਾਂਵਾਂ ਲਈ ਫਰੀ ਹੋਣਗੇ।

ਉਂਝ ਸੰਤੋਸ਼ ਨੂੰ ਕਿਹੜਾ ਪਤਾ ਨਹੀਂ ਲਾਵਾਂ ਤੇ ਫੇਰਿਆਂ ਬਾਰੇ! ਰਮੇਸ਼ ਦੇ ਭਰਾ ਦੇ ਵਿਆਹ 'ਚ ਉਸ ਨੇ ਦੇਖਿਆ ਹੀ ਸੀ ਕਿ ਕਿਵੇਂ ਪੈਲੇਸ ਵਿਚ ਹੀ ਟੈਂਟ ਦੀ ਵੱਖਰੀ ਸੈਟਿੰਗ ਨਾਲ ਫੇਰਿਆਂ ਲਈ ਬੇਦੀ ਬਣਾਈ ਗਈ ਸੀ। ਛੋਟੇ ਜਿਹੇ ਚਬੂਤਰੇ 'ਤੇ ਬਾਰੀਕ-ਬਾਰੀਕ ਲੱਕੜਾਂ ਬਾਲ਼ ਕੇ, ਉੱਤੇ ਘਿਉ ਤੇ ਸਮੱਗ੍ਰੀ ਵਗ਼ੈਰਾ ਪਾ ਕੇ ਫੇਰਿਆਂ ਲਈ ਇੰਤਜਾਮ ਕੀਤਾ ਗਿਆ ਸੀ।

ਖ਼ੁਦ ਸੰਤੋਸ਼ ਨੇ ਮੂਵੀ ਵਾਲੇ ਨੂੰ ਆਪਣੇ ਇਕ ਕੈਮਰੇ ਵਾਲੇ ਨੂੰ ਡਰੈਕਸ਼ਨ ਦਿੰਦਿਆਂ ਸੁਣਿਆ ਸੀ ਕਿ ਫੇਰਿਆਂ ਦੀ ਆਇਟਮ ਕਿਵੇਂ-ਕਿਵੇਂ ਕਵਰ ਕਰਨੀ ਹੈ। ਸਾਰਾ ਕੁਝ ਮੂਵੀ ਵਾਲੇ ਦੀ ਡਰੈਕਸ਼ਨ ਹੇਠ ਹੀ ਹੋ ਰਿਹਾ ਸੀ। ਵਕਤ ਦੀ ਮਾਰ, ਸਾਰਿਆਂ ਨੂੰ ਹਰ ਸਮੇਂ ਅੱਗੇ ਲਾ ਕੇ ਰੱਖਣ ਵਾਲੇ ਪੰਡਤ ਦੇ ਹੱਥ 'ਚ ਕੁਝ ਵੀ ਨਹੀਂ ਸੀ। ਸਗੋਂ ਉਸ ਤੋਂ ਤਾਂ ਮੂਵੀ ਵਾਲੇ ਨੇ ਦੋ-ਤਿੰਨ ਮੰਤਰਾਂ ਅਤੇ ਕਈ ਨਿੱਕੀਆਂ-ਮੋਟੀਆਂ ਰਸਮਾਂ ਦਾ ਰੀ-ਟੇਕ ਵੀ ਕਰਵਾ ਲਿਆ ਸੀ, "ਓਹੋ! ਦੁਬਾਰਾ ਕਰੋ ਪੰਡਜੀ, ਇਸ ਐਂਗਲ ਤੋਂ! ਜ਼ਰਾ ਸਾਹਮਣੇ ਦੇਖ ਕੇ...!"

ਕਾਫੀ ਉੱਚੇ, ਘੁੰਮਣ ਵਾਲੇ ਸਟੇਜ਼ 'ਤੇ ਵਰਮਾਲਾ ਦਾ ਸੈਸ਼ਨ ਹੋਇਆ। ਕ੍ਰੇਨਾਂ 'ਤੇ ਲਟਕਦੇ ਕੈਮਰਿਆਂ ਨਾਲ ਮੂਵੀ ਬਣੀ। ਦੂਲ੍ਹਾ-ਦੂਲ੍ਹਨ ਸਾਰਾ ਸਮਾਂ ਕਨਫਿਊਜ ਹੀ ਰਹੇ ਕਿ ਕਦੋਂ ਕਿਹੜੇ ਕੈਮਰੇ ਵੱਲ ਦੇਖਣੈ। ਕਲੋਜ-ਅੱਪ ਜਾਂ ਲੌਂਗ ਸ਼ਾਟ ਦਾ ਤਾਂ ਉਹਨਾਂ ਨੂੰ ਪਤਾ ਹੀ ਨਾ ਲੱਗੇ ਕਿ ਕਿਵੇਂ ਪੋਜ ਦੇਣੈ। ਸੰਤੋਸ਼ ਦੇਖ-ਦੇਖ ਕੇ ਹੱਸੀ ਜਾਵੇ।

ਮੈਂ ਵੀ ਹੱਸਦਿਆਂ ਕਿਹਾ, "ਹੱਸ ਨਾ ਯਾਰ, ਲਾੜਾ-ਲਾੜੀ ਕਿਹੜੇ ਪ੍ਰੋਫੈਸ਼ਨਲ ਨੇ, ਪਹਿਲੀ ਸ਼ੂਟਿੰਗ ਹੈ ਵਿਚਾਰਿਆਂ ਦੀ।"

ਇਕੋ-ਇਕ ਦਾਰੂ ਵਾਲਾ ਪੰਡਾਲ ਅਜਿਹਾ ਸੀ ਜਿਥੇ ਮੂਵੀ ਵਾਲੇ ਦੀ ਭੋਰਾ ਵੀ ਨਹੀਂ ਚੱਲਦੀ ਸੀ। ਸੇਰ ਨੂੰ ਵੀ ਸਵਾ ਸੇਰ ਟੱਕਰ ਹੀ ਜਾਂਦੈ। ਕੈਮਰੇ ਵਾਲਾ ਬਸ ਇਕ ਵਾਰੀ ਦਿੱਸੇ ਤਾਂ ਸਹੀ, ਟੈਟ ਹੋਏ ਭਾਊ ਝਟ ਉਹਨੂੰ ਮੂਹਰੇ ਲਾ ਲੈਂਦੇ ਸੀ, "ਲੈ ਬੀ ਫੋਟੂ ਮਾਸਟਰ, ਕੇਰਾਂ ਸਮਾਰ ਕੇ ਜੇ ਲਾਹ ਦੇ ਸਾਡੀ ਫੋਟੂ... ਸਣੇ ਪੈੱਗ... ਹੇ, ਇਉਂ... ਖਾਲੀ ਚਮਕਾਰਾ ਜਾ ਈ ਨਾ ਮਾਰੀ ਜਾਈਂ...!"

ਉਸ ਸਟਾਲ ਤੋਂ ਤਾਂ ਸੰਤੋਸ਼ ਵੀ ਮੁੱਤਾਸਿਰ ਸੀ। ਕਹਿੰਦਾ, "ਸਰ ਜੀ, ਫੇਰਿਆਂ ਵਾਲੇ ਪੰਡਾਲ ਨਾਲੋਂ ਤਾਂ ਦਾਰੂ ਵਾਲਾ ਪੰਡਾਲ ਕਿਸੇ ਭਗਤ ਨੇ ਵਧੇਰੇ ਰੂਹ ਨਾਲ ਸਜਾਇਆ ਹੋਇਐ।"

ਰਮੇਸ਼ ਦੀ ਭੈਣ ਦੇ ਵਿਆਹ ਵੇਲੇ ਤਾਂ ਤਜ਼ੁਰਬਾ ਹੀ ਵੱਖਰੀ ਕਿਸਮ ਦਾ ਸੀ। ਮੰਗਣੀ ਇਕ ਹੋਟਲ ਦੇ ਪਾਰਟੀ ਹਾਲ 'ਚ ਹੋਈ ਸੀ। ਵਿਆਹ ਵੇਲੇ ਮੁੰਡੇ ਵਾਲਿਆਂ ਦੀ ਖ਼ਾਸ ਮੰਗ ਸੀ ਕਿ ਪ੍ਰੋਗ੍ਰਾਮ 'ਡਾਇਮੰਡ ਮੈਰਿਜ ਪੈਲੇਸ' 'ਚ ਹੀ ਹੋਣਾ ਚਾਹੀਦੈ। ਵਿਆਹ ਦੀ ਡੇਟ ਦੀ ਕੋਈ ਸਮੱਸਿਆ ਨ੍ਹੀਂ, ਪੈਲੇਸ ਖਾਲੀ ਮਿਲਣ ਦੇ ਹਿਸਾਬ ਨਾਲ ਰੱਖ ਲਾਂ ਗੇ। ਸਭ ਤੋਂ ਹਾਈ-ਫਾਈ ਮੈਰਿਜ ਪੈਲੇਸ। ਦੋ ਤਾਂ ਉਸ 'ਚ ਸਟੇਜ਼ਾਂ ਸਨ, ਇਕ 'ਤੇ ਆਰਕੈਸਟ੍ਰਾ ਅਤੇ ਦੂਜੇ 'ਤੇ ਕੋਈ ਰੌਕ ਬੈਂਡ ਜਾਂ ਕਲਾਸੀਕਲ।



ਸੰਤੋਸ਼ ਕਹਿੰਦਾ, "ਰਮੇਸ਼ ਭਾ ਜੀ, ਲੜਕੀ ਦੀ ਸ਼ਾਦੀ ਹੈ, ਸਾਨੂੰ ਵੀ ਕੋਈ ਕੰਮ ਦੱਸੋ।"

"ਸਭ ਠੇਕੇ 'ਤੇ ਦਿੱਤਾ ਹੋਇਐ, ਭਰਾਵਾ! ਖਾਓ-ਪੀਓ, ਇਹੀ ਕੰਮ ਹੈ।"

ਫੇਰ ਜਿਵੇਂ ਕਿ ਅਕਸਰ ਸੰਤੋਸ਼ ਕਰਿਆ ਕਰਦਾ ਹੈ, ਉਸ ਨੇ ਵਿਆਹ 'ਚ ਹੋਣ ਵਾਲੀਆਂ ਰਸਮਾਂ ਬਾਰੇ ਗੱਲਾਂ ਛੇੜ ਲਈਆਂ, "ਹਮਾਰੀ ਤਰਫ ਤੋ ਖਾਨਾ-ਪੀਨਾ ਚਾਹੇ ਟੈਂਟ ਮੇਂ ਹੋ ਯਾ ਮੈਰਿਜ ਪੈਲੇਸ ਮੇਂ, ਪਰ ਫੇਰੇ ਤੋ ਨਿਸ਼ਚਿਤ ਹੀ ਅਪਨੇ ਘਰ ਕੇ ਆਂਗਨ ਮੇਂ ਹੋਤੇ ਹੈਂ। ਆਪਕੇ ਯਹਾਂ ਆਂਗਨ ਮੇਂ ਕਿਆ-ਕਿਆ ਕਰਤੇ ਹੈਂ?"

"ਸਾਡੇ ਕਰਦੇ ਐ ਕਲੇਸ਼! ਬਾਕੀ ਸਾਰਾ ਕੁਝ ਪੈਲੇਸ 'ਚ ਈ ਹੁੰਦੈ, ਵੀਰੇ।" ਕਹਿੰਦਿਆਂ ਰਮੇਸ਼ ਨੇ ਠਹਾਕਾ ਮਾਰਿਆ ਸੀ।

ਠਹਾਕੇ 'ਚ ਸ਼ਾਮਲ ਹੁੰਦਿਆਂ ਸੰਤੋਸ਼ ਨੇ ਗੱਲ ਅੱਗੇ ਵਧਾਈ, "ਪਹਿਲਾਂ ਰਿਵਾਜ਼ ਹੋਇਆ ਕਰਦਾ ਸੀ ਕਿ ਜੇ ਦੋ ਭਰਾਵਾਂ 'ਚੋਂ ਇਕ ਦੇ ਦੋ ਕੁੜੀਆਂ ਹੈਣ ਅਤੇ ਦੂਜੇ ਦੇ ਇਕ ਵੀ ਨਹੀਂ ਤਾਂ ਉਹ ਆਪਣੇ ਭਰਾ ਦੀ ਇਕ ਕੁੜੀ ਦਾ ਵਿਆਹ ਆਪਣੇ ਵਿਹੜੇ ਵਿਚ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦਾ ਸੀ। ਮਾਨਤਾ ਸੀ ਕਿ ਵਿਹੜਾ ਕੰਵਾਰਾ ਨਹੀਂ ਰਹਿਣਾ ਚਾਹੀਦਾ।"

"ਤੇਰੇ ਸਾਹਮਣੇ ਹੀ ਹੈ ਵੀਰੇ, ਮੰਗਣੀ ਹੋਟਲ 'ਚ ਹੋਈ ਸੀ ਤੇ ਵਿਆਹ ਇਥੇ।"

"ਭਾ ਜੀ, ਇਸ ਹਿਸਾਬ ਨਾਲ ਥੋਡੇ ਇਧਰ ਤਾਂ ਸਾਰੇ ਈ ਵਿਹੜੇ ਕੰਵਾਰੇ ਰਹਿ ਜਾਂਦੇ ਹਨ?"

"ਤੁਸੀਂ ਪੰਡਤ ਜੀ, ਵਿਹੜਿਆਂ ਦੀ ਗੱਲ ਕਰਦੇਓਂ, ਇਥੇ ਮੁੰਡਿਆਂ ਦੀ ਧਾੜ ਕੰਵਾਰੀ ਫਿਰਦੀ ਐ।"

ਸੰਤੋਸ਼ ਨੇ ਫੇਰ ਪੁੱਛਿਆ, "ਕੁੜੀ ਦੀ ਡੋਲੀ ਤਾਂ ਘਰੋਂ ਵਿਦਾ ਹੋਵੇਗੀ?"

ਮੈਂ ਦੱਸਿਆ, "ਸਭ ਕੁਝ ਹੁਣੇ ਤੇ ਇਥੇ ਹੀ ਨਬੇੜ ਦੇਣੈ। ਕਾਰਡ 'ਚ ਲਿਖਿਆ ਹੋਇਆ ਸੀ ਨਾ, 'ਡੋਲੀ ਤਾਰਿਆਂ ਦੀ ਛਾਂ 'ਚ...' ਉਹ ਖੜ੍ਹੀ ਬਨਾਉਟੀ ਫੁੱਲਾਂ ਨਾਲ ਸਜਾਈ ਹੋਈ ਡੋਲੀ ਵਾਲੀ ਕਾਰ!"

ਪਰ ਸੰਤੋਸ਼ ਕੋਲ ਬਹੁਤ ਸਵਾਲ ਸਨ, "ਸਰ ਜੀ, ਸਿੱਠਣੀਆਂ? ਕੁੜਮ ਨੂੰ ਗਾਲ੍ਹਾਂ ਗਾਈਆਂ ਜਾਣਗੀਆਂ? ਪੰਜਾਬੀ 'ਚ ਤਾਂ ਲੋਕ ਗੀਤ ਬਹੁਤ ਹਨ ਨਾ? ਕੁੜੀਆਂ ਨੇ ਨੱਚਣਾ-ਟੱਪਣਾ ਵੀ ਐ? ਨੱਚ-ਨੱਚ ਕੇ ਵਿਹੜੇ 'ਚੋਂ ਪਾਣੀ ਕੱਢ ਦੇਣਗੀਆਂ...!"

ਰਮੇਸ਼ ਫੇਰ ਵਿਚਾਲੇ ਬੋਲ ਪਿਆ, "ਪਾਣੀ ਭਰਾਵਾ ਸਬਮਰਸੀਬਲਾਂ ਨਾਲ ਨ੍ਹੀਂ ਨਿਕਲਦਾ, ਚੋਆ ਇੰਨਾ ਡੂੰਘਾ ਚਲਿਆ ਗਿਐ ਕਿ ਕਿਤੇ ਲੱਭਿਆਂ ਨ੍ਹੀਂ ਥਿਆਉਂਦਾ... ਭਾਲਦੈਂ...!"

ਚਾਰ ਕੁ ਸੌ ਦਾ ਆਈਡੀਆ ਦਿੱਤਾ ਸੀ, ਪਰ ਬਰਾਤੀਆਂ ਦੀ ਗਿਣਤੀ ਪੰਜ-ਛੇ ਸੌ ਤੋਂ ਟਪ ਗਈ ਜਾਪਦੀ ਸੀ। ਬਾਕੀ ਕੁੜੀ ਵਾਲੇ ਵੀ। ਹਜ਼ਾਰ-ਬਾਰਾਂ ਸੌ ਦੀ ਵੱਡੀ ਹਾਜ਼ਰੀ ਬਾਰੇ ਦੱਸਣ ਲਈ ਹੀ ਸ਼ਾਇਦ ਰਮੇਸ਼ ਨੇ ਕਿਹਾ ਸੀ, "ਊਂ ਤਾਂ ਕਹਿੰਦੇ ਐ ਬੰਦਾ ਇਕੱਲਪੁਣੇ ਦਾ ਸ਼ਿਕਾਰ ਹੁੰਦਾ ਜਾ ਰਿਹੈ?"

"ਇਹ ਭੀੜ ਤਾਂ ਬਾਜ਼ਾਰ ਦੀ ਪੈਦਾ ਕੀਤੀ ਹੋਈ ਐ ਵੀਰੇ!" ਮੈਂ ਝਟ ਕਹਿ ਤਾਂ ਦਿੱਤੈ, ਪਰ ਜਾਪਦੈ ਮੈਂ ਵੀ ਬਾਜ਼ਾਰ ਦਾ ਪੱਟਿਆ ਹੋਇਆਂ। ਆਹ ਦੇਖ ਲਓ, ਸੰਤੋਸ਼ ਨੂੰ ਵੀ

ਮੇਰੇ ਵਾਂਗ ਮਸਾਲੇਦਾਰ ਖਾਣਾ ਨਹੀਂ ਜਚਦਾ, ਫਿਰ ਵੀ ਘੁੰਮ-ਘੁੰਮ ਕੇ ਉਸ ਨੂੰ ਸਾਰੇ ਸਟਾਲ ਦਿਖਾ ਰਿਹਾ ਹਾਂ।

ਕੰਨ-ਪਾੜੂ ਸ਼ੋਰ 'ਚ ਵੀ ਮੈਂ ਉਸ ਨੂੰ ਡਾਂਸ ਫਲੌਰ ਕੋਲ ਦੋ ਗੇੜੇ ਮਰਵਾ ਲਿਆਇਆਂ। ਫੁੱਲ ਆਵਾਜ਼ 'ਚ ਡੀ.ਜੇ. ਵੱਜ ਰਿਹੈ। ਸਟੇਜ਼ 'ਤੇ ਆਰਕੇਸਟ੍ਰਾ ਵਾਲੀਆਂ ਅਤੇ ਡਾਂਸ ਫਲੌਰ 'ਤੇ ਬਰਾਤੀ ਮਰਦ-ਔਰਤਾਂ, ਮੁਡੇ-ਕੁੜੀਆਂ ਨੇ ਰੱਜ ਕੇ ਗਾਹ ਪਾਇਆ ਹੋਇਐ। ਵਾਹ! ਕਿਆ ਗੀਤ-ਸੰਗੀਤ ਹੈ... ਤੂੰ ਨ੍ਹੀਂ ਬੋਲਦੀ ਰਕਾਨੇ ਤੂੰ ਨ੍ਹੀਂ ਬੋਲਦੀ... ਹੋਇਆ ਕੀ ਜੇ ਨੱਚਦੀ ਦੀ ਬਾਂਹ ਫੜ ਲੀ, ਡਾਕਾ ਤਾਂ ਨ੍ਹੀਂ ਮਾਰਿਆ!

ਬਾਹਰ ਲਾਅਨ 'ਚ ਕਈ ਜੱਟ ਲਾ-ਲਾ ਕੇ ਪੈੱਗ ਚਿੱਟੇ ਰੇਸ਼ਮੀ ਬਾਣੇ ਪਾਈਆਂ ਹੋਈਆਂ ਕੁਰਸੀਆਂ 'ਤੇ ਸੁਸਤ ਜਿਹੇ ਪਸਰੇ ਪਏ ਨੇ। ਚਿਹਰਿਆਂ 'ਤੇ ਚਿੰਤਾ ਦੀਆਂ ਲਕੀਰਾਂ। ਕਈਆਂ ਦੇ ਵੱਡੇ-ਵੱਡੇ ਢਿੱਡ ਕੁਰਸੀ ਤੋਂ ਸਾਈਡ 'ਚ ਡਿੱਗੂੰ-ਡਿੱਗੂੰ ਕਰ ਰਹੇ ਨੇ। ਅੱਜ ਤਾਂ ਨਜ਼ਾਰਾ ਈ ਬਾਹਲ਼ਾ ਘੈਂਟ ਐ। ਪੈੱਗ ਵੀ ਬਣੇ-ਬਣਾਏ ਮਿਲ ਰਹੇ ਨੇ।

ਮੇਰੀ ਨਿਗਾਹ ਮੱਲੋ-ਮੱਲੀ ਗੇਟ ਵੱਲ ਚਲੀ ਗਈ। ਕੁੜੀਆਂ ਹਾਲੇ ਵੀ ਮੂਰਤਾਂ ਬਣੀਆਂ ਖੜ੍ਹੀਆਂ ਨੇ।

ਵੇਟਰਾਂ ਦੇ ਹੱਥੀਂ ਦਾਰੂ ਖੁੱਲ੍ਹੀ ਵਰਤੀਂਦੀ ਕਈਆਂ ਨੇ ਪਹਿਲੀ ਵਾਰ ਦੇਖੀ ਹੈ। ਵੇਟਰ ਵਿਚੇ ਪੈੱਗ ਤਾਂ ਵਿਚੇ ਠੰਡੇ, ਸ਼ਰਬਤ, ਜੂਸ ਦੇ ਗਿਲਾਸ ਟਰੇਆਂ 'ਚ ਲੈ ਕੇ ਫਿਰ ਰਹੇ ਨੇ। ਦੇ ਗੇੜੇ 'ਤੇ ਗੇੜਾ! ਕਈ ਔਰਤਾਂ ਨੂੰ ਤਾਂ ਜੂਸ ਦਾ ਗਿਲਾਸ ਚੱਕਣ ਲੱਗਿਆ ਵੀ ਪੁੱਛਣਾ ਪੈਂਦੈ, "ਦੇਖੀਂ ਵੇ ਭਾਈ, ਕਿਤੇ 'ਉਹ' ਤਾਂ ਨ੍ਹੀਂ?"

ਰਮੇਸ਼ ਦੀ ਭੈਣ ਦੇ ਵਿਆਹ ਵਿਚ ਵੀ 'ਉਹ' ਤਾਂ ਖ਼ੂਬ ਚੱਲੀ ਸੀ, ਪਰ ਟੈਂਟ ਦਾ ਓਟਾ ਕੀਤਾ ਹੋਇਆ ਸੀ। ਸਾਰੇ ਸਟਾਲਾਂ 'ਤੇ ਮੂੰਹ ਮਾਰਨ ਤੋਂ ਬਾਅਦ ਪਿੰਡੋਂ ਆਈ ਹੋਈ ਇਕ ਸਿਧਰੀ ਜਿਹੀ ਜਨਾਨੀ ਬੋਲੀ, "ਚੱਲ ਭੈਣੇ, ਓਧਰ ਦੇਖੀਏ, ਕੀ ਐ?" ਤਾਂ ਜਿਹਨਾਂ ਨੂੰ ਪਤਾ ਸੀ, ਉਹ ਠਹਾਕਾ ਮਾਰ ਕੇ ਹੱਸ ਪਈਆਂ।

ਦੂਜੀ ਨੇ ਗੱਲ ਨਾਲ ਦੀ ਨਾਲ ਬੋਚ ਲਈ, "ਤੇ ਹੋਰ ਭਾਈ, ਸ਼ਾਦੀ-ਵਿਆਹਾਂ 'ਚ ਘਟੋ-ਘਟ ਇਕ ਦਿਨ ਤਾਂ ਆਪਾਂ ਨੂੰ ਵੀ ਖੁੱਲ ਹੋਣੀ ਚਾਹੀਦੀ, ਕਨੀ? ਮਹੌਲ ਜਾ ਬਣੌਂਣ ਲਈ।" ਇਕ ਠਹਾਕਾ ਫੇਰ ਵੱਜਿਆ।

ਵਿਆਹ ਵਰਗੇ ਮਾਹੌਲ 'ਚ ਵੀ ਮੇਰਾ ਮਨ ਬੇਚੈਨ ਹੈ। ਸੰਤੋਸ਼ ਕੀ ਸੋਚੂ? ਜੇ ਸਵੇਰੇ ਜੱਗੀ ਦੇ ਪਿੰਡ ਵਿਚਦੀ ਆ ਜਾਂਦੇ ਤਾਂ ਪਿੰਡ ਦੇਖਣ ਵਾਲਾ ਉਹਦਾ ਉਲ੍ਹਾਮਾ ਮੁਫਤ 'ਚ ਹੀ ਲਹਿ ਜਾਂਦਾ।

ਗਲਤੀ ਸੰਤੋਸ਼ ਦੀ ਵੀ ਹੈ, ਜਦੋਂ ਮੇਰੀ ਮਾਂ ਮਰੀ ਸੀ, ਉਦੋਂ ਥੋੜ੍ਹਾ ਜਿਹਾ ਸਮਾਂ ਕੱਢ ਲੈਂਦਾ। ਅਫਸੋਸ ਪ੍ਰਗਟ ਕਰਨ ਆਉਣ ਦੇ ਬਹਾਨੇ ਉਹ ਮੇਰਾ ਪਿੰਡ ਤੇ ਘਰ ਵੀ ਦੇਖ ਸਕਦਾ ਸੀ ਪਰ ਉਦੋਂ ਤਾਂ ਸਾਰੇ ਲੋਕ ਆਏ ਹੀ ਜਮ੍ਹਾਂ ਅੰਤਮ ਅਰਦਾਸ ਦੇ ਮੌਕੇ 'ਤੇ ਸੀ। ਭੋਗ ਪਿੰਡ ਦੇ ਬਾਹਰਵਾਰ ਵੱਡੇ ਗੁਰਦੁਆਰੇ ਵਿਚ ਸੀ। ਦਫਤਰ ਵਾਲੇ ਲਗਭਗ ਸਾਰੇ ਇਕ ਤੋਂ ਦੋ ਵਜੇ ਦੇ ਵਿਚਾਲੇ ਪਹੁੰਚੇ ਸੀ।

ਸੰਵੇਦਨਾ ਪ੍ਰਗਟ ਕਰਨ ਅਤੇ ਅਫਸੋਸ ਦੇ ਚੰਦ ਸ਼ਬਦ ਕਹਿਣ ਦਾ ਤਾਂ ਉਹਨਾਂ ਕੋਲ ਸਮਾਂ ਹੀ ਨਹੀਂ ਸੀ। ਸੇਵਾਦਾਰਾਂ ਨੇ ਬਾਹਰ ਦੇ ਬਾਹਰ ਹੀ ਡੱਕ ਲਏ ਸੀ, "ਆਓ ਜੀ ਆਓ,



ਪਹਿਲਾਂ ਪਰਸ਼ਾਦਾ ਛਕੋ!" ਤੇ ਉਹ ਭੋਜਨ ਛਕ ਕੇ, ਮੂੰਹ ਦਿਖਾ ਕੇ ਸਰਕਾਰੀ ਲੰਚ ਟਾਈਮ ਵਿਚ ਹੀ ਮੁੜ ਗਏ ਸੀ।

ਸ਼ਾਹੀ ਖਾਣੇ ਬਾਰੇ ਸੰਤੋਸ਼ ਨੇ ਪੁੱਛਿਆ ਤਾਂ ਮੈਂ ਦੱਸਿਆ ਸੀ, "ਸ਼ਰੀਕੇ-ਕਬੀਲੇ 'ਚ ਇੱਜ਼ਤ ਬਣਾਉਣ ਲਈ ਬੜਾ ਕੁਝ ਕਰਨਾ ਪੈਂਦੈ ਭਰਾਵਾ! ਉੱਤੇ-ਥੱਲੇ ਪਸੀਨਾ ਆ ਜਾਂਦੈ।"

"ਹੁਣ ਤਾਂ ਏ.ਸੀ. ਪੈਲੇਸ ਵੀ ਬਹੁਤ ਬਣ ਚੁੱਕੇ ਨੇ। ਉਹਨਾਂ 'ਚ ਕਿਸੇ ਦੀ ਵੀ ਬਾਂਹ ਫੜ੍ਹ ਕੇ ਨੱਚਦਿਆਂ, ਭਾਵੇਂ ਡਾਕਾ ਮਾਰਦਿਆਂ ਉੱਕਾ ਈ ਪਸੀਨਾ ਨਹੀਂ ਆਉਂਦਾ ਨਾ! ਹਾਂ, ਜੇਬ ਨੂੰ ਜਰੂਰ ਆਉਂਦੈ।"

ਪਸੀਨਾ ਪੂੰਝਦਿਆਂ ਸੰਤੋਸ਼ ਨੇ ਪੁੱਛਿਆ, "ਸਰ ਜੀ, ਨੱਚ-ਨੱਚ ਭੜਥੂ ਪਾਉਣ ਅਤੇ ਬਕਰੇ ਬੁਲਾਉਣ ਵਾਲੇ ਜੱਟ?" ਉਹ ਏਨੇ ਭੋਲ਼ੇਪਣ ਨਾਲ ਪੁੱਛਦੈ ਕਿ ਕਈ ਵਾਰੀ ਤਾਂ ਪਤਾ ਹੀ ਨਹੀਂ ਲੱਗਦਾ ਕਿ ਵਿਅੰਗ ਕੀਤੈ ਜਾਂ ਜਗਿਆਸਾ ਰੱਖੀ ਹੈ।

"ਇਹੀ ਨੇ ਭਰਾਵਾ, ਜਿਹੜੇ ਪੈੱਗ-ਸ਼ੈੱਗ ਜੇ ਲਾ ਕੇ ਕੁਰਸੀਆਂ 'ਤੇ ਪਏ ਊਂਘ ਰਹੇ ਨੇ। ਨੱਚਣ ਵਾਸਤੇ ਆਰਕੇਸਟ੍ਰਾ ਵਾਲੀਆਂ ਹੈਣ ਤਾਂ ਸਹੀ!"

"ਬੁਰਾ ਨਾ ਮੰਨਣਾ ਸਰ ਜੀ, ਡੀ. ਜੇ. ਬੰਦ ਕਰ ਦਿਓ ਤਾਂ ਇਸ ਪ੍ਰੋਗ੍ਰਾਮ ਤੇ ਆਪ ਦੀ ਮਾਤਾ ਜੀ ਦੇ ਭੋਗ ਵਾਲੇ ਪ੍ਰੋਗ੍ਰਾਮ ਵਿਚ ਕੀ ਫਰਕ ਹੈ?"

ਮੈਂ ਆਪਣੀ ਕਲਪਨਾ ਵਿਚ ਕੰਨ ਬੰਦ ਕਰ ਕੇ ਸੋਚਿਆ, "ਹਾਂ ਯਾਰ, ਕੀ ਫਰਕ ਹੈ?"

ਕੰਨ ਬੰਦ ਕਰਨ ਨਾਲ ਸੰਤੋਸ਼ ਨੂੰ ਮਿਲ ਰਹੀਆਂ ਵਧਾਈਆਂ ਦਾ ਸ਼ੋਰ ਬੇਸ਼ੱਕ ਨਹੀਂ ਸੁਣ ਰਿਹਾ, ਪਰ ਸੰਤੋਸ਼ ਦੀ ਆਵਾਜ਼ ਮੇਰੇ ਅੰਦਰ ਗੂੰਜ ਰਹੀ ਹੈ, ਮਾਲਵੇ ਕੇ ਪਿੰਡ... ਪਿੰਡ... ਪਿੰਡ...!

ਸੰਤੋਸ਼ ਆ ਕੇ ਮੇਰੇ ਸਾਹਮਣੇ ਬੈਠ ਗਿਐ। ਨਾ ਮੈਂ ਉਸ ਨੂੰ ਹੁਬ੍ਹ ਕੇ ਵਧਾਈ ਦਿੱਤੀ ਤੇ ਨਾ ਹੀ ਉਸ ਦੇ ਚਿਹਰੇ 'ਤੇ ਮੈਨੂੰ ਕੋਈ ਜੋਸ਼ ਨਜ਼ਰ ਆਇਆ। ਦਫਤਰ 'ਚ ਹੁਣ ਉਸ ਦੀ ਰਿਲੀਵਿੰਗ ਬਾਰੇ ਗੱਲਾਂ ਚੱਲ ਪਈਆਂ ਨੇ।

"ਚਾਰਜ ਕੌਣ ਸਾਂਭੂ? ਇਕੱਲਾ ਜੇ.ਈ. ਐ। ਐਨੀ ਵੱਡੀ ਸਬ ਡਵੀਜ਼ਨ ਰੰਡੀ ਹੋਜੂ।" ਢੀਂਡਸੇ ਨੇ ਐਸ.ਡੀ.ਓ. ਨੂੰ ਸੁਣਾ ਕੇ ਸਵਾਲ ਖੜ੍ਹਾ ਕੀਤੈ।

"ਚਾਰਜ ਦੀ ਨਾ ਪਰਵਾਹ ਕਰੋ। ਸਤਵਿੰਦਰ ਸਾਂਭ ਲਊ। ਯਾਰੀ ਐ, ਕੋਈ ਛੋਲਿਆਂ ਦਾ ਵੱਢ ਥੋੜ੍ਹਾ ਈ ਐ!" ਰਮੇਸ਼ ਨੇ ਸੁਝਾਅ ਦੇਣ ਵਾਂਗ ਸਾਰਿਆਂ ਨੂੰ ਸੁਣਾ ਕੇ ਕਿਹਾ।

"ਛੋਲੀਆ ਕਾ ਵੱਢ... ਮਤਲਬ?" ਸੰਤੋਸ਼ ਨੇ ਹੌਲ਼ੀ ਜਿਹੀ ਮੈਨੂੰ ਪੁੱਛਿਆ।

"ਮਤਲਬ ਆਪ ਵਾਲਾ ਚਾਰਜ ਮੇਰੇ ਪਾਸ।"

ਸੁਣ ਕੇ ਉਸ ਦੇ ਚਿਹਰੇ 'ਤੇ ਝਟ ਰੌਣਕ ਆ ਗਈ।

ਉਸ ਦਾ ਕਲ੍ਹ ਦਾ ਪ੍ਰੋਗ੍ਰਾਮ ਵੀ ਮੈਂ ਬਣਾ ਦਿੱਤੈ, "ਕੋਈ ਟੈਂਸ਼ਨ ਨ੍ਹੀਂ ਲੈਣੀ, ਸੰਤੋਸ਼ ਜੀ। ਸਾਰਾ ਕੰਮ ਪੈਕਰਸ ਐਂਡ ਮੂਵਰਸ ਦੇ ਜ਼ਿੰਮੇ ਲਾ ਦਿਆਂਗੇ। ਸਾਰਾ ਸਮਾਨ ਆਪੇ ਥੋਡੇ ਪਿੰਡ ਸੰਭਲਾ ਕੇ ਆਉਣਗੇ। ਟਿਕਟਾਂ ਤਤਕਾਲ 'ਚ ਬੁਕ ਹੋ ਜਾਣਗੀਆਂ। ਪਰਸੋਂ ਸਵੇਰੇ ਧੂਰੀ ਤੋਂ ਗੱਡੀ ਚੜ੍ਹਾ ਦੂੰ।"

"ਕਲ੍ਹ ਸਾਰਾ ਦਿਨ...?" ਸੰਤੋਸ਼ ਨੇ ਪੰਜਾਬੀ 'ਚ ਪੁੱਛਿਐ। ਜਿੰਨੀ ਕੁ ਪੰਜਾਬੀ ਬੋਲਣੀ ਉਸ ਨੇ ਸਿੱਖੀ ਹੈ, ਸਾਰੀ ਬੋਲ ਲੈਣੀ ਚਾਹੁੰਦਾ ਹੈ।

"ਕਲ੍ਹ ਨੂੰ ਤੁਸੀਂ... ਇਉਂ ਕਰੋ, ਮਸਤੁਆਣੇ ਜਾ ਆਓ। ਕੇਰਾਂ ਗਏ ਵੀ ਸੀ ਆਪਾਂ। ਸੰਤ ਅਤਰ ਸਿੰਘ ਹੋਰਾਂ ਦਾ ਸਥਾਨ ਹੈ। ਮਾਲਵੇ 'ਚ ਸਿੱਖਿਆ ਦੇ ਪ੍ਰਚਾਰ ਪ੍ਰਸਾਰ ਲਈ ਕਦੇ ਬਹੁਤ ਕੰਮ ਕੀਤੈ ਸੰਤਾਂ ਨੇ।"

ਹੋਰ ਵੀ ਓਪਸ਼ਨ ਦਿੰਦਾ ਹਾਂ, "ਲੋਕਲ 'ਚ... ਬਨਾਸਰ ਬਾਗ ਘੁੰਮ ਲਓ। ਬਾਰਾਂਦਰੀ 'ਚ ਫੋਟੂਆਂ-ਸ਼ੋਟੂਆਂ ਖਿੱਚ ਲਓ, ਜਿੱਥੇ ਕਦੇ ਰਾਜਕੁਮਾਰੀਆਂ ਨਹਾ ਕੇ ਧੁੱਪ-ਇਸ਼ਨਾਨ ਕਰਦੀਆਂ ਹੁੰਦੀਆਂ ਸੀ। ਮਹਾਰਾਜਾ ਜੀਂਦ ਦੇ ਦੀਵਾਨ-ਏ-ਖ਼ਾਸ 'ਚ ਬਿੱਠਾਂ ਕਰਦੇ ਕਬੂਤਰਾਂ ਦੀਆਂ ਕਲਾਤਮਕ ਫੋਟੂਆਂ ਲਾਹੀਆਂ ਜਾ ਸਕਦੀਆਂ ਨੇ।" ਬੋਲਦਾ-ਬੋਲਦਾ ਮੈਂ ਝਿਜਕਦਾ ਹਾਂ। ਕੀ ਹੋ ਗਿਐ ਮੈਨੂੰ? ਕਿਉਂ ਇੰਨਾ ਲਾਊਡ ਹੁੰਦਾ ਜਾ ਰਿਹਾਂ?

"ਇਹ ਸਭ ਤਾਂ ਦੇਖਿਆ ਹੋਇਆ ਹੈ, ਸਰ ਜੀ।" ਕੁਝ ਰੁਕ ਕੇ, ਝਿਜਕਦਿਆਂ ਕਹਿੰਦੈ, "ਥੋਡੇ ਮਾਮਿਆਂ ਦੇ ਨਾ ਜਾ ਆਈਏ, ਹਰੇਊ?"

"ਹਰੇਊ?" ਮੇਰੇ ਮੂੰਹ 'ਚੋਂ ਇਕ ਦਮ ਨਿਕਲਿਐ। ਮੇਰੇ ਨਾਨਕੇ ਪਿੰਡ ਦਾ ਨਾਂ ਇਹਨੂੰ ਕਿਵੇਂ ਯਾਦ ਹੈ? ਮੈਂ ਤਾਂ ਆਪ ਖ਼ਬਰੈ ਕਦੋਂ ਦਾ ਭੁੱਲਿਆ ਬੈਠਾ ਹਾਂ। ਇਸ ਮੂਹਰੇ ਵੀ ਮਸੇਂ ਇਕ-ਦੋ ਵਾਰੀ ਜ਼ਿਕਰ ਕੀਤਾ ਹੋਣਾ। ਨਾਨਾ-ਨਾਨੀ ਨਹੀਂ ਹਨ, ਇਸੇ ਲਈ ਸ਼ਾਇਦ ਇਸ ਨੇ ਮਾਮਿਆਂ ਦਾ ਪਿੰਡ ਕਿਹੈ। ਨਹੀਂ ਕਹਿਣਾ ਸੀ, "ਥੋਡੇ ਨਾਨਕੀਂ ਨਾ ਜਾ ਆਈਏ?"

ਦੋ ਕੁ ਸਾਲ ਪਹਿਲਾਂ ਛੋਟਾ ਮਾਮਾ ਮੇਰੇ ਨਾਲ ਲੜ ਕੇ ਗਿਆ ਸੀ। ਅਖੇ, ਬਿੱਟੂ ਨੂੰ ਤੂੰ ਉਂਗਲ ਲਾ ਰਿਹੈਂ।

ਵੱਡੇ ਮਾਮੇ ਦਾ ਮੁੰਡਾ ਬਿੱਟੂ ਖੇਤੀ ਛੱਡ ਕੇ ਸ਼ਹਿਰ 'ਚ ਕੋਈ ਕੰਮ ਕਰਨਾ ਚਾਹੁੰਦੈ। ਖੇਤੀ ਦਾ ਸਾਰਾ ਕੰਮ ਫੇਰ ਛੋਟੇ ਮਾਮੇ ਦੇ ਮੋਢਿਆਂ 'ਤੇ ਆ ਜਾਣੈ।

ਬਿੱਟੂ ਦਾ ਕਹਿਣੈ, "ਸ਼ਹਿਰ 'ਚ ਬਾਇਕਾਂ ਸੰਵਾਰਨ ਦਾ ਕੰਮ ਸਿੱਖਣੈ। ਨਹੀਂ ਫੇਰ ਸਰਵਿਸ਼ ਸਟੇਸ਼ਨ 'ਤੇ ਗੱਡੀਆਂ ਦੀ ਵਾਸ਼ਿੰਗ ਦਾ ਕੰਮ ਹੀ ਕਰ ਲਊਂ। ਕੁਝ ਵੀ ਕਰ ਲਊਂ, ਪਰ ਪਿੰਡ 'ਚ ਕਰਜ਼ਈ ਹੋ ਕੇ ਨਹੀਂ ਮਰਨਾ ਚਾਹੁੰਦਾ।"

ਇਹ ਉਸ ਦੀ ਆਪਣੀ ਸੋਚ ਹੈ। ਇਨਸਾਨ ਜਦੋਂ ਜਾਗੇ ਉਦੋਂ ਸਵੇਰਾ। ਮੈਂ ਕਦੋਂ ਚਾਹੁੰਦਾਂ ਕਿ ਕੋਈ ਪਿੰਡ ਵਿਚ ਕਰਜ਼ਈ ਹੋ ਕੇ ਮਰੇ ਜਾਂ ਜਿਵੇਂ ਮਾਮਾ ਕਹਿੰਦਾ ਸੀ, ਆਪਣੀ ਖੇਤੀ ਛੱਡ ਕੇ ਸ਼ਹਿਰ 'ਚ ਪੱਲੇਦਾਰੀ ਕਰੇ।

ਜੇ ਇਹ ਵਾਰਦਾਤ ਨਾ ਹੋਈ ਹੁੰਦੀ, ਮੈਂ ਝਟ ਤਿਆਰ ਹੋ ਜਾਣਾ ਸੀ। ਮੇਰੇ ਮਾਮੇ ਤਾਂ ਕਦੇ ਬਾਦਸ਼ਾਹ ਹੋਇਆ ਕਰਦੇ ਸੀ, ਰੇਹ-ਸਪਰੇਅ ਤੇ ਨਕਲੀ ਬੀਜਾਂ ਨੇ ਹੀ ਮਾਰ ਲਏ। ਬਾਕੀ ਦਾਰੂ ਪੀ ਗੀ।

ਕਿਆ ਬਾਦਸ਼ਾਹੀ ਸੀ! ਜਦੋਂ ਸ਼ੁਰੂ ਹੋ ਜਾਣ, ਗੱਲਾਂ ਦੇ ਪਹਾੜ ਰੋੜ੍ਹ ਦਿੰਦੇ ਹੁੰਦੇ ਸੀ, ਦਾਰੂ ਦੀਆਂ ਨਦੀਆਂ ਵਹਾ ਦਿੰਦੇ ਸੀ, "ਲੈ ਬੀ ਭਾਣਜੇ, ਕੇਰਾਂ ਕੈਮ ਜਾ ਹੋ ਜਾ। ਫੇਰ ਕਰਦੇ ਆਂ ਕੋਈ ਮੁਰਗੇ-ਸ਼ੁਰਗੇ ਦਾ ਇੰਤਜਾਮ!" ਤੇ ਫੇਰ ਪਤਾ ਹੀ ਨਹੀਂ ਸੀ ਲੱਗਦਾ ਕਦੋਂ ਆਪ ਬਾਂਗ ਦੇਣ ਲੱਗ ਪੈਂਦੇ ਸੀ।

"ਨਹੀਂ, ਤੁਮ ਮੇਰੇ ਮਾਮੋਂ ਕੋ ਨਹੀਂ ਜਾਨਤੇ।" ਮੈਂ ਗਲ਼ਾ ਖੰਘਾਰ ਕੇ ਹਿੰਦੀ ਬੋਲਣ ਲੱਗ ਪੈਂਦਾ ਹਾਂ, "ਵੋ ਜਾਤੇ ਹੀ ਕੈਨੀ ਖੋਲ੍ਹ ਕਰ ਬੈਠ ਜਾਏਂਗੇ ਔਰ ਸਾਹਮਣੇ ਬਿਠਾ ਲੇਂਗੇ ਅਪਨੇ ਕੋ, ਲੈ ਭਾਣਜੇ, ਇਕ ਪੈੱਗ ਹੋਰ... ਇਕ ਲਵਲੀ ਜਿਹਾ...! ਇਉਂ ਆਪਣੀ ਗੱਡੀ



ਵੀ ਨਿਕਲ ਸਕਦੀ ਐ। ਮੈਂ ਤਾਂ 'ਵਿਲੇਜ ਹਟ' 'ਚ ਡਿੰਨਰ ਪਲਾਨ ਕੀਤਾ ਹੋਇਐ, ਕਿਤੇ ਮਾਮਿਆਂ ਦੇ ਚੱਕਰ 'ਚ ਉਹ ਹੀ ਨਾ ਗੜਬੜ ਹੋਜੇ।"

ਸ਼ਹਿਰ 'ਚ ਚਾਰ-ਪੰਜ ਟੌਪ ਦੇ ਬਾਰ-ਰੈਸਤ੍ਰਾਂ 'ਚੋਂ ਆਪਣੀ ਦਾਰੂ ਨਾਲ ਲਿਜਾ ਕੇ ਪੀਣ ਲਈ 'ਗ੍ਰੀਨ ਰੈਸਟੋਰੈਂਟ' ਹੈ। ਸ਼ਾਹੀ ਅੰਦਾਜ਼ 'ਚ ਵੇਟਰਾਂ ਵੱਲੋਂ ਸਰਵ ਹੁੰਦੇ ਪੈੱਗਾਂ ਦੇ ਸ਼ੌਕੀਨਾਂ ਲਈ 'ਰਣਬੀਰ ਕਲਬ' ਅਤੇ ਫੈਮਲੀ ਲਈ 'ਵਿਲੇਜ ਹਟ' ਸਭ ਤੋਂ ਮਹਿੰਗਾ ਤੇ ਸਟੇਟਸ ਸਿੰਬਲ ਮੰਨਿਆ ਜਾਂਦੈ।

ਸੰਤੋਸ਼ ਕੁਝ ਨਹੀਂ ਬੋਲਿਆ। ਮੈਂ ਵੀ ਨਹੀਂ ਚਾਹੁੰਦਾ ਸਾਂ ਕਿ ਉਹ ਕੁਝ ਬੋਲੇ। ਡਰ ਲੱਗਣ ਲੱਗ ਪਿਐ ਕਿ ਉਸ ਦੇ ਸਵਾਲਾਂ ਦੇ ਜਵਾਬ ਮੈਥੋਂ ਦੇ ਨਹੀਂ ਹੋਣੇ।

ਸ਼ਾਮ ਨੂੰ ਮੈਂ ਤੇ ਮਿਸਿਜ ਉਹਨਾਂ ਲਈ ਗਿਫਟ ਲੈਣ ਬਾਜ਼ਾਰ ਗਏ। ਸੋਨਾਕਸ਼ੀ ਲਈ ਕੋਈ ਸੋਹਣੀ ਜਿਹੀ ਡ੍ਰੈੱਸ ਲੈਣੀ ਸੀ। ਸਾਰਾ ਬਾਜ਼ਾਰ ਗਾਹ 'ਤਾ। ਬਹੁਤ ਔਖੀ ਗੱਲ ਬਣੀ। ਪਹਿਲੀ ਵਾਰ ਅਹਿਸਾਸ ਹੋਇਆ ਕਿ ਲੋਕ ਸ਼ੌਪਿੰਗ ਲਈ ਪਟਿਆਲਾ ਜਾਂ ਚੰਡੀਗੜ੍ਹ ਕਿਉਂ ਜਾਂਦੇ ਨੇ। ਕਿਉਂ ਮੋਹਾਲੀ ਵਾਲੀ ਦੀਦੀ ਸੰਗਰੂਰ ਨੂੰ ਪਿੰਡ ਵਰਗਾ ਈ ਕਹਿੰਦੀ ਹੁੰਦੀ ਹੈ।

ਸੰਤੋਸ਼ ਲਈ ਗਿਫਟ ਵਾਸਤੇ ਮੈਂ ਪਹਿਲਾਂ ਹੀ ਸੋਚਿਆ ਹੋਇਆ ਸੀ। 'ਏ-ਵਨ ਜਿਊਲਰਸ' ਤੋਂ ਲੈਣੈ। ਸ਼ੀਸ਼ੇ ਦੇ ਖ਼ੂਬਸੂਰਤ ਸ਼ੋਕੇਸ ਵਿਚ ਚਾਂਦੀ ਦੀ ਪਲੇਟ 'ਤੇ ਗਣੇਸ਼, ਲਛੱਮੀ, ਗੁਰੂ ਨਾਨਕ, ਗੋਲਡਨ ਟੈਂਪਲ ਜਾਂ ਅਜਿਹੀਆਂ ਹੀ ਚੀਜ਼ਾਂ ਬੜੇ ਆਰਟੀਸਟਿਕ ਤਰੀਕੇ ਨਾਲ ਉੱਕਰੀਆਂ ਹੋਈਆਂ।

ਮੈਂ ਕੋਈ ਯੁਨੀਕ ਜਿਹੀ ਕਲਾਕ੍ਰਿਤ ਮੰਗੀ ਤਾਂ ਸੇਲਜ਼ ਮੈਨ ਨੇ, "ਯਸ ਸਰ, ਆਇਟਮ ਤੁਹਾਨੂੰ ਦੇਖਣ ਸਾਰ ਪਸੰਦ ਆਜੂ।" ਕਹਿੰਦਿਆਂ ਇਕ ਸ਼ੋਕੇਸ ਵਿਚ ਚਾਂਦੀ ਦੀ ਪਲੇਟ 'ਤੇ ਬਣੀ ਹੋਈ ਇਕ ਅਮੂਰਤ ਜਿਹੀ ਕਲਾਕ੍ਰਿਤ ਲਿਆ ਕੇ ਸਾਹਮਣੇ ਰੱਖ ਦਿੱਤੀ।

ਮੈਂ ਆਇਟਮ ਦੇਖ ਕੇ ਉਸ ਵਿਚਲੀ ਸੀਨਰੀ ਨੂੰ ਸਮਝਣ ਦੀ ਕੋਸ਼ਿਸ਼ ਕਰਨ ਲੱਗਿਆ ਤਾਂ ਉਹ ਬੋਲਿਆ, "ਇਸ ਐਂਗਲ ਤੋਂ ਦੇਖੋ, ਸਰ। ਕੀ ਨਜ਼ਰ ਆ ਰਿਹੈ?"

"ਓਏ ਹਾਂ, ਪਿੰਡ!" ਚਹਿਕਦਿਆਂ ਇਕ ਦਮ ਮੇਰੇ ਮੂੰਹੋਂ ਨਿਕਲਿਆ।

"ਐਗਜੇਕਟਲੀ ਸਰ! ਲੱਗਦੈ ਤੁਸੀਂ ਪਿੰਡੋਂ ਹੈਗੇ ਓਂ।"

ਪਿੰਡੋਂ? ਮੈਂ ਕਿਥੋਂ ਹਾਂ? ਇਕ ਦਮ ਇਹ ਸਵਾਲ ਮੇਰੇ ਦਿਮਾਗ਼ ਵਿਚ ਉੱਠਿਆ। ਸ਼ਹਿਰ ਵਾਲੇ ਮੈਨੂੰ ਝਟ ਪਹਿਚਾਣ ਜਾਂਦੇ ਨੇ ਕਿ ਮੈਂ ਕਿਥੋਂ ਹਾਂ। ਅਹਿਸਾਸ ਕਰਾਉਣ ਦਾ ਕੋਈ ਮੌਕਾ ਵੀ ਨਹੀਂ ਖੁੰਝਦੇ।

"ਮੈਂ ਵੀ ਪਿੰਡੋਂ ਹਾਂ ਸਰ। ਇਹ ਟਾਈ-ਸ਼ਾਈ ਤਾਂ ਕੰਪਨੀ ਦੀ ਦਿੱਤੀ ਹੋਈ ਹੈ। ਵੈੱਲ, ਇਹ ਦੇਖੋ, ਵੱਗਾਂ ਵੇਲਾ! ਮੱਝਾਂ-ਗਾਈਆਂ ਖੇਤਾਂ 'ਚੋਂ ਚਰ ਕੇ ਘਰਾਂ ਨੂੰ ਮੁੜ ਰਹੀਆਂ ਨੇ। ਧੂੜ ਦਾ ਗ਼ੁੱਬਾਰ ਅਸਮਾਨੀਂ ਚੜ੍ਹਿਆ ਹੋਇਐ। ਡੁੱਬਦੇ ਸੂਰਜ ਦੀਆਂ ਕਿਰਨਾਂ ਅਸਮਾਨੀਂ ਉੱਡਦੀ ਧੂੜ 'ਤੇ ਪੈ ਰਹੀਆਂ ਨੇ। ਅਜਬ ਨਜ਼ਾਰਾ!" ਸੇਲਜਮੈਨ ਪੂਰੇ ਜੋਸ਼ 'ਚ ਦੱਸ ਰਿਹੈ। ਉਸ ਦਾ ਆਤਮ ਵਿਸ਼ਵਾਸ ਪਲਾਂ 'ਚ ਹੀ ਵਧ ਗਿਐ।

"ਓਕੇ! ਹੁਣ ਇਸ ਦੇ ਬਿਲਕੁਲ ਅਪੋਜਿਟ ਐਂਗਲ ਤੋਂ ਦੇਖੋ, ਸਰ। ਕੀ ਨਜ਼ਰ ਆ ਰਿਹੈ? ਮੈਮ, ਤੁਸੀਂ ਵੀ ਦੇਖੋ।" ਨਾਲ ਦੀ ਨਾਲ ਦੱਸ ਵੀ ਦਿੰਦੈ, "ਖ਼ੂਬਸੂਰਤ ਸ਼ਹਿਰ! ਹੈ ਨਾ?"

"ਸ਼ਹਿਰ?" ਮੈਂ ਹੈਰਾਨੀ ਪ੍ਰਗਟਾਉਂਦਿਆਂ ਪੁੱਛਿਆ।

ਮੈਨੂੰ ਚੰਗਾ ਲੱਗਿਆ ਸੀ ਕਿ ਉਸ ਨੇ ਮੈਨੂੰ ਕਿਸੇ ਤਰ੍ਹਾਂ ਦੀ ਟਾਂਚ ਨਹੀਂ ਸੀ ਮਾਰੀ। ਮੇਰੇ ਪਿੰਡ ਵਾਲੇ ਮੈਨੂੰ ਸ਼ਹਿਰੀਆ ਕਹਿ ਕੇ ਟਾਂਚ ਮਾਰਦੇ ਨੇ। ਮੈਂ ਕਿਹੜਾ ਕੋਈ ਉਹਨਾਂ ਦੀਆਂ ਮੱਝਾਂ ਖੋਲ੍ਹ ਕੇ ਸ਼ਹਿਰ ਲੈ ਆਇਆਂ?

ਮੈਂ ਕਿਹਾ, "ਰੋਸ਼ਨੀ ਦਾ ਝਲਕਾਰਾ ਜਿਹਾ ਪੈਂਦਾ ਜਾਪ ਰਿਹੈ। ਸੂਰਜ ਤਾਂ ਸ਼ਾਇਦ ਬਿਲਡਿੰਗਾਂ ਪਿੱਛੇ ਛਿਪਿਆ ਹੋਇਐ?"

"ਯੂ ਆਰ ਰਾਈਟ ਸਰ! ਬਟ ਸ਼ਹਿਰ ਨਹੀਂ, ਸਿਟੀ... ਸਮਾਰਟ... ਸਿਟੀ...! ਇਥੇ ਸੂਰਜਾਂ-ਸਾਰਜਾਂ ਦੇ ਦਰਸ਼ਨ ਤਾਂ ਸੁਫ਼ਨਾ ਈ ਸਮਝੋ। ਇਹ ਦੇਖੋ ਸਰ, ਲੁਕ ਹਿਅਰ! ਉਥੇ ਜੋ ਕਾਉ-ਬਫੈਲੋ ਮਤਲਬ ਮੱਝਾਂ-ਗਾਈਆਂ ਸਨ, ਉਹ ਇਥੇ ਸ਼ੇਰ ਬਣ ਚੁੱਕੀਆਂ ਨੇ। ਇਹ ਦੇਖੋ, ਗਰਾਰੀਆਂ ਵਾਲਾ ਸ਼ੇਰ!"

ਮੈਂ ਅਮੂਰਤ ਜਿਹੇ 'ਚੋਂ ਗਰਾਰੀਆਂ ਵਾਲਾ ਸ਼ੇਰ ਲੱਭਣ ਦੀ ਕੋਸ਼ਿਸ਼ ਕਰਦਾ ਹਾਂ।

"ਗ਼ੌਰ ਨਾਲ ਦੇਖੋ ਸਰ, ਗਰਾਰੀਆਂ ਘੁੰਮਦੀਆਂ ਹੋਈਆਂ ਵੀ ਨਜ਼ਰ ਆ ਰਹੀਆਂ ਨੇ ਨਾ?"

"ਪਹਿਲਾਂ ਸ਼ੇਰ ਤਾਂ ਦਿੱਸ ਜੇ," ਮੈਂ ਖ਼ੁਦ ਨੂੰ ਭੁਲੇਖੇ ਜਿਹੇ 'ਚ ਪਾਉਣ ਦੀ ਕੋਸ਼ਿਸ਼ ਕਰਦਾ ਹਾਂ।

"ਹਾਂ, ਯਾਰ ਭੁਲੇਖਾ ਜਿਹਾ ਤਾਂ ਪੈ ਰਿਹੈ ਕਿ ਗਰਾਰੀਆਂ ਘੁੰਮ ਰਹੀਆਂ ਨੇ।" ਮੈਂ ਆਪਣੀ ਸੋਚ ਤੋਂ ਮੁਨਕਰ ਹੋ ਕੇ ਦੇਖਣ ਦੀ ਕੋਸ਼ਿਸ਼ ਕਰਦਾ ਹਾਂ, ਪਰ ਦਿਮਾਗ਼ ਵਿਚ ਕੋਈ ਤਰਕ ਹਾਲੇ ਵੀ ਨਹੀਂ ਉਸਰ ਰਿਹਾ ਕਿ ਮਾਤਰ ਕਿਸੇ ਦੇ ਕਹਿਣ ਨਾਲ ਹੀ ਇਕ ਗਾਂ ਆਖਰ ਸ਼ੇਰ ਕਿਵੇਂ ਨਜ਼ਰ ਆਉਣ ਲੱਗ ਪੈਂਦੀ ਹੈ? ਪਿੰਡ 'ਚ ਗਾਂ, ਸ਼ਹਿਰ 'ਚ ਸ਼ੇਰ?

ਸੇਲਜ਼ ਮੈਨ ਫੇਰ ਬੋਲ ਪਿਆ, "ਹੈ ਨਾ ਸਰ? ਅਸਲ 'ਚ ਇਹ ਘੁੰਮ ਨਹੀਂ ਰਹੀਆਂ, ਪਰ ਕਲਾਕਾਰੀ ਇਸੇ ਵਿਚ ਹੈ ਕਿ ਦੇਖਣ ਵਾਲੇ ਨੂੰ ਇਹਨਾਂ ਦੇ ਘੁੰਮਣ ਦਾ ਭੁਲੇਖਾ ਪੈ ਰਿਹੈ। ਮੈਮ, ਤੁਸੀਂ ਵੀ ਦੇਖੋ ਜੀ।"

ਮੈਮ ਮੁਸਕਰਾਉਣ ਲੱਗੀ। ਲੋਕ ਵੀ ਕਿਥੇ ਜਾਣ? ਆਖਰ ਮੰਨ ਲੈਂਦੇ ਨੇ, ਨਹੀਂ ਮੂਰਖ ਕਰਾਰ ਦੇ ਦਿੱਤੇ ਜਾਣਗੇ।

ਉਹ ਇਕ ਵਾਰੀ ਫੇਰ ਮੈਨੂੰ ਮੁਖਾਤਿਬ ਹੋਇਆ, "ਹੁਣ ਫ੍ਰੰਟ ਤੋਂ ਦੇਖੋ ਸਰ। ਬਿਲਕੁਲ ਸਾਹਮਣਿਓਂ। ਕੀ ਨਜ਼ਰ ਆ ਰਿਹੈ?"

ਮੈਂ ਬਿਲਕੁਲ ਸਾਹਮਣਿਓਂ ਦੇਖਦਾ ਹਾਂ, 'ਹੈਂ? ਕੁਝ ਵੀ ਤਾਂ ਨਹੀਂ! ਕਿਥੇ ਗਿਆ ਉਹ ਪਿੰਡ, ਜੋ ਪਹਿਲੀ ਨਜ਼ਰੇ ਹੀ ਸਾਫ ਦਿੱਸ ਪਿਆ ਸੀ? ਕਿਥੇ ਗਈਆਂ ਗਰਾਰੀਆਂ, ਜਿਹਨਾਂ ਦੇ ਘੁੰਮਣ ਦੇ ਭਰਮ 'ਚ ਚਾਲਾਕ ਸੇਲਜ਼ਮੈਨ ਮੈਨੂੰ ਪਾਉਣ ਦੀ ਕੋਸ਼ਿਸ਼ ਕਰ ਰਿਹੈ?'

"ਤੁਸੀਂ ਠੀਕ ਸੋਚ ਰਹੇਓਂ ਸਰ।"

"ਕੀ ਸੋਚ ਰਿਹਾਂ?" ਮੈਂ ਤ੍ਰਭਕ ਕੇ ਪੁੱਛਿਆ।

"ਮੈਂ ਦੱਸਦਾਂ, ਸਰ! ਇਥੋਂ ਇਹ ਸਿਰਫ ਇਕ ਐਬਸਰਡ ਪੇਂਟਿੰਗ ਨਜ਼ਰ ਆ ਰਹੀ ਹੈ ਨਾ? ਓਕੇ? ਪਹਿਲਾਂ ਜਿਹੜਾ ਖੱਬੇ-ਸੱਜਿਓਂ ਦੇਖਿਆ ਸੀ, ਉਹ ਵੀ ਕੋਰਾ ਭਰਮ ਸੀ, ਸਰ।"

ਮੈਂ ਉਸ ਦੇ ਚਿਹਰੇ ਵੱਲ ਦੇਖਿਆ। ਉਸ ਦੇ ਗੱਲ ਕਰਨ ਦੇ ਅੰਦਾਜ਼, ਆਤਮ-ਵਿਸ਼ਵਾਸ ਅਤੇ ਚਿਹਰੇ 'ਤੇ ਭਾਵਾਂ ਦੇ ਉਤਰਾਅ-ਚੜ੍ਹਾਅ ਨੂੰ ਦੇਖ ਰਿਹਾਂ।



ਉਹ ਕਹਿੰਦੈ, "ਮੈਂ ਸਮਝਾਉਂਦਾਂ ਸਰ! ਇਹ ਅਜਿਹੀ ਕਲਾਕ੍ਰਿਤ ਹੈ ਜਿਸ ਵਿਚੋਂ ਆਪਣੀ ਪਸੰਦ ਦਾ ਕੁਝ ਵੀ ਦੇਖਣ ਲਈ ਤੁਹਾਨੂੰ ਲੈਫਟ ਜਾਂ ਰਾਈਟ ਹੋਣਾ ਪੈਣੈ। ਮਤਲਬ, ਆਪੋ-ਆਪਣੇ ਭਰਮ ਸਿਰਜਣੇ ਪੈਣੇ। ਕਿੰਨੀ ਕਮਾਲ ਦੀ ਆਰਟ ਹੈ ਨਾ ਸਰ! ਇਕ ਦਮ ਲੇਟੇਸਟ ਤੇ ਅਫੋਰਡੇਬਲ!"

ਲੈਫਟ ਜਾਂ ਰਾਈਟ? ਕੁਝ ਵੀ ਖਾਨੇ 'ਚ ਨਹੀਂ ਪੈ ਰਹੀ, ਮੈਂ ਕਿਸ ਪਾਸੇ ਹਾਂ? ਪਰ ਇਹ ਤਾਂ ਤੈਅ ਹੈ ਕਿ ਜੋ ਕਿਸੇ ਵੀ ਪਾਸੇ ਨਹੀਂ ਹੁੰਦਾ ਉਹ ਬੇਈਮਾਨ ਹੁੰਦਾ ਹੈ। ਅੰਦਰੋਂ ਇਕ ਦਮ ਡਰ ਸਿਰ ਚੁੱਕਦੈ। ਖ਼ਿਆਲ ਆਉਂਦੈ ਜਿਵੇਂ ਕਿ ਉਸ ਦੇ ਸ਼ੇਰ ਨੇ ਮੇਰੀਆਂ ਬਕਰੀਆਂ ਨੂੰ ਦਬੋਚ ਲਿਆ ਹੋਵੇ, ਗਾਈਆਂ ਨੂੰ ਆਵਾਰਾ-ਲਾਚਾਰ ਬਣਾ ਦਿੱਤਾ ਹੋਵੇ। ਉਸ ਡਰ ਤੋਂ ਉੱਭਰਣ ਲਈ ਮੈਂ ਕੀਮਤ ਵਾਲੀ ਪਰਚੀ ਦੇਖਣ ਲੱਗਦਾ ਹਾਂ।

ਸੇਲਜ਼ਮੈਨ ਕੈਲਕੁਲੇਟਰ ਚੁੱਕ ਕੇ ਉਸ 'ਤੇ ਉਂਗਲਾਂ ਮਾਰਦਿਆਂ ਕੀਮਤ ਦੱਸ ਦਿੰਦਾ ਹੈ। ਉਸ ਦੇ ਚਿਹਰੇ 'ਤੇ ਜੇਤੂ ਵਾਲੇ ਭਾਵ ਹਨ।

ਮੈਮ ਨੇ ਉਬਾਸੀ ਲਈ। ਮੈਨੂੰ ਉਸ ਦੇ ਚਿਹਰੇ 'ਤੇ ਲੇਟ ਹੋਣ ਦੀ ਚਿੰਤਾ ਨਜ਼ਰ ਆਈ। ਸੰਤੋਸ਼ ਹੋਰਾਂ ਨੂੰ ਲੈ ਕੇ 'ਵਿਲੇਜ ਹਟ' ਵੀ ਜਾਣੈ।

"ਲੇਟ ਤਾਂ ਨ੍ਹੀਂ ਹੋ ਰਹੇ?" ਮੈਂ ਘਰਵਾਲੀ ਦੇ ਨੇੜੇ ਹੋ ਕੇ ਬੁੜਬੁੜਾਉਂਦਾ ਹਾਂ। ਸੇਲਜ਼ਮੈਨ ਨੂੰ ਇਉਂ ਭਰਮ ਹੁੰਦੈ ਜਿਵੇਂ ਅਸੀਂ ਗਿਫਟ ਫਾਈਨਲ ਕਰਨ ਬਾਰੇ ਕੁਝ ਡਿਸਕੱਸ ਕਰ ਰਹੇ ਹਾਂ।

"ਮੈਂ ਕਿਉਂ ਏਨਾ ਸਟਾਇਲ ਮਾਰ ਰਿਹਾਂ? ਕੀ ਮੈਂ ਵੀ ਸੱਚੀ-ਮੁੱਚੀ ਕਿਸੇ ਭਰਮ ਵਿਚ ਪੈ ਗਿਆਂ? ਉਸ ਦਾ ਸ਼ੇਰ, ਗਰਾਰੀਆਂ, ਗਾਂ-ਮੱਝ, ਉਈਂ ਸਵੀਕਾਰ ਕਰਦਾ ਜਾ ਰਿਹਾਂ? ਸਭ ਤਥਾ-ਅਸਤੂ?"

ਮੇਰੇ ਅੰਦਰੋਂ ਹੀ ਜਵਾਬ ਆਉਂਦੈ, "ਹੋਰ ਕੀ, ਜਿਥੇ ਸਾਰਾ ਸਮਾਜ ਹੀ ਖ਼ੁਦ ਆਪਣੇ ਜਾਂ ਕਿਸੇ ਹੋਰ ਦੇ ਸਿਰਜੇ ਹੋਏ ਭਰਮ 'ਚ ਜੀ ਰਿਹਾ ਹੋਵੇ, ਉੱਥੇ..."

ਸੇਲਜ਼ਮੈਨ ਫੇਰ ਸ਼ੁਰੂ ਹੋ ਜਾਂਦੈ, "ਇਸ ਤੋਂ ਜ਼ਰਾ ਉੱਚੀ ਰੇਂਜ ਵਾਲੇ ਵੀ ਨੇ ਸਰ। ਟ੍ਰੈਂਡ ਭਾਵੇਂ ਅੱਜਕਲ੍ਹ ਭਰਮਾਉਣ ਵਾਲੀਆਂ ਚੀਜ਼ਾਂ ਦਾ ਹੀ ਹੈ, ਪਰ ਥੀਮ ਬਦਲ ਜੂ। ਇਕ ਆਇਟਮ ਤਾਂ ਬਹੁਤ ਹੀ ਕਮਾਲ ਦੀ ਹੈ। ਉਸ 'ਚ ਕੀ ਹੈ ਕਿ... ਪਹਿਲਾਂ ਮੂਧੀਆਂ ਪਲੇਟਾਂ ਦਿੱਸਦੀਆਂ ਨੇ। ਹੌਲ਼ੀ-ਹੌਲ਼ੀ ਉਹ ਸਿੱਧੀਆਂ ਨਜ਼ਰ ਆਉਣ ਲੱਗ ਪੈਂਦੀਆਂ ਨੇ। ਫੇਰ ਉਹਨਾਂ 'ਚ ਖਾਣੇ ਦਾ ਭੁਲੇਖਾ ਪੈਂਦੈ... ਛੱਤੀ ਪ੍ਰਕਾਰ ਦੇ ਭੋਜਨ... ਆਖਰ 'ਚ ਸਰ, ਕੁਝ ਵੀ ਨਹੀਂ, ਬਸ ਅਗਲੇ ਦੇ ਮੂੰਹ 'ਚ ਪਾਣੀ ਈ ਹੁੰਦੈ! ਇਫ ਯੂ ਪਲੀਜ਼, ਦਿਖਾਵਾਂ ਸਰ?"

ਮੈਂ ਹੱਥ ਦੇ ਇਸ਼ਾਰੇ ਨਾਲ ਗਿਫਟ ਪੈਕ ਕਰਨ ਲਈ ਕਹਿ ਦਿੰਦਾ ਹਾਂ। ਉਹ ਅੰਗ੍ਰੇਜ਼ੀ 'ਚ ਧੰਨਵਾਦ ਕਰਦਿਆਂ ਹੋਰ ਕੋਈ ਸੇਵਾ ਲਈ ਖ਼ੁਦ ਨੂੰ ਪੇਸ਼ ਕਰਦਾ ਹੈ।

ਮੈਂ ਮੁਸਕਰਾਉਂਦਿਆਂ ਹੌਲ਼ੀ ਜਿਹੀ ਉਸ ਨੂੰ ਪੁੱਛਦਾਂ, "ਯਾਰ, ਸਾਰਾ ਦਿਨ ਯਸ ਸਰ, ਯਸ ਸਰ ਕਰ-ਕਰ ਕੇ ਮੂੰਹ ਬਕਬਕਾ ਜਿਹਾ ਨ੍ਹੀਂ ਹੁੰਦਾ?"

ਮੇਰੀ ਗੱਲ ਜਿਵੇਂ ਉਸ ਨੂੰ ਚੁਭੀ ਹੋਵੇ। ਹੌਲ਼ੀ ਜਿਹੀ ਜਵਾਬ ਦਿੰਦੈ, "ਸਰ, ਹੱਥਾਂ 'ਚ ਅੱਟਣ ਤਾਂ ਨ੍ਹੀਂ ਪੈਂਦੇ।"

ਅੱਟਣ ਤਾਂ ਦਰਅਸਲ ਮੇਰੇ ਦਿਮਾਗ਼ 'ਚ ਪੈ ਚੁੱਕੇ ਨੇ। ਮੈਂ ਖ਼ੁਦ 'ਤੇ ਖਿੱਝਦਾ ਹਾਂ, ਰਿਹਾ ਨਾ ਪੇਂਡੂ ਦਾ ਪੇਂਡੂ ਈ!

ਚਲੋ, ਜਿਵੇਂ ਵੀ ਹੈ, ਸੰਤੋਸ਼ ਨਾਲ 'ਫੌਜ਼ੀ ਚਿਕਨ ਕੌਰਨਰ' ਤੋਂ ਸ਼ੁਰੂ ਹੋਇਆ, 'ਗ੍ਰੀਨ ਬਾਰ' ਥੀਂ ਹੁੰਦਾ ਹੋਇਆ 'ਵਿਲੇਜ ਹਟ' ਤੱਕ ਦਾ ਸਫਰ ਪੂਰਾ ਹੋਇਆ। ਕੀ ਕਰੀਏ ? ਸਾਡੀਆਂ ਤਾਂ ਇਹੀ ਮੰਜਲਾਂ ਨੇ !

ਸਵੇਰੇ ਅਸੀਂ ਛੇਤੀ ਤਿਆਰ ਹੋ ਗਏ। ਸੰਤੋਸ਼ ਹੋਰਾਂ ਨੂੰ ਧੂਰੀ ਗੱਡੀ ਚੜ੍ਹਾ ਕੇ ਆਉਣੈ। ਘਰਵਾਲੀ ਨੇ ਉਹਨਾਂ ਲਈ ਰਸਤੇ 'ਚ ਖਾਣ ਲਈ ਬਣਾਈਆਂ ਹੋਈਆਂ ਚੀਜ਼ਾਂ ਤੇ ਦੋਨੋਂ ਗਿਫਟ ਚੁੱਕੇ ਹੋਏ ਨੇ।

ਮੈਂ ਫਾਰਮਲਟੀ ਦੇ ਤੌਰ 'ਤੇ ਬੈੱਲ ਵਜਾ ਕੇ ਖੁੱਲੇ ਪਏ ਗੇਟ 'ਚ ਵੜਦਿਆਂ ਹਾਕ ਮਾਰੀ, "ਸੋਨਾਕਸ਼ੀ, ਤੋਂ ਕਤਯ ਛੇਂ ?"

"ਆਹ ਤੀ !" ਸੋਨਾਕਸ਼ੀ ਨੇ ਹੁਬ੍ਹ ਕੇ ਜਵਾਬ ਦਿੱਤੈ। ਪੰਜਾਬੀ 'ਚ ਪੁੱਛੋ, ਭਾਵੇਂ ਮੈਥਲੀ 'ਚ, ਮੈਨੂੰ ਤਾਂ ਉਹ ਜਵਾਬ ਹਮੇਸ਼ਾ ਪੰਜਾਬੀ ਵਿਚ ਹੀ ਦਿੰਦੀ ਹੈ।

ਜਸਲੀਨ ਨੇ ਦੋਵੇਂ ਗਿਫਟ ਪੈਕ ਅਤੇ ਹੋਰ ਸਮਾਨ ਮੰਜੀ 'ਤੇ ਰੱਖ ਦਿੱਤੈ। ਮੰਜੀ ਅਤੇ ਕੁਰਸੀਆਂ ਮਕਾਨ ਮਾਲਕ ਦੀਆਂ ਹਨ। ਇਹਨਾਂ ਦਾ ਸਾਰਾ ਸਮਾਨ ਜਾ ਚੁੱਕਾ ਹੈ। ਵਿਹੜੇ ਵਿਚ ਵਿਛੜਨ ਵੇਲੇ ਦੀ ਖਾਮੋਸ਼ੀ ਪਸਰੀ ਹੋਈ ਹੈ।

ਮੰਜੀ 'ਤੇ ਪਈ ਪਾਰਦਰਸ਼ੀ ਕਾਗਜ਼ ਵਾਲੀ ਗਿਫਟ ਪੈਕਿੰਗ 'ਚੋਂ ਲਿਸ਼ਕਦੀ ਸੀਨਰੀ ਦੇ ਸੱਜੇ ਪਾਸੇ ਸੰਤੋਸ਼ ਬੈਠਾ ਹੈ। ਮੈਂ ਸਾਹਮਣੇ ਕੁਰਸੀ 'ਤੇ ਬੈਠਾ ਹਾਂ।

ਸੀਨਰੀ ਦੇ ਖੱਬੇ ਪਾਸੇ ਮੰਜੀ ਕੋਲ ਸੋਨਾਕਸ਼ੀ ਆ ਕੇ ਖੜ੍ਹੀ ਹੋ ਗਈ ਹੈ।

"ਪਾਪਾ, ਇਹ ਕੀ ਹੈ ?" ਸੀਨਰੀ ਵਿਚਲੇ ਦ੍ਰਿੱਸ਼ ਵੱਲ ਉਂਗਲੀ ਕਰ ਕੇ ਸੋਨਾਕਸ਼ੀ ਬਾਲ-ਜਗਿਆਸਾ ਨਾਲ ਪੁੱਛਦੀ ਹੈ।

"ਤੋਂ ਬਤਾਇਬ।"(ਤੂੰ ਦੱਸ।) ਸੰਤੋਸ਼ ਉਲਟਾ ਉਸੇ ਨੂੰ ਸਵਾਲ ਕਰ ਦਿੰਦੈ। ਫੇਰ ਮੇਰੇ ਵੱਲ ਦੇਖਣ ਲੱਗ ਪੈਂਦੈ। ਮੈਨੂੰ ਤਾਂ ਹੁਣ ਸੀਨਰੀ ਵਿਚ ਕੁਝ ਵੀ ਨਜ਼ਰ ਨਹੀਂ ਆ ਰਿਹਾ, ਕਿਉਂਕਿ ਮੈਂ ਸੀਨਰੀ ਦੇ ਬਿਲਕੁਲ ਸਾਹਮਣੇ ਬੈਠਾ ਹਾਂ, ਸੱਜੇ ਜਾਂ ਖੱਬੇ ਪਾਸੇ ਨਹੀਂ।

"ਪਿੰਡ !" ਸੋਨਾਕਸ਼ੀ ਹੁਬ੍ਹ ਕੇ ਦੱਸਦੀ ਹੈ। ਸੁਣ ਕੇ ਮੈਨੂੰ ਤਸੱਲੀ ਭਰੀ ਹੈਰਾਨੀ ਹੁੰਦੀ ਹੈ।

"ਪਾਪਾ, ਇਹ ਕੀ ਹੈ ?" ਸੀਨਰੀ ਦੇ ਪਿੰਡ ਵਿਚਲੀਆਂ ਘਰਾਂ ਵਰਗੀਆਂ ਨਿੱਕੀਆਂ-ਨਿੱਕੀਆਂ ਸ਼ਕਲਾਂ ਵੱਲ ਇਸ਼ਾਰਾ ਕਰ ਕੇ ਸੋਨਾਕਸ਼ੀ ਪੁੱਛਦੀ ਹੈ।

"ਤੋਂ ਬਤਾਇਬ।"

ਮੈਂ ਮੋਹਤ ਭਾਵ ਨਾਲ ਸੋਨਾਕਸ਼ੀ ਦੇ ਮਾਸੂਮ ਚਿਹਰੇ ਵੱਲ ਦੇਖਦਾ ਹੋਇਆ ਉਸ ਦਾ ਜਵਾਬ ਉਡੀਕ ਰਿਹਾਂ।

ਉਹ ਮੇਰੇ ਕੋਲ ਆ ਖੜ੍ਹਦੀ ਹੈ। ਸੀਨਰੀ ਵਿਚਲੇ ਦ੍ਰਿੱਸ਼ ਵੱਲ ਤੱਕਦੀ ਹੈ। ਇਕ ਦਮ ਹੈਰਾਨ ਹੋ ਕੇ ਕਹਿੰਦੀ ਹੈ, "ਹਾਏ, ਪਿੰਡ ਤਾਂ ਗੁਆਚ ਗਿਆ !"

**ਮੋ: 094162-36210**



# ਸੌਰੀ, ਲਾਈਫ ਲਤੀਫ਼ਾ ਨਹੀਂ/ਗੁਰਸੇਵਕ ਸਿੰਘ ਪ੍ਰੀਤ

ਰਾਹਤ ਆਪਣੇ ਘਰਵਾਲੇ ਨਾਲ ਰੁੱਸਕੇ ਪੇਕੀਂ ਡੇਰਾ ਲਾਈ ਬੈਠੀ ਸੀ। ਦੋ ਮਹੀਨੇ ਹੋਣ ਨੂੰ ਆ ਗਏ। ਉਸ ਇਕੋ ਹੀ ਅੜੀ ਫੜੀ ਹੋਈ ਸੀ ਕਿ ਗਲੋਰੀ ਦੇ ਮੱਥੇ ਨਹੀਂ ਲੱਗਣਾ। ਬਸ ਤਲਾਕ ਈ ਲੈਣਾ। ਗਲੋਰੀ, ਰਾਹਤ ਦਾ ਪਤੀ, ਬੈਂਕ ਮੈਨੇਜਰ ਹੈ। ਫਰੀਦਾਬਾਦ ਰਹਿੰਦਾ ਹੈ। ਰਾਹਤ ਵੀ ਫਰੀਦਾਬਾਦ ਦੀ ਹੀ ਇਕ ਫੈਕਟਰੀ 'ਚ ਮੈਨੂਫੈਕਚਰਿੰਗ ਇੰਜੀਨੀਅਰ ਲੱਗੀ ਹੋਈ ਹੈ। ਦੋਹਾਂ ਨੇ ਯੂਨੀਵਰਸਿਟੀ 'ਚੋਂ ਇਕੱਠਿਆਂ ਬੀ. ਟੈਕ. ਕੀਤੀ। ਚੰਡੀਗੜ੍ਹ ਦੀਆਂ ਸੜਕਾਂ 'ਤੇ ਪੈੜ੍ਹਾਂ ਕਰਦਿਆਂ ਇਕ ਦੂਜੇ ਨੂੰ ਜ਼ਿੰਦਗੀ ਦੇ ਸਫਰ ਦਾ ਹਾਣੀ ਬਣਾ ਲਿਆ। ਦੋਵੇਂ ਹਮ ਉਮਰ ਨੇ। ਖੂਬਸੂਰਤ ਨੇ। ਹਮ ਰੁਤਬਾ ਨੇ। ਹਮ ਖਿਆਲ ਨੇ। ਆਪੋ- ਆਪਣੇ ਪੈਰਾਂ 'ਤੇ ਖੜ੍ਹੇ ਨੇ। ਮਾਪਿਆਂ ਵੱਲੋਂ ਕੋਈ ਤਾੜਣਾ ਨਹੀਂ। ਕੋਈ ਗ਼ਮ ਨਹੀਂ। ਕੋਈ ਘਾਟ ਨਹੀਂ। ਮੌਜਾਂ ਹੀ ਮੌਜਾਂ। ਪਰ ਅਚਾਨਕ ਰਿਸ਼ਤਿਆਂ ਦੀ ਇਸ ਕੁੜੱਤਣ ਨੇ ਰੰਗ 'ਚ ਭੰਗ ਪਾ ਦਿੱਤੀ।

ਰਾਹਤ ਦਾ ਪਿਤਾ ਮੋਹਕਮ ਸਿੰਘ ਸੰਧੂ ਯੂਨੀਵਰਸਿਟੀ 'ਚ ਪ੍ਰੋਫੈਸਰ ਦੇ ਆਹੁਦੇ ਤੋਂ ਸੇਵਾ ਮੁਕਤ ਹੋਇਆ ਹੈ ਤੇ ਮਾਤਾ ਕਾਲਜ ਲੈਕਚਰਾਰ ਦੀ ਨੌਕਰੀ ਤੋਂ। ਉਹ ਬੜੀ ਤਸੱਲੀ ਤੇ ਖੁਸ਼ੀ ਭਰੀ ਜ਼ਿੰਦਗੀ ਜੀਅ ਰਹੇ ਨੇ। ਉਨ੍ਹਾਂ ਦਾ ਵੱਡਾ ਬੇਟਾ ਜੈਕੀ ਅਮਰੀਕਾ ਰਹਿ ਰਿਹਾ ਹੈ। ਉਥੇ ਹੀ ਉਸ ਵਿਆਹ ਕਰਵਾ ਲਿਆ। ਛੋਟੀ ਬੇਟੀ ਰਾਹਤ ਹੈ, ਜਿਸਨੂੰ ਪੜ੍ਹਾ-ਲਿਖਾ ਤੇ ਵਿਆਹ ਕੇ ਉਹ ਆਪਣੇ ਆਪ ਨੂੰ ਸੁਰਖਰੂ ਮਹਿਸੂਸ ਕਰਦੇ ਸਨ... ਕਿ ਅਚਾਨਕ ਰਾਹਤ, ਆਫਤ ਬਣ ਗਈ।

ਪ੍ਰੋਫੈਸਰ ਪੜ੍ਹਣ-ਲਿਖਣ ਅਤੇ ਖਾਣ-ਪੀਣ ਦਾ ਸ਼ੌਕੀਨ ਹੈ। ਗੋਸ਼ਟੀਆਂ ਤੇ ਸੈਮੀਨਾਰਾਂ 'ਚ ਵਿਆਹ ਵਾਂਗ ਭੱਜ ਕੇ ਜਾਂਦਾ ਹੈ। ਕਈ ਆਈ. ਏ. ਐਸ. ਤੇ ਆਈ. ਪੀ. ਸੀ. ਅਫਸਰ ਉਹਦੇ ਸ਼ਗਿਰਦ ਨੇ। ਹਾਈ ਕਲਾਸ 'ਚ ਉਸਦਾ ਚੰਗਾ ਠਕਠਕਾ ਬੱਝਾ ਹੋਇਆ ਹੈ।

ਉਹ ਮਹੀਨੇ ਛਿਮਾਹੀ ਆਪਣੇ ਪਿੰਡ ਗੇੜਾ ਮਾਰੀ ਰੱਖਦਾ। ਉਨ੍ਹਾਂ ਦੀ ਜ਼ਮੀਨ ਵਿਚੋਂ ਅਬੋਹਰ - ਦਿੱਲੀ ਨੈਸ਼ਨਲ ਹਾਈ ਵੇਅ ਲੰਘਿਆ ਤਾਂ ਰਾਤੋ- ਰਾਤ ਮਿੱਟੀ ਸੋਨਾ ਬਣ ਗਈ। ਜ਼ਮੀਨ ਕਰੋੜਾਂ ਦੀ ਕੀਮਤ ਵਾਲੀ ਹੋ ਗਈ। ਜ਼ਮੀਨ ਖਰੀਦਣ ਲਈ ਲਾਲੇ ਨੋਟਾਂ ਦੇ ਬੋਰੇ ਚੁੱਕੀ ਜੱਟਾਂ ਮਗਰ ਫਿਰਦੇ ਹਨ। ਪਰ ਪ੍ਰੋਫੈਸਰ ਨੇ ਅਜੇ ਲੱਤ ਨਹੀਂ ਸੀ ਲਾਈ। ਖੇਤੀਬਾੜੀ ਉਸਦਾ ਛੋਟਾ ਭਰਾ ਕਰਦਾ ਹੈ ਤੇ ਪ੍ਰੋਫੈਸਰ ਦੇ ਕਹਿਣੇ ਵਿੱਚ ਹੈ।

ਨੈਨਸੀ ਨੇ ਸੇਵਾ ਮੁਕਤੀ ਤੋਂ ਬਾਅਦ ਸੋਸ਼ਲ ਸਰਕਲ ਬਣਾ ਲਿਆ ਸੀ। ਕਦੇ ਲੋੜਵੰਦ ਬੱਚਿਆਂ ਦੀ ਪੜ੍ਹਾਈ- ਲਿਖਾਈ ਲਈ ਪ੍ਰਬੰਧ ਕਰਦੀ ਤੇ ਕਦੇ ਔਰਤਾਂ ਦੀ ਸਿਹਤ ਲਈ ਕੈਂਪ ਲਾਉਂਦੀ। ਹਰ ਵੇਲੇ ਰੁਝੀ ਰਹਿੰਦੀ ਪਰ ਦਿਮਾਗ 'ਤੇ ਕੋਈ ਬੋਝ ਨਹੀਂ। ਸੇਵਾ-ਮੁਕਤ ਹੁੰਦੇ ਹੋਏ ਵੀ ਦੋਵੇਂ ਜੀਅ ਆਪਣੇ-ਆਪ ਨੂੰ ਫਾਲਤੂ ਨਹੀਂ ਸਨ ਸਮਝਦੇ।

ਪਰ ਰਾਹਤ ਦੀ ਇਸ ਅਚਾਨਕ ਆਈ ਬਿਪਤਾ ਨੇ ਸੰਧੂ ਤੇ ਨੈਨਸੀ ਦੇ ਡੌਰ-ਭੌਰ ਘੁੰਮਾ ਦਿੱਤੇ। ਉਹਨਾਂ ਗਲੋਰੀ ਨਾਲ ਵੀ ਗੱਲ ਕੀਤੀ। ਪਰ ਕੋਈ ਵਜ੍ਹਾ ਸਮਝ ਨਹੀਂ ਆਈ। ਜਿਹੜੀ ਰਾਹਤ ਸਾਰਾ ਦਿਨ ਗਲੋਰੀ... ਗਲੋਰੀ ਕਰਦੀ ਰਹਿੰਦੀ ਸੀ, ਉਹੀ ਰਾਹਤ ਹੁਣ ਸੌਰੀ... ਸੌਰੀ ਕਰਦੀ ਫਿਰਦੀ ਸੀ।

'ਸੌਰੀ ਮੰਮਾ ਮੇਰੇ ਤੋਂ ਗਲਤੀ ਹੋ ਗਈ... ਆਈ ਕਾਂਟ ਲਿਵ ਵਿੱਦ ਹਿਮ... ਬਲੱਡੀ ਫੂਲ...।' ਭਰੀ ਪੀਤੀ ਰਾਹਤ ਵਾਰ-ਵਾਰ ਆਪਣੀ ਮਾਂ ਨੈਨਸੀ ਨੂੰ ਕਹਿੰਦੀ।

ਰਾਹਤ, ਗਲੋਰੀ ਨਾਲ ਖਫ਼ਾ ਕਾਹਦੀ ਹੋਈ ਆਪਣੀ ਨੌਕਰੀ ਵੀ ਛੱਡ ਆਈ। ਕਹਿੰਦੀ

ਜਿਥੇ ਗਲੋਰੀ ਰਹੂਗਾ ਉਹ ਉਥੇ ਨੌਕਰੀ ਨਹੀਂ ਕਰ ਸਕਦੀ। ਹੁਣ ਪਟਿਆਲੇ ਰਹੂ ਜਾਂ ਚੰਡੀਗੜ੍ਹ। ਇਥੇ ਹੀ ਨੌਕਰੀ ਕਰੂਗੀ।ਅੱਵਲ ਤਾਂ ਦੁਬਾਰਾ ਵਿਆਹ ਕਰਦੀ ਨਹੀਂ ਜੇ ਕੀਤਾ ਤਾਂ 'ਟਰਾਈਸਿਟੀ' 'ਚ ਕਰੂ। ਬਸ ਇਹੀ ਆਖਰੀ ਫੈਸਲਾ। ਉਹ ਆਪਣੇ ਮਨ 'ਚ ਪੂਰੀ ਪਲੈਨਿੰਗ ਬਣਾਈ ਬੈਠੀ ਸੀ।

ਨੈਨਸੀ, ਰਾਹਤ ਦੀਆਂ ਸਾਰੀਆਂ ਗੱਲਾਂ ਸੁਣਦੀ।ਉਸਨੂੰ ਆਪਣੀ ਛਾਤੀ ਨਾਲ ਲਾਉਂਦੀ। ਮੁੱਖ ਚੁੰਮਦੀ। ਪਿੱਠ ਪਲੋਸਦੀ। ਪਰ ਮੂੰਹੋਂ ਕੁਝ ਨਾ ਬੋਲਦੀ। ਨਾ ਉਸਦੀ ਗੱਲ ਦਾ ਹੁੰਗਾਰਾ ਭਰਦੀ, ਨਾ ਕੱਟਦੀ।

ਪ੍ਰੋਫੈਸਰ ਸੰਧੂ ਵੀ ਚੁੱਪ ਸੀ। ਉਸ ਘਰ ਦਾ ਮਾਹੌਲ ਸੁਖਾਵਾਂ ਕਰਨ ਦੇ ਕਈ ਫਾਰਮੂਲੇ ਵਰਤੇ। ਮਸਲਨ, ਕਦੇ ਸ਼ਾਪਿੰਗ ਵਾਸਤੇ ਚਲੇ ਗਏ। ਕਦੇ ਕਿੱਟੀ ਪਾਰਟ ਕਰ ਲਈ। ਘਰ ਵਿੱਚ ਟੈਲੀਵੀਜ਼ਨ 'ਤੇ ਲਾਫਿੰਗ ਪ੍ਰੋਗਰਾਮ ਲਾਈ ਰੱਖਦਾ।ਸੁਭ੍ਹਾ ਉਚੀ ਆਵਾਜ਼ 'ਚ ਪ੍ਰਵਚਨ ਲਾਉਂਦਾ, ਮਤੇ ਰਾਹਤ ਸੁਣ ਲਵੇ। ਖਾਸ ਤੌਰ 'ਤੇ ਜੈਨ ਮੁਨੀਆਂ ਦੇ, ਜਿਹੜੇ ਜ਼ਿੰਦਗੀ ਜੀਣ ਦੇ ਅਧਿਆਤਮਕ ਢੰਗ ਦੱਸਦੇ ਨੇ। ਪਰ ਅਜੇ ਤੱਕ ਕੋਈ ਫਾਰਮੂਲਾ ਰਾਸ ਨਹੀਂ ਸੀ ਆਇਆ। ਇਸੇ ਜੋੜ-ਤੋੜ ਵਿਚ ਡੇਢ ਮਹੀਨਾ ਲੰਘ ਗਿਆ।

ਪੜ੍ਹਿਆਂ ਲਿਖਿਆਂ ਦਾ ਇਹ ਵੀ ਇਕ ਫੰਡਾ ਹੁੰਦਾ। ਉਹ ਕਿਸੇ ਨੂੰ ਕੁਝ ਕਹਿਣ ਦੀ ਪਹਿਲ ਨਹੀਂ ਕਰਦੇ। ਹਰ ਵੇਲੇ ਦੂਸਰੇ ਦੇ ਮੂੰਹ ਵੱਲ ਵੇਖਦੇ ਰਹਿੰਦੇ ਨੇ। ਅਖੀਰ ਇਕ ਦਿਨ ਰਾਹਤ ਨੇ ਐਲਾਨ ਕਰ ਦਿੱਤਾ। ਉਹ ਗਲੋਰੀ ਤੋਂ ਤਲਾਕ ਲੈਣ ਲਈ ਵਕੀਲ ਕੋਲ ਜਾਣਾ ਚਾਹੁੰਦੀ ਹੈ। ਕੇਸ ਫਾਈਲ ਕਰਨ। ਉਸਨੇ ਆਪਣੇ ਪਿਤਾ ਨੂੰ ਕਿਸੇ ਚੰਗੇ ਜਿਹੇ ਵਕੀਲ ਕੋਲ ਚੱਲਣ ਲਈ ਕਿਹਾ।

'ਓਕੇ ਬੇਟਾ, ਯੂ ਡਾਂਟ ਵਰੀ, ਮੈਂ ਦੇਖਦਾਂ ਕੋਈ ਚੰਗਾ ਜਿਹਾ ਵਕੀਲ... ਮੇਰੇ ਕਈ ਸਟੂਡੈਂਟ ਵਕੀਲ ਹੈਗੇ... ਬਸ ਮੇਰਾ 'ਸਮਾਜਿਕ ਰਿਸ਼ਤਿਆਂ ਦੀ ਮਹੱਤਤਾ' ਵਾਲਾ ਸੈਮੀਨਾਰ ਟੱਪ ਜਾਵੇ...।' ਕਹਿੰਦਿਆਂ ਪ੍ਰੋ. ਸੰਧੂ ਨੇ ਇਕ ਵਾਰ ਫਿਰ ਗੱਲ ਨੂੰ ਟਾਲ ਦਿੱਤਾ।

ਹਫਤਾ -ਦਸ ਦਿਨ ਹੋਰ ਇਸੇ ਖਿਚ- ਖਿਚ ਵਿੱਚ ਲੰਘ ਗਏ। ਇਹ ਨਹੀਂ ਕਿ ਇਹ ਖਿੱਚਾ-ਧੂਹੀ ਰਾਹਤ ਦੇ ਘਰ ਵਿੱਚ ਹੀ ਸੀ, ਗਲੋਰੀ ਵਾਲੇ ਪਾਸੇ ਵੀ ਇਹੀ ਹਾਲ ਸੀ। ਪਰ ਇਕ ਫਰਕ ਇਹ ਸੀ ਕਿ ਗਲੋਰੀ 'ਕੱਠੇ ਹੋਣ ਲਈ ਯਤਨ ਕਰ ਰਿਹਾ ਸੀ ਤੇ ਰਾਹਤ ਤੋੜ ਵਿਛੋੜੇ ਵਾਸਤੇ। ਗਲੋਰੀ ਨੇ ਰਾਹਤ ਨੂੰ ਕਈ ਵਾਰ ਫੋਨ ਕੀਤੇ। ਪਰ ਉਸ ਫੋਨ ਨਹੀਂ ਚੁੱਕਿਆ।

ਗਲੋਰੀ ਆਪਣੇ ਸੱਸ-ਸਹੁਰੇ ਨੂੰ ਫੋਨ ਕਰਕੇ ਮੁਆਫੀ ਮੰਗਦਾ। ਰਾਹਤ ਨੂੰ ਭੇਜਣ ਦੀਆਂ ਅਰਜੋਈਆਂ ਕਰਦਾ। ਆਪਣੀ ਜ਼ਿੰਦਗੀ ਦੇ ਵਾਸਤੇ ਪਾਉਂਦਾ। ਉਹਨਾਂ ਨੂੰ ਦੱਸਦਾ ਕਿ ਅੱਜਕੱਲ ਬੈਂਕ ਮੈਨੇਜਰਾਂ 'ਤੇ ਬਹੁਤ ਪ੍ਰੈਸ਼ਰ ਹੈ। ਖੜ੍ਹੇ ਪੈਰ ਸੌ - ਦੋ ਸੌ ਬੀਮਾ ਪਾਲਸੀਆਂ ਵੇਚਣ ਦਾ ਹੁਕਮ ਆ ਜਾਂਦੇ। ਅਟਲ ਬੀਮਾ ਯੋਜਨਾ ਵੱਧ ਤੋਂ ਵੱਧ ਵੇਚਣ ਲਈ ਤਾਂ ਹਮੇਸ਼ਾਂ ਹੀ ਡੰਡਾ ਖੜ੍ਹਾ ਰਹਿੰਦਾ। ਕੀਹਨੂੰ ਕਹੀਏ। ਕੋਈ ਕਰਾਉਂਦਾ, ਕੋਈ ਨਹੀਂ। ਬੈਂਕ ਦਾ ਕੰਮ ਕਰੀਏ ਕਿ ਪਾਲਸੀਆਂ ਵੇਚੀਏ।

ਰੋਣ ਹਾਕਾ ਹੋਇਆ ਗਲੋਰੀ ਦੱਸਦਾ ਕਿ ਉਹ ਆਪਣੇ ਸਾਰੇ ਰਿਸ਼ਤੇਦਾਰਾਂ ਤੇ ਯਾਰ-ਬੇਲੀਆਂ ਨੂੰ ਪਾਲਸੀਆਂ ਵੇਚ ਚੁੱਕਿਆ... ਖੁਦ ਵੀ ਪਤਾ ਨਹੀਂ ਕਿੰਨੀਆਂ ਖਰੀਦ ਲਈਆਂ... ਪਰ ਅਫਸਰਾਂ ਦਾ ਢਿੱਡ ਨਹੀਂ ਭਰਦਾ... ਬੈਂਕ ਦੇ ਸੇਵਾਦਾਰਾਂ ਤੱਕ ਦੇ ਰਿਸ਼ਤੇਦਾਰਾਂ ਨੂੰ ਵਗਾਰਾਂ ਪਾ 'ਤੀਆਂ... ਮਰਦਾ ਕੀ ਨੀਂ ਕਰਦਾ... ਅਫਸਰ ਕਹਿੰਦੇ ਨੇ ਕਰਜ਼ਾ ਬਾਅਦ 'ਚ ਮੰਨਜ਼ੂਰ ਕਰੋ ਮਿਊਚਲ ਫੰਡ ਪਹਿਲਾਂ ਵੇਚੋ... ਭਕਾਈ ਉਨ੍ਹਾਂ ਦੀ, ਕਮਿਸ਼ਨ ਉਤਲੇ ਖਾ ਜਾਂਦੇ ਨੇ... ਛੇ ਮੁਲਾਜ਼ਮਾਂ ਦੀ ਥਾਂ



ਤਿੰਨ ਜਣੇ ਕੰਮ ਕਰਦੇ ਹਾਂ... ਅੱਧੀ ਰਾਤ ਤੱਕ ਕੰਮ ਕਰਨਾ ਪੈਂਦਾ... ਉਤੋਂ ਆਧਾਰ ਕਾਰਡ ਲਿੰਕ ਕਰਨ ਦਾ ਕੰਮ ਚੱਲ ਰਿਹਾ। ਬਿਨ੍ਹਾਂ ਪੈਸਿਆਂ ਤੋਂ ਖਾਤੇ ਖੋਲ੍ਹੇ ਜਾ ਰਹੇ ਨੇ... ਮੀਟਿੰਗਾਂ ਵੱਖ... ਕਸਟਮਰਾਂ ਨੂੰ ਸਾਅਬ ਸਲਾਮ ਵੀ ਕਰਨੀ ਪੈਂਦੀ ਆ... ਸੁਸਾਇਟੀ 'ਚ ਵਿਆਹ ਸ਼ਾਦੀਆਂ ਵੀ... 'ਪਲੀਜ਼ ਰੀਅਲਾਈਜ਼ ਮਾਈ ਸਿਚੁਏਸ਼ਨ'...।

ਸੱਸ-ਸਹੁਰਾ ਉਸਦੀ ਹਾਂ 'ਚ ਹਾਂ ਮਿਲਾਉਂਦੇ। ਰਾਹਤ ਨੂੰ ਸਾਰੀ ਗੱਲ ਦੱਸਦੇ।

'ਬੇਟਾ, ਗਲੋਰੀ ਬਹੁਤ ਪਛਤਾ ਰਿਹੈ... ਪ੍ਰੇਸ਼ਾਨ ਹੈ... ਕੰਮ ਦਾ ਬਹੁਤ ਪ੍ਰੇਸ਼ਰ ਹੈ... ਮਾਰੇ ਨਾਲੋਂ ਭਜਾਇਆ ਚੰਗਾ ਹੁੰਦੈ... ਤੂੰ ਚਲੀ ਜਾਹ... ਆਖਿਰ ਕੁੜੀਆਂ ਨੇ ਜਾਣਾ ਤਾਂ ਆਪਣੇ ਘਰ ਹੀ ਹੁੰਦਾ।' ਸੰਧੂ ਤੇ ਨੈਨਸੀ ਮਨਾਉਣ ਦੀ ਕੋਸ਼ਿਸ਼ ਕਰਦੇ।

ਪਰ ਥਿੰਦੇ ਘੜੇ ਵਾਂਗ ਰਾਹਤ 'ਤੇ ਕਿਸੇ ਗੱਲ ਦਾ ਅਸਰ ਨਾ ਹੁੰਦਾ।

'ਸੌਰੀ ਮਾਮ, ਸੌਰੀ ਡੈਡ...।' ਕਹਿਕੇ ਰਾਹਤ ਪਾਸਾ ਵੱਟ ਲੈਂਦੀ। ਉਸਦੀ ਇਕੋ ਅੜੀ ਸੀ, ਤਲਾਕ ਲੈਣਾ। ਪਹਿਲੀ ਤੇ ਆਖਰੀ ਗੱਲ। ਵਿੱਚ ਵਿਚਾਲੇ ਕੁਝ ਨਹੀਂ।

ਮਾਪਿਆਂ ਵੱਲੋਂ ਤਲਾਕ ਦਾ ਹੁੰਗਾਰਾ ਨਾ ਮਿਲਣ 'ਤੇ ਅਖੀਰ ਇਕ ਦਿਨ ਰਾਹਤ ਨੇ ਆਪਣੀ ਮਾਂ ਨੂੰ ਘੇਰ ਲਿਆ। ਕਹਿੰਦੀ, 'ਮਾਮ, ਤੁਸੀਂ ਆਪਣੀ ਧੀ ਨਾਲ ਕਿਹੜੀ ਦੁਸ਼ਮਣੀ ਕੱਢ ਰਹੇ ਓਂ। ਮੇਰੀ ਜ਼ਿੰਦਗੀ ਨੂੰ ਕਿਉਂ ਬਰਬਾਦ ਕਰ ਰਹੇ ਓਂ। ਮੈਨੂੰ ਕਿਉਂ ਤਲਾਕ ਨਹੀਂ ਦਿਵਾਉਂਦੇ। ਮੈਂ ਨਵੀਂ ਜ਼ਿੰਦਗੀ ਸ਼ੁਰੂ ਕਰਨੀ ਚਾਹੁੰਦੀ ਆਂ।'

'ਬੇਟਾ, ਗਲੋਰੀ 'ਚ ਕੀ ਘਾਟ ਹੈ... ਤੈਨੂੰ ਉਥੇ ਕੀ ਦੁੱਖ ਹੈ... ਨਾਲੇ ਜ਼ਿੰਦਗੀ ਵੀ ਕਦੇ ਨਵੀਂ ਪੁਰਾਣੀ ਹੋਈ ਆ... ਇਹ ਕੋਈ ਸ਼ਰਟ ਥੋੜ੍ਹਾ ਕਿ ਪੁਰਾਣੀ ਸੁੱਟ ਨਵੀਂ ਲੈ ਲਈ... ਬੇਟਾ...।' ਮਾਂ ਨੇ ਉਲਟਾ ਸਵਾਲ ਕੀਤਾ।

'ਮੰਮਾਂ, ਹੀ ਇਜ਼ ਲੂਜ਼ ਕਰੈਕਟਰ... ਮੇਰੀ ਪਰਵਾਹ ਨਹੀਂ ਕਰਦਾ... ਮੀਟਿੰਗਾਂ ਦਾ ਬਹਾਨਾ ਲਾ ਕੇ ਐਸ਼ਾਂ ਕਰਦਾ ਰਹਿੰਦਾ... ਮੈਂ ਉਹਦੀ ਐਹੋ ਜਿਹੀ ਅਫਸਰੀ ਤੋਂ ਕੀ ਲੈਣਾ... ਜਦੋਂ ਮੇਰੇ ਲਈ ... ਕੀ ਇਹੋ ਜਿਹੇ ਬੰਦੇ ਨਾਲ ਰਿਹਾ ਜਾ ਸਕਦਾ ?' ਰਾਹਤ ਨੇ ਜਵਾਬ ਦੇ ਨਾਲ ਹੀ ਸਵਾਲ ਕਰ ਦਿੱਤਾ।

'ਓਹ ਸੈਡ... ਬੱਟ ਬੇਟਾ ਤੂੰ ਵਿਚਲੀ ਕਿਸੇ ਘੁੰਡੀ ਨੂੰ ਲੱਭ, ਉਸਨੂੰ ਸੋਲਵ ਕਰ... ਜੇ ਕੋਈ ਪ੍ਰੇਸ਼ਾਨੀ ਆ ਤਾਂ ਆਪਾਂ ਉਹਦਾ ਹੱਲ ਕਰਲਾਂਗੇ... ਬੇਟਾ ਕਈ ਵਾਰ ਕੰਮ ਦੀ ਮਜ਼ਬੂਰੀ ਹੁੰਦੀ ਆ... ਉਹਦਾ ਕਿਹੜਾ ਜੀਅ ਨੀਂ ਕਰਦਾ ਰਲ ਬੈਠਣ ਨੂੰ...।' ਮਾਂ ਨੇ ਮਾਂ ਵਾਲਾ ਪੱਖ ਪੂਰਿਆ।

'ਮੰਮਾਂ ਤੁਸੀਂ ਸਮਝਦੇ ਕਿਉਂ ਨਹੀਂ, ਕੰਮ ਦਾ ਤਾਂ ਬਹਾਨਾ... ਟੂ ਬੀ ਫਰੈਂਕ... ਜਾਂ ਤਾਂ ਉਸਦਾ ਕਿਸੇ ਹੋਰ ਲੇਡੀ ਨਾਲ ਸਬੰਧ ਹੈ ਜਾਂ ਫੇਰ ਮੈਨੂੰ ਫੇਸ ਕਰਨ ਤੋਂ ਡਰਦਾ... ਕੁਝ ਵੀ ਹੋਵੇ ਮੈਂ ਵੇਖ ਲਿਆ ਉਹ ਮੇਰੇ ਕੰਮ ਦਾ ਨਹੀਂ... ਚਾਰ ਕੰਧਾਂ 'ਚ ਕੰਧ ਬਣਕੇ ਨਹੀਂ ਰਹਿ ਸਕਦੀ ਮੈਂ... ਮੈਨੂੰ ਤਲਾਕ ਚਾਹੀਦੈ ਬਸ...।' ਰਾਹਤ ਨੇ ਆਪਣਾ ਆਖਰੀ ਫੈਸਲਾ ਸੁਣਾ ਦਿੱਤਾ।

'ਬੇਟਾ, ਲਾਈਫ ਇਜ਼ ਨਾਟ ਸੋ ਈਜ਼ੀ... ਟਰਾਈ ਟੂ ਅੰਡਰ ਸਟੈਂਡ ਈਚ ਅਦਰ... ਹਰ ਸਮੱਸਿਆ ਦਾ ਕੋਈ ਨਾ ਕੋਈ ਹੱਲ ਹੁੰਦਾ...।' ਮਾਂ ਨੇ ਸਮਝਾਇਆ।

'ਮੰਮਾ... ਪਲੀਜ਼ ਸਟਾਪ ਪ੍ਰਵਚਨ... ਮੈਨੂੰ ਸਿਰਫ ਇਕ ਗੱਲ ਦਾ ਜਵਾਬ ਦਿਓ ਕਿ ਤੁਸੀਂ ਮੇਰਾ ਭਲਾ ਚਾਹੁੰਦੇ ਹੋ ਜਾਂ ਨਹੀਂ...।' ਰਾਹਤ ਨੇ ਕਰੜਾ ਰੁੱਖ ਅਖਤਿਆਰ ਕਰਦਿਆਂ ਕਿਹਾ।

'ਬੇਟਾ ਤੇਰਾ ਹੀ ਤਾਂ ਭਲਾ ਚਾਹੁੰਦੀ ਹਾਂ... ਤੂੰ ਇਕ ਵਾਰ ਸਾਨੂੰ ਕੋਸ਼ਿਸ਼ ਤਾਂ ਕਰਨ ਦੇ।'

'ਮੇਰਾ ਐਸ 'ਚ ਕੀ ਭਲਾ, ਕਮੀਨੇ ਬੰਦੇ ਨਾਲ ਰਹਿ ਕੇ ਮੇਰਾ ਕੀ

ਭਲਾ ਹੋਊ... ਮੈਨੂੰ ਸਮਝ ਨਹੀਂ ਆਉਂਦੀ... ਪਤਾ ਨਹੀਂ ਤੁਹਾਡੀ ਮੱਤ ਨੂੰ ਕੀ ਹੋਇਆ... ਵਾਏ ਯੂ ਨਾਟ ਅੰਡਰਸਟੈਂਡ ਮਾਈ ਪ੍ਰਾਬਲਮ...।' ਰਾਹਤ ਨੇ ਤੜਪ ਕੇ ਕਿਹਾ।

'ਬੇਟਾ ਸਮੱਸਿਆ ਹੈ ਤਾਂ ਉਸਦਾ ਹੱਲ ਹੋ ਜੂ... ਅਸੀਂ ਗੱਲ ਕਰਾਂਗੇ ਗਲੋਰੀ ਨਾਲ... ਪੁੱਛਾਂਗੇ ਉਹਨੂੰ... ਜੇ ਨਾ ਸੁਧਰਿਆ ਤਾਂ ਫੇਰ ਭਾਵੇਂ ਛੱਡ ਦੇਈਂ... ਪਰ ਇਕ ਵਾਰ ਗੱਲ ਤਾਂ ਕਰਨੀ ਚਾਹੀਦੀ ਆ... ਬੇਟਾ ਅਸੀਂ ਤੇਰੇ ਭਲੇ ਦੀ ਹੀ ਗੱਲ ਕਰਾਂਗੇ... ਮਾਪੇ ਆਂ ਤੇਰੇ, ਕੋਈ ਦੁਸ਼ਮਣ ਨਹੀਂ... ।' ਮਾਂ ਨੇ ਉਸਨੂੰ ਸਮਝਾਇਆ।

'ਨੋ ... ਮੈਂ ਕੋਈ ਗੱਲ ਨਹੀਂ ਕਰਨੀ... ਮੈਂ ਆਪਣਾ ਫੈਸਲਾ ਕਰ ਲਿਆ... ਬਸ ਮੈਨੂੰ ਤਲਾਕ ਚਾਹੀਦਾ...।'

'ਜੇ ਅਗਲਾ ਇਸਤੋਂ ਵੀ ਮਾੜਾ ਮਿਲਿਆ, ਫੇਰ...।'

'ਵੇਖੀ ਜਾਊ।' ਰਾਹਤ ਨੇ ਲਾਪਰਵਾਹੀ ਨਾਲ ਕਿਹਾ।

'ਬੇਟਾ ਜ਼ਿੰਦਗੀ 'ਚ ਬਹੁਤ ਵਾਧੇ -ਘਾਟੇ ਹੁੰਦੇ ਨੇ... ਉਨ੍ਹਾਂ ਨੂੰ ਹੱਲ ਕਰਨਾ ਪੈਂਦਾ... ਪਲੀਜ਼ ਅੰਡਰਸਟੈਂਡ... ਬੇਟਾ ਸਾਡੀ ਜ਼ਿੰਦਗੀ ਵੱਲ ਵੇਖ... ਸਾਰਾ ਕੁਝ ਕਰਕੇ ਅਖੀਰ ਸਮਝੋਤਾ ਕਰਨਾ ਪਿਆ... ਪਲੀਜ਼ ਟਰਾਈ ਟੂ ਅੰਡਰ ਸਟੈਂਡ ... ਲਾਈਫ ਲਤੀਫ਼ਾ ਨਹੀਂ... ।' ਮਾਂ ਦੀਆਂ ਅੱਖਾਂ ਭਰ ਆਈਆਂ।

'ਮੋਮ, ਆਈ ਆਲਸੋ ਸੇਅ ਲਾਈਫ ਲਤੀਫਾ ਨਹੀਂ... ਜੰਗ ਹੈ ਜੰਗ, ਲੜਣੀ ਪੈਂਦੀ ਹੈ... ਐਵੀਂ ਹਰ ਥਾਂ ਸਮਝੋਤੇ ਨਹੀਂ ਹੋ ਸਕਦੇ... ਤੁਸੀਂ ਤਾਂ ਲਾਈਫ ਨੂੰ ਫੇਸ ਕਰਨ ਦੀ ਥਾਂ ਸਮਝੋਤਾ ਕਰ ਲਿਆ ਬੱਟ ਮੇਰੇ ਤੋਂ ਤਾਂ ਨਹੀਂ ਹੋ ਸਕਦਾ... ਮੈਂ ਤਾਂ...।' ਗੱਲ ਕਰਦੀ - ਕਰਦੀ ਰਾਹਤ ਚੁੱਪ ਕਰ ਗਈ। ਪਤਾ ਨਹੀਂ ਉਸ ਕੋਲ ਜਵਾਬ ਨਹੀਂ ਸੀ ਜਾਂ ਉਹ ਚੁੱਪ ਰਹਿਕੇ ਆਪਣਾ ਗੁੱਸਾ ਵਿਖਾ ਰਹੀ ਸੀ। ਤੇ ਫੇਰ ਉਹ ਪੈਰ ਛੰਡਦੀ ਹੋਈ ਆਪਣੇ ਕਮਰੇ 'ਚ ਚਲੀ ਗਈ।

ਨੈਨਸੀ ਡਰਾਇੰਗ ਰੂਮ 'ਚ ਸੋਫੇ 'ਤੇ ਹੀ ਬੈਠੀ ਰਹੀ। ਉਸਦਾ ਮਨ ਵੀਹ ਸਾਲ ਪਿੱਛੇ ਚਲਾ ਗਿਆ। ਜਿਹੜੀਆਂ ਗੱਲਾਂ 'ਤੇ ਮਿੱਟੀ ਪੈ ਚੁੱਕੀ ਸੀ ਤੇ ਉਸਨੇ ਆਪਣੇ ਆਪ ਨਾਲ ਵੀ ਕਦੇ ਸਾਂਝੀਆਂ ਨਹੀਂ ਸੀ ਕੀਤੀਆਂ ਉਹ ਗੱਲਾਂ ਹੁਣ ਧੀ ਨੇ ਮੁੜ ਯਾਦ ਕਰਵਾ ਦਿੱਤੀਆਂ।

ਪ੍ਰੋਫੈਸਰ ਮੋਹਕਮ ਸਿੰਘ ਸੰਧੂ ਦਾ ਜਨਮ ਡੱਬਵਾਲੀ ਲਾਗੇ ਪੰਜਾਬ ਤੇ ਹਰਿਆਣੇ ਦੀ ਹੱਦ 'ਤੇ ਪੈਂਦੇ ਪਿੰਡ ਇਕ ਪਛੜੇ ਜਿਹੇ ਪਿੰਡ 'ਚ ਹੋਇਆ ਸੀ। ਉਸਦੇ ਬਾਪ ਗੱਜਣ ਸਿੰਘ ਹੋਰੀਂ ਚਾਰ ਭਾਈ ਸੀ। ਪਿੱਛੋਂ ਪਾਕਿਸਤਾਨ ਤੋਂ ਉਜੜ ਕੇ ਆਏ ਸੀ। ਪਿੰਡ 'ਚ ਲਹੌਰੀਏ ਵੱਜਦੇ ਸੀ। ਮੁਸਲਮਾਨਾਂ ਦੀ ਜ਼ਮੀਨ ਅਲਾਟ ਹੋਣ ਕਰਕੇ ਉਹ ਇਥੇ ਵੱਸ ਗਏ। ਪਰ ਕਿਸੇ ਮਲਵਈ ਨੇ ਉਨ੍ਹਾਂ ਨੂੰ ਧੀ ਨਾ ਦਿੱਤੀ, ਕਹਿੰਦੇ ਲਹੌਰੀਏ ਨੇ। ਭੈਣਾਂ-ਭਾਈਆਂ 'ਚ ਵਿਆਹ ਕਰ ਦਿੰਦੇ ਨੇ। ਮਾਂ ਦਾ ਦੁੱਧ ਹੀ ਬਖਸ਼ਦੇ ਨੇ। ਇਹ ਤਾਂ ਅੱਧੇ ਮੁਸਲਮਾਨ ਹੁੰਦੇ ਨੇ। ਇਨ੍ਹਾਂ ਨੂੰ ਧੀ ਦੇ ਕੇ ਕੁੱਲ ਦੀ ਬਦਨਾਮੀ ਕਰਾਉਣੀ ਆ।

ਮੁੱਲ ਦੀ ਜ਼ਨਾਨੀ ਲਿਆਉਣ ਦੀ ਉਨ੍ਹਾਂ 'ਚ ਤਵੱਕੋਂ ਨਹੀਂ ਸੀ। ਅਖੀਰ ਮਿੰਨਤ ਮਥਾਜੀ ਕਰਕੇ ਚਾਰਾਂ ਭਾਈਆਂ 'ਚੋਂ ਇਕ ਗੱਜਣ ਸਿੰਘ ਵਿਆਹਿਆ ਗਿਆ। ਉਹ ਵੀ ਇਕ ਮੁਸਲਮਾਨਣੀ ਰਹਿਮਤ ਨਾਲ, ਜਿਸਦਾ ਨਾਂ ਵਿਆਹ ਤੋਂ ਬਾਅਦ ਬੇਅੰਤ ਕੌਰ ਰੱਖਿਆ ਗਿਆ। ਬੇਅੰਤ ਕੌਰ ਸਾਢੇ ਪੰਜ ਫੁੱਟ ਉੱਚੀ ਬਹੁਤ ਖੂਬਸੂਰਤ ਔਰਤ ਸੀ। ਵੱਢਾ-ਟੁੱਕੀ ਵੇਲੇ ਉਹ ਪਿੰਡ ਰਹਿ ਗਈ ਸੀ। ਪਿੰਡ ਵਾਲੇ ਭਲੇ ਲੋਕ ਸਨ। ਉਨ੍ਹਾਂ ਉਸਨੂੰ ਸੰਭਾਲ ਕੇ ਰੱਖਿਆ ਤੇ ਫੇਰ ਗੱਜਣ ਸਿੰਘ ਲਹੌਰੀਏ ਦੇ ਘਰ ਬਿਠਾ ਦਿੱਤਾ। ਗੱਜਣ ਸਿੰਘ ਦੀ ਤੌੜੀ 'ਚ ਵੀ ਕੜਛੀ ਖੜਕਣ ਲੱਗੀ।



ਉਨ੍ਹਾਂ ਹੋਰ ਮੁਸਲਮਾਨਣੀਆਂ ਦੀ ਵੀ ਭਾਲ ਕੀਤੀ। ਬਈ ਦੂਜੇ ਭਰਾ ਵੀ ਜਵਾਕਾਂ ਵਾਲੇ ਬਣ ਸਕਣ। ਪਰ ਹੋਰ ਕੋਈ ਮੁਸਲਮਾਨਣੀ ਨਾ ਮਿਲੀ। ਤੇ ਇਸ ਮਜਬੂਰੀ 'ਚ ਬਾਕੀ ਤਿੰਨੇ ਭਰਾ ਛੜੇ ਹੀ ਰਹਿ ਗਏ।

ਗੱਜਣ ਸਿੰਘ ਦੇ ਘਰ ਦੋ ਪੁੱਤ ਤੇ ਦੋ ਧੀਆਂ ਜੰਮੀਆਂ। ਸਾਰੇ ਗੁੱਡੇ ਗੁੱਡੀਆਂ ਵਰਗੇ, ਮਾਂ 'ਤੇ ਗਏ। ਵੱਡਾ ਮੋਹਕਮ ਸਿੰਘ, ਤਾਂ ਬਾਹਲਾ ਈ ਗੋਰਾ ਨਿਛੋਹ। ਲੰਬਾ ਲੰਝਾ। ਨਿਰਾ ਬਣਿਆ ਤਣਿਆ ਧਰਮਿੰਦਰ। ਪੜ੍ਹਣ-ਲਿਖਣ 'ਚ ਅੰਤਾਂ ਦਾ ਹੁਸ਼ਿਆਰ। ਸਕੂਲ ਪੜ੍ਹਦਿਆਂ ਜ਼ਿਲ੍ਹੇ 'ਚ ਫਸਟ ਆਇਆ। ਹਰ ਕਲਾਸ 'ਚ ਵਜ਼ੀਫਾ ਲੱਗਿਆ। ਕਾਲਜ ਗਿਆ ਯੂਨੀਵਰਸਿਟੀ ਟਾਪਰ। ਯੂਨੀਵਰਸਿਟੀ ਵਿਚਲੇ ਪ੍ਰੋਫੈਸਰਾਂ ਦੇ ਭਾਊ ਗਰੁੱਪ ਨੇ ਉਸਨੂੰ ਹੱਥਾਂ 'ਤੇ ਚੁੱਕ ਲਿਆ। ਪੜ੍ਹਾਈ ਪੂਰੀ ਕਰਦਿਆਂ ਹੀ ਪ੍ਰੋਫੈਸਰ ਲੱਗ ਗਿਆ। ਸਿਆਣਾ ਤੇ ਸਮਝਦਾਰ। ਆਪਣੀਆਂ ਦੋਹੇਂ ਭੈਣਾਂ ਤੇ ਭਾਈ ਵਿਆਹ ਦਿੱਤੇ।

ਖੁਦ ਚੰਡੀਗੜ੍ਹ ਜਾ ਕੋਠੀ ਪਾਈ। ਵਿਆਹ ਕਰਵਾਇਆ ਤਾਂ ਪਟਿਆਲੇ ਦੀ ਕਾਲਜ ਲੈਕਚਰਾਰ ਨੈਨਸੀ ਨਾਲ। ਨੈਨਸੀ ਦੇਹਰਾਦੂਨ ਦੇ ਫੌਜੀ ਅਫਸਰ ਦੀ ਧੀ ਸੀ। ਦੋਵੇਂ ਸੋਹਣੇ ਸੁਨੱਖੇ ਰੱਜ ਕੇ। ਕਮਾਊ। ਸਾਂਝੇ ਮਿੱਤਰਾਂ ਰਾਹੀਂ ਕਰਵਾਈ ਮਿਲਣੀ 'ਚ ਇਕ ਦੂਜੇ ਨੂੰ ਪਸੰਦ ਆ ਗਏ। ਦੋਹਾਂ ਇਕ ਦੂਜੇ ਦਾ ਨਾ ਅੱਗਾ-ਪਿੱਛਾ ਪੁੱਛਿਆ ਤੇ ਨਾ ਦੱਸਿਆ। ਜਦੋਂ ਵਰਤਮਾਨ ਚੰਗਾ ਹੋਵੇ ਤਾਂ ਭੂਤ -ਭਵਿੱਖ ਵੱਲ ਧਿਆਨ ਘੱਟ ਹੀ ਜਾਂਦੈ।

ਦੋ ਸਾਲ ਹੱਸਦਿਆਂ ਖੇਡਦਿਆਂ ਲੰਘ ਗਏ। ਤੀਜੇ ਸਾਲ ਵੀ ਬੱਚਾ ਨਾ ਹੋਇਆ ਤਾਂ ਦੋਵਾਂ ਨੂੰ ਥੋੜ੍ਹੀ-ਥੋੜ੍ਹੀ ਫਿਕਰ ਜਿਹੀ ਹੋਣ ਲੱਗੀ। ਦੋਹਾਂ ਨੂੰ ਬੱਚੇ ਦੀ ਚਾਹਤ ਸੀ। ਇਕ ਦਿਨ ਪ੍ਰੋਫੈਸਰ ਸੰਧੂ ਨੇ ਆਪਣੇ ਡਾਕਟਰ ਦੋਸਤ ਨਾਲ ਗੱਲ ਕੀਤੀ। ਉਸ ਰੁਟੀਨ ਚੈਕਅੱਪ ਕਰਾਇਆ ਤਾਂ ਸਪਰਮ ਘੱਟ ਤੇ ਕਮਜ਼ੋਰ ਨਿਕਲੇ। ਡਾਕਟਰ ਨੇ ਦੱਸਿਆ ਕੋਈ ਪ੍ਰੇਸ਼ਾਨੀ ਵਾਲੀ ਗੱਲ ਨਹੀਂ, ਦਵਾਈ ਨਾਲ ਸਮੱਸਿਆ ਹੱਲ ਹੋ ਜੂ। ਉਸ ਦਵਾਈ ਸ਼ੁਰੂ ਕਰ ਦਿੱਤੀ। ਸੰਧੂ ਨੇ ਨੈਨਸੀ ਨੂੰ ਕੁਝ ਨਾ ਦੱਸਿਆ। ਸੋਚਿਆ ਐਵੀਂ ਫਿਕਰ ਕਰੂ।

ਪਰ ਇਕ ਦਿਨ ਦਵਾਈਆਂ ਵਾਲੀ ਪਰਚੀ ਨੈਨਸੀ ਦੇ ਹੱਥ ਲੱਗ ਗਈ। ਨੈਨਸੀ ਸਾਰਾ ਮਾਜਰਾ ਸਮਝ ਗਈ। ਨੈਨਸੀ ਅੰਦਰਲੀ ਔਰਤ ਜਾਗ ਪਈ। ਕਿਤਾਬੀ ਸਿਆਣਪ ਧਰੀ ਧਰਾਈ ਰਹਿ ਗਈ। ਉਸ ਪਿੱਟ ਸਿਆਪਾ ਪਾ ਲਿਆ। ਦੱਬੀਆਂ ਖਾਹਿਸ਼ਾਂ ਜਾਗ ਪਈਆਂ। ਚੀਕਣ ਲੱਗੀ, 'ਤੂੰ ਜਵਾਕ ਜੰਮਣ ਦੇ ਕਾਬਲ ਨਹੀਂ... ਮੇਰੇ ਨਾਲ ਧੋਖਾ ਕੀਤਾ... ਮੇਰੀ ਜ਼ਿੰਦਗੀ ਬਰਬਾਦ ਕਰ ਦਿੱਤੀ... ਮੈਂ ਨਹੀਂ ਤੇਰੇ ਵੱਸਣਾ...।'

ਪ੍ਰੋਫੈਸਰ ਨੇ ਬਥੇਰਾ ਸਮਝਾਇਆ ਕਿ ਡਾਕਟਰਾਂ ਅਨੁਸਾਰ ਇਹ ਕੋਈ ਲਾ-ਇਲਾਜ ਬਿਮਾਰੀ ਨਹੀਂ। ਇਕ ਕਮਜ਼ੋਰੀ ਹੈ। ਇਸਦਾ ਇਲਾਜ ਕੀਤਾ ਜਾ ਸਕਦਾ। ਉਸ ਦਲੀਲ ਦਿੱਤੀ, 'ਆਪਾਂ ਇਲਾਜ ਕਰਾਉਣੇ ਆਂ... ਸਾਲ-ਛੇ ਮਹੀਨੇ ਬਾਅਦ ਜੇ ਕੋਈ ਫਾਇਦਾ ਨਾ ਹੋਇਆ ਤਾਂ ਤੁਸੀਂ ਜੋ ਮਰਜ਼ੀ ਫੈਸਲਾ ਲੈ ਲਿਓ... ਪਰ ਅਜੇ...।'

'ਨੈਵਰ... ਆਈ ਕਾਂਟ ਵੇਸਟ ਮਾਈ ਲਾਈਫ ਵਿਦ ਅ ਡੈਡ ਪਰਸਨ... ਮੈਨੂੰ ਤਲਾਕ ਦਿਓ ਮੈਂ ਜਾਵਾਂ...।' ਨੈਨਸੀ ਨੇ ਸੌ ਦੀ ਇਕ ਸੁਣਾਉਂਦਿਆਂ ਕਿਹਾ।

ਪ੍ਰੋਫੈਸਰ ਸੰਧੂ ਦਾ ਜਵਾਬ ਲੈਣ ਤੋਂ ਪਹਿਲਾਂ ਹੀ ਉਹ ਆਪਣੇ ਬਾਪ ਕੋਲ ਪੁੱਜ ਗਈ।

'ਬੇਟਾ ਜੇ ਤੁਸੀਂ ਆਪਣੇ ਹਸਬੈਂਡ ਨਾਲ ਨਹੀਂ ਰਹਿਣਾ ਚਾਹੁੰਦੇ ਤਾਂ ਨਾ ਰਹੋ... ਆਪਣੀ ਜ਼ਿੰਦਗੀ ਦੇ ਤੁਸੀਂ ਖੁਦ ਮਾਲਕ ਹੋ... ਤਲਾਕ ਲੈਣਾ ਹੈ ਲੈ ਲਓ... ਕਾਨੂੰਨੀ ਕਾਰਵਾਈ ਕਰੋ...

ਦੇਟਸ ਆਲ...।' ਫੌਜੀ ਨੇ ਨੈਨਸੀ ਦੀ ਗੱਲ ਸੁਣਨ ਤੋਂ ਬਾਅਦ ਫੌਜੀ ਐਕਸ਼ਨ ਵਾਂਗ ਦੋ ਟੁੱਕ ਜਵਾਬ ਦਿੱਤਾ। ਨੈਨਸੀ ਦੀ ਮਾਂ ਹੈ ਨਹੀਂ ਸੀ। ਭਰਾਵਾਂ ਨੇ ਪੰਚਾਇਤੀ ਹੱਲ ਕਰਨ ਵਾਸਤੇ ਕਿਹਾ। ਪਰ ਪਿਓ -ਧੀ ਨੇ ਕਿਸੇ ਦੀ ਨਹੀਂ ਸੁਣੀ।

ਦੇਹਰਾਦੂਨ ਦੇ ਜੱਜ ਕੋਲ ਤਲਾਕ ਅਤੇ ਕਰੋੜਾਂ ਦੀ ਜਾਇਦਾਦ 'ਚੋਂ ਹਿੱਸੇ ਦਾ ਕੇਸ ਕਰ ਦਿੱਤੇ। ਪ੍ਰੋਫੈਸਰ ਦੀਆਂ ਸਿਆਣਪਾਂ ਧਰੀਆਂ ਧਰਾਈਆਂ ਰਹਿ ਗਈਆਂ। ਚੰਡੀਗੜ੍ਹੋਂ, ਦੇਹਰਾਦੂਨ ਜਾਂਦੇ ਪ੍ਰੋਫੈਸਰ ਨੂੰ ਮੁਹਾਰਨੀ ਭੁੱਲ ਗਈ। ਤਲਾਕ ਉਹ ਦੇਣਾ ਨਹੀਂ ਸੀ ਚਾਹੁੰਦਾ। ਇਕ ਤਾਂ ਜ਼ਿੰਦਗੀ ਦੀ ਬਰਬਾਦੀ ਦਿਖਦੀ ਸੀ, ਦੂਜਾ ਨੈਨਸੀ ਨੂੰ ਪਿਆਰ ਕਰਦਾ ਸੀ। ਤੀਜੀ ਸਭ ਤੋਂ ਵੱਡੀ ਗੱਲ ਉਸਤੇ ਨਮਰਦ ਹੋਣ ਦਾ ਠੱਪਾ ਲੱਗ ਜਾਣਾ ਸੀ। ਜ਼ਮੀਨ ਜਾਇਦਾਦ 'ਚੋਂ ਹਿੱਸਾ ਵੱਖਰਾ ਦੇਣਾ ਪੈਣਾ ਸੀ। ਉਸ ਹਰ ਹਰਬਾ ਵਰਤਿਆ। ਨਰਮੀ ਵਾਲਾ। ਕਹਿਣ ਕਹਾਉਣ ਵਾਲਾ। ਵਿਚੋਲਿਆਂ ਵਾਲਾ। ਅਫਸਰਾਂ ਦੀਆਂ ਸਿਫਾਰਸ਼ਾਂ ਤੇ ਦੋਸਤਾਂ ਦੀਆਂ ਭਾਵੁਕ ਅਪੀਲਾਂ। ਪਰ ਕਿਸੇ ਅਸਰ ਨਾ ਕੀਤਾ।

ਅਖੀਰ ਪ੍ਰੋਫੈਸਰ ਸੰਧੂ ਦਾ ਲਹੌਰੀਪੁਣਾ ਜਾਗ ਪਿਆ। ਉਸ ਨੈਨਸੀ ਦਾ ਫਾਹਾ ਵੱਢਣ ਦੀ ਯੋਜਨਾ ਬਣਾ ਲਈ। ਨਾ ਨੈਨਸੀ ਰਹੇ। ਨਾ ਤਲਾਕ ਹੋਵੇ। ਨਾ ਨਮਰਦ ਹੋਣ ਦਾ ਠੱਪਾ ਲੱਗੇ ਤੇ ਨਾ ਹੀ ਜਾਇਦਾਦ ਹੱਥੋਂ ਜਾਵੇ।

ਪ੍ਰੋਫੈਸਰ ਨੇ ਆਪਣੇ ਭਰਾ ਤੇ ਦੋਹਾਂ ਭਣੋਈਆਂ ਨੂੰ ਕਹਿਤਾ, 'ਬਈ ਤੁਸੀਂ ਆਪਣੇ 'ਤੇ ਕੇਸ ਪਵਾ ਕੇ ਅੰਦਰ ਹੋ ਜੋ। ਮੈਂ ਘਰਵਾਲੀ ਤੇ ਸਹੁਰੇ ਨੂੰ ਪਾਰ ਬਲਾਉਣਾ।'

ਭਰਾ ਤੇ ਭਣੋਈਏ ਅੱਗੋਂ ਕਾਹਲੇ। ਕਿਲੋ- ਕਿਲੋ ਅਫੀਮ ਪਵਾ ਲਈ। ਅੰਦਰ ਹੋ ਗਏ। ਗੱਲ 80 ਦੇ ਗੇੜ ਦੀ ਆ ਉਦੋਂ ਅਜੇ ਐਨ. ਡੀ. ਪੀ. ਐਸ. ਐਕਟ ਨਹੀਂ ਸੀ ਬਣਿਆ। ਅਫੀਮ ਦੇ ਕੇਸ 'ਚ ਬਹੁਤੀ ਸਜ਼ਾ ਨਹੀਂ ਸੀ ਹੁੰਦੀ। ਫੇਰ ਵੀ ਜੁਰਮ ਵੱਡਾ ਤੇ ਬਦਨਾਮੀ ਵਾਲਾ ਸੀ।

ਅੱਤਵਾਦ ਦਾ ਸਮਾਂ ਸੀ। ਕੋਈ ਕਿਸੇ ਨੂੰ ਮਾਰ ਦਿੰਦਾ ਨਾ ਅੱਤਵਾਦੀਆਂ ਦਾ ਲੱਗ ਜਾਂਦਾ। ਪ੍ਰੋਫੈਸਰ ਨੇ ਵੀ ਇਹੀ ਦਾਅ ਖੇਡਿਆ। ਗੁੰਡੇ ਮੁੱਲ ਲੈ ਲਏ। ਸੁਪਾਰੀ ਦੇ ਦਿੱਤੀ। ਯੋਜਨਾ ਬਣੀ ਕਿ ਜਦੋਂ ਨੈਨਸੀ ਤੇ ਉਹਦਾ ਪਿਓ ਆਪਣੇ ਸਕੂਟਰ 'ਤੇ ਕਚਹਿਰੀ ਨੂੰ ਜਾਣਗੇ ਤਾਂ ਉਹ ਉਹਨਾਂ ਨੂੰ ਤਿਆਗੀ ਮਾਰਗ 'ਤੇ ਘੇਰ ਲੈਣਗੇ। ਪਹਿਲਾਂ ਗੱਡੀ ਦੀ ਫੇਟ ਨਾਲ ਸਕੂਟਰ ਡੇਗਿਆ ਜਾਊ। ਉਸਤੋਂ ਬਾਅਦ ਚਾਕੂਆਂ, ਕਾਪਿਆਂ ਤੇ ਗੋਲੀਆਂ ਨਾਲ ਹਮਲਾ ਕਰਨਾ। ਦੋਵਾਂ ਦਾ ਘੋਗਾ ਚਿੱਤ। ਨਾਂ ਅੱਤਵਾਦੀਆਂ ਦਾ ਲੱਗ ਜਾਊ। ਪ੍ਰੋਫੈਸਰ ਉਸ ਵੇਲੇ ਅਦਾਲਤ 'ਚ ਤਰੀਕ 'ਤੇ ਹੋਊ। ਕਿਸੇ ਨੂੰ ਸ਼ੱਕ ਨਹੀਂ ਹੋਣਾ।

ਪਰ ਫੌਜੀ ਤੇ ਨੈਨਸੀ ਉਸ ਦਿਨ ਤਰੀਕ 'ਤੇ ਅਦਾਲਤ ਵਿੱਚ ਨਾ ਆਏ। ਗੁੰਡਿਆਂ ਦਾ ਵਾਰ ਖਾਲ੍ਹੀ ਗਿਆ। ਜੱਜ ਨੇ ਅਗਲੀ ਤਰੀਕ ਤਿੰਨ ਮਹੀਨਿਆਂ ਦੀ ਦੇ ਦਿੱਤੀ।

ਪ੍ਰੋਫੈਸਰ ਦੇ ਜੇਲ੍ਹ ਬੈਠੇ ਭਰਾ-ਭਣੋਈਏ ਚੀਕਣ ਲੱਗੇ, 'ਤਿੰਨ ਮਹੀਨੇ ਅੰਦਰ ਰਹੇ ਤਾਂ ਫਸਲਾਂ ਰੁਲ ਜਾਣਗੀਆਂ। ਜ਼ਨਾਨੀਆਂ ਭੱਜ ਜਾਣਗੀਆਂ। ਇਕ ਨੂੰ ਭਾਲਦਿਆਂ ਦੂਜੀਆਂ ਵੀ ਹੱਥੋਂ ਚਲੀਆਂ ਗਈਆਂ ਤਾਂ... ਜੇ ਸਜ਼ਾ ਹੋ ਗਈ ਤਾਂ ਊਂ ਸਾਰੀ ਉਮਰ ਜੇਲ੍ਹ 'ਚ ਲੰਘ ਜੂ।'

ਅਖੀਰ ਉਹ ਜ਼ਮਾਨਤਾਂ ਕਰਾ ਬਾਹਰ ਆ ਗਏ।

ਪ੍ਰੋਫੈਸਰ ਵੀ ਕਹਿੰਦਾ ਢੱਠੇ ਖੂਹ 'ਚ ਜਾਵੇ ਨੈਨਸੀ। ਨਹੀਂ ਮਰਦੀ ਤਾਂ ਨਾ ਮਰੇ। ਕੋਈ ਹੋਰ ਹੱਲ ਕੱਢਲਾਂਗੇ। ਪਰ ਗੁੰਡੇ ਟਿੱਕਣ ਨਾ। ਕਹਿੰਦੇ, '...ਸਾਡੇ ਬਿਜ਼ਨਿਸ ਦਾ ਅਸੂਲ ਆ ਬਈ ਇਕ ਵਾਰ ਸੁਪਾਰੀ ਲੈ ਲਈ ਤਾਂ ਕੰਮ ਸਿਰੇ ਲਾਉਣਾ ਈ ਲਾਉਣਾ। ਜੇ ਅਸੂਲ ਟੁੱਟ ਗਿਆ ਤਾਂ ਮੁੜ ਸਾਨੂੰ ਸੁਪਾਰੀ ਕਿਹੜਾ ਭੜੂਆ ਦਊ। ਸਾਡੇ ਕਿਹੜਾ ਹਲ ਚੱਲਦੇ ਆ... ਜੇ ਬੰਦੇ ਮਾਰਨੋ ਹੱਟਗੇ



ਤਾਂ ਅਸੀਂ ਮਰਜਾਂਗੇ... ਇਹ ਜੁਰਮ ਦੀ ਦੁਨੀਆ। ਇਥੇ ਤਾਂ ਜ਼ਬਾਨਾਂ ਦੇ ਸੌਦੇ ਪੱਕੇ ਹੁੰਦੇ ਆ... ਤੁਹਾਡੇ ਵਰਗਿਆਂ ਦਾ ਸਰ ਜਾਂਦਾ ਲਿਖਾ ਪੜ੍ਹੀ ਕਰਕੇ ਵੀ ਮੁੱਕਰ ਜਾਓ...।'

ਗੁੰਡਿਆਂ ਨੇ ਅਗਲੀ ਤਰੀਕ 'ਤੇ ਕਚਹਿਰੀ ਜਾਂਦੇ ਫੌਜੀ ਤੇ ਨੈਨਸੀ ਘੇਰ ਲਏ। ਗੱਡੀ ਮਾਰ ਕੇ ਸਕੂਟਰ ਸਿੱਟ 'ਤਾ। ਦੋਹਾਂ ਨੂੰ ਗੰਡਾਸਿਆਂ ਨਾਲ ਵੱਢਿਆ। ਚਾਕੂ ਮਾਰੇ। ਫੌਜੀ ਥਾਂਏਂ ਮਰ ਗਿਆ, ਨੈਨਸੀ ਭੱਜ ਨਿਕਲੀ। ਵੱਢੀ ਟੁੱਕੀ ਤਾਂ ਗਈ ਪਰ ਗੋਲੀ ਦੀ ਮਾਰ ਤੋਂ ਬਚ ਗਈ। ਲੋਕ ਇਕੱਠੇ ਹੋ ਗਏ। ਹਮਲਾਵਰ ਭਜ ਗਏ। ਪੁਲੀਸ ਨੂੰ ਸਿੱਧਾ ਸ਼ੱਕ ਪ੍ਰੋਫੈਸਰ 'ਤੇ ਗਿਆ। ਪ੍ਰੋਫੈਸਰ ਫਰਾਰ ਹੋ ਗਿਆ। ਪੁਲੀਸ ਨੇ ਉਸਦੇ ਭਰਾ ਭਣੋਈਏ ਫੜ ਲਏ। ਜ਼ਨਾਨੀਆਂ ਤਾੜ ਲਈਆਂ। ਘਰਾਂ ਨੂੰ ਜ਼ਿੰਦੇ ਲੱਗ ਗਏ। ਪਸ਼ੂਆਂ ਨੂੰ ਪੱਠਾ ਦੱਥਾ ਪਾਉਣ ਵਾਲਾ ਕੋਈ ਨਾ ਬਚਿਆ। ਜਵਾਕ ਰੋਂਦੇ ਕਰਲਾਉਂਦੇ ਫਿਰਨ, ਕੋਈ ਚੁੱਪ ਨਾ ਕਰਾਵੇ। ਅਖੀਰ ਪ੍ਰੋਫੈਸਰ ਪੇਸ਼ ਹੋ ਗਿਆ। ਮੁੱਢਲੀ ਪੁੱਛਗਿੱਛ 'ਚ ਹੀ ਉਸ ਸਾਰੀ ਰਾਮ ਕਹਾਣੀ ਸੁਣਾ ਦਿੱਤੀ।

ਇਸੇ ਦੌਰਾਨ ਨੈਨੋਸੀ ਦਾ ਬਾਪ ਵੀ ਮਰ ਗਿਆ। ਪਿਓ ਦੇ ਮਰਨ ਪਿੱਛੋਂ ਨੈਨਸੀ ਦੇ ਭਰਾਵਾਂ ਤੇ ਭਰਜਾਈਆਂ ਨੇ ਉਸਨੂੰ ਤਾਅਨੇ ਮਾਰ-ਮਾਰ, ਮਾਰ ਦਿੱਤਾ।

ਅਖੈ - ਸਾਡਾ ਪਿਓ ਖਾ ਗਈ। ਚੰਗੀ ਭਲੀ ਵੱਸਦੀ ਉਜੜਕੇ ਆ ਗਈ। ਜਵਾਕ ਜੰਮਨ ਦੀ ਅੱਗ ਲੱਗੀ ਸੀ... ਥੋੜ੍ਹਾ ਸਬਰ ਨੀਂ ਕੀਤਾ ਗਿਆ... ਹੁਣੇ ਕਿਤੇ ਬੁੱਢੀ ਹੋ ਚੱਲੀ ਸੀ... ਉਨ੍ਹਾਂ ਦੇ ਸਾਰੇ ਘਰ ਵੀ ਉਜਾੜ 'ਤੇ... ਸਾਰੀ ਉਮਰ ਉਨ੍ਹਾਂ ਨੂੰ ਦੱਦ ਲੱਗ ਗਈ...।

ਜੋ ਨਹੀਂ ਸੀ ਸੋਚਿਆ ਉਹ ਵੀ ਨੈਨਸੀ ਨੂੰ ਸੁਣਨਾ ਪਿਆ। ਚੰਗੀ ਭਲੀ ਨੈਨਸੀ, ਪੇਕੇ ਘਰ ਕੁੱਤੇ ਨਾਲੋਂ ਵੀ ਭੈੜੀ ਹੋ ਗਈ।

ਪਿਓ ਦੇ ਤੁਰ ਜਾਣ ਦੇ ਦੋ ਦਿਨਾਂ ਬਾਅਦ ਹੀ ਨੈਨਸੀ ਨੂੰ ਸਮਝ ਗਈ ਕਿ ਲਾਈਫ, ਲਤੀਫ਼ਾ ਨਹੀਂ। ਉਹ ਉਸ ਘੜੀ ਨੂੰ ਪਛਤਾ ਰਹੀ ਸੀ ਜਦੋਂ ਬਾਪ ਨੇ ਪਹਿਲੇ ਹੱਲੇ ਹੀ ਉਸਦੀ ਜ਼ਿੱਦ ਪੂਰੀ ਕਰ ਦਿੱਤੀ। ਵਕੀਲ ਕਰਾ 'ਤਾ। ਕੇਸ ਕਰਾ 'ਤਾ। ਕਿਸੇ ਦੀ ਗੱਲ ਨਾ ਸੁਣੀ। ਜੇ ਸੁਣੀ ਹੁੰਦੀ ਤਾਂ ਅੱਜ ਉਸਨੂੰ ਆਹ ਗੱਲਾਂ ਨਹੀਂ ਸੀ ਸੁਣਨੀਆਂ ਪੈਣੀਆਂ। ਕਾਸ਼... ਬਾਪ ਨੇ ਉਸਨੂੰ ਸਮਝਾਇਆ ਹੁੰਦਾ। ਗੱਲ ਠੰਢੀ ਹੋਣ ਵਾਸਤੇ ਸਮਾਂ ਪਾਇਆ ਹੁੰਦਾ।

ਸਾਲ ਭਰ ਲੰਘ ਗਿਆ। ਤਲਾਕ ਦਾ ਕੇਸ ਵੀ ਚੱਲਦਾ ਰਿਹਾ ਤੇ ਕਤਲ ਦਾ ਵੀ। ਅਦਾਲਤਾਂ, ਪੁਲੀਸ, ਵਕੀਲ, ਮੁਨਸ਼ੀ, ਨਾਇਬ ਕੋਰਟ, ਦਾਅਵੇ, ਜਵਾਬ ਦਾਅਵੇ, ਨਕਲਾਂ, ਫੀਸਾਂ... ਨੈਨਸੀ ਦੇ ਬੁਰੇ ਹਾਲ ਹੋ ਗਈ।

ਅਖੀਰ ਮੱਛੀ ਨੇ ਪੱਥਰ ਚੱਟ ਲਿਆ। ਨੈਨਸੀ ਜੇਲ੍ਹ ਜਾ ਸਿੱਧੀ ਆਪਣੇ ਪ੍ਰੋਫੈਸਰ ਸੰਧੂ ਨੂੰ ਮਿਲੀ। ਦੋਹਾਂ ਨੇ ਇਕ ਦੂਜੇ ਕੋਲ ਗਲਤੀ ਮੰਨੀ। ਅਗਲੀ ਜ਼ਿੰਦਗੀ ਦਾ ਹੱਲ ਕੱਢਿਆ। ਜੱਜਾਂ ਮੂਹਰੇ ਹੱਥ ਬੰਨ੍ਹੇ। ਵਕੀਲਾਂ ਦੇ ਘਰ ਭਰੇ। ਪੁਲੀਸ ਨੂੰ ਹੱਥ 'ਚ ਕੀਤਾ। ਅਖੀਰ ਮਸਲਾ ਹੱਲ ਹੋ ਗਿਆ। ਨੈਨਸੀ ਦੇ ਵਕੀਲ ਨੇ ਅਦਾਲਤ 'ਚ ਸਾਬਤ ਕਰ ਦਿੱਤਾ ਕਿ ਨੈਨਸੀ ਦੇ ਬਾਪ ਦਾ ਕਤਲ ਅੱਤਵਾਦੀਆਂ ਨੇ ਕੀਤਾ। ਅਦਾਲਤ ਸਹਿਮਤ ਹੋ ਗਈ।

ਦੋਵੇਂ ਮੁੜ 'ਕੱਠੇ ਹੋ ਗਏ। ਜੇਲ੍ਹ 'ਚ ਸਾਲ ਭਰ ਦੀ ਕੀਤੀ ਮਿਹਨਤ ਨੇ ਪ੍ਰੋਫੈਸਰ ਦੇ ਪੋਲੜ ਜੁੱਸੇ ਨੂੰ ਕਰੜਾ ਕਰ ਦਿੱਤਾ। ਕੁਝ ਦਵਾਈ ਦਾ ਅਸਰ ਸੀ, ਸਪਰਮ ਪੂਰੇ ਹੋ ਗਏ। ਦੋਹਾਂ ਨੇ ਸਲਾਹ ਕਰਕੇ ਬੀਤੇ 'ਤੇ ਅਜਿਹੀ ਮਿੱਟੀ ਪਾਈ ਦਿਨਾਂ 'ਚ ਹੀ ਗੱਲ ਆਈ ਗਈ ਹੋ ਗਈ। ਨਾਲੇ ਚੰਡੀਗੜ੍ਹ 'ਚ ਲੋਕ ਦੂਜਿਆਂ ਦੇ ਪੋਤੜੇ ਘੱਟ ਈ ਫੋਲਦੇ ਨੇ। ਆਪੋ ਆਪਣੇ ਈ ਮਸਾਂ ਸਾਂਭੇ ਜਾਂਦੇ ਨੇ। ਉਨ੍ਹਾਂ ਦੇ ਦੋ ਬੱਚੇ ਹੋ ਗਏ। ਵੱਡਾ ਮੁੰਡਾ ਜੈਕੀ ਤੇ ਛੋਟੀ ਕੁੜੀ ਰਾਹਤ।

ਹੁਣ ਉਹੀ ਰਾਹਤ, ਉਹਨਾਂ ਲਈ ਮੁਸੀਬਤ ਬਣੀ ਹੋਈ ਸੀ। ਸੰਧੂ ਤੇ ਨੈਨਸੀ, ਧੀ ਨੂੰ ਤਲਾਕ ਦੇ ਰਾਹ ਤੁਰਣ ਤੋਂ ਰੋਕ ਰਹੇ ਸੀ। ਉਹ ਆਪਣੀ ਜ਼ਿੰਦਗੀ 'ਚ ਭੁਗਤਿਆ ਕੌੜਾ ਸੱਚ ਮੁੜ ਆਪਣੀ ਧੀ ਨੂੰ ਦੁਹਰਾਉਂਦਿਆਂ ਨਹੀਂ ਵੇਖਣਾ ਚਾਹੁੰਦੇ ਸੀ।

ਨੈਨਸੀ ਸੋਚਾਂ ਦੀ ਤੰਦ-ਤਾਣੀ 'ਚ ਉਲਝੀ ਜਾਗੋ-ਮੀਟੀ ਵਿੱਚ ਪਈ ਸੀ ਕਿ ਰਾਹਤ ਆਪਣੇ ਕਮਰੇ 'ਚੋਂ ਨਿਕਲੀ। ਉਹ ਕਿਸੇ ਸਫਰ 'ਤੇ ਜਾਣ ਵਾਸਤੇ ਤਿਆਰ ਸੀ। ਉਸਦੇ ਇਕ ਹੱਥ 'ਚ ਟਰੈਵਲਿੰਗ ਬੈਗ ਸੀ। ਦੂਜੇ ਮੋਢੇ ਲੇਡੀਜ਼ ਪਰਸ। ਰਾਹਤ ਨੇ ਆਪਣੀ ਮਾਂ ਨੈਨਸੀ ਵੱਲ ਵੇਖਿਆ। ਉਹ ਅੱਖਾਂ ਬੰਦ ਕਰੀ ਸੋਫੇ 'ਚ ਪਈ ਸੀ। ਮਾਂ ਨੂੰ ਜਗਾਉਣ ਲੱਗੀ ਰਾਹਤ ਕੁਝ ਸੋਚਦੀ ਹੋਈ ਰੁਕ ਗਈ। ਆਪਣੀ ਮਾਂ ਵੱਲ ਵੇਖਿਆ ਤੇ ਬੁੜਬੜਾਈ 'ਸੌਰੀ, ਲਾਈਫ ਲਤੀਫ਼ਾ ਨਹੀਂ... ਮੌਮ ਮੈਂ ਜਾ ਰਹੀ ਹਾਂ... ਪਰ ਘੱਟੋ ਘੱਟ ਗਲੋਰੀ ਕੋਲ ਨਹੀਂ...।'

ਫੇਰ ਉਹ ਆਪਣੇ ਟਰੈਵਲਿੰਗ ਬੈਗ ਨੂੰ ਖਿੱਚਦੀ ਹੋਈ ਆਪਣੇ ਘਰੋਂ ਬਾਹਰ ਆ ਗਈ। ਟੈਕਸੀ ਨੂੰ ਹੱਥ ਦਿੱਤਾ ਤੇ ਵਿਚ ਬੈਠ ਕੇ ਚਲੀ ਗਈ।

**-94173-58073**

---

**ਸਫ਼ਾ 172 ਦਾ ਬਾਕੀ**


7. ਰਸੂਲਪੁਰੀ, ਭਗਵੰਤ, ਕੁੰਭੀ ਨਰਕ, ਸਿਰਜਣਾ, ਅੰਕ 186, ਅਕਤੂਬਰ-ਦਸੰਬਰ 2017, ਪੰਨਾ 21

8. ਸ਼ੇਖਾ, ਹਰਪ੍ਰੀਤ, ਹਾਉਸ ਵਾਈਫ਼, ਸਿਜਣਾ, ਅੰਕ 186, ਪੰਨਾ 13

9. ਉਹੀ

10. ਧਾਲੀਵਾਲ, ਬਲਦੇਵ ਸਿੰਘ, ਪੰਜਾਬੀ ਕਹਾਣੀ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2006, ਪੰਨਾ 256

11. ਬਿੰਦਰਾ, ਜਸਵਿੰਦਰ ਕੌਰ, ਮਨੋਵਿਗਿਆਨ ਤੇ ਪੰਜਾਬੀ ਕਹਾਣੀ, ਲੋਕਗੀਤ ਪ੍ਰਕਾਸ਼ਨ, 2005, ਪੰਨਾ 7

12. ਦਵਿੰਦਰ, ਦੀਪ, ਪਰਿਕਰਮਾ, ਹੁਣ (ਜਨਵਰੀ-ਅਗਸਤ 2017), ਪੰਨਾ 72

13. ਉਹੀ, ਪੰਨਾ 73

14. ਹਾਂਸ, ਜਤਿੰਦਰ ਸਿੰਘ, ਲੁਤਰੋ, ਹੁਣ (ਜਨਵਰੀ-ਅਗਸਤ 2017), ਪੰਨਾ 101




# ਆ ਆਪਾਂ ਘਰ ਬਣਾਈਏ/ਸਿਮਰਨ ਧਾਲੀਵਾਲ

ਪੰਜ ਕੁ ਸਾਲ ਪਹਿਲਾਂ ਜਦੋਂ ਖਰੈਤੀ ਲਾਲ ਨੇ ਆਪਣਾ ਥਾਂ ਨਰੈਣੇ ਨੂੰ ਵੇਚਿਆ ਸੀ। ਮੈਂ ਉਦੋਂ ਈ ਸੋਚਿਆ ਸੀ, "ਕਰਾੜ ਸਿਰ 'ਤੇ ਬਿਠਾ ਗਿਆ ਸਾਡੇ। ਆਪ ਤੁਰ ਗਿਆ ਸ਼ਹਿਰ ਨੂੰ। ਸਾਡੇ ਭਾਅ ਦਾ।"

ਫਿਰ ਖ਼ੁਦ ਮੈਂ ਹੀ ਸੋਚਿਆ – "ਕੁੱਤਿਆਂ ਈ ਹੱਗਣਾ ਇੱਥੇ। ਥਾਂ ਤਾਂ ਬਾਹਮਣ ਕੌਡੀਆਂ ਦੇ ਭਾਅ ਸੁੱਟ ਗਿਆ। ਕੁੱਲਾ ਛੱਤਣਾ ਸੌਖਾ ਪਿਆ।" ਮੈਂ ਸਮਝਦਾ ਸਾਂ, ਨਾ ਨੌਂ ਮਣ ਤੇਲ 'ਕੱਠਾ ਹੋਣਾ ਨਾ ਰਾਧਾ ਨੱਚਣਾ। ਥਾਂ ਖ੍ਰੀਦੀ ਤੋਂ ਸਾਲ ਕੁ ਬਾਅਦ ਨਰੈਣੇ ਦਾ ਵੱਡਾ ਮੁੰਡਾ, ਅਰਜੂ ਫੌਜ ਵਿੱਚ ਭਰਤੀ ਹੋ ਗਿਆ। ਦੋ ਸਾਲ ਥਾਂ ਫੇਰ ਵਿਹਲੀ ਪਈ ਰਹੀ। ਮੈਂ ਅੰਦਰੋਂ-ਅੰਦਰੀਂ ਨਫ਼ਰਤ ਨਾਲ ਭਰਦਾ ਰਿਹਾ। ਪਰ ਨਰੈਣਾ ਤਾਂ!!

ਨਰੈਣਾ ਕਦੀ-ਕਦੀ 'ਆਪਣੀ' ਥਾਂ ਦੇਖਣ ਆ ਜਾਂਦਾ।

"ਸੁਣਾ ਬਈ ਮੇਜਾ ਸਿਆਂ! ਖੁਸ਼ਨੰਦ ਆ?" ਆਪਣੇ ਖੋਲਿਆਂ ਵਿਚ ਖੜਾ ਨਰੈਣਾ ਦੂਰੋਂ ਹੀ ਹਾਕਾਂ ਮਾਰਨ ਲੱਗਦਾ। ਸਾਡਾ ਘਰ ਤੇ ਖਰੈਤੀ ਦਾ ਘਰ ਆਹਮੋ-ਸਾਹਮਣੇ ਸੀ। ਜਦੋਂ ਮਾਹੌਲ ਖਰਾਬ ਹੋਏ ਖਰੈਤੀ ਭਾਂਡਾ-ਟੀਂਡਾ ਚੁੱਕ ਕੇ ਸ਼ਹਿਰ ਜਾ ਬੈਠਾ। ਉਹਦਾ ਮਕਾਨ ਕਈ ਸਾਲ ਬੰਦ ਪਿਆ ਰਿਹਾ। ਚੁਲਿਆਂ ਉੱਤੇ ਘਾਹ ਉੱਗਣ ਲੱਗਿਆ। ਘਰ ਵਿਕਿਆ ਨਾ। ਖਰੈਤੀ ਨੇ ਮਜ਼ਦੂਰ ਲਗਾ ਕੇ ਮਕਾਨ ਢਾਹ ਲਿਆ ਤੇ ਇੱਟਾਂ ਬਾਲੇ ਸ਼ਹਿਰ ਨੂੰ ਲੈ ਗਿਆ।

"ਕੋਈ ਨਾ ਥਾਂ ਦਾ ਕਿਹੜਾ ਕੁਝ ਘਸ ਚੱਲਿਆ। ਆਪੇ ਵਿਕਦੀ ਰਹੂ।"-ਖਰੈਤੀ ਖੀਂ-ਖੀਂ ਕਰਕੇ ਹੱਸਦਾ। ਪਿੰਡਾਂ ਵਿੱਚ ਥਾਵਾਂ ਨੂੰ ਕੌਣ ਪੁੱਛਦਾ। ਅਖੀਰੀ ਗਰਜ਼ ਦੇ ਮਾਰਿਆਂ ਖਰੈਤੀ ਨੇ ਥਾਂ ਸਸਤੇ ਮੁੱਲ ਨਰੈਣੇ ਨੂੰ ਫੜਾ ਦਿੱਤੀ।

"ਵਧੀਆ ਨਰੈਣ ਸਿਆਂ ਤੂੰ ਦੱਸ ਕਦ ਛੱਤਣੇ ਫਿਰ ਮਹਿਲ?"-ਆਪਣੇ ਘਰ ਦੇ ਗੇਟ ਅੱਗੇ ਖੜਾ ਮੈਂ ਨਰੈਣੇ ਨੂੰ ਜਵਾਬ ਦੇ ਦਿੰਦਾ।

"ਬੱਸ ਫੌਜੀ ਵੱਲ ਈ ਝਾਕਦੇ। ਤੂੰ ਸਿਆਣਾ ਮਕਾਨ ਕਿਹੜਾ ਐਵੇਂ ਬਣਦੇ। ਥਾਂ ਜੁੜ ਗਈ। ਮਕਾਨ ਵੀ ਬਣੂ ਈ। ਸੱਚੇ ਪਾ'ਸ਼ਾ ਕਰਨ ਵਾਲਾ। ਤੈਨੂੰ ਕਿਹੜਾ ਭੁੱਲ ਏ।"

ਨਰੈਣਾ ਪੁਰਾਣੀ ਕਥਾ ਛੇੜ ਬੈਠਦਾ।

ਨਰੈਣਾ ਮੇਰੇ ਨਾਲੋਂ ਦਸ ਕੁ ਸਾਲ ਵੱਡਾ ਹੋਣਾ। ਅਸੀਂ ਛੋਟੇ ਹੀ ਸਾਂ ਜਦੋਂ ਉਹ ਸਾਡੇ ਨਾਲ ਸੀਰੀ ਆ ਰਲਿਆ ਸੀ। ਐਸੀ ਗੱਲ-ਕੱਥ ਮਹੀਨੇ ਵੀਹੀਂ ਦਿਨੀਂ ਹੋ ਜਾਂਦੀ। ਜਦੋਂ ਕਦੇ ਨਰੈਣਾ ਸਾਡੇ ਸਾਹਮਣੇ ਖ੍ਰੀਦੀ 'ਆਪਣੀ' ਥਾਂ ਵੇਖਣ ਆਉਂਦਾ। ਉਹ 'ਆਪਣੇ' ਥਾਂ 'ਚ ਖੜਾ ਹੁੰਦਾ। ਮੈਂ ਆਪਣੇ ਗੇਟ ਅੱਗੇ। ਕਦੀ-ਕਦੀ ਉਹ ਗੇਟ ਟੱਪ ਆਉਂਦਾ। ਪੁਰਾਣੀਆਂ ਗੱਲਾਂ ਕਰਨ ਲੱਗਦਾ।

"ਦੇਖਲਾ ਮੇਜਾ ਸਿਆਂ! ਵੇਲੇ-ਵੇਲੇ ਦੀਆਂ ਗੱਲਾਂ। ਤੈਨੂੰ ਮੈਂ ਦੱਸਦਾ ਬਈ ਉਦੋਂ ਆਹ ਪਸ਼ੂਆਂ ਲਈ ਪੱਕਾ ਬਰਾਂਡਾ ਨਹੀਂ ਸੀ ਹੁੰਦਾ। ਤੋੜ ਤੀਕ ਕੱਚਾ ਕੋਠਾ ਸੀ। ਇੱਕ ਪਾਸੇ ਤੂੜੀ ਪਾਉਂਦੇ। ਇੱਕ ਪਾਸੇ ਪਸ਼ੂ ਬੱਝਦੇ।"

ਨਰੈਣਾ ਨਵੇਂ ਮਕਾਨ ਵਿਚੋਂ ਪੁਰਾਣੇ ਘਰ ਦਾ ਨਕਸ਼ਾ ਦਿਖਾਉਣ ਲੱਗਦਾ।

ਦੋ ਕਮਰੇ ਤਾਂ ਨਰੈਣੇ ਨੇ ਵੀ ਛੱਤ ਲਏ ਸਨ। ਜਿਸ ਦਿਨ ਨੀਂਹ ਧਰੀ ਸੀ। ਉਸ ਦਿਨ ਲੱਡੂ ਲੈ ਕੇ ਫੱਕਰ ਸਾਡੇ ਵੱਲ ਆਇਆ।

"ਲਓ ਜੀ ਕਰੋ ਮੂੰਹ ਮਿੱਠਾ। ਸੁੱਖ ਨਾਲ ਦੋਵੇਂ ਭਾਈ ਕੋਲ ਕੋਲ ਆ ਗਏ ਆ ਮੇਜਾ ਸਿਆਂ।"–ਨਰੈਣੇ ਦੀ ਇਸ ਗੱਲ ਨਾਲ ਮੇਰਾ ਮੂੰਹ ਕੌੜਾ ਹੋ ਗਿਆ। ਉਹ ਬੂਹਿਓਂ ਬਾਹਰ ਹੋਇਆ। ਮੈਂ ਅੱਧਾ ਬਚਿਆ ਲੱਡੂ ਕੁੱਤੇ ਅੱਗੇ ਪਾ ਦਿੱਤਾ। ਨਰੈਣਾ ਸਾਡੇ ਸਾਹਮਣੇ ਘਰ ਬਣਨ ਕਰਕੇ ਬਹੁਤ ਖੁਸ਼ ਸੀ। ਜਿੰਨਾ ਉਹ ਮੋਹ ਦਿਖਾਉਂਦਾ, ਉਨਾਂ ਹੀ ਉਹ ਮੈਨੂੰ ਭੈੜਾ ਲੱਗਦਾ।

"ਸਾਲਾ ਬਾਖੜ ਜਿਹਾ ਭਰਾ ਤੂੰ ਮੇਰਾ ਸੱਜੇ ਪੱਟੋਂ ਕੱਢਿਆਂ। ਊਈਂ ਸਿਰ 'ਤੇ ਚੜ੍ਹਦਾ ਜਾਊ।"–ਮੈਂ ਮਨ ਵਿਚ ਕੁੜਦਾ ਰਹਿੰਦਾ। ਚੌਦਾਂ ਸਾਲ ਸਾਡੇ ਨਾਲ ਸੀਰ ਕਮਾ ਕੇ ਉਹ ਖ਼ੁਦ ਨੂੰ ਸਾਡੇ ਘਰ ਦਾ ਹਿੱਸਾ ਸਮਝਣ ਲੱਗਿਆ ਸੀ। ਬਾਪੂ ਨਰੈਣੇ ਨਾਲ ਤੇਹ ਦਿਖਾਉਂਦਾ ਹੁੰਦਾ ਸੀ। ਰੋਟੀ ਖਾਣ ਲੱਗਿਆਂ ਉਹਨੂੰ ਕੋਲ ਬੈਠਾ ਲੈਣਾ। ਹਰ ਚੀਜ਼ ਬਰਾਬਰ ਦੀ ਦੇਣੀ। ਉਹਨੂੰ ਘਰ–ਬਾਹਰ ਪੂਰੀ ਖੁੱਲ ਸੀ। ਪਰ ਹੁਣ ਤਾਂ ਵੇਲੇ ਬਦਲ ਗਏ ਸਨ। ਸਾਡੇ ਨਾਲ ਸੀਰ ਛੱਡਿਆਂ ਨਰੈਣੇ ਨੂੰ ਮੁੱਦਤ ਹੋ ਗਈ ਸੀ। ਸੀਰ ਛੱਡਣ ਮਗਰੋਂ ਪਹਿਲਾਂ ਪਿੰਡ 'ਤੇ ਫਿਰ ਸ਼ਹਿਰ। ਉਹ ਬਹੁਤ ਸਾਲ ਦਿਹਾੜੀਆਂ ਕਰਦਾ ਰਿਹਾ। ਉਹਦਾ ਵਿਆਹ ਹੋਇਆ। ਜਵਾਕ ਹੋਏ। ਘਰੇ ਭੰਗ ਭੁਜਦੀ। ਨਰੈਣੇ ਦੇ ਚਾਰ ਜਵਾਕ ਸਨ। ਦੋ ਕੁੜੀਆਂ, ਦੋ ਮੁੰਡੇ। ਕੁੜੀਆਂ ਇੱਕੋ ਜਿੱਡੀਆਂ। ਲਗਰ ਵਰਗੀਆਂ। ਫੱਕਰ ਨੇ ਦੋਵੇਂ ਕੁੜੀਆਂ ਔਖੇ ਸੌਖੇ ਵਿਆਹ ਦਿੱਤੀਆਂ। ਤਿੰਨੀਂ ਕੱਪੜੀਂ। ਨਾ ਕੋਈ ਬਰਾਤ ਨਾ ਮੇਲ। ਗੁਰਦੁਆਰੇ ਫੇਰੇ ਕੀਤੇ। ਚਾਹ ਪਾਣੀ ਦਾ ਖਰਚ ਬਾਪੂ ਨੇ ਕਰ ਦਿੱਤਾ।

"ਧੀਆਂ ਭੈਣਾਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ। ਰੱਬ ਖਬਰੇ ਕੀਹਦੇ ਪੈਰਾਂ ਪਿੱਛੇ ਦਿੰਦਾ।"–ਬਾਪੂ ਦਾਨ–ਪੁੰਨ ਦਾ ਬਹਾਨਾ ਬਣਾ ਲੈਂਦਾ। ਮੇਰਾ ਮੁੰਡਾ ਤੇ ਨਰੈਣੇ ਦਾ ਛੋਟਾ ਮੁੰਡਾ ਭੀਲਾ ਦੋਵੇਂ ਇੱਕਠੇ ਪੜ੍ਹੇ। ਨੌਂਵੀਂ ਵਿੱਚੋਂ ਹੱਟ ਕੇ ਭੀਲਾ ਬੋਰਾਂ ਵਾਲੇ ਜਗਤਾਰ ਨਾਲ ਜਾਣ ਲੱਗਿਆ। ਤਰਸੇਮ ਦਸਵੀਂ ਕਰ ਗਿਆ ਤੇ ਫਿਰ ਵੱਡੇ ਸਕੂਲੇ ਗਿਆਰਵੀਂ ਵਿਚ ਜਾ ਦਾਖਲ ਹੋਇਆ। ਅਰਜੂ ਵੱਡਾ ਸੀ। ਉਹ ਦੱਸਵੀਂ ਕਰ ਕੇ ਬੋਰਾਂ ਵਾਲੇ ਨਾਲ ਜਾਂਦਾ ਹੁੰਦਾ ਸੀ। ਉਹ ਭਰਤੀ ਹੋਇਆ ਤਾਂ ਭੀਲਾ ਜਾਣ ਲੱਗਿਆ। ਸਾਡੇ ਵਾਲੇ ਤੋਂ ਰੁੱਗ ਪੱਠੇ ਨਾ ਪੈਂਦੇ।

"ਕਾਹਦੇ ਬਣੇ ਸਾਲੇ ਚਾਪੜ ਜਿਹੇ। ਨਾ ਅੱਕਣ ਨਾ ਥੱਕਣ। ਸੁੱਕੀਆਂ ਰੋਟੀਆਂ ਆਸਰੇ।"–ਮੈਂ ਹੈਰਾਨ ਹੁੰਦਾ। ਫੱਕਰ ਲ਼ੰਘਦਾ ਆਉਂਦਾ ਆਖ ਜਾਂਦਾ, "ਮੇਜਾ ਸਿਆਂ! ਸੇਮੇ ਨੂੰ ਭੇਜਿਆ ਕਰ ਗਰਾਊਂਡ 'ਚ। ਅਰਜੂ ਨਾਲ ਲੱਗਾ ਰਿਹਾ ਕਰੂ। ਫੌਜ ਕਿਹੜਾ ਮਾੜੀ ਜੇ ਗੱਲ ਬਣਜੇ ਤਾਂ। ਸਾਰੀ ਉਮਰ ਦੀ ਰੋਟੀ ਆ।"

ਮੈਂ ਹੂੰ–ਹਾਂ ਕਰ ਛੱਡਦਾ। ਮਨ ਵਿਚ ਸੋਚਦਾ, 'ਫੌਜੀ ਤਾਂ ਨਰੈਣੇ ਆਲੇ ਨੂੰ ਈ 'ਡੀਕਦੇ ਜਿਵੇਂ। ਗੱਲਾਂ ਤਾਂ ਇਉਂ ਕਰਦਾ..' ਪਰ ਜਦੋਂ ਅਰਜੂ ਫੌਜ ਭਰਤੀ 'ਚ ਹੋ ਗਿਆ। ਮੈਨੂੰ ਮੇਰੀ ਗੱਲ ਹੀ ਝੂਠੀ ਲੱਗੀ। ਤਿੰਨਾਂ ਕੁ ਸਾਲਾਂ ਵਿਚ ਬਹੁਤ ਕੁਝ ਬਦਲ ਗਿਆ। ਨਰੈਣਾ ਦਿਹਾੜੀ ਨਾ ਜਾਂਦਾ। ਉਹਨੇ ਦੋ ਕੁ ਫੰਡਰ ਜਿਹੀਆਂ ਗਾਵਾਂ ਰੱਖ ਲਈਆਂ। ਉਹਨਾਂ ਦੀ ਸਾਂਭ–ਸੰਭਾਲ ਨੂੰ ਲੱਗਿਆ ਰਹਿੰਦਾ। ਜੱਟਾਂ ਦੇ ਖੇਤਾਂ 'ਚੋਂ ਘਾਹ ਖੋਦਦਾ ਫਿਰਦਾ। ਪਿੰਡ ਵਿਚ ਸਪਰੇਅ ਕਰਨ ਲਈ ਚਲਿਆ ਜਾਂਦਾ। ..ਤੇ ਜਦੋਂ ਵਿਹਲਾ ਹੁੰਦਾ। ਛੱਪੜ ਵਾਲੀ ਪੁੱਲੀ 'ਤੇ ਬੈਠਾ ਦੰਦਾਂ ਵਿਚੋਂ ਕਰੇੜਾ ਕੱਢਦਾ ਰਹਿੰਦਾ। ਛੋਟੇ ਮੁੰਡੇ ਦਾ ਬੋਰਾ ਦਾ ਕੰਮ ਚੰਗਾ ਸੀ। ਉਦੋਂ ਬਾਪੂ ਅਜੇ ਜਿਊਂਦਾ ਸੀ। ਉਹ ਨਰੈਣੇ ਦੀਆਂ ਗੱਲਾਂ ਛੇੜ ਲੈਂਦਾ, "ਮੁੰਡਿਆਂ ਸੋਹਣਾ ਤੋਰਾ ਤੋਰ ਲਿਆ। ਅਰਜੂ ਨੂੰ ਨੌਕਰ ਹੋਇਆਂ ਦੋ ਕੁ ਮਹੀਨੇ ਤਾਂ ਹੋ ਗਏ ਹੋਣੇ? ਆਹੋ ਹੋ ਈ ਗਏ। ਨਿੱਕਾ ਵੀ ਚੱਲ ਵਾਹਵਾ ਕਰੀ ਜਾਂਦਾ ਆਵਦਾ।" ਫਿਰ ਉਹ ਹੋਰ ਪਿਛਾਂਹ ਚਲਿਆ ਜਾਂਦਾ।

"ਹੌਲਾ ਈ ਸੀ ਜਦੋਂ ਰਲਿਆ ਸੀ ਆਪਣੇ ਨਾਲ ਨਰੈਣਾ। ਘਰਦੇ ਜੀਆਂ ਵਾਂਗੂੰ ਰਿਹਾ।



ਵਿਹੜੇ ਦੇ ਕੁੱਲ ਘਰਾਂ ਨਾਲੋਂ ਇਹਦੇ ਮੁੰਡੇ ਸਾਊ ਨਿਕਲੇ।" ਮੈਨੂੰ ਬਾਪੂ ਦੀਆਂ ਗੱਲਾਂ 'ਤੇ ਖਿਝ ਚੜ੍ਹਨ ਲੱਗਦੀ।

"ਬੁੜ੍ਹੇ ਦੀ ਮੱਤ ਮਾਰੀ ਗਈ। ਘਰ ਦਾ ਕਦੀ ਫਿਕਰ ਨਹੀਂ ਕੀਤਾ। ਉਹਦਾਬਹੁਤਾ ਹੇਜ ਆਉਂਦਾ ਇਹਨੂੰ।"ਤੇ ਫਿਰ ਜਦੋਂ ਬਾਪੂ ਬਿਮਾਰ ਹੋਇਆ। ਨਰੈਣਾ ਨਿੱਤ ਬਾਪੂ ਦੀ ਖ਼ਬਰ ਲੈਣ ਲਈ ਆ ਜਾਂਦਾ। ਦੋ–ਦੋ ਘੰਟੇ ਬੈਠਾ ਰਹਿੰਦਾ।

"ਨਰੈਣਿਆਂ ਮੁੰਡਿਆਂ ਵਿਹਲਿਆਂ ਕਰਤਾ ਲੱਗਦਾ।"–ਆਪਣੇ ਵੱਲੋਂ ਮੈਂ ਉਹਦੇ ਵਿਹਲੇ ਬੈਠਣ 'ਤੇ ਤਨਜ਼ ਕਰਦਾ।

"ਬਥੇਰੇ ਹੱਡ ਭੰਨੇ ਭਾਊ! ਚੱਲੋਂ ਧੀਆਂ ਪੁੱਤਾਂ ਦੇ ਸਿਰ 'ਤੇ ਈ ਸੁੱਖ ਸਹੀ।" ਮੈਂ ਕਦੀ ਨਰੈਣੇ ਵੱਲ ਵੇਖਦਾ ਕਦੀ ਆਪਣੇ ਵੱਲ। ਤਰਸੇਮ ਬਾਰਵੀਂ ਤੋਂ ਅੱਗੇ ਨਾ ਗਿਆ। ਪੱਠਿਆਂ ਵਾਲਾ ਟੋਕਰਾ ਚੁੱਕੀ ਪਸ਼ੂਆਂ ਵੱਲ ਜਾਂਦਾ ਮੈਂ ਖਿਝਣ ਲੱਗਦਾ, "ਲੋਕਾਂ ਦੇ ਵੀ ਜਵਾਕ ਆ। ਲੱਤ ਦਿੱਤਿਆਂ ਪਾਣੀ ਆਉਂਦਾ।" ਪਰ ਮੈਨੂੰ ਤਰਸੇਮ ਦੇ ਵਿਹਲੇ ਫਿਰਨ ਨਾਲੋਂ ਨਰੈਣੇ ਦੇ ਮੁੰਡਿਆਂ ਦਾ ਕੰਮ ਕਰਦੇ ਹੋਣਾ ਵਧੇਰੇ ਤੰਗ ਕਰਦਾ। ..ਤੇ ਨਰੈਣੇ ਦਾ ਮੇਰੇ ਘਰ ਦੇ ਐਨ ਸਾਹਮਣੇ ਥਾਂ ਲੈ ਲੈਣਾ ਉਸ ਤੋਂ ਵੀ ਕਿਤੇ ਵੱਧ ਪ੍ਰੇਸ਼ਾਨ ਕਰਦਾ।

"ਖਰੈਤੀ ਨੂੰ ਹੋਰ ਕੋਈ ਗਾਹਕ ਨਾ ਲੱਭਾ ਇੰਨੇ ਵੱਡੇ ਪਿੰਡ 'ਚ। ਪਤਾ ਹੁੰਦਾ ਤਾਂ ਮੈਂ ਹੀ ਅੱਗ ਫੱਕ ਲੈਂਦਾ।" ਪਰ ਜਦੋਂ ਤਿੰਨ ਕੁ ਸਾਲ ਥਾਂ ਵਿਹਲੀ ਪਈ ਰਹੀ। ਮੈਨੂੰ ਅੰਦਰੋਂ–ਅੰਦਰੋਂ ਅਸੀਮ ਖੁਸ਼ੀ ਮਿਲਦੀ ਰਹੀ।

"ਘਰ ਬਣਾਉਣੇ ਕਿਤੇ ਸੌਖੇ ਪਏ।"–ਮੈਂ ਮਨ ਵਿਚ ਸੋਚਦਾ। ਕਦੇ ਆਪਣੇ ਘਰ ਵੱਲ ਦੇਖਦਾ। ਬਾਪੂ ਵਾਰੇ ਦਾ ਬਣਿਆ ਘਰ। ਨਰੈਣੇ ਦੇ ਦੋ ਕਮਰਿਆਂ ਅੱਗੇ ਵੀਛੋਟਾ–ਛੋਟਾ ਲੱਗਦਾ। ਉਹਦਾ ਘਰ ਬਣਾ ਰਹੇ ਮਿਸਤਰੀ ਮੈਨੂੰ ਇਉਂ ਲੱਗਦਾ ਜਿਵੇਂ ਮੇਰਾ ਘਰ ਢਾਹ ਰਹੇ ਹੋਣ। ਮੈਂ ਬਾਹਰਲਾ ਗੇਟ ਬੰਦ ਰੱਖਦਾ। ਸਾਹਮਣੇ ਤੁਰੇ ਫਿਰਦੇ ਮਿਸਤਰੀ ਮਜ਼ਦੂਰ ਮੈਨੂੰ ਜ਼ਹਿਰ ਵਰਗੇ ਲੱਗਦੇ।

"ਦਿਨਾਂ 'ਚ ਲੈ ਗਏ ਲੈਂਟਰ ਤੀਕ। ਮਿਸਤਰੀ ਤਾਂ ਬਾਹਲੇ ਛੋਹਲੇ ਲੱਗਦਾ। ਮੈਂ ਕੋਠੇ ਕੱਪੜੇ ਪਾਉਣ ਗਈ ਨੇ ਵੇਖਿਆ। ਰਸੋਈ ਵੀ ਖੁਲੀ ਛੱਤੀ ਲੱਗਦੀ ਵਾਹਵਾ।"–ਮੇਰੀ ਘਰਵਾਲੀ ਦੀ ਗੱਲ ਮੈਨੂੰ ਉਸ ਤੋਂ ਵੀ ਜ਼ਹਿਰੀ ਲੱਗੀ ਸੀ।

"ਬੈਠਾ ਲਉ ਕੰਮੀਨ ਨੂੰ ਸਿਰ 'ਤੇ।" ਮੈਂ ਬੁੜਬੁੜਾਇਆ। ਪਰ ਉਹਨੂੰ ਮੇਰੀ ਗੱਲ ਨਹੀਂ ਸੀ ਸੁਣੀ। ਉਹ ਰਸੋਈ 'ਚ ਜਾ ਕੇ ਆਪਣਾ ਕੰਮ ਕਰਨ ਲੱਗੀ। ਪਰ ਮੇਰਾ ਚਿੱਤ ਕਿਸੇ ਕੰਮ ਵਿਚ ਨਾ ਲੱਗਦਾ। ਆਨੇ ਬਹਾਨੇ ਨਰੈਣਾ ਸਾਡੇ ਵੱਲ ਆ ਵੜਦਾ। ਮੈਨੂੰ ਮਿਸਤਰੀਆਂ ਕੋਲ ਗੇੜਾ ਮਾਰਨ ਨੂੰ ਆਖਦਾ।

"ਬੜਾ ਫਰਕ ਪੈਂਦਾ ਮੇਜਾ ਸਿਆਂ! ਅਗਲੇ ਨੂੰ ਵੀ ਪਤਾ ਹੁੰਦਾ ਬਈ ਘਰਦਾ ਕੋਈ ਜੀਅ ਸਿਰ 'ਤੇ ਹੈਗਾ। ਮੈਨੂੰ ਤਾਂ ਤੈਨੂੰ ਪਤਾ ਸੌ ਭੱਜ–ਨੱਸ ਪਈ ਹੁੰਦੀ।"–ਫਿਰ ਉਹ ਖ਼ੁਦ ਹੀ ਬੋਲੀ ਜਾਂਦਾ।

"ਚੱਲ ਚਹੁੰ ਦਿਨਾਂ ਦਾ ਖਪਾ ਏ ਫੇਰ ਤਾਂ ਅਰਾਮ ਨਾਲ ਬੈਠਾਂਗੇ।"–ਫੱਕਰ ਦਾ ਅਰਾਮ ਮੈਨੂੰ ਬੇਅਰਾਮ ਕਰੀ ਰੱਖਦਾ। ਉਹਦਾ ਮੈਨੂੰ 'ਘਰ ਦਾ ਜੀਅ' ਦੱਸਣਾ, ਮੈਨੂੰ ਹੋਰ ਕੁਸੈਲਾ ਕਰ ਦਿੰਦਾ। ਕਦੀ–ਕਦੀ ਮੈਂ ਇੱਕਲਾ ਬੈਠਾ ਸੋਚਦਾ। ਮੈਨੂੰ ਸਮਝ ਨਾ ਆਉਂਦੀ..ਫੱਕਰ ਮੈਨੂੰ ਅੰਦਰੋਂ–ਅੰਦਰੋਂ ਬੇਅਰਾਮ ਕਿਉਂ ਕਰੀ ਜਾਂਦਾ। ਲੈਂਟਰ ਵਾਲੇ ਦਿਨ ਨਰੈਣੇ ਵੱਲੋਂ ਆਏ ਮਿੱਠੇ ਚੌਲ ਮੈਂ ਪਸ਼ੂਆਂ ਅੱਗੇ ਸੁੱਟਵਾ ਦਿੱਤੇ। ਇੰਜ ਕਰਕੇ ਜਿਵੇਂ ਮੇਰੇ ਮਨ ਨੂੰ ਸਕੂਨ ਮਿਲਿਆ ਹੋਵੇ। ਕਦੀ ਇਸੇ ਤਰਾਂ ਦੀ ਬੇਅਰਾਮੀ ਤਾਰੀ ਨੇ ਪੈਦਾ ਕੀਤੀ ਸੀ। ਬਾਪੂ ਜਿਊਂਦਾ ਸੀ ਉਦੋਂ। ਤਾਰੀ ਪਿੰਡੋਂ ਉਠ ਕੇ ਖੇਤ ਜਾ

ਬੈਠਾ। ਨਵਾਂ ਘਰ ਪਾ ਲਿਆ। ਕਦੇ-ਕਦੇ ਸਾਡੇ ਵੱਲ ਗੇੜਾ ਮਾਰਦਾ। ਘਰ ਦੀਆਂ ਗੱਲਾਂ ਕਰਨ ਲੱਗਦਾ। ਆਖਦਾ, "ਮੇਜਾ ਸਿਆਂ! ਊਂਈ ਜ਼ਮਾਨਾ ਈ ਐਸਾ ਆ ਗਿਆ। ਪੱਲੇ ਕਿਸੇ ਦਾ ਕੁਝ ਹੈਗਾ ਜਾਂ ਨਈ ਇਹ ਨਹੀਂਊ ਵੇਖਦਾ ਕੋਈ। ਹਿਸਾਬ ਲਾ ਲੈ ਭਾਵੇਂ। ਜਵਾਕਾਂ ਨੂੰ ਬੋਲਣ ਦੀ ਮੱਤ ਨਹੀਂ। ਬਹਿਣਾ-ਉਠਣਾ ਆਉਂਦਾ ਨਹੀਂ। ਪਰ ਵੇਖ ਲਾ ਸਾਰੇ ਪਿੰਡ ਦੇ ਜਵਾਕ ਹੁਣ ਸ਼ਹਿਰ ਨੂੰ ਜਾਂਦੇ ਪੜ੍ਹਨ। ਚਾਰ-ਪੰਜ ਸਕੂਲਾਂ ਦੀਆਂ ਗੱਡੀਆਂ ਆਉਂਦੀਆਂ ਆਪਣੇ ਪਿੰਡ। ਜਵਾਕ ਐਨ ਟੱਲੀ ਵਾਂਗੂ ਟਣਕੇ ਹੁੰਦੇ ਸਵੇਰ ਨੂੰ। ਹੋਰ ਵੇਖ ਲਾਕੁੜੀਆਂ ਅੱਜ ਕੱਲ੍ਹ ਦੀਆਂਚਹੁੰ ਜੀਆਂ ਦੀ ਰੋਟੀ ਪਕਾਉਣ ਜੋਗੀਆਂ ਨਹੀਂ ਪਰ ਅਗਲਾ ਗੋਰਾ ਚੰਮ ਜ਼ਰੂਰ ਵੇਖਦਾ। ਉਹ ਸੁਣੀ ਨਹੀਂ ਤੂੰ ਢਿੱਡਲਾਂ ਦੀ ਨੂੰਹ। ਕਹਿੰਦੇ ਸਾਰਾ ਟੱਬਰ ਗੋਡਿਆਂ ਥੱਲੇ ਕੀਤਾ ਪਿਆ ਉਹਨੇ। ਲੋਕ ਪਤਾ ਕੀ ਕਹਿੰਦੇ ਸੀ ਜਦੋਂ ਢਿੱਡਲਾਂ ਨੇ ਮੁੰਡਾ ਵਿਆਹਿਆ ਸੀ। ਅਖੇ ਉਹ ਤਾਂ ਨਿਰੀ ਫਿਲਮਾਂ ਵਾਲੀਆਂ ਵਰਗੀ ਆ ਅਖੇ। ਭਾਵ ਇਹ ਨਿਕਲਦਾ ਸਾਰੀਆਂ ਗੱਲਾਂ ਦਾ ਵੀ ਜਈ-ਤਈ ਮਰਾਵੇ ਸਾਰਾ ਕੁਝ। ਬੰਦੇ ਦੀ ਠੁੱਕ ਚਾਹੀਦੀ ਚਾਰੇ ਪਾਸੇ।"- ਮੈਨੂੰ ਉਹਦਾ ਇਹ ਉਪਦੇਸ਼ ਉਦੋਂ ਸਮਝ ਆਉਂਦਾ ਜਦੋਂ ਉਹ ਆਪਣਾ ਚੱਲਦਾ ਪ੍ਰਵਚਨ ਘਰ ਨਾਲ ਜੋੜ ਲੈਂਦਾ।

"ਅੱਜ ਕੱਲ੍ਹ ਘਰ ਬੂਹਾ ਹੀ ਦੇਖਦਾ ਅਗਲਾ। ਭੜੋਲੇ ਦੇ ਦਾਣੇ ਮੋਏ ਪੁਛਦੇ। ਅਸੀਂ ਤਾਂ ਤਾਂਹੀ ਬਾਰਾਂ ਲੱਖ ਖਰਚਤਾ ਭਾਈ। ਕੱਲ੍ਹ ਨੂੰ ਮੁੰਡੇ ਵੀ ਮੰਗਣੇ ਵਿਆਉਣੇ। ਜੱਟਾਂ-ਬੂਟਾਂ ਆਲਾ ਕੰਮ ਹੈਨੀ ਹੁਣ।"

ਤਾਰੀ ਮੇਰੇ ਤਾਏ ਦਾ ਪੁੱਤ ਭਾਈ ਏ। ਉਹਦੀਆਂ ਐਸੀਆਂ ਗੱਲਾਂ ਸੁਣ ਕੇ ਮੈਨੂੰ ਘੁੰਮੇਰ ਜਿਹੀ ਚੜ੍ਹਨ ਲੱਗਦੀ। ਲੱਗਦਾ ਤਾਰੀ, ਆਪਣੀ ਨਵੀਂ ਕੋਠੀ ਦੀ ਗੱਲ ਨਹੀਂ ਕਰਦਾ ਸਗੋਂ ਮੇਰੇ ਪੁਰਾਣੇ ਘਰ ਵੱਲ ਦੇਖ ਕੇ ਮੈਨੂੰ ਜੱਟ-ਬੂਟ ਦੱਸਦਾ। ਤਾਰੀ ਦੇ ਮੁੰਡੇ ਦੇ ਵਿਆਹ 'ਤੇ ਮੈਨੂੰ ਓਪਰਾ ਜਿਹਾ ਲੱਗਦਾ ਰਿਹਾ। ਸਾਰੇ ਵਿਆਹ ਵਿਚ ਮੈਂ ਪਿਛੇ ਪਿਛੇ ਰਿਹਾ। ਤਾਰੀ ਮੁੰਡਿਆਂ ਨਾਲ ਨੱਚਦਾ। ਨੋਟ ਵਾਰ-ਵਾਰ ਸੁੱਟਦਾ। ਮੈਨੂੰ ਵੀ ਧੂ ਕੇ ਸਟੇਜ 'ਤੇ ਲੈ ਗਿਆ।

"ਚਾਚਾ ਲੁਕਦਾ ਫਿਰਦਾ। ਆਜਾ ਮਾਰ ਮਾਈਂ ਬੜਕ ਪਤਾ ਲੱਗੇ।"- ਮੈਨੂੰ ਵੀ ਇਕ ਪਲ ਲਈ ਜੋਸ਼ ਆ ਗਿਆ। ਜੇਬ ਵਿਚ ਪਾਏ ਦਸਾਂ-ਦਸਾਂ ਦੇ ਨਵੇਂ ਨੋਟ ਕੱਢ ਕੇ ਮੈਂ ਹਵਾ ਵਿਚ ਉਛਾਲ ਦਿੱਤੇ। ਤਾਰੀ ਨੇ ਜ਼ਮੀਨ ਗਹਿਣੇ ਧਰ ਕੇ ਵਿਆਹ ਕੀਤਾ ਸੀ। ਨਵੀਂ ਪਾਈ ਕੋਠੀ ਰੰਗ-ਬੇਰੰਗੀਆਂ ਲਾਈਟਾਂ ਨਾਲ ਸਜਾਈ ਪਈ ਸੀ। ਕਈ ਦਿਨ ਤਾਰੀ ਦੇ ਮੁੰਡੇ ਦਾ ਵਿਆਹ ਮੇਰੇ ਅੰਦਰ ਖੌਰੂ ਪਾਉਂਦਾ ਰਿਹਾ। ਮੈਨੂੰ ਇਉਂ ਲੱਗਦਾ ਮੇਰੇ ਸਾਹਮਣੇ ਮੈਂ ਹੀ ਬੈਠਾ, ਮੇਰੀ ਬੈਚੇਨੀ ਦੀਆਂ ਗੱਲਾਂ ਕਰ ਰਿਹਾਂ ਹੋਵਾਂ।

"ਇਹੋ ਜਿਹੀਆਂ ਚਾਰ ਕੋਠੀਆਂ ਤੂੰ ਵੀ ਛੱਤ ਲੈ ਭਾਵੇਂ। ਕਰਜ਼ੇ ਦਾ ਪਹਾੜ ਚੁੱਕੀ ਫਿਰਦਾ ਅਗਲਾ ਸਿਰ 'ਤੇ। ਮੁੰਡੇ ਦੇ ਵਿਆਹ 'ਤੇ ਜ਼ਮੀਨ ਗਹਿਣੇ ਧਰੀ। ਤੂੰ ਕਾਣੀ ਕੌਡੀ ਨਹੀਂ ਦੇਣੀ ਕਿਸੇ ਦੀ।" ਜਦੋਂ ਮੈਂ ਇਸ ਗੱਲ ਨਾਲ ਸਹਿਮਤ ਹੁੰਦਾ, ਉਸੇ ਵੇਲੇ ਜਿਵੇਂ ਕੋਈ ਹੋਰ ਮੇਰੇ ਅੰਦਰ ਬੋਲਦਾ।

"ਕਰਜ਼ੇ ਤਾਂ ਚੜ੍ਹਦੇ ਉਤਰਦੇ ਰਹਿੰਦੇ ਨੇ। ਤੂੰ ਨੀ ਮੁੰਡਾ ਵਿਆਉਣਾ ਕੱਲ ਨੂੰ ? ਘਰ ਬੂਹਾ ਤਾਂ ਸਵਾਰ ਲੈ। ਕਿਹੜਾ ਹਿੱਕ 'ਤੇ ਰੱਖ ਲਿਜਾਣਾ ਕੁਝ।" ਮੈਨੂੰ ਸੰਵਾਰ ਕੇ ਨੀਂਦ ਨਾ ਆਉਂਦੀ। ਬਿਮਾਰਾਂ ਵਾਂਗ ਮੰਜੇ ਨਾਲ ਲੱਗਿਆਂ ਰਹਿੰਦਾ। ਤਾਰੀ ਦੇ ਮੁੰਡੇ ਦਾ ਵਿਆਹ ਦਿਮਾਗ 'ਚੋਂ ਨਾ ਨਿਕਲਦਾ। ਮੈਂ ਡਾਕਟਰ ਕੋਲੋਂ ਗੋਲੀਆਂ ਲੈ ਕੇ ਖਾਂਦਾ। ਡਾਕਟਰ ਆਖਦਾ ਮੈਨੂੰ ਟੈਨਸ਼ਨ ਹੋ ਗਈ। ਦਵਾਈ ਖਾ ਕੇ ਨੀਂਦ ਆ ਜਾਂਦੀ। ਨਰੈਣਾ ਨਵੇਂ ਘਰ 'ਚ ਆ ਵਸਿਆ ਸੀ। ਮਹੂਰਤ ਵਾਲੇ ਦਿਨ।



ਸੰਗਤ ਵਿਚ ਬੈਠਾ ਮੈਂ ਅੰਦਰ ਹੀ ਅੰਦਰ ਕੁੜਦਾ ਰਿਹਾ। ਰਾਗੀ ਸ਼ਬਦ ਪੜ੍ਹਨ ਲੱਗਾ- 'ਲੱਖ ਖੁਸ਼ੀਆਂ ਪਾਤਸ਼ਾਹੀਆਂ.' । ਮੈਂ ਅਰਦਾਸ ਹੋਣ ਤੋਂ ਪਹਿਲਾਂ ਹੀ ਘਰ ਆ ਗਿਆ। ਵਿਸਾਖ ਚੜ੍ਹ ਗਿਆ ਸੀ । ਧੁੱਪ ਪਿੰਡੇ ਨੂੰ ਖਾਂਦੀ। ਪਰ ਮੈਂ ਧੁੱਪੇ ਮੰਜਾ ਡਾਹ ਕੇ ਪੈ ਗਿਆ। ਉਤੇ ਚਾਦਰ ਤਾਣ ਲਈ। ਜਦੋਂ ਨੀਂਦ ਖੁਲੀ ਮੇਰੀ ਘਰਵਾਲੀ ਚਾਹ ਦਾ ਗਲਾਸ ਲਈ ਸਿਰਹਾਣੇ ਖੜੀ ਸੀ। ਦਿਨ ਢਲਣ ਲੱਗਾ ਸੀ। ਪਰ ਮੇਰੀ ਬੈਚੇਨੀ ਪੈਰੋ-ਪੈਰ ਵੱਧਦੀ ਤੁਰਦੀ ਜਾਂਦੀ। ਮੈਨੂੰ ਅਰਜ਼ੂ ਦੇ ਵਿਆਹ ਦਾ ਫਿਕਰ ਪੈ ਗਿਆ। ਤਾਰੀ ਦੇ ਮੁੰਡੇ ਦੀ ਬੈਚੇਨੀ ਅਜੇ ਉਤਰੀ ਨਹੀਂ ਸੀ ਕਿ ਮੈਨੂੰ ਅਰਜ਼ੂ ਦੇ ਵਿਆਹ ਡਰ ਆਉਣ ਲੱਗਾ। ਮੈਂ ਨਹੀਂ ਸੀ ਚਾਹੁੰਦਾ ਕਿ ਅਰਜ਼ੂ ਦਾ ਰਿਸ਼ਤਾ ਹੋਵੇ। ਵਿਹੜੇ ਦਾ ਬੰਦਾ ਜਦੋਂ ਕਦੇ ਸਾਡੇ ਖੇਤ ਦਿਹਾੜੀਆ ਜਾਂਦਾ। ਮੈਂ ਜਾਣ ਬੁਝ ਕੇ ਨਰੈਣੇ ਦੇ ਮੁੰਡਿਆਂ ਦੀ ਗੱਲ ਛੇੜ ਬੈਠਦਾ- " ਫੌਜ ਦੇ ਮੂੰਹ ਨੂੰ ਸਾਕ ਤਾਂ ਭਾਵੇ ਸੌ ਵਾਰ ਹੋ ਜਾਏ। ਟੱਬਰ ਹੈਨੀ ਊਂ ਇਹ ਕਾਸੇ ਜੋਗਾ। ਦਲੀਲ ਦੇ ਹੌਲੇ ਈ ਨੇ। ਬੀਰੋ ਦੀ ਜ਼ੁਬਾਨ ਤਾਂ ਟੋਕੇ ਵਾਂਗ ਚਲਦੀ। ਭਰਾ ਮੇਰਿਆ ਥੋਡੇ ਨਾਲ ਵੀ ਸੂਤ ਏ। ਐਵੇਂ ਨਾ ਸਕੀਰੀ 'ਚੋਂ ਸਾਕ ਕਰਾਉਂਦਾ ਫਿਰੀਂ।" ਇਹੀ ਗੱਲ ਮੈਂ ਵਿਹੜੇ ਦੇ ਕਈ ਬੰਦਿਆਂ ਕੋਲੇ ਕੀਤੀ। ਇਉਂ ਕਰਕੇ ਜਿੱਦਾਂ ਮੇਰੇ ਮਨ ਨੂੰ ਸ਼ਾਂਤੀ ਮਿਲਦੀ ਹੋਵੇ।

ਪਰ ਉਹ ਤਾਂ ਵਿਹੜੇ ਦੇ ਕੁਲ ਮੁੰਡਿਆਂ ਨਾਲੋਂ ਚੰਗਾ ਸੀ। ਫੌਜ ਦੀ ਨੌਕਰੀ ਸੀ। ਨੌਕਰੀ ਤਾਂ ਏਸ ਯੁੱਗ ਵਿੱਚ ਬੰਦਾ ਮਾਰਿਆਂ ਨਹੀਂ ਲੱਭਦੀ। ਉਹ ਛੁੱਟੀ ਆਇਆ, ਬਣ-ਤਣ ਕੇ ਪਿੰਡ ਵਿਚ ਫਿਰਦਾ। ਕੋਲੋਂ ਲੰਘਦਾ ਤਾਂ ਚੁਫੇਰੇ ਮਹਿਕ ਫੈਲ ਜਾਂਦੀ।

"ਸਾਲਾ ਜਿੰਨਾ ਕਦੀ ਮੂੰਹ ਨਹੀਂ ਸੀ ਧੋਤਾ" ਮੈਂ ਗਾਹਲ ਕੱਢ ਇਉਂ ਸੋਚਦਾ ਜਿਵੇਂ ਅਰਜ਼ੂ ਦੀ ਫੈਲਾਈ ਖੁਸ਼ਬੂ ਕਿੱਧਰੇ ਉਡ-ਪੁਡ ਗਈ ਹੋਵੇ। ਜਾਣਦਾ ਸਾਂ। ਅਰਜ਼ੂ ਦਾ ਰਿਸ਼ਤਾ ਨਹੀਂ ਸੀ ਅੜਦਾ। ਮੈਂ ਚੱਤੋਂ-ਪਹਿਰ ਸੁਰਤ ਰੱਖਦਾ। ਪਰ ਕਿਧਰੇ ਵੀ ਅਰਜ਼ੂ ਦੇ ਰਿਸ਼ਤੇ ਬਾਰੇ ਕੋਈ ਕਨਸੋਅ ਨਾ ਮਿਲਦੀ। ਕਦੇ ਮੈਨੂੰ ਲੱਗਦਾ। ਮੈਂ ਪਾਗਲ ਹੋਈ ਜਾ ਰਿਹਾ। ਬਿਨਾਂ ਸਿਰ ਪੈਰ ਦੀਆਂ ਗੱਲਾਂ ਬਾਰੇ ਸੋਚਦਾ। ਤੇ ਜਿਸ ਦਿਨ ਅਰਜ਼ੂ ਨੂੰ ਦੇਖਣ ਵਾਲੇ ਆਏ। ਮੈਂ ਬਾਰ-ਬਾਰ ਬੂਹੇ ਅੱਗੇ ਖੜ੍ਹ ਕੇ, ਨਰੈਣੇ ਦੇ ਘਰ ਵਲ ਦੇਖਦਾ ਰਿਹਾ। ਆਥਣੇ ਜਦੋਂ ਫੱਕਰ ਦੀ ਘਰਵਾਲੀ ਲੱਡੂ ਦੇ ਕੇ ਗਈ। ਸਵੇਰ ਦੀ ਮਨ ਨੂੰ ਲੱਗੀ ਅੱਚਵੀ ਹੋਰ ਗੂੜ੍ਹੀ ਹੋ ਗਈ। ਮੈਂ ਖੁਦ ਨੂੰ ਤਸੱਲੀ ਦੇਣ ਖਾਤਰ ਹੀ ਜਿੱਦਾ ਪੁਛ ਲਿਆ ਸੀ- "ਕਾਹਦੇ ਲੱਡੂ ਵੰਡੀ ਜਾਂਦੀ ਬੀਰੋ।"-ਬੀਰੋ ਦੀਆਂ ਵਰਾਛਾਂ ਖਿੜੀਆਂ ਹੋਈਆਂ ਸਨ। ਉਹਨੇ ਹੋਰ ਹੁੱਬ ਕੇ ਦੱਸਿਆ, "ਆਪਣੇ ਅਰਜ਼ੂ ਨੂੰ ਰੋਕ ਗਏ। ਸੂਟ ਸਵਾਂ ਛੱਡ ਨਵਾਂ। ਅੱਸੂ ਦਾ ਸਿੱਧਾ ਵਿਆਹ ਈ ਲੈ ਲੈਣਾ ਆਪਾਂ।" ਮੈਂ ਉਹਨੂੰ ਵਧਾਈ ਵੀ ਨਾ ਦਿੱਤੀ। ਇਉਂ ਲੱਗਿਆ। ਜਿਵੇਂ ਕੋਈ ਬਹੁਤੀ ਤੱਤੀ ਚੀਜ਼ ਖਾ ਕੇ ਹਿੱਕ ਮੱਚਣ ਲੱਗੀ ਹੋਵੇ। ਹੋਰ ਦੋ ਸਾਲਾਂ ਨੂੰ ਤਰਸੇਮ ਦਾ ਵੀ ਕੋਈ ਬੰਨ-ਸੁੱਬ ਕਰਨਾ। ਮੇਰਾ ਜੀਅ ਕਰਦਾ ਸੀ। ਅੱਜ ਈ ਤਰਸੇਮ ਨੂੰ ਵਿਆਹ ਲਵਾਂ

ਤੇ ਜਦੋਂ ਅਰਜ਼ੂ ਦੇ ਵਿਆਹ ਦਾ ਡੀ.ਜੇ. ਵੱਜਿਆ। ਮੇਰੇ ਕੰਨਾਂ ਵਿਚ ਜਿਵੇਂ ਪਾਰਾ ਘੁਲਣ ਲੱਗਿਆ। ਮੈਂ ਦੋ ਕੁ ਪੈਗ ਪਹਿਲਾਂ ਈ ਲਗਾਈ ਬੈਠਾ ਸੀ। ਨਰੈਣਾ ਮੱਲੋ ਜ਼ੋਰੀ ਖਿਚਕੇ ਆਪਣੇ ਵੱਲ ਲੈ ਗਿਆ। ਵਿਹੜੇ 'ਚੋਂ ਫੱਕਰ ਦੇ ਸ਼ਰੀਕੇ ਦੇ ਬੰਦੇ ਬੈਠੇ ਦਾਰੂ ਪੀ ਰਹੇ ਸਨ। ਮੈਂ ਵੀ ਨਾਲ ਬੈਠ ਕੇ ਦਾਰੂ ਪੀਣ ਲੱਗਿਆ। ਜਦੋਂ ਵਾਹਵਾ ਤਰਾਰਾ ਜਿਹਾ ਬੱਝ ਗਿਆ। ਅਡੀ.ਜੇ 'ਤੇ ਨੱਚਦੇ। ਮੈਨੂੰ ਲੋਕ ਮੈਨੂੰ ਭੈੜੇ ਜਿਹੇ ਲੱਗਣ ਲੱਗੇ। ਮੈਂ ਘਾਊਂ ਜਿਹਾ ਬਣਿਆ ਉਹਨਾਂ ਵੱਲ ਝਾਕਦਾ। ਅਚਾਨਕ ਪਤਾ ਨਹੀਂ ਕੀ ਹੋਇਆ। ਮੈਂ ਉਠ ਕੇ ਗਾਹਲਾਂ ਕੱਢਣ ਲੱਗਿਆ। ਰੂੜੇ ਢੀਂਮ ਨੂੰ ਮੈਂ ਗਲਮੇ ਤੋਂ ਫੜ ਲਿਆ, "ਸਾਲਾ.. ਝਾਕਦਾ ਕਿੱਦਾ ਤੂੰ।"

"ਮੈਂ ਤੈਨੂੰ ਕੀ ਕਹਿਤਾ ਯਾਰ!ਊਂਈ ਖੇੜਣ ਆ ਗਿਆ ਮੇਰੇ 'ਤੇ।"-ਰੂੜਾ ਪਹਿਲਾਂ ਤਾਂ

ਚੁੱਪ ਕੀਤਾ ਰਿਹਾ ਫਿਰ ਸਾਡੀ ਤੂੰ-ਤੂੰ, ਮੈਂ-ਮੈਂ ਛਿੜ ਪਈ।

"ਯਾਰ ਆਪਾਂ ਤਾਂ ਭਾਈ ਆ। ਰੌਲਾ ਪਾਉਂਦੇ ਚੰਗੇ ਲੱਗੀਦਾ।" -ਨਰੈਣਾ ਮੈਨੂੰ ਧੂਹ ਕੇ ਪਰ੍ਹਾਂ ਨੂੰ ਲੈ ਗਿਆ। ਉਹਨੂੰ ਵਿਆਹ ਵਿਚ ਪੈਂਦੀ ਬੇਰਸੀ ਦਿਸ ਗਈ ਸੀ। ਬੇਰਸੀ ਹੀ ਤਾਂ ਮੈਂ ਪਾਉਣੀ ਸੀ। ਪਰ ਰੂੜੇ ਨੂੰ ਵੀ ਉਹਦਾ ਮੁੰਡਾ ਘਰ ਨੂੰ ਲੈ ਗਿਆ। ਬੰਦ ਹੋਇਆ ਡੀ.ਜੇ ਫੇਰ ਵੱਜਣ ਲੱਗਾ। ਰਾਤ ਕੌਣ, ਕਦੋਂ ਮੈਨੂੰ ਘਰ ਛੱਡ ਕੇ ਗਿਆ ਮੈਨੂੰ ਕੋਈ ਸੁਰਤ ਨਹੀਂ ਸੀ। ਸਵੇਰੇ ਜਦੋਂ ਮੈਂ ਉਠਿਆ, ਅਰਜੂ ਦੀ ਬਰਾਤ ਚੜ ਗਈ ਸੀ। ਸਾਰਾ ਦਿਨ ਸਿਰ ਗੱਡੇ ਵਰਗਾ ਬਣਿਆ ਰਿਹਾ। ਮੈਂ ਕਿਸੇ ਨਾਲ ਵੀ ਨਾ ਬੋਲਿਆ। ਤਰਸੇਮ ਬਰਾਤੇ ਚਲਾ ਗਿਆ ।

*****

ਘਰੇ ਫਿਰਦੀ ਅਰਜੂ ਦੀ ਬਹੂ ਮੈਂ ਜਦ ਦੇਖਦਾ। ਮੈਨੂੰ ਇਉਂ ਲੱਗਦਾ ਜਿਵੇਂ ਸਾਰਾ ਕੁਝ ਈ ਬਦਲ ਗਿਆ ਹੋਵੇ। ਬੀਰੋ ਲੰਘਦੀ ਵੜਦੀ ਘਰੋੜ-ਘਰੋੜ ਗੱਲਾਂ ਕਰਦੀ। ਨਰੈਣਾ ਮੌਜ ਵਿੱਚ ਰਹਿੰਦਾ। ਧੋਤੇ ਕੱਪੜੇ ਪਾਉਂਦਾ। ਪੱਕੀ ਰੋਟੀ ਖਾਂਦਾ। ਮੈਨੂੰ ਭਾਈ-ਭਾਈ ਕਰਦਾ। ਜੱਟ ਤੇ ਸੀਰੀ ਭਾਈ ਨਹੀਂ ਹੁੰਦੇ। ਮੈਂ ਮਨ ਵਿੱਚ ਨਰੈਣੇ ਨੂੰ ਮੋਟੀ ਸਾਰੀ ਗਾਹਲ ਕੱਢ ਕੇ ਖ਼ੁਦ ਨੂੰ ਸ਼ਾਂਤ ਕਰ ਲੈਂਦਾ। ਕਦੀ ਲੱਗਦਾ ਜੇ ਉਹ ਮੇਰਾ ਲੱਗਦਾ ਕੁਝ ਨਹੀਂ ਤਾਂ ਫੇਰ ਉਹਦੇ ਨਾਲ ਮੇਰਾ ਸ਼ਰੀਕਾ ਕਾਹਦਾ। ਜਦੋਂ ਦਾ ਨਰੈਣਾ ਮੈਨੂੰ ਭੈੜਾ ਲੱਗਣ ਲੱਗਿਆ ਸੀ, ਉਦੋਂ ਦਾ ਹੀ ਮੈਨੂੰ ਤਾਰੀ ਚੰਗਾ ਲੱਗਣ ਲੱਗਿਆ ਸੀ। ਝੋਨਾ ਵੇਚ ਕੇ ਮੈਂ ਨਵਾਂ ਘਰ ਬਣਾਉਣ ਦੀ ਸਲਾਹ ਬਣਾ ਲਈ। ਮੈਨੂੰ ਤਾਰੀ ਦੀ ਗੱਲ ਯਾਦ ਆਉਂਦੀ। ਮੈਂ ਸੋਚਦਾ ਹੋਰ ਸਾਲ ਨੂੰ ਤਰਸੇਮ ਨੂੰ ਮੰਗਣਾ-ਵਿਆਉਣਾ। ਜ਼ਮਾਨੇ ਮੂਜ਼ਬ੍ਹ ਚੱਲਣਾ ਚਾਹੀਦਾ। ਤੇਗਾ ਮਿਸਤਰੀ ਨੀਂਹ ਧਰਨ ਲਈ ਆ ਗਿਆ। ਦਿਹਾੜੀਆ ਚਾਰ ਕਹੀ ਦੇ ਟੱਪ ਮਾਰਦਾ ਤੇ ਹੱਫਨ ਲਗਦਾ। ਡੂੰਘੇ-ਡੂੰਘੇ ਸਾਹ ਲੈਂਦਾ। ਮੈਂ ਤੇ ਤਰਸੇਮ ਇੱਟਾਂ ਦੀ ਤਰਾਈ ਕਰਦਾ। ਮੈਂ ਮਿਸਤਰੀ ਦੇ ਸਿਰਹਾਣੇ ਖੜਾ ਸਾਂ।

"ਇਉਂ ਕੱਛਾਂ 'ਚ ਹੱਥ ਦਿੱਤਿਆ ਘਰ ਨਹੀਂ ਬਣਦੇ ਮੇਜਾ ਸਿਆਂ। ਘਰ ਵਾਲਿਆਂ ਨੂੰ ਨਾਲ ਵੱਘਣਾ ਈ ਪੈਂਦਾ। ਫੜਾ ਉਰੇ ਕਹੀ।"- ਮਜ਼ਦੂਰ ਹੱਥੋਂ ਕਹੀ ਫੜ ਕੇ ਨਰੈਣਾ ਨੀਂਹ ਪੁੱਟਣ ਲੱਗਾ। ਮੈਂ ਉਹਦੇ ਵੱਲ ਦੇਖਕੇ ਖਚਰਾ ਜਿਹਾ ਮੁਸਕੁਰਾਇਆ।

**-94632 15168**

---

# ਬਿੱਖਰੇ ਪੰਜਾਬ ਦੀ ਗਾਥਾ

## ਸੁਖਪਾਲ ਸਿੰਘ ਹੁੰਦਲ

## ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ



# ਦੂਜੀ ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ 2018

ਹਿੰਦੀ ਕਥਾ ਸਾਹਿਤ 'ਚ ਸਮਾਨਾਂਤਰ ਕਹਾਣੀ ਦੀ ਤਰਜ਼ 'ਤੇ ਪੰਜਾਬੀ 'ਚ ਰਾਮ ਸਰੂਪ ਅਣਖੀ, ਗੁਰਚਰਨ ਚਾਹਲ ਭੀਖੀ, ਕਿਰਪਾਲ ਕਜ਼ਾਕ, ਸਿੱਧੂ ਦਮਦਮੀ ਹੁਰਾਂ ਨੇ ਦੀਵਾ ਬਲ਼ੇ ਸਾਰੀ ਰਾਤ ਨਾਮ ਹੇਠ ਕਹਾਣੀ ਪੜ੍ਹਨ ਤੇ ਵਿਚਾਰ ਕਰਨ ਦੀ ਲੱੜੀ ਚਾਲੂ ਕੀਤੀ ਸੀ। ਉਸ ਤੋਂ ਬਾਅਦ ਪ੍ਰੇਮ ਗੋਰਖੀ ਨੇ ਵੀ ਕੁਝ ਸਮਾਂ ਇਹ ਪਰੰਪਰਾ ਜਾਰੀ ਰੱਖੀ ਸੀ। ਇਨ੍ਹਾਂ ਗੋਸ਼ਟੀਆਂ ਵਿੱਚ ਕਹਾਣੀਆਂ ਦਾ ਪਾਠ ਕੀਤਾ ਜਾਂਦਾ, ਆਲੋਚਕ ਤੇ ਸਰੋਤੇ ਵਿਚਾਰ ਚਰਚਾ, ਬਹਿਸ ਮੁਬਾਹਸਾ ਕਰਦੇ। ਇਸ ਤਰ੍ਹਾਂ ਕਹਾਣੀਕਾਰ ਨੂੰ ਸੁਝਾਅ ਤੇ ਉਤਸ਼ਾਹ ਮਿਲਦਾ। ਪੰਜਾਬੀ ਕਹਾਣੀ ਦੀ ਤਰੱਕੀ ਤੇ ਵਿਕਾਸ ਵਿੱਚ ਇਨ੍ਹਾਂ ਗੋਸ਼ਟੀਆਂ ਦਾ ਵੀ ਯੋਗਦਾਨ ਹੈ। ਇਸੇ ਪਰੰਪਰਾ ਨੂੰ ਰਾਮ ਸਰੂਪ ਅਣਖੀ ਅਤੇ ਫਿਰ ਜਸ ਮੰਡ, ਡਾ. ਰਜਨੀਸ਼ ਬਹਾਦਰ ਨੇ ਸ਼ੁਰੂ ਕੀਤਾ ਜੋ ਅੱਜ ਵੀ ਜਾਰੀ ਹੈ। ਇਹ ਕਹਾਣੀ ਗੋਸ਼ਟੀਆਂ ਨਾਵਲਕਾਰ ਮਨਮੋਹਨ ਬਾਵਾ ਦੇ ਮਿਹਰ ਹੋਟਲ 'ਚ ਡਲਹੌਜ਼ੀ ਕੀਤੀਆਂ ਜਾਂਦੀਆਂ ਹਨ। ਹਰ ਸਾਲ 'ਚ ਇੱਕ ਵਾਰ ਹੋਣ ਵਾਲੀਆਂ ਇਨ੍ਹਾਂ ਡਲਹੌਜ਼ੀ ਕਹਾਣੀ ਗੋਸ਼ਟੀਆਂ ਨੇ ਵੀ ਪੰਜਾਬੀ ਕਹਾਣੀ ਦਾ ਮੂੰਹ ਮੱਥਾ ਸੰਵਾਰਨ ਤੇ ਹੋਰ ਨਿਖਾਰਨ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ। ਤ੍ਰੈਮਾਸਿਕ ਮੈਗਜੀਨ 'ਪ੍ਰਵਚਨ' ਅਤੇ 'ਕਹਾਣੀ ਪੰਜਾਬ' ਦੇ ਕਹਾਣੀ ਗੋਸ਼ਟੀ ਅੰਕ ਅਹਿਮ ਅਤੇ ਸਾਂਭਣਯੋਗ ਦਸਤਾਵੇਜ ਬਣੇ ਹਨ। ਦੀਵਾ ਬਲ਼ੇ ਸਾਰੀ ਰਾਤ ਅਤੇ ਡਲਹੌਜ਼ੀ ਕਹਾਣੀ ਗੋਸ਼ਟੀਆਂ ਦੀ ਤਰਜ ਉਪਰ ਹੀ ਇਸ ਲੜੀ ਵਿੱਚ ਹੋਰ ਵਿਸਥਾਰ ਕਰਨ ਅਤੇ ਹੋਰ ਵੱਧ ਖੇਤਰਾਂ ਵਿੱਚ ਪੁੱਜਣ ਲਈ 'ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ' ਸ਼ੁਰੂ ਕੀਤੀ ਗਈ ਹੈ। ਇਹ ਸਾਡਾ ਨਿਮਾਣਾ ਯਤਨ ਹੈ। ਇਸ ਯਤਨ ਨੂੰ ਸਰ ਅੰਜਾਮ ਦੇਣ ਵਿੱਚ ਸ. ਹਰਬੰਸ ਸਿੰਘ ਬਰਾੜ ਦਾ ਅਹਿਮ ਯੋਗਦਾਨ ਹੈ। ਸ੍ਰੀ ਬਰਾੜ ਅਗਾਂਹਵਧੂ ਵਿਚਾਰਾਂ ਵਾਲੇ, ਰਾਜਨੀਤਕ ਤੌਰ ਤੇ ਸੁਚੇਤ ਸਫ਼ਲ ਕਿਸਾਨ ਹਨ। ਉਹ ਹੋਰਨਾਂ ਸਮਾਜਿਕ, ਰਾਜਨੀਤਕ ਗਤੀਵਿੱਧੀਆਂ ਦੇ ਨਾਲ ਪ੍ਰਬੁੱਧ ਪਾਠਕ ਤੇ ਕਦੇ ਕਦੇ ਲਿੱਖਣ ਵਾਲੇ ਲੇਖਕ ਹਨ। ਉਨ੍ਹਾਂ ਦਾ ਸਾਥ ਇਹਨਾਂ ਕਹਾਣੀ ਗੋਸ਼ਟੀਆਂ ਦੀ ਸਫਲਤਾ ਦਾ ਸੈਂਟਰ ਪੁਆਇੰਟ ਹੈ। ਪਹਿਲੀ ਕਹਾਣੀ ਗੋਸ਼ਟੀ ਅਪ੍ਰੈਲ 2017 ਚ ਕੀਤੀ ਗਈ। ਜਿਸ ਵਿੱਚ ਨਾਮਵਰ ਕਹਾਣੀਕਾਰਾਂ ਬਲਵੀਰ ਪਰਵਾਨਾ, ਹਰਜਿੰਦਰ ਸੂਰੇਵਾਲੀਆ, ਗੁਰਮੀਤ ਕੜਿਆਲਵੀ, ਜਤਿੰਦਰ ਹਾਂਸ ਅਤੇ ਦੀਪ ਦਵਿੰਦਰ ਨੇ ਕਹਾਣੀਆਂ ਪੜ੍ਹੀਆਂ। ਡਾ. ਲਾਭ ਸਿੰਘ ਖੀਵਾ, ਰਾਜਪਾਲ ਸਿੰਘ, ਗੁਰਦੇਵ ਖੋਖਰ, ਡਾ. ਰਵਿੰਦਰ ਸੰਧੂ, ਡਾ. ਗੁਲਜਾਰ ਪੰਧੇਰ ਨੇ ਪੇਪਰ ਪੜ੍ਹੇ ਤੇ ਬਹਿਸ ਦਾ ਆਗਾਜ਼ ਕੀਤਾ। ਪਹਿਲੀ ਕਹਾਣੀ ਗੋਸ਼ਟੀ ਦੀ ਸਫ਼ਲਤਾ ਤੋਂ ਉਤਸ਼ਾਹ ਤੇ ਊਰਜਾ ਲੈ ਕੇ ਦੂਜੀ ਕਹਾਣੀ ਗੋਸ਼ਟੀ ਤਿੰਨ 3-4 ਮਾਰਚ 2018 ਨੂੰ ਫਿਰ ਪਿੰਡ ਕੇਸਰ ਸਿੰਘ ਵਾਲਾ(ਬਠਿੰਡਾ) ਵਿਖੇ ਕੀਤੀ ਗਈ। ਇਸ ਦੋ ਰੋਜ਼ਾ ਕਹਾਣੀ ਗੋਸ਼ਟੀ ਦਾ ਆਗ਼ਾਜ ਸਰੂਪ ਸਿਆਲਵੀ(ਕੁਰਾਲੀ) ਦੀ ਕਹਾਣੀ 'ਆਸੁਰਾਂ ਦੀ ਬਸਤੀ' ਨਾਲ ਹੋਇਆ। ਡਾ. ਜਸਪਾਲਜੀਤ(ਬਠਿੰਡਾ) ਨੇ ਪੇਪਰ ਪੜ੍ਹ ਕੇ ਬਹਿਸ ਦਾ ਆਰੰਭ ਕੀਤਾ। ਦੂਜੀ ਕਹਾਣੀ ਸੁਖਜੀਤ(ਮਾਛੀਵਾੜਾ) ਨੇ 'ਆਟੋ ਨੰਬਰ 420' ਪੇਸ਼ ਕੀਤੀ ਡਾ. ਰਵਿੰਦਰ ਸਿੰਘ ਸੰਧੂ(ਬਠਿੰਡਾ) ਨੇ ਪੇਪਰ ਪੜ੍ਹਿਆ। ਤੀਜੀ ਕਹਾਣੀ ਗੁਰਸੇਵਕ ਪ੍ਰੀਤ(ਮੁਕਤਸਰ) ਨੇ 'ਸੌਰੀ ਲਾਈਫ ਲਤੀਫਾ ਨਹੀਂ' ਪੇਸ਼ ਕੀਤੀ ਤੇ ਗੁਰਦੇਵ ਖੋਖਰ(ਬਠਿੰਡਾ) ਨੇ ਪਰਚਾ ਪੜ੍ਹਿਆ। ਚੌਥੀ ਕਹਾਣੀ ਸਿਮਰਨ ਧਾਲੀਵਾਲ(ਪੱਟੀ) ਨੇ 'ਆ ਆਪਾਂ ਘਰ ਬਣਾਈਏ' ਪੇਸ਼ ਕੀਤੀ ਤੇ ਗੁਰਬਿੰਦਰ ਸਿੰਘ(ਪਟਿਆਲਾ) ਨੇ ਪਰਚਾ ਪੜ੍ਹਿਆ। ਅੰਤਮ ਕਹਾਣੀ ਕੇਸਰਾ ਰਾਮ(ਹਿਸਾਰ) ਦੀ ਸੀ 'ਪਿੰਡਾਂ ਵਿੱਚੋਂ ਪਿੰਡ ਸੁਣੀਂਦਾ' ਤੇ ਉਸ ਉਪਰ ਡਾ. ਭੀਮ ਇੰਦਰ(ਪਟਿਆਲਾ) ਨੇ ਬਹਿਸ ਦਾ ਆਗ਼ਾਜ

ਕੀਤਾ। ਬਹਿਸ ਵਿੱਚ ਕਹਾਣੀਕਾਰ ਜਿੰਦਰ, ਹਰਜੀਤ ਅਟਵਾਲ, ਪ੍ਰੋ. ਰਾਮ ਸਿੰਘ, ਹਰਜਿੰਦਰ ਸੂਰੇਵਾਲੀਆ, ਸੁਰਿੰਦਰ ਪ੍ਰੀਤ ਘਣੀਆਂ, ਹਰਬੰਸ ਬਰਾੜ, ਜਤਿੰਦਰ ਹਾਂਸ, ਖੁਸ਼ਵੰਤ ਬਰਗਾੜੀ, ਜਸਪਾਲ ਮਾਨਖੇੜਾ, ਕਾ. ਜਰਨੈਲ, ਦਮਜੀਤ ਦਰਸ਼ਨ, ਰਣਬੀਰ ਰਾਣਾ, ਰਣਜੀਤ ਗੌਰਵ ਨੇ ਹਿੱਸਾ ਲਿਆ। ਵਿਚਾਰ ਚਰਚਾ ਵਿੱਚ ਕਹਾਣੀਆਂ 'ਤੇ ਵਿਚਾਰ ਚਰਚਾ ਤੋਂ ਇਲਾਵਾ ਅਜਿਹੀਆਂ ਕਹਾਣੀ ਗੋਸ਼ਟੀਆਂ ਦੀ ਲੋੜ ਤੇ ਇਨ੍ਹਾਂ ਵਿੱਚ ਕੀਤੀ ਜਾਣ ਵਾਲੀ ਸਾਰਥਕ ਤੇ ਉਸਾਰੂ ਆਲੋਚਨਾ ਦਾ ਮੁੱਦਾ ਉਭਰ ਕੇ ਸਾਹਮਣੇ ਆਇਆ। ਕਹਾਣੀ ਗੋਸ਼ਟੀ 'ਚ ਠੋਕ ਕੇ ਗੱਲ ਹੋਈ। ਮੂੰਹ ਵੇਖ ਕੇ ਗੱਲ ਨਾ ਕਰੀਏ, ਮਾੜੀ ਕਹਾਣੀ ਨੂੰ ਮਾੜੀ ਕਿਹਾ ਜਾਵੇ ਦੀ ਸੁਰ ਭਾਰੂ ਰਹੀ। ਇਸ ਗੋਸ਼ਟੀ ਵਿੱਚ ਪੜ੍ਹੀਆਂ ਪੰਜੇ ਕਹਾਣੀਆਂ ਤੇ ਉਹਨਾਂ ਉਪਰ ਹੋਈ ਵਿਚਾਰ ਚਰਚਾ 'ਸ਼ਬਦ' ਮੈਗਜੀਨ ਦੇ ਪਾਠਕਾਂ ਦੇ ਸਨਮੁੱਖ ਰੱਖ ਰਹੇ ਹਾਂ।

ਜਸਪਾਲ ਮਾਨਖੇੜਾ
9780042156

## 1. ਅਸੁਰਾਂ ਦੀ ਬਸਤੀ: ਚਰਚਾ

ਡਾ. ਜਸਪਾਲ ਜੀਤ: 'ਆਸੁਰਾਂ ਦੀ ਬਸਤੀ' ਕਹਾਣੀ ਵਿੱਚ ਸਰੂਪ ਸਿਆਲਵੀ ਨੇ ਆਦਿਵਾਸੀ ਦਲਿਤਾਂ, ਸਮਾਜ ਅਤੇ ਵਿਅਕਤੀ ਦੀ ਇਤਿਹਾਸਕ ਪਿੱਠਭੂਮੀ ਚਿੱਤਰ ਕੇ ਉਸਦੀ ਹਾਸ਼ੀਅਕ੍ਰਿਤ ਸਥਿਤੀ ਨੂੰ ਬਿਆਨ ਕੀਤਾ ਹੈ। ਇਹ ਕਹਾਣੀ ਦੇ ਬਿਰਤਾਂਤ ਵਿੱਚ ਇਹ ਇਤਿਹਾਸਕ ਮੋਟਿਫ ਪਿੱਠ ਭੂਮੀ ਵਿੱਚ ਰਹਿੰਦੇ ਹਨ ਅਤੇ ਦਲਿਤ ਵਰਗ ਦੀ ਵਰਤਮਾਨ ਹੋਂਦ ਅਤੇ ਹਸਤੀ ਦੇ ਸੁਆਲ ਅਗਰਭੂਮੀ ਵਿੱਚ ਰਹਿੰਦੇ ਹਨ। ਕਹਾਣੀਕਾਰ ਇਸ ਕਹਾਣੀ ਰਾਹੀਂ ਇਹ ਬਿਆਨ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਇਤਿਹਾਸਕ ਤੌਰ ਤੇ ਆਦਿਵਾਸੀ ਦਲਿਤ ਵਰਗ ਇਸ ਦੇਸ ਦੇ ਮਾਲਕ ਹਨ ਪਰੰਤੂ ਆਰੀਆ ਲੋਕਾਂ ਨੇ ਆਪਣੀਆਂ ਸੈਨਿਕ ਮੁਹਿੰਮਾਂ ਨਾਲ ਇਨ੍ਹਾਂ ਲੋਕਾਂ ਤੋਂ ਇਨ੍ਹਾਂ ਦਾ ਗੌਰਵ ਅਤੇ ਰਾਜ ਸੱਤ੍ਹਾ ਖੋਹ ਕੇ ਇਨ੍ਹਾਂ ਨੂੰ ਹਾਸ਼ੀਆਂ ਕ੍ਰਿਤ ਕਰ ਦਿੱਤਾ ਹੈ। ਵਾਸਤਵ ਵਿੱਚ ਇਹ ਕਹਾਣੀ ਆਦਿਵਾਸੀ, ਦਲਿਤ ਵਰਗ ਦੇ ਕੇਂਦਰ ਵਿੱਚੋਂ ਹਾਸ਼ੀਆਕ੍ਰਿਤ ਹੋਣ ਦਾ ਹੀ ਬਿਰਤਾਂਤ ਹੈ। ਉਤਮ ਪੁੱਰਖੀ ਵਿਧੀ ਵਿੱਚ ਲਿਖੀ ਇਹ ਕਹਾਣੀ ਦਾ ਪ੍ਰਮੁੱਖ ਪਾਤਰ ਪ੍ਰੋ. ਪਾਲ ਹੈ ਜੋ ਸਮਾਜਿਕ ਤੌਰ ਤੇ ਜਾਤੀ ਉੱਚਤਾ ਰੱਖਦਾ ਹੋਣ ਦਾ ਬਾਵਜੂਦ ਵੀ ਸਮਾਜਵਾਦੀ, ਨਿਰਪੱਖ ਸੋਚ ਦਾ ਮਾਲਕ ਹੈ। ਉਹ ਵਿਅਕਤੀ ਜਾਣਦਾ ਹੈ ਕਿ ਇਤਿਹਾਸਕ ਤੌਰ ਤੇ ਦਲਿਤ ਮੂਲਵਾਸੀ ਹੀ ਭਾਰਤ ਆਰੀਆਵਰਤ ਦੇ ਮੂਲ ਨਿਵਾਸੀ ਹਨ ਅਤੇ ਆਰੀਆ ਲੋਕਾਂ ਨੇ ਇਨ੍ਹਾਂ ਨੂੰ ਆਪਣੀ ਰਾਜਸੀ ਅਤੇ ਫੌਜੀ ਸ਼ਕਤੀ ਨਾਲ ਕੰਨੀ ਤੇ ਸੁੱਟਿਆ ਹੈ। ਉਹ ਇਨ੍ਹਾਂ ਲੋਕਾਂ ਅੰਦਰ ਫਿਰ ਤੋਂ ਸਵੈਮਾਨ ਅਤੇ ਆਦਰ ਭਾਵ ਜਗਾਉਣਾ ਚਾਹੁੰਦਾ ਹੈ।

ਪ੍ਰੋ. ਪਾਲ ਕਿਰਤੀ ਪਥੇਰਾ ਵਰਗ ਨੂੰ ਉਨ੍ਹਾਂ ਲੋਕਾਂ ਦੀ ਇਸ ਇਤਿਹਾਸਕ ਪਿੱਠ ਭੂਮੀ ਤੋਂ ਜਾਣੂ ਕਰਵਾਉਂਦਾ ਹੈ। ਇਸ ਲਈ ਉਹ ਪਰਾਤੀਆਂ ਪਥੇਰੇ ਨੂੰ ਅੱਖਰ ਗਿਆਨ ਪ੍ਰਦਾਨ ਕਰਦਾ ਹੈ। ਪ੍ਰੋ. ਪਾਲ ਹੜੱਪਾ ਅਤੇ ਮਹਿੰਜੋਦੜੋ ਦੀ ਸਭਿਅਤਾ ਦੇ ਅਵਸ਼ੇਸ ਦੀ ਭਾਲ ਵਿੱਚ ਭਾਰਤ ਦੇ ਉਨ੍ਹਾਂ ਖੇਤਰਾਂ ਵਿੱਚ ਰਹਿ ਰਿਹਾ ਹੈ। ਪਥੇਰਿਆਂ ਲਈ ਉਹ ਨਵੀਂ ਆਸ ਦਾ ਪ੍ਰਤੀਕ ਪ੍ਰੋ. ਪਾਲ ਪਥੇਰੇ ਪਰਾਤੀਆਂ ਨੂੰ ਨਦੀਆਂ ਦੀ ਸੈਰ ਰਾਹੀਂ ਉਹ ਇਤਿਹਾਸਕ ਗਾਥਾ ਸੁਣਾਉਂਦਾ ਹੈ ਜੋ ਉਸਦੇ ਪੁਰਖਿਆਂ ਦਾ ਇਤਿਹਾਸ ਹੈ। ਇਸ ਰਾਹੀਂ ਉਹ ਇਸ ਵਿਅਕਤੀ ਅੰਦਰ ਨਵਾਂ ਵਿਸ਼ਵਾਸ ਪੈਦਾ ਕਰਦਾ ਹੈ। ਉਹ ਇਨ੍ਹਾਂ ਇਤਿਹਾਸਕ ਪਹਿਲੂਆਂ ਨੂੰ ਆਪਣੇ ਵਡੇਰਿਆਂ ਨੂੰ ਦੱਸਦਾ ਹੈ ਅਤੇ ਜਦੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਤਾਂ ਜਸ਼ਨ ਮਨਾਇਆ ਜਾਂਦਾ ਹੈ। ਜਸ਼ਨ ਰਾਹੀਂ ਉਹ ਇਹ ਮਹਿਸੂਸ ਕਰਦੇ ਹਨ ਕਿ



ਉਨ੍ਹਾਂ ਦੇ ਪੁਰਖਿਆਂ ਦਾ ਇਨ੍ਹਾਂ ਦੀ ਧਰਤੀ ਤੇ ਰਾਜ ਪ੍ਰਬੰਧ ਸੀ ਅਤੇ ਕਦੇ ਉਹ ਵੀ ਸੱਤ੍ਹਾ ਭੋਗਦੇ ਸਨ। ਇਸ ਤੱਥ ਰਾਹੀਂ ਕਹਾਣੀਕਾਰ ਉਨ੍ਹਾਂ ਅੱਗੇ ਭਾਵੀ ਭਵਿੱਖ ਦੇ ਨਵੇਂ ਸੁਪਨੇ ਪੈਦਾ ਕਰ ਦਿੰਦਾ ਹੈ।

ਉਤਮ ਪੁੱਰਖ ਵਿੱਧੀ ਵਿੱਚ ਲਿਖੀ ਇਹ ਕਹਾਣੀ ਆਦਿ ਵਾਸੀ ਦਲਿਤ ਮਨੁੱਖ ਦੀ ਸਮਾਜਿਕ ਸਥਿਤੀ ਨੂੰ ਕੇਂਦਰ ਵਿੱਚ ਰੱਖਦੀ ਹੈ। ਇਤਿਹਾਸਕ ਮੋਟਿਫਾਂ ਰਾਹੀ ਇਹ ਬਿਰਤਾਂਤ ਇਸ ਵਰਗ ਦੀ ਵਰਤਮਾਨ ਸਥਿਤੀ ਤੱਕ ਫੈਲ ਜਾਂਦਾ ਹੈ। ਇਹ ਕਹਾਣੀ ਆਸੁਰਾਂ ਤੋਂ ਮਨੁੱਖਤਾ ਵੱਲ ਪਰਤਣ ਦਾ ਬਿਰਤਾਤ ਹੈ। ਇਹ ਬਿਰਤਾਂਤ ਇਹ ਦੱਸਦਾ ਹੈ ਕਿ ਜਿਵੇਂ ਸੱਤ੍ਹਾ ਅਤੇ ਗਾਲਬ ਧਿਰਾਂ ਕਿਸੇ ਮਨੁੱਖ ਨੂੰ ਮਨੁੱਖ ਤੋਂ ਆਸੁਰਾਂ ਵਿੱਚ ਪਰਵਰਤਿਤ ਕਰ ਦਿੰਦੀਆਂ ਹਨ।

ਕਲਾਤਕਮਕ ਪੱਧਰ ਤੇ ਇਸ ਕਹਾਣੀ ਵਿੱਚ ਕਈ ਥਾਵਾਂ ਤੇ ਵਾਤਾਵਰਨ ਉਸਾਰੀ ਦੀ ਸਮੱਸਿਆ ਹੈ ਜਿਸ ਕਰਕੇ ਇਸ ਕਹਾਣੀ ਅੰਦਰ ਪੇਸ਼ ਵਸਤੂ ਉਹ ਦੁਖਾਂਤਕ ਸਥਿਤੀਆਂ ਦੀ ਸਿਰਜਨਾ ਨਹੀਂ ਕਰਦਾ ਜਿਸ ਦੀ ਕਹਾਣੀਕਾਰ ਖ਼ੁਦ ਵੀ ਅਭਿਲਾਸ਼ਾ ਰੱਖਦਾ ਹੈ।

ਸਿੱਧੇ ਤੌਰ ਤੇ ਇਹ ਕਹਾਣੀ ਆਦਿਵਾਸੀ ਦਲਿਤ ਵਰਗ ਦੇ ਪਛਾਣ ਅਤੇ ਸਥਾਪਤੀ ਦੇ ਮਸਲੇ ਦੀ ਕਹਾਣੀ ਹੈ। ਦਲਿਤ ਵਰਗ ਦੀ ਹੋਂਦ ਦੇ ਸਵਾਲ ਹੁਣ ਇਤਿਹਾਸਕ ਤੌਰ ਤੇ ਬੜੇ ਸਪਸ਼ਟ ਹੋ ਚੁੱਕੇ ਹਨ । ਇਸ ਕਰਕੇ ਵਿਸ਼ੇ ਦੀ ਪੱਧਰ ਤੇ ਇਹ ਕਹਾਣੀ ਆਪਣਾ ਕੋਈ ਨਿਵੇਕਲਾਪਣ ਨਹੀਂ ਸਿਰਜਦੀ।

ਕਹਾਣੀ ਦੀ ਇੱਕ ਪ੍ਰਾਪਤੀ ਇਹ ਬਣਦੀ ਹੈ ਕਿ ਇਹ ਕਹਾਣੀ ਆਦਿਵਾਸੀ, ਦਲਿਤ ਲੋਕਾਂ ਨੂੰ ਉਨ੍ਹਾਂ ਦੀ ਉਸ ਇਤਿਹਾਸਕਤਾ ਤੋਂ ਜਾਣੂ ਕਰਵਾਉਂਦੀ ਹੈ ਜੋ ਸਥਾਪਤੀ ਪੱਖੀ ਇਤਿਹਾਸਕਾਰਾਂ ਨੇ ਉਸਤੋਂ ਅੱਖੋ ਪਰੋਖੇ ਕਰੀਂ ਰੱਖਿਆ ਹੈ। ਸਮਕਾਲੀ ਇਤਿਹਾਸ ਸੱਤ੍ਹਾ ਅਤੇ ਸਥਾਪਤੀ ਦੀ ਮਨਸੂਬਿਆਂ ਦੀ ਪੇਸ਼ਕਾਰੀ ਦਾ ਇਤਿਹਾਸ ਹੈ ਅਤੇ ਉਸ ਇਤਿਹਾਸ ਵਿੱਚੋਂ ਦਲਿਤ ਸੰਘਰਸ਼ ਅਤੇ ਇਤਿਹਾਸਕ ਭੂਮਿਕਾ ਅਲੋਪ ਹੈ। ਵਰਤਮਾਨ ਕਾਲ ਵਿੱਚ ਇਸ ਵਰਗ ਅੰਦਰ ਆ ਰਹੀ ਚੇਤੰਨਤਾ ਨੇ ਇਸ ਵਰਗ ਨੂੰ ਆਪਣੇ ਇਤਿਹਾਸਕ ਪਹਿਲੂਆਂ ਬਾਰੇ ਨਵੇਂ ਸਿਰੇ ਤੋਂ ਸੋਚਣ ਲਈ ਪ੍ਰੇਰਤ ਕੀਤਾ ਹੈ। ਇਹ ਹੀ ਕਾਰਨ ਹੈ ਕਿ ਅੱਜ ਸਥਿਤੀ ਵਿੱਚ ਇਹ ਵਰਗ ਆਪਣਾ ਖੋਹਿਆ ਸਵੈਮਾਨ ਦੁਬਾਰਾ ਪ੍ਰਾਪਤ ਕਰ ਰਹੇ ਹਨ ਅਤੇ ਆਪਣੇ ਨਾਲ ਜੁੜੇ ਪਹਿਲੂਆਂ ਤੇ ਗੌਰਵ ਮਹਿਸੂਸ ਕਰ ਰਹੇ ਹਨ।

ਡਾ ਭੀਮ ਇੰਦਰ : ਹਾਸ਼ੀਏ ਤੇ ਧੱਕੇ ਲੋਕਾਂ ਦੀ ਜਾਤ ਪਾਤ ਜਾਂ ਵਰਨ ਵਿਵਸਥਾ ਦੀਆਂ ਕਹਾਣੀਆਂ ਜਾਂ ਲੇਖਕਾਂ ਦੀਆਂ ਸਵੈ ਜੀਵਨੀਆਂ ਆ ਰਹੀਆਂ ਹਨ, ਜੋ ਸਾਡਾ ਧਿਆਨ ਖਿੱਚਦੀਆਂ ਹਨ। ਜਿਸ ਤਰ੍ਹਾਂ ਦਾ ਸਿੱਧਾ ਅਨੁਭਵ ਇਨ੍ਹਾਂ ਲਿਖਤਾਂ ਵਿੱਚ ਪੇਸ਼ ਹੁੰਦੈ, ਉਹ ਉਨ੍ਹਾਂ ਲੋਕਾਂ ਲਈ ਜੋ ਸਿੱਧੇ ਤੌਰ ਤੇ ਇਸ ਵਰਨ ਵਿਵਸਥਾ ਤੋਂ ਪੀੜਤ ਨਹੀਂ ਉਨ੍ਹਾਂ ਲਈ ਰੌਂਗਟੇ ਖੜ੍ਹੇ ਕਰਨ ਵਾਲਾ ਹੁੰਦਾ ਹੈ। ਜਿਵੇਂ ਇਸ ਕਹਾਣੀ ਵਿੱਚ ਅਸੀਂ ਵੇਖਿਆ ਕਿ ਪੂਰੇ ਹਿੰਦੋਸਤਾਨ ਦਾ ਇਤਿਹਾਸ, ਜੋ ਜਾਤਾਂ ਤੇ ਜਮਾਤਾਂ ਦੇ ਵਿੱਚ ਵੰਡਿਐ ਔਰ ਜਾਤ ਤੇ ਜਮਾਤ ਦਾ ਬਿਰਤਾਂਤ ਹੈ। ਅਸੀਂ ਜੋ ਮਾਰਕਸਵਾਦੀ ਹਾਂ, ਅਸੀਂ ਜਾਤ ਪਾਤ ਪ੍ਰਥਾ ਨੂੰ ਇੰਗਨੌਰ ਕੀਤੈ। ਭਾਵੇਂ ਸਮਾਜਿਕ ਤੇ ਰਾਜਨੀਤਕ ਤੌਰ ਤੇ ਇਸਦਾ ਜ਼ਿਕਰ ਹੁੰਦਾ ਰਿਹਾ ਹੈ ਪਰ ਜਿਸ ਕਿਸਮ ਦਾ ਦਬਾਅ ਉਨ੍ਹਾਂ ਪੀੜਤ ਲੋਕਾਂ 'ਤੇ ਹੈ, ਉਸ ਕਿਸਮ ਦੀ ਗੱਲ ਉਠਾਉਣ ਤੋਂ ਅਸੀਂ ਕਿਤੇ ਨਾ ਕਿਤੇ ਖੁੰਝੇ ਹਾਂ। ਉਸਦਾ ਨਤੀਜਾ ਇਹ ਨਿਕਲਿਆ ਕਿ ਡਾ. ਅੰਬੇਦਕਰ ਦਾ ਉਭਰਨਾ ਤੇ ਬਸਪਾ ਵਰਗੀਆਂ ਪਾਰਟੀਆਂ ਹੋਂਦ 'ਚ ਆਈਆਂ ਹਨ। ਇਹ ਆਪਣੇ ਆਪ 'ਚ ਬਹੁਤ ਮਹੱਤਵ ਪੂਰਨ ਹੈ।

ਸਾਨੂੰ ਸਾਡੇ ਇਤਿਹਾਸ ਬਾਰੇ ਖਾਸ ਕਰ ਇਤਿਹਾਸ ਦੀ ਸਿਆਸਤ ਬਾਰੇ ਜਾਣੂ ਹੋਣਾ

ਚਾਹੀਦਾ ਹੈ। ਜਦੋਂ ਜਮਾਤੀ ਟੱਕਰ ਹੁੰਦੀ ਹੈ ਉਸਨੂੰ ਤੇ ਭਾਸ਼ਾ ਦੀ ਸਿਆਸਤ ਵੀ, ਸਾਨੂੰ ਸਮਝਣ ਦੀ ਲੋੜ ਹੈ, ਜਿਵੇਂ ਲਿਤਾੜੇ ਲੋਕਾਂ ਨੂੰ ਗੁਲਾਮ, ਆਸੁਰ ਤੇ ਹਮਲਵਾਰਾਂ ਨੂੰ ਦੇਵਤੇ ਬਣਾਇਆ। ਭਾਵੇਂ ਇਸ ਕਹਾਣੀ ਵਿੱਚ ਖਿਲਾਰਾ ਜਿਆਦਾ ਹੈ। ਕਲਾਤਮਕ ਪੱਖ ਨੂੰ ਹੋਰ ਛਾਂਟਿਆਂ ਜਾ ਸਕਦਾ ਸੀ। ਕੁਝ ਗੱਲਾਂ ਵਾਰ ਵਾਰ ਆ ਰਹੀਆਂ ਹਨ। ਮੈਂ ਕੱਲੇ ਸਰੂਪ ਸਿਆਲਵੀ ਦੀ ਗੱਲ ਨਹੀਂ ਕਰਦਾ ਸਾਡੇ ਸਾਰੇ ਦਲਿਤ ਸਾਹਿਤ 'ਚ ਰੈਪੀਟੀਸ਼ਨ ਹੈ ਤੇ ਪ੍ਰਗਤੀਵਾਦੀ ਸਾਹਿਤ ਦੇ ਮੁਕਾਬਲੇ ਕਲਾਤਮਕਤਾ ਦੀ ਘਾਟ ਵੀ ਰੜਕਦੀ ਹੈ। ਦਲਿਤ ਸਾਹਿਤਕਾਰ ਦੀਆਂ ਆਪਣੀਆਂ ਸਮੱਸਿਆਵਾਂ ਹਨ ਤੇ ਸੀਮਾਵਾਂ ਹਨ। ਨਵਾਂ ਤਜਰਬਾਂ ਮਨਮੋਹਨ ਬਾਵਾ ਜੀ ਦਾ ਹੈ, ਉਨ੍ਹਾਂ ਬਹੁਤ ਸਾਰੀਆਂ ਕਹਾਣੀਆਂ, ਨਾਵਲ ਦਲਿਤ ਇਸ਼ੂ ਤੇ ਲਿਖੇ ਹਨ । ਸਾਡੀ ਵਿਰਾਸਤ ਭਾਵੇਂ ਬਹੁਤੀ ਮਾਣ ਕਰਨ ਵਾਲੀ ਨਹੀਂ ਪਰ ਫਿਰ ਵੀ ਵਿਰਾਸਤ, ਵਿਰਸਾ, ਇਤਿਹਾਸ ਨੂੰ ਅੱਗੇ ਲੈ ਕੇ ਆਉਣਾ ਚੰਗੀ ਗੱਲ ਹੈ।

ਹਰਜਿੰਦਰ ਸੂਰੇਵਾਲੀਆਂ : ਮੇਰੇ ਖਿਆਲ 'ਚ ਪਹਿਲਾ ਹਿੱਸਾ ਠੀਕ ਹੈ, ਪਰ ਦੂਜੇ ਹਿਸੇ 'ਚ ਦਰਿਆ ਰਾਵੀ, ਬਿਆਸ ਦੇ ਪੁਰਾਣੇ ਨਾਮ ਦੇ ਕੇ ਇਤਿਹਾਸ ਦੇਣ ਦੀ ਕੋਸਿਸ਼ ਕੀਤੀ ਹੈ, ਕਹਾਣੀ ਦੀ ਕਲਾਤਮਕਤਾ ਘੱਟ ਜਾਂਦੀ ਹੈ । ਉਸ ਹਿੱਸੇ ਨੂੰ ਸੰਖੇਪ ਕੀਤਾ ਜਾ ਸਕਦੈ ।

ਗੁਰਦੇਵ ਖੋਖਰ : ਕਹਾਣੀ ਇਤਿਹਾਸਕ ਵਿਸ਼ੇ 'ਤੇ ਹੈ। ਕਹਾਣੀ ਦਾ ਕਲਾਤਾਮਕ ਪੱਖ ਕਮਜੋਰ ਹੈ। ਕਹਾਣੀ-ਰਸ ਦੀ ਘਾਟ ਹੈ। ਇਤਿਹਾਸਕ ਪੱਖ ਭਾਵੇਂ ਹੈ। ਦੋ ਤਿੰਨ ਪਾਤਰਾਂ ਖਾਸਕਰ ਪ੍ਰੋ. ਪਾਲ ਦੀ ਸਖਸ਼ੀਅਤ ਦੇ ਜਾਤੀਗਤ ਪੱਖ ਲੈ ਕੇ ਉਭਾਰਨ ਦੀ ਕੋਸ਼ਿਸ ਕੀਤੀ ਹੈ। ਆਸੁਰਾਂ ਦੇ ਇਤਿਹਾਸ ਨੂੰ ਉਭਾਰਿਆ ਹੈ। ਸਾਡੇ ਬਹੁਤੇ ਕਹਾਣੀਕਾਰ ਇਸ ਪੱਖ ਤੋਂ ਉਲਾਰ ਹਨ। ਕਈ ਵਾਰ ਲੇਖਕ ਸਿਰਫ ਜਾਤੀਗਤ ਪੱਖ ਤੋਂ ਲਿਖਦੈ। ਉਸ ਵਿੱਚੋਂ ਸੰਘਰਸ਼ ਗਾਇਬ ਹੁੰਦੈ। ਇੱਕ ਪੱਖ ਨੂੰ ਗਲੋਰੀਫਾਈ ਕਰਦੈ, ਇੱਕ ਨੂੰ ਹਾਸ਼ੀਏ ਤੇ ਛੱਡਦੈ। ਪ੍ਰੋ. ਪਾਲ ਦਾ ਕਿਰਦਾਰ ਇੱਕ ਇਤਿਹਾਸਕਾਰ ਦੇ ਤੌਰ ਤੇ ਉਭਰ ਕੇ ਸਾਹਮਣੇ ਆ ਰਿਹੈ। ਪਰ ਮਾਸਟਰ ਦੇ ਜਿਹਨ ਵਿੱਚ ਜੋ ਇਤਿਹਾਸ ਤੇ ਜਾਤੀਗਤ ਤੌਰ ਤੇ ਪਿਐ, ਉਹ ਕੋਈ ਵਧੀਆ ਗੱਲ ਨਹੀਂ ਹੈ। ਕਹਾਣੀ 'ਚ ਵਰਗ ਸੰਘਰਸ਼ ਦੀ ਜੋ ਟੱਕਰ ਬਣਨੀ ਚਾਹੀਦੀ ਸੀ ਉਹ ਹੈ ਨਹੀਂ। ਦੂਜੀ ਗੱਲ ਆਸੁਰਾਂ ਤੇ ਆਰੀਆਂ ਦੇ ਟਕਰਾਵਾਂ ਚੋਂ ਇਤਿਹਾਸਕ ਨਜ਼ਰੀਆ ਤਾਂ ਦੇ ਸਕਦੈ ਪਰ ਜੋ ਗੱਲ ਪੁਰਾਤਤਵ ਵਿਭਾਗ ਨੇ ਐਨ ਡੀ ਏ ਬਗੈਰਾ ਕਰਕੇ ਕਰਨੀ ਹੈ, ਇਤਿਹਾਸ ਦਾ ਬੰਦਾ ਨਹੀਂ ਕਰ ਸਕਦਾ। ਪਰ ਹਾਂ ਜੇ ਕੋਈ ਸਿੱਟੇ ਸਾਹਮਣੇ ਆਏ ਹਨ ਤਾਂ ਉਸ ਤੋਂ ਕੋਈ ਧਾਰਨਾ ਬਣ ਸਕਦੀ ਹੈ, ਉਹ ਇਤਿਹਾਸਕ ਸਟੱਡੀ ਤਾਂ ਹੈ ਪਰ ਅਥੈਂਟਿਕ ਗੱਲ ਨਹੀਂ ਕੀਤੀ ਜਾ ਸਕਦੀ। ਪਰ ਇਸ ਤਰ੍ਹਾਂ ਜਾਤੀਗਤ ਨਜ਼ਰੀਏ ਤੋਂ ਵੇਖਣ ਦੀ ਸਮਝ ਤੋਂ ਸਾਨੂੰ ਸੁਚੇਤ ਹੋਣ ਦੀ ਲੋੜ ਹੈ।

ਪ੍ਰੋ ਰਾਮ ਸਿੰਘ : ਇਸ ਕਹਾਣੀ ਦਾ ਕੈਨਵਸ ਬਹੁਤ ਵੱਡਾ ਹੈ, ਸਦੀਆਂ ਦਾ ਇਤਿਹਾਸ ਮਿਥਿਹਾਸ ਤੇ ਉਸਨੂੰ ਵਰਤਮਾਨ ਨਾਲ ਜੋੜਨਾ। ਐਨੇ ਵੱਡੇ ਕੈਨਵਾਸ ਨੂੰ ਕਲਾਮਈ ਢੰਗ ਨਾਲ ਨਿਭਾਉਂਣਾ ਬਹੁਤ ਮੁਸ਼ਕਲ ਕਾਰਜ ਸੀ, ਪਰ ਕਹਾਣੀਕਾਰ ਨੇ ਇਸ ਨੂੰ ਵਧੀਆ ਢੰਗ ਨਾਲ ਨਿਭਾਇਐ। ਏਸ ਰਚਨਾ ਚ ਪਾਠਕ ਇਤਿਹਾਸ ਤੇ ਮਿਥਿਹਾਸ ਵਿੱਚ ਦੀ ਗੁਜ਼ਰਦਾ ਹੈ। ਇਹ ਨਿਰੋਲ ਇਤਿਹਾਸ ਮਿਥਿਹਾਸ ਨਹੀਂ । ਸਾਰੀਆਂ ਚੀਜਾਂ ਅੰਸ਼ ਮਾਤਰ ਹਨ। ਸਾਇਦ ਸਾਹਿਤ ਚ ਅੰਸ਼ ਮਾਤਰ ਹੀ ਹੁੰਦੀਆਂ ਹਨ। ਪੂਰਨ ਤੌਰ ਤੇ ਇਤਿਹਾਸ ਮਿਥਿਹਾਸ ਨਹੀਂ ਹੁੰਦੀਆਂ। ਉਨ੍ਹਾਂ ਨੂੰ ਪ੍ਰੋ ਪਾਲ ਦੇ ਮਾਧਿਆਮ ਰਾਹੀਂ ਅੱਜ ਦੇ ਯੁੱਗ ਤੱਕ ਲੈ ਕੇ ਆਉਣਾ ਤੇ ਅੱਜ ਦੇ ਯੁੱਗ ਦੇ ਪਾਤਰਾਂ ਰਾਹੀਂ ਪਰਾਤੀਆਂ ਤੇ ਮੋਹਨ ਸਿੰਘ ਦੇ ਰੂਬਰੂ ਹੋ ਕੇ ਉਨ੍ਹਾਂ ਗੱਲਾਂ ਨੂੰ ਕਰਨਾ ਅੱਜ ਦੇ ਸਮਾਜ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨਾ ਹੈ। ਇੱਕ ਹੋਰ ਕਮਾਲ ਦਾ ਮੈਟਾਫਰ ਜਾਂ ਪ੍ਰਤੀਕ ਮੈਨੂੰ ਇਸ ਕਹਾਣੀ ਚ ਨਜ਼ਰ ਆ ਰਿਹੈ, ਉਹ ਹੈ ਪਾਣੀਆਂ ਦੀ ਭਾਸ਼ਾ, ਦਰਿਆਵਾਂ ਦਾ ਸੰਗੀਤ, ਪਾਣੀਆਂ



ਦੀ ਸ਼ਕਤੀ, ਭਾਵੇਂ ਅੰਸ਼ਿਕ ਰੂਪ ਚ ਹੀ ਪਰਾਤੀਆ ਦਰਿਆਵਾਂ ਦੇ ਵਗਦੇ ਪਾਣੀ ਦੀ ਸ਼ਕਤੀ ਨੂੰ ਮਹਿਸੂਸ ਕਰਦਾ ਹੈ। ਇਹ ਸ਼ਕਤੀ, ਸਮਰੱਥਾ ਮਨੁੱਖਾਂ ਦੀ ਮਾਨਸਿਕਤਾ ਨੂੰ ਤਬਦੀਲ ਕਰਨ ਦੇ ਯੋਗ ਹੁੰਦੀ ਹੈ। ਜਦੋ ਪਰਾਤੀਆ ਆਪਣੀ ਬਸਤੀ ਦੇ ਲੋਕਾਂ ਚ ਪਾਣੀ ਵੰਡਦਾ ਹੈ ਤਾਂ ਉਹ ਨੱਚਦੇ ਗਾਉਂਦੇ ਨੇ। ਕੀ ਅਸੀਂ ਇਸਨੂੰ ਅੱਜ ਦੇ ਯੁੱਗ ਦਾ ਅਮ੍ਰਿਤਪਾਨ ਨਹੀਂ ਕਹਿ ਸਕਦੇ ? ਇਹ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਦਾ ਰਸਤਾ ਜਾਪ ਰਿਹਾ ਹੈ।

ਡਾ. ਰਵਿੰਦਰ ਸੰਧੂ : ਕਹਾਣੀ ਥੋੜ੍ਹੀ ਜਿਹੀ ਔਖੀ ਲੱਗਦੀ ਹੈ, ਚੱਲਦੀ ਨਹੀਂ । ਇਤਿਹਾਸਕ ਗਲਪ ਚ ਇਹ ਗੱਲ ਆ ਜਾਂਦੀ ਹੈ। ਲੇਖਕ ਕੋਲ ਆਵਦੇ ਕੋਲ ਕਹਿਣ ਲਈ ਬਾਹਲੀਆਂ ਗੱਲਾਂ ਨਹੀਂ ਹੁੰਦੀਆਂ। ਉਹ ਤੱਥਗੱਤ ਗੱਲਾਂ ਕਿਤੋਂ ਹੋਰ ਲੈ ਰਿਹਾ ਹੁੰਦੈ। ਲੇਖਕ ਨੇ ਇਸ ਕਹਾਣੀ ਚ ਆਪਣੇ ਵੱਲੋਂ ਪ੍ਰੋ. ਪਾਲ ਤੇ ਮਾ. ਮੋਹਨ ਸਿੰਘ ਪਾਏ ਨੇ। ਜਿਸ ਨਾਲ ਵੇਰਵਿਆਂ ਨੂੰ ਇੱਛਤ ਯਥਾਰਥ ਵੱਲ ਲੈ ਕੇ ਜਾਵੇ। ਪਾਣੀ ਪੀ ਕੇ ਨੱਚਣਾ, ਬਸਤੀ ਦੇ ਬਾਹਰ ਪਥੇਰਿਆਂ ਦੀ ਬਸਤੀ ਦੀ ਥਾਂ ਆਸੁਰਾਂ ਦੀ ਬਸਤੀ ਦਾ ਬੋਰਡ ਲੱਗਣਾ । ਇਹ ਬਦਲਾਅ ਉਨ੍ਹਾਂ ਚ ਆਉਣ ਦੀ ਸੰਭਾਵਨਾ ਕਹਾਣੀ ਵਿਖਾ ਰਹੀ ਹੈ। ਬਦਲਾਅ ਤੇ ਚੇਤਨਾ ਦਾ ਵਾਹਕ ਪਰਾਤੀਆ ਬਣ ਰਿਹੈ, ਬਦਲਾਵ ਆਉਣ ਦੀ ਸੰਭਾਵਨਾ ਦਾ ਸੰਕੇਤ ਦੇ ਕੇ ਕਹਾਣੀ ਖਤਮ ਹੋ ਜਾਂਦੀ ਹੈ। ਰੌਚਕਤਾ ਦੇ ਪੱਖ ਤੋਂ ਕਹਾਣੀਕਾਰ ਨੂੰ ਜਰੂਰ ਗੱਲ ਧਿਆਨ ਚ ਰੱਖਣੀ ਚਾਹੀਦੀ ਹੈ।

ਗੁਰਬਿੰਦਰ: ਅਕਸਰ ਕਿਹਾ ਜਾਂਦੈ ਕਿ ਜਦੋਂ ਲੇਖਕ ਕੋਲ ਨਵੇਂ ਵਿਸ਼ਿਆਂ ਦੀ ਸੰਭਾਵਨਾਵਾਂ ਖਤਮ ਹੋ ਜਾਂਦੀਆਂ ਹਨ ਤਾਂ ਉਹ ਇਤਿਹਾਸ ਮਿਥਿਹਾਸ ਚੋ ਵਿਸ਼ੇ ਚੱਕਣ ਲੱਗ ਪੈਂਦੈ। ਪਰ ਅਜਿਹੇ ਵਿਸ਼ੇ ਨੂੰ ਹੱਥ ਪਾਉਂਣਾ ਬੜਾ ਔਖਾ ਤੇ ਜੁਅਰਤ ਵਾਲਾ ਕੰਮ ਹੈ। ਇਤਿਹਾਸ ਮਿਥਿਹਾਸ ਚੋਂ ਵਿਸ਼ੇ ਨੂੰ ਲੈ ਕੇ ਸਮਤੋਲ ਚ ਰੱਖ ਕੇ ਬਿਨਾਂ ਉਲਾਰਤਾ ਸਮਕਾਲ ਨਾਲ ਜੋੜਨਾ ਵੱਡੀ ਪ੍ਰਾਪਤੀ ਹੁੰਦੀ ਹੈ।

ਜਸਪਾਲ ਮਾਨਖੇੜਾ : ਕਹਾਣੀ ਦੇ ਪਾਠਕ ਦੇ ਤੌਰ ਤੇ ਮੈਂ ਕਹਿ ਸਕਦਾ ਹਾਂ ਕਿ ਰੌਚਿਕਤਾ ਦੀ ਘਾਟ ਕਾਰਨ ਕਹਾਣੀ ਚੱਲਦੀ ਘੱਟ ਹੈ, ਕਹਾਣੀ-ਰਸ ਘੱਟ ਹੈ। ਪਰ ਜਿਹੜੀ ਗੱਲ ਪਾਣੀਆਂ ਦੀ ਸ਼ਕਤੀ ਦੀ ਕੀਤੀ ਹੈ ਉਹ ਕਮਾਲ ਹੈ, ਉਸਨੇ ਕਹਾਣੀ ਨੂੰ ਸ਼ਕਤੀਸ਼ਾਲੀ ਬਣਾ ਦਿੱਤਾ ਹੈ।

## 2 ਆਟੋ ਨੰਬਰ 420: ਚਰਚਾ

ਡਾ. ਰਵਿੰਦਰ ਸਿੰਘ ਸੰਧੂ : ਸਾਹਿਤ ਦਾ ਅਧਿਐਨ ਕਰਨ ਦੀਆਂ ਬਹੁਤ ਸਾਰੀਆਂ ਵਿਧੀਆਂ ਹੋ ਸਕਦੀਆਂ ਹਨ ਪਰ ਮੇਰੀ ਸਮਝ ਅਨੁਸਾਰ ਦੋ ਤਰ੍ਹਾਂ ਨਾਲ ਸਾਹਿਤ ਅਧਿਐਨ ਦੀ ਪ੍ਰਕਿਰਿਆ ਚੱਲਦੀ ਹੈ। ਇੱਕ ਜਿਵੇਂ ਇੱਕ ਪਾਠਕ ਸਧਾਰਨ ਰੂਪ ਵਿੱਚ ਕਿਸੇ ਪਾਠ ਦਾ ਪਾਠ ਕਰਦਾ ਹੈ, ਅਚੰਭਿਤ ਹੁੰਦਾ ਹੈ, ਸਵੀਕਾਰਨ ਨਕਾਰਨ ਦੀ ਪ੍ਰਕਿਰਿਆ ਵਿੱਚ ਪੈਂਦਾ ਹੈ, ਵਿਅਕਤੀਗਤ ਸਮਝ ਅਤੇ ਅਨੁਭਵ ਦੇ ਆਧਾਰ ਉੱਤੇ ਸਬੰਧਿਤ ਪਾਠ ਦੇ ਬਾਰੇ ਵਿੱਚ ਆਪਣਾ ਨਿਰਣਾ ਦਿੰਦਾ ਹੈ। ਦੂਜੀ, ਕਿਸੇ ਸਾਸ਼ਤਰੀ ਨੇਮ ਪ੍ਰਬੰਧ ਨੂੰ ਆਧਾਰ ਮੰਨ ਕੇ ਪ੍ਰਸਤੁਤ ਪਾਠ ਦਾ ਅਧਿਐਨ ਕਰਨ ਨਾਲ ਸਬੰਧਿਤ ਹੁੰਦੀ ਹੈ। ਇਸ ਵਿੱਚ ਵਿਚਾਰਧਾਰਕ ਸੰਦਾਂ ਨਾਲ ਪਾਠ ਦੀ ਚੀਰ ਫਾੜ ਕਰਕੇ ਉਸਦੀ ਡੂੰਘੀ ਸੰਰਚਨਾ ਵਿੱਚ ਕਾਰਜਸੀਲ ਵਿਸੇਸੀਕ੍ਰਿਤ ਅੰਤਰ ਦ੍ਰਿਸ਼ਟੀਆਂ ਤੱਕ ਪਹੁੰਚ ਸਕਣ ਦਾ ਯਤਨ ਸ਼ਾਮਿਲ ਹੁੰਦਾ ਹੈ। ਪਹਿਲੇ ਪ੍ਰਕਾਰ ਦੀ ਅਧਿਐਨ ਪ੍ਰਕਿਰਿਆ ਆਤਮਪਰਕ ਮਾਨਤਾਵਾਂ, ਵਿਸਵਾਸ਼ਾਂ ਉਪਰ ਆਧਾਰਿਤ ਹੁੰਦੀ ਹੈ ਜਿਸ ਕਰਕੇ ਉਸ ਅਧਿਐਨ ਦੇ ਸਿੱਟੇ ਵੀ ਵਿਅਕਤੀਗਤ ਹੀ ਹੁੰਦੇ ਹਨ। ਦੂਜੀ ਅਧਿਐਨ ਪ੍ਰਕ੍ਰਿਆ ਦੇ ਸਿੱਟੇ ਵਿਅਕਤੀਗਤ ਦੀ ਥਾਂ ਵਸਤੂਸਰ ਵਧੇਰੇ ਹੁੰਦੇ ਹਨ ਜਾਂ ਹੋਣ ਦੀ ਸੰਭਾਵਨਾ ਹੁੰਦੀ ਹੈ ਕਿਉਂ ਕਿ ਸ਼ਾਸਤਰੀ ਨੇਮਾਵਲੀ ਵਸਤੂਨਿਸ਼ਠਤਾ ਦੀ ਜ਼ਾਮਨ ਹੁੰਦੀ ਹੈ। ਅਸੀਂ ਇਸ ਅਧਿਐਨ ਵਿੱਚ ਅਜਿਹੀ ਹੀ ਵਸਤੂਨਿਸ਼ਠਤਾ ਨੂੰ ਸਥਾਪਤ ਕਰਨ ਤੇ

ਨਿਭਾਉਣ ਦਾ ਯਤਨ ਕਰਾਂਗੇ।

ਸੋ, ਜਦੋਂ ਇਸ ਕਹਾਣੀ ਨੂੰ ਪੜ੍ਹਿਆ ਤਾਂ ਸਵਾਲ ਪੈਦਾ ਹੋਇਆ ਕਿ ਇਹ ਕੀ ਹੈ ? ਇਹ ਤਾਂ ਰੋਮਾਂਸਵਾਦ ਹੈ। ਰੋਮਾਂਸਵਾਦ ਸੰਸਾਰ ਸਾਹਿਤ ਦਾ ਸਭ ਤੋਂ ਅਧਿਕ ਸਸ਼ਕਤ, ਪ੍ਰਭਾਵਸ਼ਾਲੀ ਤੇ ਵਿਸ਼ਵ ਵਿਆਪਕ ਵਾਦ ਹੈ ਜਿਹੜਾ ਉਨੀਵੀਂ ਸਦੀ ਦੇ ਆਰੰਭ ਤੋਂ ਅੱਜ ਤਕ ਸੰਸਾਰ ਦੇ ਕਈ ਦੇਸ਼ਾਂ ਦੇ ਸਾਹਿਤ ਦੀਆਂ ਭਿੰਨ ਭਿੰਨ ਵਿਧਾਵਾਂ ਤੇ ਛਾਇਆ ਹੋਇਆ ਹੈ। ਇਸਦਾ ਪ੍ਰਭਾਵ ਮੌਜੂਦਾ ਦੌਰ ਦੀਆਂ ਰਚਨਾਵਾਂ ਵਿੱਚ ਵੀ ਦੇਖਣ ਨੂੰ ਮਿਲਦਾ ਹੈ। ਰੋਮਾਂਟਿਕ ਰਚਨਾ ਸੰਭਾਵਿਤ ਦੀ ਥਾਂ ਅਚੰਭਿਤ ਸੰਸਾਰ ਦੀ ਸਿਰਜਣਾ ਕਰਦੀ ਹੈ। ਰੋਮਾਂਸ ਇੱਕ ਅਜਿਹੀ ਰਚਨਾ ਨੂੰ ਕਹਿੰਦੇ ਹਨ ਜਿਸ ਵਿੱਚ ਕਲਪਨਾ ਅਤੇ ਅਦਭੁਤ ਰਸ ਦੀ ਪ੍ਰਧਾਨਤਾ ਹੋਵੇ। ਇਸ ਪ੍ਰਕਾਰ ਇਹ ਇੱਕ ਅਜਿਹੀ ਰੰਗੀਨ ਗਾਥਾ ਹੁੰਦੀ ਹੈ ਜਿਹੜੀ ਸਧਾਰਨ ਜੀਵਨ ਅਤੇ ਯਥਾਰਥਕ ਪ੍ਰਸਥਿਤੀਆਂ ਤੋਂ ਪਰ੍ਹੇ ਦੀ ਕੋਈ ਝਾਕੀ ਪੇਸ਼ ਕਰਦੀ ਹੈ। ਰੋਮਾਂਟਿਕ ਰਚਨਾ ਕਿਸੇ ਫੁਰਨੇ ਤੋਂ ਸ਼ੁਰੂ ਹੁੰਦੀ ਹੈ। ਰੋਮਾਂਸਵਾਦ ਬਾਰੇ ਜਾਰਜ ਲੁਕਾਸ ਦਾ ਕਹਿਣਾ ਹੈ ਕਿ ਸਾਡੇ ਮੁੱਢਲੇ ਆਵੇਗ ਫੁਰਨੇ ਸਾਨੂੰ ਰੋਮਾਂਸਵਾਦ ਵੱਲ, ਯਥਾਰਥਬੋਧ ਯਥਾਰਥਵਾਦ ਵੱਲ ਅਤੇ ਸਮਾਜਿਕ ਸਮਝ ਸ਼ਾਸਤਰਵਾਦ ਵੱਲ ਲੈ ਜਾਂਦੀ ਹੈ। ਜਾਰਜ ਲੁਕਾਸ ਦੀਆਂ ਸੁਝਾਈਆਂ ਇਹ ਤਿੰਨੇ ਅਵਸਥਾਵਾਂ ਮਨੁੱਖੀ ਚਿੰਤਨ ਦੇ ਤਿੰਨ ਪੜਾਅ ਦ੍ਰਿਸਟੀਗੋਚਰ ਕਰਦੀਆਂ ਹਨ।

ਰੋਮਾਂਸਵਾਦ ਦੀ ਇੱਕ ਪ੍ਰਸਿੱਧ ਧਾਰਨਾ ਪ੍ਰਕਿਰਤੀ ਵੱਲ ਵਾਪਸੀ ਦੀ ਹੈ ਜੋ ਰੂਸੋ ਦੀ ਦਿੱਤੀ ਹੋਈ ਹੈ। ਸਾਹਿਤ ਵਿੱਚ ਪ੍ਰਕਿਰਤੀ ਜਾਂ ਕੁਦਰਤ ਆਪਣੇ ਵੰਨ ਸੁਵੰਨੇ ਰੂਪ ਵਿੱਚ ਦ੍ਰਿਸਟੀਗੋਚਰ ਹੋਣ ਦੇ ਨਾਲ ਨਾਲ ਆਪਣੀ ਸੁੰਦਰਤਾ ਤੋਂ ਅਗਾਂਹ ਉਪਯੋਗਤਾ ਦੇ ਪੱਖ ਤੋਂ ਵੀ ਪੇਸ਼ ਹੁੰਦੀ ਹੈ। ਇਹ ਰੂਸੋ ਦੇ ਮੂਲ ਸਕੰਲਪ ਦਾ ਰੂਪਾਂਤਰਣ ਹੈ ਜੋ ਹੁਣਵੇਂ ਸਾਹਿਤ ਵਿੱਚ ਦੇਖਣ ਨੂੰ ਮਿਲਦਾ ਹੈ।

ਇਹ ਵੀ ਕਤਈ ਸੰਭਵ ਨਹੀਂ ਹੈ ਕਿ ਕੋਈ ਸਾਹਿਤਕ ਸਿਰਜਣਾ ਯਥਾਰਥਕ ਚਿਤਰਣ ਤੋਂ ਬਗੈਰ ਹੋਂਦ ਵਿੱਚ ਆ ਸਕਦੀ ਹੈ। ਮਨੁੱਖ ਦੀ ਕਲਪਨਾ ਵੀ ਯਥਾਰਥਕ ਅਨੁਭਵ ਤੋਂ ਕੋਰੀ ਨਹੀਂ ਹੁੰਦੀ। ਸਾਹਿਤ ਵਿੱਚ ਕਲਪਨਾ ਅਤੇ ਯਥਾਰਥ ਦਾ ਕਲਾਤਮਕ ਸੁਮੇਲ ਹੈ। ਇਸਦਾ ਮੂਲ ਖਾਸਾ ਸੱਚ ਨਾ ਹੁੰਦਿਆਂ ਹੋਇਆ ਵੀ ਸੱਚ ਦਾ ਆਭਾਸ ਕਰਵਾਉਂਣਾ ਹੁੰਦਾ ਹੈ। ਇਹ ਵਾਸਤਵਿਕਤਾ ਦਾ ਭੁਲੇਖਾ ਪਾਉਂਦਾ ਹੈ। ਸੰਭਾਵਿਤਾ ਇਸਦਾ ਇੱਕ ਮੁੱਖ ਲੱਛਣ ਹੈ।

ਉਪਰੋਕਤ ਧਾਰਨਾਵਾਂ ਦੀ ਰੋਸ਼ਨੀ ਵਿੱਚ ਹੁਣ 'ਆਟੋ ਨੰਬਰ 420' ਦਾ ਝੂਟਾ ਲਵਾਂਗੇ।

ਸੁਖਜੀਤ ਨੇ ਇਸ ਕਹਾਣੀ 'ਆਟੋ ਨੰਬਰ 420' ਵਿੱਚ ਕਈ ਵਿਸ਼ਿਆਂ ਨੂੰ ਛੂਹਣ ਦੀ ਕੋਸ਼ਿਸ ਕੀਤੀ ਹੈ। ਕੁਦਰਤ ਵੱਲ ਵਾਪਸੀ, ਜੰਗਲ ਦਾ ਮਹੱਤਵ, ਆਦਿ ਵਾਸੀਆਂ ਦੀ ਅਤੇ ਜੰਗਲੀ ਕੁਦਰਤੀ ਸਾਧਨਾ ਦੀ ਲੁੱਟ, ਭ੍ਰਿਸਟਾਚਾਰ, ਪੂੰਜੀਵਾਦੀ ਕਦਰਾਂ ਕੀਮਤਾਂ ਜਿਵੇਂ ਮੁਨਾਫਾ ਦਰ ਮੁਨਾਫਾ ਦਰ ਮੁਨਾਫਾ ਦਾ ਸੰਕਲਪ ਸਮਾਜਿਕ ਆਰਥਿਕ ਸੋਸ਼ਣ ਆਦਿ ਵਰਗੇ ਬਹੁਭਾਂਤੇ ਵਿਸ਼ੇ ਕਹਾਣੀ ਦੇ ਗਲਪੀ ਸੰਗਠਨ ਵਿੱਚ ਪਏ ਮਿਲਦੇ ਹਨ। ਕਹਾਣੀ ਬਿਰਤਾਂਤ ਸਿਰਜਦਿਆਂ ਕਹਾਣੀਕਾਰ ਵਿਸ਼ਿਆਂ ਨੂੰ ਛੂਹ ਛੂਹ ਕੇ ਛੱਡਦਾ ਜਾਂਦਾ ਹੈ।

ਸ਼ਹਿਰੀ ਜੀਵਨ ਜਾਂਚ ਤੋਂ ਕੁਦਰਤੀ ਜੀਵਨ ਜਾਂਚ ਵੱਲ ਵਾਪਸੀ ਦਾ ਸੰਕੇਤ ਇਸ ਕਹਾਣੀ ਦਾ ਇੱਕ ਮਹੱਤਵਪੂਰਨ ਪੱਖ ਹੈ। ਪਾਤਰ ਨੀਲ ਨੂੰ ਝਟਕਾ ਲਗਦਾ ਹੈ ਤੇ ਉਹ ਜੰਗਲ ਵੱਲ ਮੁੜਦਾ ਹੈ। ਜੰਗਲ ਦੇ ਅੰਦਰ ਤੱਕ ਪੁਹੰਚ ਜਾਂਦਾ ਹੈ। ਪਹਿਲਾਂ ਜੰਗਲ ਦੀ ਸੰਘਣਤਾ ਵਿੱਚ ਫਸਦਾ ਹੈ ਤੇ ਫਿਰ ਹੌਲੀ ਹੌਲੀ ਢਲਦਾ ਜਾਂਦਾ ਹੈ। ਸ਼ਹਿਰੀ ਜੀਵਨ ਦੇ ਸਮਵਿੱਥ ਕਹਾਣੀਕਾਰ ਇੱਥੇ ਕੁਦਰਤੀ ਜੀਵਨ ਵਿਚਲੇ ਸਕੂਨ ਦਾ ਸੰਕਲਪ ਉਭਾਰਦਾ ਹੈ। ਜੰਗਲ ਵਿੱਚ ਗਵਾਚਿਆ ਪਾਤਰ ਨੀਲ ਸ਼ਹਿਰ ਲੱਭਦਾ ਲੱਭਦਾ ਜੰਗਲੀ ਜੀਵਨ ਨੂੰ ਸਹਿਜਤਾ ਤੇ ਪ੍ਰਸੰਨਤਾ ਨਾਲ ਜਿਊਣ ਲੱਗਦਾ ਹੈ। ਕਿਉਂ ਕਿ ਕਹਾਣੀ ਵਿੱਚ ਕਿਧਰੇ ਵੀ ਉਸਦੀ ਪਰਿਵਾਰਕ ਫਿਕਰਮੰਦੀ ਦਾ ਵੇਰਵਾ ਨਹੀਂ ਹੈ



ਸਿਰਫ਼ ਇੱਕ ਫੋਨ ਕਾਲ ਦੇ ਜ਼ਿਕਰ ਤੋਂ ਇਲਾਵਾ ਜਿਸ ਵਿੱਚ ਉਹ ਸਹਿਰ ਤੋਂ ਬਾਹਰ ਦੀ ਸਵਾਰੀ ਲੈ ਕੇ ਜਾਣ ਤੇ ਹਰੀ ਚਾਚਾ ਤੋਂ ਰਾਸ਼ਨ ਲੈ ਲੈਣ ਦਾ ਜਿਕਰ ਕਰਦਾ ਹੈ। ਵੈਸੇ ਇਹ ਵੀ ਇਕ ਨੁਕਤਾ ਵਿਚਾਰਨ ਵਾਲਾ ਹੈ ਕਿ ਸ਼ਹਿਰ ਤੋਂ ਬਾਹਰ ਕਈ ਦਿਨਾਂ ਲਈ ਸਵਾਰੀਆਂ ਆਟੋ ਵਾਲਿਆਂ ਨੂੰ ਮਿਲਦੀਆਂ ਵੀ ਹਨ ਕਿ ਨਹੀਂ ? ਅਜਿਹਾ ਰੁਝਾਣ ਕਹਾਣੀਕਾਰ ਦੀ ਫੈਂਟਸੀ ਦੀ ਜੁਗਤ ਨਹੀਂ ? ਸੰਭਾਵਿਤਾ ਦੇ ਥਾਂ ਅਚੰਭਾ ਰੋਮਾਂਸਵਾਦ ਦਾ ਇੱਕ ਉੱਭਰਵਾਂ ਲੱਛਣ ਹੈ। ਜੰਗਲ ਵਿੱਚ ਰਹਿੰਦਾ ਨੀਲ, ਆਟੋ ਦਾ ਡਰਾਈਵਰ ਚੜ੍ਹਦੇ ਸੂਰਜ ਤੋਂ, ਪੂਰਬ ਤੋਂ ਸੇਧ ਲੈ ਕੇ ਪੱਛਮ ਵੱਲ ਤੁਰਦਾ ਹੈ ਤਾਂ ਲਗਦਾ ਹੈ ਕਿ ਉਹ ਕੁਝ ਕਰੇਗਾ ਪਰ ਸਿਸਟਮ ਏਨਾ ਬਲਵਾਨ ਹੈ ਕਿ ਉਸਦੇ ਸਾਹਮਣੇ ਤਾਂ ਜਾਵੇਦ ਵਰਗੇ ਇਮਾਨਦਾਰ ਤੇ ਕਾਬਿਲ ਡਾਕਟਰ ਨੱਚ ਰਹੇ ਸਨ ਫਿਰ ਨੀਲ ਕੀ ਚੀਜ਼ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਨਾ ਨੀਲ ਜਾਣਦਾ ਹੈ, ਨਾ ਜਾਵੇਦ ਜਾਣਦਾ ਹੈ ਕਿ ਉਸਨੂੰ ਗੁਪਤਾ ਤੇ ਬਵੇਜਾ ਨਚਾ ਰਹੇ ਹਨ, ਨਾ ਗੁਪਤਾ ਤੇ ਬਵੇਜਾ ਜਾਣਦੇ ਹਨ ਕਿ ਉਹਨਾਂ ਨੂੰ ਸਿਸਟਮ ਨਚਾ ਰਿਹਾ ਹੈ ਤੇ ਨਾ ਮੌਜੂਦਾ ਸਿਸਟਮ ਜਾਣਦਾ ਹੈ ਕਿ ਉਸਨੂੰ ਕੌਣ ਨਚਾ ਰਿਹਾ ਹੈ, ਪਰ ਸਾਰੇ ਨੱਚ ਰਹੇ ਹਨ। ਤਾਲ ਦੇਣ ਵਾਲੀਆਂ ਅਸਲ ਸ਼ਕਤੀਆਂ ਵੱਲ ਕਹਾਣੀਕਾਰ ਇਸ਼ਾਰਾ ਜਰੂਰ ਕਰਦਾ ਹੈ, ਦੇਸੀ ਕੰਪਨੀਆਂ ਵੇਦਾਂਤਾ, ਅਮਰੀਕਾ ਆਦਿ।

ਕਹਾਣੀ ਵਿੱਚ ਪਹਿਲਾ ਝਟਕਾ ਨੀਲ ਨੂੰ ਲੱਗਦਾ ਹੈ ਤੇ ਅਚੰਭਾ ਪਾਠਕ ਨੂੰ ਜਦ ਉਹ ਜੰਗਲੀ ਜੀਵਨ ਵਿੱਚ ਰਚਮਿਚ ਜਾਂਦਾ ਹੈ, ਦਿਨਾਂ ਹਫ਼ਤਿਆਂ ਦੇ ਲੰਘਣ ਦਾ ਪਤਾ ਨਹੀਂ ਲੱਗਦਾ ਇੱਕ ਸਧਾਰਨ ਪਰਿਵਾਰਕ ਜਿੰਮੇਵਾਰ ਆਦਮੀ ਨੂੰ। ਹੁਣ ਕਹਾਣੀ ਬਿਰਤਾਂਤ ਵਿੱਚ ਦੂਜਾ ਝਟਕਾ ਡਾ. ਗੁਪਤਾ, ਡਾ. ਜਾਵੇਦ ਤੇ ਬਵੇਜਾ ਨੂੰ ਲੱਗਦਾ ਹੈ ਜਦ ਨੀਲ ਦੇ ਖ਼ੂਨ ਦੇ ਟੈਸਟ ਉਪਰੰਤ ਉਹਨਾਂ ਨੂੰ ਪਤਾ ਲੱਗਦਾ ਹੈ ਕਿ ਉਸਦੇ ਖ਼ੂਨ ਵਿੱਚ ਉਹ ਐਂਟੀਬਾਡੀਜ਼ ਹਨ ਜੋ ਐਚ ਆਈ ਵੀ ਏਡਜ਼ ਦੇ ਅਗੇਨਸਟ ਲੜ ਸਕਦੇ ਹਨ। ਅਮਰੀਕਨ ਮੈਡੀਕਲ ਸਾਇੰਸਟਿਸਟਾਂ ਦੀ ਅਮੈਜੀਨੇਸ਼ਨ ਹੈ ਅਜਿਹੇ ਤੱਤਾਂ ਦੀ ਸੰਭਾਵਨਾ ਹੈ, ਇਹ ਕਹਾਣੀ ਬਿਰਤਾਂਤ ਵਿੱਚ ਆਇਆ ਇੱਕ ਮਹੱਤਵਪੂਰਨ ਵੇਰਵਾ ਹੈ ? ਅਮੈਜੀਨੇਸ਼ਨ, ਕਲਪਨਾ, ਅਣਯਥਾਰਕ, ਅਚੰਭਾ, ਸੰਦੇਹਯੁਕਤਾ ਅਜਿਹੇ ਕਈ ਹੋਰ ਸ਼ਬਦ ਸਕੰਲਪ ਇਸ ਬਿਰਤਾਂਤ ਨਾਲ ਪੈਦਾ ਹੁੰਦੇ ਹਨ। ਵੈਸੇ ਹਰੇਕ ਖੋਜ ਪਰਿਕਲਪਨਾ ਤੋਂ ਚਲਦੀ ਹੈ ਅਤੇ ਉਸਦੀਆਂ ਸੰਭਾਵਨਾਵਾਂ ਤਲਾਸ਼ਦੀ ਹੋਈ ਉਸਨੂੰ ਸਿੱਧ ਕਰਦੀ ਹੈ ਜਾਂ ਨਕਾਰਦੀ ਹੈ, ਇੱਕ ਸਿੱਟੇ ਪਹੁੰਚਦੀ ਹੈ। ਇਸ ਵਿੱਚ ਅੰਸ਼ਿਕ ਸਿੱਧੀ ਜਾਂ ਨੁਕਾਰਨ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਹੁੰਦਾ। ਫਿਰ ਇੱਕ ਖੋਜ ਦੇ ਸਿੱਟਿਆਂ ਤੋਂ ਖੋਜ ਅੱਗੇ ਚੱਲਦੀ ਹੈ। ਇਹ ਇੱਕ ਨਿਰੰਤਰ ਪ੍ਰਕ੍ਰਿਆ ਹੈ। ਪਰ ਖ਼ੂਨ ਵਿੱਚ ਐਂਟੀਬਾਡੀਜ ਦੇ ਪੈਦਾ ਹੋਣ ਦੀ ਜੋ ਕਿਰਿਆ ਕਹਾਣੀਕਾਰ ਨੇ ਦੱਸੀ ਹੈ ਉਹ ਇੱਕ ਅਮੈਜੀਨੇਸ਼ਨ ਹੈ, ਕੋਰੀ ਕਲਪਨਾ । ਮੈਡੀਕਲ ਸਾਇੰਸ ਅਨੁਸਾਰ ਐਂਟੀਬਾਡੀਜ਼ ਇਸ ਤਰ੍ਹਾਂ ਪੈਦਾ ਨਹੀਂ ਹੁੰਦੇ । ਹੁਣ ਫਿਰ ਅਚੰਭਿਤ ਹੋਣ ਦੀ ਵਾਰੀ ਪਾਠਕ ਦੀ ਹੁੰਦੀ ਹੈ, ਲੱਗਦਾ ਭਾਵੇਂ ਇਹ ਹੈ ਕਿ ਅਚੰਭਿਤ ਗੁਪਤਾ, ਬਵੇਜਾ, ਜਾਵੇਦ ਹੋ ਰਹੇ ਹਨ। ਇਸ ਤਰੀਕੇ ਨਾਲ ਕਾਲਪਨਿਕ ਪੱਧਰ ਉਤੇ ਐਂਟੀਬਾਡੀਜ਼ ਦੇ ਪੈਦਾ ਹੋਣ ਵਾਲਾ ਬਿਰਤਾਂਤ ਕਹਾਣੀਕਾਰ ਦੀ ਇਸ ਵਿਸ਼ੇਸ ਖੇਤਰ ਵਿਚਲੀ ਜਾਣਕਾਰੀ ਬਾਰੇ ਪਾਠਕ ਅਧਿਐਨ ਕਰਤਾ ਦੇ ਮਨ ਵਿੱਚ ਸੰਦੇਹ ਪੈਦਾ ਕਰਦਾ ਹੈ। ਅਜਿਹੇ ਵੇਰਵਿਆਂ ਬਾਰੇ ਪੁਖਤਾ ਜਾਣਕਾਰੀ ਲੈਣੀ ਅਤਿ ਆਵੱਸ਼ਕ ਹੁੰਦੀ ਹੈ। ਜੇਕਰ ਪਾਠਕ ਲੇਖਕ ਦੀ ਤਰ੍ਹਾਂ ਜਾਣੀਜਾਣ ਨਹੀਂ ਹੁੰਦਾ ਤਾਂ ਉਸਨੂੰ ਮੂਰਖ ਵੀ ਨਹੀਂ ਸਮਝਣਾ ਚਾਹੀਦਾ ।

ਕਹਾਣੀ ਬਿਰਤਾਂਤ ਦਾ ਪਹਿਲਾ ਭਾਗ ਨੀਲ ਨੂੰ ਲੱਗੇ ਐਕਸੀਡੈਂਟ ਰੂਪਕ ਝਟਕੇ ਤੋਂ ਲੈ ਕੇ ਜੰਗਲ ਜਾ ਕੇ ਪੂਰਬ ਤੋਂ, ਚੜ੍ਹਦੇ ਸੂਰਜ ਤੋਂ ਸੇਧ ਲੈ ਕੇ ਪੱਛਮ ਵੱਲ, ਭਾਵ ਕਿ ਸ਼ਹਿਰ ਵੱਲ ਮੁੜਨਾ ਮਿੱਥਿਆ ਜਾ ਸਕਦਾ ਹੈ। ਕਹਾਣੀ ਬਿਰਤਾਂਤ ਦਾ ਦੂਜਾ ਭਾਗ ਨੀਲ ਦੇ ਖ਼ੂਨ ਦੀ ਜਾਂਚ

ਉਪਰੰਤ ਗੁਪਤਾ, ਬਵੇਜਾ ਨੂੰ ਲੱਗੇ ਝਟਕੇ ਤੋਂ ਲੈ ਕੇ ਨਜ਼ਰਬੰਦ ਕਰਨ ਤੱਕ ਮੰਨਿਆ ਜਾ ਸਕਦਾ ਹੈ। ਕਹਾਣੀ ਬਿਰਤਾਂਤ ਦਾ ਤੀਸਰਾ ਭਾਗ ਨੀਲ ਰੂਪੀ ਦੌਲਤ ਨੂੰ ਆਪੋ ਆਪਣੀਆਂ ਤਿਜੋਰੀਆਂ ਵਿੱਚ ਪਾਉਣ ਲਈ ਚੱਲੀਆਂ ਜਾਂਦੀਆਂ ਚਾਲਾਂ ਤੇ ਉਹਨਾਂ ਵਿੱਚ ਸਿਸਟਮ ਦੇ ਅਲੱਗ ਅਲੱਗ ਪੁਰਜਿਆਂ ਦੀ ਕਾਰਕਰਦਗੀ ਤੇ ਸ਼ਮੂਲੀਅਤ ਨੂੰ ਪੇਸ਼ ਕਰਦਾ ਹੈ। ਸਿਸਟਮ ਦੇ ਪੁਰਜਿਆਂ ਵਿੱਚਲੀ ਕਮੀਨਗੀ, ਚਾਪਲੂਸੀ, ਮੌਕਾਪ੍ਰਸਤੀ, ਲਾਲਚ ਦੇ ਚਲਦਿਆਂ ਕੁਦਰਤ, ਜੰਗਲ ਤੇ ਜੰਗਲੀ ਤੇ ਆਦਿਵਾਸੀ ਕਬੀਲੇ ਵਾਲੇ ਲੋਕਾਂ ਦੀ ਲੁੱਟ ਨਵਾਂ ਅਧਿਆਇ ਸ਼ੁਰੂ ਹੁੰਦਾ ਨਜ਼ਰ ਆਉਂਦਾ ਹੈ। ਦੇਸ਼ ਵਿੱਚ ਚੱਲ ਰਹੀ ਕੁਦਰਤੀ ਸਾਧਨਾਂ ਦੀ ਲੁੱਟ ਤੇ ਸੰਘਰਸ਼ ਦੀ ਪ੍ਰੇਰਨਾ, ਇਸ ਕਹਾਣੀ ਵਿੱਚ ਦਿਖਾਈ ਦਿੰਦੀ ਹੈ। ਪਰ ਕਹਾਣੀ ਦਾ ਮਾਰਮਿਕ ਪੱਖ ਇਹ ਹੈ ਕਿ ਹੁਣ ਕੁਦਰਤੀ ਸਾਧਨਾਂ ਤੋਂ ਅੱਗੇ ਆਦਿ ਵਾਸੀ ਜੰਗਲੀ ਲੋਕਾਂ ਦੇ ਸਰੀਰਾਂ, ਅੰਗਾਂ ਦਾ ਵਪਾਰ ਵੀ ਹੋਵੇਗਾ, ਇਹ ਕਨਸੋਅ ਕਹਾਣੀ ਵਿੱਚ ਉਭਰਵੀ ਸੁਰ ਬਣਨ ਦੇ ਸਮਰੱਥ ਹੈ। ਡਾ. ਜਾਵੇਦ ਵਰਗੇ ਇਮਾਨਦਾਰ ਬੰਦਿਆਂ ਦੇ ਹਿੱਸੇ ਪਛਤਾਵਾ ਹੀ ਆ ਰਿਹਾ ਹੈ। ਇਹ ਚਿੰਤਾਜਨਕ ਪਹਿਲੂ ਹੈ। ਇਸ ਸਭ ਦੇ ਬਾਵਜੂਦ ਇੱਕ ਆਸਵੰਦਤਾ ਵੀ ਹੈ ਕਿ ਅਖੀਰ ਵਿੱਚ ਜੰਗਲਾਂ ਨੇ ਹੀ ਸ਼ਹਿਰਾਂ ਨੂੰ ਬਚਾਉਣਾ ਹੈ, ਪੂਰੀ ਦੁਨੀਆਂ ਨੂੰ ਬਚਾਉਣਾ ਹੈ ਪਰ ਜੇਕਰ ਬੰਦਿਆਂ ਵਾਂਗੂੰ ਵਰਤਿਆ ਜਾਵੇ। ਇਹ ਸੁਨੇਹਾ ਆਦਰਸ਼ਕ ਸੋਚ ਨੂੰ ਰੂਪਮਾਨ ਕਰਦਾ ਹੋਇਆ ਇੱਕ ਨਾਅਰਾ ਲੱਗਦਾ ਹੈ ਜਿੱਥੇ ਕਹਾਣੀ ਖ਼ਤਮ ਹੁੰਦੀ ਹੈ।

ਪ੍ਰੋ ਰਾਮ ਸਿੰਘ : ਡਾ ਸੰਧੂ ਨੇ ਗੱਲ ਕਹਿ ਹੀ ਦਿੱਤੀ ਹੈ ਕਿ ਇਹ ਕਹਾਣੀ ਬਹੁਪਰਤੀ ਹੈ। ਇਹ ਕਹਾਣੀ ਐਨੀਆਂ ਪਰਤਾਂ ਨੂੰ ਛੂਹ ਰਹੀ ਹੈ ਤੇ ਉਹਨਾਂ ਪਰਤਾਂ ਦਾ ਸੰਬੰਧ ਹਿੰਦੋਸਤਾਨ ਦੇ ਅੱਜ ਦੇ ਵਰਤਾਰੇ ਨਾਲ ਬੈਠਦੈ। ਜਿਵੇਂ ਅੱਜ ਦੀ ਭਾਰਤੀ ਰਾਜਨੀਤੀ ਹੈ, ਜੰਗਲਾਂ ਨੂੰ ਆਦਿਵਾਸੀਆਂ ਨੂੰ ਲੈ ਰਹੀ ਹੈ, ਉਨ੍ਹਾਂ ਨਾਲ ਵਿਵਹਾਰ ਕਰ ਰਹੀ ਹੈ। ਇਹ ਵੱਡੀ ਸਮੱਸਿਆ ਸਮੁੱਚੇ ਸਮਾਜ ਲਈ ਬਣੀ ਹੋਈ ਹੈ। ਇਸ ਵਿਸ਼ੇ ਨੂੰ ਕਿਸੇ ਕਹਾਣੀ ਚ ਲੈਣਾ ਨਵਾਂ ਯਤਨ ਹੈ, ਵੱਡਾ ਯਤਨ ਹੈ। ਕੀ ਕਹਾਣੀਕਾਰ ਦੇ ਮਨ ਵਿੱਚ ਆਦਿ ਵਾਸੀਆਂ ਤੇ ਜੰਗਲਾਂ ਦੀ ਲੁੱਟ ਦਾ ਸੰਕਲਪ ਪਹਿਲਾਂ ਆਇਐ ਜਾਂ ਆਟੋ ਚਾਲਕ ਪਾਤਰ ਨੀਲ ਦਾ ਸੰਕਲਪ ਪਹਿਲਾਂ ਆਇਐ, ਦੋਵਾਂ ਗੱਲਾਂ, ਆਦਿਵਾਸੀ ਤੇ ਜੰਗਲ ਅਤੇ ਨੀਲ ਦੀ ਟਰੈਜਿਡੀ ਦੋਹਾਂ ਨੂੰ ਜੋੜਨਾ ਹੀ ਕਲਾ ਦੀ ਉਤਮਤਾ ਹੈ। ਕਲਾ ਦੀ ਸੁੱਚਤਾ ਹੈ। ਸੋ ਜੰਗਲ ਤੋਂ ਸ਼ਹਿਰ ਵੱਲ ਆਉਂਣਾ, ਫਿਰ ਸ਼ਹਿਰ ਤੋਂ ਜੰਗਲ ਵੱਲ ਜਾਣ ਦੀ ਤਿਆਰੀ ਕਰਨਾ, ਇਹ ਆਪਣੇ ਆਪ ਚ ਵੱਖਰੀ ਪਰਤ ਹੈ। ਇਹ ਸਮੁੱਚੇ ਸਮਾਜ ਲਈ ਬੜੇ ਨਵੇਂ ਅਯਾਮ ਖੋਲ ਰਹੀ ਹੈ। ਪਾਠਕ ਜਾ ਸਰੋਤਾ ਸਿਰਫ ਕਹਾਣੀ ਪੜ੍ਹ ਸੁਣ ਹੀ ਨਹੀਂ ਰਿਹਾ ਹੁੰਦਾ, ਉਹ ਆਪਣੇ ਅੰਦਰ ਇੱਕ ਕਹਾਣੀ ਸਿਰਜ ਵੀ ਰਿਹਾ ਹੁੰਦੈ। ਉਸਨੂੰ ਉਸ ਕਹਾਣੀ ਦਾ ਵਾਧਾ ਕਹਿ ਲਓ, ਅਲੋਚਨਾ ਕਹਿ ਲਓ, ਨਜ਼ਰੀਆ ਕਹਿ ਲਓ, ਸ਼ਬਦ ਕੋਈ ਵੀ ਕਹਿ ਲਓ ਉਹ ਆਪਣੀ ਸਿਰਜਣਾ ਜਰੂਰ ਕਰ ਰਿਹਾ ਹੁੰਦੈ। ਉਸ ਨੂੰ ਜੋ ਖਾਰਜ ਕਰਨ ਵਾਲਾ ਲੱਗਦੈ ਖਾਰਜ ਕਰਦਾ ਜਾਂਦੈ। ਮੈਨੂੰ ਲੱਗਦਾ ਸੀ ਕਿ ਕਹਾਣੀ ਠੀਕ ਚਾਲ ਤੇ ਨਹੀਂ ਚੱਲ ਰਹੀ। ਕਿਤੇ ਇਸ ਚ ਕੁੱਛ ਹੋਰ ਹੋਣਾ ਚਾਹੀਦਾ ਸੀ। ਪਰ ਜਦੋਂ ਕਹਾਣੀ ਸੰਪੂਰਨ ਸੰਪਨ ਹੋਈ ਤਾਂ ਮੈਂ ਆਪਣੇ ਅੰਦਰ ਚਿੱਤਰੀ ਕਹਾਣੀ ਤੇ ਕਾਟਾ ਮਾਰ ਦਿੱਤਾ ਕਿ ਨਹੀਂ, ਇਹੀ ਹੋਣਾ ਚਾਹੀਦਾ ਸੀ ਜੋ ਹੋਇਐ।

ਇਕ ਗੱਲ ਵਾਰ-ਵਾਰ ਮੇਰੇ ਮਨ ਵਿੱਚ ਉਠ ਰਹੀ ਸੀ ਕਿ ਨੀਲ ਜੰਗਲ 'ਚ ਜਾ ਕੇ ਮਹੀਨਾ, ਦੋ ਮਹੀਨੇ ਰਹਿੰਦੈ। ਇਹ ਤਾਂ ਪਾਤਰ ਕਹਾਣੀਕਾਰ ਦੇ ਹੱਥ ਵਿੱਚ ਕਠਪੁਤਲੀ ਬਣ ਗਿਆ, ਮਰਜ਼ੀ ਤੇ ਚੱਲਣ ਲੱਗ ਗਿਆ, ਮਹੀਨਾ ਰਹਿਣੈ, ਦੋ ਮਹੀਨੇ ਰਹਿਣੈ, ਨਦੀ ਦਾ ਪਾਣੀ ਪੀਣੈ, ਪੱਤੇ ਖਾਣੇ ਐ, ਫੁੱਲ ਖਾਣੇ ਨੇ। ਮਨੁੱਖ ਦਾ ਇਸ ਤਰ੍ਹਾਂ ਦਾ ਸੁਭਾਅ ਹੋਣਾ ਅਸੰਭਵ ਐ। ਮੈਂ ਅਜਿਹਾ ਸੋਚ ਰਿਹਾ ਸੀ ਕਿ ਨਾਲ ਦੀ ਨਾਲ ਹੀ ਦੂਜਾ ਵਿਚਾਰ ਆਇਆ ਕਿ ਕਿੱਡੀ ਸੁੱਚਤਾ ਹੈ ਕਹਾਣੀ ਦੀ,



ਦਾਦ ਦੇਣੀ ਬਣਦੀ ਹੈ। ਨੀਲ ਤਾਂ ਬੰਦਾ, ਮਨੁੱਖ ਰਿਹਾ ਹੀ ਨਹੀਂ। ਉਹ ਵਸਤੂ ਬਣ ਗਿਆ। ਵਸਤੂ ਦੀ ਕੋਈ ਮਰਜ਼ੀ ਨਹੀਂ ਹੁੰਦੀ।

ਗੁਰਦੇਵ ਖੋਖਰ : ਦੋ ਗੱਲਾਂ 'ਤੇ ਕਹਾਣੀਕਾਰ ਖੁਦ ਨੂੰ ਕੰਟਰਾਡਕਟ ਕਰ ਰਿਹੈ । ਇਕ ਤਾਂ ਕੇਂਦਰੀ ਨੁਕਤਾ ਖੂਨ ਵਿੱਚ ਐਂਟੀ ਬਾਡੀਜ ਦਾ ਹੋਣਾ। ਉਂਞ ਤਾਂ ਹਰ ਬੰਦੇ ਦੇ ਅੰਦਰ ਹੈ ਪਰ ਜਦੋਂ ਬਿਮਾਰੀ ਵੱਧ ਜੇ ਬਿਮਾਰੀ ਨਾਲ ਲੜਨ ਲਈ ਬਾਹਰੋਂ ਦਿੰਦੇ ਹਾਂ । ਜੰਗਲ ਆਪਣੇ ਆਪ ਚ ਹਨੇਰੇ ਦਾ ਪ੍ਰਤੀਕ ਹੈ, ਜਿਸ ਚੋਂ ਕੁੱਝ ਨਹੀਂ ਨਿਕਲਣਾ। ਪਰ ਜਿਸ ਢੰਗ ਨਾਲ ਕੁਦਰਤੀ ਸਾਧਨਾਂ ਵਜੋਂ ਕਹਾਣੀ 'ਚ ਉਸਾਰਿਆ ਹੈ, ਜਿਸਦੀ ਕਾਰਪੋਰੇਟ ਘਰਾਣਿਆਂ ਵੱਲੋਂ ਲੁੱਟ ਹੋ ਰਹੀ ਹੈ। ਮੈਨੂੰ ਕਹਾਣੀ 'ਚ ਵੱਡੀ ਗੱਲ ਇਹ ਲੱਗੀ ਕਿ ਨੀਲ ਦਿਸ਼ਾ ਲੈ ਕੇ ਪੂਰਬ ਤੋਂ ਪੱਛਮ ਵੱਲ ਜਾਂਦੈ, ਉਹਦੇ ਲਈ ਜੰਗਲ ਹਨੇਰਾ ਹੈ, ਸ਼ਾਇਦ ਮੌਤ ਸਮਾਨ ਹੈ । ਸੁਖਜੀਤ ਜੰਗਲ ਚੋਂ ਜੀਵਨ ਲੱਭ ਰਿਹੈ, ਜਿਹੜਾ ਕਾਪੋਰੇਟ ਘਰਾਣਿਆਂ ਦਾ ਅਧਾਰ ਹੈ, ਲੁੱਟ ਦਾ ਅਧਾਰ ਹੈ। ਫਸ ਕੌਣ ਰਿਹੈ ਨੀਲ, ਨੀਲ ਦੀ ਸਥਿਤੀ ਨੂੰ ਵੇਖੀਏ ਤਾਂ ਉਹ ਪੱਛਮ ਵੱਲ ਨਿਕਲਣਾ ਚਾਹੁੰਦਾ ਹੈ, ਉਹਨੂੰ ਕਲੀਅਰ ਨਹੀਂ, ਜਦੋਂ ਉਹ ਡਾਕਟਰਾਂ ਦੇ ਅੜਿਕੇ ਚੜ੍ਹਦਾ ਉਸਨੂੰ ਉਦੋਂ ਤੱਕ ਪਤਾ ਨਹੀਂ । ਲੇਖਕ ਨੇ ਉਸਨੂੰ ਪੂਰਬ ਤੋਂ ਪੱਛਮ ਵੱਲ ਤੋਰ ਦਿੱਤਾ । ਹਨੇਰੇ ਤੋਂ ਚੜ੍ਹਦੇ ਸੂਰਜ ਵੱਲ ਜਾਣਾਂ ਤਾਂ ਸਮਝ ਆਉਦੈ। ਬੰਦਾ ਰੋਸ਼ਨੀ ਵੱਲ ਜਾਵੇਗਾ। ਪੱਛਮ ਤਾਂ ਹਨੇਰਾ ਹੈ।

ਜੇ ਵੇਖਿਆ ਜਾਵੇ ਯੂਰਪ ਦੀ ਖੋਜ ਜਾਂ ਅਮਰੀਕਾ ਦੀ ਐਡਵਾਂਸ ਸਟੱਡੀ ਇਸ ਪੱਧਰ 'ਤੇ ਨਹੀਂ ਹੈ ਕਿ ਉਸਦਾ ਮੂੰਹ ਜੰਗਲ ਵੱਲ ਹੈ। ਉਨ੍ਹਾਂ ਦੀ ਰਿਸਰਚ ਕਿਸੇ ਹੋਰ ਪਾਸੇ ਵੱਲ ਹੈ। ਮੈਨੂੰ ਇਕ ਦੋ ਥਾਂ ਲਗਿਆ ਕਿ ਕਹਾਣੀ ਵਿੱਚ ਕੰਟਰਾਡਕਸ਼ਨਜ ਪਈ ਐ। ਕੁਦਰਤੀ ਸਾਧਨਾਂ ਦੀ ਲੁੱਟ ਦੇ ਮਾਮਲੇ 'ਚ ਇਹੀ ਨਵੀਂ ਗੱਲ ਹੈ। ਉਸਦਾ ਸ਼ਿਕਾਰ ਹੈ ਪਹਿਲਾਂ ਜੰਗਲ, ਆਦਿਵਾਸੀ ਮਗਰੋਂ ਆਉਂਦੇ ਐ। ਹਾਲਾਂਕਿ ਜੰਗਲ ਵਿੱਚ ਆਦਿਵਾਸੀ ਪਹਿਲਾਂ ਹਨ। ਉਨ੍ਹਾਂ ਦੀ ਨਿਰਭਰਤਾ ਹੀ ਜੰਗਲ 'ਤੇ ਹੈ ਕਹਾਣੀ ਬਿਆਨ ਜਿਆਦਾ ਹੈ ਰੋਚਿਕਤਾ ਜੋ ਪਾਤਰਾਂ ਰਾਹੀਂ ਆਉਣੀ ਚਾਹੀਦੀ ਸੀ ਹੈ ਨਹੀਂ । ਕਹਾਣੀ ਜੰਗਲ ਤੇ ਲੁੱਟ ਦਾ ਥੀਮ ਲੈ ਕੇ ਉਸਾਰੀ ਗਈ ਹੈ। ਪਰ ਕਹਾਣੀ ਦਾ ਉਸਾਰ ਸਹਿਜਤਾ ਵਾਲਾ ਨਹੀਂ। ਸਾਰੀ ਕਹਾਣੀ ਲੇਖਕ ਖ਼ੁੱਦ ਦੱਸ ਰਿਹਾ ਹੈ, ਹੋਈ ਬੀਤੀ ਦੱਸ ਰਿਹੈ।

ਹਰਜਿੰਦਰ ਸੂਰੇਵਾਲੀਆਂ : ਕਹਾਣੀ ਵਧੀਆ ਲੱਗੀ। ਮੈਂ ਟੈਕਨੀਕਲ ਗੱਲਾਂ ਵੱਲ ਨਹੀਂ ਜਾਂਦਾ। ਐਂਟੀ ਬਾਡੀਜ ਕਿਵੇਂ ਬਣਦੇ ਐ। ਮੇਰੇ ਦਿਮਾਗ 'ਚ ਇੱਕੋ ਗੱਲ ਆਈ ਸੀ ਕਿ ਉਹ ਬੰਦਾ ਜੰਗਲ ਚੋਂ ਕਿਵੇਂ ਨਿਕਲਦੈ ?

ਭੀਮ ਇੰਦਰ : ਜਿਵੇਂ ਜਿਵੇਂ ਸਮਾਜ ਅੱਗੇ ਵੱਧ ਰਿਹੈ, ਸਮਾਜ ਦਾ ਵਿਕਾਸ ਹੋ ਰਿਹੈ, ਉਵੇ ਜਿਵੇਂ ਨਵੇਂ ਮੁੱਦੇ ਸਾਡੇ ਸਾਹਮਣੇ ਆ ਰਹੇ ਹਨ। ਇਹ ਮੁੱਦੇ ਕਹਾਣੀਆਂ 'ਚ ਵੀ ਆ ਰਹੇ ਹਨ, ਕਵਿਤਾ ਤੇ ਗ਼ਜ਼ਲ 'ਚ ਕੁਦਰਤ ਪੱਖੀ ਚੀਜ਼ਾਂ ਆ ਰਹੀਆਂ ਹਨ। ਪੰਜਾਬੀ ਸਾਹਿਤ ਵਿੱਚ ਇਹ ਹਾਂ ਪੱਖੀ ਵਰਤਾਰਾ ਹੈ। ਜਿੱਥੋ ਤੱਕ ਇਸ ਕਹਾਣੀ ਦਾ ਸਬੰਧ ਹੈ ਜੰਗਲ ਨਾਲ ਜੁੜਦਾ ਸਹਿਜਤਾ ਨਾਲ ਜੁੜਦਾ ਹੈ। ਸੰਬੋਲਿਕ ਹੈ ਕਿ ਜੇ ਮਨੁੱਖ ਬਚੇਗਾ ਤਾਂ ਸਹਿਜ ਹੋ ਕੇ ਬਚੇਗਾ, ਕੁਦਰਤ ਨਾਲ ਜੁੜ ਕੇ ਬਚੇਗਾ। ਐਂਗਲਜ ਦਾ ਕਥਨ ਹੈ 150 ਸਾਲ ਪਹਿਲਾ ਕਿਹਾ, ਕਿ ਜੇ ਮਨੁੱਖ ਕੁਦਰਤ ਨੂੰ ਤਬਾਹ ਕਰੇਗਾ ਤਾਂ ਕੁਦਰਤ ਉਸ ਤੋਂ ਵੱਧ ਉਸਨੂੰ ਤਬਾਹ ਕਰੇਗੀ। ਸਾਇੰਸਦਾਨ ਇਹ ਕਹਿ ਰਹੇ ਹਨ ਕਿ ਇਸ ਤੋਂ ਪਹਿਲਾਂ ਪੰਜ ਵਾਰ ਧਰਤੀ ਆਪਣੀ ਤਰੀਕੇ ਨਾਲ ਤਬਾਹ ਹੋਈ ਹੈ। ਛੇਵੀਂ ਵਾਰ ਤਬਾਹੀਂ ਵੱਲ ਜਾ ਰਹੀ ਹੈ। ਪਹਿਲਾਂ ਕੁਦਰਤੀ ਕਾਰਨਾਂ ਕਰਕੇ ਤਬਾਹ ਹੁੰਦੀ ਸੀ। ਪਹਿਲੀ ਵਾਰ ਹੋਵੇਗਾ ਕਿ ਅਸੀ ਖ਼ੁੱਦ ਮਨੁੱਖ ਇਸ ਨੂੰ ਤਬਾਹ ਕਰੇਗਾ। ਸੋਚੋ ਇਹ ਵਿਕਾਸ ਸਾਨੂੰ ਕਿਥੇ ਲੈ ਕੇ ਜਾਵੇਗਾ। ਇਹ ਵਿਸ਼ਵੀਕਰਨ ਦਾ ਵਿਕਾਸ ਮਲਟੀਨੇਸ਼ਨ ਕੰਪਨੀਆਂ ਦੀਆਂ ਲੋੜਾਂ ਦੇ ਮੁਤਾਬਿਕ ਹੋ ਰਿਹੈ, ਕਹਾਣੀ

ਚ ਇਸ਼ਾਰੇ ਹੋਏ ਹਨ ਕਿ ਬਹੁ ਕੌਮੀ ਕੰਪਨੀਆਂ ਆਪਣੇ ਮੁਨਾਫੇ ਲਈ ਇਸ ਸਭ ਕੁਝ ਨੂੰ ਕੰਟਰੋਲ ਕਰਦੀਆਂ ਹਨ। ਉਹਨਾਂ ਨੂੰ ਜੇ ਮਨੁੱਖ ਨੂੰ ਮਾਰਨ ਨਾਲ, ਦਰਖ਼ਤ ਕੱਟਣ ਨਾਲ ਮੁਨਾਫਾ ਮਿਲਦਾ ਹੈ ਤਾਂ ਇਹ ਹੋਵੇਗਾ, ਮਨੁੱਖ ਮਰਨਗੇ, ਦਰਖਤ ਕੱਟੇ ਜਾਣਗੇ, ਦੁਨੀਆਂ ਦੀ ਕੋਈ ਤਾਕਤ ਬਚਾ ਨਹੀਂ ਸਕੇਗੀ। ਜਰਮਨ ਚ ਜੰਗਲ ਬਚਾਓਣ ਲਈ ਲੋਕ ਜੰਗਲਾਂ ਚ ਘਰ ਬਣਾ ਰਹੇ ਹਨ। ਸਾਡਾ ਚਿਪਕੋ ਅੰਦੋਲਨ ਚੱਲਿਆ ਸੀ। ਅੱਜ ਸਾਡੇ ਸਾਹਿਤਕਾਰ ਦੇ ਉਤੇ ਬਹੁਤ ਵੱਡੀਆਂ ਜ਼ਿੰਮੇਵਾਰੀਆਂ ਹਨ।

ਕੇਸਰਾ ਰਾਮ : ਇਸ ਵਿੱਚ ਸਭ ਕੁੱਝ ਬਹੁਤ ਵਿਸਵਾਸ ਯੋਗਤਾ ਨਾਲ ਵਿਖਾਇਆ ਗਿਆ ਹੈ ਕਿ ਇਹ ਕੋਈ ਮਸਲਾ ਨਹੀਂ ਰਹਿ ਜਾਂਦਾ ਕਿ ਐਂਟੀ ਬਾਡੀਜ਼ ਕਿੱਥੇ ਬਣਦੇ ਨੇ, ਕਿਵੇਂ ਬਣਦੇ ਨੇ ਜਾਂ ਬਾਹਰੋਂ ਵੀ ਦਿੱਤੇ ਜਾ ਸਕਦੇ ਨੇ। ਗਲਪ ਅਰਧ-ਸੱਚ ਨੂੰ ਸੱਚ ਬਣਾ ਕੇ ਪੇਸ਼ ਕਰਦਾ ਹੈ ਅਤੇ ਸੱਚ ਹੋਣ ਦਾ ਯਕੀਨ ਵੀ ਦਿਵਾਉਂਦਾ ਹੈ। ਉਂਝ ਵੀ ਚੀਜ਼ਾਂ ਪਹਿਲਾਂ ਕਲਪਨਾ ਵਿਚ ਜਨਮ ਲੈਂਦੀਆਂ ਹਨ, ਯਥਾਰਥ ਰੂਪ ਬਾਅਦ ਵਿਚ ਇਖ਼ਤਿਆਰ ਕਰਦੀਆਂ ਹਨ। ਜਦੋਂ ਟੀ.ਬੀ. ਦਾ ਇਲਾਜ ਨਹੀਂ ਸੀ ਤਾਂ ਸਰਦੇ-ਪੁੱਜਦੇ ਲੋਕ ਹਿੱਲ ਸਟੇਸ਼ਨਾਂ 'ਤੇ ਜਾਂਦੇ ਹੁੰਦੇ ਸਨ। ਹੁਣ ਵੀ ਕੁਦਰਤ ਦੀ ਗੋਦ ਵਿੱਚ ਜਾਣਾ ਪਵੇਗਾ। ਇਸ ਮੈਟਾਫਰ ਦੀ ਇਸ ਕਹਾਣੀ ਵਿੱਚ ਬਹੁਤ ਹੀ ਖ਼ੂਬਸੂਰਤੀ ਅਤੇ ਕਲਾਤਮਕ ਤਰੀਕੇ ਨਾਲ ਵਰਤੋਂ ਕੀਤੀ ਗਈ ਹੈ। ਕਲਾ ਤਕਨੀਕਾਂ ਤੋਂ ਉਪਰ ਹੁੰਦੀ ਹੈ। ਮੁਬਾਰਕ।

ਜਸਪਾਲ ਮਾਨਖੇੜਾ : ਕਹਾਣੀ ਦਾ ਵਿਸਾ ਭਾਵੇਂ ਜੰਗਲ ਹੈ। ਪਰ ਉਸ ਤੋਂ ਵੀ ਵੱਡੀ ਗੱਲ, ਦੁਸ਼ਮਣ ਦੀ ਨਿਸ਼ਾਨਦੇਹੀ ਕਰਦੀ ਕਹਾਣੀ ਹੈ ਇਹ, ਅੱਜ ਸਭ ਤੋਂ ਵੱਡਾ ਦੁਸ਼ਮਣ ਮਲਟੀ ਨੈਸ਼ਨਲ ਕੰਪਨੀਆਂ, ਵੱਡੀ ਸਰਮਾਏਦਾਰੀ ਤੇ ਸਮੁੱਚਾ ਸਾਮਰਾਜ ਹੀ ਸਭ ਤੋਂ ਵੱਡਾ ਦੁਸ਼ਮਣ ਹੈ। ਉਹੀ ਸਾਡੇ ਜੰਗਲਾਂ ਨੂੰ ਲੁੱਟ ਰਿਹੈ, ਉਹੀ ਸੋਸ਼ਲ ਤੇ ਹੋਰ ਮੀਡੀਏ ਰਾਹੀਂ ਆਪਣੀ ਗੱਲ ਥੋਪ ਰਿਹੈ। ਅੱਜ ਸਾਡੇ ਜਿਹੜੇ ਦੋਸਤ ਸੋਸ਼ਲ ਮੀਡੀਏ ਬਾਰੇ ਭਾਵਕ ਹਨ ਉਹ ਇਹ ਗੱਲ ਭੁੱਲ ਜਾਂਦੇ ਹਨ ਕਿ ਸਾਰਾ ਮੀਡੀਆ ਹਾਕਮਾਂ ਦੀ ਮੁੱਠੀ ਚ ਹੈ ਤੇ ਉਨਾਂ ਦੀ ਸੇਵਾ ਲਈ ਹੀ ਹੈ। ਵੱਡੇ ਦੁਸ਼ਮਣ ਦੀ ਨਿਸ਼ਾਨੀਦੇਹੀ ਕਰਦੀ ਵੱਡੀ ਕਹਾਣੀ ਹੈ।

ਡਾ ਰਵਿੰਦਰ ਸੰਧੂ : ਜਿਹੜੀ ਗੱਲ ਕੇਸਰਾ ਰਾਮ ਕਰ ਰਹੇ ਸੀ ਕਿ ਗਲਪ ਝੂਠ ਹੁੰਦਾ ਹੈ, ਪੂਰਾ ਝੂਠ ਨਹੀਂ ਹੁੰਦਾ। ਮੈਂ ਆਪਣੇ ਪੇਪਰ ਵਿੱਚ ਵੀ ਏਹੀ ਗੱਲ ਲਿਖੀ ਸੀ ਕਿ ਗਲਪ ਤਾਂ ਹੁੰਦਾ ਹੀ ਕਲਪਨਾ ਤੇ ਯਥਾਰਥ ਦਾ ਸੁਮੇਲ ਹੈ। ਇਹ ਇਮੇਜੀਨੈਸ਼ਨ ਹੈ ਅਮਰੀਕੀ ਵਿਗਿਆਨੀਆਂ ਦੀ, ਕਿ ਕੋਈ ਇਹੋ ਜਿਹਾ ਤੱਤ ਹੋਵੇਗਾ। ਕਹਾਣੀਕਾਰ ਵੀ ਕਹਿ ਰਿਹਾ। ਮੈਂ ਐਂਟੀਬਾਡੀਜ਼ ਦੇ ਸੋਚ ਦੀ ਗੱਲ ਕੀਤੀ ਐ ਕਿ ਉਹ ਇਉਂ ਪੈਦਾ ਨਹੀ ਹੁੰਦੇ ਇਹ ਕੋਰੀ ਕਲਪਨਾ ਹੈ।

ਸੁਰਿੰਦਰਪ੍ਰੀਤ ਘਣੀਆਂ : ਵਿਸ਼ਾ ਬਹੁਤ ਵਧੀਆ ਹੈ ਤੇ ਵਧੀਆ ਤਰੀਕੇ ਨਾਲ ਪੇਸ਼ ਕੀਤਾ ਹੈ। ਮੈ ਸੁਖਜੀਤ ਦੀਆਂ ਬਹੁਤ ਕਹਾਣੀਆਂ ਪੜ੍ਹੀਆਂ ਹਨ, ਬਹੁਤ ਖ਼ੂਬਸੂਰਤ ਹਨ। ਜੋ ਰਵਿੰਦਰ ਸੰਧੂ ਨੇ ਨੁਕਤਾ ਉਨਾਇਆ ਹੈ ਉਹ ਠੀਕ ਹੈ। ਅਸੀਂ ਜੋ ਵੀ ਚੀਜ਼ ਰਚਨਾ 'ਚ ਵਰਤਦੇ ਹਾਂ ਉਹ ਸਾਇੰਟੇਫਿਕ ਹੋਣਾ ਚਾਹੀਦੈ। ਹਰ ਇੱਕ ਸ਼ਬਦ ਦਾ ਲੇਖਕ ਜਵਾਬ ਦੇਹ ਹੰਦੈ।

ਡਾ. ਰਵਿੰਦਰ ਸੰਧੂ : ਬਿਮਾਰੀ ਦਾ ਨਾਮ ਬਦਲਿਆ ਜਾ ਸਕਦੈ। ਐਚ ਆਈ ਵੀ ਦੇ ਸਬੰਧ 'ਚ ਨਾ ਕਰੀਏ। ਐਚ ਆਈ ਵੀ ਕਿਵੇਂ ਕੰਮ ਕਰਦੈ, ਉਹ ਇੱਕ ਸੈਲ ਚੋਂ ਇੱਕ ਹੋਰ ਵਾਇਰਸ ਪੈਦਾ ਹੁੰਦੇ ਤੇ ਉਹ ਅੱਗੇ ਸੈਲ ਕੈਪਚਰ ਕਰਦੈ। ਜਿਹੜਾ ਐਂਟੀਬਾਡੀਜ ਪੈਦਾ ਹੋਣ ਦਾ ਪ੍ਰੋਸੇਸ ਹੈ ਕਿ ਤੁਹਾਡੇ ਅੰਦਰ ਕੋਈ ਬੈਕਟੀਰੀਆ ਜਾਂਦੈ, ਬੈਕਟੀਰੀਆ ਐਂਟੀਜਨ ਪੈਦਾ ਕਰਦੈ, ਐਂਟੀਜਨ ਦੇ ਅੰਗੇਸਟ ਬਲੱਡ ਐਂਟੀਬਾਡੀਜ਼ ਪੈਦਾ ਕਰਦੈ। ਇਸ ਪ੍ਰਸੈਸ ਨੂੰ ਸਮਝ ਕੇ ਹੀ ਸਾਨੂੰ ਗੱਲ ਕਰਨੀ ਚਾਹੀਦੀ ਹੈ। ਬਿਮਾਰੀ ਬਦਲ ਦਿਓ, ਠੀਕ ਹੋ ਜਾਂਦੀ ਹੈ।

ਜਸਪਾਲ ਮਾਨਖੇੜਾ : ਦੋਸਤੋ ਮੈਂ ਇੱਕ ਹੋਰ ਸੰਦਰਭ ਤੋਂ ਗੱਲ ਕਰਨੀ ਚਾਹੁੰਦਾ । ਉਹ



ਇਹ ਹੈ ਕਿ ਇੱਕ ਦੌਰ 'ਚ ਸਾਡੀ ਕਹਾਣੀ ਚ ਮਰਦ ਔਰਤ ਦੇ ਵਰਜਿਤ ਰਿਸ਼ਤਿਆਂ ਦੀ ਗੱਲ ਬਹੁਤ ਹੋਣ ਲੱਗ ਪਈ ਸੀ। ਸੁਖਜੀਤ ਹੋਰਾਂ ਦੀਆਂ ਕਹਾਣੀਆਂ ਵੀ ਨੇ। ਪੰਜਾਬੀ ਕਹਾਣੀ 'ਚ ਇਹ ਇਕ ਚੰਗਾ ਮੋੜਾ ਹੈ ਕਿ ਸਾਡੀਆਂ ਵੱਡੀਆਂ ਸਮੱਸਿਆਵਾਂ ਜਿਹੜੀਆਂ ਸਮੁੱਚੀ ਮਨੁੱਖਤਾ ਲਈ ਘਾਤਕ ਹਨ, ਉਨ੍ਹਾਂ ਵੱਲ ਸਾਡਾ ਕਹਾਣੀਕਾਰ ਮੁੜਿਆ ਹੈ। ਇਹ ਵੀ ਇੱਕ ਸੁਭ ਸ਼ਗਨ ਹੈ।

ਸੁਖਜੀਤ : ਸਭ ਤੋਂ ਪਹਿਲਾਂ ਤਾਂ ਸਾਰਿਆਂ ਦਾ ਬਹੁਤ ਧੰਨਵਾਦ । ਮੈਂ ਤਕਨੀਕੀ ਤੌਰ ਤੇ ਹਰੇਕ ਜਾਣਕਾਰੀ ਲੈ ਕੇ ਕਹਾਣੀ ਲਿਖਦਾਂ। ਮੈਨੂੰ ਇਹ ਪਤੈ, ਮੈਂ ਵਿਸਥਾਰ ਨਹੀਂ ਦੇ ਸਕਿਆ। ਐਂਟੀਬਾਡੀਜ ਸ਼ਬਦ ਵਰਤਦਾ ਹੋਇਆ ਡਾ. ਜਵੇਦ ਦੱਸਣ ਲਗਿਆ ਸੀ ਲੇਕਿਨ ਗੁਪਤਾ ਚਲਾਕੀ ਨਾਲ ਉਸਨੂੰ ਰੋਕ ਦਿੰਦੈ, ਬਈ ਬੱਸ ਬੱਸ ਬਵੇਜਾ ਸਾਹਿਬ ਸਮਝਗੇ। ਅਮਰੀਕਾ ਵਾਲੀ ਗੱਲ ਵੀ ਗੁਪਤਾ ਬਵੇਜਾ ਨੂੰ ਕਹਿੰਦੈ, ਸੁਖਜੀਤ ਨਹੀਂ, ਪਾਤਰ ਕਹਿੰਦੈਂ, ਉਹ ਉਸਨੂੰ ਸਬਜ ਬਾਗ ਵਿਖਾ ਰਹੇ ਨੇ। ਮੈਨੂੰ ਪਤੈ ਕਿ ਇਹ ਇਲਾਜ ਨਹੀਂ, ਇਸ ਤਰ੍ਹਾਂ ਨਹੀਂ ਹੋਣਾ। ਤੁਸੀਂ ਇੱਕ ਫੈਂਟਸੀ ਸ਼ਬਦ ਵਰਤਿਆ ਸੀ, ਇਸ ਕਹਾਣੀ 'ਚ ਫੈਂਟਸੀ ਵੀ ਹੈ। ਕੁੱਝ ਅਣਕਿਹਾ ਛੱਡਣਾ ਚਾਹੀਦਾ ਹੈ। ਤੁਸੀਂ ਠੀਕ ਹੋ ਮੈਂ ਠੀਕ ਨਹੀਂ ਹਾਂ। ਬਹੁਤ ਅੱਛਾ ਪਰਚਾ ਲਿਖਿਆ ਗਿਐ। ਜਿੰਨੀਆਂ ਵੀ ਗੱਲਾਂ ਹੋਈਆਂ ਨੇ ਸਾਰੀਆਂ ਨੇ ਮੇਰਾ ਹੌਸਲਾ ਵਧਾਇਐ ।

## ੩ ਪਿੰਡਾਂ ਵਿੱਚੋਂ ਪਿੰਡ ਸੁਣੀਦਾ: ਚਰਚਾ

ਪ੍ਰੋ ਭੀਮ ਇੰਦਰ : ਇਸ ਕਹਾਣੀ ਦਾ ਕਥਾਨਕ ਸੰਗਰੂਰ ਹੈ, ਇਹ ਇਲਾਕਾ ਮੇਰੀ ਕਰਮ ਭੂਮੀ ਹੈ। 1999 ਚ ਕੇਸਰਾ ਰਾਮ ਦੀ ਕਹਾਣੀ 'ਰਾਮ ਕਿਸ਼ਨ ਬਨਾਮ ਸਟੇਟ ਹਾਜ਼ਰ ਹੋ' ਛਪੀ ਜੋ ਬਹੁਤ ਚਰਚਿਤ ਹੋਈ। ਉਸਤੋਂ ਬਾਅਦ ਲਗਾਤਾਰ ਖ਼ੂਬਸੂਰਤ ਕਹਾਣੀਆਂ ਦਿੱਤੀਆਂ। ਹਰਿਆਣਵੀ ਤੇ ਰਾਜਸਥਾਨੀ ਭਾਸ਼ਾਂ ਦੇ ਟੱਚ ਵਾਲੀਆਂ ਕਮਾਲ ਦੀਆਂ ਕਹਾਣੀਆਂ ਲਿਖੀਆਂ ਹਨ। ਅਲਬਰਟ ਕਾਮੂ ਦੀ ਇੱਕ ਲਾਈਨ ਤੋਂ ਗੱਲ ਸ਼ੁਰੂ ਕਰਾਂਗਾਂ, ਉਹ ਕਹਿੰਦਾ ਹੈ ਕਿ ਮਨੁੱਖ ਕੋਲੋਂ ਉਹਦਾ ਘਰ ਖੁੱਸ ਰਿਹੈ, ਪਰ ਉਸਨੂੰ ਪਤਾ ਨਹੀਂ ਲੱਗ ਰਿਹਾ। ਪੰਜਾਬ ਕੋਲੋ ਪੰਜਾਬ ਖੁੱਸ ਰਿਹੈ ਪਰ ਪੰਜਾਬੀਆਂ ਨੂੰ ਪਤਾ ਨਹੀਂ ਲੱਗ ਰਿਹਾ, ਤਬਾਹ ਹੋ ਰਿਹੈ, ਪਰ ਉਨ੍ਹਾਂ ਨੂੰ ਪਤਾ ਨਹੀਂ ਲੱਗ ਰਿਹਾ। ਕਹਾਣੀ ਦਾ ਮੁੱਖ ਪਾਤਰ ਕਨਫਿਊਜਡ ਹੈ। ਉਹਨੂੰ ਲੱਗ ਹੀ ਨਹੀਂ ਰਿਹਾ ਕਿ ਮੇਰੇ ਤੋਂ ਸਾਰਾ ਕੁੱਝ ਜਾ ਰਿਹੈ। ਉਸਦੇ ਹੱਥ ਵੱਸ ਕੁੱਛ ਨਹੀਂ । ਇਸ ਤਰ੍ਹਾਂ ਦਾ ਬੁਨਿਆਦੀ ਥੀਮ ਮੈਨੂੰ ਇਸ ਕਹਾਣੀ ਵਿੱਚ ਲਗਦੈ। ਜਦੋਂ ਅਸੀਂ ਕਿਸੇ ਖਿੱਤੇ ਦੀ ਕਹਾਣੀ ਨੂੰ ਸਮਝਣ ਲਗਦੇ ਹਾਂ ਜਿਨ੍ਹਾਂ ਚਿਰ ਉਸ ਖਿੱਤੇ ਦੀ ਮਾਈਕਰੋ ਸਟੱਡੀ ਨਹੀਂ ਕਰਦੇ, ਜਿਨੀ ਦੇਰ ਬਰੀਕੀ ਨਾਲ ਨਹੀਂ ਜਾਣਦੇ ਉਨੀਂ ਦੇਰ ਅਸੀਂ ਉਸ ਕਹਾਣੀ ਦੀ ਜਾਂ ਉਸ ਖਿੱਤੇ ਦੇ ਸਾਹਿਤ ਦੀਆਂ ਅੰਦਰਲੀਆਂ ਭਾਸ਼ਾਂ ਤੇ ਸਮਾਜਿਕਤਾ ਦੀਆਂ ਖ਼ੂਬਸੂਰਤੀਆਂ ਨਹੀਂ ਪਕੜ ਸਕਾਂਗੇ। ਮਾਲਵਾ ਜਾਂ ਪੰਜਾਬ ਦਾ ਪਿਛਲੇ ਪੰਜ ਹਜ਼ਾਰ ਸਾਲਾਂ ਦਾ ਇਤਿਹਾਸ ਬਾਕੀ ਭਾਰਤ ਨਾਲੋਂ ਵੱਖਰਾ ਹੈ, ਉਹਦਾ ਕਾਰਨ ਹੈ ਕਿ ਪੰਜਾਬ ਦੀ ਭਗੋਲਿਕ ਵੱਖਰਤਾ ਹੈ। ਖੈਬਰ ਦੱਰੇ ਤੋਂ ਹਮਲੇ ਹੁੰਦੇ ਰਹੇ ਹਨ। ਜਿੰਨੇ ਹਮਲੇ ਸਪਤ ਸਿੰਧੂ ਤੋਂ ਲੈ ਕੇ ਹੁਣ ਤੱਕ ਪੰਜਾਬ 'ਤੇ ਹੋਏ ਦੁਨੀਆਂ ਦੇ ਕਿਸੇ ਵੀ ਖੇਤਰ 'ਤੇ ਨਹੀਂ ਹੋਏ। ਆਰੀਅਨ ਤੋਂ ਲੈ ਕੇ ਲੋਧੀ, ਪਠਾਣ ਆਏ ਪਤਾ ਨਹੀਂ ਕਿੰਨ੍ਹਾਂ ਕੋਮੀਅਤਾਂ ਦਾ ਖ਼ੂਨ ਸਾਡੀਆਂ ਰਗਾਂ 'ਚ ਦੌੜ ਰਿਹੈ। ਇਹ ਵੱਖਰੀ ਖੋਜ਼ ਦਾ ਵਿਸ਼ਾ ਹੈ। ਮੁੱਖ ਪਾਤਰ ਬਾਹਰਲੀ ਸਟੇਟ ਤੋਂ ਆ ਰਿਹੈ, ਉਸਨੂੰ ਇਹ ਵੱਖਰਾ ਲੱਗਦਾ ਹੈ। ਪਿੰਡ ਵੱਖਰੇ ਹਨ। ਉਸ ਵੱਖਰਤਾ ਨੂੰ ਉਹ ਪਛਾਨਣਾ ਤੇ ਫੜਨਾ ਚਾਹੁੰਦਾ ਹੈ। ਉਹ ਵੱਖਰਤਾ ਵੀ ਉਸਦੇ ਗੇੜ ਵਿੱਚ ਨਹੀਂ ਆ ਰਹੀ।

ਬਹੁਤਾ ਪਿੱਛੇ ਨਾ ਵੀ ਜਾਈਏ ਮਾਲਵੇ ਦਾ ਪਿਛਲੇ ਦੋ ਸੌ ਸਾਲਾਂ ਦਾ ਇਤਿਹਾਸ ਹੀ ਵਾਚੀਏ ਤਾਂ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਅੰਗਰੇਜ਼ ਆਉਂਦੇ ਹਨ। ਮਾਲਵੇ ਏਰੀਏ

ਵਿੱਚ ਨੌਂ ਰਿਆਸਤਾਂ ਹਨ, ਇਸ ਕਹਾਣੀ ਵਿਚਲੇ ਪਿੰਡ ਦੂਹਰੀ ਗੁਲਾਮੀ ਵਿੱਚ ਰਹੇ ਹਨ। ਰਜਵਾੜਾਸ਼ਾਹੀ ਤੇ ਅੰਗਰੇਜ ਸਾਮਰਾਜ ਅਧੀਨ ਰਹੇ ਹਨ। ਦੋਨੋਂ ਲੁੱਟ ਰਹੇ ਸਨ। ਉਸ ਚੋਂ ਨਵੀਂ ਚੇਤਨਾ ਪੈਦਾ ਹੁੰਦੀ ਹੈ ਨਵੇਂ ਉਭਾਰ ਉਠਦੇ ਹਨ। ਪੈਪਸੂ ਦੀ ਲਹਿਰ, ਮੁਜ਼ਾਰਾ ਲਹਿਰ ਉਠਦੀਆਂ ਹਨ। ਇਨ੍ਹਾਂ ਲਹਿਰਾਂ ਤੋਂ ਬਾਅਦ ਵੱਖਰੀ ਕਿਸਮ ਦਾ ਸਿਸਟਮ ਪੈਦਾ ਹੁੰਦਾ ਹੈ ਖਪਤਵਾਦ। ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ। ਪੰਜਾਬ ਜਾਂ ਮਾਲਵੇ ਨੂੰ ਇੱਕ ਦਿਨ ਵੀ ਸ਼ਾਂਤੀ ਦਾ ਨਹੀਂ ਮਿਲਿਆ। ਜਾਂ ਲੜਾਈ ਹੈ ਜਾ ਲੜਾਈ ਦੀਆਂ ਤਿਆਰੀ। ਇਸ ਕਸਮਕਸ਼ ਚੋਂ ਅਸੀਂ ਪੈਦਾ ਹੋਏ ਹਾਂ।

ਸਵਾਲ ਆਉਂਦਾ ਸਾਡੀ ਅਸਹਿਜਤਾ ਨੂੰ ਮੰਡੀ ਕੈਸ਼ ਕਰਦੀ ਹੈ। ਲਾਭ ਉਠਾਉਂਦੀ ਹੈ। ਨੈਸ਼ਨਲ ਤੇ ਇੰਟਰਨੈਸ਼ਨਲ ਪੱਧਰ ਤੇ ਮਨਸੂਬੇ ਬਣਦੇ ਹਨ। ਐਵੇਂ ਹੀ ਨਹੀਂ ਹੌਲੀਵੁੱਡ ਜਾਂ ਬੌਲੀਵੁੱਡ ’ਚ ਸਾਡੀ ਸ਼ਾਇਰੀ ਤੇ ਸੰਗੀਤਕਾਰੀ ਨੂੰ ਵੱਡੀ ਪੱਧਰ ਤੇ ਪੇਸ਼ ਕੀਤਾ ਜਾ ਰਿਹੈ। ਇਹ ਐਵੇਂ ਨਹੀਂ ਸਗੋਂ ਤਿੰਨ ਕਰੋੜ ਪੰਜਾਬੀਆਂ ਦੀ ਬਹੁਤ ਵੱਡੀ ਗਿਣਤੀ ਦਿਸਦੀ ਹੈ। ਉਸ ਮੰਡੀ ਨੂੰ ਕੈਸ਼ ਕਰਨਾ ਚਾਹੁੰਦੇ ਹਨ। ਇਸ ਕਹਾਣੀ ਵਿਚਲਾ ਸਾਰਾ ਵਰਤਾਰਾ ਵਿਆਹ ਦਾ, ਪਿੰਡ ਨੂੰ ਖਤਮ ਕਰਨ ਦਾ, ਉਹ ਉਸੇ ਕਲਚਰ ’ਚੋਂ ਪੈਦਾ ਹੋਈ ਚੀਜ ਹੈ। ਉਸ ਮੰਡੀ ਨੇ ਇੱਕ ਐਲੀਏਨੇਸ਼ਨ ਪੈਦਾ ਕੀਤੈ, ਇੱਕਲਤਾ ਪੈਦਾ ਕੀਤੀ ਹੈ। ਜਿਥੇ ਉਸ ਨੇ ਸਾਨੂੰ ਸਾਡੇ ਸਮਾਜ ਨਾਲੋਂ ਤੋੜਿਆ। ਪਿੰਡਾਂ ਨਾਲੋਂ ਤੋੜਿਆ, ਉਥੇ ਸਾਨੂੰ ਆਪਣੇ ਅੰਦਰਲੀ ਇਨਸਾਨੀਅਤ ਤੋਂ ਵੀ ਤੋੜਿਆ। ਉਸ ਇਨਸਾਨੀਅਤ ਨਾਲੋਂ ਟੁੱਟਣ ਕਰਕੇ ਅਸੀਂ ਸਾਰੇ ਕੁੱਝ ਖਤਮ ਕਰਨ ਵੱਲ ਜਾ ਰਹੇ ਹਾਂ। ਇਸ ਕਹਾਣੀ ਦੇ ਅਖੀਰ ਵਿਚਲੀ ਮੂਰਤੀ ਭੁਲਾਵਾ ਦਿੰਦੀ ਹੈ, ਉਹ ਸਿਆਸਤ ਦੀ ਨਿਸ਼ਾਨੀ ਹੈ। ਕੇਸਰਾ ਰਾਮ ਰਾਜਨੀਤੀ ’ਤੇ ਵਾਰ ਕਰਦੈ। ਇਸਦੀ ਜੜ੍ਹ ਕਿਥੇ ਹੈ, ਉਹ ਫੜਦੈ ਜੋ ਕਿ ਬਹੁਤ ਜਰੂਰੀ ਕਾਰਜ ਹੈ। ਇਸ ਕਹਾਣੀ ’ਚ ਸਿੰਬਲਜ ਰਾਹੀਂ ਜੜ੍ਹ ਨੂੰ ਫੜਨਾ ਬਹੁਤ ਖੂਬਸੂਰਤੀ ਨਾਲ ਪੇਸ਼ ਹੋਇਆ ਹੈ। ਮੂਰਤੀ ’ਚ ਸ਼ੇਰ ਦਾ ਵਿਖਾਉਣਾ, ਸ਼ਾਈਨਿੰਗ ਇੰਡੀਆ ਦਾ ਨਾਹਰਾ, ਪੰਜਾਬ ਬਹੁਤ ਤਰੱਕੀ ਕਰ ਰਿਹੈ ਦਾ ਨਾਹਰਾ ਆਦਿ ਇਸੇ ਭਰਮ ਨੂੰ ਤੋੜਨਾ ਕਹਾਣੀ ਦੀ ਖੂਬਸੂਰਤੀ ਹੈ। ਤਸਵੀਰ ਪ੍ਰਤੀਕ ਰਾਹੀਂ ਗੱਲ ਬਹੁਤ ਸਪੱਸ਼ਟ ਕੀਤੀ ਹੈ, ਭਰਮ ਭੁਲੇਖਿਆਂ ਦੀ। ਸੱਜੇ-ਖੱਬੇ ਦਾ ਸਿੰਬਲ ਕਮਾਲ ਹੈ। ਅੱਜ ਜੋ ਸੱਜੇ ਪੱਖੀ ਸਿਆਸਤ ਸਭ ਕੁੱਝ ਨੂੰ ਕਾਬੂ ਕਰ ਰਹੀ ਹੈ, ਉਸ ਬਾਰੇ ਇਹ ਕਹਾਣੀ ਬਹੁਤ ਵਧੀਆ ਸੇਧ ਦਿੰਦੀ ਹੈ। ਭੁਲੇਖੇ ਦੀਆਂ, ਸਿਸਟਮਾਂ ਦੀਆਂ ਪਰਤਾਂ ਉਘਾੜਦੀ ਹੈ। ਕਲਾਤਮਕਤਾ ਤੇ ਵਿਸ਼ੇ ਨੂੰ ਸਲਾਮ ਕਰਦਾਂ।

ਜਸਪਾਲ ਮਾਨਖੇੜਾ : ਜਦੋਂ ਡਾ. ਭੀਮ ਇੰਦਰ ਪੰਜਾਬ ’ਤੇ ਹੁੰਦੇ ਹਮਲਿਆਂ ਦੀ ਗੱਲ ਕਰ ਰਹੇ ਸਨ ਤਾਂ ਮੇਰੇ ਜਿਹਨ ਵਿੱਚ ਲੋਕ ਕਾਵਿ ਆ ਰਿਹਾ ਸੀ। ‘ਮਾਝਾ ਮੈਦਾ, ਦੁਆਬਾ ਦਲ਼ੀਆ, ਮਾਲਵਾ ਦੁਫਾੜ, ਸੁੱਕੇ ਰਹਿਣਗੇ ਬੀਕਾਨੇਰ ਤੇ ਪਹਾੜ’ ਪੰਜਾਬ ’ਤੇ ਹੁੰਦੇ ਹਮਲਿਆਂ ਨੇ ਮਾਝਾ ਦਾਖਲਾ ਦਰਵਾਜਾ ਹੋਣ ਕਾਰਨ ਵੱਧ ਤੇ ਫਿਰ ਦੁਆਬਾ ਦਾ ਨੁਕਸਾਨ ਕੀਤੈ। ਮਾਲਵਾ ਵੀ ਨੁਕਸਾਨ ਝੱਲਦਾ ਰਿਹੈ। ਮੈਨੂੰ ਲੱਗ ਰਿਹਾ ਸੀ ਕਿ ਡਾ. ਭੀਮ ਇੰਦਰ ਇਸ ਗੱਲ ਦੀ ਪੂਰਤੀ ਕਰ ਰਹੇ ਹਨ। ਹਮਲਿਆਂ ਕਰਕੇ ਮਾਲਵਾ ਸਹਿਜ ਨਹੀਂ ਰਹਿੰਦਾ ਸੀ। ਅੰਗਰੇਜਾਂ ਤੇ ਰਾਜਿਆਂ ਦੀ ਦੂਹਰੀ ਗੁਲਾਮੀ ਦੀ ਸੱਟ ਦੂਜੇ ਇਲਾਕਿਆਂ ਨਾਲੋਂ ਵੱਡੀ ਤੇ ਵੱਧ ਸੀ। ਅੰਗਰੇਜਾਂ ਵੱਲੋਂ ਕੀਤੀ ਤਰੱਕੀ ਤੋਂ ਵੀ ਮਾਲਵਾ ਵਿਰਵਾ ਰਿਹਾ ਹੈ। ਕੇਸਰਾ ਰਾਮ ਦੀਆਂ ਤਿੰਨ ਕਹਾਣੀਆਂ, ‘ਰਾਮ ਕਿਸ਼ਨ ਬਨਾਮ ਸਟੇਟ ਹਾਜਰ ਹੋ’, ‘ਪੁਲਸੀਆ ਕਿਉਂ ਮਾਰਦਾ ਹੈ’, ‘ਥੈਂਕਸ ਏ ਲੌਟ ਪੁੱਤਰਾ’ ਹਨ। ਇਹ ਨਾਮ ਜਾਂ ਵਾਕ ਮੈਂ ਪਹਿਲਾਂ ਨਹੀਂ ਸੁਣੇ ਸਨ। ਤਿੰਨਾਂ ਨਾਮਾਂ ਨੇ ਬਹੁਤ ਪ੍ਰਭਾਵਿਤ ਕੀਤਾ। ਪਰ ਇਸ ਕਹਾਣੀ ‘ਪਿੰਡਾਂ ਵਿੱਚੋਂ ਪਿੰਡ ਸੁਣੀਂਦਾ’ ਟਾਈਟਲ ਨੇ ਪ੍ਰਭਾਵਿਤ ਨਹੀਂ ਕੀਤਾ। ਇਹ ਆਮ ਹੀ ਵਾਕ-ਅੰਸ਼ ਹੈ



ਪ੍ਰਚੱਲਤ ਨਾਮ ਹੈ, ਕਾਲਮ ਵੀ ਪੰਜਾਬੀ ਟ੍ਰਿਬਿਊਨ ਚ ਛਪਦਾ ਰਿਹਾ।

ਸੁਖਜੀਤ : ਬਹੁਤ ਘੱਟ ਰਚਨਾਵਾਂ ਹੁੰਦੀਆਂ ਹਨ ਜਿੰਨ੍ਹਾਂ ਨੂੰ ਪੜ੍ਹਨ ਜਾਂ ਸੁਣਨ ਤੋਂ ਬਾਅਦ ਖ਼ਾਸਾ ਚਿਰ ਬੰਦਾ ਚੁੱਪ ਕਰਕੇ ਬੈਠਾ ਰਹਿੰਦੈ। ਇਹ ਉਹ ਕਹਾਣੀ ਹੈ ਜਿਹੜੀ ਸੁੰਨ ਵੀ ਕਰਦੀ ਹੈ, ਚੇਤੰਨ ਵੀ ਕਰਦੀ ਹੈ, ਬਹੁਤ ਕੁੱਝ ਤੁਹਾਡੇ ਅੰਦਰ ਜਗਾਉਂਦੀ ਵੀ ਹੈ। ਜਿਉਂ-ਜਿਉਂ ਸੋਚਦੇ ਹਾਂ ਕਹਾਣੀ ’ਚ ਉਤਰਦੇ ਹਾਂ, ਪਿੰਡਾਂ ਤੇ ਪੰਜਾਬ ਦਾ ਦੁੱਖ ਐਨੀ ਖੂਬਸੂਰਤੀ ਨਾਲ ਚਿਤਰਿਐ, ਕਮਾਲ ਹੈ। ਇਸ ਗੋਸ਼ਟੀ ਦੀ ਸਭ ਤੋਂ ਵਧੀਆਂ ਕਹਾਣੀ ਹੈ। ਇਸ ਵਿੱਚ ਕੁੱਝ ਵੀ ਨਹੀਂ ਛਾਂਟਿਆ ਜਾ ਸਕਦਾ। ਅਜਿਹੀ ਕਹਾਣੀ ਦੀ ਬਹੁਤ ਜ਼ਿਆਦਾ ਲੋੜ ਹੈ। ਕਹਾਣੀ ਦੇ ਨਾਮ ਬਾਰੇ ਮੇਰੀ ਰਾਇ ਵੀ ਮਾਨਖੇੜਾ ਨਾਲ ਮਿਲਦੀ ਹੈ।

ਰਾਮ ਸਿੰਘ : ਮੈਂ ਪਹਿਲੀ ਵਾਰ ਮਹਿਸੂਸ ਕਰ ਰਿਹਾ ਹਾਂ ਕਿ ਮੈਨੂੰ ਕਹਾਣੀ ਬਾਰੇ ਦੋ ਸ਼ਬਦ ਖੜ੍ਹੇ ਹੋ ਕੇ ਬੋਲਣੇ ਚਾਹੀਦੇ ਹਨ। ਇਸ ਕਹਾਣੀ ਦੇ ਸੱਚੇ-ਸੁੱਚੇ ਅਲਫਾਜ਼ ਨੂੰ ਮੈਂ ਬੇਪਰਦ ਨਹੀਂ ਕਰਾਂਗਾ। ਕਹਾਣੀ ਬਾਰੇ ਕਹਿਣ ਦੀ ਕੋਈ ਜਗ੍ਹਾ ਨਹੀਂ। ਮੈਨੂੰ ਚਮੈਸਕੀ ਦੀ ਗੱਲ ਯਾਦ ਆ ਰਹੀ ਹੈ ਇਸ ਕਹਾਣੀ ਦੇ ਸੰਦਰਭ ਚ, ਉਹ ਕਹਿੰਦੈ, ਉੱਤਮ ਸਾਹਿਤ ਤੁਹਾਨੂੰ ਜ਼ਿੰਦਾ ਰਹਿਣ(ਟੂ ਲਿਵ) ਲਈ ਮਜ਼ਬੂਰ ਕਰਦਾ ਹੈ। ਹੋਰ ਵੀ ਉੱਚਤਮ ਲਿਟਰੇਚਰ ਤੁਹਾਨੂੰ ਦੁਬਾਰਾ ਜ਼ਿੰਦਾ ਰਹਿਣ(ਟੂ ਰੀ-ਲਿਵ) ਲਈ ਮਜ਼ਬੂਰ ਕਰਦੈ। ਲਿਵ ਕਰਨਾ ਤੇ ਰੀ-ਲਿਵ ਕਰਨਾ। ਮੈਂ ਇਸ ਕਹਾਣੀ ਨੂੰ ਪੜ੍ਹਦੇ ਤੇ ਸੁਣਦੇ ਹੋਏ ਆਪਣੀ ਜ਼ਿੰਦਗੀ ਦੇ ਸੱਠ-ਪੈਂਹਟ ਸਾਲ ਰੀ-ਲਿਵ ਕੀਤੇ ਨੇ। ਬਚਪਨ ਤੋਂ ਲੈ ਕੈ ਅੱਜ ਤੱਕ ਪੰਜਾਬੀ ਸੱਭਿਆਚਾਰ ਦਾ ਬਹੁਤ ਵੱਡਾ ਇੰਸਟੀਚਿਊਸ਼ਨ ਮੈਰਿਜ, ਸ਼ਾਦੀ, ਵਿਆਹ, ਇਹ ਸਾਰਾ ਕੁਝ ਪਿਛਲੇ ਸੱਠ ਸਾਲ ਦੇ ਅਰਸੇ ਨੂੰ ਉਜਾਗਰ ਕਰਦਿਆਂ ਗੁਜ਼ਰਿਆ ਇਹ ਕਹਾਣੀ ਸੁਣਦੇ। ਗੱਚ ਭਰਿਆ ਮੇਰਾ ਕਈ ਵਾਰ ਇਹ ਕਹਾਣੀ ਸੁਣਦਿਆਂ। ਮੈਂ ਇਸ ਕਥਾ ਨੂੰ ਆਪਣਾ ਖਾਮੋਸ਼ ਨਮਨ ਪੇਸ਼ ਕਰਦਾ ਹਾਂ।

ਜਸਪਾਲਜੀਤ: ਕਹਾਣੀ ਸੁਣ ਕੇ ਮਨ ਅਨੰਦਿਤ ਵੀ ਹੋਇਆ। ਆਖਰੀ ਵਾਕ ਕਿ ਪਿੰਡ ਸਾਥੋਂ ਖੋਹਿਆ ਜਾ ਰਿਹੈ, ਮਨ ਨੂੰ ਅਸਹਿਜ ਵੀ ਕਰਦੈ। ਸੋਚਣ ਲਈ ਮਜ਼ਬੂਰ ਕਰਦੈ। ਉਪਰਲੀਆਂ ਸ਼ਕਤੀਆਂ ਜੋ ਸਾਥੋਂ ਕਿੰਨਾ ਕੁਝ ਖੋਹ ਰਹੀਆਂ ਹਨ ਉਨ੍ਹਾਂ ਦੀ ਨਿਸ਼ੇਨਦਾਹੀ ਇਸ ਕਹਾਣੀ ਵਿਚ ਬਹੁਤ ਹੀ ਖ਼ੂਬਸੂਰਤੀ ਨਾਲ ਕੀਤੀ ਗਈ ਹੈ।

## 4. ਸੌਰੀ, ਲਾਈਫ ਲਤੀਫਾ ਨਹੀਂ: ਚਰਚਾ

ਗੁਰਦੇਵ ਖੋਖਰ: ਆਧੁਨਿਕ ਗਲਪ ਚੇਤਨਾ ਦਾ ਪ੍ਰਗਟਾਵਾ ਪੱਛਮੀ ਸੂਝ ਸੰਚਾਰ ਦੇ ਜੀਵਨ ਮੁੱਲਾਂ ਰਾਹੀਂ ਹੀ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੌਰਾਨ ਹੀ ਪੰਜਾਬੀ ਸਾਹਿਤ ਦੇ ਹੋਰਨਾਂ ਸਮਕਾਲੀ ਰੂਪਾਂ ਨਾਲ ਹੀ ਪੰਜਾਬੀ ਕਹਾਣੀ ਇਤਿਹਾਸ ਅੰਦਰ ਰੂਪਮਾਨ ਹੋਇਆ ਮਿਲਦਾ ਹੈ। ਨਾਵਲ ਨਾਲੋਂ ਵੀ ਪਹਿਲੋਂ ਕਹਾਣੀ ਅੰਦਰ ਅਜਿਹੇ ਅਧੁਨਿਕ ਜੀਵਨ ਸਮਾਚਾਰਾਂ ਦੇ ਵੇਰਵੇ ਪੰਜਾਬੀ ਪਾਠਕਾਂ ਨੂੰ ਪ੍ਰਾਪਤ ਹੋਏ। ਪੰਜਾਬੀ ਕਹਾਣੀ ਸਮੇਂ ਸਮੇਂ ਪ੍ਰਚੱਲਿਤ ਸਿਆਸੀ ਲਹਿਰਾਂ ਤੇ ਵਾਦਾਂ ਦੇ ਸਮਾਜਿਕ ਸੱਭਿਆਚਾਰਕ ਪ੍ਰਭਾਵ ਅਧੀਨ ਆਪਣਾ ਸਰੂਪ ਤੇ ਸੁਭਾਅ ਗ੍ਰਹਿਣ ਕਰਦੀ ਰਹੀ ਹੈ। ਇਤਿਹਾਸਕ ਤੌਰ ਤੇ ਲੰਮਾ ਸਮਾਂ ਟਿਕੇ ਪ੍ਰਗਤੀਵਾਦ ਨੇ ਇਸਨੂੰ ਅਧਿਕ ਪ੍ਰਭਾਵਿਤ ਕੀਤਾ। ਅਜਿਹੇ ਹੀ ਦੌਰ ਅੰਦਰ ਕਰਤਾਰ ਸਿੰਘ ਦੁੱਗਲ ਨੇ ਪਹਿਲ ਕਰਕੇ ਔਰਤ-ਮਰਦ ਸਬੰਧਾਂ ਦੇ ਗਲਪੀ ਬਿੰਬ ਪੰਜਾਬੀ ਸੱਭਿਆਚਾਰ ਦੀ ਪ੍ਰਾਕਿਰਤਕ ਦ੍ਰਿਸ਼ਟੀ ਤੋਂ ਸਿੱਧੇ ਤੇ ਚਿੰਨ੍ਹਾਤਮਕ ਰੂਪ ਵਿੱਚ ਦ੍ਰਿਸਟੀਗੋਚਰ ਕੀਤੇ । ਮਾਨਵ ਸਰੀਰਕ ਵਿਕਾਸ ਦੀ ਮੂਲ ਤਾਕਤ ਸ਼ਕਤੀ ਕਾਮ ਦਾ ਹਰ ਸੰਸਕ੍ਰਿਤੀ ਤੇ ਆਚਾਰ ਵਿਹਾਰ ਅੰਦਰ ਵਿਸ਼ੇਸ਼ ਯੋਗਦਾਨ ਰਿਹਾ ਹੈ। ਲਿੰਗਕ ਸਬੰਧਾਂ ਦੀ ਪੇਸ਼ਕਾਰੀ ਨੂੰ ਪੰਜਾਬੀ

ਸਾਹਿਤ ਅੰਦਰ ਇੱਕ ਵਿਵਰਜਤ ਵਿਸ਼ੇ ਵਜੋਂ ਹੀ ਲਿਆ, ਪੜ੍ਹਿਆ ਤੇ ਵਿਚਾਰਿਆਂ ਗਿਆ ਹੈ। ਦੁੱਗਲ ਤੋਂ ਸੁਰੂ ਹੋਈ ਅਜਿਹੀ ਪੰਜਾਬੀ ਕਥਾ ਪ੍ਰੇਮ ਪ੍ਰਕਾਸ਼ ਤੋਂ ਅਗਾਂਹ ਤੁਰਦੀ ਅਜੋਕੀ ਪੀੜ੍ਹੀ ਦੇ ਅਨੇਕਾਂ ਕਥਾਕਾਰਾਂ ਤੱਕ ਸਫਰ ਕਰਦੀ ਜਤਿੰਦਰ ਹਾਂਸ ਵਰਗਿਆਂ ਤੱਕ ਜਾ ਪਹੁੰਚੀ ਹੈ। ਕਹਾਣੀ ਅੰਦਰ ਅਜਿਹੇ ਲਿੰਗਕ ਸਬੰਧਾਂ ਦੀ ਪੇਸ਼ਕਾਰੀ ਸੱਭਿਆਚਾਰਕ ਤੋਰ ਤੇ ਮਾਨਵੀ ਜੀਵਨ ਮੁੱਲਾਂ ਦੇ ਆਤਮ ਅਨਾਤਮ, ਨੈਤਿਕ ਅਨੈਤਿਕ, ਕੁਕਰਮ ਸੁਕਰਮ, ਸਤਿ ਅਸਤਿ ਵਿੱਚ ਪ੍ਰਾਪਤ ਆਨੰਦ ਅਨੁਭੂਤੀ ਵਰਗੇ ਸੰਕਲਪਾਂ ਨੂੰ ਵਿਅਕਤ ਕਰਨ ਦੀ ਕੋਸ਼ਿਸ ਹੁੰਦੀ ਰਹੀ ਹੈ। ਅਜਿਹੀ ਪੇਸ਼ਕਰੀ ਸਮੇਂ ਅਧਿਕਤਰ ਕਹਾਣੀਕਾਰ ਬਿਰਤਾਂਤ ਨੂੰ ਰੌਚਿਕ ਤੇ ਸੁਆਦਲਾ ਬਨਾਉਣ ਹਿਤ ਵਿਸ਼ਾਗਤ ਅਨਿਆਂ ਦੇ ਭਾਗੀਦਾਰ ਬਣਕੇ ਉਲਾਰ ਬਿਰਤੀ ਦੇ ਧਾਰਨੀ ਭੀ ਬਣੇ ਹਨ। ਗੁਰਸੇਵਕ ਸਿੰਘ ਪ੍ਰੀਤ ਦੀ ਅਧਿਐਨ ਅਧੀਨ ਇਹ ਕਹਾਣੀ 'ਸੌਰੀ, ਲਾਈਫ ਲਤੀਫਾ ਨਹੀਂ' ਗਾਲਪਨਿਕ ਸਿਰਜਣਾ ਤੋਂ ਅੱਗੇ ਕਦਮ ਪੱਟਦੀ ਉਤਰ ਆਧੁਨਿਕਤਾ ਦੇ ਨਵੇਂ ਵਿਗਿਆਨਕ ਗਲਪੀ ਬਿਰਤਾਂਤ ਦੇ ਰੂਪ ਵਿੱਚ ਜਾ ਪਹੁੰਚੀ ਹੈ ਤੇ ਨਾਲੋਂ ਨਾਲ ਪਾਠਕਾਂ ਸਹਾਮਣੇ ਕਈ ਉਭਰਵੇਂ ਸੁਆਲ ਭੀ ਖੜ੍ਹੇ ਕਰਦੀ ਹੈ। ਇਹ ਸੁਆਲ ਬੁਨਿਆਦੀ ਰੂਪ ਵਿੱਚ ਬੇਸ਼ਕ ਜੀਵਨ ਦੀ ਮੂਲ ਚਾਲਕ ਸ਼ਕਤੀ ਕਾਮ ਨਾਲ ਹੀ ਸਬੰਧਿਤ ਹਨ ਪਰ ਇਹਨਾਂ ਦੀ ਸਮਾਜਿਕ ਮਨੁੱਖੀ ਜੀਵਨ ਅੰਦਰ ਸਾਰਥਿਕਤਾ ਦਾ ਮਸਲਾ ਜਿਥੇ ਸਫ਼ਲ ਦੰਪਤੀ ਜੀਵਨ ਦੇ ਵਿਕਾਸ ਮੁੱਖੀ ਪੱਖ ਵੱਲ ਸੇਧਿਤ ਹੈ ਉਥੇ ਪੰਜਾਬੀ ਜਨ ਜੀਵਨ ਅੰਦਰਲੀਆਂ ਵਿਭਿੰਨ ਸੱਭਿਆਚਾਰਕ ਤਣਾਵਾਂ ਨੂੰ ਭੀ ਉਸਦੇ ਪਰਿਪੇਖ ਵਿੱਚ ਪ੍ਰਸਤੁਤ ਕਰਨ ਦੀ ਜੁਗਤ ਕਾਰਨ ਕਹਾਣੀ ਦੀ ਵਿਸ਼ੇਸ ਪ੍ਰਾਪਤੀ ਕਹੀ ਜਾ ਸਕਦੀ ਹੈ। ਕਥਾਕਾਰ ਭਾਵੇਂ ਨਵੀਂ ਕਹਾਣੀ ਅੰਦਰ ਨਵਾਂ ਨਾਂ ਹੈ ਪਰ ਉਸਨੇ ਅਜੋਕੇ ਨਵ ਪ੍ਰੀਭਾਸ਼ਿਤ ਬਦਲਦੇ ਰਿਸ਼ਤਿਆਂ ਤੇ ਜਿਨਸੀ ਸੰਬੰਧਾਂ ਨੂੰ ਬਹੁਤ ਬੇਬਾਕੀ ਤੇ ਵਿਗਿਆਨਕ ਚੇਤਨਾ ਦੇ ਪ੍ਰਸੰਗ ਤਹਿਤ ਨਾਰੀ ਸੰਵੇਦਨਾ ਦੁਖਾਂਤ ਦੇ ਨਵੇਂ ਕਥਾ ਮਾਡਲ ਦੇ ਰੂਪ ਵਿੱਚ ਚਿਤਰਿਤ ਕੀਤਾ ਹੈ। ਕਹਾਣੀ ਅੰਦਰ ਪੇਸ਼ ਤਲਾਕ ਦੀ ਮੁੱਖ ਸਮੱਸਿਆ ਪਰਿਵਾਰਿਕ ਦੁਖਾਂਤ ਦੇ ਰੂਪ ਵਿੱਚ ਪਾਠਕ ਦੀ ਨਜ਼ਰ ਹੋਈ ਹੈ। ਮਾਂ ਧੀ ਦੀਆਂ ਦੰਪਤੀ ਜਿਨਸੀ ਸਬੰਧਾਂ ਦੀਆਂ ਗੁੰਝਲਾਂ ਦਾ ਟਕਰਾਅ ਦਵੰਦਾਤਮਕ ਰੂਪ ਵਿੱਚ ਪੇਸ਼ ਪੇਸ਼ ਹੈ। ਇਸ ਦਵੰਦਾਤਮਕਤਾ ਨੂੰ ਸਰੀਰਕ ਸਬੰਧਾਂ ਦੀ ਸਮਾਜਿਕ ਤੇ ਵਿਵਹਾਰਕ ਪ੍ਰਸੰਗਤਾ ਤਹਿਤ ਹੀ ਵੇਖਿਆ ਤੇ ਪਰਖਿਆ ਜਾ ਸਕਦਾ ਹੈ। ਰਾਹਤ ਅਤੇ ਗਲੋਰੀ ਦੋਵੇਂ ਤਾਲੀਮ ਪੱਖੋ ਬੁਨਿਆਦੀ ਰੂਪ ਵਿੱਚ ਇੰਜੀਨੀਅਰ ਹਨ। ਰਾਹਤ ਮੈਨੂਫੈਕਚਰਿੰਗ ਇੰਜੀਨੀਅਰ ਤੇ ਗਲੋਰੀ ਬੈਂਕ ਮੈਨੇਜ਼ਰ ਹੈ। ਸਮਾਜਿਕ ਆਰਥਿਕ ਪੱਖੋਂ ਸਾਧਨ ਸੰਪੰਨ ਤੇ ਸੁਖਦ ਦੰਪਤੀ ਹੈ। ਪਰ ਕਹਾਣੀ ਅਧਿਐਨ ਤੋਂ ਜਿਹੜੀ ਗੱਲ ਉਭਰਕੇ ਸਾਹਮਣੇ ਆਉਂਦੀ ਹੈ ਉਸ ਅਨੁਸਾਰ ਉਹਨਾਂ ਦੀ ਮੈਕਨੀਕਲ ਜਿੰਦਗੀ ਅੰਦਰ ਸੁਖਾਵੇਂ ਜਿਨਸੀ ਸਬੰਧਾਂ ਦੀ ਅਣਹੋਂਦ ਨੇ ਜਿੰਦਗੀ ਨੂੰ ਨੀਰਸ ਅਤੇ ਅਮਾਨਵੀ ਵਿਵਹਾਰ ਦੇ ਰਾਹ ਪਾ ਦਿੱਤਾ ਹੈ। ਕਹਾਣੀ ਦੀ ਮੂਲ ਸਮੱਸਿਆ ਦਾ ਆਗ਼ਾਜ਼ ਰਾਹਤ ਦੇ ਵਿਵਹਾਰ ਤੋਂ ਭਲੀ ਭਾਂਤ ਉਜਾਗਰ ਹੋ ਜਾਂਦਾ ਹੈ ਜਿਹੜੀ ਰਾਹਤ ਸਾਰਾ ਦਿਨ ਗਲੋਰੀ ਗਲੋਰੀ ਕਰਦੀ ਰਹਿੰਦੀ ਸੀ, ਉਹੀ ਰਾਹਤ ਹੁਣ ਸੌਰੀ ਸੌਰੀ ਕਰਦੀ ਫਿਰਦੀਆ । 'ਸੌਰੀ ਮੇਰੇ ਤੋਂ ਗ਼ਲਤੀ ਹੋ ਗਈ ਮੰਮਾਂ ਆਈ ਕਾਟ ਲਿਵ ਵਿੱਦ ਹਿਮ ਬਲੱਡੀ ਫੂਲ' ਰਾਹਤ ਦੀ ਮਾਨਸਿਕਤਾ ਭਰਪੂਰ ਜਿਨਸੀ ਸਬੰਧਾਂ ਦੀ ਸਰਾਥਿਕਤਾ ਬਾਰੇ ਜਿਹੜਾ ਸੰਕਲਪ ਬਣਦਾ ਹੈ ਉਹ ਗਲੋਰੀ ਦੇ ਕਿਸੇ ਹੋਰ ਔਰਤ ਨਾਲ ਸਰੀਰਕ ਸਬੰਧਾਂ ਜਾਂ ਫਿਰ ਉਸਦੇ ਨਮਰਦ ਹੋਣ ਦਾ ਪ੍ਰਤੀਫਲ ਜਾਪਦਾ ਹੈ। ਉਸ ਦਾ ਇਹ ਕਹਿਣਾ ਕਿ 'ਮੰਮਾ ਤੁਸੀਂ ਸਮਝਦੇ ਕਿਉਂ ਨਹੀਂ ਕੰਮ ਦਾ ਤਾਂ ਬਹਾਨਾ ਹੈ ਟੂ ਬੀ ਵੈਰੀ ਫਰੈਂਕ ਜਾਂ ਤਾ ਉਸਦਾ ਕਿਸੇ ਹੋਰ ਲੇਡੀ ਨਾਲ ਸਬੰਧ ਹੈ ਜਾਂ ਫਿਰ ਮੈਨੂੰ ਫੇਸ ਕਰਨ ਤੋਂ ਡਰਦਾ ਹੈ ਕੁਝ ਵੀ ਹੋਵੇ ਮੈਂ ਵੇਖ ਲਿਆ ਉਹ ਮੇਰੇ ਕੰਮ ਦਾ ਨਹੀਂ।'

ਅਜਿਹਾ ਮਨੁੱਖੀ ਸਰੀਰਕ ਸਬੰਧਾਂ ਅਤੇ ਸਫ਼ਲ ਦੰਪਤੀ ਜੀਵਨ ਦੀ ਸਾਰਥਿਕਤਾ ਦੇ



ਯਥਾਰਥ ਤੋਂ ਕਾਫ਼ੀ ਦੂਰ ਜਾਪਦਾ ਹੈ। ਜਿਨਸੀ ਸਬੰਧਾਂ ਦੇ ਟਕਰਾਅ ਦਾ ਭੇਦ ਪਾਠਕ ਲਈ ਅਜਿਹਾ ਸਸਪੈਂਸ ਬਣਦਾ ਹੈ ਕਿ ਕਹਾਣੀ ਪਾਠ ਨਾਲ ਮਸਲੇ ਦੇ ਭਵਿੱਖੀ ਹੱਲ ਪ੍ਰਤੀ ਹੋਰ ਸੁਚੇਤ ਰੂਪ ਵਿੱਚ ਜਾਨਣ ਹਿਤ ਗਹਿਰੀ ਸ਼ਿਦਤ ਨਾਲ ਜੁੜਿਆ ਰਹਿੰਦਾ ਹੈ। ਟਕਰਾਵੀਂ ਰੁਮਾਂਟਿਕ ਤੀਬਰਤਾ ਦਾ ਬਿਰਤਾਂਤ ਕਹਾਣੀ ਦੀ ਖ਼ੂਬਸੂਰਤੀ ਕਿਹਾ ਜਾ ਸਕਦਾ ਹੈ। ਕਹਾਣੀ ਦੁਖਾਂਤ ਦੀ ਇੱਕ ਅਹਿਮ ਧਿਰ ਉਸਦਾ ਪਤੀ ਗਲੋਰੀ ਆਪਣੀ ਪਤਨੀ ਨਾਲ ਸਹਿਮਤੀ ਨੂੰ ਬਣਾਈ ਰੱਖਣ ਦੀ ਹਰ ਕੋਸ਼ਿਸ ਕਰਦਾ ਜਾਪਦਾ ਹੈ। ਜਾਗੀਰੂ ਮਰਦਾਵੀਂ ਹਊਮੈਂ ਤੋਂ ਮੁਕਤ ਗਲੋਰੀ ਦੀ ਹਰ ਤਰਲਾ, ਮਿੰਨਤ, ਕੋਸਿਸ਼ ਅਸਫਲ ਜਾਪਦੀ ਹੈ। ਵਰਣਤ ਕਥਾ ਸਥਿਤੀ ਉਦੋਂ ਹੋਰ ਭੀ ਗਹਿਰੀ ਹੋ ਜਾਂਦੀ ਹੈ ਜਦੋਂ ਉਹ ਰਾਹਤ ਦੇ ਮਾਂ ਬਾਪ ਪਤੀ ਪਤਨੀ ਰਿਸਤੇ ਦੀ ਸਮਾਜਿਕ ਸਾਰਥਿਕਤਾ ਦੇ ਵਿਵਹਾਰਕ ਪੱਖ ਨੂੰ ਲੈ ਕੇ ਦਿੱਤੀਆਂ ਠੋਸ ਦਲੀਲਾਂ ਮਾਂ ਦੀ ਮਮਤਾ, ਪ੍ਰੋ. ਬਾਪ ਦੀ ਤਿੱਖੀ ਮਾਨਵੀ ਸੂਝ ਉਸਨੂੰ ਸਮਾਜਿਕ ਯਰਾਰਥ ਦੇ ਅਸਲ ਸੱਚ ਦੀ ਤਸਵੀਰ ਦਿਖਾਉਣ ਤੋਂ ਅਸਮਰਥ ਜਾਪਦੀਆਂ ਹਨ। ਅਰਅਸਲ ਕਾਰਪੋਰੇਟ ਪ੍ਰਬੰਧ ਦੀਆਂ ਕੀਮਤਾਂ ਅਧੀਨ ਵਿਚਰਦੇ ਨਿਰੋਲ ਕੰਮ ਕਾਜੀ ਮਨੁੱਖ ਦੀ ਬੁਨਿਆਦੀ ਰੂਪ ਵਿੱਚ ਮਕੈਨੀਕਲ ਜੀਵਨ ਸੈਲੀ ਹੀ ਦੰਪਤੀ ਪ੍ਰਵਾਰਕ ਸੁੱਖ ਤੋਂ ਵਿਰਵੇ ਹੋਣ ਦੇ ਅਵਚੇਤਨ ਵਿੱਚ ਲੁਪਤ ਹੈ। ਮਾਨਵੀ ਤਾਕਤਾਂ ਦੇ ਸੱਭਿਆਚਾਰਕ ਵਰਤਾਰੇ ਬਾਰੇ ਕਿਨ੍ਹੇ ਵਰ੍ਹੇ ਪਹਿਲਾ ਫਰਇਡੀਵਾਦੀ ਚਿੰਤਨ ਦੇ ਵਿਗਿਆਨੀ ਨਿਰਨੇ ਤੋਂ ਇਕਕਾਰੀ ਨਹੀਂ ਹੋਇਆ ਜਾ ਸਕਦਾ ਕਿ ਆਦਮੀ ਕਈ ਵਾਰ ਅਚੇਤ ਹੀ ਨਹੀਂ, ਸਗੋਂ ਸੁਚੇਤ ਰੂਪ ਵਿੱਚ ਸਮਾਜਿਕ ਯਥਾਰਥ ਦੀ ਕਠੋਰਤਾ ਦੀ ਸਥਿਤੀ ਤੇ ਵਿਰੋਧ ਕਾਰਨ ਬਹੁਤ ਵਾਰੀ ਸਮਝੌਤਾਵਾਦੀ ਤੇ ਪ੍ਰਯੋਗਵਾਦੀ ਪ੍ਰਵਿਰਤੀ ਅਖਤਿਆਰ ਕਰਨ ਲਈ ਮਜਬੂਰ ਹੋ ਜਾਂਦਾ ਹੈ। ਸਾਡੇ ਪੰਜਾਬੀ ਗਲਪ ਅੰਦਰ ਅਜਿਹੀਆਂ ਗਲਪ ਰਚਨਾਵਾਂ ਦਾ ਵੇਰਵਾ ਦਿੱਤਾ ਜਾ ਸਕਦਾ ਹੈ ਜਿਹਨਾਂ ਰਾਹੀਂ ਵਿਸ਼ਵੀਕ੍ਰਿਤ ਸਮਾਜਿਕ ਵਰਤਾਰਿਆਂ ਦੀ ਸਿਰਫ਼ ਸਤਹੀ ਸਮਝ ਦਾ ਹੀ ਪ੍ਰਗਟਾਵਾ ਹੋਇਆ ਮਿਲਦਾ ਹੈ। ਅਧਿੱਕਤਰ ਪੰਜਾਬੀ ਕਥਾਕਾਰ ਵਿਸਥਾਰਤ ਬਿਰਤਾਂਤ ਦੀ ਪੇਸ਼ਕਾਰੀ ਰਾਹੀਂ ਸਮਾਜਿਕ ਯਥਾਰਥ ਦੇ ਗਾਲ਼ਪਨਿਕ ਬਿੰਬ ਚਿਤਰਨ ਵੱਲ ਹੀ ਜਿਆਦਾ ਰੁਚਿਤ ਦਿਖਾਈ ਦਿੰਦੇ ਹਨ। ਚੰਗੀ ਗੱਲ ਇਹ ਹੈ ਕਿ ਗੁਰਸੇਵਕ ਪ੍ਰੀਤ ਦੀ ਇਹ ਕਹਾਣੀ ਅਪਵਾਦ ਹੈ। ਕਥਾਕਾਰ ਨੇ ਆਪਣੀ ਦ੍ਰਿਸਟੀਗਤ ਪ੍ਰਤੀ ਬੱਧਤਾ ਆਸਰੇ ਪੇਸ਼ ਵਸਤੂ ਸਮੱਸਿਆ ਦੇ ਸਮਾਧਾਨ ਲਈ ਪਿੱਛਲਝਾਤ ਨਾਲ ਸਮਾਂਤਰ ਤੇ ਸਮਰੂਪ ਤਲਾਕ ਸਮੱਸਿਆ ਨੂੰ ਪ੍ਰਭਾਵੀ ਜੁੱਜ ਵੱਜੋਂ ਖ਼ੂਬਸੂਰਤੀ ਨਾਲ ਜੋੜਿਆ ਹੈ। ਰਾਹਤ ਦੀ ਡਾਕਟਰ ਮਾਂ ਨੈਕਸੀ ਤੇ ਪਿਤਾ ਪ੍ਰੋ. ਮੋਹਕਮ ਸਿੰਘ ਸੰਧੂ ਸਫ਼ਲ ਦੰਪਤੀ ਜੀਵਨ ਬਸ਼ਰ ਕਰ ਰਹੇ ਹਨ। ਉਹਨਾਂ ਦੇ ਸਾਧਨ ਸੰਪਨ ਸਫ਼ਲ ਦੰਪਤੀ ਜੀਵਨ ਪਿਛੇ ਖੜੀ ਧੀ ਦੇ ਤਲਾਕ ਵਰਗੀ ਗੰਭੀਰ ਸਮਾਜਿਕ ਸਮੱਸਿਆ ਵਾਂਗ ਆਪਣੀ ਵੀ ਸਮੱਸਿਆ ਵਿੱਚੋਂ ਉਭਰਨ ਦਾ ਬੇਹੱਦ ਕੌੜਾ ਜੁਲਮੀ ਤੇ ਤਸੱਦਦ ਭਰਿਆ ਇਤਿਹਾਸਕ ਸੰਘਰਸ਼ ਕਹਾਣੀ ਬਿਰਤਾਂਤ ਦੇ ਪਿਛੋਕੜ ਵਿੱਚ ਕਾਰਜਸ਼ੀਲ ਨਜਰ ਆਉਂਦਾ ਹੈ।

ਡਾ. ਭੀਮ ਇੰਦਰ: ਮੈਂ ਇਸ ਕਹਾਣੀ ਨੂੰ ਪੰਜਾਬ ਦੇ ਸੰਦਰਭ 'ਚ ਵੇਖਾਂਗਾ ਖਾਸਕਰ ਹਰੇ ਇਨਕਲਾਬ ਦੇ ਦੌਰ 'ਚ। ਇਹ ਸੱਚਾਈ ਹੈ ਕਿ ਨੱਬੇ ਤੋਂ ਬਾਅਦ ਸਾਡੇ ਰਿਸ਼ਤਿਆਂ ਜਾਂ ਸਰੀਰਕ ਸਬੰਧਾਂ 'ਚ ਜੋ ਅਸਰ ਪਏ ਹਨ। ਉਹ ਬਹੁਤ ਖਤਰਨਾਕ ਹਨ। ਆਉਣ ਵਾਲੀਆਂ ਸਾਡੀਆਂ ਪੀੜ੍ਹੀਆਂ ਨਾਮਰਦ ਹੋ ਰਹੀਆਂ ਹਨ। ਜਿਸ ਤਰ੍ਹਾਂ ਦਾ ਯੁਰੇਨੀਅਮ ਸਾਡੀ ਧਰਤੀ ਚ ਵੱਧ ਰਿਹਾ ਹੈ, ਸਰੀਰਾਂ ਚ ਪਿਐ, ਰਸਾਇਣਕ ਖਾਦਾਂ ਦਾ ਅਸਰ ਸਾਡੇ ਸਰੀਰਾਂ ਤੇ ਪੈ ਰਿਹੈ, ਉਸ ਨਾਲ ਅਸੀਂ ਬਿਮਾਰ ਮਾਨਸਿਕਤਾ ਵੱਲ ਵੱਧ ਰਹੇ ਹਾਂ। ਇਸ ਕਹਾਣੀ ਚ ਦੋਵੇਂ ਦੰਪਤੀ ਇਸ ਸੰਕਟ ਨੂੰ ਭੋਗ ਰਹੇ ਹਨ। ਪਹਿਲਾਂ ਬਾਪ ਨੇ ਭਾਵੇ ਦਵਾਈਆਂ ਲੈ ਕੇ ਠੀਕ ਕਰ ਲਿਆ। ਪਰ ਅੱਜ ਜੋ ਉਪਰਲਾ ਮੱਧ ਵਰਗ ਹੈ ਜਿਸ ਨੂੰ ਕੋਈ ਆਰਥਿਕ ਸੰਕਟ ਨਹੀਂ, ਪਰ ਉਨਾਂ ਦਾ ਸਮਾਜਿਕ ਤੇ ਵਿਵਹਾਰਕ ਸੰਕਟ ਵੱਡਾ

ਸੰਕਟ ਹੈ। ਇਹ ਸੰਕਟ ਵਿਸ਼ਵੀਕਰਨ ਦੀਆਂ ਪੋਲਸੀਆਂ, ਸਭਿਆਚਾਰ ਕਾਰਨ ਹੈ ਜਿਹੜਾ ਲਾਈਫ ਨੂੰ ਇੱਕ ਲਤੀਫਾ ਬਣਾ ਰਿਹਾ ਹੈ, ਨਾਨ ਸੀਰੀਅਸ ਸਭਿਆਚਾਰ ਪੈਦਾ ਹੋ ਰਿਹੈ, ਪੰਜਾਬ ਚ।

ਪ੍ਰੋ. ਰਾਮ ਸਿੰਘ : ਇਹ ਗੱਲ ਪ੍ਰਵਾਨਿਤ ਹੈ ਕਿ ਗਲਪ ਯਥਾਰਥ ਨਹੀਂ ਹੁੰਦਾ, ਪਰ ਨਾਲ ਇਹ ਵੀ ਹੈ ਕਿ ਗਲਪ ਯਥਾਰਥ ਤੋਂ ਬਹੁਤਾ ਦੂਰ ਵੀ ਨਹੀਂ ਹੁੰਦਾ। ਇਸ ਕਹਾਣੀ ਚ ਮੁੱਖ ਤੌਰ ਤੇ ਚਾਰ ਪਾਤਰ ਹੀ ਹਨ। ਪੋ. ਸੰਧੂ ਦਾ ਇਹ ਫੈਸਲਾ ਲੈ ਲੈਣਾ ਕਿ ਮੈਂ ਨੈਨਸੀ ਤੇ ਉਸਦੇ ਪਿਤਾ ਨੂੰ ਕਤਲ ਕਰਾ ਦਿਆਂਗਾ, ਉਸ ਫੈਸਲੇ ਤੋਂ ਬਾਅਦ ਪ੍ਰੋ. ਸੰਧੂ ਦਾ ਜੇਲ੍ਹ ਚ ਚਲੇ ਜਾਣਾ, ਨੈਨਸੀ ਨਾਲ ਜੋ ਉਸਦੇ ਭਾਰਵਾਂ ਦਾ ਵਰਤਾਅ, ਨੈਨਸੀ ਦਾ ਪ੍ਰੋ. ਸੰਧੂ ਕੋਲ ਜਾ ਕੇ ਫਿਰ ਇੱਕਠੇ ਰਹਿਣ ਦਾ ਫੈਸਲਾ ਲੈ ਲੈਣਾ, ਇਹ ਮਨੁੱਖੀ ਸੁਭਾ ਜਾਂ ਮਾਨਸਿਕਤਾ ਤੋਂ ਦੂਰ ਦੀਆਂ ਗੱਲਾਂ ਲੱਗਦੀਆਂ ਹਨ। ਇਸ ਤਰ੍ਹਾਂ ਸੰਭਵ ਹੁੰਦਾ ਹੀ ਨਹੀਂ। ਬੰਦਾ ਐਨੀਆਂ ਵੱਡੀਆਂ ਘਟਨਾਵਾਂ ਨੂੰ ਛੱਡਦਾ ਨਹੀਂ। ਨੈਨਸੀ ਡਾਕਟਰ ਹੋਣ ਦੇ ਬਾਵਜੂਦ ਵੀ ਡਾਕਟਰੀ ਸੂਝ ਨਹੀਂ ਰੱਖਦੀ । ਉਸਨੂੰ ਪਤਾ ਹੈ ਕਿ ਇਹ ਬਿਮਾਰੀ ਲਾਇਲਾਜ ਨਹੀਂ, ਉਸ ਦਾ ਸੁਭਾਅ ਉਸਦੀ ਸੂਝ, ਜਾਣਕਾਰੀ ਕਿੱਤੇ ਮੁਜਬ ਨਹੀਂ ਹੈ। ਇਹ ਕਿਹੜੀ ਜ਼ਿੰਦਗੀ ਐ । ਆਧੁਨਿਕ ਜ਼ਿੰਦਗੀ ਦੀਆਂ ਪਰਤਾਂ ਸਾਡੇ ਸਾਹਮਣੇ ਹਨ। ਕੀ ਕਹਾਣੀਕਾਰ ਨੇ ਉਹਨਾਂ ਨੂੰ ਉਵੇਂ ਜਿਵੇਂ ਹੀ ਰੱਖਣੈ । ਲੇਖਕ ਦੀ ਆਪਣੀ ਕਲਾ, ਖ਼ੂਬੀ ਜ਼ਿੰਦਗੀ ਨੂੰ ਉਵੇਂ ਜਿਵੇਂ ਨਹੀਂ, ਤੇ ਉਵੇਂ ਜਿਵੇਂ ਤੋਂ ਬਹੁਤੀ ਦੂਰ ਵੀ ਨਾ ਹੋਵੇ। ਇਸ ਕਹਾਣੀ ਵਿੱਚ ਸਾਰੇ ਪਾਤਰਾਂ ਦਾ ਵਿਵਹਾਰ ਯਥਾਰਥ ਤੋਂ ਦੂਰ ਹੈ। ਪਰ ਆਧੁਨਿਕ ਜ਼ਿੰਦਗੀ ਦੇ ਸੈਕਸੂਅਲ ਸਬੰਧਾਂ ਤੇ ਹੋਰ ਕਈ ਕੁੱਝ ਨੂੰ ਸਮੇਟਣਾ ਕਹਾਣੀ ਦੀ ਖ਼ੂਬੀ ਵੀ ਹੈ।

ਸੁਰਿੰਦਰ ਪ੍ਰੀਤ ਘਣੀਆਂ : ਮੈਂ ਪ੍ਰੋ. ਰਾਮ ਸਿੰਘ ਦੀ ਇਸ ਗੱਲ ਨਾਲ ਸਹਿਮਤ ਨਹੀਂ ਕਿ ਉਹ ਅਚਨਚੇਤ ਜੇਲ੍ਹ ਚ ਜਾ ਕੇ ਸਮਝੌਤਾ ਕਰਦੀ ਹੈ। ਇਉਂ ਸਮਝੋਤੇ ਹੋ ਜਾਂਦੇ ਹਨ। ਕਹਾਣੀ ਵਿਸਥਾਰ ਮੰਗਦੀ ਹੈ, ਬਹੁਤ ਜਲਦੀ ਖਤਮ ਕਰਤੀ। ਇਸ ਚ ਕਈ ਗੈਪ ਹਨ।

ਹਰਜਿੰਦਰ : ਇਹ ਕਹਾਣੀ ਕਲਾਤਮਕ ਹੈ। ਮੈਂ ਪ੍ਰੋ. ਰਾਮ ਸਿੰਘ ਨਾਲ ਸਹਿਮਤ ਨਹੀਂ। ਐਂਡ ਇਸੇ ਤਰ੍ਹਾਂ ਹੀ ਹੋਣਾ ਚਾਹੀਦਾ ਸੀ।

ਜਿੰਦਰ : ਜੇ ਗੁਸਾ ਕਰੇਂਗਾ ਤਾਂ ਤੇਰੀ ਮਰਜੀ.... ਸਾਨੂੰ ਸਿੱਖਣਾ ਚਾਹੀਦੈ ਕਿ ਕਹਾਣੀ ਕੀ ਹੁੰਦੀ ਹੈ। ਮੈਂ ਪ੍ਰੀਤ ਦੀ ਕਹਾਣੀ ਪੜ੍ਹੀ ਸੀ। ਕਹਾਣੀ ਦੀ ਸ਼ੁਰੂਆਤ ਗਲਤ ਹੈ। ਕਹਾਣੀ ਡਾਕਟਰ ਨੈਨਸੀ ਦੀ ਹੈ, ਤੂੰ ਉਸਦੀ ਬੈਕ ਤੋਂ ਬੋਲਿਐ.... ਮੈਂ ਤਾਂ ਹੀ ਕਹਿਨਾਂ ਕਿ ਜੇ ਗੁੱਸਾ ਕਰੇਂਗਾ ਤਾਂ ਤੇਰੀ ਮਰਜੀ ਐ। ਨਾ ਤੈਨੂੰ ਜੱਟ ਸਾਇਕੀ ਦਾ ਪਤੈ। ਨਾ ਤੈਨੂੰ ਮੁੰਡੇ ਕੁੜੀਆਂ ਜੋ ਪੰਜਾਬ ਯੂਨੀਵਰਸਿਟੀ ਚ ਬੀ. ਟੈਕ. ਕਰਦੇ ਆ ਉਨ੍ਹਾਂ ਦਾ ਪਤੈ। ਜਿਸ ਪਾਤਰ ਨੂੰ ਅਸੀਂ ਕਰੀਏਟ ਕਰਦੇ ਹਾਂ ਸਾਨੂੰ ਉਹਦੇ ਬਾਰੇ ਪਤਾ ਹੋਣਾ ਚਾਹੀਦੈ। ਰਾਹਤ ਮੈਨੂਫੈਕਚਰਿੰਗ ਇੰਜੀਨੀਅਰ ਐ, ਉਹਨੂੰ ਸਾਰਾ ਪਤਾ ਹੈ, ਉਹ ਕੋਈ ਨਿਆਣੀ ਨਹੀਂ, ਗਲੋਰੀ ਬੈਕ ਮੈਂਜਰ ਐ, ਫਰੀਦਾਬਾਦ ਲਗਿਐ, ਫਰੀਦਾਬਾਦ ਦੀ ਤਾਂ ਇਕ ਲਾਈਫ ਨਵੀਂ ਹੈ। ਉਨ੍ਹਾਂ ਲਈ ਸੈਕਸੂਅਲ ਟੈਬੂ ਕੋਈ ਮਹਿਣਾ ਨਹੀਂ ਰੱਖਦਾ। ਮੈਂ ਨੋਇਡਾ ਬਾਰੇ ਪੜ੍ਹਿਆ ਸੀ ਕਿ ਉਥੇ ਤਾਂ ਕਾਲ ਸੈਂਟਰ ਹੈ, ਜਿਥੇ ਬਿਨਾਂ ਵਰਤੇ ਨਿਰੋਧ ਮਿਲਦੇ ਐ ਇਹ ਇਕ ਨਾਰਮਲ ਗੱਲ ਐ, ਅੱਜ ਕੱਲ । ਦੂਸਰੀ ਗੱਲ ਕਹਾਣੀਕਾਰ ਨੂੰ ਆਪ ਨੀਂ ਪਤਾ ਕਿ ਉਹ ਕੀ ਕਹਿਣਾ ਚਾਹੁੰਦੈ। ਕਹਾਣੀ ਚ ਕਿਤੇ ਗੰਢ ਨਹੀਂ, ਗੰਢਾਂ ਕਹਾਣੀ ਚ ਬਹੁਤ ਜਰੂਰੀ ਐ। ਨੈਨਸੀ ਦੇ ਫੈਸਲੇ ਦਾ ਕੋਈ ਪਤਾ ਨਹੀਂ ਲੱਗਦਾ। ਇਕ ਜ਼ਿੰਦਗੀ ਦਾ ਸੱਚ ਹੁੰਦੈ । ਇਕ ਸਾਹਿਤ ਦਾ ਸੱਚ ਹੁੰਦੈ। ਨਾ ਇਹ ਕਹਾਣੀ ਜਿੰਦਗੀ ਦਾ ਸੱਚ ਹੈ, ਨਾ ਸਾਹਿਤ ਦਾ ਸੱਚ ਹੈ। ਜੱਟ ਸਾਇਕੀ ਹੈ ਕਿ ਉਹਦਾ ਪਿਓ ਮਾਰਿਐ, ਕਿਥੇ ਜਾ ਕੇ ਉਹਦੇ ਵਸੂ। ਫਿਰ ਉਹ ਡਾਕਟਰ ਐ ਅਨਪੜ੍ਹ ਨਹੀਂ, ਇੱਕ ਸਟੇਟਸ ਹੈ ਉਸਦਾ, ਉਹ ਕਿਤੇ ਵੀ ਜੌਬ ਕਰ ਸਕਦੀ ਹੈ, ਕਿਤੇ ਬਹਿਜੇ ਉਹ ਰੋਟੀ ਦੀ ਭੁੱਖੀ ਨਹੀਂ ਮਰ



ਸਕਦੀ । ਕਰਤਾਰ ਸਿੰਘ ਦੁੱਗਲ ਨੇ ਫਰਾਇਡ ਤੇ ਮਨੋਵਿਗਿਆਨ ਨੂੰ ਲੈ ਕੇ ਕਹਾਣੀਆਂ ਲਿਖੀਆਂ । ਇੱਕ ਕਹਾਣੀ ਲਿਖਣਾ ਹੁੰਦਾ ਹੈ। ਇਕ ਪ੍ਰੇਮ ਪ੍ਰਕਾਸ਼ ਕਹਿੰਦੈ ਕਹਾਣੀ ਮੈਨੁੰਫੈਕਚਿਰਿੰਗ ਕਰਨੀ ਹੁੰਦੀ ਹੈ। ਇਹ ਕਹਾਣੀ ਮੈਨੂੰਫੈਕਚਰ ਕੀਤੀ ਐ, ਘੜੀ ਗਈ ਐ । ਸੱਚ ਦੇ ਲਾਗੇ ਐ। ਜਿਹੜੀ ਗੋਸ਼ਟੀ ਐ ਇਸ ਚ ਠੋਕ ਕੇ ਗੱਲ ਹੋਵੇ। ਸਾਡੇ ਕਹਾਣੀ ਦਾ ਆਲੋਚਕ ਹੈ ਨੀਂ, ਅਸੀਂ ਮੂੰਹ ਵੇਖ ਕੇ ਗੱਲ ਕਰਦੇ ਹਾਂ। ਜੇ ਕੋਈ ਮਾੜੀ ਕਹਾਣੀ ਲਿਖਦੈ ਤਾਂ ਉਸਨੂੰ ਮਾੜੀ ਕਹਿਣਾ ਚਾਹੀਦੈ। ਜੇ ਮਾੜੀ ਕਹਾਂਗੇ ਤਾਂ ਇਹ ਕੁੱਝ ਸਿੱਖੂਗਾ। ਜੇ ਬੱਲੇ ਬੱਲੇ ਕਰਾਂਗੇ ਤਾਂ ਫੇਰ ਕੁੱਛ ਨ੍ਹੀਂ ਬਣਨਾ.......।

ਜਸਪਾਲਜੀਤ : ਇਹ ਲੇਖਕ ਦਾ ਇੱਛਤ ਯਥਾਰਥ ਹੈ, ਕਹਾਣੀ ’ਚ ਸਥਿਤੀਆਂ ਅਜਿਹੀਆਂ ਨਹੀਂ ਪੈਦਾ ਹੋ ਰਹੀਆਂ ਜਿਸ ਵਿੱਚ ਸਮਝੌਤਾ ਹੋ ਸਕੇ। ਇਹ ਰਾਹਤ ਦੀ ਕਹਾਣੀ ਹੀ ਨਹੀਂ ਬਣਦੀ। ਰਾਹਤ ਪਿੱਛੇ ਰਹਿ ਜਾਂਦੀ ਹੈ। ਕਹਾਣੀ ਨੈਨਸੀ ਤੇ ਸੰਧੂ ਦੀ ਬਣਕੇ ਰਹਿ ਜਾਂਦੀ ਹੈ। ਸਪੱਰਮਾਂ ਦੀ ਸਮੱਸਿਆਂ ਨੂੰ ਕਹਾਣੀ ਉਜਾਗਰ ਕਰਦੀ ਹੈ। ਘਟਨਾ ਨੂੰ ਲੇਖਕ ਆਪਣੀ ਮੁੱਠੀ ਚ ਰਖਦੈ।

ਸੁਖਜੀਤ : ਜੋ ਗੱਲਾਂ ਕਹਾਣੀ ਗੋਸ਼ਟੀ ਚ ਹੋਣੀਆਂ ਚਾਹੀਦੀਆਂ ਨੇ ਉਹ ਚੱਲ ਪਈਆਂ ਨੇ। ਮੈਂ ਕਹਾਣੀ ਦੇ ਨਾਮ ਤੋਂ ਹੀ ਗੱਲ ਸ਼ੁਰੂ ਕਰਨੀ ਹੈ, ਸਾਰੀ ਕਹਾਣੀ ਵਿੱਚ ਨਾਮ ਦਾ ਕੋਈ ਮਤਲਬ ਨਹੀਂ ਬਣਦਾ। ਕਹਾਣੀਕਾਰ ਨੂੰ ਜੱਟ ਮਾਨਸਿਕਤਾ ਬਾਰੇ ਪਤਾ ਨਹੀਂ, ਪਹਿਲੀ ਗੱਲ ਲਹੋਰੀਆਂ ਬਾਰੇ, ਕੀ ਇੱਕੋ ਪਰਿਵਾਰ ਹੀ ਉਜੜ ਕੇ ਆਇਆ ਸੀ, ਕਿ ਹੋਰ ਵੀ ਆਏ ਸਨ ? ਜਿਹੜਾ ਸੱਚ ਹੈ ਕਿ ਲੋਕਲ, ਐਧਰਲੇ ਵਸਿੰਦੇ ਤਾਂ ਛੜੇ ਰਹਿ ਜਾਂਦੇ ਸੀ, ਜਿਹੜੇ ਲਹੋਰੀਏ ਆਦਿ ਉਧਰੋਂ ਆਏ ਸੀ, ਉਨਾਂ ਚ ਛੜਾ ਨਹੀਂ ਸੀ ਰਹਿੰਦਾ ਕੋਈ । ਪਾਤਰ ਇਸ ਤਰ੍ਹਾਂ ਨਹੀਂ ਹੁੰਦੇ ਕਿ ਲੇਖਕ ਜਿਵੇਂ ਚਾਹੇ ਲਿਖਦੇ । ਜੋ ਲੇਖਕ ਦੇ ਮਨ ਚ ਆ ਗਿਆ ਲਿਖ ਦਿੱਤਾ, ਇਹ ਠੀਕ ਨਹੀਂ। ਚੱਕਿਆ ਸਮਝੋਤਾ ਕਰਾ ਦਿੱਤਾ। ਉਹ ਸੰਧੂ ਕੋਲ ਗਈ। ਕਿਸੇ ਨੂੰ ਪੁੱਛਿਆਂ ਨਹੀ., ਜਿੰਨ੍ਹਾ ਉੱਤੇ ਕਿਲੋ ਕਿਲੋ ਫੀਮ ਪਈ ਐ, ਉਹ ਵਿਚਾਰੇ ਕਿੱਧਰ ਗਏ, ਉਨ੍ਹਾਂ ਦਾ ਕੀ ਬਣਿਆ ? ਉਹ ਦੋਵੇ ਜਣੇ ਸਮਝੋਤਾ ਕਰਕੇ ਮੌਜ ਨਾਲ ਰਹਿਣ ਲੱਗਪੇ। ਕਿਥੇ ਰਹਿਣ ਦੇਣਗੇ ਉਹ ਪ੍ਰੋਹਣੇ ਜਿਹੜੇ ਜੇਲ੍ਹ ਕੱਟ ਕੇ ਆਏ ਨੇ। ਕਿੰਨੇ ਗੈਪ ਪਏ ਨੇ ਕਹਾਣੀ ਦੇ ਵਿੱਚ । ਕਿੰਨੀ ਓਵਰ ਰਾਈਟਿੰਗ ਐ ਤੁਹਾਡੀ ਕਹਾਣੀ ਚ । ਕਹਾਣੀ ਚ ਤਾਂ ਇੱਕ ਸ਼ਬਦ ਵੀ ਵਾਧੂ ਨਹੀਂ ਹੋਣਾ ਚਾਹੀਦਾ। ਜਿਥੇ ਡਾਇਲਾਗ ਦੀ, ਵਿਸਥਾਰ ਦੀ ਲੋੜ ਸੀ ਉਥੇ ਤੁਸੀਂ ਬਿਲਕੁੱਲ ਚੁੱਪ ਕਰ ਗਏ। ਸਮੇਟ ਦਿੱਤਾ। ਨੈਨਸੀ ਗਈ, ਜਾ ਕੇ ਗੱਲ ਕੀਤੀ। ਉਹ ਤਿਆਰ ਹੀ ਖੜਾ ਸੀ। ਪਾ ਲੈ ਜੱਫੀ ਚੱਲੀਏ। ਇਸ ਤਰ੍ਹਾਂ ਖੈਰ ਹੋ ਜਾਂਦੈ। ਸਮਝੋਤੇ ਵੀ ਹੁੰਦੇ ਨੇ। ਉਹਦਾ ਤਰੀਕਾ ਅਲੱਗ ਹੈ ਉਹਦੀ ਵੀ ਇੱਕ ਵੱਖਰੀ ਕਹਾਣੀ ਐ। ਜਿੰਦਰ ਦੀ ਕਹਾਣੀ ਕਤਲ ਐ। ਤੁਸੀਂ ਵੇਖੋ ਤਾਂ ਸਹੀ ਜੇ ਕਤਲ ਕਰਨਾ ਈ ਹੋਵੇ ਤਾਂ ਕਿੰਨਾ ਕੁੱਝ ਕਰਨਾਂ ਪੈਂਦੇ। ਜਿਸ ਸਮੇਂ ਦੀ ਤੁਸੀ ਗੱਲ ਕਰਦੇ ਹੋ ਉਹ ਅੱਸੀ ਦਾ ਦਹਾਕਾ ਹੈ। ਉਸ ਵੇਲੇ ਨਾ ਦੇਹਰਾਦੂਨ ਚ ਐਸ ਤਰ੍ਹਾਂ ਦੇ ਗੁੰਡੇ ਸੀ, ਨਾ ਚੰਡੀਗੜ੍ਹ ਚ ਇਸ ਤਰ੍ਹਾਂ ਦੇ ਗੁੰਡੇ ਸੀ। ਜਿਹੜੇ ਸੁਪਾਰੀ ਲੈ ਕੇ ਆਖਣ ਅਸੀਂ ਨਹੀਂ ਮੁੱਕਰਦੇ । ਉਦੋਂ ਅੱਤਵਾਦ ਦਾ ਦੌਰ ਸ਼ੁਰੂ ਹੋ ਚੁੱਕਿਆਂ ਸੀ। ਉਨ੍ਹਾਂ ਚ ਪੈਸੇ ਲੈ ਕੇ ਕਤਲ ਕਰਨ ਵਾਲੇ ਬੰਦੇ ਸੀਗੇ। ਲੋਕ ਕਤਲ ਕਰਵਾਉਂਦੇ ਵੀ ਸੀ। ਸੁਪਾਰੀ ਲੈ ਕੇ ਕਤਲ ਕਰਨ ਵਾਲਾ ਉਹ ਪੰਜਾਬ ਜਾਂ ਦੇਹਰਾਦੂਨ ਦਾ ਮਾਹੌਲ ਨਹੀਂ ਸੀ। ਬੰਬੇ ਚ ਮਾਹੌਲ ਸੀ। ਤੁਹਾਡੇ ਕੋਲ ਬਹੁਤ ਅੱਛੀ ਗੱਲ ਹੈ ਜੋ ਭੀਮ ਇੰਦਰ ਹੋਰਾਂ ਨੇ ਕਹੀ ਹੈ ਸਪੱਰਮਾਂ ਵਾਲੀ, ਉਹ ਕਮਾਲ ਦੀ ਹੈ। ਜਦੋ ਨੈਨਸੀ ਦਾ, ਸੈਕਸੂਅਲ ਜੀਵਨ ਠੀਕ ਚੱਲ ਰਿਹੈ, ਉਹਨੂੰ ਉਦੋਂ ਨਹੀਂ ਪਤਾ ਲੱਗਿਆ ਬਈ ਇਹ ਬੰਦਾ ਨਮਰਦ ਹੈ, ਸਪੱਰਮ ਘੱਟ ਹੋਣ ਨਾਲ ਐਡੀ ਛੇਤੀ ਭੱਜ ਕੇ ਪਿਓ ਦੇ ਕੋਲੇ ਨਹੀਂ ਜਾਂਦੀ। ਉਹ ਡਾਕਟਰ ਐ ਉਹ ਉਹਨੂੰ ਠੀਕ ਠੂਕ ਕਰੂਗੀ। ਜਿਹੜੀ ਬਾਅਦ ਚ ਪਿਓ ਮਾਰਵਾਕੇ, ਸਾਰੇ ਰਿਸ਼ਤੇ ਛੱਡ ਕੇ, ਆਪ ਵੱਢੀ ਟੁੱਕੀ

ਹੋ ਕੇ ਵਾਪਸ ਸੰਧੂ ਕੋਲ ਆ ਜਾਂਦੀ ਹੈ। ਉਹਦੇ ਕੋਲ ਇਹੋ ਜਿਹਾ ਦਿਲ ਹੈਗਾ, ਉਹ ਇਕਦਮ ਛੱਡ ਕੇ ਨਹੀਂ ਜਾਊਗੀ। ਰਾਹਤ ਦੀ ਤਾਂ ਇਹ ਕਹਾਣੀ ਹੈ ਹੀ ਨਹੀਂ । ਤੁਸੀਂ ਆਖਰੀ ਵਾਕ ਘਰ ਤੋਂ ਦੂਰ ਜਾ ਰਹੀ ਸੀ। ਐਂਦਾ ਲਿਖ ਦਿੱਤਾ, ਇਹਦੇ ਕਿੰਨੇ ਅਰਥ ਨਿਕਲਦੇ ਨੇ। ਉਹ ਘਰ ਤੋਂ ਦੂਰ ਜਾ ਰਹੀ ਹੈ ਵਾਹੋਦਾਹੀ, ਇਹਦਾ ਕੀ ਮਤਲਬ ਹੋਇਆ ? ਉਹਨੇ ਘਰ ਬਾਰ ਛੱਡ ਦਿੱਤਾ ?

ਹਰਜੀਤ ਅਟਵਾਲ : ਮੈਂ ਤੁਹਾਡੀ ਕਹਾਣੀ ਬਹੁਤ ਧਿਆਨ ਨਾਲ ਸੁਣੀ ਹੈ । ਇਸ ਚ ਟੈਕਨੀਕਲੀ ਬਹੁਤ ਵੱਡੀ ਗਲਤੀ ਹੈ। ਸਪੱਰਮ ਘੱਟ ਹੋਣ ਨਾਲ ਬੱਚੇ ਦੀ ਪ੍ਰੋਬਲਮ ਨਹੀਂ ਆਉਂਦੀ। ਕਹਾਣੀ ਦਾ ਸਮਾਜਿਕ ਮਾਹੌਲ ਬੜਾ ਚੁੱਭਦੈ। ਰਾਹਤ ਕੁੜੀ ਮੁਸਲਮਾਨ ਨਾਮ ਹੈ, ਨੈਨਸੀ ਕਰਿਸਚੀਅਨ ਹੈ, ਸੰਧੂ ਜੱਟ ਸਿੱਖ ਹੈ। ਜੇ ਨੈਨਸੀ ਕਰਿਸਚੀਅਨ ਫੈਮਲੀ ਦੀ ਕੁੜੀ ਹੈ ਤਾਂ ਉਸਦਾ ਸੁਭਾ ਖੁੱਲ੍ਹਾ ਤੇ ਆਧੁਨਿਕ ਹੋਣਾ ਚਾਹੀਦੈ। ਉਹਨੂੰ ਇੱਕ ਦਮ ਜਾਣਾਂ ਨਹੀਂ ਚਾਹੀਦਾ । ਈਸਾਈਆਂ ਲਈ ਇਹ ਵੱਡੀਆਂ ਗੱਲਾਂ ਨਹੀਂ ਹੁੰਦੀਆਂ। ਉਨ੍ਹਾਂ ਚ ਬੱਚੇ ਦੀ ਬਾਹਲੀ ਚਾਹਤ ਨਹੀਂ ਹੁੰਦੀ । ਸਾਨੂੰ ਪੰਜਾਬੀਆਂ ਨੂੰ ਬੰਸ ਚਲਦਾ ਰੱਖਣ ਲਈ ਬੱਚਾ ਚਾਹੀਦੈ। ਤੁਸੀਂ ਪਾਤਰ ਨੂੰ ਫੜ ਕੇ ਰੱਖਿਆ। ਪਾਤਰ ਦੀ ਆਪਣੀ ਮਰਜ਼ੀ ਵੀ ਹੁੰਦੀ ਹੈ। ਨੈਨਸੀ ਦਾ ਡਾਕਟਰ ਵਾਲਾ ਸੁਭਾਅ ਹੋਣਾ ਚਾਹੀਦੈ। ਜਿਹੜਾ ਉਪਰਲੀ ਕਲਾਸ ਹੈ ਉਸਦੇ ਟੈਬੂ ਹੋਰ ਐ । ਉਹਦੇ ਤੇ ਕੰਮ ਕਰਨ ਦੀ ਲੋੜ ਹੈ। ਕਹਾਣੀ ਤੇ ਹੋਰ ਕੰਮ ਕਰਨ ਦੀ ਲੋੜ ਹੈ।

ਗੁਰਦੇਵ ਖੋਖਰ : ਜਿਹੜੀਆਂ ਗੱਲਾਂ ਦੋਸਤਾਂ ਨੇ ਇਥੇ ਕੀਤੀਆਂ ਹਨ, ਇਹ ਐਨੇ ਵਿਸਥਾਰ ਚ ਨਾਵਲ ਦਾ ਟੈਕਸਟ ਬਣਦੀ ਹੈ। ਮੈਨੂੰ ਇਹ ਕਹਾਣੀ ਖੂਬਸੂਰਤ ਤਾਂ ਲੱਗੀ ਕਿ ਨਾਰੀ ਸੰਵੇਦਨਾ ਦਾ ਇਕ ਮਸਲਾ ਹੈ। ਨੈਨਸੀ ਡਾਕਟਰ ਐ, ਪਰ ਅੱਜ ਤੋਂ ਚਾਲੀ ਸਾਲ ਪਹਿਲਾ, ਕੋਈ ਬੰਦਾ ਆਪਣੇ ਵੀਰਜ ਦਾ ਕਾਂਉਂਟ ਨਹੀਂ ਸੀ ਕਰੋਂਦਾ। ਸਪਰੱਮਾਂ ਦੀ ਕਮਜ਼ੋਰੀ ਉਹਦੇ ਕਾਉਂਟ ਤੇ ਨਿਰਭਰ ਹੈ। ਜੇ ਸੈਕਸੂਅਲ ਰਿਲੇਸ਼ਨ ਠੀਕ ਐ ਤਾਂ ਲੜਕੀਆਂ ਤਾਂ ਸੋਚ ਹੀ ਨਹੀਂ ਸਕਦੀਆਂ ਕਿ ਮੇਰਾ ਮਰਦ ਇਸ ਤਰਾਂ ਵੀਕ ਐ। ਦੂਜੀ ਗੱਲ ਇਹ ਹੈ ਕਿ ਰਾਹਤ ਦਾ ਮਸਲਾ ਅੱਗੇ ਲਿਆ ਕੇ ਪਿਛੋਕੜ ਚ ਉਸਦੇ ਮਾਂ ਬਾਪ ਦੀ ਕਹਾਣੀ ਖੜ੍ਹਾ ਤੀ, ਉਸਦੇ ਮਾਂ ਬਾਪ ਰਾਹਤ ਲਈ ਉਦਹਾਰਨ ਬਣਦੇ ਐ। ਮਾਨਵੀਂ ਸੰਵੇਦਨਾ ਉਸਦੀ ਸੋਸ਼ਲ ਲਾਈਫ, ਪਰਿਵਾਰਕ ਰਿਸ਼ਤੇ ਦੀ ਅਸਲ ਪ੍ਰੀਭਾਸ਼ਾ ਹੈ ਸਾਡੇ ਸਮਾਜ ਵਿੱਚ, ਮੈਂ ਉਸਨੂੰ ਉਘਾੜਨ ਦੀ ਕੋਸ਼ਿਸ ਕੀਤੀ ਹੈ। ਜਿਸਨੂੰ ਕਹਾਣੀਕਾਰ ਨੇ ਬੜੀ ਖੂਬਸੂਰਤੀ ਨਾਲ ਫੜਿਐ, ਉਹ ਪ੍ਰੋਫੈਸਰ ਹੋਣ ਕਰਕੇ ਹੀ ਸਮਝੋਤਾ ਕਰ ਗਿਆ। ਨਹੀਂ ਤਾਂ ਕਤਲ ਦਰ ਕਤਲ ਹੁੰਦੇ ਆਪਾਂ ਬਥੇਰੇ ਵੇਖੇ ਐ। ਬੈਂਕ ਮਨੈਜਰ ਤੇ ਇੰਜਨੀਅਰ ਮਕੈਨੀਕਲ ਲਾਈਫ ਦਾ ਸਿੰਬਲ ਐ। ਨਾਰੀ ਸੰਵੇਦਨਾ ਮੂਲ ਰੂਪ ਚ ਉਹੀ ਹੈ, ਕਾਮ ਦੀ ਬਿਰਤੀ ਉਹੀ ਹੈ। ਜਿਹੜਾ ਸੋਸ਼ਲ ਲਾਈਫ ਚ ਦੰਪਤੀ ਦਾ ਕੰਸੈਪਟ ਹੈ, ਉਹਨੂੰ ਤੁਸੀਂ ਕਿਵੇਂ ਸਹਾਮਣੇ ਲਿਆਉਣੈ, ਸਮੱਸਿਆਵਾਂ ਤਾਂ ਇਹ ਐ। ਕਹਾਣੀ ਨੂੰ ਜੇ ਕਹਾਣੀ ਦੀ ਸੀਮਾਂ ਚ ਰਹਿ ਕੇ ਵਿਚਾਰੀਐ ਤਾਂ ਠੀਕ ਐ । ਕਹਾਣੀਕਾਰ ਆਪਣੀ ਗੱਲ ਨੂੰ ਹਾਈ ਲੈਟ ਕਰਨ ਚ ਸਫ਼ਲ ਰਿਹੈ।

ਡਾ ਭੀਮ ਇੰਦਰ : ਜਿਹੜੀ ਆਹ ਗੱਲ ਹੈ ਕਿ ਜੱਟ ਜੱਟ ਥੀਮ ਬਾਰੇ, ਦਲਿਤ ਦਲਿਤ ਬਾਰੇ, ਔਰਤ ਔਰਤ ਬਾਰੇ ਹੀ ਲਿਖ ਸਕਦੈ, ਇਹ ਠੀਕ ਨਹੀਂ। ਸਾਹਿਤਕਾਰ ਇਸੇ ਕਰਕੇ ਵੱਖਰਾ ਹੈ ਕਿ ਉਹ ਹਰ ਮਾਨਸਿਕਤਾ ਨੂੰ ਫੜਦਾ ਹੈ ਜਾਂ ਫੜਨ ਦੀ ਕੋਸ਼ਿਸ ਕਰਦਾ ਹੈ। ਇਸਨੂੰ ਦਾਇਰਿਆ ਚ ਨਾ ਵੰਡਿਆ ਜਾਵੇ।

ਜ਼ਿੰਦਰ : ਤੁਸੀਂ ਕਹਾਣੀ ਦਾ ਸਿਧਾਂਤਕ ਪੱਖ ਲੈਂਦੇ ਹੋ, ਅਸੀਂ ਇਹ ਪੱਖ ਲੈਂਦੇ ਹਾਂ ਕਿ ਕਹਾਣੀ, ਕਹਾਣੀ ਹੈ। ਬਾਕੀ ਸਭ ਛੱਡ ਦਿਓ।

ਡਾ ਭੀਮ ਇੰਦਰ : ਮੈਂ ਇਸ ਨਾਲ ਸਹਿਮਤ ਹਾਂ ਕਿ ਕਹਾਣੀ ਕਹਾਣੀ ਹੋਵੇ। ਸਾਹਿਤ



ਸ਼ਬਦਾਂ ਦੀ ਖੇਡ ਹੈ। ਕਿਸ ਸ਼ਬਦ ਨੂੰ ਕਿਥੇ ਫੜਨੈ, ਕਿਥੇ ਜੜਨੈ। ਜੇ ਅਸੀਂ ਉਸ ਕਲਾ ਨੂੰ ਨਹੀਂ ਸਮਝਾਂਗੇ ਤਾਂ ਅਸੀਂ ਬਹੁਤੀ ਉਚੀ ਉਡਾਰੀ ਨਹੀਂ ਮਾਰ ਸਕਾਂਗੇ। ਸੋ ਇਸ ਕਰਕੇ ਸ਼ਬਦ ਸਾਹਿਤਕਾਰ ਲਈ ਸਭ ਤੋਂ ਪਹਿਲਾਂ ਹਨ।

ਜ਼ਿੰਦਰ : ਮੈਂ ਉਹੀ ਗੱਲ ਰਪੀਟ ਕਰਦਾਂ ਜਿਥੋਂ ਸ਼ੁਰੂ ਕੀਤੀ ਸੀ। ਪਹਿਲੀ ਗੱਲ ਤਾਂ ਇਹ ਕਿ ਕੀ ਕਹਾਣੀ ਕਹਾਣੀ ਹੈ। ਅਜਿਹੀਆਂ ਗੋਸ਼ਟੀਆਂ ਦੀ ਸਾਰਥਿਕਤਾ ਤਾਂ ਹੀ ਹੈ ਕਿ ਜੇ ਅਸੀਂ ਅੰਦਰੋਂ ਗੱਲ ਕਰੀਏ ਤੇ ਖੁੱਲ ਕੇ ਬੋਲੀਏ। ਮੂੰਹ ਰੱਖ ਕੇ ਨਹੀਂ। ਆਲੋਚਕ ਨੇ ਗੱਲਾਂ ਕਰਨੀਐ ਆਲੋਚਨਾ ਦੀਆਂ, ਵਿਚਾਰਧਾਰਾ ਦੀਆਂ, ਮੇਰਾ ਮੁੱਦਾ ਏਹੀ ਐ ਕਿ ਜੇ ਮੈਨੂੰ ਇਸ ਕਹਾਣੀ ਬਾਰੇ ਕਹਾਣੀਕਾਰ ਹੋਣ ਦੇ ਨਾਤੇ ਪੁੱਛੇ ਤਾਂ ਮੈਂ ਕਹੂਗਾ ਕਿ ਨਾ ਸ਼ੈਲੀ ਪੱਖੋ ਨਾ ਐਂਡ ਪੱਖੋ ਕਹਾਣੀ ਚੰਗੀ ਨਹੀਂ । ਮੈਂ ਤਾਂ ਹੀ ਕਿਹਾ ਸੀ ਕਿ ਜੇ ਗੁੱਸਾ ਕਰੂੰਗਾ ਤਾਂ ਸਿੱਖੂੰਗਾ ਨਹੀਂ। ਇੱਕ ਗੱਲ ਹੋਰ ਪੱਤਰਕਾਰ ਬਹੁਤੇ ਕਾਹਲੇ ਹੁੰਦੇ ਐ। ਪੱਤਰਕਾਰ ਬਹੁਤ ਘੱਟ ਕਹਾਣੀਕਾਰ ਹੁੰਦੈ ਐ। ਜਦੋਂ ਦਾ ਸੋਸ਼ਲ ਮੀਡੀਆ ਆਇਐ, ਸਾਡੀ ਸਾਹਿਜਤਾ ਨਹੀਂ ਰਹੀ , ਕਾਹਲੀ ਬਹੁਤ ਆ ਗਈ। ਜਿਸ ਕਾਹਲੇਪਣ ਨੇ ਸਾਡਾ ਬਹੁਤ ਨੁਕਸਾਨ ਕੀਤੈ। ਬਹੁਤ ਘੱਟ ਚੰਗੀ ਕਹਾਣੀ ਆਈਐ। ਮੈਂ ਪੰਜਾਬੀ ਤੇ ਦੂਜੀਆਂ ਭਾਸ਼ਾਵਾਂ ਦੀ ਕਹਾਣੀ ਬਹੁਤ ਪੜ੍ਹਦਾਂ । ਜਿਨ੍ਹਾਂ ਚਿਰ ਅਸੀਂ ਸਹਿਜ ਨਹੀਂ ਹੁੰਦੇ । ਉਨਾਂ ਚਿਰ ਸਾਡੇ ਤੋਂ ਕਹਾਣੀ ਨਹੀਂ ਲਿਖੀ ਜਾਣੀ, ਜੋ ਮਰਜੀ ਕਰ ਲਈਏ। ਰਚਨਾ ਲਈ ਬੰਦੇ ਨੂੰ ਬਹੁਤ ਤਪਸਿਆ ਕਰਨੀ ਪੈਂਦੀ ਐ। ਉਹਨੂੰ ਬਹੁਤ ਬਹੁਤ ਪੜ੍ਹਨਾ ਚਾਹੀਦੈ। ਸਾਡੀ ਕਮਿੱਟਮੈਂਟ ਹੋਣੀ ਚਾਹੀਦੀ ਐ। ਡਾ. ਭੀਮ ਇੰਦਰ ਦੀ ਗੱਲ ਬਾਰੇ ਮੈਂ ਕਹਿਣਾ ਚਾਹੁੰਨਾ ਕਿ ਜਿਸ ਜਾਤ ਨਾਲ ਬੰਦਾ ਸਬੰਧਿਤ ਹੋਵੇ ਉਸ ਬਾਰੇ ਉਸਨੂੰ ਬਹੁਤ ਪਤਾ ਹੁੰਦੈ। ਅਨੁਭਵ ਹੁੰਦੇ। ਜੇ ਮੈਂ ਚੰਡੀਗੜ੍ਹ ਜੌਬ ਨਾ ਕਰਦਾ ਹੁੰਦਾ ਤਾਂ ਜੋ ਚੰਡੀਗੜ੍ਹ ਪੰਜਾਬ ਯੂਨੀਵਰਸਿਟੀ ਚ ਮੁੰਡੇ ਕੁੜੀਆਂ ਪੜ੍ਹਦੇ ਨੇ ਮੈਨੂੰ ਉਹਨਾਂ ਦੀ ਸਾਇਕੀ ਦੀ ਸਮਝ ਨਾ ਆਉਂਦੀ । ਯੂਨੀਵਰਸਿਟੀ ਦੇ ਮੁੰਡੇ ਕੁੜੀਆਂ ਬਹੁਤ ਫਰੈਂਕ ਐ, ਮੁਕਤਸਰ ਜਾਂ ਬਠਿੰਡੇ ਦੇ ਉਨੇ ਫਰੈਂਕ ਨਹੀਂ ਹਨ। ਕੁੜੀ ਰਾਹਤ ਨੇ ਬੀ. ਟੈਕ. ਕੀਤੀ ਐ, ਮੈਨੂੰਫੈਕਚਰਿੰਗ ਇੰਜੀਨੀਅਰ ਲੱਗੀ ਹੈ ਉਹ ਤਾਂ ਵੈਸੇ ਹੀ ਬਹੁਤ ਐਡਵਾਂਸ ਐ।

ਗੁਰਵਿੰਦਰ : ਉਚ ਵਰਗ ਪੜੇ ਲਿਖੇ ਜਿਸ ਵਰਗ ਦੀ ਗੱਲ ਹੋ ਰਹੀ ਹੈ ਉਸਦੀ ਜੀਵਨ ਸ਼ੈਲੀ ਤੇ ਰੋਲ ਮਾਡਲ ਪੱਛਮੀ ਹੈ। ਜਿਥੇ ਤਲਾਕ ਆਮ ਗੱਲ ਹੈ। ਤਲਾਕ ਹੋ ਗਿਆ ਦੂਜਾ ਜੀਵਨ ਸ਼ੁਰੂ । ਪਰ ਜੋ ਪੱਛਮ ਦੀ ਜੀਵਨ ਸ਼ੈਲੀ ਹੈ ਜਿਸ ਤੋਂ ਉਹ ਰੋਲ ਮਾਡਲ ਗ੍ਰਹਿਣ ਕਰ ਰਹੀ ਹੈ ਉਸ ਅਨੁਸਾਰ ਮਾਨਿਸਿਕਤਾ ਨਹੀਂ ਬਣੀ, ਰੋਲ ਮਾਡਲ ਪੱਛਮੀ ਐ, ਮਾਨਸਿਕਤਾ ਜਗੀਰੂ ਹੈ। ਪੱਛਮ ਤੋਂ ਪ੍ਰੇਰਿਤ ਹੋ ਕੇ ਉਹ ਫੈਸਲੇ ਲੈਂਦੀ ਹੈ, ਪਰ ਯਥਾਰਥਕ ਹਕੀਕਤਾਂ ਉਹਨਾਂ ਉੱਧਰੋਂ ਮੋੜਦੀਆਂ ਹਨ।

ਡਾ. ਰਵਿੰਦਰ ਸੰਧੂ : ਗੁਰਬਿੰਦਰ ਯੂਨੀਵਰਸਿਟੀ ਦਾ ਵਿਦਿਆਰਥੀ ਹੈ। ਜੇ ਅਸੀਂ ਪੰਜਾਬ, ਪੰਜਾਬੀ ਯੂਨੀਵਰਸਿਟੀ ਦੇ ਕੰਟੈਸਟ ਵਿਚ ਐਂ ਵੇਖਦੇ ਹਾਂ ਤਾਂ ਗੱਲ ਹੋਰ ਬਣਦੀ ਹੈ ਪਰ ਜੇ ਅਸੀਂ ਫਰੀਦਾਬਾਦ ਦਿੱਲੀ ਦੇ ਸਬੰਧ ਚ ਵੇਖਦੇ ਹਾਂ ਤਾਂ ਗੱਲ ਹੋਰ ਬਣਦੀ ਹੈ। ਗੁਰਬਿੰਦਰ ਦੀ ਗੱਲ ਐਥੋਂ ਦੇ ਕੰਟੈਸਟ ਚ ਠੀਕ ਹੋ ਸਕਦੀ ਹੈ, ਐਥੋਂ ਦਾ ਕਲਚਰਲ ਕੰਟਸੈਟ ਇਹੋ ਜਿਹਾ ਹੀ ਐ, ਪਰ ਜੇ ਅਸੀਂ ਦਿੱਲੀ ਫਰੀਦਾਬਾਦ ਦੀ ਗੱਲ ਕਰੀਏ ਤਾਂ ਬਹੁਤ ਚਿਰ ਤੋਂ ਉਥੇ ਲੋਕ ਐਡਵਾਂਸ ਮਾਹੌਲ ਵਿੱਚ ਰਹਿ ਰਹੇ ਆ । ਦੂਸਰੀ ਗੱਲ ਕਹਾਣੀ ਆਪਣੇ ਅਨੁਭਵ ਅਨੁਸਾਰ ਹੀ ਲਿਖਣੀ ਚਾਹੀਦੀ ਹੈ। ਗੁਰਸੇਵਕ ਜੇ ਬਠਿੰਡੇ ਮੁਕਤਸਰ ਦੀ ਕਹਾਣੀ ਲਿਖੇ ਤਾਂ ਠੀਕ ਐ । ਪਾਤਰ ਆਪਣੀਆਂ ਪ੍ਰਸਥਿਤੀਆਂ, ਆਪਣੇ ਆਲੇ ਦੁਆਲੇ ਅਨੁਸਾਰ ਵਿਹਾਰ ਕਰਦੇ ਹੋਣੇ ਚਾਹੀਦੇ ਐ, ਉਹ ਸਾਨੂੰ ਯਥਾਰਥਕ ਲੱਗਦੇ ਐ । ਜੇ ਐਂ ਨਾ ਹੋਵੇ ਤਾਂ ਕਰਾਫਟਮੈਨਸ਼ਿਪ ਆ ਜਾਂਦੀ ਹੈ। ਕਹਾਣੀ ਬਣ ਨਹੀਂ ਰਹੀ ਹੁੰਦੀ । ਕਹਾਣੀ ਸਿਰਜੀ ਨਹੀਂ ਜਾ ਰਹੀ ਹੁੰਦੀ ।

## 5. ਆ ਆਪਾਂ ਘਰ ਬਣਾਈਏ: ਚਰਚਾ

ਗੁਰਬਿੰਦਰ ਸਿੰਘ: ਸਿਰਮਰਨ ਧਾਲੀਵਾਲ ਦੀ ਕਹਾਣੀ ਆ ਆਪਾਂ ਘਰ ਬਣਾਈਏ ਪਿੱਛਲਝਾਤ ਅਤੇ ਉੱਤਮ-ਪੁੱਰਖੀ ਬਿਰਤਾਂਤਕ ਜੁਗਤ ਵਾਲੀ ਹੈ। ਕੌਸ਼ਲਤਾ ਰਵਾਨਗੀ ਅਤੇ ਰੌਚਿਕਤਾ ਵਾਲੀ ਹੈ। ਕਹਾਣੀ ਪੰਜਾਬ ਅਤੇ ਪੰਜਾਬੀ ਬੰਦੇ ਦੀ ਤਣਾਅਗ੍ਰਸਤ ਮਨੋਸਥਿਤੀ ਦੀ ਸੂਖ਼ਮਤਾ ਨਾਲ ਪੇਸ਼ਕਾਰੀ ਕਰਦੀ ਹੈ। ਸਿਮਰਨ ਧਾਲੀਵਾਲ ਨੇ ਸਮਰੱਥਾਪੂਰਨ ਬਿਰਤਾਂਤ ਸਿਰਜ ਕੇ ਸਮਵਿੱਥ ਪ੍ਰਸਥਿਤੀਆਂ ਦੇ ਸਾਰਥਕ ਪਹਿਲੂ ਉਜਾਗਰ ਕੀਤੇ ਹਨ।ਕਹਾਣੀ ਦੀ ਸੰਰਚਨਾ ਮਾਨਸਿਕ ਤੌਰ ਤੇ ਤਣਾਅਗ੍ਰਸਤ ਮੇਜਾ ਸਿੰਘ ਦੁਆਲੇ ਘੁੰਮਦੀ ਹੈ ਜਿਸ ਦੀਆਂ ਤੰਦਾਂ ਕੋਈ ਹੋਰ ਪਸਾਰਾਂ ਨੂੰ ਪੇਸ਼ ਕਰਦੀਆਂ ਹਨ।

ਪਹਿਲਾ ਨੁਕਤਾ ਕਿਸਾਨ-ਸੀਰੀ (ਜੱਟ-ਦਲਿਤ) ਦਾ ਆਪਸੀ ਰਿਸ਼ਤਾ ਅਤੇ ਦਲਿਤ ਵਰਗ ਨਾਲ ਸੰਬੰਧਿਤ ਹੈ। ਪੰਜਾਬੀ ਸਾਹਿਤ ਵਿੱਚ ਇਸ ਰਿਸ਼ਤੇ ਨਾਲ ਸਬੰਧਿਤ ਅਨੇਕਾਂ ਕਿਰਤਾਂ ਮੌਜੂਦ ਹਨ। ਇਕ ਦੌਰ ਵਿੱਚ ਇਸ ਰਿਸ਼ਤੇ ਵਿਚਲੀ ਸਾਂਝ ਭਾਵਪੂਰਨ ਗੂੜੀ ਸੀ: ਪਰ ਸਮਕਾਲੀ ਸਮੇਂ ਦੌਰਾਨ ਇਸ ਰਿਸ਼ਤੇ ਵਿਚਲੀ ਸਾਂਝ ਤਣਾਅ 'ਚ ਬਦਲ ਚੁੱਕੀ ਹੈ। ਇਸਦਾ ਭਾਵੁਕ ਪ੍ਰਗਟਾਅ ਇਕ ਧਿਰ ਦੀ ਅਧੀਨਗੀ ਨੂੰ ਬਰਕਰਾਰ ਰੱਖਣ ਵੱਲ ਅਗਰਸਰ ਹੁੰਦਾ ਹੈ। ਇਸ ਲਈ ਇਸ ਉੱਪਰ ਪ੍ਰਸ਼ਨ ਚਿੰਨ੍ਹ ਲਗਾਉਣਾ ਜਮਾਤੀ ਚੇਤੰਨਤਾ ਦਾ ਹਿੱਸਾ ਹੈ।ਕਹਾਣੀਕਾਰ ਇਸ ਸਥਿਤੀ ਨੂੰ ਉਲਾਰਤਾ ਰਹਿਤ ਸਮਤੋਲਤਾ ਵਿੱਚ ਪੇਸ਼ ਕਰਦਾ ਹੈ। ਕਿਸਾਨ (ਜੱਟ) ਲਈ ਇਹ ਵਰਤਾਰਾ ਪੀੜਾ ਦਾਇਕ ਹੈ। ਕਹਾਣੀ ਵਿੱਚ ਫੱਕਰ 'ਸਿੰਘ' ਦੇ ਪਰਿਵਾਰ ਵੱਲੋਂ ਖੁਸ਼ੀਆਂ ਮੌਕੇ ਆਏ ਲੱਡੂ ਅਤੇ ਚੌਲ ਮੇਜਾ ਸਿੰਘ ਵੱਲੋਂ ਕੁੱਤੇ-ਪਸ਼ੂਆਂ ਨੂੰ ਪਾਉਣੇ ਜੱਟਵਾਦੀ ਮਾਨਸਿਕਤਾ ਜਾਂ ਜਾਤੀਗਤ ਅਵਚੇਤਨ ਦਾ ਹੀ ਚਿੰਨ੍ਹਕ ਹੈ। ਇਸ ਸਾਂਝ ਦੇ ਟੁੱਟਣ ਦਾ ਵਰਤਾਰਾ ਪੰਜਾਬ ਦੀ ਯਥਾਰਥਕ ਸਥਿਤੀ ਵਿੱਚ ਵਿਦਮਾਨ ਹੈ। ਪੰਜਾਬ ਦੇ ਸੰਦਰਭ ਵਿੱਚ ਇਹ ਗੱਲ ਆਖੀ ਜਾ ਸਕਦੀ ਹੈ ਕਿ ਇੱਥੇ ਜਾਤੀਗਤ ਸ਼ੋਸ਼ਣ ਭਾਰਤ ਦੇ ਹੋਰਨਾਂ ਸੂਬਿਆਂ ਦੇ ਮੁਕਾਬਲਤਨ ਕਰੂਰਤਾ ਵਾਲਾ ਨਹੀਂ ਹੈ। ਇਸਦਾ ਕਾਰਨ ਪੰਜਾਬ ਦਾ ਖੇਤੀਬਾੜੀ ਅਧਾਰਤ ਅਰਥਚਾਰਾ ਹੋਣਾ ਹੈ। ਖੇਤੀ ਦਾ ਕੰਮ ਇੱਕਠਿਆਂ ਕਰਦਿਆਂ, ਖਾਣ-ਪੀਣ ਨਾਲ ਕਿਸਾਨ (ਜੱਟ) ਅਤੇ ਸੀਰੀ (ਦਲਿਤ) ਦਰਮਿਆਨ ਅਨੇਕਾਂ ਪ੍ਰਕਾਰ ਦੀਆਂ ਸਾਂਝਾਂ ਜੁੜਦੀਆਂ ਸਨ। ਭਾਵੇਂ ਇੱਥੇ ਵੀ ਦਲਿਤ ਵਰਗ ਅਧੀਨਗੀ ਵਾਲੀ ਸਥਿਤੀ ਵਿੱਚ ਹੀ ਹੁੰਦਾ ਸੀ। ਅਗਲੇ ਪੜਾਅ ਤੇ ਮਸ਼ੀਨਰੀ ਦੀ ਆਮਦ, ਪਰਵਾਸੀ ਮਜ਼ਦੂਰਾਂ ਦੀ ਆਮਦ, ਕਿਸਾਨੀ ਵਰਗ ਦਾ ਹੱਥੀ ਕੰਮ ਤੋਂ ਪਾਸਾ ਵੱਟਣ ਦਾ ਰੁਝਾਨ ਅਤੇ ਦਲਿਤਾਂ ਵੱਲੋਂ ਸ਼ਹਿਰਾਂ ਵਿੱਚ ਕੰਮ ਤੇ ਜਾਣਾ ਆਦਿ ਕਾਰਨਾਂ ਕਾਰਨ ਕਿਸਾਨ ਅਤੇ ਸੀਰੀ ਦੇ ਆਪਸੀ ਕੰਮ ਦੀ ਸਾਂਝ ਘੱਟ ਗਈ। ਜਿਸਦੇ ਨਤੀਜੇ ਵਜੋਂ ਉਹਨਾਂ ਦੀ ਮੇਲ-ਜੋਲ ਦੀ ਸਾਂਝ ਵੀ ਘੱਟ ਗਈ। ਦੂਸਰੇ ਪਾਸੇ ਸਿੱਖਿਆ ਤੋਂ ਕੋਰਾ ਕਿਸਾਨੀ ਵਰਗ ਮਾਨਸਿਕ ਤੌਰ ਤੇ ਜਗੀਰੂ ਕਦਰਾਂ-ਕੀਮਤਾਂ ਨਾਲ ਗ੍ਰਸਿਆ ਹੋਇਆ ਹੈ। ਇਸ ਤਰ੍ਹਾਂ ਜਦੋਂ ਤੱਕ ਕੰਮ ਦੀ ਸਾਂਝ ਸੀ ਭਾਵ ਆਰਥਿਕ ਰਿਸ਼ਤਾਂ ਕਾਇਮ ਸੀ, ਸਾਂਝ ਭਾਵਪੂਰਤ ਸੀ ਪਰ ਇਸਦੇ ਗ਼ੈਰਹਾਜ਼ਰ ਹੋਣ ਨਾਲ ਵਿਗਾੜ ਪੈਦਾ ਹੁੰਦਾ ਹੈ ਅਤੇ ਸਾਂਝ ਤਣਾਅ 'ਚ ਰੂਪਾਂਤਰਿਤ ਦ੍ਰਿਸ਼ਟੀਗੋਚਰ ਹੁੰਦੀ ਹੈ।

ਸਮਕਾਲੀ ਸਮੇਂ ਦੌਰਾਨ ਦਲਿਤ ਵਰਗ ਦਾ ਕੁੱਝ ਹਿੱਸਾ ਆਪਣੀ ਮਿਹਨਤ ਸਦਕਾ ਆਪਣੀ ਆਰਥਿਕਤਾ 'ਚ ਸੁਧਾਰ ਕਰ ਰਿਹਾ ਹੈ ਪਰ ਇਸਦੇ ਬਾਵਜੂਦ ਸਮਾਜਿਕ ਤੌਰ 'ਤੇ ਉਸਦੀ ਸਥਿਤੀ ਵਿੱਚ ਤਬਦੀਲੀ ਦ੍ਰਿਸ਼ਟੀਗੋਚਰ ਨਹੀਂ ਹੁੰਦੀ। ਕਹਾਣੀ ਵਿੱਚ ਫੱਕਰ ਸਿੰਘ ਪੁੱਤ ਦੇ ਫੌਜ ਵਿੱਚ ਭਰਤੀ ਹੋਣ ਅਤੇ ਪਰਿਵਾਰ ਦੀ ਮਿਹਨਤ ਨਾਲ ਆਰਥਿਕ ਤੌਰ 'ਤੇ ਆਪਣੀ ਸਥਿਤੀ ਵਿੱਚ ਸੁਧਾਰ ਕਰ ਲੈਂਦਾ ਹੈ ਪਰ ਮੇਜਾ ਸਿੰਘ ਦੀਆਂ ਨਜ਼ਰਾਂ ਵਿੱਚ ਅਜੇ ਵੀ ਉਹ 'ਦਲਿਤ' (ਸੀਰੀ) ਹੀ ਹੈ। ਮੇਜਾ ਸਿੰਘ ਫੱਕਰ ਸਿੰਘ ਦੁਆਰਾ ਬਣਾਏ ਘਰ ਨੂੰ ਮਾਨਸਿਕ ਰੂਪ ਵਿੱਚ ਬਰਦਾਸ਼ਤ ਨਹੀ. ਕਰਦਾ।



ਉਹ ਇਸ ਥਾਂ ਨੂੰ ਖਾਲੀ ਜਾਂ ਕੁੱਤਿਆਂ ਲਈ ਤਾਂ ਦੇਖ ਸਕਦਾ ਹੈ ਪਰ ਇਕ 'ਦਲਿਤ' ਜੋ ਕਦੇ ਉਹਨਾਂ ਦਾ ਸੀਰੀ ਰਿਹਾ ਸੀ ਦੀ ਹੋਂਦ ਉਸ ਲਈ ਅਸਹਿ ਹੈ। ਉਸਨੂੰ ਇਨਾ ਦੁੱਖ ਆਪਣੇ ਗੁਆਂਢੀ ਦੇ ਜਾਣ ਦਾ ਨਹੀਂ ਹੋਇਆ ਜਿਨਾ ਗੁਆਂਢ ਵਿੱਚ ਦਲਿਤ ਦੇ ਵਸਣ ਦਾ ਹੈ। ਕਹਾਣੀ ਦੇ ਬਿਰਤਾਂਤ ਅਤੇ ਪੰਜਾਬ ਦੀ ਯਥਾਰਥਕ ਸਥਿਤੀ 'ਚੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਾਤੀਗਤ ਸ਼ੋਸ਼ਣ ਜਾਂ ਦਲਿਤ ਸ਼ੋਸ਼ਣ ਕੇਵਲ ਆਰਥਿਕਤਾ ਨਾਲ ਜੁੜਿਆ ਹੋਇਆ ਮਸਲਾ ਨਹੀਂ ਸਗੋਂ ਸਮਾਜਿਕ, ਧਾਰਮਿਕ ਅਤੇ ਮਨੋਵਿਗਿਆਨਕ ਵੀ ਹੈ। ਕਹਾਣੀ ਆਰਥਿਕ-ਪਹੁੰਚ ਉੱਤੇ ਪ੍ਰਤੀਕਰਮ ਕਰਦੀ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਜਾਤੀ-ਪ੍ਰਬੰਧ 'ਚੋਂ ਨਿਕਲਣ ਲਈ ਦਲਿਤ ਵਰਗ ਨੂੰ ਦਲਿਤ ਚੇਤਨਾ ਤੋਂ ਦਲਿਤ ਮੁਕਤੀ ਤੱਕ ਸਫ਼ਰ ਕਰਨਾ ਉਹਨਾਂ ਦਾ ਪ੍ਰਸਥਿਤੀਆਂ 'ਚੋਂ ਪ੍ਰਾਪਤ ਕਰਮ ਹੈ।

ਦੂਸਰਾ ਨੁਕਤਾ ਕਿਸਾਨੀ ਵਰਗ ਨਾਲ ਸੰਬੰਧਿਤ ਹੈ। ਇਸ ਕਹਾਣੀ ਦਾ ਸਮੁੱਚਾ ਤਾਣਾ-ਬਾਣਾ ਪੰਜਾਬੀ ਕਿਸਾਨੀ ਦੀ ਮਾਨਸਿਕਤਾ ਦਾ ਪ੍ਰਗਟਾਵਾ ਹੈ।ਮੇਜਾ ਸਿੰਘ ਇੱਕ ਚਿੰਨ੍ਹ ਵਜੋਂ ਸਮੁੱਚੀ ਕਿਸਾਨੀ ਵਰਗ ਦੀ ਪ੍ਰਤੀਨਿਧਤਾ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਵਰਗ ਜਗੀਰੂ ਕਦਰਾਂ-ਕੀਮਤਾਂ 'ਚ ਗ੍ਰਸਿਆ ਹੋਇਆ 'ਅਣਖ' ਦੀ ਖਾਤਰ ਆਪਣੇ ਯਥਾਰਥ ਤੋਂ ਪਿੱਠ ਘੁੰਮਾਈ ਬੈਠਾ ਹੈ। ਖੇਤੀ ਦਾ ਘਾਟਾ, ਚੰਗੀ ਸਿੱਖਿਆ ਦੀ ਘਾਟ ਆਦਿ ਕਾਰਨ ਉਸਦੇ ਇੱਛਤ ਯਥਾਰਥ ਅਤੇ ਪ੍ਰਾਪਤ ਪ੍ਰਤੱਖ ਯਥਾਰਥ ਵਿੱਚ ਟਕਰਾਅ ਪੈਦਾ ਕਰਦੇ ਹਨ।ਇਸ ਸਥਿਤੀ ਵਿੱਚ ਉਹ ਆਪਣੇ ਸੀਰੀ ਰਹੇ ਫੱਕਰ ਸਿੰਘ ਦੇ ਘਰ ਦੀ ਖੁਸ਼ਹਾਲੀ ਤੋਂ ਬੇਚੈਨ ਹੈ।ਦੂਸਰੇ ਪਾਸੇ ਜ਼ਮੀਨ ਗਹਿਣੇ ਰੱਖ ਕੇ ਕੋਠੀ ਬਣਾ ਕੇ ਠਾਠ-ਬਾਠ ਨਾਲ ਪੁੱਤ ਦਾ ਵਿਆਹ ਕਰਨ ਵਾਲੇ ਤਾਰੀ ਨਾਲ ਉਸਦਾ ਸੰਬੰਧ ਇੱਕ ਪੱਧਰ ਦੀ ਈਰਖਾ ਤੋਂ ਬਾਅਦ ਦੋਸਤਾਨਾ ਹੈ ਕਿਉਂਕਿ ਉਸ ਨਾਲ ਜਾਤੀਗਤ ਸਾਂਝ ਦੇ ਨਾਲ ਹਿੱਤਾਂ ਦੀ ਸਾਂਝ ਵੀ ਹੈ। ਮੇਜਾ ਸਿੰਘ ਦੀ ਮਾਨਸਿਕ ਪ੍ਰੇਸ਼ਾਨੀ ਉਸਦੀ ਵਿਅਕਤੀਗਤ ਨਾ ਹੋ ਕੇ ਪੰਜਾਬੀ ਕਿਸਾਨੀ ਦੀ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਹੈ ਜਿਸਦੇ ਨਤੀਜੇ 'ਚੋਂ ਕਿਸਾਨ ਖੁਦਕੁਸ਼ੀਆਂ ਵਾਲਾ ਵਰਤਾਰਾ ਸਾਹਮਣੇ ਆ ਰਿਹਾ ਹੈ। ਇਹਨਾਂ ਖੁਦਕੁਸ਼ੀਆਂ ਦਾ ਕਾਰਨ ਭਾਵੇਂ ਨਿਰੋਲ ਰੂਪ ਵਿੱਚ ਆਰਥਿਕਤਾ ਨਹੀਂ ਪਰੰਤੂ ਖੇਤੀਬਾੜੀ ਸੰਬੰਧਿਤ ਜ਼ਰੂਰ ਹੈ ਕਿਉਂਕਿ ਸਮੁੱਚੇ ਪੰਜਾਬ ਦਾ ਅਰਥਚਾਰਾ ਖੇਤੀ ਦੁਆਲੇ ਘੁੰਮਦਾ ਹੈ। ਖੇਤੀ ਮਰ ਜਾਣ ਕਾਰਨ ਪੰਜਾਬੀ ਕਿਸਾਨੀ ਆਪਣੇ ਭਵਿੱਖ ਦੇ ਡਰ ਵਜੋਂ ਮਾਨਸਿਕ ਵਿਕਾਰਾਂ ਦਾ ਸ਼ਿਕਾਰ ਹੋ ਰਹੀ ਹੇ। ਕਹਾਣੀ ਵਿੱਚ ਇਸ ਵਰਤਾਰੇ ਲਈ ਜਿੰਮੇਵਾਰ ਕਾਰਨਾਂ ਵਿੱਚ 'ਅਣਖ' ਨਾਲ ਜੁੜੀ ਜਗੀਰੂ ਮਾਨਸਿਕਤਾ, ਹੱਥੀ ਕਿਰਤ ਤੋਂ ਟੁੱਟਣਾ ਅਤੇ ਵਿੱਤੋਂ ਬਾਹਰ ਹੋ ਕੇ ਖਰਚ ਕਰਨੇ ਆਦਿ ਹਨ। ਇਸ ਸਥਿਤੀ ਵਿੱਚ ਕਿਸਾਨ 'ਖੁਦ' ਕਟਹਿਰੇ 'ਚ ਖੜ ਜਾਂਦਾ ਹੈ ਪਰੰਤੂ ਇਸ ਵਰਤਾਰੇ 'ਚ ਪ੍ਰਭਾਵਸ਼ਾਲੀ ਭੂਮਿਕਾ ਅਦਾ ਕਰਨ ਵਾਲੇ ਸਥਾਪਤ ਪ੍ਰਬੰਧ ਦੀਆਂ ਨੀਤੀਆਂ ਅਤੇ ਮੰਡੀ ਦੇ ਸੱਭਿਆਚਾਰਕ ਹਮਲੇ ਨੂੰ ਵੀ ਅੱਖੋ ਪਰੋਖੇ ਨਹੀਂ ਕੀਤਾ ਜਾ ਸਕਦਾ।ਪੰਜਾਬ ਦਾ ਵਿਰਸਾ 'ਕਿਰਤ' ਵਿਰੋਧੀ ਨਹੀਂ।ਗੁਰਬਾਣੀ ਵਿੱਚ 'ਕਿਰਤ' ਨੂੰ ਉੱਤਮ ਮੰਨਿਆ ਗਿਆ ਹੈ।ਪੰਜਾਬੀ ਸੱਭਿਆਚਾਰ 'ਰੱਜ ਕੇ ਖਾਹ, ਦੱਬ ਕੇ ਵਾਹ' ਦਾ ਧਾਰਨੀ ਹੈ। ਇੱਥੇ ਔਜ਼ਾਰਾਂ ਦੀ ਪੂਜਾ ਹੁਣ ਤੱਕ ਦੇਖੀ ਜਾ ਸਕਦੀ ਹੈ ਜੋ 'ਕਿਰਤ' ਕਰਨ ਦੇ ਹੀ ਪ੍ਰਤੀਕ ਹਨ।

ਫਿਰ ਮਸਲਾ ਸਮਕਾਲੀ ਸਥਿਤੀ ਬਾਰੇ ਖੜਾ ਹੋ ਜਾਂਦਾ ਹੈ। ਅਸਲ ਵਿੱਚ ਇਸ ਵਰਤਾਰੇ ਦੇ ਪਿਛੋਕੜ ਵਿੱਚ ਮੰਡੀ (ਕਾਰਪੋਰੇਟ) ਕਾਰਜਸ਼ੀਲ ਹੈ। ਕਿਸਾਨ (ਜੱਟ) ਦਾ ਸੁਪਨਾ ਜਾ ਜੀਵਨ-ਸ਼ੈਲੀ ਮੌਲਿਕ ਮੁਹਾਂਦਰੇ ਦੀ ਧਾਰਨੀ ਨਹੀਂ ਸਗੋਂ ਮੰਡੀ ਸੱਭਿਆਚਾਰ ਦੁਆਰਾ ਸਿਰਜਤ (ਤੈਅ) ਹੈ ਜਿਸਦਾ ਯਥਾਰਥਕ ਸਥਿਤੀ ਦਰਮਿਆਨ ਬਹੁਤ ਪਾੜਾ ਹੈ। ਸਥਿਤੀ ਦੀ ਵਿਰੋਧਾਭਾਸ ਇਹ ਹੈ ਕਿ ਮੰਡੀ ਸੱਭਿਆਚਾਰ ਦਾ ਰਾਹ ਬਰਬਾਦੀ ਵਾਲਾ ਹੈ ਅਤੇ ਇਸ ਤੋਂ ਦੂਰੀ ਬਣਾਉਣਾ ਮਾਨਸਿਕ ਬੇਚੈਨੀ ਪੈਦਾ ਕਰਦਾ ਹੈ। ਕਹਾਣੀ ਦੀ ਗਹਿਨ-ਪਰਤ ਵਿੱਚ ਇਸ ਸਥਿਤੀ ਦੇ ਪਿਛੋਕੜ ਵਿੱਚ ਕਾਰਜਸ਼ੀਲ ਸਮੁੱਚਾ ਵਰਤਾਰਾ ਲੁਪਤ ਪਹਿਲੂ ਵਜੋਂ ਪੇਸ਼ ਹੋਇਆ ਹੈ। ਕਹਾਣੀ ਦੇ ਅੰਤ ਵਿੱਚ ਇਸ ਸਮੱਸਿਆ ਦਾ ਹੱਲ ਕਿਰਤ ਵਜੋਂ ਦਰਸਾਇਆ ਗਿਆ ਹੈ ਪਰੰਤੂ ਜੇਕਰ ਅਗਲੀ ਪਰਤ ਵਜੋਂ ਦੇਖਿਆ ਜਾਵੇ

ਤਾਂ ਮੇਜਾ ਸਿੰਘ ਅਤੇ ਉਸਦਾ ਪੁੱਤਰ ਵਿਹਲੇ ਖੜੇ ਹਨ ਅਤੇ ਫੱਕਰ ਕਹੀ ਚੁੱਕ ਕੇ ਕੰਮ 'ਚ ਜੁੱਟ ਜਾਂਦਾ ਹੈ। ਸਾਰਾ ਵਰਤਾਰਾ ਚਿੰਨ੍ਹਕੀ ਰੂਪ ਵਿੰਚ ਪੇਸ਼ ਹੁੰਦਾ ਹੈ ਕਿਉਂਕਿ ਮੇਜਾ ਸਿੰਘ ਦਾ ਵਰਗ ਮੰਡੀ ਦੀ ਲਪੇਟ ਵਿੱਚ ਤੈਅ ਜੀਵਨ ਸ਼ੈਲੀ ਦੀ ਜਕੜ ਵਿੱਚ ਹੈ: ਉਸ ਦੀ ਮੌਲਿਕਤਾ ਖੁਰ ਰਹੀ ਹੈ ਇਸਦੇ ਮੁਕਾਬਲਤਨ ਦਲਿਤ ਵਰਗ ਹਲੇ ਮੰਡੀ ਦੁਆਰਾ ਸਿਰਜਤ (ਤੈਅ) ਨਹੀਂ। ਉਸਦੀ ਆਪਣੀ ਮੌਲਿਕਤਾ ਹੈ। ਇਹ ਮੌਲਿਕਤਾ ਹੀ ਉਸਦਾ ਰਾਹ ਦਸੇਰਾ ਹੈ।

ਪ੍ਰੋ ਰਾਮ ਸਿੰਘ : ਇਹ ਅਕਾਰ ਚ ਛੋਟੀ ਕਹਾਣੀ ਹੈ ਪਰ ਇਕ ਵਿਆਪਕ ਸਮੱਸਿਆ ਨੂੰ ਪਕੜਨ ਦਾ ਯਤਨ ਕੀਤਾ ਗਿਆ ਹੈ। ਜੱਟ ਤੇ ਸੀਰੀ ਦੇ ਰਿਸ਼ਤੇ ਸਬੰਧੀ ਪੰਜਾਬੀ ਚ ਬਹੁਤ ਕੁੱਝ ਲਿਖਿਆ ਜਾ ਚੁੱਕਿਐ । ਗੁਰਦਿਆਲ ਸਿੰਘ ਦਾ ਮੜ੍ਹੀ ਦਾ ਦੀਵਾ ਇਸ ਮਸਲੇ ਤੇ ਲਿਖਿਆ ਸੀ। ਪਰ ਉਸਦੀ ਪਹੁੰਚ ਇਹ ਨਹੀਂ, ਵੱਖਰੀ ਸੀ। ਉਸ ਚ ਸਾਮੰਤੀ ਰਿਸ਼ਤਿਆਂ ਪ੍ਰਤੀ ਹੇਰਵਾ ਸੀ। ਪਰ ਇਸ ਕਹਾਣੀ ਚ ਜਗੀਰੂ ਰਿਸ਼ਤਿਆਂ ਪ੍ਰਤੀ ਹੇਰਵਾ ਨਹੀਂ ਭਾਵੇਂ ਮੇਜਾ ਸਿੰਘ ਮਜਬੂਰ ਹੈ । ਰਿਸ਼ਤਿਆਂ ਦੇ ਬਦਲਣ ਨਾਲ ਮਾਨਸਿਕਤਾ ਨਹੀ ਬਦਲਦੀ ਹੁੰਦੀ, ਮਾਨਸਿਕਤਾ ਬਦਲਣ ਲਈ ਲੰਬਾ ਵਕਤ ਲਗਦੈ। ਦੂਜੇ ਪਾਸੇ ਸਾਡਾ ਸਮਾਜਿਕ ਢਾਂਚਾ ਤਰੁੰਤ ਰਿਸ਼ਤਿਆਂ ਨੂੰ ਬਦਲ ਦਿੰਦੈ। ਅੱਜ ਸੀਰੀ ਹੈ ਕੱਲ ਦੀ ਸਮਾਜਿਕ ਸਥਿਤੀ ਵਿੱਚ ਉਹ ਬਰਾਬਰ ਖੜ੍ਹਾ ਹੋ ਸਕਦੈ। ਪਰ ਸਾਡਾ ਮਨ ਉਸ ਰਿਸਤੇ ਨੂੰ ਸਵੀਕਾਰ ਨਹੀਂ ਕਰਦਾ । ਦੋ ਪਰਤਾਂ ਵਿੱਚ ਇਸ ਕਹਾਣੀ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਪਹਿਲੀ ਜੋ ਪਰਚਾ ਲੇਖਕ ਨੇ ਕੀਤੀ ਹੈ ਕਿ ਸਾਮੰਤੀ ਯੁਗ ਵਿੱਚ ਸਾਮੰਤੀ ਰਿਸ਼ਤੇ ਹੋਣਗੇ ਤੇ ਸਾਮੰਤੀ ਯੁਗ ਚ ਮੋਹ, ਪਿਆਰ, ਲਗਾਵ, ਤਿਆਗ ਬਹੁਤ ਜਿਆਦਾ ਹੁੰਦੈ। ਇਹ ਚੀਜਾਂ ਜਗੀਰੂ ਰਿਸ਼ਤਿਆਂ ਦੀ ਬੁਨਿਆਦ ਨੇ। ਜਿਓ ਜਿਓ ਵਕਤ ਬਦਲਦੈ, ਸਮਾਜਿਕ ਢਾਂਚਾ ਬਦਲਦੈ, ਆਧੁਨਿਕ ਯੁੱਗ ਆਉਂਦੈ, ਜਗੀਰੂ ਯੁੱਗ ਖਤਮ ਹੁੰਦੈ ਉਹਦੇ ਨਾਲ ਉਹ ਰਿਸ਼ਤੇ ਵੀ ਖਤਮ ਹੋ ਜਾਂਦੇ ਹਨ। ਉਨ੍ਹਾਂ ਰਿਸ਼ਤਿਆਂ ਦੇ ਟੁੱਟਣ ਤੇ ਖੁਰਨ ਦਾ ਦੁੱਖ ਤੇ ਸੰਤਾਪ ਹੁੰਦਾ ਹੈ। ਪਰ ਨਾਲ ਦੀ ਨਾਲ ਨਵੇਂ ਰਿਸ਼ਤੇ ਨੂੰ ਸਵੀਕਾਰ ਕਰਨ ਦੀ ਮਜਬੂਰੀ ਵੀ ਹੁੰਦੀ ਹੈ। ਪਰ ਮਨ ਜਲਦੀ ਨਵੇਂ ਰਿਸ਼ਤੇ ਨੂੰ ਸਵੀਕਾਰ ਨਹੀਂ ਕਰਦਾ। ਜਿਹੜਾ ਸਵੀਕਾਰ ਨਾ ਕਰਨਾ ਹੈ ਉਹ ਹੀ ਇਸ ਕਹਾਣੀ ਦਾ ਕੇਂਦਰੀ ਧੁਰਾ ਹੈ।

ਹਰਜੀਤ ਅਟਵਾਲ : ਕਹਾਣੀ ਬਹੁਤ ਸੋਹਣੀ ਹੈ। ਕਹਾਣੀ ਦਾ ਐਂਡ ਬਹੁਤ ਸੋਹਣਾ ਹੈ। ਪਰ ਫਸਟ ਪਰਸਨ ਵਿੱਚ ਕਹਾਣੀ ਲਿਖਣ ਬਾਰੇ ਮੈਂ ਪ੍ਰੋਬਲਮ ਫੇਸ ਕਰਦਾਂ । ਬੰਦਾ ਜਦੋਂ ਵੀ ਕੋਈ ਗਲਤੀ ਕਰਦੈ ਪਹਿਲਾ ਉਸਦਾ ਬਹਾਨਾ ਲੱਭ ਲੈਂਦੇ। ਬਈ ਜੇ ਕੋਈ ਨਫਰਤ ਕਰ ਰਿਹੈ ਤਾਂ ਉਸਦਾ ਬਹਾਨਾ ਲੱਭ ਲੈਂਦੈ। ਜੇ ਕਹਾਣੀ ਮੈਂ ਪਰਸਨ ਦੀ ਥਾਂ ਥਰਡ ਪਰਸਨ ਚ ਲਿਖੀ ਜਾਂਦੀ ਤਾਂ ਜਿਆਦਾ ਵਧੀਆ ਬਣ ਜਾਂਦੀ । ਪਹਿਲੇ ਸਫੇ ਤੇ ਫੱਕਰ ਨੇ ਕੋਈ ਸਵਾਲ ਤਾਂ ਕੀਤਾ ਨਹੀਂ, ਮੈਂ ਪਾਤਰ ਆਪ ਹੀ ਜਵਾਬ ਦੇਈਂ ਜਾਦੈ। ਸਬਜੈਕਟ ਵਧੀਐ, ਭਾਵੇਂ ਸਬਜੈਕਟ ਪੁਰਾਣਾ ਹੈ ਪਰ ਟਰੀਟਮੈਂਟ ਨਵਾਂ ਹੈ।

ਡਾ ਭੀਮ ਇੰਦਰ : ਪੰਜਾਬ ਦੀ ਹੀ ਨਹੀਂ ਹਿੰਦੋਸਤਾਨ ਦੀ ਵੱਡੀ ਸਮੱਸਿਆ ਹੈ ਦਲਿਤ ਸਮੱਸਿਆ, ਪਿੱਛਲੇ ਪੰਜ ਹਜਾਰ ਸਾਲਾਂ ਦਾ ਇਤਿਹਾਸ ਇਸੇ ਸਮੱਸਿਆ ਤੇ ਉਸਰਿਆ ਹੋਇਐ। ਜੇ ਅਸੀਂ ਕਹੀਏ ਕਿ ਪੰਜ ਹਜ਼ਾਰ ਸਾਲਾਂ ਦਾ ਸੰਕਟ ਕੁੱਝ ਸਾਲਾਂ ਜਾ ਸਦੀਆਂ ਵਿੱਚ ਠੀਕ ਹੋਜੇਗਾ, ਠੀਕ ਨਹੀਂ ਲਗਦਾ, ਇਸ ਲਈ ਲੰਬਾ ਸੰਘਰਸ਼ ਲੜਨਾ ਪਵੇਗਾ। ਇਸ ਵਿੱਚ ਪੰਜਾਬ ਦਾ ਇਕ ਵੱਡਾ ਯੋਗਦਾਨ ਰਿਹੈ ਹੈ ਸਿੱਖ ਇਨਕਲਾਬ । ਜੇ ਅੱਜ ਪੰਜਾਬ ਵਿੱਚ ਫੱਕਰ ਸੀਰੀ ਜਿੰਮੀਦਾਰ ਮੇਜਾ ਸਿੰਘ ਦੇ ਸਾਹਮਣੇ ਘਰ ਬਣਾ ਰਿਹੈ ਤਾਂ ਯੂਪੀ ਬਿਹਾਰ ਚ ਦਲਿਤ ਇਹ ਸੋਚ ਵੀ ਨਹੀਂ ਸਕਦੇ। ਪੰਜਾਬ ਇਕ ਵੱਖਰੀ ਤਰ੍ਹਾਂ ਦੀ ਸਟੇਟ ਹੈ, ਵੱਖਰੀ ਤਰ੍ਹਾਂ ਦੀ ਸੋਚ ਹੈ। ਭਾਵੇਂ ਸਾਡੇ ਪੰਜਾਬ ਵਿੱਚ ਗੁਰਦੁਆਰੇ ਤੇ ਸਮਸ਼ਾਨ ਘਾਟ ਵੱਖਰੇ ਹਨ ਪਰ ਫਿਰ ਵੀ ਉਸ ਤਰ੍ਹਾਂ ਦੀ ਕੱਟੜਤਾ ਸਾਡੇ ਨਹੀਂ ਹੈ। ਜੱਟ ਮਾਨਸਿਕਤਾ ਨੂੰ ਕਿਤੇ ਨਾ ਕਿਤੇ ਐਡਜਸਟ ਕਰਨਾ ਪੈਂਦੈ। ਹਰੇ ਇਨਕਾਲਾਬ ਦੇ ਫੇਲ੍ਹ ਹੋਣ ਤੋਂ



ਬਾਅਦ, ਪੰਜਾਬ ਖਾਸ ਕਰ ਮਾਲਵੇ ਚ ਅੱਜ ਦੀ ਸਥਿਤੀ ਵਿੱਚ ਖੇਤ ਮਜਦੂਰ ਤੇ ਕਿਸਾਨੀ ਦੀ ਮੂਵਮੈਂਟ ਬਣ ਰਹੀ ਹੈ। ਜੋ ਪੋਜੇਟਿਵ ਪੱਖ ਹੈ। ਜੇ ਪੰਜਾਬ ਚ ਕਿਤੇ ਰੈਵੂਲੇਸ਼ਨ ਆਵੇਗਾ ਤਾਂ ਉਹ ਖੇਤ ਮਜਦੂਰਾਂ ਤੇ ਛੋਟੀ ਕਿਸਾਨੀ, ਮੱਧ ਵਰਗੀ ਕਿਸਾਨੀ ਦੀਆਂ ਰਾਜਨੀਤਕ ਪਾਰਟੀਆਂ ਦੇ ਸੁਮੇਲ ਨਾਲ ਆਵੇਗਾ ਜੇ ਉਨ੍ਹਾਂ ਦਾ ਸੁਮੇਲ ਪੈਂਦਾ ਹੋਵੇਗਾ ਤਾਂ ਦਲਿਤ ਸਮੱਸਿਆ ਬਹੁਤ ਹੱਦ ਤੱਕ ਪੰਜਾਬ ਚ ਘਟੇਗੀ। ਇਸ ਕਿਸਮ ਦੀਆਂ ਬਾਰੀਕੀਆਂ ਨੂੰ ਫੜਨ ਲਈ, ਉਸ ਸੋਚ ਨੇ ਫੜਨ ਲਈ ਮੁਬਾਰਕਬਾਦ। ਇਸ ਕਹਾਣੀ ਚ ਖਿਲਾਰਾ ਨਹੀਂ।

ਜਸਪਾਲ ਮਾਨਖੇੜਾ : ਬਹੁਤ ਵਧੀਆ ਕਹਾਣੀ ਹੈ। ਮੈਨੂੰ ਇਹ ਕਹਾਣੀ ਰੂਪ ਦੇ ਪੱਖ ਤੋਂ ਵੀ ਵਧੀਆ ਲੱਗੀ। ਲੰਬੀ ਕਹਾਣੀ ਦੀ ਵਰਿਆਮ ਸੰਧੂ ਹੋਰਾਂ ਨੇ ਪਿਰਤ ਪਾਈ ਸੀ। ਪਰ ਰੀਸਮ ਰੀਸੀ ਲੰਬੀ ਘੜੀਸੀ ਗਈ ਕਹਾਣੀ ਚ ਕਹਾਣੀ ਨਹੀਂ ਰਹਿੰਦੀ ਸੀ, ਵੱਧ ਖਿਲਾਰਾ ਪੈ ਜਾਂਦਾ ਸੀ। ਪੰਜਾਬੀ ਕਹਾਣੀ ਲਈ ਖੁਸ਼ੀ ਦੀ ਗੱਲ ਹੈ ਕਿ ਕਲਵੰਤ ਸਿੰਘ ਵਿਰਕ ਵੇਲੇ ਲਿਖੀ ਜਾਂਦੀ ਨਿੱਕੀ ਹੁੰਨਰੀ ਕਹਾਣੀ ਵੱਲ ਅਸੀਂ ਫਿਰ ਪਰਤ ਰਹੇ ਹਾਂ। ਸੁਖਜੀਤ ਦੀ ਹੁਣੇ ਛਪੀ ਕਹਾਣੀ 'ਮੱਥੇ ਦਾ ਵਲ਼' ਛੋਟੀ ਕਹਾਣੀ ਹੈ, ਬਹੁਤ ਜਬਰਦਸਤ ਕਹਾਣੀ ਹੈ। ਇਸ ਕਹਾਣੀ ਨੂੰ ਵੀ ਅਸੀਂ ਉਸ ਕੜੀ ਚ ਰੱਖ ਸਕਦੇ ਹਾਂ। ਪੰਜਾਬ ਦੀ ਕਿਸਾਨੀ ਤੇ ਖੇਤ ਮਜਦੂਰ ਇੱਕ ਬਦਲਾਓ ਚ ਹੈ। ਪੰਜਾਬ ਚ ਨਸ਼ਿਆਂ ਨੂੰ ਵੇਖ ਲਉ ਖੁਦਕੁਸ਼ੀਆਂ ਨੂੰ ਵੇਖ ਲਉ ਚਾਹੇ ਪਰਵਾਸ ਨੂੰ ਵੇਖ ਲਉ ਇਹ ਤਿੰਨੇ ਚੀਜ਼ ਬਦਲਾਓ ਤੇ ਕਸਮਕਸ ਦੀਆਂ ਪ੍ਰਤੀਕ ਹਨ। ਇਸ ਕਹਾਣੀ ਚ ਬਦਲ ਰਹੇ ਰਿਸ਼ਤਿਆਂ ਦੀ ਗੱਲ ਬਹੁਤ ਵਧੀਆ ਤਰੀਕੇ ਨਾਲ ਕੀਤੀ ਹੈ। ਮੜ੍ਹੀ ਦੇ ਦੀਵੇ ਦਾ ਭਗਵੰਤ ਖਲਨਾਇਕ ਲਗਦੈ। ਉਹ ਜਗੀਰੂ ਕਦਰਾਂ ਕੀਮਤਾਂ ਭੰਗ ਕਰਦੈ ਪਰ ਇਸ ਕਹਾਣੀ ਚ ਮੇਜਾ ਸਿੰਘ ਖਲਨਾਇਕ ਨਹੀਂ ਲੱਗਦਾ ਉਸਦਾ ਦੁਖਾਂਤ ਤਾਂ ਸਾਡੀ ਸਮਝ ਆਉਂਦੈ। ਪਰ ਦੂਜੇ ਪਾਸੇ, ਸੱਚਾਈ ਮੇਜਾ ਸਿੰਘ ਨੂੰ ਮੰਨਣਾ ਹੀ ਪੈਂਦੀ ਹੈ। ਪੰਜਾਬੀ ਕਹਾਣੀ ਚ ਇਹ ਸ਼ੁਭ ਸੰਕੇਤ ਹੈ ਕਿ ਜਿਸਨੇ ਵੱਡੀ ਕਹਾਣੀ ਲਿਖਣੀ ਹੈ ਉਹ ਨਾਵਲ ਜਾ ਨਾਵਲਿਣ ਲਿਖਲੇ। ਜੇ ਸਾਡੀਆਂ ਇਸ ਕਿਸਮ ਦੀਆਂ ਸੋਂਕਚਵੇ ਸਰੀਰ ਵਾਲੀਆਂ ਕਹਾਣੀਆਂ ਹੋਣਗੀਆਂ ਤਾਂ ਟਾਈਮ ਨਾ ਹੋਣ ਦਾ ਬਹਾਨਾ ਲਾਉਣ ਵਾਲੇ ਪਾਠਕ ਵੀ ਇਹ ਨਿੱਕੀ ਹੁੰਨਰੀ ਕਹਾਣੀ ਨਾਲ ਜੁੜਨਗੇ।

ਸੁਖਜੀਤ : ਸਬਜੈਕਟ ਭਾਵੇ ਪੁਰਾਣਾ ਹੈ ਟਰੀਟਮੈਂਟ ਨਵਾਂ ਹੈ, ਇਹ ਮਾਨਸਿਕ ਤਣਾਅ ਦੀ ਕਹਾਣੀ ਹੈ। ਤਣਾਅ ਨੂੰ ਸਿਖਰ ਤੱਕ ਲੈ ਕੇ ਜਾਣਾਂ ਔਖਾ ਹੁੰਦੈ ਪਰ ਕਹਾਣੀਕਾਰ ਇਸ ਚ ਕਾਮਯਾਬ ਰਿਹੈ। ਨਾਵਾਂ ਬਾਰੇ ਸਾਨੂੰ ਜ਼ਰੂਰ ਸੁਚੇਤ ਹੋਣਾ ਚਾਹੀਦੈ। ਫੱਕਰ ਅੱਲ ਤਾਂ ਹੋ ਸਕਦੀ ਹੈ ਅਸਲੀ ਨਾਂ ਨਹੀਂ ਹੁੰਦਾ। ਮੇਜੇ ਦਾ ਫੱਕਰ ਦੇ ਮੁੰਡੇ ਦੇ ਵਿਆਹ ਚ ਜਾ ਕੇ ਦਾਰੂ ਪੀਣੀ ਤਾਂ ਠੀਕ ਹੈ। ਪਰ ਦਾਰੂ ਪੀ ਕੇ ਨੱਚਣਾ ਠੀਕ ਨਹੀਂ। ਜਿਹੜੀਆਂ ਗੱਲਾਂ ਮਨ ਚ ਹੁੰਦੀਆਂ ਹਨ ਉਹ ਸ਼ਰਾਬ ਬਾਹਰ ਕੱਢਦੀ ਹੈ। ਮੇਜਾ ਸਿੰਘ ਦੇ ਮਨ ਚ ਤਾਂ ਉਨ੍ਹਾਂ ਪ੍ਰਤੀ ਗੁੱਸਾ ਭਰਿਆ ਪਿਐ, ਉਹ ਦਾਰੂ ਪੀ ਕੇ ਤਾਂ ਖਿਲਾਰਾ ਪਾਊ, ਘਸਮਾਨ ਪਾਊ, ਨੱਚ ਨਹੀ ਸਕਦਾ ਨਾ ਪੈਸੇ ਸਿੱਟ ਸਕਦੈ। ਉਨ੍ਹਾਂ ਤੋਂ ਕੁੱਟ ਖਾ ਕੇ ਆਊ। ਇਹ ਅਸਲ ਤੋਂ ਉਲਟ ਚੱਲੀ ਜਾਂਦੀ ਹੈ। ਮੁਹਾਵਰਾ ਬਦਲਣਾ ਨਹੀਂ ਚਾਹੀਦਾ। ਟੱਲੀ ਵਾਂਗ ਚਮਕੇ ਦੇ ਕੋਈ ਮੁਹਾਵਰਾ ਨਹੀਂ । ਟੱਲੀ ਵਾਂਗ ਟੁਣਕਣਾ ਤੇ ਹੈ ਚਮਕਣਾ ਨਹੀਂ ਇਸ ਕਹਾਣੀ ਦਾ ਅੰਤ ਵੀ ਯਥਾਰਥਕ ਨਹੀਂ । ਫੱਕਰ ਇੱਕ ਦਮ ਐਡਾ ਉਚਾ ਨਹੀਂ ਹੋ ਗਿਆ। ਮੇਜਾ ਸਿੰਘ ਫੱਕਰ ਦੇ ਨੀਂਹ ਪੁੱਟਣ ਤੇ ਫਖ਼ਰ ਨਹੀਂ ਕਰੇਗਾ। ਖੁਸ਼ ਹੋਊ ਕਿ ਐਥੇ ਰਿਹਾ ਕਰ । ਨਾਲੇ ਉਹ ਦੋਵੇਂ ਐਡੇ ਵੱਡੇ ਕਿਸਾਨ ਨਹੀਂ ਕਿ ਵਿਹਲੇ ਖੜ੍ਹੇ ਰਹਿਣ। ਖਾਸ ਤੌਰ ਤੇ ਜਦੋਂ ਮਿਸਤਰੀ ਲੱਗੇ ਹੋਣੇ। ਜੇ ਇਸ ਨੂੰ ਠੀਕ ਕਰ ਲਵੋ ਐਂਡ ਵਧੀਆ ਬਣਾ ਸਕਦਾ ਹੈ।

# 'ਜੰਗ, ਜਸ਼ਨ ਤੇ ਜੁਗਨੂੰ' ਦਾ ਸਮਕਾਲ/-ਆਤਮ ਰੰਧਾਵਾ

ਸੁਖਵਿੰਦਰ ਕੰਬੋਜ ਦੀ ਕਾਵਿ-ਪੁਸਤਕ ***ਜੰਗ, ਜਸ਼ਨ ਤੇ ਜੁਗਨੂੰ*** (2017) ਨੂੰ ਪੜ੍ਹਦਿਆਂ ਸਾਡਾ ਸਮਕਾਲ ਨਾਲ-ਨਾਲ ਤੁਰ ਪਿਆ ਹੈ, ਸਮਕਾਲ ਜੋ ਬੜਾ ਸੰਕਟਗ੍ਰਸਤ ਤੇ ਬਹੁਤ ਸਾਰੀਆਂ ਉਲਝਣਾਂ ਵਿਚ ਉਲਝਿਆ ਹੈ। ਇਸ ਭ੍ਰਾਂਤੀਆਂ ਦੇ ਦੌਰ ਵਿਚ ਵਿਚਰਦਾ ਬੰਦਾ ਵਧੇਰੇ ਭ੍ਰਮਿਤ, ਭੈ-ਭੀਤ ਤੇ ਬੌਂਦਲਾਈ ਸਥਿਤੀ ਵਿਚ ਹੈ। ਇੱਕੀਵੀਂ ਸਦੀ ਦਾ ਅਜੋਕਾ ਸਮਕਾਲ ਕਿਸੇ ਸਮੇਂ ਤੇ ਸਥਾਨ ਵਿਚ ਬੱਝਾ ਨਹੀਂ ਹੈ। ਇਸ ਵਿਚ ਸਥਾਨਕਤਾ ਤੇ ਵਿਸ਼ਵੀਅਤਾ ਦੋਵੇਂ ਸੰਮਿਲਤ ਹਨ। ਅਜਿਹੇ ਸਮਕਾਲ ਵਿਚ ਸਾਡਾ ਹੁਣਵਾਂ ਸਮਾਂ ਜਾਂ ਕੋਈ ਨਿਸ਼ਚਿਤ ਖਿੱਤਾ ਹੀ ਸ਼ਾਮਿਲ ਨਹੀਂ ਹੈ, ਸਗੋਂ ਇਸ ਵਿਚ ਵਰਤਮਾਨ ਤੋਂ ਪਾਰ ਇਤਿਹਾਸ ਵਿਚ ਪਈਆਂ ਘਟਨਾਵਾਂ, ਤਬਦੀਲੀਆਂ, ਸੋਚਾਂ, ਭਵਿੱਖਮੁਖੀ ਸੁਪਨੇ ਅਤੇ ਖਿੱਤੇ ਤੋਂ ਪਾਰ ਦੀਆਂ ਸਥਿਤੀਆਂ ਜਾਂ ਯਥਾਰਥ ਵੀ ਸ਼ਾਮਿਲ ਹੈ। ਕਵੀ ਸੁਖਵਿੰਦਰ ਕੰਬੋਜ ਅਜਿਹੇ ਸਮਕਾਲ ਨੂੰ ਜਾਂ ਕਹਿ ਲਓ ਆਪਣੇ ਸਮੇਂ ਤੇ ਸਥਾਨ ਦੇ ਆਰ-ਪਾਰ ਫੈਲੀਆਂ ਘਟਨਾਵਾਂ, ਤਬਦੀਲੀਆਂ, ਸੋਚਾਂ, ਸੁਪਨਿਆਂ ਤੇ ਹੋਰ ਸਮਕਾਲੀ ਵਰਤਾਰਿਆਂ ਨੂੰ ਆਪਣੀ ਸਿਰਜਣ ਪ੍ਰਕਿਰਿਆ ਰਾਹੀਂ ਪਕੜ ਕੇ ਸੰਬੋਧਨੀ ਤੇ ਕਟਾਖ਼ਸ਼ੀ ਕਾਵਿ-ਭਾਸ਼ਾ ਵਿਚ ਢਾਲ਼ਦਾ ਹੈ ਅਤੇ ਇਹਨਾਂ ਦੇ ਪਾਠ/ਡੀਕੋਡਿੰਗ ਨਾਲ ਇਹ ਸਮਕਾਲ ਤੁਹਾਡੇ ਰੂਬਰੂ ਹੋ ਜਾਂਦਾ ਹੈ:

*ੳ.* *ਮੈਂ ਜਿਨ੍ਹਾਂ ਹਨ੍ਹੇਰੇ ਵਕਤਾਂ 'ਚ ਰਹਿੰਦਾ ਹਾਂ*
*ਉੱਥੇ ਸ਼ਰਮ ਮਰ ਗਈ ਹੈ/ ਤੇ ਧਰਮ*
*ਕਦੋਂ ਦਾ ਖ਼ੁਦਕੁਸ਼ੀ ਕਰ ਗਿਆ ਹੈ*
*ਸਿਰਫ਼ ਲਾਲਸਾ ਦੀ ਪਹਾੜੀ*
*ਉੱਚੀ ਹੋਰ ਉੱਚੀ ਹੋ ਰਹੀ ਹੈ* ***1***

*ਅ.* *ਇਹ ਕੈਸਾ ਵਕਤ ਆਇਆ ਹੈ/ ਕਿ ਰੁੱਖ਼ ਗਵਾਹੀਆਂ ਦਿੰਦੇ ਹਨ*
*ਪੰਜਾਬ/ਭਾਰਤ ਮਰ ਰਿਹਾ ਹੈ/ ਕਹਿਰ ਦਾ ਆਤੰਕ ਹੈ*
*ਪਰ ਕਿਤੇ ਗੋਲ਼ੀ ਦੀ ਆਵਾਜ਼ ਨਹੀਂ*
*ਨਸ਼ਿਆਂ ਦੀ ਕਾਲੀ ਬੋਲ਼ੀ ਹਨ੍ਹੇਰੀ ਨੇ/ ਇਕ ਨਸਲ ਅੰਨੀ ਕਰ ਦਿੱਤੀ ਹੈ*
*ਪੰਜਾਬ ਸਾਨੂੰ ਹੁਣ/ ਯੁਬਾ ਸਿਟੀ ਜਾਂ ਲੰਡਨ 'ਚੋਂ ਲੱਭਦਾ ਹੈ*
*ਵਿਸ਼ਵੀਕਰਨ ਦੀ ਚਾਬਕ/ ਫੁੱਲਾਂ ਦਾ ਗੁਲਦਸਤਾ ਬਣ ਗਈ ਹੈ*
*ਮੰਡੀ ਦਾ ਹੁਕਮ ਹੀ ਤੈਅ ਕਰਦਾ ਹੈ/ ਮੇਰਾ ਦਿਨ ਗੁਲਾਬੀ ਰਹੇਗਾ*
*ਜਾਂ ਟੁੱਟੇ ਹੋਏ ਪੱਤੇ ਵਰਗਾ*
*ਬੇਕਾਰੀ ਨੇ ਮੈਨੂੰ ਹੀ ਨਹੀਂ/ ਲੱਖਾਂ ਨੂੰ ਕੱਖਾਂ ਵਾਂਗ ਕਰ ਦਿੱਤਾ ਹੈ* ***2***

ਸੁਖਵਿੰਦਰ ਕੰਬੋਜ ਬਾਰ-ਬਾਰ ਅਜਿਹੇ ਸਮਕਾਲ (ਅਜੋਕੇ ਪੰਜਾਬ) ਦਾ ਬਿੰਬ ਸਿਰਜਦਾ ਹੈ ਜੋ ਬੇਕਾਰੀ, ਬਿਮਾਰੀ ('ਕੈਂਸਰ ਨਾਲ ਭੰਨੀ ਧਰਤੀ'), ਨਸ਼ਾਖੋਰੀ ('ਨਸਲਕੁਸ਼ੀ'), ਕਰਜ਼ਾ ('ਹੁਣ ਮਿਰਜ਼ਾ ਜੰਡ ਥੱਲੇ ਨਹੀਂ, ਬੈਕਾਂ ਦੀਆਂ ਮਿਸਲਾਂ 'ਚ ਵੱਢ ਹੁੰਦਾ'), ਖ਼ੁਦਕੁਸ਼ੀਆਂ ('ਖ਼ੁਦਕੁਸ਼ੀ ਹੁਣ ਘਟਨਾ ਨਹੀਂ, ਜੀਵਨ ਸ਼ੈਲੀ ਬਣ ਗਿਆ ਹੈ'), ਮੰਡੀ, ਹਨ੍ਹੇਰ-ਗਰਦੀ ਤੇ ਜੰਗਾਂ ਦੀ ਮਾਰ ਹੇਠ ਹੈ। ਵੈਸੇ ਸਧਾਰਨ ਬੰਦੇ ਲਈ ਅੱਜ ਦੀ ਤਾਰੀਕ ਵਿਚ ਸਮਕਾਲ ਨੂੰ ਪਕੜਨਾ ਬਹੁਤ ਮੁਸ਼ਕਲ ਹੋਇਆ ਪਿਆ ਹੈ। ਅੱਜ ਸਾਡਾ ਸਮਕਾਲ ਬੜਾ ਜਟਿਲ, ਗੁੰਝਲਦਾਰ ਤੇ ਬਹੁਤ ਸਾਰੇ ਵਿਰੋਧਾਂ ਨਾਲ ਭਰਿਆ ਪਿਆ ਹੈ। ਸਾਡੇ ਸਮਕਾਲ ਦੀ ਜਟਿਲਤਾ ਦੇ ਦੋ ਪ੍ਰਮੁੱਖ ਪੱਖ ਸਮਝਣੇ ਜ਼ਰੂਰੀ ਹਨ। ਇਕ ਇਹ ਕਿ ਸਾਮਰਾਜੀ ਏਕਾਧਿਕਾਰਵਾਦੀ ਤਾਕਤਾਂ ਦੁਆਰਾ ਸਮਕਾਲ ਨੂੰ ਜਾਣ-ਬੁੱਝ ਕਿ ਭਰਮਾਊ ਤੇ ਗੁੰਝਲਦਾਰ ਬਣਾਇਆ ਜਾ ਰਿਹਾ ਅਤੇ ਦੂਜਾ ਇਹ ਕਿ ਦੁਨੀਆਂ ਵਿਚ ਆਰਥਿਕ, ਰਾਜਨੀਤਕ, ਸਮਾਜਿਕ ਤੇ ਸਭਿਆਚਾਰਕ ਤੌਰ 'ਤੇ ਵੱਡੀਆਂ ਘਟਨਾਵਾਂ ਤੇ ਤਬਦੀਲੀਆਂ ਵਾਪਰਨ ਕਰਕੇ ਜੋ ਜਟਿਲ ਸਮਕਾਲ ਸਾਹਮਣੇ ਆਇਆ। ਮਤਲਭ ਕਿ ਇਕ ਵਿਰਚੁਅਲ ਸਮਕਾਲ ਘੜ੍ਹਿਆ ਜਾ ਰਿਹਾ ਹੈ ਤੇ ਦੂਜਾ ਪ੍ਰਸਥਿਤੀਆਂ ਦੀ ਦੇਣ ਹੈ। ਕੰਬੋਜ਼ ਇਨ੍ਹਾਂ ਦੋਵਾਂ ਦੀ ਨਿਸਾਨਦੇਹੀ ਕਰਦਾ ਹੈ ਅਤੇ ਲੀਕ ਖਿੱਚ ਕੇ ਸਾਮਰਾਜੀ ਵਰਤਾਰੇ ਦੇ ਵਿਰੁੱਧ ਪ੍ਰਵਚਨ ਸਿਰਜਦਾ ਹੈ।

ਜੇਕਰ ਪਹਿਲੀ ਸਥਿਤੀ ਦੀ ਗੱਲ ਕਰੀਏ ਤਾਂ ਅੱਜਕਲ ਸਾਨੂੰ ਇਕ ਮਸਨੂਈ ਵਾਸਵਿਕਤਾ ਹੀ ਦਿਖਾਈ ਜਾ ਰਹੀ ਹੈ ਜਿਸਦੇ ਹੇਠਾਂ ਦਬਾਈਆਂ ਹੋਈਆਂ ਅਨੇਕ ਪਰਤਾਂ ਹਨ। ਅਸਲ ਮਾਰੂ ਸੱਚ ਨੂੰ ਛੁਪਾ ਕੇ ਬਾਹਰੀ ਤੌਰ 'ਤੇ 'ਜਸ਼ਨਾਂ ਦਾ ਮਸਨੂਈ ਜਲੌ'(35) ਜਾਂ ਭਰਮ ਦੀ ਵਾਸਵਿਕਤਾ ਸਟੇਟ ਜਾਂ ਸੱਤਾਧਾਰੀ ਵਰਗ ਵੱਖ-ਵੱਖ ਮਾਧਿਅਮਾਂ ਜਾਂ ਮੀਡੀਆ ਰਾਹੀਂ ਉਤਪਨ ਕਰਦਾ ਹੈ। ਇਸ ਤਰ੍ਹਾਂ ਦੇ ਉਤਪਾਦਨ ਵਿਚ ਕਾਰਪੋਰੇਟਸ ਜਗਤ ਅਤੇ ਅਪਰਾਧ-ਜਗਤ ਪੂਰੀ ਤਰ੍ਹਾਂ ਭਾਈਵਾਲ ਹਨ। ਇਹ 'ਬਿਜਲਈ ਤੰਤਰ ਦੇ ਭੰਡ'(34)/ਸੂਚਨਾ ਤੇ ਸੰਚਾਰ ਸਾਧਨਾ ਰਾਹੀਂ ਆਮ ਬੰਦੇ ਨੂੰ ਅਸਲ ਤੇ ਭਰਮਾਊ ਵਾਸਵਿਕਤਾ ਦੀ ਉਲਝਣ ਵਿਚ ਬੁਰੀ ਤਰ੍ਹਾਂ ਫਸਾ ਰਹੇ ਹਨ। ਮੀਡੀਏ ਰਾਹੀਂ ਸਾਨੂੰ ਜੋ ਝੂਠ-ਸੱਚ ਮਿਲਾ ਕੇ ਦਿਖਾਇਆ ਜਾਂਦਾ ਹੈ, ਉਹੋ ਸੱਚ ਬਣਦਾ ਜਾ ਰਿਹਾ ਹੈ। ਮਨੁੱਖ ਦੇ ਮਨ 'ਤੇ ਵੱਖ-ਵੱਖ ਤਰਕੀਬਾਂ ਨਾਲ ਭਰਮਾਊ ਪੈਂਤੀ ਉੱਕਰੀ ਜਾ ਰਹੀ ਹੈ। 'ਸਰਮਾਏਦਾਰੀ ਦਾ ਚੱਕ' ਆਪਣੇ ਹਿੱਤਾਂ ਮੁਤਾਬਕ ਐਸੀਆਂ ਸਥਿਤੀਆਂ ਤੇ ਮਾਨਸਿਕਤਾ ਸਿਰਜ ਰਿਹਾ ਹੈ ਜਿਸ ਵਿਚ 'ਹਰ ਜਗਦੀ ਅੱਖ ਨੂੰ ਚੰਧਿਆਇਆ' ਜਾ ਰਿਹਾ ਹੈ। ਸਮਾਜ ਦੀ ਅਸਲ ਵਾਸਵਿਕਤਾ ਜਾਂ ਅਸਲ ਮੁੱਦਿਆਂ ਨੂੰ ਹਾਸ਼ੀਏ 'ਤੇ ਧੱਕ ਕੇ ਜਸ਼ਨ ਦਾ, ਭੈਅ ਦਾ ਜਾਂ ਭਰਮ ਦਾ ਯਥਾਰਥ (hyper reality) ਸਿਰਜਿਆ ਜਾ ਰਿਹਾ ਹੈ। ਇਸ ਸਥਿਤੀ ਵਿਚ ਵਿਚਰਦੇ ਆਮ ਮਨੁੱਖ ਦੀ ਮਾਨਸਿਕਤਾ ਅਸੰਤੁਲਤ ਤੇ ਭ੍ਰਮਿਤ ਹੋ ਰਹੀ ਹੈ। ਅਜਿਹੇ 'ਜ਼ੋਰਾਵਰਾਂ ਦੇ ਜਲੌ' ਤੋਂ ਹੇਠਲਾ ਤੇ ਮੱਧ ਵਰਗ ਪੂਰੀ ਤਰ੍ਹਾਂ ਭ੍ਰਮਿਤ ਤੇ ਜਾਂ ਭੈ-ਭੀਤ ਹੈ। ਪੰਜਾਬ/ਭਾਰਤ ਸਮੇਤ ਦੁਨੀਆਂ ਭਰ ਵਿਚ ਇਹ ਵਰਤਾਰਾ ਵਾਪਰ ਰਿਹਾ ਹੈ। ਸਮਾਜ-ਸਭਿਆਚਾਰਾਂ ਦੇ ਗੌਰਵਸ਼ੀਲ ਚਿਹਨਾਂ ਨੂੰ ਅਰਥਹੀਣ ਬਣਾਉਣ ਦੇ ਹੀਲੇ ਹੋ ਰਹੇ ਹਨ ਅਤੇ ਬੇਅਰਥੇ ਸ਼ਬਦਾਂ ਜਾਂ ਚਿਹਨਾਂ ਨੂੰ 'ਅਸਲ ਅਰਥਾਂ' 'ਚ ਪੇਸ਼ ਕੀਤਾ ਜਾਣ ਲੱਗਾ ਹੈ। ਬਹੁਤ ਸਾਰੇ ਮਹੱਤਵਪੂਰਨ ਚਿਹਨਾਂ ਜਾ ਸ਼ਬਦਾਂ ਦੀ ਪਰਿਭਾਸ਼ਾਵਾਂ ਹੀ ਬਦਲੀਆਂ ਜਾ ਰਹੀਆਂ ਹਨ। ਇਹ ਜੋ ਭਰਮ ਦਾ ਯਥਾਰਥ ਸਿਰਜਿਆ ਜਾ ਰਿਹਾ ਹੈ ਉਹ ਬਿਲਕੁਲ ਉਲਟ-ਅਰਥਾਂ ਦੇ ਚਿਹਨਾਂ ਨਾਲ ਹੀ ਸਿਰਜਿਆ ਜਾ ਰਿਹਾ ਹੈ। ਝੂਠੇ ਨਾਇਕਾਂ (ਅਦਾਕਾਰ, ਸੱਟੇਬਾਜ਼ ਖੇਡਾਂ ਦੇ ਖਿਡਾਰੀ ਜਾਂ ਗੈਂਗਸਟਰ) ਨੂੰ ਅਸਲ ਤੇ ਅਸਲ ਨਾਇਕਾਂ ਨੂੰ ਆਮ ਵਾਂਗ ਪੇਸ਼ ਕੀਤਾ ਜਾ ਰਿਹਾ ਹੈ। ਭਾਰਤ ਦੀਆਂ ਅਸਲ ਖੇਡਾਂ/ਟੀਮਾਂ ਨੂੰ ਹਾਸ਼ੀਆਗਤ ਕਰਕੇ ਵਿਦੇਸ਼ੀ ਖੇਡ ਦੀ ਟੀਮ ਹੀ 'ਟੀਮ ਇੰਡੀਆ' ਬਣਾ ਦਿੱਤੀ ਜਾਂਦੀ ਹੈ। ਜਾਣ-ਬੁੱਝ ਕੇ ਦੇਸ਼ ਦੇ ਅਸਲ ਨਾਇਕਾਂ ਨੂੰ ਦਰਕਿਨਾਰ ਕਰਕੇ ਇਸ ਖੇਡ ਦੇ ਖਿਡਾਰੀ ਵੱਡੇ ਨਾਇਕ ਬਣਾ ਕੇ ਪੇਸ਼ ਕੀਤੇ ਜਾਂਦੇ ਹਨ। ਇਉਂ ਹੀ ਦੇਸ਼-ਭਗਤ/ਰਾਸ਼ਟਰਵਾਦੀ ਤੇ ਗ਼ਦਾਰ ਦੇ ਅਰਥਾਂ ਵਿਚ ਵੀ ਐਸਾ ਭੰਬਲਭੂਸਾ ਪਾਇਆ ਜਾ ਰਿਹਾ ਹੈ ਕਿ ਆਮ ਸਧਾਰਨ ਲੋਕ ਭ੍ਰਮਿਤ ਹੋ ਜਾਂਦੇ ਹਨ ਕਿ ਉਹਨਾਂ

ਨੂੰ ਪਤਾ ਹੀ ਚਲ ਰਿਹਾ ਕਿ ਅਸਲ ਵਿਚ ਸਾਹਮਣੇ ਕੌਣ ਗ਼ਦਾਰ ਹੈ ਤੇ ਕੌਣ ਦੇਸ਼-ਭਗਤ। ਹਿੰਸਕ ਕਿਰਦਾਰ ਵਾਲੇ ਸ਼ਾਤੀ ਦੇ ਦੂਤ ('ਸਵੈ ਨੂੰ ਮੁਕਤੀ ਦਾਤੇ ਸਿੱਧ ਕਰਨ' ਤੇ 'ਮਨੁੱਖੀ ਅਜ਼ਾਦੀ ਤੇ ਮਾਨਵੀ ਅਧਿਕਾਰਾਂ ਦੇ ਆਦਿ-ਜੁਗਾਦੀ ਸਿਪਾਹਸਿਲਾਰ') ਵਜੋਂ ਪਰਚਾਰੇ ਜਾਂਦੇ ਹਨ। ਇਉਂ ਹੀ ਗੈਂਗਸਟਰ, ਅਪਰਾਧੀਆਂ ਤੇ ਨੇਤਾਵਾਂ ਦੀ ਸਵੀ ਘੜ੍ਹੀ ਜਾਂਦੀ ਹੈ ਤੇ ਉਹਨਾਂ ਪ੍ਰਤੀ ਸਮਾਜ ਵਿਚ ਇਕ ਸਵੀਕ੍ਰਿਤੀ ਤੇ ਸਹਿਣਸ਼ੀਲਤਾ ਬਣਾਈ ਜਾਂਦੀ ਹੈ। ਸੱਤਾ ਜਾਂ ਕਾਰਪੋਰੇਟਸ ਤੋਂ ਕੰਨਟਰੋਲ ਹੁੰਦਾ ਮੀਡੀਆ ਜੋ ਸਾਨੂੰ ਝੂਠ ਨੂੰ ਸੱਚ ਬਣਾ ਕੇ ਲਗਾਤਾਰ ਦਿਖਾਈ ਜਾਂਦਾ ਹੈ, ਲੋਕ ਉਸਨੂੰ ਹੌਲੀ-ਹੌਲੀ ਅਸਲੀਅਤ ਵਿਚ ਮੰਨੀ ਜਾਂਦੇ ਹਨ। ਸੋ ਉਹ ਆਪਣੇ ਹਿੱਤ 'ਚ ਭੁਗਤਣ ਵਾਲੀ ਮਾਨਸਿਕਤਾ ਅਤੇ ਮਾਹੌਲ ਘੜ੍ਹਦੇ ਹਨ। ਇਸ ਸਮੇਂ ਮਨੁੱਖ ਬੌਂਦਲਾਈ ਤੇ ਭ੍ਰਮਿਤ ਸਥਿਤੀ ਵਿਚ ਵਿਚਰ ਰਿਹਾ ਹੈ। ਕੁਲ ਮਿਲਾ ਕਿ ਸ਼ਬਦ ਤੇ ਉਸਦੇ ਅਸਲ ਅਰਥ ਦਾ ਅਸਰ ਘੱਟ ਰਿਹਾ ਹੈ। ਦੇਰੀਦਾ ਤੇ ਬੌਦਰੀਲਾਰ ਦੇ ਸੰਕਲਪਾਂ ਨੂੰ ਇਉਂ ਵੀ ਸਮਝਿਆ ਜਾ ਸਕਦਾ ਹੈ ਕਿ ਕਿਵੇਂ ਵਾਸਵਿਕਤਾ/ਅਸਲ/ਅਰਥ/ਨਾਇਕਤਵ ਨੂੰ ਹਾਸ਼ੀਏ 'ਤੇ ਕੀਤਾ ਜਾ ਰਿਹਾ ਅਤੇ ਕਿਵੇਂ ਸ਼ਬਦਾਂ ਅਰਥਾਂ ਨੂੰ ਉਲਟ ਅਰਥਾਂ ਵਿਚ ਵਟਾਅ ਕੇ ਇਕ ਖਾਸ ਤਰ੍ਹਾਂ ਦੀ ਭਰਮ ਦੀ ਵਾਸਵਿਕਤਾ ਸਿਰਜੀ ਜਾ ਰਹੀ ਹੈ! ਅਸਲ ਵਿਚ ਇਹ 'ਉਤਰ-ਸੱਚ' (post truth) ਦਾ ਸਮਾਂ ਹੈ, ਜਿਸ ਸਮੇਂ ਵਿਚ ਡਾਟੇ, ਪ੍ਰਤੀਕਾਂ, ਚਿਹਨਾਂ ਤੇ ਵਿਚਾਰਾਂ ਦੀ ਜੰਗ ਲੜੀ ਜਾ ਰਹੀ ਹੈ। ਇਸ ਦਾ ਅਸਲ ਮਕਸਦ ਮਨਾਂ ਨੂੰ ਕੰਟਰੋਲ ਕਰਨ ਦਾ ਹੈ, ਮਨੁੱਖਾਂ ਨੂੰ ਜ਼ਿਹਨੀ ਗੁਲਾਮ ਬਣਾਉਣ ਦਾ ਹੈ। ਇਸ ਸਮੇਂ ਨੂੰ ਨਵ-ਬਸਤੀਵਾਦ ਦਾ ਸਮਾਂ ਵੀ ਕਹਿ ਸਕਦੇ ਹਾਂ ਜੋ ਨਵ-ਪੂੰਜੀਵਾਦ/ਕਾਰਪੋਰੇਟਸ ਦੀ ਘਾੜ੍ਹਤ ਹੈ। ਵਿਸ਼ਵ ਪੱਧਰ 'ਤੇ ਇਸ ਵਰਤਾਰੇ ਦੀ ਅਗਵਾਈ ਅਮਰੀਕੀ ਸਾਮਰਾਜਵਾਦ ਕਰ ਰਿਹਾ ਹੈ। ਜਾਤਾਂ, ਵਰਗਾਂ ਤੇ ਧਰਮਾਂ ਆਦਿ ਵਿਚ ਵੰਡੇ ਅਤੇ ਬਹੁ-ਪਰਤੀ ਵਿਰੋਧਤਾਈਆਂ ਵਿਚ ਘਿਰੇ ਭਾਰਤ ਵਿਚ ਇਸ ਨਵ-ਬਸਤੀਵਾਦ ਦਾ ਸਰੂਪ ਬੜਾ ਜਟਿਲ ਹੈ। ਅਜਿਹੇ ਜਟਿਲ ਤਾਣੇ-ਬਾਣੇ ਵਿਚ ਉਲਝੇ ਸਮਾਜ ਨੂੰ ਕੰਪਿਊਟਰ ਜਨਰੇਟਿਡ ਵਿਰਚੁਅਲ ਵਾਸਵਿਕਤਾ ਦੀ ਪਕੜ ਵਿਚ ਲਿਆਉਣਾ ਕਾਫੀ ਸੌਖਾ ਹੈ ਤੇ ਉਹਨਾਂ 'ਤੇ ਇਕਹਿਰੀ ਰਾਸ਼ਟਰਵਾਦੀ ਤੇ ਏਕਾਧਿਕਾਰਵਾਦੀ ਧੌਂਸ ਜਮਾ ਕੇ ਉਹਨਾਂ ਨੂੰ ਡੀਲ ਕੀਤਾ ਜਾ ਰਿਹਾ ਹੈ। ਡਾਟੇ ਦੀ ਤੇਜ਼ ਤਰਾਰ ਖੇਡ ਵਿਚ ਆਮ ਵਰਗਾਂ ਦੀ ਸੋਚ ਨੂੰ ਖੁੰਢਾ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਨੂੰ ਕੁਝ ਵੀ ਪਤਾ ਨਹੀਂ ਲੱਗ ਰਿਹਾ ਕਿ ਅਸਲ ਵਿਚ ਵਾਪਰ ਕੀ ਰਿਹਾ ਹੈ! ਸਮਕਾਲ ਦੀ ਦੂਜੀ ਜਟਿਲ ਸਥਿਤੀ ਵਿਸ਼ਵੀ ਤੇ ਸਥਾਨਕ ਪ੍ਰਸਥਿਤੀਆਂ ਨਾਲ ਜੁੜੀ ਹੈ। ਸਾਡਾ ਸਮਕਾਲ ਜਾਂ ਇੱਕੀਵੀਂ ਸਦੀ ਦਾ ਅਜੋਕਾ ਸਮਾਂ ਬੜੇ ਉਤਾਅ-ਚੜ੍ਹਾਅ ਦਾ ਸਮਾਂ ਹੈ। ਇਸ ਸਮੇਂ ਸਾਡੇ ਸਮਾਜ ਵਿਚ ਆਰਥਿਕ, ਰਾਜਨੀਤਕ, ਸਮਾਜਿਕ ਤੇ ਸਭਿਆਚਾਰਕ ਤੌਰ 'ਤੇ ਵੱਡੀਆਂ ਘਟਨਾਵਾਂ ਤੇ ਤਬਦੀਲੀਆਂ ਵਾਪਰੀਆਂ ਹਨ ਜਿਨ੍ਹਾਂ ਕਰਕੇ ਬੜਾ ਜਟਿਲ ਸਮਕਾਲ ਸਾਹਮਣੇ ਆਇਆ ਹੈ। (ਇਸਨੇ ਪੰਜਾਬੀ ਕਵਿਤਾ ਨੂੰ ਹੀ ਨਹੀਂ, ਸਗੋਂ ਸਮੁੱਚੇ ਪੰਜਾਬੀ ਸਾਹਿਤ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ।) ਇਨ੍ਹਾਂ ਤਬਦੀਲੀਆਂ ਪਿੱਛੇ ਜੋ ਵੀ ਵੱਡੀਆਂ ਘਟਨਾਵਾਂ ਕਾਰਜਸ਼ੀਲ ਹਨ, ਉਨ੍ਹਾਂ ਦੀ ਜੇਕਰ ਨਿਸ਼ਾਨਦੇਹੀ ਕਰੀਏ ਤਾਂ ਇਸ ਸਮੇਂ ਦੀ ਸਭ ਤੋਂ ਚਰਚਿਤ ਘਟਨਾ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਸਮਾਜਵਾਦੀ ਪ੍ਰਬੰਧ ਰੂਸ ਦਾ ਟੁੱਟਣਾ ਸੀ, ਜਿਸ ਤੋਂ ਬਾਅਦ ਦੁਨੀਆਂ ਪੂੰਜੀਵਾਦੀ ਵਿਕਾਸ ਦੇ ਮਾਡਲ ਵੱਲ ਹੋ ਤੁਰਦੀ ਹੈ। ਇਸੇ ਵਿਕਾਸ ਦੀ ਸਿਖ਼ਰ ਸਾਮਰਾਜਵਾਦ ਹੈ ਜੋ ਅਮਰੀਕਾ ਦੇ ਲੋਕਤੰਤਰੀ, ਸ਼ਾਂਤੀ ਤੇ ਵਿਸ਼ਵ-ਵਿਆਪੀ ਭਰਾਤਰੀ-ਭਾਵ ਦੇ ਬੈਨਰ ਹੇਠ ਪੂਰਾ ਸਰਗਰਮ ਹੁੰਦਾ ਹੈ। ਸੁਖਵਿੰਦਰ ਕੰਬੋਜ਼ ਇਸ ਕਵਿਤਾ ਵਿਚ ਇਸ ਸਭ ਕੁਝ ਦੀ ਸ਼ਨਾਖਤ ਅਤੇ ਅਭਿਵਿਅਕਤੀ ਰੈਡੀਕਲ ਪ੍ਰਗਤੀਸ਼ੀਲ ਵਿਚਾਰਧਾਰਾ ਤੋਂ ਕਰਦਾ ਹੈ। ਉਸਦੀਆਂ ਸਮੁੱਚੀਆਂ ਕਵਿਤਾਵਾਂ ਇਸ ਗੱਲ ਦੀਆਂ ਗਵਾਹ ਹਨ



ਪਰ ਮਿਸਾਲ ਦੇ ਤੌਰ 'ਤੇ ਉਸਦੀ 'ਜੰਗ, ਜਸ਼ਨ ਤੇ ਜੁਗਨੂੰ' ਕਵਿਤਾ ਥਾਣੀਂ ਗੁਜ਼ਰਦੇ ਹਾਂ:

*ਲੋਕ-ਯੁੱਧ ਤੋਂ ਬੇਮੁੱਖ ਲੋਕ/ਚੜ੍ਹ ਰਹੇ ਹਨ ਭੇਟ*
*ਚੰਗੇਜ਼ੀ-ਚੌੜ 'ਚੋਂ ਉਪਜੀ/ ਜੰਗਬਾਜ਼ੀ ਦੇ ਜੌਹਰ ਲਈ/ ਨਿੱਤ ਨਵੀਂ ਸੱਜਦੀ ਕਤਲਗਾਹ ਦੇ*
*ਵਿਸ਼ਵ-ਵਿਆਪੀ ਚੌਧਰ ਦੇ/ ਸਤਮਾਹੇ-ਸੁਪਨੇ/ ਅਵਤਾਰ ਧਾਰਦੇ ਹਨ*
*ਇਸੇ ਕਤਲਗਾਹ ਦੇ/ ਕ੍ਰਿਸ਼ਮਿਆਂ ਦੇ ਜਲੌਂ 'ਚੋਂ/ ਮਾਤਮ ਨੂੰ ਜਸ਼ਨਾਂ ਸੰਗ ਜ਼ਰਬ ਦੇਣਾ...*

— — —

*ਬਿਜਲਈ ਤੰਤਰ ਦੇ ਭੰਡਾਂ ਰਾਹੀਂ/ ਸਵੈ ਨੂੰ ਮੁਕਤੀ ਦਾਤੇ ਸਿੱਧ ਕਰਨਾ*
*ਤੇ ਬਣ ਬਹਿਣਾ/ ਮਨੁੱਖੀ ਅਜ਼ਾਦੀ ਤੇ ਮਾਨਵੀ ਅਧਿਕਾਰਾਂ ਦੇ*
*ਆਦਿ-ਜੁਗਾਦੀ ਸਿਪਾਹਸਿਲਾਰ/ ਸਿਰਹੀਣਾਂ ਦੇ ਪਰਵਰਦਗਾਰ*
*ਖ਼ੁਦ-ਬ-ਖ਼ੁਦ ਬਣ ਬੈਠੇ/ ਅੰਗ-ਰਖਿਅਕ ਖ਼ੂਬ ਜਾਣਦੇ ਹਨ/ ਰੂਹ ਤੋਂ ਵੱਖ ਕਰਨੇ ਕਲਬੂਤ*
*ਸ਼ਾਂਤੀ-ਪੈਗੰਬਰਾਂ ਦੇ ਰੂਪ ਵਿਚ/ ਬਣੇ ਰਹਿਣਾ ਕਾਲ ਦੇ ਦੂਤ*
*ਆਦਮੀ ਤੋਂ ਆਦਮੀਅਤ ਖੋਹ ਲੈਣ ਦੇ ਕਸਬ ਦੀ/ ਵਿਸ਼ਵ-ਹੁਨਰਮੰਦੀ ਦੇ ਠੇਕੇਦਾਰ*
*ਸੁਲਗਾਈ ਰੱਖਦੇ ਹਨ ਅੱਗ/ ਦਹਿਕ ਉੱਠਦੇ ਹਨ ਜਿਸ ਵਿਚ:*
*ਘਰਾਂ ਦੇ ਘਰ, ਪਿੰਡਾਂ ਦੇ ਪਿੰਡ/ ਸ਼ਹਿਰਾਂ ਦੇ ਸ਼ਹਿਰ, ਖਿੱਤਿਆਂ ਦੇ ਖਿੱਤੇ/ ਮੁਲਕਾਂ ਦੇ ਮੁਲਕ*
*ਵਿਸ਼ਵ-ਵਿਜੇਈ ਹੋਣ ਦਾ ਨਵਾਂ ਅੰਦਾਜ਼ ਹੈ ਇਹ*
*ਜਿਸਨੂੰ ਡੌਲਦਾ ਹੈ, ਸਰਮਾਏਦਾਰੀ ਦਾ ਚੱਕ/ ਤੇ ਹਰ ਜਗਦੀ ਅੱਖ ਨੂੰ ਚੁੰਧਿਆਉਂਦੇ ਹਨ*
*ਜਿਹਦੇ ਜਸ਼ਨਾਂ ਵਿਚ ਜਗਮਗਾਉਂਦੇ/ ਆਤਿਸ਼ੀ ਫਾਨੂਸ*
*ਹਿਜਰਤ ਕਰ ਤੁਰਦੇ ਹਨ/ ਹਜ਼ਾਰਾਂ ਦਰ ਹਜ਼ਾਰਾਂ/ ਬੇਵੱਸ ਘਰ*
*ਜੰਗੀ ਜ਼ੋਰਾਂਵਰਾਂ ਦੇ ਜਲੌਂ ਤੋਂ ਭੈਅ-ਭੀਤ/ ਜਸ਼ਨਾਂ ਦੇ ਮਿਜ਼ਾਇਲੀ ਚਾਨਣ ਦੇ ਭੁੰਨੇ*
*ਪੀੜ ਪਰੁੰਨੇ ਜੁਗਨੂੰ/ ਹੋ ਰਹੇ ਹਨ ਜਲਾਵਤਨ/ ਕਿਸੇ ਹੋਰ ਚਕਾਚੌਂਦ ਦੀ ਮੁਥਾਜੀ ਲਈ* **3**

'ਜੰਗ' ਸਾਮਰਾਜਵਾਦੀਆਂ ਤੇ ਫ਼ਾਸ਼ੀਵਾਦੀਆਂ ਦਾ ਘਿਨੌਣਾ ਸੱਚ ਹੈ ਤੇ 'ਜਸ਼ਨ' ਇਸਦੇ ਪੂੰਜੀਵਾਦੀ ਸਿਸਟਮ ਤੇ ਖ਼ਪਤੀ ਸਭਿਆਚਾਰ ਦਾ ਜਲੌਅ ਹੈ। ਜੰਗ ਦਾ ਖ਼ੌਫ਼ ਤੇ ਇਸਦੀ ਭਿਆਨਕਤਾ 'ਤੇ 'ਸੋਗ' ਦੀ ਥਾਂ 'ਤੇ 'ਜਸ਼ਨ' ਦਾ ਅਮਾਨਵੀ ਵਰਤਾਰਾ ਸਾਮਰਾਜ ਦਾ ਖਾਸਾ ਹੈ। ਇਹ ਵਰਤਾਰਾ ਵਸਤੂ-ਸਥਿਤੀ 'ਚੋਂ ਨਹੀਂ ਨਿਕਲਦਾ, ਇਹ ਵਿਭਿੰਨ ਤਰਕੀਬਾਂ ਨਾਲ ਪੈਦਾ ਕੀਤਾ ਤੇ ਪਾਸਾਰਿਆ ਜਾਂਦਾ ਹੈ। ਬੰਦੇ ਦੇ ਜ਼ਿਹਨ ਵਿਚ ਟਿਮਟਿਮਾਉਂਦੇ ਜੁਗਨੂੰਆਂ ਨੂੰ ਖ਼ਪਤ ਦੇ ਹਨ੍ਹੇਰ ਵਿਚ ਘੇਰ੍ਹਿਆ ਜਾਂਦਾ ਹੈ। ਇਹ ਕਵਿਤਾ ਪੰਜਾਬ/ਭਾਰਤ ਸਮੇਤ ਅੰਤਰ-ਰਾਸ਼ਟਰੀ ਪੱਧਰ ਦੇ ਮਸਲਿਆਂ ਨੂੰ ਮੁਖ਼ਾਤਿਬ ਹੈ। ਦੁਨੀਆਂ ਨੂੰ ਜਿਵੇਂ ਤੀਜੇ ਸੰਸਾਰ-ਯੁੱਧ ਵੱਲ ਧਕੇਲਿਆ ਜਾ ਰਿਹਾ ਹੈ ਇਹ ਕਵਿਤਾ ਉਸ ਵਰਤਾਰੇ ਦੀ ਨਿਸ਼ਾਨਦੇਹੀ ਵੀ ਕਰਦੀ ਹੈ ਅਤੇ ਉਸਦਾ ਪ੍ਰਤੀਰੋਧ ਵੀ ਸਿਰਜਦੀ ਹੈ। ਪੰਜਾਬ ਵੀ ਸਥਾਨਕ ਪੱਧਰ 'ਤੇ ਕਈ ਲੁਕਵੇਂ ਵੱਡੇ ਹਮਲਿਆਂ ਦਾ ਸਾਹਮਣਾ ਕਰ ਰਿਹਾ ਹੈ

ਜਿਸ ਦੀ ਕੰਨਸੋਅ ਇਸ ਕਵਿਤਾ ਵਿਚੋਂ ਵੀ ਆਉਂਦੀ ਹੈ। ਸੋ ਸੁਖਵਿੰਦਰ ਕੰਬੋਜ਼ ਦੀ ਇਹ ਕਵਿਤਾ ਸਥਾਨਕ ਤੇ ਵਿਸ਼ਵੀ ਪ੍ਰਸੰਗ ਵਿਚ ਇਕ ਤਰ੍ਹਾਂ ਨਾਲ 'ਐਂਟੀ ਵਾਰ' ਦੀ ਕਵਿਤਾ ਵੀ ਕਹੀ ਜਾ ਸਕਦੀ ਹੈ।

ਨੱਬਵਿਆਂ ਵਿਚ ਆਰਥਿਕ ਮੰਦੀ ਤੇ ਖੜੋਤ ਦਾ ਮਾਰਿਆ ਭਾਰਤ/ਪੰਜਾਬ ਵੀ ਪੂੰਜੀਵਾਦ ਦੀਆਂ ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦੀਆਂ ਨੀਤੀਆਂ ਅਪਨਾਉਂਦਾ ਹੈ। ਇਨ੍ਹਾਂ ਨੀਤੀਆਂ 'ਤੇ ਚਲਦਿਆਂ ਸਾਡੇ ਦੇਸ਼ ਵਿਚ ਸਤਹੀ ਪੱਧਰ 'ਤੇ ਇਕਹਿਰਾ ਵਿਕਾਸ ਹੋਣ ਲੱਗਦਾ ਹੈ। ਕੰਪਿਊਟਰ, ਮੋਬਾਇਲ ਫੋਨ ਜਾਂ ਵਿਕਸਤ ਸਾਧਨਾਂ ਦੇ ਪਸਾਰੇ ਨਾਲ ਨਵੇਂ ਸੰਕਟ ਸਾਹਮਣੇ ਆਉਣ ਲੱਗਦੇ ਹਨ। ਕਾਰਪੋਰੇਟ ਘਰਾਣਿਆਂ ਦੀ ਹਵਸ਼ ਤੇ ਲੁੱਟ ਵੱਧਦੀ ਹੈ। ਕਾਰਪੋਰੇਟਸ ਦੁਆਰਾ ਮੀਡੀਏ ਜਾਂ ਵਿਕਸਤ ਸੂਚਨਾ ਤੇ ਸੰਚਾਰ ਸਾਧਨਾਂ ਦੇ ਪਾਸਾਰੇ ਨਾਲ ਉਪਰੋਂ ਕੰਟਰੋਲਡ, ਖ਼ਪਤਵਾਦੀ ਤੇ ਨਿੱਜੀ ਮੁਨਾਫ਼ੇ ਦੇ ਸਭਿਆਚਾਰ ਦਾ ਉਭਾਰ ਹੋਣ ਲੱਗਦਾ ਹੈ। ਇਹ ਵਰਤਾਰਾ ਉਪਰੋਕਤ ਪਹਿਲੀ ਸਥਿਤੀ ਘੜ੍ਹਨ ਵਿਚ ਪੂਰਾ ਯੋਗਦਾਨ ਪਾਉਂਦਾ ਹੈ। ਪੰਜਾਬ-ਸੰਕਟ ਉਪਰੰਤ ਇਥੇ ਧਾਰਮਿਕ ਆਗੂਆਂ, ਸਰਮਾਏਦਾਰਾਂ ਤੇ ਰਾਜਨੇਤਾਵਾਂ ਦਾ ਜਿਹੜਾ ਨਾਪਾਕ ਗੱਠਜੋੜ ਸਾਹਮਣੇ ਆਉਂਦਾ ਹੈ, ਉਹ ਆਪਣੇ ਅੰਨੇ ਮੁਨਾਫ਼ੇ ਅਤੇ ਸੱਤਾ 'ਤੇ ਸਥਾਈ ਕਬਜ਼ੇ ਦੀ ਉਮਰ ਵਧਾਉਣ ਲਈ ਨਿਵਾਣਾਂ ਵੱਲ ਹੋ ਤੁਰਦਾ ਹੈ। ਇਹ ਗੱਠਜੋੜ ਪੰਜਾਬ ਵਿਚ ਬੜ੍ਹੀ ਸ਼ਕਤੀਸ਼ਾਲੀ ਢੰਗ ਨਾਲ ਆਪਣੇ ਲੁਕਵੇਂ ਏਜੰਡੇ ਵਿਸਥਾਰਦਾ ਹੈ ਅਤੇ ਆਮ ਲੋਕਾਂ ਨੂੰ ਬੇਰੁਜ਼ਗਾਰ, ਅਸੁਰੱਖਿਅਤ, ਬਿਮਾਰ, ਫਿਰਕੂ, ਅੰਧਵਿਸ਼ਵਾਸੀ, ਜਾਤੀਵਾਦੀ, ਕੁਪੋਸ਼ਿਤ, ਕਰਜ਼ਈ, ਨਸ਼ੇੜੀ ਤੇ ਸਭ ਤੋਂ ਵੱਧ ਉਪਭੋਗੀ ਬਣਾ ਕੇ ਉਨ੍ਹਾਂ ਨੂੰ ਆਪਣੀ ਸੇਵਾ ਵਿਚ ਰੱਖਣ ਲਈ ਬਹੁਤ ਸਾਰੇ ਵਰਤਾਰੇ ਪੈਦਾ ਕਰਦਾ ਹੈ। ਇਹ ਵੀ ਇਕ ਤਰ੍ਹਾਂ ਦੇ ਛੁਪੇ ਹੋਏ ਸਥਾਨਕ ਹਮਲੇ ਹੀ ਹਨ। ਉਪਭੋਗੀ ਮਾਨਸਿਕਤਾ ਨਿੱਜ/ਖ਼ੁਦ ਤਕ ਸੀਮਤ ਹੋ ਕੇ ਸਮਾਜਕ ਜਾਂ ਮਾਨਵੀਂ ਸਰੋਕਾਰਾਂ ਤੋਂ ਪਾਸਾ ਵੱਟਣ ਲੱਗ ਜਾਂਦੀ ਹੈ। ਸੰਵੇਦਨਹੀਣਤਾ ਵੱਧਦੀ ਹੈ। ਸੋ ਸਥਾਨਕ ਤੇ ਵਿਸ਼ਵੀ ਵਰਤਾਰਿਆਂ ਦੀ ਭੁਆਂਟਣੀ ਵਿਚ ਲੋਕ ਚਕਰਾਏ ਫਿਰਦੇ ਹਨ। ਇਸੇ ਸਮੇਂ ਅਤਿ ਵਿਕਸਤ ਇਲੈਕਟ੍ਰੌਨਿਕ ਮੀਡੀਏ ਤੇ ਯੰਤਰਾਂ ਨਾਲ ਵਿਸ਼ਵੀਕਰਨ ਵੀ ਆਪਣੀ ਤੀਖਣ ਹਾਜ਼ਰੀ ਲਵਾਉਂਦਾ ਹੈ। ਇਉਂ ਵਿਸ਼ਵੀਕਰਨ ਵੀ ਸਿਰਫ਼ ਇਕ ਆਰਥਿਕ ਵਰਤਾਰਾ ਨਹੀਂ ਰਹਿੰਦਾ, ਸਗੋਂ 'ਚਾਬਕ' ਦੇ ਰੂਪ ਵਿਚ ਅਜਿਹੀ ਖਾਸ ਵਿਚਾਰਧਾਰਾ ਬਣ ਜਾਂਦਾ ਹੈ ਜੋ ਮਨੁੱਖ ਨੂੰ 'ਵਧ ਰਹੀ ਮੰਡੀ ਦੇ ਭਿਆਨਕ ਹੱਥਾਂ' ਵਿਚ ਦੇ ਦਿੰਦਾ ਹੈ। ਇਸੇ ਤਰ੍ਹਾਂ ਹੀ ਇਸਦੀਆਂ ਪ੍ਰਕਿਰਿਆਵਾਂ ਨਾਲ ਪੰਜਾਬ ਵਿਚ ਸਮਾਜਿਕ, ਸਿੱਖਿਅਕ, ਰਾਜਨੀਤਕ ਤੇ ਸਭਿਆਚਾਰਕ ਬਦਲਾਅ ਵੀ ਵੱਡੇ ਪੱਧਰ 'ਤੇ ਵਾਪਰਦੇ ਹਨ। ਇਉਂ ਅੱਜ ਪੰਜਾਬੀ ਬੰਦੇ/ਨਵੀਂ ਪੀੜ੍ਹੀ ਦੇ ਵਿਹਾਰ, ਤਰਜੀਹਾਂ, ਪ੍ਰਾਥਮਿਕਤਾਵਾਂ ਤੇ ਸੁਪਨੇ ਬਦਲ ਜਾਣ ਲੱਗਦੇ ਹਨ। ਇਸ ਤਰ੍ਹਾਂ ਇਹ ਦੋਵੇਂ ਸਥਿਤੀਆਂ ਆਪਸ ਵਿਚ ਅੰਤਰ-ਸੰਬੰਧਿਤ ਹੋ, ਹੋਰ ਵੀ ਗੁੰਝਲਦਾਰ ਤੇ ਸੰਕਟਗ੍ਰਸਤ ਸਮਾਂ ਸਾਡੇ ਸਾਹਮਣੇ ਪਰੋਸ ਰਹੀਆਂ ਹਨ। ਅਜਿਹੇ ਵਰਤਾਰੇ ਦਾ ਸਭ ਤੋਂ ਵੱਧ ਪ੍ਰਤੀਰੋਧ ਰੈਡੀਕਲ ਪ੍ਰਗਤੀਵਾਦੀਆਂ ਰਾਹੀਂ ਸਾਹਮਣੇ ਆ ਰਿਹਾ ਹੈ। ਇਸ ਵੇਲੇ ਤਾਂ ਇਉਂ ਵੀ ਪ੍ਰਤੀਤ ਹੋ ਰਿਹਾ ਹੈ ਕਿ ਜਿਵੇਂ ਜੁਝਾਰਵਾਦੀ ਕਵਿਤਾ ਦੀ ਮੁੜ ਵਾਪਿਸੀ ਹੋ ਰਹੀ ਹੋਵੇ। ਪਰਵਾਸ ਤੇ ਪੰਜਾਬ ਵਿਚਲੇ ਬਹੁਤ ਸਾਰੇ ਨਵੇਂ-ਪੁਰਾਣੇ ਕਵੀ (ਸੁਰਜੀਤ ਜੱਜ, ਰਾਜਵਿੰਦਰ ਮੀਰ, ਹਰਵਿੰਦਰ ਭੰਡਾਲ, ਮਦਨ ਵੀਰਾ, ਸਰਬਜੀਤ ਸੋਹੀ, ਅਰਸ਼ ਬਿੰਦੂ, ਨੀਤੂ ਅਰੋੜਾ, ਮਨਦੀਪ ਸਨੇਹੀ ਆਦਿ ) ਇਸ ਤਰ੍ਹਾਂ ਦੀ ਪ੍ਰਤੀਬੱਧ ਕਵਿਤਾ ਲਿਖ ਰਹੇ ਹਨ। ਸ਼ਾਇਦ ਪੰਜਾਬੀਆਂ ਦੇ ਜੁਝਾਰੂ ਸੁਭਾਅ ਵਿਚੋਂ ਇਸ ਕਿਸਮ ਦੀ ਸ਼ਾਇਰੀ ਦਾ ਭਵਿੱਖ ਤਲਾਸ਼ਿਆ ਰਿਹਾ ਹੈ। ਇਉਂ ਹੀ ਸੁਖਵਿੰਦਰ ਕੰਬੋਜ਼ ਮਾਰਕਸਵਾਦੀ ਵਿਚਾਰਧਾਰਕ ਸੰਕਟ ਦੇ ਬਾਵਜੂਦ ਸਾਮਰਾਜਵਾਦ ਤੇ ਪੂੰਜੀਵਾਦੀ ਸਿਸਟਮ ਵਿਰੁੱਧ ਆਪਣਾ ਜੁਝਾਰਵਾਦੀ ਪੈਂਤੜਾ ਲੈਂਦਾ ਹੈ ਅਤੇ ਉਸਦੀ ਕਵਿਤਾ ਵਿਚ ਸੰਘਰਸ਼ ਤੇ ਤਬਦੀਲੀ ਦੀ ਪੂਰੀ ਆਸ ਅਤੇ ਹਨ੍ਹੇਰੇ ਨੂੰ ਮਾਤ ਦੇਣ ਲਈ ਕਾਵਿ-ਸਿਰਜਣਾ ਵਿਚ ਵਿਸ਼ਵਾਸ ਹੈ:

*ੳ.    ਇਹ ਸਭ ਦੇ ਸਭ ਨਹੀਂ ਭੁੱਲ ਸਕਣਗੇ*



*ਆਪਣਾ ਲੋਅਵਾਨ ਹੋਣਾ*
*ਆਪਣੇ ਹਿੱਸੇ ਦੀ ਹਨ੍ਹੇਰੀ ਪਰਤ,*
*ਇਨ੍ਹਾਂ 'ਚੋਂ ਕੁਝ ਨਾ ਕੁਝ ਜ਼ਰੂਰ ਪਰਤਣਗੇ*
*ਇਹ ਨਾ ਪਰਤ ਪਾਏ ਤਾਂ ਹੋਰ ਉਦੈ ਹੋਣਗੇ*
*ਜੇਤੂ ਜਸ਼ਨਾਂ ਦੇ ਮਸਨੂਈ ਜਲੌਂ ਤੋਂ*
*ਕਿਤੇ ਵੱਡਾ ਸੱਚ ਹੈ/ ਹਨ੍ਹੇਰੀਆ ਪਰਤਾਂ ਦੇ ਪਰ ਬਣ*
*ਜੁਗਨੂੰਆਂ ਦਾ ਪਰਤਣਾ*
*ਲੋਅ ਦਾ ਉਦੈ ਹੋਣਾ*
*ਜੁਗਨੂੰ ਜ਼ਰੂਰ ਪਰਤਣਗੇ* **4**

ਸੰਖੇਪ ਵਿਚ ਸੁਖਵਿੰਦਰ ਕੰਬੋਜ ਦੀ ਇਹ ਕਵਿਤਾ ਇਕ ਪ੍ਰਤੀਬੱਧ ਸ਼ਾਇਰੀ ਦੇ ਤੌਰ 'ਤੇ ਉਸਦੀ ਰੈਡੀਕਲ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਪ੍ਰਗਟਾਉਂਦੀ ਹੈ। ਇਹ ਕਵਿਤਾ ਪੰਜਾਬ/ਭਾਰਤ ਦੇ ਭੱਖਦੇ ਸਮਕਾਲੀ ਸਰੋਕਾਰਾਂ ਦੇ ਨਾਲ-ਨਾਲ ਵਿਸ਼ਵ-ਵਿਆਪੀ ਸਰੋਕਾਰਾਂ ਨੂੰ ਵੀ ਮੁਖ਼ਾਤਿਬ ਹੈ। ਇਸ ਕਵਿਤਾ ਦਾ ਸਿੱਧਾ ਨਿਸ਼ਾਨਾ ਦੁਨੀਆਂ ਭਰ ਵਿਚ ਫੈਲਿਆ ਪੂੰਜੀਵਾਦੀ ਸਾਮਰਾਜਵਾਦ ਹੈ ਜੋ ਅਮਰੀਕਾ ਦੀ ਚੌਧਰ ਹੇਠ ਹੋਰ ਫ਼ਲ਼-ਫੁੱਲ ਰਿਹਾ ਹੈ। ਕਵੀ ਸਪੱਸ਼ਟ ਤੌਰ 'ਤੇ ਜੁਝਾਰੂ ਵਿਚਾਰਧਾਰਕ ਪੈਂਤੜਾ ਅਪਨਾਉਂਦਾ ਹੈ, ਇਸੇ ਲਈ ਇਸ ਕਵਿਤਾ ਦੀ ਕਾਵਿ-ਭਾਸ਼ਾ ਤੇ ਵਿਧੀਆਂ ਵੀ ਉਸ ਵਿਚਾਰਧਾਰਾ ਦੇ ਅਨੁਕੂਲ ਹੀ ਬਣਦੀਆਂ ਹਨ। ਕਿਉਂਕਿ ਇਹ ਕਵਿਤਾ ਸਾਮਰਾਜੀ ਲੁੱਟ, ਦਹਿਸ਼ਤ, ਬੇਇਨਸਾਫ਼ੀ ਤੇ ਅਨਿਆਂ ਉਪਰ ਫ਼ੋਕਸ ਹੈ, ਸੋ ਵਿਅੰਗ, ਸੰਬੋਧਨ, ਤੱਤੇ ਬਿੰਬ ਤੇ ਸੰਵਾਦ ਇਸ ਕਵਿਤਾ ਦੀਆਂ ਪ੍ਰਮੁੱਖ ਵਿਧੀਆਂ ਹਨ। ਇਉਂ ਇਹ ਕਵਿਤਾ ਜੁਝਾਰਵਾਦੀ ਕਵਿਤਾ ਦੀ ਵਿਰਾਸਤ ਨੂੰ ਅੱਗੇ ਤੋਰਦੀ ਨਜ਼ਰ ਆਉਂਦੀ ਹੈ।

**ਹਵਾਲੇ ਤੇ ਟਿੱਪਣੀਆਂ:**


1. ਸੁਖਵਿੰਦਰ ਕੰਬੋਜ, ਜੰਗ, ਜਸ਼ਨ ਤੇ ਜੁਗਨੂੰ, ਚੇਤਨਾ ਪ੍ਰਕਾਸ਼ਨ ਲੁਧਿਆਣਾ, (2017) ਪੰਨਾ 28.
2. ਉਹੀ, ਪੰਨਾ 46.
3. ਉਹੀ, ਪੰਨੇ 33-35.
4. ਉਹੀ, ਪੰਨਾ 35.


**# +91 98722 17273**

**ਕਵਿਤਾਵਾਂ**

## ਸਾਡੇ ਦੌਰ ਦੀ ਵਿਥਿਆ/ ਸਰਬਜੀਤ ਸੋਹੀ, ਆਸਟਰੇਲੀਆ

ਸੋਚਿਆ ਵੀ ਨਹੀਂ ਸੀ,
ਕਿ ਜਗਦੀਆਂ ਨਜ਼ਮਾਂ ਦੇ ਅਰਥ
ਸੁੰਨੇ ਖੰਡਰਾ ਦੇ....
ਬੁੱਝੇ ਹੋਏ ਦੀਵੇ ਕਰਨਗੇ!
ਚਮਕਦੇ, ਜੁਗਨੂੰ ਵੀ ਰਾਤਾਂ ਤੋਂ ਡਰਨਗੇ!
ਸਾਡੀ ਹੀ ਚੁੱਪ ਵਿਚ ਡੁੱਬੇਗੀ
ਸਾਡੀ ਹੀ ਹੱਦ!
ਜਵਾਬਾਂ ਦੀ ਭਾਲ ਵਿਚ ਨਿਕਲੇ ਸਵਾਲ
ਸਾਡੇ ਹੀ ਲਹੂ ਵਿਚ ਤਰਨਗੇ!
ਸੂਰਜਮੁਖੀਏ ਦੇ ਫੁੱਲ ਵੀ,
ਸੂਰਜ ਵੱਲ ਪਿੱਠ ਕਰ ਲੈਣਗੇ!
ਵਕਤ ਦੀ ਤਲੀ ਉੱਤੇ....
ਤੜਫ਼ਣਗੇ ਜ਼ਿੰਦਗੀ ਦੇ ਗੀਤ!
ਮੌਤ ਦਾ ਸਹਿਮ......
ਇਸ ਕਦਰ ਬਸਤੀ ਵਿਚ ਪਸਰੇਗਾ!
ਮਹਿਬੂਬ....
ਅੱਲ ਦੇ ਫੁੱਲਾਂ ਨਾ ਲਹੀ ਖ਼ੁਸ਼ ਹੋ ਜਾਵੇਗੀ!
ਸੋਚਿਆ ਵੀ ਨਹੀਂ ਸੀ,
ਕਿ ਐਸੀ ਵੀ ਰੁੱਤ ਆਵੇਗੀ!

ਆ ਬਹਿਣਗੇ....
ਯੂਨੀਆਂ ਦੇ ਵਰਾਂਡਿਆਂ ਵਿਚ
ਕਚਰੇ ਦੇ ਢੇਰ ਵਿਚ ਚੁੰਝਾਂ ਮਾਰਦੇ ਹੋਏ
ਗਲੀਜ਼ ਕਊਏ!
ਸਾਹਿਤਕ ਕਿਰਤਾਂ ਨੂੰ ਠੂੰਗਣਗੇ,
ਕੇਸਰੀ ਮਿਰਚਾਂ ਤੇ ਪਲਦੇ ਲੱਕੜ ਦੇ ਤੋਤੇ!
ਕਿਤਾਬ-ਘਰਾਂ ਵਿਚ....
ਆਲਣੇ ਪਾਉਣਗੇ ਮਰਿਯਾਦੀ ਉੱਲੂ!
ਰੋਸ਼ਨਦਾਨਾਂ ਵਿਚੋਂ
ਚਾਨਣ ਦੀਆਂ ਕਿਰਨਾਂ ਨਹੀਂ
ਇੱਲਾਂ ਦੀਆਂ ਵਿੱਠਾਂ ਕਿਰਨਗੀਆਂ! ਚਿੰਤਨ ਦੀਆਂ ਚਿੜ੍ਹੀਆਂ.....



ਖ਼ੌਫ਼ ਦੇ ਜ਼ਾਲੇ ਵਿਚ ਘਿਰਨਗੀਆਂ!

ਇਤਿਹਾਸ ਦਾ ਮੁਤਾਲਿਆ,
ਹੁਣ ਪਿੰਡਾਂ ਦੇ ਭਾਈ ਕਰਿਆ ਕਰਨਗੇ!
ਸ਼ਬਦਾਂ ਦੇ ਅਰਥ....
ਰਹਿਤਨਾਮੇ ਦੇ ਹਾਸ਼ੀਏ ਵਿਚ ਰਹਿਣਗੇ!
ਹੁਣ ਅੱਖ਼ਰਾਂ ਨਾਲ,
ਦਿੱਲੀ ਦੇ ਕਿੰਗਰੇ ਨਹੀਂ ਢਹਿਣਗੇ!
ਅੱਖ਼ਰ ਤਾਂ.....
ਖ਼ੁਦ ਹੀ ਢਹਿਣ ਤੋਂ ਬਚਣ ਲਈ
ਸ਼ਰਨ ਲੱਭਦੇ ਫਿਰਨਗੇ!

## ਇਕ ਕਵੀ ਦਰਬਾਰ/ਦਰਸ਼ਨ ਬੁਲੰਦਵੀ

ਇਹ ਕੈਸਾ ਹੈ ਕਵੀ ਦਰਬਾਰ
ਜਿੱਥੇ ਉਬਾਲੇ ਖਾ ਰਿਹਾ ਏ ਜੋਸ਼
ਪਰ ਕਵਿਤਾ ਖਾਮੋਸ਼ ਏ....

ਜਿਧਰ ਸਰੋਤੇ ਹਨ
ਓਧਰ ਕਵੀ ਨਹੀਂ
ਜਿਧਰ ਕਵੀ ਹਨ
ਓਧਰ ਕੁਰਸੀਆਂ ਦਾ ਸ਼ੋਰ ਏ
ਹਰ ਕੁਰਸੀ ਜੇਠ ਨੱਚਦਾ
ਬੁੱਕਲ ਦਾ ਮੋਰ ਏ....

ਮੰਚ ਮੰਡਲ ਖ਼ੁਸ਼ ਏ
ਕਿ ਉਹ ਮੰਚ'ਤੇ ਸਸ਼ੋਭਿਤ ਹਨ
ਚਮਕ ਰਹੇ ਹਨ ਕਵੀ
ਕਿ ਉਹ ਕਵੀ ਦਰਬਾਰ ਵਿਚ ਸ਼ਾਮਿਲ ਹਨ
ਨੱਚ ਰਿਹਾ ਏ ਸਕੱਤਰ
ਕਿ ਮੰਚ ਉਹਦੀ ਤਰਜ਼ ਤੋਂ ਬਾਹਰ ਨਹੀਂ
ਗਿਣਤੀ ਮਿਣਤੀ ਵਿਚ ਨੇ ਪੱਤਰਕਾਰ
ਕਿ ਕੋਈ ਰਹਿ ਨਾ ਜਾਏ
ਉਹਦੀ ਟਿੱਪਣੀ ਤੋਂ ਬਾਹਰ....

ਕਵੀ ਕਵੀਆਂ ਨੂੰ ਮਿਲ ਕੇ
ਹੋ ਰਹੇ ਹਨ ਹੋਰ ਕਵੀ
ਕਵਿਤਾ ਤੋਂ ਪਹਿਲਾਂ
ਕਵੀਆਂ ਨੂੰ ਹੋ ਰਹੀ ਜੀ ਆਇਆਂ
ਮਾਈਕ ਵਿਚ ਕਵਿਤਾ ਨਹੀਂ
ਕਵਿਤਾ ਦਾ ਭਰਮ ਗੂੰਜ਼ ਰਿਹਾ....

ਪਿੱਛੇ ਚੱਲਦਾ ਪਿਆ ਏ
ਗਲਾਸੀ ਜੰਕਸ਼ਨ
ਤੇਹਰਮਾਂ ਰਤਨ ਮਹਿਕਦਾ ਏ
ਤਾਂ ਮੋਮ-ਕੁੜੀਆਂ ਕੁੜਦੀਆਂ
ਕੁਝ ਬੇਅਰਾਮ ਹੁੰਦੀਆਂ....

ਇਸ ਤੋਂ ਪਹਿਲਾਂ
ਕਿ ਹੋਵੇ ਸਮਾਪਤੀ
ਇਕ ਲੀਰ ਦਾ ਫਕੀਰ ਕਵੀ
ਉਛਾਲਿਆ ਜਾਂਦਾ ਹਵਾ 'ਚ
ਉਹਦੀ ਲੀਰ ਹਵਾ 'ਚ ਲਹਿਰਾਂਦੀ
ਤਾਂ ਉਹਦੇ ਗਲ਼ ਪਾਈ ਜਾਂਦੀ
ਪੁਸ਼ਪਮਾਲਾ
ਜਿਉਂ ਪਾਈ ਜਾ ਰਹੀ ਹੋਵੇ
ਕਾਠ ਦੇ ਘੋੜੇ'ਚੇ ਕਾਠੀ
ਅਸਲ ਘੋੜੇ ਦੀ ਕਾਠੀ
ਘੋੜਾ ਹਿਣਕਦਾ ਏ
ਤਾਂ ਤਾਲੀਆਂ ਵੱਜਦੀਆਂ ਹਨ
ਸਭਾ ਖ਼ੁਸ਼ ਏ ਕਿ ਇਹ
ਵਰ੍ਹਾ ਵੀ ਹੋ ਗਿਆ ਏ ਅੰਕਿਤ
ਸਭਾ ਦੀ ਡਾਇਰੀ ਅੰਦਰ....



# ਅਜੋਕੀ ਪੰਜਾਬੀ ਕਹਾਣੀ : ਵਿਸ਼ਲੇਸ਼ਣਾਤਮਕ ਅਧਿਐਨ

-ਡਾ. ਜਗਦੀਪ ਸਿੰਘ

ਪੰਜਾਬੀ ਕਹਾਣੀ ਸਮੁੱਚੇ ਪੰਜਾਬੀ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਵਿਚੋਂ ਇਕ ਅਜਿਹੀ ਸ਼ਕਤੀਸ਼ਾਲੀ ਵਿਧਾ ਹੈ ਜਿਸ ਨੇ ਲੋਕ-ਮਾਨਸਿਕਤਾ ਨੂੰ ਦੂਜੇ ਸਾਹਿਤ-ਰੂਪਾਂ ਨਾਲੋਂ ਵਧੇਰੇ ਪ੍ਰਭਾਵਿਤ ਕੀਤਾ ਹੈ। ਪੰਜਾਬੀ ਕਹਾਣੀ ਹਮੇਸ਼ਾ ਗਤੀ ਵਿਚ ਰਹੀ ਹੈ। ਕਹਾਣੀਕਾਰ ਨੇ ਸਮਾਜ ਤੇ ਸਿਸਟਮ ਨੂੰ ਸਮਝਣਾ ਹੁੰਦਾ ਹੈ। ਜਿਹੜਾ ਕਹਾਣੀਕਾਰ ਇਸ ਨੂੰ ਸਮਝ ਲੈਂਦਾ ਹੈ ਜਾਂ ਸਮਾਜਿਕ ਗਤੀ ਨੂੰ ਪੜ੍ਹ ਸਕਣ ਦੀ ਯੋਗਤਾ ਰੱਖਦਾ ਹੈ, ਉਹ ਚੰਗੀ ਕਹਾਣੀ ਲਿਖਣ ਵਿਚ ਸਫ਼ਲ ਹੋ ਜਾਂਦਾ ਹੈ। ਹਰੇਕ ਕਹਾਣੀਕਾਰ ਦਾ ਆਪਣਾ ਵੱਖਰਾ ਤਰੀਕਾ ਹੁੰਦਾ ਹੈ। ਕਹਾਣੀ ਦੇ ਨਾ ਤਾਂ ਕੋਈ ਬੱਝਵੇਂ ਨਿਯਮ ਹਨ ਤੇ ਨਾ ਹੀ ਸ਼ਾਸ਼ਤਰ। ਇਸਦੇ ਬਾਵਜੂਦ ਇਹ ਸਮੁੱਚੇ ਪੰਜਾਬੀ ਸਾਹਿਤ ਵਿਚ ਪਾਠਕਾਂ ਤੇ ਲੇਖਕਾਂ ਦੀ ਮਨਭਾਉਂਦੀ ਵਿਧਾ ਹੈ। ਪੰਜਾਬੀ ਸ਼ਾਹਿਤ ਦੀਆਂ ਸ਼ਾਰੀਆਂ ਵਿਧਾਵਾਂ ਵਿਚੋਂ ਕਹਾਣੀ ਦੀ ਅਜਿਹੀ ਵਿਧਾ ਹੈ ਜੋ ਹਿੰਦੁਸਤਾਨ ਦੀਆਂ ਬਾਕੀ ਭਾਸ਼ਾਵਾਂ ਦੇ ਸਾਹਿਤ ਨੂੰ ਟੱਕਰ ਦੇ ਰਹੀ ਹੈ।

ਕਹਾਣੀ ਆਪਣੇ ਸਮੇਂ ਦੀ ਪ੍ਰਤੀਨਿਧਤਾ ਕਰਦੀ ਹੈ। ਕਹਾਣੀ ਜੋ ਆਪਣੇ ਸਮੇਂ ਵਿਚ ਲਿਖੇ ਜਾਣ ਦੇ ਬਾਵਜੂਦ, ਸਮੇਂ ਤੋਂ ਪਾਰ ਜਾ ਕੇ ਮਾਨਵੀਂ ਮੁੱਲਾਂ ਨੂੰ ਸਥਾਪਤ ਕਰਨ ਦੇ ਯੋਗ ਬਣਦੀ ਹੈ, ਉਹੀ ਕਹਾਣੀ ਸਫ਼ਲ ਹੈ। ਜੋ ਕਹਾਣੀ ਪਾਠਕ ਨੂੰ ਝੰਜੋੜੇ ਤੇ ਨਵੀਂ ਦਿਸ਼ਾ ਵਿਖਾਵੇ, ਉਹੀ ਕਹਾਣੀ ਅੱਗੇ ਤੋਂ ਅੱਗੇ ਦਾ ਸਫ਼ਰ ਤੈਅ ਕਰਨਯੋਗ ਬਣਦੀ ਹੈ। ਉਹ ਕਹਾਣੀ ਜੋ ਲੋਕ ਮਾਨਸਿਕਤਾ ਦੀ ਤਰਜਮਾਨੀ ਇਸ ਢੰਗ ਨਾਲ ਪੇਸ਼ ਕਰੇ ਕਿ ਉਹ ਦੇਸ਼, ਕਾਲ ਦੀ ਸੀਮਾ ਤੋਂ ਪਾਰ ਹੋ ਕੇ ਵੀ ਇਕ ਬੱਝਵਾਂ ਪ੍ਰਭਾਵ ਸਿਰਜ ਸਕੇ, ਉਹ ਸਦੀਆਂ ਬਾਅਦ ਵੀ ਲੋਕਾਂ ਨੂੰ ਬਹੁਤ ਵਧੀਆ ਲੱਗਦੀ ਹੈ।

ਸਾਧਾਰਨ ਮੱਧਕਾਲੀ ਕਹਾਣੀ ਸ਼ਰਧਾ, ਵਿਸ਼ਵਾਸ਼, ਆਸਥਾ ਅਤੇ ਪਰਾਸਰੀਰਕ ਅੰਸ਼ਾਂ ਨਾਲ ਲਬਰੇਜ਼ ਹੈ ਪਰ ਸਮਕਾਲੀ ਕਹਾਣੀ ਤਰਕ, ਵਿਵੇਕ ਅਤੇ ਬੌਧਿਕਤਾ ਸਿਰਜਦੀ ਹੈ। ਇਸੇ ਕਰਕੇ ਕਹਾਣੀ ਦੀ ਵਿਧਾ ਵਿਚ ਸਾਧਾਰਨ ਮਨੁੱਖ ਦੀ ਪ੍ਰਾਪਤੀ ਮੁੱਖ ਸਥਾਨ ਹਾਸਲ ਕਰਦੀ ਹੈ। ਪੰਜਾਬੀ ਕਹਾਣੀ ਦੇ ਮੁੱਢਲੇ ਦੌਰ ਵਿਚ ਸਮਾਜਿਕ ਸਮੱਸਿਆਵਾਂ ਪ੍ਰਤੀ ਆਦਰਸ਼ਵਾਦੀ ਤੇ ਸੁਧਾਰਵਾਦੀ ਕਥਾ-ਦ੍ਰਿਸ਼ਟੀ ਪ੍ਰਚੱਲਿਤ ਸੀ। ਕਹਾਣੀ ਦਾ ਕੇਂਦਰ ਆਦਰਸ਼ ਤੇ ਨੈਤਿਕਤਾ ਸੀ ਅਤੇ ਬਿਰਤਾਂਤ ਦਾ ਸੁਭਾਅ ਇਕਹਿਰਾ, ਲਕੀਰੀ ਤੇ ਸਰਲ ਸੀ। ਇਹ ਸਮਾਂ ਪ੍ਰਗਤੀਵਾਦੀ ਲਹਿਰ ਵਾਲਾ ਸੀ। ਪ੍ਰਗਤੀਵਾਦੀ ਕਹਾਣੀ ਦੇ ਸਮਾਨਾਂਤਰ ਔਰਤ-ਮਰਦ ਸੰਬੰਧ, ਨਾਰੀ ਚੇਤਨਾ, ਮਹਾਂਨਗਰੀ ਚੇਤਨਾ, ਰਾਜਨੀਤਕ ਸਰੋਕਾਰ ਆਦਿ ਦੀ ਕਹਾਣੀ ਵੀ ਲਗਾਤਾਰ ਲਿਖੀ ਗਈ। ਇਸ ਕਹਾਣੀ ਵਿਚ ਹਰੇ ਇਨਕਲਾਬ ਤੋਂ ਬਾਅਦ ਹੋਏ ਪੇਂਡੂ ਵਿਕਾਸ ਅਤੇ ਵਿਨਾਸ ਦੇ ਦਵੰਦ, ਖੇਤੀ ਸੰਕਟ, ਸ਼ਹਿਰੀ ਮਾਨਸਿਕਤਾ ਦਾ ਵੱਖਰਾ ਪਰਿਵੇਸ਼, ਪਰਵਾਸੀ ਚੇਤਨਾ, ਨਿਮਨ ਵਰਗ ਦਾ ਜੀਵਨ ਯਥਾਰਥ ਆਦਿ ਸਰੋਕਾਰ ਪ੍ਰਸਤੁਤ ਹੋਏ ਹਨ। ਇਹ ਕਹਾਣੀ ਨਿਸ਼ਚਿਤ ਆਕਾਰ ਵਿਚੋਂ ਨਿਕਲ ਕੇ ਬਿਰਤਾਂਤਕ ਲੋੜਾਂ ਅਨੁਸਾਰ ਆਕਾਰ ਧਾਰਨ ਕਰਦੀ ਹੈ। ਸਮਕਾਲੀ ਕਹਾਣੀ ਯਥਾਰਥ ਦੀ ਜਟਿਲਤਾ, ਵਿਗਠਨ, ਮਨੁੱਖ ਦੀ ਤਣਾਉਸੀਲ ਹੋਂਦ, ਵਿਵਸਥਾ ਦਾ ਮਾਰੂ ਕਿਰਦਾਰ, ਨੈਤਿਕਤਾ-ਅਨੈਤਿਕਤਾ ਨੂੰ ਕੇਂਦਰ ਵਿਚ ਰੱਖਦੀ ਹੈ। "ਇਸ ਕਹਾਣੀ ਦਾ ਸਿਲਪ ਵਿਚਾਰਾਂ ਦੇ ਭਾਰੂਪਣ ਦੀ ਥਾਂ ਵਿਚਾਰਾਂ ਦੇ ਮੁਲਾਂਕਣ, ਨਿਰਪੇਖ ਸੱਚ ਦੀ ਥਾਂ ਸਾਪੇਖ ਸੱਚ, ਸਥਿਤੀਆਂ ਦੇ ਇਕਹਿਰੇਪਣ ਦੀ ਥਾਂ ਟਾਕਰਵੇਂ ਅਤੇ ਵਿਰੋਧੀ

ਸੁਭਾਅ, ਸਹਿਜ ਦੀ ਥਾਂ ਅਸਹਿਜ ਅਤੇ ਇਕਹਿਰੇ ਬਿਰਤਾਂਤ ਦੀ ਥਾਂ ਜਟਿਲ ਤੇ ਸੰਯੁਕਤ ਬਿਰਤਾਂਤ ਦੀ ਉਸਾਰੀ ਵੱਲ ਹੈ।"**1**

ਸਮਕਾਲੀ ਕਹਾਣੀ ਤੋਂ ਅਰਥ 1990 ਤੋਂ ਬਾਅਦ ਦੀ ਕਥਾ-ਪਰੰਪਰਾ ਤੋਂ ਹੈ। ਇਸ ਸਮੇਂ ਵਿਸ਼ਵੀਕਰਨ, ਨਿੱਜੀਕਰਨ, ਉਦਾਰੀਕਰਨ ਦੀਆਂ ਨੀਤੀਆਂ ਨੇ ਜੀਵਨ ਦੇ ਹਰੇਕ ਖੇਤਰ ਨੂੰ ਪ੍ਰਭਾਵਿਤ ਕੀਤਾ। ਇਸ ਦੌਰ ਦੀ ਕਹਾਣੀ ਵਿਧਾ ਨੇ ਨਵੇਂ ਯਥਾਰਥ ਨੂੰ ਵਿਭਿੰਨ ਕੋਣਾਂ ਤੋਂ ਪੇਸ਼ ਕੀਤਾ।

ਮੱਧਕਾਲੀ ਸਾਹਿਤ ਵਿਚ ਵਿਅਕਤੀ ਦਾ ਪ੍ਰਕਿਰਤੀ ਨਾਲ ਸੰਘਰਸ਼ ਸਾਹਿਤ ਦੀ ਸਿਰਜਣਾ ਦਾ ਕੇਂਦਰੀ ਤੱਤ ਸ਼ੀ। ਆਧੁਨਿਕ ਸਾਹਿਤ ਵਿਚ ਵਿਅਕਤੀ ਦਾ ਸਮਾਜ ਨਾਲ ਸੰਘਰਸ਼ ਸਾਹਿਤ ਦੀ ਰਚਨਾ ਦਾ ਆਧਾਰ ਬਣਿਆ। ਉੱਤਰ-ਆਧੁਨਿਕਤਾ ਦੇ ਵਰਤਮਾਨ ਦੌਰ ਵਿਚ ਵਿਅਕਤੀ ਦਾ ਸਵੈ ਨਾਲ ਸੰਘਰਸ਼ ਸਾਹਿਤ ਦੀ ਰਚਨਾ ਪ੍ਰਕਿਰਿਆ ਦਾ ਕੇਂਦਰੀ ਆਧਾਰ ਬਣ ਰਿਹਾ ਹੈ। ਇਸ ਸੰਘਰਸ਼ ਦੀ ਦਸ਼ਾ ਅਤਿ ਜਟਿਲ, ਵਲੇਵੇਂਦਾਰ ਅਤੇ ਮਹੀਨ ਹੈ ਜਿਸਦਾ ਪ੍ਰਗਟਾਵਾ ਸਮਕਾਲੀ ਕਹਾਣੀ ਵਿਚ ਮਿਲਦਾ ਹੈ। ਇਹ ਕਹਾਣੀ ਅੰਤਰਮਨ ਨਾਲ ਮਨੁੱਖੀ ਘੋਲ ਦੀ ਦਾਸਤਾਨ ਹੈ। ਇਸ ਵਿਚ ਨੈਤਿਕ-ਅਨੈਤਿਕ ਅਤੇ ਪ੍ਰਵਾਨਿਤ-ਵਰਜਿਤ ਦੀਆਂ ਵਿਰੋਧੀ ਸੁਰਾਂ ਇਕੋ ਵੇਲੇ ਕਥਾ ਦੀ ਵਿਸਫ਼ੋਟਕ ਗੂੰਜ ਦਾ ਹਿੱਸਾ ਹਨ। ਵਰਤਮਾਨ ਦੌਰ ਵਿਚ ਪੰਜਾਬ ਦੇ ਬੰਦ ਸੱਭਿਆਚਾਰ ਨਾਲ ਜੁੜੇ ਪਰੰਪਰਕ ਮੁੱਲ, ਸੰਸਕ੍ਰਿਤਕ ਜੀਵਨ ਜਾਂਚ, ਰਿਸ਼ਤਿਆਂ ਦੀ ਪਾਕੀਜ਼ਗੀ ਅਤੇ ਕਦਰਾਂ-ਕੀਮਤਾਂ ਦਾ ਰਵਾਇਤੀ ਰੂਪ ਤਿੜਕ ਹੀ ਨਹੀਂ ਰਿਹਾ ਸਗੋਂ ਇਸ ਦੀ ਥਾਂ ਪਦਾਰਥਕ ਅਤੇ ਖਪਤ ਸਭਿਆਚਾਰ ਦੇ ਮੁੱਲ ਹਾਵੀ ਹੋ ਰਹੇ ਹਨ। ਨਵੀਂ ਕਹਾਣੀ ਸਥਿਤੀਆਂ ਦੀ ਜਟਿਲਤਾ ਦੀ ਵਾਰਤਾ ਹੈ। ਇਸ ਕਹਾਣੀ ਵਿਚ ਰਵਾਇਤੀ ਕਥਾਕਾਰੀ ਵਾਂਗ ਇਕਹਿਰਾ ਕਥਾ ਪਰਿਵੇਸ਼ ਨਹੀਂ ਹੈ। ਰਿਸ਼ਤਿਆਂ ਦੀ ਸੰਯੁਕਤਕਾਰੀ, ਪਾਤਰਾਂ ਦੇ ਵੱਖੋ-ਵੱਖਰੇ ਮਨੋਉਚਾਰ, ਇਕਹਿਰੀ ਵਿਚਾਰਧਾਰਾ ਦੀ ਬੇਦਖਲੀ, ਟਾਕਰਵੀਆਂ ਮਨੋਸਥਿਤੀਆਂ, ਬਹੁਕੋਣੀ ਦੁਬਿਧਾਵਾਂ, ਉਤਮ ਪੁਰਖੀ ਸ਼ੈਲੀ, ਅਨਿਸ਼ਚਤ ਅੰਤ ਵਰਗੇ ਕਲਾਤਮਕ ਗੁਣਾਂ ਕਰਕੇ ਨਵੀਂ ਕਹਾਣੀ ਬਹੁ-ਸੁਰੀ, ਬਹੁਪਰਤੀ ਅਤੇ ਬਹੁਵੰਨੀ ਬਣੀ ਹੈ।

ਨਵੀਂ ਕਹਾਣੀ ਵਿਚ ਨਾਰੀ ਚੇਤਨਾ ਦੇ ਪ੍ਰਭਾਵ ਅਧੀਨ ਸਮਾਜਕ ਹਾਸ਼ੀਏ 'ਤੇ ਵਿਚਰਦੀ ਔਰਤ ਦੇ ਜਾਤੀ ਅਤੇ ਜਮਾਤੀ ਸਰੋਕਾਰਾਂ ਦੀ ਪੇਸ਼ਕਾਰੀ ਕਰਦੀਆਂ ਕਹਾਣੀਆਂ ਵੀ ਲਿਖੀਆਂ ਗਈਆਂ ਹਨ। ਇਨ੍ਹਾਂ ਰਚਨਾਵਾਂ ਦਾ ਕੇਂਦਰੀ ਨੁਕਤਾ ਔਰਤ ਨੂੰ ਵਿਕਸਿਤ ਪੂੰਜੀਵਾਦ ਅਤੇ ਸੂਚਨਾ ਸੰਚਾਰ ਤਕਨਾਲੋਜੀ ਯੁੱਗ ਵਿਚ ਬਾਜ਼ਾਰ ਦੀ ਵਸਤੂ ਵਾਂਗ ਭੋਗਣ ਦੀ ਮਰਦਾਵੀਂ ਬਿਰਤੀ ਦੀ ਪੇਸ਼ਕਾਰੀ ਕਰਦਿਆਂ ਨਾਰੀ ਮਨ ਦੇ ਚੇਤਨ-ਅਵਚੇਤਨ ਦੀਆਂ ਅਨੇਕ ਪਰਤਾਂ ਨੂੰ ਫਰੋਲਿਆ ਗਿਆ ਹੈ।

ਪੰਜਾਬੀ ਕਹਾਣੀ ਦੇ ਵਰਤਮਾਨ ਵਿਚ ਖੁਦਕੁਸ਼ੀਆਂ ਦੇ ਰਾਹ ਪਈ ਪੰਜਾਬੀ ਕਿਸ਼ਾਨੀ ਦੇ ਅਨੇਕਾਂ ਦੁਖਾਂਤ ਪੇਸ਼ ਹੋਏ ਹਨ। ਇਸ ਪੜਾਅ 'ਤੇ ਆ ਕੇ ਪੰਜਾਬ ਦੇ ਦਿਹਾਤੀ ਸਮਾਜ ਵਿਚ ਕਿਰਤ ਦੀ ਥਾਂ ਖਪਤਵਾਦੀ ਰੁਝਾਨਾਂ ਦਾ ਵਧਦਾ ਵਰਤਾਰਾ, ਹਰੀ ਕ੍ਰਾਂਤੀ ਦੇ ਮਾਰੂ ਨਤੀਜੇ, ਵਿਸ਼ਵੀਕਰਨ ਦੇ ਆਰਥਿਕ-ਸਭਿਆਚਾਰਕ ਸੰਕਟ, ਨਿਮਨ ਤੇ ਮੱਧ ਕਿਸਾਨੀ ਉੱਤੇ ਕਰਜ਼ਿਆਂ ਦੀ ਮਾਰ ਸਮੇਤ ਅਨੇਕਾਂ ਮੁੱਦਿਆਂ ਨੂੰ ਕਿਸਾਨੀ ਦੀ ਤ੍ਰਾਸਦਿਕ ਸਥਿਤੀ ਦੇ ਪ੍ਰਸੰਗ ਵਿਚ ਪੇਸ਼ ਕੀਤਾ ਗਿਆ ਹੈ।

ਦਲਿਤ ਮੁੱਦਿਆਂ ਨੂੰ ਸਤਹੀ ਜਾਂ ਸਰਲ ਢੰਗ ਨਾਲ ਪੇਸ਼ ਕਰਨ ਦੀ ਪੂਰਵਲੀ ਪ੍ਰਵਿਰਤੀ ਵੀ ਇਸੇ ਪੜਾਅ ਦੀ ਕਥਾਕਾਰੀ ਵਿਚ ਟੁੱਟਦੀ ਹੈ। ਦਲਿਤਾਂ ਲਈ ਹਮਦਰਦੀ ਜਾਂ ਤਰਸ਼ ਦੀ ਭਾਵਨਾ ਦੀ ਥਾਂ ਦਲਿਤ ਸ਼ੰਵੇਦਨਾ ਨੂੰ ਬਿਰਤਾਂਤ ਦਾ ਕੇਂਦਰ ਬਣਾ ਕੇ ਦਲਿਤਾਂ ਦੀ ਸਮਾਜਿਕ



ਸਥਿਤੀ ਨੂੰ ਇਤਿਹਾਸ-ਮਿਥਿਹਾਸ ਅਤੇ ਸਭਿਆਚਾਰਕ ਪਰਿਵੇਸ਼ ਵਿਚ ਪੇਸ਼ ਕਰਨ ਵਾਲੀਆਂ ਕਹਾਣੀਆਂ ਇਸ ਦੌਰ ਦੀ ਉੱਪਜ ਹਨ। ਦਲਿਤ ਕਹਾਣੀ ਪੰਜਾਬੀ ਮਨੁੱਖ ਦੀ ਪਛਾਣ ਦੇ ਸੰਕਟਾਂ ਦਾ ਬਿਰਤਾਂਤ ਹੈ, ਅਜਿਹੀ ਪਛਾਣ ਜੋ ਕਿ ਸਮਾਜ-ਸਭਿਆਚਾਰ ਦੀ ਭਾਰੂ ਧਿਰ ਅੱਗੇ ਸਦੀਆਂ ਤੋਂ ਮੌਨ ਕਰ ਦਿੱਤੀ ਗਈ ਹੈ।

ਪੰਜਾਬੀ ਬੰਦੇ ਦੀ ਪਛਾਣ ਦਾ ਇਕ ਸਿਰਾ ਪਰਵਾਸ ਦੀ ਕਹਾਣੀ ਨਾਲ ਵੀ ਜੁੜਦਾ ਹੈ। ਪਰਵਾਸ ਦੇ ਵਰਤਾਰੇ ਨੂੰ ਅਨੇਕਾਂ ਪਰਵਾਸੀ ਗਲਪਕਾਰਾਂ ਨੇ ਆਪਣੀਆਂ ਰਚਨਾਵਾਂ ਦਾ ਕੇਂਦਰ ਬਣਾਇਆ ਹੈ। ਸਮਕਾਲੀ ਪੰਜਾਬੀ ਕਹਾਣੀ ਪਰਵਾਸ ਦੇ ਰਵਾਇਤੀ ਮੁੱਦਿਆਂ ਨੂੰ ਤਿਲਾਂਜਲੀ ਦੇ ਰਹੀ ਹੈ। ਇਸ ਪ੍ਰਸੰਗ ਵਿਚ ਪਰਵਾਸ਼ੀ ਕਹਾਣੀ ਵਿਸ਼ਵ ਪੱਧਰੀ ਮੁੱਦਿਆਂ, ਅੰਤਰ-ਰਾਸ਼ਟਰੀ ਸਮੱਸਿਆਵਾਂ, ਪਾਰ-ਸੱਭਿਆਚਾਰਕ ਸਥਿਤੀਆਂ, ਮੂਲਵਾਸੀ ਸਮਾਜ ਦੀਆਂ ਉਲਝਣਾਂ, ਵਿਸ਼ਵ ਪੱਧਰ ਦੇ ਨਵੇਂ ਬਦਲਾਉ ਆਦਿ ਨੂੰ ਬਿਰਤਾਂਤ ਦਾ ਕੇਂਦਰ ਬਣਾ ਰਹੀ ਹੈ।

ਪੰਜਾਬੀ ਕਹਾਣੀ ਨਿਰੰਤਰ ਤੇ ਵਧੇਰੇ ਲਿਖਿਆ ਜਾਣ ਵਾਲਾ ਸਾਹਿਤ ਰੂਪ ਹੈ। ਇਹ ਆਪਣੇ ਕਲਾ ਨੇਮਾਂ ਦੇ ਪੱਖ ਤੋਂ ਨਿਰੰਤਰ ਸਫ਼ਰ ਵਿਚ ਹੈ। ਇਹ ਹੋਰਨਾਂ ਸਾਹਿਤ-ਰੂਪਾਂ ਤੋਂ ਵਧੇਰੇ ਸੰਭਾਵਨਾਵਾਂ ਭਰਪੂਰ ਕਲਾ ਰੂਪ ਹੈ। ਸ਼ੰਭਾਵਨਾਵਾਂ ਤੋਂ ਭਾਵ ਇਸ ਵਿਚ ਪੇਸ਼ ਹੋ ਰਹੇ ਵਿਸਤ੍ਰਿਤ ਤੇ ਵੱਡੇ ਵਿਸ਼ਿਆਂ ਤੋਂ ਵੀ ਹੈ ਤੇ ਸ਼ਿਲਪੀ ਕਿਸਮ ਦੇ ਸੁਹਜ-ਸ਼ਾਸ਼ਤਰ ਤੋਂ ਵੀ। ਆਧੁਨਿਕ ਪੰਜਾਬੀ ਕਹਾਣੀ ਜਟਿਲ ਸਮਾਜੀ ਅਤੇ ਮਾਨਵੀਂ ਸੰਦਰਭਾਂ ਵਿਚੋਂ ਉਪਜ ਰਹੀ ਜਟਿਲ ਮਾਨਸਿਕਤਾ ਨੂੰ ਵਿਭਿੰਨ ਨਵੀਨ ਬਿਰਤਾਂਤਕ ਜੁਗਤਾਂ ਨਾਲ ਪਕੜਨ ਤੇ ਪੇਸ਼ ਕਰਨ ਦਾ ਯਤਨ ਕਰ ਰਹੀ ਹੈ। ਇਸਦਾ ਆਂਤਰਿਕ ਤੇ ਬਾਹਰੀ ਚਿਹਨ-ਪ੍ਰਬੰਧ ਕਹਾਣੀ ਵਿਚਲੀਆਂ ਘਟਨਾਵਾਂ ਦੇ ਸੰਤੁਲਨ-ਅਸੰਤੁਲਨ ਵਿਚਲੇ ਬਿਰਤਾਂਤਕੀ ਚੱਕਰ ਨਾਲ ਸੰਬੰਧ ਰੱਖਦਾ ਹੈ।

ਹੱਥਲੇ ਅਧਿਐਨ ਲਈ ਕਿਰਪਾਲ ਕਜ਼ਾਕ(ਚਿਤਰਗੁਪਤ, ਲਾਜਮਾ), ਭਗਵੰਤ ਰਸੂਲਪੁਰੀ(ਕੁੰਭੀ ਨਰਕ), ਜਿੰਦਰ(ਵਿਦਾਅ), ਹਰਪ੍ਰੀਤ ਸ਼ੇਖਾ(ਹਾਉਸ ਵਾਈਫ਼), ਪਰਵੇਜ ਸੰਧੂ(ਟੁਕੜੇ), ਸਰਵਣ ਮਿਨਹਾਸ(ਗਹਿਰ), ਦੀਪ ਦਵਿੰਦਰ(ਪਰਿਕਰਮਾ) ਤੇ ਸੁਰਿੰਦਰ ਨੀਰ(ਸ਼ਾਂਤੀ) ਕਹਾਣੀਆਂ ਦੀ ਚੋਣ ਕੀਤੀ ਗਈ ਹੈ। ਇਹ ਉਹ ਪ੍ਰਤੀਨਿਧ ਕਹਾਣੀਆਂ ਹਨ ਜਿਹੜੀਆਂ ਮਨੁੱਖੀ ਚਰਿੱਤਰ ਤੇ ਮਨ ਦੀ ਡੂੰਘਾਈ ਵਿਚ ਛੁਪੇ ਭਾਵਾਂ ਦਾ ਪ੍ਰਗਟਾਵਾ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਦੇ ਅਧਿਐਨ ਰਾਹੀਂ ਮਨੁੱਖੀ ਮਨ ਦੀਆਂ ਅਹਿਮ ਗੁੰਝਲਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ।

ਕਿਰਪਾਲ ਕਜਾਕ ਦੀ ਕਥਾਕਾਰੀ ਵਿਚ ਪ੍ਰਗਤੀਵਾਦੀ ਚੇਤਨਾ ਦੀ ਵਿਰਾਸਤ ਦੇ ਨਾਲ-ਨਾਲ ਨਵੇਂ ਕਥਾ ਮਾਡਲ ਦੀ ਉਸਾਰੀ ਵੀ ਹੋਈ ਹੈ। ਇਸ ਕਹਾਣੀ ਵਿਚ ਨਾਰੀਵਾਦੀ ਚੇਤਨਾ, ਇਸਤਰੀ ਪੁਰਸ਼ ਸੰਬੰਧ, ਨਿਮਨ ਵਰਗ ਦਾ ਜੀਵਨ ਯਥਾਰਥ ਆਦਿ ਕਥਾ ਸਰੋਕਾਰ ਨਵੇਂ ਕਥਾ ਮਾਡਲ ਦੁਆਰਾ ਪ੍ਰਸਤੁਤ ਹੋਏ ਹਨ। ਉਸਦੇ ਕਹਾਣੀ-ਸੰਗ੍ਰਹਿ ਕਾਲਾ ਇਲਮ(1976), ਸੁਰਜਮੁਖੀ ਪੁੱਛਦੇ ਨੇ(1981), ਅੱਧਾ ਫੁੱਲ(1983), ਹੁੰਮਸ(1990) ਮਹੱਤਵਪੂਰਨ ਹਨ।

"ਕਿਰਪਾਲ ਕਜਾਕ ਦੀ ਰਚਨਾ-ਦ੍ਰਿਸ਼ਟੀ ਆਲੋਚਨਾਤਮਕ ਯਥਾਰਥਵਾਦ ਦੀ ਧਾਰਨੀ ਹੈ। ਇਸ ਲਈ ਉਹ ਯਥਾਰਥ ਦੀਆਂ ਬਾਹਰੀ ਪਰਤਾਂ ਦੇ ਨਾਲ-ਨਾਲ ਅੰਦਰੂਨੀ ਤੈਹਾਂ ਨੂੰ ਵੀ ਬਾਖ਼ੂਬੀ ਫਰੋਲਦਾ ਹੈ। ਰੁਮਾਂਚਕਾਰੀ ਪਾਤਰ-ਚਿਤਰਨ, ਵਸ਼ਤੂ-ਯਥਾਰਥ ਦੇ ਜੀਵੰਤ ਚਿਤਰ, ਸਥਿਤੀਆਂ ਦੀ ਵਿਰੋਧਾਭਾਸੀ ਚੜ੍ਹਤ, ਕਾਟਵੇਂ ਵਾਰਤਾਲਾਪ, ਮੜ੍ਹਕਵੀਂ ਗਲਪ ਭਾਸ਼ਾ, ਨਾਟਕੀਅਤਾ ਅਤੇ ਵਿਅੰਗ ਉਸਦੀ ਕਥਾ-ਸ਼ੈਲੀ ਦੇ ਅਹਿਮ ਲੱਛਣ ਹਨ।"**2**

'ਚਿਤਰਗੁਪਤ' ਕਹਾਣੀ ਉੱਤਮ-ਪੁਰਖੀ ਬਿਰਤਾਂਤ ਸ਼ੈਲੀ ਨਾਲ ਆਰੰਭ ਹੁੰਦੀ ਹੈ।

ਕਹਾਣੀ ਦਾ ਮੁੱਖ ਪਾਤਰ 'ਗੁਰੀਆ' ਬੱਸ ਅੱਡੇ 'ਤੇ ਲੰਮਾ ਸਮਾਂ ਖੱਜਲ-ਖੁਆਰ ਹੋ ਕੇ ਹਸਨਪੁਰ ਦੀ ਬੱਸ ਫੜ੍ਹਦਾ ਹੈ। ਜਿਵੇਂ-ਜਿਵੇਂ ਬੱਸ ਪੈਂਡਾ ਤੈਅ ਕਰੀ ਜਾਂਦੀ ਹੈ, ਤਿਵੇਂ-ਤਿਵੇਂ ਕਹਾਣੀ ਦਾ ਸਫ਼ਰ ਵੀ ਚੱਲੀ ਜਾਂਦਾ ਹੈ। ਗੁਰੀਏ ਦੀ ਸੋਚ ਬੀਤੇ ਸਮੇਂ ਦੀ ਲੜੀ ਫੜ੍ਹ ਲੈਂਦੀ ਹੈ। ਉਸਨੂੰ ਯਾਦ ਆਉਂਦਾ ਹੈ ਕਿ ਇਨ੍ਹਾਂ ਰਾਹਵਾਂ ਦਾ ਸਫ਼ਰ ਉਸਨੇ ਤਿੰਨ ਸਾਲ ਪਹਿਲਾਂ ਵੀ ਕੀਤਾ ਸੀ। ਕਹਾਣੀਕਾਰ ਨੇ ਇਥੇ ਪਿੱਛਲ-ਝਾਤੀ ਵਿਧੀ ਰਾਹੀਂ ਦ੍ਰਿਸ਼ ਸਿਰਜਿਆ ਹੈ। "ਉਹ ਗਰਮ ਸੂਟ, ਉਨਾਬੀ ਪੱਗ ਤੇ ਚੌੜੀ ਟਾਈ ਨਾਲ ਆਇਆ ਸੀ। ...ਉਸਨੇ ਸੁਨਹਿਰੀ ਘੜੀ ਤੇ ਸੋਨੇ ਦਾ ਕੜਾ ਕੋਟ ਦੀ ਬਾਂਹ ਹੇਠੋਂ ਬਾਹਰ ਕੱਢਿਆ ਤੇ ਠੋਡੀ ਦੀ ਦਾੜ੍ਹੀ ਹੇਠਲੀ ਗੁੱਟੀ ਨੂੰ ਅੰਗੂਠੇ ਨਾਲ ਘੁੱਟਦਾ ਸੁੰਗੜ ਕੇ ਬੈਠ ਗਿਆ।"**3**

ਹਸਨਪੁਰ ਗੁਰੀਏ ਦਾ ਸਹੁਰਾ ਤੇ ਨੀਲੂ ਦਾ ਪੇਕਾ ਪਿੰਡ ਹੈ। "ਗੁਰੀਆ ਇਕ ਦਮ ਮਾਡਰਨ। ਗਿੱਚੀ ਤੱਕ ਲਟਕਦੇ ਛੱਤੇ। ਜਨਾਨਾ ਕੱਪੜੇ ਦੀ ਟੀ-ਸ਼ਰਟ, ਤੇੜ ਜੀਨ, ਗਿੱਟਿਆਂ ਤੱਕ ਬੂਟ, ਅੱਖਾਂ ਸ਼ਾਤਰ, ਹਰਕਤ ਫਿਲਮੀ, ਰੰਗ ਕੱਕਾ, ਸ਼ੇਖੀ ਝੂਠ ਤੋਂ ਵੀ ਵੱਡੀ ਪਰ ਨੀਲੂ ਬਿਲਕੁਲ ਉਲਟ ਸੀ ਸਾਦਾ ਲਿਬਾਸ, ਧੀਮੇ ਬੋਲ, ਤਰਾਸ਼ੇ ਨਕਸ਼, ਛੀਂਟਕਾ ਬਦਨ, ਰੰਗ ਦੁੱਧ ਵਿਚ ਘੁਲਿਆ ਸੰਧੂਰ, ਹਰਕਤਾਂ ਛੂਈ-ਮੂਈ, ਹਾਸਾ ਮਕਈ ਦੇ ਫ਼ੁੱਲਿਆਂ ਜਿਹਾ।"**4**

ਕਹਾਣੀਕਾਰ ਵੱਲੋਂ ਕੀਤਾ ਗਿਆ ਪਾਤਰਾਂ ਦਾ ਅਜਿਹਾ ਸਰੀਰਕ ਵਰਣਨ ਕਹਾਣੀ ਨੂੰ ਰਸਦਾਇਕ ਬਣਾਉਂਦਾ ਹੈ ਤੇ ਪਾਤਰਾਂ ਦੇ ਸ੍ਰੈਨਿਕ ਕਿਰਦਾਰ ਵੱਲ ਇਸ਼ਾਰਾ ਵੀ ਕਰਦਾ ਹੈ। ਵਰਣਨ ਦੀ ਰਸਦਾਇਕਤਾ ਕਹਾਣੀ ਦਾ ਅਹਿਮ ਗੁਣ ਹੈ। ਇਨ੍ਹਾਂ ਵਰਣਨੀ ਇਸ਼ਾਰਿਆਂ ਦੁਆਰਾ ਕਹਾਣੀ ਅੱਗੇ ਤੁਰਦੀ ਮਹਿਸੂਸ ਹੁੰਦੀ ਹੈ। ਇਹ ਕਹਾਣੀਕਾਰ ਦੀ ਸ਼ੈਲੀ ਦਾ ਪ੍ਰਭਾਵੀ ਲੱਛਣ ਹੈ। ਗੁਰੀਏ ਤੇ ਨੀਲੂ ਵਿਚ ਹੋਰ ਵੀ ਬਥੇਰੇ ਅੰਤਰ ਹਨ। ਗੁਰੀਆ ਐਮ.ਏ., ਬੀ.ਐੱਡ. ਤੇ ਨੀਲੂ ਬੀ.ਏ. ਪਾਸ਼ ਹੈ। ਗੁਰੀਏ ਦਾ ਸ਼ਹਿਰ ਵਿਚ ਜੱਦੀ ਮਕਾਨ ਹੈ ਤੇ ਉਹ ਸ਼ਵਰਗਵਾਸ਼ੀ ਪੁਲਸ਼ੀਏ ਦਾ ਪੁੱਤ ਹੈ। ਪਰ ਦੂਜੇ ਪਾਸ਼ੇ ਨੀਲੂ ਦੀ ਮਾਂ ਵਿਧਵਾ ਹੋਣ ਦੇ ਨਾਲ-ਨਾਲ ਚਾਰ ਕੁੜੀਆਂ ਦਾ ਬੋਝ ਲਈ ਬੈਠੀ ਹੈ। ਗੁਰੀਏ ਤੇ ਨੀਲੂ ਦੀ ਜਾਣ-ਪਛਾਣ ਇਕੋ ਸ਼ਕੂਲ ਵਿਚ ਪੜ੍ਹਾਉਣ ਕਰਕੇ ਬਣਦੀ ਹੈ। ਗੁਰੀਆ ਨੀਲੂ ਨੂੰ ਵਰਤਣਾ ਚਾਹੁੰਦਾ ਹੈ ਪਰ ਨੀਲੂ ਉਸਦੀ ਚਲਾਕੀ ਭਾਂਪ ਜਾਂਦੀ ਹੈ ਤੇ ਆਪਣੀ ਮਾਂ ਦੀ ਸ਼ਲਾਹ ਨਾਲ ਉਸਦੇ ਅੱਗੇ ਵਿਆਹ ਦੀ ਤਜਵੀਜ ਰੱਖ ਦੇਂਦੀ ਹੈ। ਗੁਰੀਆ ਦੁਚਿੱਤੀ ਵਿਚ ਪੈ ਜਾਂਦਾ ਹੈ। ਇਸੇ ਦਰਮਿਆਨ ਉਸਦੀ ਬਦਲੀ ਕਿਸ਼ੇ ਹੋਰ ਸ਼ਕੂਲ ਵਿਚ ਹੋ ਜਾਂਦੀ ਹੈ ਪਰ ਨੀਲੂ ਉਸਦੇ ਮਨ ਵਿਚੋਂ ਕਦੇ ਨਹੀਂ ਖੁੰਝਦੀ।

ਕਹਾਣੀਕਾਰ ਨੇ ਗੁਰੀਏ ਦੇ ਪਾਤਰ ਰਾਹੀਂ ਇਹ ਸ਼ਾਰਾ ਬਿਰਤਾਂਤ ਸ਼ਿਰਜਿਆ ਹੈ। ਪਿੱਛਲਝਾਤੀ ਵਿਧੀ ਵਰਤ ਕੇ ਬੀਤੇ ਦੀਆਂ ਯਾਦਾਂ ਤਾਜੀਆਂ ਕੀਤੀਆਂ ਹਨ। ਦੁਬਾਰਾ ਫਿਰ ਗੁਰੀਏ ਦੇ ਬੱਸੋਂ ਉਤਰਦਿਆਂ ਹੀ ਕਹਾਣੀ ਅੱਗੇ ਤੁਰ ਪੈਂਦੀ ਹੈ। ਬਿਰਤਾਂਤਕਾਰ ਨੇ ਉਸ ਵੇਲੇ ਦਾ ਬਿਰਤਾਂਤ ਸਿਰਜਿਆ ਹੈ ਜਦੋਂ ਗੁਰੀਆ ਵਿਆਹ ਤੋਂ ਬਾਅਦ ਪਹਿਲੀ ਵਾਰ ਸਹੁਰੇ ਘਰ ਜਾਂਦਾ ਹੈ। ਉਸਦਾ ਪਹਿਰਾਵਾ ਤੇ ਰੰਗ-ਢੰਗ ਵੇਖ ਕੇ ਪਿੰਡ ਵਾਲੇ ਤੇ ਸਹੁਰੇ ਪਰਿਵਾਰ ਵਾਲੇ ਹੈਰਾਨ ਹੁੰਦੇ ਹਨ। ਪਰ ਗੁਰੀਏ ਦਾ ਸ਼ਾਤਰ ਮਨ ਨੀਲੂ ਦੀਆਂ ਭੈਣਾਂ ਨੂੰ ਹੀ ਨਿਹਾਰਦਾ ਰਹਿੰਦਾ ਹੈ। ਗੁਰੀਆ ਉਦੋਂ ਗੁੱਸੇ ਵਿਚ ਆਉਂਦਾ ਹੈ ਜਦੋਂ ਨੀਲੂ ਦੀਆਂ ਭੈਣਾਂ ਗੀਤਾਂ-ਰਸਮਾਂ ਮੁਤਾਬਕ ਉਸ ਨਾਲ ਮਜ਼ਾਕ ਕਰਦੀਆਂ ਹਨ। ਉਹ ਨੀਲੂ ਨੂੰ ਲੈ ਕੇ ਸਹੁਰੇ ਘਰੋਂ ਨਾਰਾਜ਼ ਹੋ ਕੇ ਚਲੇ ਜਾਂਦਾ ਹੈ।

ਚਾਰ ਸਾਲ ਬਾਅਦ ਉਹੋ ਗੁਰੀਆ ਹੁਣ ਦੁਬਾਰਾ ਆਪਣੀ ਮਜਬੂਰੀ-ਵੱਸ ਜਾਂ ਇੱਛਾ-ਵੱਸ ਨੀਲੂ ਦੀ ਭੈਣ ਸੀਤੋ ਨੂੰ ਆਪਣੇ ਘਰ ਲੈ ਜਾਣ ਲਈ ਆਉਂਦਾ ਹੈ। ਉਹ ਇਸ ਗੱਲ ਤੋਂ ਵੀ



ਵਾਕਿਫ਼ ਹੈ ਕਿ ਉਹ ਇਸ ਪਰਿਵਾਰ ਨਾਲ ਵਧੀਆ ਵਿਹਾਰ ਨਹੀਂ ਕਰਦਾ ਰਿਹਾ ਸੀ। ਸਭ ਕੁਝ ਦੇ ਬਾਵਜੂਦ ਉਹ ਨੀਲੂ ਦੇ ਪਰਿਵਾਰ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਸੀਤੋ ਨੂੰ ਨਾਲ ਲੈ ਕੇ ਜਾਣਾ ਚਾਹੁੰਦਾ ਹੈ। ਪਰ ਨੀਲੂ ਦੀ ਮਾਂ ਉਸਦੀ ਬੀਮਾਰੀ ਤੋਂ ਜਾਣੂ ਹੈ, ਇਸੇ ਕਰਕੇ ਉਹ ਗੁਰੀਏ ਦੀ ਸ਼ਾਤਰੀ ਨਹੀਂ ਚੱਲਣ ਦਿੰਦੀ ਤੇ ਉਸਨੂੰ ਸ਼ਰਮਿੰਦਾ ਕਰਕੇ ਘਰੋਂ ਕੱਢ ਦਿੰਦੀ ਹੈ। "ਮੱਚਦੀ ਜੀਵੀ ਨੇ ਬਾਂਹ ਵਧਾ ਕੇ ਗੁਰੀਏ ਦਾ ਮੋਢਾ ਛੋਹਿਆ। ਕੁੱਤਿਆਂ ! ਹਰ ਬੰਦੇ ਦੇ ਐਥੇ ਬੈਠੇ ਹੁੰਦੇ ਐ ਜਮ। ਚਿਤਰ ਤੇ ਗੁਪਤ। ਜਿਹੜੇ ਪਾਪ ਲਿਖਦੇ ਐ ਬੰਦੇ ਦੇ। ਪਰ ਮਾਂ ਦੇ ਮੋਢਿਆਂ 'ਤੇ ਨਹੀਂ ਬੈਠਦੇ। ਉੱਡਦੇ ਐ ਹਵਾ 'ਚ ਪਲ-ਪਲ ਦੀ ਖ਼ਬਰ ਦਿੰਦੇ ਐ ਮਾਂ ਦੀ ਆਂਦਰ ਨੂੰ ...।"**5**

ਗੁਰੀਆ ਭ੍ਰਾਂਤੀ ਦਾ ਸ਼ਿਕਾਰ ਹੈ। ਭ੍ਰਾਂਤੀ ਸਥਿਤੀ ਦੀ ਅਸਲੋਂ ਬੇਖ਼ਬਰੀ ਹੈ। ਵਿਡੰਬਨਾਮਈ ਸਥਤੀ ਲਈ ਬੇਖ਼ਬਰੀ ਲਾਜਮੀ ਸ਼ਰਤ ਹੈ। ਜਾਣ ਬੁਝ ਕੇ ਸਹੇੜਿਆ ਦੁੱਖ ਇਸੇ ਲਈ ਵਿਡੰਬਨਾ ਨਹੀਂ ਬਣਦਾ। ਇਸ ਦੇ ਉਲਟ ਪਾਖੰਡ ਇੱਛਾ ਦੀ ਪੂਰਤੀ ਲਈ ਜਾਣ-ਬੁਝ ਕੇ ਦਿੱਤਾ ਜਾਣ ਵਾਲਾ ਧੋਖਾ ਹੈ। ਧੋਖਾ ਕਿਉਂਕਿ ਨਿੰਦਣਯੋਗ ਸੰਕਲਪ ਹੈ, ਇਸ ਲਈ ਕੇਵਲ ਵਿਅੰਗ ਦਾ ਵਿਸ਼ਾ ਬਣ ਸਕਦਾ ਹੈ, ਵਿਡੰਬਨਾ ਦਾ ਨਹੀਂ। ਗੁਰੀਏ ਦੀ ਸਥਿਤੀ ਭ੍ਰਾਂਤੀਮੂਲਕ ਹੈ। ਉਹ ਨੀਲੂ ਦੀ ਬੀਮਾਰੀ ਦੀ ਆੜ ਵਿਚ ਸੱਤੀ ਨੂੰ ਵਰਗਲਾਉਣਾ ਚਾਹੁੰਦਾ ਹੈ ਪਰ ਸਿੱਟਾ ਇਸਦੇ ਉਲਟ ਨਿਕਲਦਾ ਹੈ, ਜਿਸ ਨੂੰ ਉਹ ਭੋਗਦਾ ਤਾਂ ਹੈ ਪਰ ਇਸ ਬਾਰੇ ਸੁਚੇਤ ਨਹੀਂ ਹੁੰਦਾ।

ਕਿਰਪਾਲ ਕਜਾਕ ਦੀ ਕਹਾਣੀ 'ਲਾਜਮਾ' ਵੀ ਉੱਤਮ-ਪੁਰਖੀ ਬਿਰਤਾਂਤ ਸ਼ੈਲੀ ਵਿਚ ਲਿਖੀ ਗਈ ਹੈ। ਕਹਾਣੀ ਦਾ ਆਰੰਭ ਭਾਵੇਂ ਵਰਤਮਾਨ ਸਮੇਂ ਤੋਂ ਹੋਇਆ ਹੈ ਪਰੰਤੂ ਸਾਰਾ ਬਿਰਤਾਂਤ ਪਿੱਛਲ-ਝਾਤੀ ਜੁਗਤ ਰਾਹੀਂ ਪੇਸ਼ ਹੋਇਆ ਹੈ। ਨਾਇਕ ਦਾ ਪਰਿਵਾਰ ਦੇਸ਼ ਵੰਡ ਵੇਲੇ ਪਾਕਿਸਤਾਨ ਤੋਂ ਉੱਜੜ ਕੇ ਇਧਰ ਆਇਆ ਸੀ। ਪਾਕਿਸਤਾਨ ਰਹਿੰਦਿਆਂ ਉਸ ਦਾ ਬਾਪ ਸਰਾਫ਼ ਦਾ ਕੰਮ ਕਰਦਾ ਸੀ ਪਰ ਵੰਡ ਤੋਂ ਬਾਅਦ ਕਬਾੜੀਆ ਬਣ ਕੇ ਰਹਿ ਗਿਆ। ਨਾਇਕ ਕੰਮਚੋਰ, ਆਲਸ ਆਸ਼ਕ ਤੇ ਪੈਸ਼ੇ ਉਡਾਉਣ ਦੀ ਰੁਚੀ ਰੱਖਦਾ ਹੈ। ਉਹ ਧੋਬੀ ਦੀ ਕੁੜੀ ਨੈਨਸ਼ੀ ਨੂੰ ਪਸ਼ੰਦ ਕਰਦਾ ਹੈ ਪਰ ਉਸਨੂੰ ਘਰੋਂ ਭਜਾਉਣ ਵਿਚ ਅਸ਼ਫ਼ਲ ਰਹਿੰਦਾ ਹੈ। ਉਸ ਨੂੰ ਬਾਪ ਵੱਲੋਂ ਬੇਦਖਲੀ ਦੀ ਚਿਤਾਵਨੀ ਮਿਲ ਜਾਂਦੀ ਹੈ। ਉਹ ਮਾਪਿਆਂ ਦੀ ਰਜਾ ਵਿਚ ਰਹਿਣ ਨੂੰ ਠੀਕ ਸਮਝਦਾ ਹੈ। ਬਾਪ ਦਾ ਕੰਮ-ਕਾਰ ਸੰਭਾਲਦਾ ਤੇ ਉਨ੍ਹਾਂ ਦੀ ਮਰਜੀ ਨਾਲ ਵਿਆਹਿਆ ਜਾਂਦਾ ਹੈ। ਇਸ ਕਹਾਣੀ ਵਿਚਲਾ ਨਾਇਕ ਵੀ ਆਪਣੀ ਪਤਨੀ ਦੀ ਭੈਣ ਵੱਲ ਖਿੱਚ ਰੱਖਦਾ ਹੈ। ਉਹ ਗਾਹੇ-ਬਗਾਹੇ ਆਪਣੀ ਪਤਨੀ ਰੂਪੀ ਦੀ ਭੈਣ ਸਿਮਰ ਨੂੰ ਪਾਉਣਾ ਚਾਹੁੰਦਾ ਹੈ। ਉਸਦਾ ਰਾਹ ਉਦੋਂ ਪੱਧਰਾ ਹੁੰਦਾ ਹੈ ਜਦੋਂ ਉਸਨੂੰ ਮਾਪਿਆਂ ਵੱਲੋਂ ਇਸ ਗੱਲ ਦੀ ਸਹਿਮਤੀ ਮਿਲਦੀ ਹੈ ਕਿ ਸਿਮਰ ਨੂੰ ਨਾਨਕੇ ਘਰੋਂ ਆਪਣੇ ਘਰ ਲਿਆ ਕੇ ਰੱਖ ਲਿਆ ਜਾਵੇ। ਸਿਮਰ ਤਾਂ ਨਿਥਾਵੀਂ, ਨਿਆਸਰੀ ਤੇ ਅਨਾਥ ਸੀ। ਸਿਮਰ ਨਾਇਕ ਦੀ ਚਲਾਕੀ ਭਾਂਪ ਜਾਂਦੀ ਹੈ ਤੇ ਆਪਣਾ-ਆਪ ਬਚਾਉਣ ਵਿਚ ਸਫਲ ਰਹਿੰਦੀ ਹੈ। ਥੋੜ੍ਹੇ ਸਮੇਂ ਬਾਅਦ ਸਿਮਰ ਲਈ ਵਧੀਆ ਰਿਸ਼ਤਾ ਮਿਲ ਜਾਂਦਾ ਹੈ ਤੇ ਉਹ ਮਹੇਸ਼ ਨਾਲ ਵਿਆਹੀ ਜਾਂਦੀ ਹੈ। ਨਾਇਕ ਦਾ ਰਸਤਾ ਉਸ ਵੇਲੇ ਸਾਫ਼ ਹੁੰਦਾ ਹੈ ਜਦੋਂ ਮਹੇਸ਼ ਦੀ ਆਰਥਿਕ ਹਾਲਤ ਮੰਦੀ ਪੈ ਜਾਂਦੀ ਹੈ। ਮਹੇਸ਼ ਦੀ ਮੌਤ ਤੋਂ ਬਾਅਦ ਸਿਮਰ ਨਾਇਕ ਦੇ ਹੱਥਾਂ ਦੀ ਕਠਪੁਤਲੀ ਬਣ ਜਾਂਦੀ ਹੈ। ਇਸ ਕਹਾਣੀ ਦਾ ਨਾਇਕ ਵੀ ਆਪਣੀਆਂ ਸਾਜਿਸ਼ਾਂ ਨੂੰ ਉਹਲੇ ਵਿਚ ਰੱਖਣ ਦੀ ਕੋਸ਼ਿਸ਼ ਕਰਦਾ ਹੈ ਪਰ ਕਹਾਣੀ ਦੇ ਅੰਤ ਉਤੇ ਉਸਦੀ ਹੈਰਾਨੀ ਦੀ ਹੱਦ ਨਹੀਂ ਰਹਿੰਦੀ ਜਦੋਂ ਉਸਨੂੰ ਪਤਾ ਲੱਗਦਾ ਹੈ ਕਿ ਉਸਦੀ ਪਤਨੀ ਸਾਰਾ ਕੁਝ ਜਾਣਦੀ ਹੈ। ਇਸ ਕਹਾਣੀ ਦਾ ਨਾਇਕ ਵੀ ਅੰਤ ਤੇ ਆਪਣੀ ਕੀਤੀ 'ਤੇ ਸ਼ਰਮਸ਼ਾਰ ਹੁੰਦਾ ਹੈ। ਸਿਮਰ ਉਸਨੂੰ ਆਖਦੀ ਹੈ, "ਲਾਜਮੇ ਬਾਰੇ ਪਤਾ ਹੈ ਕੁਝ ?... ਬਸ ਤੇਰੇ

ਵਰਗਿਆਂ ਲਈ ਦੂਜੀ ਔਰਤ ਲਾਜਮੇ ਤੋਂ ਵੱਧ ਕੁਝ ਵੀ ਨਹੀਂ... ਲਾਜਮੇ ਨਾਲ ਕਦੇ ਕਿਸੇ ਦਾ ਢਿੱਡ ਨਹੀਂ ਭਰਦਾ। ਅੱਜ ਤੋਂ ਬਾਦ ਆਪਣੀ ਥਾਲੀ ਦੀ ਰੋਟੀ ਖਾਹ ਤੇ ਮੈਨੂੰ ਖਾਣ ਦੇਹ।"[6]

ਕਹਾਣੀਕਾਰ ਨੇ ਔਰਤ ਦੇ ਰਵਾਇਤੀ ਦਾਬੂ ਬਿੰਬ ਨੂੰ ਤੋੜ ਕੇ ਉਸਦਾ ਨਵਾਂ ਚੇਤਨ ਬਿੰਬ ਸਿਰਜਿਆ ਹੈ। ਉਹ ਔਰਤ-ਮਰਦ ਸੰਬੰਧਾਂ ਦੀ ਪੇਸ਼ਕਾਰੀ ਕਰਦਿਆਂ ਇਸਤਰੀ ਦੀ ਕੁਦਰਤੀ ਹੋਂਦ ਅਤੇ ਸਮਾਜਿਕ ਸਥਾਪਤੀ ਵਿਚਕਾਰਲੇ ਤਣਾਵਾਂ ਨੂੰ ਪੇਸ਼ ਕਰਦਾ ਹੈ। 'ਲਾਜਮਾ' ਕਹਾਣੀ ਸਥਾਪਤ ਰਿਸ਼ਤਿਆਂ ਅਤੇ ਮਰਦਾਵੀਂ ਸੋਚ ਉੱਤੇ ਸਵਾਲ ਖੜ੍ਹੇ ਕਰਦੀ ਹੈ।

ਸਮਕਾਲੀ ਕਹਾਣੀ ਮਨੁੱਖੀ ਮਨ ਦੀਆਂ ਗੁੰਝਲਾਂ ਦੀ ਸ਼ਹਿਜ ਪੇਸ਼ਕਾਰੀ ਹੈ। ਇਹ ਦਲਿਤ ਜੀਵਨ-ਯਥਾਰਥ ਨੂੰ ਪੰਜਾਬ ਦੇ ਸਭਿਆਚਾਰਕ ਅਤੇ ਲੋਕਧਾਰਾਈ ਅਵਚੇਤਨ ਤੋਂ ਪਰਿਭਾਸ਼ਤ ਕਰਦੀ ਹੈ। ਸਮਕਾਲੀ ਪੰਜਾਬੀ ਕਹਾਣੀ ਵਿਚ ਭਗਵੰਤ ਰਸੂਲਪੁਰੀ ਦਾ ਨਾਂ ਉਹਨਾਂ ਪ੍ਰਸਿੱਧ ਕਹਾਣੀਕਾਰਾਂ ਵਿਚ ਸ਼ਾਮਲ ਹੈ, ਜਿਹੜੇ ਜ਼ਿੰਦਗੀ ਦੀ ਸੰਘਣੀ ਉਦਾਸੀ ਨੂੰ ਜ਼ਿੰਦਗੀ ਦੇ ਸਦੀਵੀ ਜਸ਼ਨ ਦੇ ਪ੍ਰਸੰਗ ਵਿਚ ਵੇਖਣਾ ਅਤੇ ਨਿਹਾਰਨਾ ਲੋਚਦੇ ਹਨ। ਲੇਖਕ ਨੇ ਚਾਨਣ ਦੀ ਲੀਕ, ਮੈਂ ਸ਼ਤਾਨ ਤੇ ਇੰਦੂਮਣੀ, ਤੀਜਾ ਨੇਤਰ, ਮਰਨ ਰੁੱਤ ਆਦਿ ਸੰਗ੍ਰਹਿਆਂ ਰਾਹੀਂ ਨਵੀਂ ਪੀੜ੍ਹੀ ਦੇ ਕਹਾਣੀਕਾਰਾਂ ਵਿਚ ਆਪਣੀ ਪਛਾਣ ਕਾਇਮ ਕੀਤੀ ਹੈ। ਹੱਥਲੀ ਕਹਾਣੀ 'ਕੁੰਭੀ ਨਰਕ' ਰਾਹੀਂ ਉਹ ਆਪਣੀ ਕਥਾ-ਵਸਤੂ, ਬਿਰਤਾਂਤ ਵਿਧੀ ਅਤੇ ਰਚਨਾ-ਦ੍ਰਿਸ਼ਟੀ ਵਿਚ ਵਿਕਾਸ ਕਰਦਾ ਹੈ। ਉਸਦੀ ਕਥਾ-ਵਸ਼ਤੂ ਦਾ ਆਧਾਰ ਸ਼ਮਾਜਕ ਤੌਰ'ਤੇ ਹਾਸ਼ੀਆ-ਗ੍ਰਸ਼ਤ ਲੋਕ ਹਨ। 'ਕੁੰਭੀ ਨਰਕ' ਕਹਾਣੀ ਦਾ ਆਰੰਭ ਵਾਰਤਾਲਾਪੀ ਜੁਗਤ ਨਾਲ ਹੋਇਆ ਹੈ। ਬਿਰਤਾਂਤਕਾਰ ਉੱਤਮ-ਪੁਰਖੀ ਬਿਰਤਾਂਤ-ਸ਼ੈਲੀ ਰਾਹੀਂ ਆਪਣੀ ਮਾਂ 'ਸ਼ਾਂਤੀ' ਦੀ ਜਾਣ-ਪਛਾਣ ਕਰਾਉਂਦਿਆਂ ਪਿੱਛਲ-ਝਾਤੀ ਜੁਗਤ ਦੀ ਵਰਤੋਂ ਵੀ ਕਰਦਾ ਹੈ। ਉਹ ਸ਼ਾਂਤੀ ਨਾਲ ਸੰਬੰਧਿਤ ਕੁਝ ਘਟਨਾਵਾਂ ਤੇ ਵੇਰਵੇ ਦਿੰਦਾ ਹੈ। ਬਿਰਤਾਂਤਕਾਰ ਦੀ ਮਾਂ ਸ਼ਾਂਤੀ ਮੈਲਾ ਢੋਣ ਵਾਲੇ ਪਰਿਵਾਰ ਨਾਲ ਸੰਬੰਧਿਤ ਔਰਤ ਸੀ। ਲੇਖਕ ਨੇ ਇਸ ਕਹਾਣੀ ਰਾਹੀਂ ਭੂਤ, ਵਰਤਮਾਨ ਤੇ ਭਵਿੱਖ ਤਿੰਨੇ ਸਮੇਂ ਨਾਲ-ਨਾਲ ਪੇਸ਼ ਕੀਤੇ ਹਨ।

ਕਹਾਣੀ ਦੇ ਪ੍ਰਸੰਗ ਅਨੁਸਾਰ ਉਸਦੇ ਪਿੰਡ ਸਹਿਮ-ਕੁੱਲੀਆਂ ਵਿਚ ਸੰਨ-ਸੰਤਾਲੀ ਵਿਚ ਬਾਲਮੀਕੀ ਮੰਦਰ ਬਣ ਗਿਆ। ਪਹਿਲਾਂ ਤਾਂ ਅਰਾਈਆਂ ਵੱਲੋਂ ਇਸ ਮੰਦਰ ਦਾ ਵਿਰੋਧ ਕੀਤਾ ਗਿਆ ਪਰ ਬਾਲਮੀਕੀ ਬਰਾਦਰੀ ਦਾ ਇਕੱਠ ਹੋਣ ਕਰਕੇ ਸਾਰੇ ਚੁੱਪ ਕਰ ਗਏ। ਉਸ ਵੇਲੇ ਪਿੰਡ ਵਿਚ ਤਿੰਨ ਸ਼੍ਰੇਣੀਆਂ ਬਾਲਮੀਕੀ, ਮਜ਼ਬੀ ਸਿੱਖ ਤੇ ਚਰਚ ਜਾਣ ਵਾਲੇ ਮਸੀਹਾਂ ਦੀਆਂ ਮੌਜੂਦ ਸਨ। ਇਸੇ ਬਰਾਦਰੀ ਵਿਚੋਂ ਇਕ ਜਣਾ ਰਾਮੂ ਤੋਂ ਰਾਮ ਸਿੰਘ ਭੱਟੀ ਬਣ ਗਿਆ। ਉਸਨੇ ਮੈਲਾ ਢੋਣ ਵਾਲਾ ਕੰਮ ਬੰਦ ਕਰਾ ਕੇ ਲੋਕਾਂ ਨੂੰ ਜਿਮੀਂਦਾਰਾਂ ਦੇ ਖੇਤਾਂ ਵਿਚ ਕੰਮ ਦਿਵਾ ਦਿੱਤਾ। ਇਸ ਤਰ੍ਹਾਂ ਮਜ਼ਬੀ ਸਿੱਖ ਸਰਦਾਰ ਬਣ ਗਏ। ਇਨ੍ਹਾਂ ਨੇ ਆਪਣੇ ਗੁਰਦੁਆਰੇ ਵੀ ਵੱਖਰੇ ਕਰ ਲਏ। ਜਲੰਧਰ ਦੀ ਕਾਰਪੋਰੇਸ਼ਨ ਦੀ ਸਫ਼ਾਈ ਯੂਨੀਅਨ ਦਾ ਪ੍ਰਧਾਨ ਕਾਲਾ ਹੀ ਇਨ੍ਹਾਂ ਦੀ ਅਗਵਾਈ ਕਰਦਾ ਸੀ। ਇਸੇ ਦਰਮਿਆਨ ਮਜ਼ਬੀ ਸਿੱਖਾਂ ਨੇ ਬਾਲਮੀਕੀਆਂ ਨਾਲੋਂ ਆਪਣੀ ਸਾਂਝ ਤੋੜ ਲਈ। ਜਲੰਧਰ ਕੈਂਟ ਦੇ ਰੇਲਵੇ ਸਟੇਸ਼ਨ 'ਤੇ ਕੂੜਾ ਚੁੱਕਣ ਵਾਲਾ ਰਾਜਨ ਆਪਣੇ-ਆਪ ਨੂੰ ਮਸੀਹ ਆਖਦਾ ਸੀ ਤੇ ਉਹ ਚਰਚ ਜਾਣ ਵਾਲਿਆਂ ਦੀ ਅਗਵਾਈ ਕਰਦਾ। ਬਿਰਤਾਂਤਕਾਰ ਦਾ ਸੰਬੰਧ ਬਾਲਮੀਕੀ ਪਰਿਵਾਰ ਨਾਲ ਸੀ ਜੋ ਗੁਰੂ ਲਾਲ ਬੇਗ ਨੂੰ ਪੂਜਦੇ ਸਨ। ਕਾਲੇ ਪ੍ਰਧਾਨ ਨੇ ਜਦੋਂ ਰਿਸ਼ੀ ਬਾਲਮੀਕ ਦਾ ਜਨਮ ਦਿਨ ਮਨਾਇਆ ਤਾਂ ਹੌਲੀ-ਹੌਲੀ ਬਾਲਮੀਕੀ ਜੈਯੰਤੀ ਬਣ ਗਈ।

ਕਹਾਣੀ ਵਿਚ ਘਟਨਾ ਉਦੋਂ ਵਾਪਰਦੀ ਹੈ ਜਦੋਂ ਸ਼ਾਂਤੀ ਦੀ ਮੌਤ ਹੋ ਜਾਣ ਬਾਅਦ ਉਸ ਨੂੰ ਸ਼ਮਸ਼ਾਨ ਘਾਟ ਵਿਚ ਸਾੜਨ ਸੰਬੰਧੀ ਵਿਤਕਰਾ ਤੇ ਭੇਦਭਾਵ ਕੀਤਾ ਜਾਂਦਾ ਹੈ। ਮਜ਼ਬੀ ਸਿੱਖ ਤੇ



ਮਸੀਹ ਸ਼ਮਸ਼ਾਨਘਾਟ ਨੂੰ ਦੋ ਹਿੱਸਿਆਂ ਵਿਚ ਵੰਡ ਚੁੱਕੇ ਸ਼ਨ ਤੇ ਬਾਲਮੀਕੀਆਂ ਨੂੰ ਮੁਰਦਾ ਸਾੜਨ ਦੀ ਮਨਾਹੀ ਕੀਤੀ ਗਈ। ਪੁਲਿਸ ਦੀ ਮੌਜੂਦਗੀ ਵਿਚ ਸ਼ਾਂਤੀ ਦਾ ਸਸਕਾਰ ਉਥੇ ਕਰ ਦਿੱਤਾ ਗਿਆ ਪਰ ਭੇਦਭਾਵ ਵਾਲੀ ਗੱਲ ਨਾਇਕ ਦੇ ਮਨੋਂ ਨਿਕਲ ਨਾ ਸਕੀ।

ਕਹਾਣੀ ਦਾ ਨਾਇਕ ਭਾਵੇਂ ਪੜ੍ਹ ਲਿਖ ਕੇ ਕਾਰਪੋਰੇਸ਼ਨ ਦਫ਼ਤਰ ਵਿਚ ਸਕੱਤਰ ਦੇ ਅਹੁਦੇ ਤੱਕ ਪਹੁੰਚ ਜਾਂਦਾ ਹੈ ਪਰ ਉਸਦੇ ਮਨੋਂ ਆਪਣੀ ਮੈਲਾ ਢੋਣ ਵਾਲੀ ਮਾਂ ਸ਼ਾਂਤੀ ਦਾ ਬਿੰਬ ਕਦੇ ਨਹੀਂ ਟੁੱਟਦਾ। ਲੋਕ ਵੀ ਉਸਨੂੰ ਬਾਲਮੀਕੀ ਹੋਣ ਦਾ ਅਹਿਸਾਸ ਕਰਾਈ ਰੱਖਦੇ ਹਨ। ਉਸਦਾ ਬੌਸ ਆਖਦਾ ਹੈ, "ਤੁਸੀਂ ਪੀੜ੍ਹੀਆਂ ਤੋਂ ਏਸ ਕੁੰਭੀ ਨਰਕ ਵਿਚ ਫ਼ਸੇ ਹੋਏ ਓ... ਤੁਸੀਂ ਆਪ ਹੀ ਨਿਕਲਣਾ... ਕਿਸੇ ਨੇ ਤੁਹਾਡੀ ਬਾਂਹ ਨਹੀਂ ਫ਼ੜ੍ਹਨੀ।"[7]

ਉਹ ਆਪਣੇ ਬੌਸ਼ ਨਾਲ ਕੋਈ ਬਹਿਸ ਨਹੀਂ ਕਰ ਸਕਦਾ। ਇਸ ਕਰਕੇ ਇਥੇ ਹੀ ਕਹਾਣੀ ਦਾ ਅੰਤ ਹੋ ਜਾਂਦਾ ਹੈ। ਲੇਖਕ ਕਹਾਣੀ ਨੂੰ ਦਲਿਤ ਜੀਵਨ ਦੀ ਪੇਸ਼ਕਾਰੀ ਦਾ ਮਾਧਿਅਮ ਬਣਾ ਕੇ ਕਰੁਣਾ ਭਾਵ ਪੈਦਾ ਨਹੀਂ ਕਰਦਾ ਸਗੋਂ ਸੰਵਾਦ ਪੈਦਾ ਕਰਦਾ ਹੈ। ਇਸ ਕਹਾਣੀ ਨਾਲ ਦਲਿਤ ਚਿੰਤਨ ਵਿਚ ਇਕ ਬਹਿਸ ਅੱਗੇ ਤੁਰਦੀ ਹੈ।

ਬਦਲ ਰਹੇ ਵਕਤਾਂ ਵਿਚ ਸਾਹਿਤ ਦੇ ਸਰੋਕਾਰ ਵੀ ਬਦਲ ਰਹੇ ਹਨ। ਜਿੰਦਰ ਦੀ ਰਚਨਾ-ਦ੍ਰਿਸ਼ਟੀ ਪ੍ਰਗਤੀਵਾਦੀ, ਸ਼ਹਿਰੀ ਮੱਧਵਰਗੀ ਜੀਵਨ-ਜਾਂਚ, ਉਲਝੇ ਮਨੁੱਖੀ ਰਿਸ਼ਤੇ ਆਦਿ ਸਰੋਕਾਰਾਂ ਦੀ ਧਾਰਨੀ ਹੈ। ਸਮਕਾਲੀ ਪੰਜਾਬੀ ਕਹਾਣੀ ਦੀ ਸਿਰਜਨਾ ਵਿਚ ਜਿੰਦਰ ਮਨ ਦੀਆਂ ਪਰਤਾਂ ਫ਼ਰੋਲਣ ਤੇ ਖੋਹਲਣ ਵਾਲਾ ਕਹਾਣੀਕਾਰ ਹੈ। ਵਿਅਕਤੀ ਦੀ ਮਨੋਸਥਿਤੀ ਦੀ ਪੇਸ਼ਕਾਰੀ ਵੱਲ ਉਸਦਾ ਉਚੇਚਾ ਧਿਆਨ ਹੈ। ਅਧਿਐਨ ਆਧਾਰਿਤ ਕਹਾਣੀ 'ਵਿਦਾਅ' ਉੱਤਮ-ਪੁਰਖੀ ਬਿਰਤਾਂਤ ਸ਼ੈਲੀ ਵਿਚ ਹੈ। ਲੇਖਕ ਨੇ ਕਹਾਣੀ ਦਾ ਆਰੰਭ ਜਿਸ ਘਟਨਾ ਤੋਂ ਕੀਤਾ ਹੈ, ਪਿੱਛਲ-ਝਾਤੀ ਵਿਧੀ ਦੀ ਵਰਤੋਂ ਰਾਹੀਂ ਮੁੜ ਉਸੇ ਘਟਨਾ ਨਾਲ ਮੇਲ ਦਿੱਤਾ ਹੈ। ਬਿਰਤਾਂਤਕਾਰ ਨੇ ਦਫ਼ਤਰੀ ਸੇਵਾਦਾਰਨੀ ਰਣਜੀਤਾ ਦੇ ਕਿਰਦਾਰ ਨੂੰ ਪੇਸ਼ ਕਰਦਿਆਂ ਕਈ ਸਾਲ ਪੁਰਾਣੀਆਂ ਯਾਦਾਂ ਨੂੰ ਨਵਾਂ-ਨਕੋਰ ਕੀਤਾ ਹੈ।

ਰਣਜੀਤਾ ਨੇ ਸੇਵਾਦਾਰਨੀ ਬਣਨ ਲਈ ਕਈ ਮੁਸ਼ਕਿਲਾਂ ਦਾ ਸ਼ਾਹਮਣਾ ਕੀਤਾ। ਵਰਤਮਾਨ ਸ਼ਮੇਂ ਬਿਰਤਾਂਤਕਾਰ ਦਾ ਦਫ਼ਤਰ ਤੇ ਸੇਵਾਦਾਰਨੀ ਬਦਲ ਚੁੱਕੇ ਹਨ ਪਰ ਉਸ ਦੀਆਂ ਸਿਮਰਤੀਆਂ ਵਿਚੋਂ ਰਣਜੀਤਾ ਨਹੀਂ ਵਿਸਰਦੀ।

ਲੇਖਕ ਅਨੁਸਾਰ ਸਾਲ ਆਉਂਦੇ ਬਦਲਾਉ ਤੇ ਆਰਥਿਕ ਸੁਤੰਤਰਤਾ ਨੇ ਔਰਤ ਦੀ ਸੋਚ ਵਿਚ ਭਾਰੀ ਤਬਦੀਲੀ ਲਿਆਂਦੀ ਹੈ। ਅਸਲ ਵਿਚ ਔਰਤ ਮੋਹ-ਪਿਆਰ ਦੇ ਨਾਲ-ਨਾਲ ਬਰਾਬਰੀ ਦਾ ਹੱਕ ਵੀ ਚਾਹੁੰਦੀ ਹੈ। ਔਰਤ ਉੱਥੇ ਮਾਰ ਖਾਂਦੀ ਹੈ ਜਦੋਂ ਉਸਨੂੰ ਨੀਵਾਂ ਵਿਖਾਉਣ ਲਈ ਉਸਦੇ ਜਿਸਮ ਨੂੰ ਮੋਹਰਾ ਬਣਾਇਆ ਜਾਂਦਾ ਹੈ। ਅਜੋਕੀ ਔਰਤ ਆਪਣੀ ਸਮੁੱਚੀ ਮਨੁੱਖੀ ਹੋਂਦ ਵਿਚ ਵੇਖੀ ਜਾਣ ਦੀ ਚਾਹਵਾਨ ਹੈ। ਜਿੰਦਰ ਦੀ ਰਚਨਾ ਵਿਚ ਆਪਣੀਆਂ ਸੀਮਾਵਾਂ ਦੇ ਤੀਖਣ ਅਹਿਸਾਸ ਨੂੰ ਹੰਢਾਉਂਦੇ ਅਜੋਕੇ ਮਨੁੱਖ ਦੀ ਪੇਸ਼ਕਾਰੀ ਹੋਈ ਹੈ।

'ਹਾਊਸ ਵਾਈਫ' ਕਹਾਣੀ ਦਾ ਲੇਖਕ ਹਰਪ੍ਰੀਤ ਸ਼ੇਖਾ ਹੈ। ਹਰਪ੍ਰੀਤ ਸ਼ੇਖਾ ਪਰਵਾਸੀ ਪੰਜਾਬੀ ਕਹਾਣੀ ਦਾ ਮਹੱਤਵਪੂਰਨ ਕਥਾਕਾਰ ਹੈ। ਉਸਨੇ ਪਰਵਾਸ ਦੀ ਕਹਾਣੀ ਨੂੰ ਵਿਸ਼ੇ, ਰੂਪ ਅਤੇ ਦ੍ਰਿਸ਼ਟੀ ਪੱਖੋਂ ਰਵਾਇਤੀ ਮੁੱਦਿਆਂ ਦੀ ਗਹਿਰ ਵਿਚੋਂ ਬਾਹਰ ਕੱਢਿਆ ਹੈ। ਹੱਥਲੀ ਕਹਾਣੀ ਵਿਚ ਉਸਨੇ ਬਦਲ ਰਹੇ ਸਮੇਂ ਦੇ ਨਾਲ-ਨਾਲ ਤਬਦੀਲ ਹੋ ਰਹੀ ਮਨੁੱਖੀ ਮਾਨਸਿਕਤਾ ਦੀ ਪੇਸ਼ਕਾਰੀ ਕੀਤੀ ਹੈ। ਹਾਊਸ ਵਾਈਫ਼ ਜਾਂ ਘਰੇਲੂ ਔਰਤ ਦਾ ਪ੍ਰਸੰਗ ਔਰਤ ਹੀ ਹੈ ਪਰੰਤੂ ਜੇਕਰ ਕਿਸੇ ਮਰਦ

ਨੂੰ ਘਰੇਲੂ ਕੰਮਕਾਰ ਕਰਨੇ ਪੈਂਦੇ ਹਨ ਤਾਂ ਉਹ, ਹਾਊਸ ਹਸਬੈਂਡ ਜਾਂ ਘਰੇਲੂ ਮਰਦ ਅਖਵਾਉਣਾ ਪਸੰਦ ਨਹੀਂ ਕਰਦਾ। ਸਗੋਂ ਇਹੋ ਜਿਹੇ ਸ਼ਬਦ ਉਸ ਲਈ ਮਾਣ ਹਾਨੀ ਹਨ। ਹੱਥਲੀ ਕਹਾਣੀ ਦਾ ਮੁੱਖ ਪਾਤਰ ਮਨਮੀਤ ਆਪਣੀ ਪਤਨੀ ਦੇ ਜਰੀਏ ਪੰਜਾਬ ਤੋਂ ਕਨੇਡਾ ਤਾਂ ਪਹੁੰਚ ਜਾਂਦਾ ਹੈ। ਪਰ ਕੋਈ ਢੰਗ ਦਾ ਕੰਮ ਨਾ ਮਿਲਣ ਕਰਕੇ ਉਹ ਘਰੇਲੂ ਕੰਮਾਂ ਦੇ ਨਾਲ-ਨਾਲ ਆਪਣੇ ਬੱਚੇ ਨੂੰ ਵੀ ਸਾਰਾ ਦਿਨ ਸੰਭਾਲਦਾ ਹੈ। ਉਸਦੀ ਪਤਨੀ ਹਸਪਤਾਲ ਵਿਚ ਨੌਕਰੀ ਕਰਦੀ ਹੈ। ਉਨ੍ਹਾਂ ਦੀ ਸੋਚ ਸਾਂਝੀ ਹੈ, ਉਹ ਦੋਵੇਂ ਇਕ-ਦੂਜੇ ਨੂੰ ਸਮਝਦੇ ਹਨ। ਗ੍ਰਹਿਸਤੀ ਵਧੀਆ ਚੱਲਦੀ ਹੈ। ਪਰੰਤੂ ਕਹਾਣੀ ਦੇ ਮੱਧ ਵਿਚ ਕੁਝ ਅਜਿਹਾ ਵਾਪਰਦਾ ਹੈ ਕਿ ਦੋਵੇਂ ਇਕ ਦੂਜੇ ਤੋਂ ਟੁੱਟੇ ਰਹਿੰਦੇ ਹਨ। ਪਰ ਟੁੱਟਣ ਦੀ ਵਜਾਹ ਲੁਕੀ ਰਹਿੰਦੀ ਹੈ। ਇਹ ਵਜਾਹ ਉਦੋਂ ਸਾਹਮਣੇ ਆਉਂਦੀ ਹੈ ਜਦੋਂ ਮਨਮੀਤ ਦੇ ਮੂੰਹੋਂ ਨਿਕਲ ਜਾਂਦਾ ਹੈ ਕਿ, "ਜਸਦੇਵ ਆਖਦਾ ਸੀ ਕਿ ਤੇਰਾ ਤਾਂ ਕਨੇਡਾ ਆ ਕੇ ਸੈਕਸ ਚੇਂਜ ਹੋ ਗਿਆ ਲਗਦਾ... ਤੂੰ ਤਾਂ ਹਾਊਸ ਵਾਈਫ ਬਣ ਕੇ ਰਹਿ ਗਿਆ।"**8**

ਆਪਣੇ ਦੋਸਤ ਦੀ ਗੱਲ ਸੁਣਦਿਆਂ ਹੀ ਮਨਮੀਤ ਦਾ ਮਨ ਤੇ ਸੋਚ ਬਦਲ ਜਾਂਦੀ ਹੈ। ਉਹ ਆਪਣੇ-ਆਪ ਨੂੰ 'ਲੂਰ' ਸਮਝਣ ਲੱਗ ਜਾਂਦਾ ਹੈ ਤੇ ਦੁਚਿੱਤੀ ਦਾ ਸ਼ਿਕਾਰ ਹੋ ਜਾਂਦਾ ਹੈ। ਪਰ ਉਸਦੀ ਪਤਨੀ ਉਸ ਨੂੰ ਇਸ ਤਣਾਉ ਵਿਚੋਂ ਬਾਹਰ ਕੱਢ ਦਿੰਦੀ ਹੈ। ਉਹ ਆਖਦੀ ਹੈ, "ਕੰਮ ਜਾਂ ਬਿਜਨਿਸ ਤਾਂ ਜਣਾ-ਖਣਾ ਕਰ ਸਕਦਾ ਏ ਪਰ ਹਾਊਸ ਵਾਈਫ ਬਣ ਕੇ ਦਿਖਾਵੇ ਕੋਈ।"**9**

ਕਿਸੇ ਦੀ ਕਹੀ ਗੱਲ ਬੰਦੇ ਦੇ ਮਨ 'ਤੇ ਕਿੰਨਾ ਡੂੰਘਾ ਅਸਰ ਛੱਡ ਜਾਂਦੀ ਹੈ ਕਿ ਮਾਨਸਿਕ ਤਵਾਜਨ ਹੀ ਗੁਆਚ ਜਾਂਦਾ ਹੈ। ਉੱਤਮ-ਪੁਰਖੀ ਬਿਰਤਾਂਤ ਸ਼ੈਲੀ ਵਿਚ ਲਿਖੀ ਇਹ ਕਹਾਣੀ ਬੇਸ਼ੱਕ ਵਰਤਮਾਨ ਦੇ ਨਿੱਕੇ-ਨਿੱਕੇ ਵੇਰਵਿਆਂ ਤੋਂ ਆਰੰਭ ਹੁੰਦੀ ਹੈ ਪਰ ਇਕ ਤੋਂ ਵਧੇਰੇ ਵਾਰ ਪਿੱਛਲ-ਝਾਤੀ ਜੁਗਤ ਦੀ ਵਰਤੋਂ ਵੀ ਹੋਈ ਹੈ।

ਅਧਿਐਨ ਆਧਾਰਿਤ ਕਹਾਣੀ 'ਟੁਕੜੇ' ਪਰਵੇਜ ਸੰਧੂ ਦੀ ਰਚਨਾ ਹੈ। "ਪਰਵੇਜ ਸੰਧੂ ਦੇ ਦੋ ਕਹਾਣੀ-ਸੰਗ੍ਰਹਿ ਮੁੱਠੀ ਭਰ ਸੁਪਨੇ(1997) ਤੇ ਟਾਹਣੀਉਂ ਟੁੱਟੇ(2005) ਪ੍ਰਕਾਸ਼ਿਤ ਹਨ। ਪਰਵਾਸੀ ਔਰਤ ਦੀਆਂ ਚਾਹਤਾਂ ਅਤੇ ਦੁਬਿਧਾਵਾਂ ਨੂੰ ਉਸਨੇ ਪੂਰੀ ਸ਼ਿੱਦਤ ਨਾਲ ਮਹਿਸੂਸ ਕੀਤਾ ਤੇ ਕਲਾਤਮਕ ਗਲਪ-ਬਿੰਬ 'ਚ ਢਾਲਿਆ ਹੈ।"**10**

ਕਹਾਣੀ ਦਾ ਸਿਰਲੇਖ ਔਰਤ ਮਾਨਸਿਕਤਾ ਦਾ ਲਖਾਇਕ ਹੈ। ਇਹ ਕਹਾਣੀ ਔਰਤ ਦੀਆਂ ਸੱਧਰਾਂ-ਰੀਝਾਂ ਦੀ ਪੂਰਤੀ-ਅਪੂਰਤੀ ਦੀ ਪੇਸ਼ਕਾਰੀ ਹੈ। ਇਹ ਮਾਨਸਿਕ ਤ੍ਰਿਪਤੀ-ਅਤ੍ਰਿਪਤੀ ਦੀ ਕਹਾਣੀ ਹੈ। ਕਹਾਣੀ ਦੀ ਨਾਇਕਾ ਵਰਤਮਾਨ ਸਮਾਂ ਜਿਊਂਦੀ, ਭੂਤਕਾਲ ਹੰਢਾਉਂਦੀ ਤੇ ਭਵਿੱਖ ਲਈ ਫ਼ਿਕਰਮੰਦ ਹੈ। ਕਹਾਣੀ ਦਾ ਆਰੰਭ ਵਰਤਮਾਨ ਸਥਿਤੀਆਂ ਦੀ ਪੇਸ਼ਕਾਰੀ ਦੇ ਨਾਲ-ਨਾਲ ਪਿੱਛਲ-ਝਾਤੀ ਵਿਧੀ ਰਾਹੀਂ ਸਥਿਤੀ ਨੂੰ ਸਪੱਸ਼ਟ ਕਰਦਾ ਹੈ। ਇਹ ਕਹਾਣੀ ਮਨੁੱਖੀ ਮਾਨਸਿਕਤਾ ਤੇ ਉਸ ਦੀਆਂ ਜਟਿਲਤਾਵਾਂ ਨੂੰ ਖੋਲ੍ਹਣ ਦਾ ਉਪਰਾਲਾ ਕਰਦੀ ਹੈ। "ਕਹਾਣੀ ਘਟਨਾਵਾਂ ਦੀ ਲੜੀ ਹੈ ਪਰ ਇਹ ਘਟਨਾਵਾਂ ਮਨੁੱਖਾਂ ਨਾਲ, ਪਾਤਰਾਂ ਨਾਲ ਵਾਪਰਦੀਆਂ ਹਨ। ਭੌਤਿਕ ਰੂਪ ਵਿਚ ਬਾਹਰੀ ਪਦਾਰਥਕ ਸਮਾਜ ਵਿਚ ਵਿਚਰਦਿਆਂ ਇਨ੍ਹਾਂ ਘਟਨਾਵਾਂ ਦਾ ਸਥਲ ਬਾਹਰੀ ਜਗਤ ਵੀ ਹੈ ਅਤੇ ਮਨੁੱਖ ਦੇ ਅੰਦਰਲਾ ਸਥਲ ਵੀ। ਭਾਵ ਮਾਨਸਿਕ ਜਗਤ ਵੀ। ਮਨੁੱਖ ਦੇ ਅੰਦਰ ਜੋ ਕੁਝ ਵਾਪਰਦਾ ਜਾਂ ਘਟਦਾ ਹੈ ਉਹ ਬਾਹਰ ਦੀ ਦੁਨੀਆਂ ਤੋਂ ਮੂਲੋਂ ਹੀ ਸੁਤੰਤਰ ਨਹੀਂ। ਮਨੁੱਖੀ ਮਾਨਸਿਕਤਾ ਬਾਹਰੀ ਜਗਤ ਤੇ ਅੰਦਰਲੇ ਜਗਤ ਦੀ ਅੰਤਰ-ਕਿਰਿਆ ਤੋਂ ਜਨਮਦੀ ਹੈ।"**11**

ਔਰਤ ਨੂੰ ਆਪਣੇ ਪਤੀ ਦੇ ਪਿਆਰ ਤੇ ਸੁਰੱਖਿਆ ਦੀ ਲੋੜ ਅੰਤਹੀਣ ਹੱਦ ਤੱਕ ਰਹਿੰਦੀ ਹੈ। ਉਹ ਪਤੀ ਦਾ ਗੁੱਸਾ ਤੇ ਮਾਰ ਅਸਾਨੀ ਨਾਲ ਝੱਲ ਸਕਦੀ ਹੈ ਪਰ ਪਤੀ ਦੀ ਅਣਗਹਿਲੀ



ਕਦੇ ਬਰਦਾਸ਼ਤ ਨਹੀਂ ਕਰਦੀ। ਈਰਖਾ, ਨਫ਼ਰਤ, ਮਹੱਤਵ, ਅਕਾਂਖਿਆ ਆਦਿ ਔਰਤ ਦੀਆਂ ਸੁਭਾਵਕ ਵਿਸ਼ੇਸ਼ਤਾਵਾਂ ਹਨ, ਇਨ੍ਹਾਂ ਸਦਕਾ ਉਹ ਗਲਤੀਆਂ ਵੀ ਕਰਦੀ ਹੈ।

ਸਮਕਾਲੀ ਪੰਜਾਬੀ ਕਹਾਣੀ ਦੇ ਅੰਤਰਗਤ 'ਸਰਵਣ ਮਿਨਹਾਸ' ਦਾ ਨਾਂ ਵੀ ਕਹਾਣੀਕਾਰ ਵਜੋਂ ਚਰਚਾ ਵਿਚ ਹੈ। ਮਨੁੱਖੀ ਮਾਨਸਿਕਤਾ ਦੀ ਪੇਸ਼ਕਾਰੀ ਕਰਦੀ ਉਸਦੀ ਕਹਾਣੀ 'ਗਹਿਰ' ਹੈ। ਕਹਾਣੀ ਦਾ ਨਾਇਕ ਕਿੱਤੇ ਵਜੋਂ ਯੂਨੀਵਰਸਿਟੀ ਪ੍ਰੋਫ਼ੈਸਰ ਹੈ। ਨਾਇਕ ਅਮਰ ਆਪਣੇ ਕੰਮ ਪ੍ਰਤਿ ਸੁਹਿਰਦ ਹੈ। ਗ੍ਰਹਿਸਤੀ ਜੀਵਨ ਦੇ ਨਾਲ-ਨਾਲ ਉਸਦਾ ਲਗਾਵ ਆਪਣੀ ਵਿਦਿਆਰਥਣ ਸ਼ਰਨਜੀਤ ਨਾਲ ਵੀ ਹੈ। ਜਾਇਜ਼-ਨਾਜਾਇਜ਼ ਰਿਸ਼ਤਿਆਂ ਦੇ ਹੁੰਦਿਆਂ ਵੀ ਉਹ ਉਦਾਸ, ਇਕੱਲਾ ਤੇ ਅਧੂਰਾ ਮਹਿਸੂਸ ਕਰਦਾ ਹੈ। ਉਹ ਆਪਣੀ ਪਤਨੀ ਤੇ ਵਿਦਿਆਰਥਣ ਦੋਵਾਂ ਕੋਲੋਂ ਕੁਝ ਨਾ ਕੁਝ ਲੁਕਾਉਣ ਦੀ ਕੋਸ਼ਿਸ਼ ਵਿਚ ਰਹਿੰਦਾ ਹੈ। ਇਹ ਮਨੁੱਖੀ ਫ਼ਿਤਰਤ ਦਾ ਅਜਿਹਾ ਸੱਚ ਹੈ ਜੋ ਉਹ ਕੇਵਲ ਆਪਣੇ-ਆਪ ਨਾਲ ਹੀ ਵੰਡਾ ਸਕਦਾ ਹੈ। ਉਹ ਆਪਣੀ ਬੀਵੀ ਤੇ ਵਿਦਿਆਰਥਣ ਦੇ ਮੱਥੇ ਦੀ ਸ਼ਿਕਨ ਮਹਿਸੂਸ ਤਾਂ ਕਰਦਾ ਹੈ ਪਰ ਦੂਰ ਨਹੀਂ ਕਰ ਸਕਦਾ। ਮੁੱਖ ਪਾਤਰ ਦੁਬਿਧਾ ਦਾ ਸ਼ਿਕਾਰ ਹੈ। ਉਸ ਦੀਆਂ ਇਕੋ ਸਮੇਂ, ਇਕੋ ਵਸਤੂ, ਵਿਅਕਤੀ ਜਾਂ ਵਰਤਾਰੇ ਬਾਰੇ ਪਰਸਪਰ ਵਿਰੋਧੀ ਭਾਵਨਾਵਾਂ ਹਨ। ਇਹ ਮਨੋਸਥਿਤੀ ਸੁਚੇਤ ਤੇ ਅਚੇਤ ਦੋਵੇਂ ਤਰ੍ਹਾਂ ਦੀ ਹੈ। ਸੁਚੇਤ ਪਰ ਡਾਵਾਂਡੋਲ ਪਰ ਪਾਤਰਾਂ ਦਾ ਸੁਭਾਅ ਇਸੇ ਤਰ੍ਹਾਂ ਦਾ ਹੁੰਦਾ ਹੈ। ਪ੍ਰੋਫ਼ੈਸਰ ਅਮਰ ਵੀ ਕਿਸੇ ਸਥਿਤੀ ਪ੍ਰਤੀ ਦ੍ਰਿੜ੍ਹ ਤੇ ਆਖ਼ਰੀ ਫ਼ੈਸਲਾ ਲੈਣ ਦੇ ਕਾਬਲ ਨਹੀਂ ਹੁੰਦਾ। ਕਹਾਣੀਕਾਰ ਨੇ ਦੁਵੱਲਤਾ ਦੀ ਜੁਗਤ (ambivalence) ਦੀ ਵਰਤੋਂ ਕਰਦਿਆਂ ਕਹਾਣੀ ਉਸਾਰੀ ਹੈ। ਲੇਖਕ ਨੇ ਇਕ ਨਵਾਂ ਅੰਦਾਜ ਪੋਸਟ-ਸਕ੍ਰਿਪਟ ਵੀ ਸ਼ਾਮਲ ਕੀਤਾ ਹੈ। ਕਹਾਣੀ ਦਾ ਅੰਤ ਪੋਸਟ-ਸਕ੍ਰਿਪਟ ਰਾਹੀਂ ਪੇਸ਼ ਹੋਇਆ ਹੈ।

ਸਮਕਾਲੀ ਕਹਾਣੀਕਾਰਾਂ ਵਿਚ 'ਦੀਪ ਦਵਿੰਦਰ' ਦਾ ਨਾਂ ਵੀ ਸ਼ੁਮਾਰ ਹੈ। ਉਸਦੀ ਕਹਾਣੀ 'ਪਰਿਕਰਮਾ' ਵਿਚ 'ਮੈਂ-ਪਾਤਰ' ਉੱਤਮ-ਪੁਰਖੀ ਬਿਰਤਾਂਤ ਸ਼ੈਲੀ ਵਿਚ ਆਪਣੀ ਹੱਡ ਬੀਤੀ ਸੁਣਾਉਂਦਾ ਹੈ। ਪਿੱਛਲ-ਝਾਤੀ ਵਿਧੀ ਦੀ ਵਰਤੋਂ ਰਾਹੀਂ ਬਿਰਤਾਂਤਕਾਰ ਨੇ ਦੱਸਿਆ ਹੈ, "ਮੈਨੂੰ ਭਾਪੇ ਦਾ ਚੇਤਾ ਜਦੋਂ ਵੀ ਆਉਂਦਾ ਤਾਂ ਮੇਰਾ ਮਨ ਭਰ ਆਉਂਦਾ, ਬੜਾ ਕੁਵੇਲੇ ਤੁਰ ਗਿਆ ਉਹ। ਸਾਰਾ ਕੁਝ ਅੱਧ-ਵਿਚਾਲੇ ਛੱਡ।"**12**

ਮੈਂ-ਪਾਤਰ ਸਵਰਗਵਾਸੀ ਬਾਪ ਦੀ ਫ਼ੋਟੋ 'ਤੇ ਸ਼ਰਧਾ ਦੇ ਹਾਰ ਪਾਉਂਦਾ ਹੈ ਪਰ ਨਾਲ ਹੀ ਅਜੇ ਜਿਉਂਦੀ ਆਪਣੀ ਮਾਂ ਦੀ ਫੋਟੋ ਰੱਖ ਕੇ ਇਕੋ ਹਾਰ ਵਿਚ ਮਾਪਿਆਂ ਨੂੰ ਪਰੋ ਦਿੰਦਾ ਹੈ। ਉਸਦੀ ਬਾਪ ਪ੍ਰਤੀ ਸ਼ਰਧਾ ਤੇ ਮਾਂ ਪ੍ਰਤੀ ਨਫ਼ਰਤ ਜ਼ਾਹਰ ਹੁੰਦੀ ਹੈ। ਇਹ ਨਫ਼ਰਤ ਦਾ ਕਾਰਣ ਇਹ ਹੈ ਕਿ ਉਸਦੀ ਮਾਂ ਨੇ ਉਸਦੇ ਬਚਪਨ ਦੀ ਪਰਵਾਹ ਕੀਤੇ ਬਿਨਾਂ ਆਪਣਾ ਵੱਖਰਾ ਘਰ ਵਸਾ ਲਿਆ ਸੀ। ਅਸਲੀਅਤ ਉਹ ਵੀ ਜਾਣਦਾ ਹੈ ਕਿ ਇਕ ਵਿਧਵਾ ਔਰਤ ਸਮਾਜ ਵਿਚ ਬਹੁਤਾ ਸਮਾਂ ਤਰਸ ਦੀ ਪਾਤਰ ਬਣ ਕੇ ਨਹੀਂ ਰਹਿ ਸਕਦੀ। "ਉਹ ਘਰੋਂ ਭੱਜ ਕੇ ਨਹੀਂ ਚੱਲੀ, ਘਰ ਵਸਾਉਣ ਚੱਲੀ ਸੀ।"**13** ਇਹ ਕਹਾਣੀ ਆਪਣੀ ਸਹਿਜ ਚਾਲ ਚੱਲਦਿਆਂ ਅਚਾਨਕ ਹੀ ਪਾਤਰ ਦੀ ਆਪਣੀ ਮਾਂ ਪ੍ਰਤਿ ਨਾਕਾਰਤਮਕ ਸੋਚ ਨੂੰ ਸਕਾਰਾਤਮਕ ਵਿਚ ਬਦਲ ਦਿੰਦੀ ਹੈ। ਉਸਨੂੰ ਮਾਂ ਦੀ ਬੇਵਸੀ ਤੇ ਲਾਚਾਰੀ ਹੀ ਯਾਦ ਰਹਿੰਦੀ ਹੈ। ਮਾਂ ਦੀ ਨਮੋਸ਼ੀ ਤੇ ਜਲਾਲਤ ਉਸਨੂੰ ਧੁਰ ਅੰਦਰ ਤੱਕ ਹਲੂਣਦੀ ਹੈ ਤੇ ਉਸ ਦੀਆਂ ਅੱਖਾਂ ਨਮ ਹੋ ਜਾਂਦੀਆਂ ਹਨ। ਉਸਨੂੰ ਮਾਂ ਦੀ ਫੋਟੋ ਵਿਚਲੀਆਂ ਅੱਖਾਂ ਅੰਦਰਲੀ ਲਿਸ਼ਕ ਕੋਈ ਨਵਾਂ ਸੰਦੇਸ਼ ਦਿੰਦੀ ਹੈ। ਉਹ ਮਾਂ ਦੀ ਫੋਟੋ ਤੇ ਪਾਏ ਗਏ ਹਾਰ ਵਗਾਹ ਮਾਰਦਾ ਹੈ ਤੇ ਮਾਂ ਦਾ ਚਿਹਰਾ ਨਿਖਰਿਆ ਮਹਿਸੂਸ ਕਰਦਾ ਹੈ।

ਸਮਕਾਲੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਜਤਿੰਦਰ ਸਿੰਘ ਹਾਂਸ ਅਜਿਹਾ ਲੇਖਕ ਹੈ ਜੋ ਵਿਸ਼ਵ ਮੰਡੀ ਦੇ ਸ਼ਿਕੰਜੇ ਵਿਚ ਆ ਚੁੱਕੇ ਪੰਜਾਬ ਦੇ ਪੇਂਡੂ ਜਨਜੀਵਨ ਵਿਚਲੇ ਬਦਲਾਅ ਨੂੰ ਜ਼ਿੰਦਗੀ ਦੀ ਸਹਿਜ ਤੋਰ ਤੋਂ ਉੱਖੜੇ ਮਾਨਵੀ ਵਿਹਾਰ ਵਿਚ ਤਲਾਸ਼ਦਾ ਹੈ। ਉਸਦਾ ਕਹਾਣੀ-ਸੰਗ੍ਰਹਿ 'ਪਾਵੇ ਨਾਲ ਬੰਨ੍ਹਿਆ ਹੋਇਆ ਕਾਲ'(2005) ਪ੍ਰਾਪਤ ਹੈ। ਅੱਜਕੱਲ੍ਹ ਦੀਆਂ ਬਹੁਤੀਆਂ ਕਹਾਣੀਆਂ ਵਾਂਗ 'ਲੁਤਰੋ' ਕਹਾਣੀ ਵੀ ਉੱਤਮ-ਪੁਰਖੀ ਬਿਰਤਾਂਤ ਸ਼ੈਲੀ ਵਿਚ ਲਿਖੀ ਹੋਈ ਹੈ। ਉੱਤਮ-ਪੁਰਖੀ ਬਿਰਤਾਂਤ ਸ਼ੈਲੀ ਦੀ ਅਨਿਵਾਰਤਾ ਇਹ ਹੈ ਕਿ ਕਹਾਣੀ ਸੁਣਾਉਣ ਵਾਲੇ ਨੇ ਸਿਰਫ਼ ਉਹ ਗੱਲ ਕਰਨੀ ਹੈ ਜਿਸਦਾ ਉਹ ਸਿੱਧੇ ਤੌਰ'ਤੇ ਗਵਾਹ ਹੈ ਜਾਂ ਜੋ ਉਸਦੇ ਅਨੁਭਵ ਜਾਂ ਅਹਿਸਾਸ ਵਿਚੋਂ ਗੁਜਰੀ ਹੈ। ਐਸੀ ਗੱਲ ਦਾ ਸੱਚ ਹੋਣਾ ਜਰੂਰੀ ਨਹੀਂ। ਸੱਚ ਤਾਂ ਗੱਲ ਨੂੰ ਸੰਦਰਭ ਵਿਚ ਜੋੜਨ ਤੇ ਸਮਝਣ ਦੁਆਰਾ ਹੀ ਲੱਭਦਾ ਹੈ। ਇਸ ਕਹਾਣੀ ਵਿਚਲਾ ਸੱਚ ਵੀ ਕਹਾਣੀ ਸੁਣਾਉਣ ਵਾਲੀ ਬਿਰਤਾਂਤਕਾਰਾ ਦੀ ਕਥਨੀ ਤਕ ਮਹਿਦੂਦ ਨਹੀਂ ਬਲਕਿ ਉਸ ਦੀਆਂ ਕਥਨੀਆਂ ਦੇ ਸੰਦਰਭ ਵਿਚ ਲੁਕਿਆ ਹੋਇਆ ਹੈ।

ਕਹਾਣੀ ਦੇ ਪ੍ਰਸੰਗ ਅਨੁਸਾਰ ਬਿਰਤਾਂਤਕਾਰਾ ਇਕਲਾਪੇ ਦੀ ਸ਼ਿਕਾਰ ਹੈ। ਉਸਦਾ ਇਕਲੌਤਾ ਪੁੱਤ ਆਸਟਰੇਲੀਆ ਦਾ ਵਸਨੀਕ ਹੈ। ਇਹ ਕਹਾਣੀ ਕਿਸ਼ੇ ਵਾਪਰ ਗਏ ਵਰਣਨ ਜਾਂ ਬਿਆਨ ਤੋਂ ਆਰੰਭ ਨਹੀਂ ਹੁੰਦੀ ਸਗੋਂ ਇਸਦਾ ਆਰੰਭ ਵਾਪਰ ਗਏ ਦੇ ਸਿੱਟਿਆਂ ਤੋਂ ਉਪਜਦੀਆਂ ਮਾਨਸਿਕ ਜਾਂ ਸਾਂਸਕ੍ਰਿਤਕ ਗੁੰਝਲਾਂ ਦੀ ਪੇਸ਼ਕਾਰੀ ਨਾਲ ਹੁੰਦਾ ਹੈ। ਔਰਤ ਲਈ ਘਰ, ਪਰਿਵਾਰ ਤੇ ਬੱਚੇ ਬੜੀ ਅਹਿਮੀਅਤ ਰੱਖਦੇ ਹਨ। ਇਨ੍ਹਾਂ ਬਗ਼ੈਰ ਉਹ ਆਪਣੇ ਵਜ਼ੂਦ ਦੀ ਕਲਪਨਾ ਹੀ ਨਹੀਂ ਕਰ ਪਾਉਂਦੀ। ਉਹ ਆਪਣੇ-ਆਪ ਨੂੰ ਸੰਪੂਰਨ ਉਦੋਂ ਵੀ ਨਹੀਂ ਸਵੀਕਾਰਦੀ ਜਦੋਂ ਉਹ ਘਰ ਗ੍ਰਹਿਸਥੀ ਵਿਚ ਪੂਰੀ ਤਰ੍ਹਾਂ ਖੁੱਭੀ ਹੋਵੇ। ਕਹਾਣੀ ਦੀ ਮੈਂ-ਪਾਤਰ ਆਖਦੀ ਹੈ, "ਦਿਲ ਕਰਦਾ ਕਮਜ਼ਾਤ ਨੂੰ ਗੁੱਤੋਂ ਫੜ੍ਹ ਕੇ ਘਰੋਂ ਕੱਢ ਦੇਵਾਂ। ਇਸ ਦੀ ਗਿੱਠ ਲੰਮੀ ਜਬਾਨ ਆ, ਕੈਂਚੀ ਵਾਂਗ ਲੁਤਰ-ਲੁਤਰ ਚੱਲਦੀ ਆ; ਇਸੇ ਲਈ ਮੈਂ ਇਹ ਨੂੰ ਲੁਤਰੋ ਕਹਿ ਦੇਂਦੀ ਹਾਂ।"**14** ਲੇਖਕ ਨੇ ਇਸ ਕਹਾਣੀ ਰਾਹੀਂ ਔਰਤਾਂ ਦੇ ਕਿਰਦਾਰ ਦੀ ਪੇਸ਼ਕਾਰੀ ਕੀਤੀ ਹੈ।

ਅਧਿਐਨ ਆਧਾਰਿਤ ਅੰਤਿਮ ਕਹਾਣੀ ਦੀ ਲੇਖਕ ਸੁਰਿੰਦਰ ਨੀਰ ਹੈ। 'ਸ਼ਾਂਤੀ' ਕਹਾਣੀ ਦਾ ਆਰੰਭ ਪ੍ਰਸ਼ਨੋਤਰੀ ਜੁਗਤ ਨਾਲ ਹੋਇਆ ਹੈ। ਕੁਝ ਥਾਵਾਂ 'ਤੇ ਪਿੱਛਲ-ਝਾਤੀ ਜੁਗਤ ਦੀ ਵਰਤੋਂ ਵੀ ਹੋਈ ਹੈ। ਲੇਖਕਾ ਨੇ ਮਨੁੱਖੀ ਰਿਸ਼ਤਿਆਂ ਦੀਆਂ ਅੰਦਰੂਨੀ ਗਹਿਰੀਆਂ ਪਰਤਾਂ ਫਰੋਲ ਕੇ ਉਨ੍ਹਾਂ ਦਾ ਮਨੋ-ਵਿਸ਼ਲੇਸ਼ਣ ਬੜੇ ਕਲਾਤਮਕ ਢੰਗ ਨਾਲ ਕੀਤਾ ਹੈ। ਰਿਸ਼ਤਿਆਂ ਦੇ ਸੱਚ ਨੂੰ ਬਹੁਤ ਹੀ ਸੰਵੇਦਨਸ਼ੀਲ ਅਤੇ ਤਾਰਕਿਕ ਰੂਪ ਵਿਚ ਸਿਰਜਣ ਵੇਲੇ ਨਾ ਤਾਂ ਬੌਧਿਕਤਾ ਭਾਰੂ ਹੈ ਤੇ ਨਾ ਹੀ ਭਾਵੁਕਤਾ। ਉਹ ਵਸਤੂ ਦੇ ਪ੍ਰਗਟਾਵੇ ਲਈ ਸਹਿਜ ਤੇ ਸੁਭਾਵਕ ਰਹਿੰਦੀ ਹੈ। ਇਹੋ ਸਹਿਜ ਉਸਦੀ ਰਚਨਾਤਮਕਤਾ ਦਾ ਸਬੂਤ ਹੈ। ਮਾਨਵੀ ਪ੍ਰਵਿਰਤੀਆਂ ਨੂੰ ਸਹਿਜ ਬਿਰਤਾਂਤ ਰਾਹੀਂ ਆਪਣੀ ਰਚਨਾ ਵਿਚ ਪੇਸ਼ ਕਰਕੇ ਜੀਵਨ ਦੀ ਜਟਿਲਤਾ ਨੂੰ ਬਹੁਤ ਰਮਜ ਭਰੇ ਸੰਕੇਤਕ ਮੁਹਾਵਰੇ ਵਿਚ ਕਹਿ ਜਾਣਾ ਸੁਰਿੰਦਰ ਨੀਰ ਦੀ ਰਚਨਾ ਦਾ ਹਾਸਲ ਹੈ।

'ਸ਼ਾਂਤੀ' ਕਹਾਣੀ ਦਾ ਆਰੰਭ ਵਰਤਮਾਨ ਸਮੇਂ ਤੋਂ ਹੋਇਆ ਹੈ। ਕਹਾਣੀ ਦੇ ਨਾਇਕ ਗੁਰਚਰਨੇ ਦੀ ਸਥਿਤੀ ਪਿੱਛਲ-ਝਾਤੀ ਵਿਧੀ ਰਾਹੀਂ ਪੇਸ਼ ਹੋਈ ਹੈ। ਗੁਰਚਰਨੇ ਨੂੰ ਬੀਤੇ ਸਮੇਂ ਦਾ ਝੋਰਾ ਹੈ। ਉਹ ਆਪਣੇ ਦੁੱਖ-ਸੁੱਖ ਆਪਣੇ ਸਾਥੀ ਜੋਗੀ ਨਾਲ ਸਾਂਝੇ ਕਰਦਾ ਹੈ। ਅੰਦਰਲੀ ਪੀੜ ਮਿਟਾਉਣ ਲਈ ਉਹ ਇਕੱਠੇ ਸ਼ਰਾਬ ਵੀ ਪੀਂਦੇ ਹਨ। ਦੋਵਾਂ ਦੀਆਂ ਦੁਖਦੀਆਂ ਰਗਾਂ ਦੀ ਰਮਜ ਇਕੋ ਜਿਹੀ ਹੈ। ਗੁਰਚਰਨੇ ਨੂੰ ਝੋਰਾ ਇਸ ਗੱਲ ਦਾ ਹੈ ਕਿ ਉਸਨੇ ਸਭ ਕੁਝ ਪ੍ਰਾਪਤ ਕਰਕੇ ਵੀ ਗਵਾ



ਲਿਆ।

ਉਪਰੋਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਅਧਿਐਨ ਆਧਾਰਿਤ ਇਹ ਕਹਾਣੀਆਂ ਮਨੁੱਖੀ ਚਰਿੱਤਰ ਤੇ ਮਨ ਦੀ ਡੂੰਘਾਈ ਵਿਚ ਛੁਪੇ ਭਾਵਾਂ ਦਾ ਪ੍ਰਗਟਾਵਾ ਕਰਦੀਆਂ ਪ੍ਰਤੀਨਿਧ ਕਹਾਣੀਆਂ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੀਆਂ ਹਨ। ਇਹ ਕਹਾਣੀਆਂ ਮਾਨਸਿਕ ਗੁੰਝਲਾਂ ਖੋਲ੍ਹਣ ਦ ਆਹਰ ਵਿਚ ਹਨ। ਅਕਸਰ ਆਧੁਨਿਕ ਕਹਾਣੀਕਾਰ ਆਪਣੀਆਂ ਕਹਾਣੀਆਂ ਵਿਚ ਗੱਲ ਉਥੋਂ ਨਹੀਂ ਆਰੰਭਦੇ, ਜਿਥੋਂ ਇਹ ਸ਼ੁਰੂ ਹੁੰਦੀ ਹੈ ਬਲਿਕ ਕਹਾਣੀ ਦੇ ਸਮੁੱਚੇ ਕਾਲ-ਖੰਡ ਦੇ ਕਿਸੇ ਪਿਛਲੇਰੇ ਰਹੱਸਮਈ ਪੜਾਅ ਤੋਂ ਆਰੰਭਦੇ ਹਨ। ਉਸ ਤੋਂ ਪਹਿਲਾਂ ਵਾਪਰ ਚੁੱਕੇ ਸਮਾਚਾਰ ਨੂੰ ਇਕ ਪ੍ਰਕਾਰ ਦੀ ਲੁਕਣ-ਮੀਟੀ ਦੇ ਰੂਪ ਵਿਚ ਚਿਤਰਦੇ ਹੋਏ ਉਸ ਪੜਾਅ ਵੱਲ ਹੌਲੀ-ਹੌਲੀ ਪਰਤਦੇ ਹਨ, ਜਿਸ ਪੜਾਅ ਤੋਂ ਉਨ੍ਹਾਂ ਕਹਾਣੀ ਆਰੰਭ ਕੀਤੀ ਸੀ। ਲੋੜ ਅਨੁਸਾਰ ਇਸ ਪੜਾਅ ਤੋਂ ਕਹਾਣੀ ਨੂੰ ਅੱਗੇ ਚਲਾਉਂਦੇ ਹੋਏ ਅੰਤ ਕਿਸੇ ਵਿਸਫੋਟਕ ਗਿਆਨ ਅਵਸਥਾ ਵਿਚ ਕਹਾਣੀ ਦੀ ਸਿਖਰ ਤੇ ਸਮਾਪਨ ਨੂੰ ਪੁੱਜਦੇ ਹਨ।

ਉਪਰੋਕਤ ਕਹਾਣੀਆਂ ਵਿਚ ਕੁਝ ਸਾਂਝੀਆਂ ਜੁਗਤਾਂ ਬੂਮਿਰੈਂਗ, ਪਿੱਛਲ-ਝਾਤ ਆਦਿ ਦੀ ਵਰਤੋਂ ਇਕ ਤੋਂ ਵਧੇਰੇ ਵਾਰ ਹੋਈ ਮਿਲਦੀ ਹੈ। ਕੁੱਲ ਮਿਲਾ ਕੇ ਇਹ ਕਹਾਣੀਆਂ ਜੀਵਨ ਜਾਂ ਵਿਵਸਥਾ ਦੀ ਵਿਧੀ ਨੂੰ ਪੇਸ਼ ਕਰਦੀਆਂ ਹਨ। ਸਮੱਸਿਆਵਾਂ ਵਿਚ ਘਿਰੇ ਰਹਿਣਾ ਹੀ ਜੀਵਨ ਹੈ। ਇਹੋ ਜੀਵਨ ਦਾ ਮੂਲ ਹਨ। ਇਨ੍ਹਾਂ ਨਾਲ ਤਣਾਉ ਤੇ ਟਕਰਾਉ ਦੇ ਸੰਘਰਸ਼ ਵਿਚ ਜੀਵਨ ਚੱਲਦਾ ਵੀ ਹੈ ਤੇ ਅੱਗੇ ਵੀ ਵਧਦਾ ਹੈ। ਸਭ ਕੁਝ ਆਦਰਸ਼ਕ ਤੇ ਨੁਕਸ਼-ਰਹਿਤ ਦੀ ਕਲਪਨਾ ਇਕ ਭ੍ਰਾਂਤੀ ਹੀ ਹੈ। ਇਹ ਰਿਸ਼ਤਿਆਂ ਦਾ ਤੋੜ-ਵਿਛੋੜਾ ਹੈ।

ਸਪੱਸ਼ਟ ਹੈ ਕਿ ਪੰਜਾਬੀ ਕਹਾਣੀ ਨੇ ਹਮੇਸ਼ਾ ਆਪਣੇ ਸਮਕਾਲੀ ਦੌਰ ਨੂੰ ਯੁੱਗ-ਬੋਧ-ਚੇਤਨਾ ਤਹਿਤ ਚਿਤਰਿਆ ਹੈ। ਅਜੋਕੀ ਕਹਾਣੀ ਜਟਿਲਤਾ ਵਾਲੇ ਯਥਾਰਥ ਦੀ ਕਹਾਣੀ ਹੈ। ਇਹ ਕਹਾਣੀ ਬਿਰਤਾਂਤਕ ਸੱਚ ਅਤੇ ਵਿਚਾਰਧਾਰਾ ਦੇ ਇਕਹਿਰੇ ਕੇਂਦਰ ਤੋਂ ਦੂਰ ਹੈ। ਦਿਸਦੇ ਨਾਲੋਂ ਅਣਦਿਸਦਾ ਯਥਾਰਥ ਇਸਦੀ ਵਸਤੂ ਹੈ। ਅਜੋਕੀ ਪੰਜਾਬੀ ਕਹਾਣੀ ਦਾ ਅੱਜ ਆਉਣ ਵਾਲੇ ਕੱਲ੍ਹ ਲਈ ਬਹੁ-ਸੰਭਾਵਨਾਵਾਂ ਸਮੇਟੀ ਬੈਠਾ ਹੈ। ਨਵਾਂ ਸਰੂਪ ਉਹੀ ਕਹਾਣੀਕਾਰ ਦੇ ਸਕਦਾ ਹੈ, ਜਿਸ ਦੀ ਸੋਚ ਨਵੀਂ ਹੁੰਦੀ ਹੈ ਜਾਂ ਪਹਿਲੇ ਲੇਖਕਾਂ ਨਾਲੋਂ ਵੱਖਰੀ ਹੁੰਦੀ ਹੈ। ਚੰਗੀ ਕਹਾਣੀ ਸਮੇਂ ਨਾਲ ਆਪਣੀ ਤਾਕਤ ਨਾਲ ਉੱਭਰ ਕੇ ਬਾਹਰ ਆ ਹੀ ਜਾਂਦੀ ਹੈ।

## ਹਵਾਲੇ ਤੇ ਟਿੱਪਣੀਆਂ

1. ਸੇਖੋਂ, ਜੇ ਬੀ, ਪੰਜਾਬੀ ਬਿਰਤਾਂਤ ਪਰੰਪਰਾ ਅਤੇ ਸਮਕਾਲੀ ਪੰਜਾਬੀ ਕਹਾਣੀ, ਸ਼ਬਦ ਮੈਗਜੀਨ, ਅੰਕ 81-82, ਜਨਵਰੀ-ਜੂਨ, 2018, ਪੰਨਾ 161
2. ਧਾਲੀਵਾਲ, ਬਲਦੇਵ ਸਿੰਘ, ਪੰਜਾਬੀ ਕਹਾਣੀ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2006, ਪੰਨਾ 147
3. ਕਜਾਕ, ਕਿਰਪਾਲ, ਚਿਤਰਗੁਪਤ, ਸ਼ਬਦ ਮੈਗਜੀਨ, ਅੰਕ 78, ਅਪ੍ਰੈਲ-ਜੂਨ 2017, ਪੰਨਾ 8
4. ਉਹੀ
5. ਉਹੀ, ਪੰਨਾ 95
6. ਕਜਾਕ, ਕਿਰਪਾਲ, ਲਾਜਮਾ, ਸ਼ਬਦ ਮੈਗਜੀਨ, ਅੰਕ 81-82, ਜਨਵਰੀ-ਜੂਨ 2018, ਪੰਨਾ 25

**ਬਾਕੀ ਪੰਨਾ ਨੰ. 123 'ਤੇ**

## ਨਵੀਆਂ ਪੁਸਤਕਾਂ

# ਪੰਜਾਬੀ ਕੀ ਯਾਦਗਾਰ ਕਹਾਣੀਆਂ (ਚਾਰ ਭਾਗ) ਇਕ ਯਾਦਗਾਰੀ ਯਤਨ

ਦੇਵਿੰਦਰ ਕੌਰ

'ਪੰਜਾਬੀ ਕੀ ਯਾਦਗਾਰ ਕਹਾਣੀਆਂ' ਸੁਭਾਸ਼ ਨੀਰਵ ਦਵਾਰਾ ਅਨੁਵਾਦਿਤ ਅਤੇ ਸੰਪਾਦਿਤ ਕਹਾਣੀਆਂ ਦੇ ਪ੍ਰਕਾਸ਼ਿਤ ਹੋਏ ਚਾਰ ਭਾਗ ਹਨ ਜਿਨ੍ਹਾਂ ਵਿਚ ਤਕਰੀਬਨ ਪਿਛਲੇ 90/100 ਸਾਲਾਂ ਦੇ ਕਹਾਣੀ ਦੇ ਇਤਿਹਾਸ ਨੂੰ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਚਾਰ ਭਾਗਾਂ ਦੀਆਂ ਕਹਾਣੀਆਂ ਨੂੰ ਪੜ੍ਹਦਿਆਂ ਪਤਾ ਲਗਦਾ ਹੈ ਕਿ ਸੁਭਾਸ਼ ਨੀਰਵ ਕੋਲ ਕਹਾਣੀ ਸੰਪਾਦਨ-ਕਲਾ ਦੀ ਬੜੀ ਗਹਿਰੀ ਸੂਝ-ਦ੍ਰਿਸ਼ਟੀ ਹੈ। ਜਿਥੇ ਉਸ ਨੂੰ ਕਹਾਣੀ ਦੇ ਖ਼ਮੀਰ ਦਾ ਗਿਆਨ ਹੈ ਓਥੇ ਕਹਾਣੀ ਕਲਾ ਦੀਆਂ ਬਾਰੀਕ ਤਕਨੀਕੀ ਜੁਗਤਾਂ ਤੋਂ ਵੀ ਉਹ ਜਾਣੂ ਹੈ।

ਪਹਿਲੇ ਭਾਗ ਵਿਚ ਪੰਜਾਬੀ ਦੇ ਉਨ੍ਹਾਂ ਕਹਾਣੀਕਾਰਾਂ ਨੂੰ ਸ਼ਾਮਿਲ ਕੀਤਾ ਹੈ ਜਿਨ੍ਹਾਂ ਨਾਲ ਪੰਜਾਬੀ ਕਹਾਣੀ ਦਾ ਆਰੰਭ ਹੁੰਦਾ ਹੈ । ਇਹ ਉਹ ਕਹਾਣੀਕਾਰ ਹਨ ਜਿਨ੍ਹਾਂ ਨੇ ਨਾ ਸਿਰਫ਼ ਕਹਾਣੀ ਹੀ ਲਿਖੀ ਸਗੋਂ ਆਪਣੀ ਕਹਾਣੀ ਰਾਹੀਂ ਉਸ ਇਤਿਹਾਸ ਨੂੰ ਵੀ ਸਾਂਭਿਆ ਜੋ ਪੰਜਾਬੀ ਜਗਤ ਦਾ ਦਰਦ ਭਰਿਆ ਇਤਿਹਾਸ ਹੈ। ਉਸ ਇਤਿਹਾਸ ਨੂੰ ਇਨ੍ਹਾਂ ਕਹਾਣੀਆਂ ਰਾਹੀਂ ਪੜ੍ਹਦਿਆਂ ਜਿਥੇ ਇਤਿਹਾਸ ਦੇ ਅਤੀਤ ਦੀ ਜਾਣਕਾਰੀ ਮਿਲਦੀ ਹੈ ਓਥੇ ਉਸ ਅਤੀਤ ਵਿਚੋਂ ਬਹੁਤ ਸਾਰੀਆਂ ਐਸੀਆਂ ਗੱਲਾਂ ਮਿਲ ਜਾਂਦੀਆਂ ਹਨ ਜੋ ਨਾ ਸਿਰਫ਼ ਤੁਹਾਨੂੰ ਸੋਚਣ ਲਈ ਮਜਬੂਰ ਕਰਦੀਆਂ ਹਨ ਸਗੋਂ ਉਨ੍ਹਾਂ ਤੋਂ ਭਵਿੱਖ ਵਿਚ ਸਬਕ ਲੈ ਸਕਣ ਦੀ ਯੋਗਤਾ ਵੀ ਬਖ਼ਸ਼ਦੀਆਂ ਹਨ।

ਇਸ ਭਾਗ ਵਿਚ ਜਿਹੜੇ ਕਹਾਣੀਕਾਰਾਂ ਦੀਆਂ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ ਉਨ੍ਹਾਂ ਵਿਚੋਂ ਬਹੁਤੀਆਂ ਪਾਠਕ-ਵਰਗ ਦੀ ਮਾਨਸਿਕਤਾ ਵਿਚ ਘਰ ਕਰ ਚੁੱਕੀਆਂ ਹਨ।ਮਿਸਾਲ ਦੀ ਤੌਰ ਤੇ ਨਾਨਕ ਸਿੰਘ ਦੀ 'ਤਾਸ਼ ਦੀ ਆਦਤ', ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ 'ਭਾਬੀ ਮੈਨਾ', ਸੰਤ ਸਿੰਘ ਸੇਖੋਂ ਦੀ 'ਪੇਮੀ ਦੇ ਨਿਆਣੇ', ਸੁਜਾਨ ਸਿੰਘ ਦੀ 'ਕੁਲਫ਼ੀ', ਦੇਵਿੰਦਰ ਸਤਿਆਰਥੀ ਦੀ 'ਦਸੌਂਧਾ ਸਿੰਘ' ਆਦਿ। ਇਨ੍ਹਾਂ ਕਹਾਣੀਆਂ ਨੂੰ ਪੜ੍ਹਦਿਆਂ ਜਿਥੇ ਪਾਤਰਾਂ ਦੀ ਮਾਨਸਿਕਤਾ ਦੇ ਦੀਦਾਰ ਹੁੰਦੇ ਹਨ ਓਥੇ ਇਨ੍ਹਾਂ ਕਹਾਣੀਆਂ ਦੀ ਕਹਾਣੀ-ਕਲਾ ਬਾਰੇ ਵੀ ਸੋਝੀ ਹੁੰਦੀ ਹੈ। ਸੁਭਾਸ਼ ਨੀਰਵ ਨੇ ਇਨ੍ਹਾਂ ਕਹਾਣੀਆਂ ਦਾ ਅਨੁਵਾਦ ਇਸ ਢੰਗ ਨਾਲ ਕੀਤਾ ਹੈ ਕਿ ਅਨੁਵਾਦ ਪੜ੍ਹਨ ਵੇਲੇ ਵੀ ਇਹ ਮਹਿਸੂਸ ਹੁੰਦਾ ਹੈ ਕਿ ਅਨੁਵਾਦਕ ਨੇ ਕਹਾਣੀ ਦੇ ਪੰਜਾਬੀ ਸੁਭਾਅ ਨੂੰ ਕਾਇਮ ਰੱਖਿਆ ਹੈ।

ਕਹਾਣੀਆਂ ਦੇ ਦੂਜੇ ਭਾਗ ਵਿਚ ਸੁਭਾਸ਼ ਨੀਰਵ ਨੇ ਉਹ ਕਹਾਣੀਕਾਰ ਸ਼ਾਮਿਲ ਕੀਤੇ ਹਨ ਜਿਨ੍ਹਾਂ ਦੀਆਂ ਕਹਾਣੀਆਂ ਦੇ ਵਿਸ਼ਿਆਂ ਵਿਚ ਵੰਨ ਸੁਵੰਨਤਾ ਤਾਂ ਮਿਲਦੀ ਹੀ ਹੈ ਪਰ ਉਨ੍ਹਾਂ ਦੇ ਕਹਾਣੀ ਪੇਸ਼ ਕਰਨ ਦੇ ਅੰਦਾਜ਼ ਵੀ ਇਕ ਦੂਜੇ ਤੋਂ ਵੱਖਰੇ ਹਨ। ਮਿਸਾਲ ਦੀ ਤੌਰ ਤੇ ਲੋਚਨ ਬਖ਼ਸ਼ੀ ਦੀ ਕਹਾਣੀ 'ਬਾਜ਼ਾਰ ਦਾ ਮਾਤਮ' ਸਮਾਜ ਦੇ ਖੋਖਲੇ ਕਿਰਦਾਰ ਦੀ ਵਿਅੰਗਾਤਮਕ ਤਸਵੀਰ ਪੇਸ਼ ਕਰਦੀ ਹੈ, ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਡੈੱਡ ਲਾਈਨ' ਮਨੁੱਖ ਦੇ ਅੰਦਰ ਦੀਆਂ ਨਿਸ਼ੇਧਾਤਮਕ ਬਿਰਤੀਆਂ ਦੀ ਪੇਸ਼ਕਾਰੀ ਕਰਦੀ ਹੈ। ਇਹ ਬਿਰਤੀਆਂ ਸਮਾਜ ਲਈ ਭਾਵੇਂ ਨਿਸ਼ੇਧਾਤਮਕ ਹਨ ਲੇਕਿਨ ਮਨੁੱਖ ਦੀ ਮਾਨਸਿਕਤਾ ਦਾ ਗਹਿਰਾ ਸੱਚ ਹਨ। ਇਸੇ ਤਰ੍ਹਾਂ ਅਜੀਤ ਕੌਰ ਦੀ 'ਗੁਲਬਾਨੋ' ਵਿਚਲੀ ਗੁਲਬਾਨੋ ਦੇ ਭਾਵਨਾਤਮਕ ਅਹਿਸਾਸ ਦਾ ਚਿਤਰਣ ਬੜੇ ਸੁੰਦਰ ਢੰਗ ਨਾਲ ਕੀਤਾ



ਗਿਆ ਹੈ। ਇਸੇ ਤਰ੍ਹਾਂ ਇਸ ਭਾਗ ਦੇ ਹੋਰ ਕਹਾਣੀਕਾਰ ਜਿਵੇਂ ਦਲੀਪ ਕੌਰ ਟਿਵਾਣਾ, ਮੋਹਨ ਭੰਡਾਰੀ, ਕਿਰਪਾਲ ਕਜ਼ਾਕ, ਜਸਬੀਰ ਭੁੱਲਰ, ਵਰਿਆਮ ਸੰਧੂ, ਖ਼ਾਲਿਦ ਹੁਸੈਨ, ਰਘਬੀਰ ਢੰਡ, ਮੁਹੰਮਦ ਮਨਸ਼ਾ ਯਾਦ ਨੇ ਆਪਣੇ ਆਪਣੇ ਅੰਦਾਜ਼ ਵਿਚ ਜੋ ਕਹਾਣੀਆਂ ਪੇਸ਼ ਕੀਤੀਆਂ ਹਨ ਉਹ ਪੰਜਾਬੀ ਜਗਤ ਦੀਆਂ ਯਾਦਗਾਰ ਕਹਾਣੀਆਂ ਦਾ ਹਿੱਸਾ ਬਣ ਗਈਆਂ ਹਨ।

ਕਹਾਣੀਆਂ ਦੇ ਤੀਸਰੇ ਭਾਗ ਵਿਚ ਤੀਸਰੀ ਪੀੜ੍ਹੀ ਦੇ ਉਹ ਕਹਾਣੀਕਾਰ ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ ਨੇ ਪੰਜਾਬੀ ਕਹਾਣੀ ਦੇ ਮੁਹਾਂਦਰੇ ਨੂੰ ਨਵੀਨਤਾ ਬਖ਼ਸ਼ੀ ਹੈ। ਇਨ੍ਹਾਂ ਕਹਾਣੀਕਾਰਾਂ ਨੇ ਕਹਾਣੀ ਨੂੰ ਪ੍ਰਤੀਕਾਤਮਕ ਪੱਧਰ ਤੇ ਪੇਸ਼ ਕਰਕੇ ਇਸ ਦੇ ਅਰਥਾਂ ਵਿਚ ਜਿਥੇ ਗਹਿਰਾਈ ਪੈਦਾ ਕੀਤੀ ਹੈ ਓਥੇ ਕਹਾਣੀ ਦੇ ਸੁਹਜ ਨੂੰ ਵੀ ਬਰਕਰਾਰ ਰੱਖਿਆ ਹੈ। ਇਸ ਭਾਗ ਦੀਆਂ ਕਹਾਣੀਆਂ ਵਿਚੋਂ ਐੱਸ ਬਲਵੰਤ ਦੀ 'ਸੁਪਨੇ ਤੇ ਸੌਦਾਗਰ',ਨਛੱਤਰ ਦੀ 'ਲਾਸ਼',ਵੀਨਾ ਵਰਮਾ ਦੀ 'ਰਜ਼ਾਈ', ਜਿੰਦਰ ਦੀ 'ਜ਼ਖ਼ਮ',ਤਲਵਿੰਦਰ ਦੀ ਖ਼ੁਸ਼ਬੂ', ਅਜਮੇਰ ਸਿੱਧੂ ਦੀ 'ਇਕਬਾਲ ਹੁਸੈਨ ਮਰਾ ਨਹੀਂ' ਅਤੇ ਹਰਜੀਤ ਅਟਵਾਲ ਦੀ 'ਜਿੰਨ' ਕਹਾਣੀਆਂ ਪਾਠਕਾਂ ਦੇ ਜ਼ਿਹਨ ਵਿਚ ਲੰਬੇ ਸਮੇਂ ਤੱਕ ਟਿਕੇ ਰਹਿਣ ਵਾਲੀਆਂ ਕਹਾਣੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਜ਼ਿੰਦਗੀ ਦੇ ਵੱਖਰੇ ਵੱਖਰੇ ਰੰਗ ਮਿਲਦੇ ਹਨ ਪਰ ਪੇਸ਼ਕਾਰੀ ਦੀ ਪੱਧਰ ਤੇ ਪ੍ਰਤੀਕਾਤਮਕਤਾ ਇਨ੍ਹਾਂ ਕਹਾਣੀਆਂ ਦੀ ਸਾਂਝ ਬਣਦੀ ਹੈ।

ਚੌਥੇ ਭਾਗ ਵਿਚ ਆ ਕੇ ਕਹਾਣੀਕਾਰ ਅਸਲੋਂ ਵੱਖਰੇ ਢੰਗ ਨਾਲ ਕਹਾਣੀਆਂ ਲਿਖਦੇ ਨਜ਼ਰ ਆਉਂਦੇ ਹਨ। ਇਨ੍ਹਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਵਿਚ ਵਿਸ਼ਵੀਕਰਣ ਦੀ ਮਾਰ ਹੇਠ ਆਏ ਰਿਸ਼ਤੇ ਕਿਵੇਂ ਟੁੱਟਦੇ ਭੱਜਦੇ, ਖਪਤਵਾਦ ਦਾ ਸ਼ਿਕਾਰ ਹੋ ਇਕ ਦੂਜੇ ਨੂੰ ਵਰਤਦੇ ਅਤੇ ਵਰਤੇ ਜਾਂਦੇ ਹਨ ਦੀ ਖ਼ੂਬਸੂਰਤ ਪੇਸ਼ਕਾਰੀ ਹੋਈ ਹੈ। ਇਨ੍ਹਾਂ ਕਹਣੀਆਂ ਦੇ ਵਿਸ਼ੇ ਭਾਵੇਂ ਕਿਸੇ ਨਰੋਏ ਸਮਾਜ ਦੀ ਤਸਵੀਰ ਪੇਸ਼ ਨਹੀਂ ਕਰਦੇ ਪਰ ਜੋ ਬੜਾ ਕੁਝ ਗ਼ਲਤ ਹੋ ਰਿਹਾ ਹੈ ਉਸ ਵੱਲ ਪਾਠਕਾਂ ਦਾ ਧਿਆਨ ਦਿਵਾ ਕੇ ਮਨੁੱਖ ਨੂੰ ਚੇਤੰਨ ਜ਼ਰੂਰ ਕਰਦੇ ਹਨ। ਇਸ ਭਾਗ ਦੇ ਕਹਾਣੀਕਾਰਾਂ ਵਿਚੋਂ ਮੁੱਖ ਤੌਰ ਤੇ ਸੁਖਜੀਤ ਦੀ ਕਹਾਣੀ, 'ਬਰਫ਼', ਬਲਦੇਵ ਸਿੰਘ ਧਾਲੀਵਾਲ ਦੀ, 'ਹਨੀਮੂਨ', ਬਲਜਿੰਦਰ ਨਸਰਾਲੀ ਦੀ, 'ਅਗਰ ਆਪਣੀ ਵਯਥਾ ਕਹੂੰ', ਜਤਿੰਦਰ ਸਿੰਘ ਹਾਂਸ ਦੀ ' ਪਾਵੇ ਨਾਲ ਬੰਨ੍ਹਿਆ ਕਾਲ' ਸੁਰਿੰਦਰ ਨੀਰ ਦੀ ,'ਡਿਪ੍ਰੈੱਸ਼ਨ', ਬਲਵਿੰਦਰ ਸਿੰਘ ਬਰਾੜ ਦੀ 'ਲੰਗੜਾ ਕੁੱਕੜ', ਹਰਮਿੰਦਰ ਚਹਿਲ ਦੀ 'ਮਮਤਾ', ਪ੍ਰਗਟ ਸਿੰਘ ਸਤੌਜ ਦੀ, 'ਯੁੱਧ ਦਾ ਅੰਤ', ਖ਼ਾਲਿਦ ਫ਼ਰਹਾਦ ਦੀ ,'ਘਰ' ਅਤੇ ਤਰਸਪਾਲ ਕੌਰ ਦੀ ਕਹਾਣੀ, 'ਮਹਾ ਨਾਚ' ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਇਨ੍ਹਾਂ ਕਹਾਣੀਆਂ ਦੇ ਪਾਠ ਤੋਂ ਪਤਾ ਲਗਦਾ ਹੈ ਕਿ ਵਕਤ ਬਹੁਤ ਬਦਲ ਗਿਆ ਹੈ ਲੇਕਿਨ ਪਾਠਕ ਅੰਦਰ ਇਹ ਚੇਤੰਨਤਾ ਵੀ ਪੈਦਾ ਹੁੰਦੀ ਹੈ ਕਿ ਅੱਜ ਦੇ ਇਸ ਮਾਹੌਲ ਵਿਚ ਆਪਣੀ ਮਨੁੱਖਤਾ ਨੂੰ ਕਿਵੇਂ ਬਚਾਉਣਾ ਹੈ, ਦੀ ਸੋਚ ਦੇ ਰਾਹ ਵੀ ਖੁੱਲ੍ਹਦੇ ਹਨ।

ਸੋ ਚਾਰ ਭਾਗਾਂ ਵਿਚ 60 ਕਹਾਣੀਆਂ ਦਾ ਅਨੁਵਾਦ ਅਤੇ ਉਸਦਾ ਸੰਪਾਦਨ ਕਰਕੇ ਸੁਭਾਸ਼ ਨੀਰਵ ਨੇ ਪੰਜਾਬੀ ਅਤੇ ਹਿੰਦੀ ਸਾਹਿਤ ਜਗਤ ਵਿਚ ਬੜੀ ਅਹਿਮ ਭੂਮਿਕਾ ਨਿਭਾਈ ਹੈ। ਸੁਭਾਸ਼ ਨੀਰਵ ਦੇ ਇਸ ਯਤਨ ਨਾਲ ਜਿਥੇ ਪੰਜਾਬੀ ਕਹਾਣੀ ਦੇ ਪਾਠਕਾਂ ਦਾ ਘੇਰਾ ਵਧਿਆ ਹੈ ਓਥੇ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਔਣ ਵਾਲੀਆਂ ਤਬਦੀਲੀਆਂ ਦੀ ਤਸਵੀਰ ਵੀ ਉਜਾਗਰ ਹੁੰਦੀ ਹੈ। ਇਓਂ ਸੁਭਾਸ਼ ਨੀਰਵ ਦਾ ਇਹ ਯਤਨ ਪੰਜਾਬੀ ਅਤੇ ਹਿੰਦੀ ਜ਼ਬਾਨ ਦੇ ਪਾਠਕਾਂ ਵਿਚਕਾਰ ਪੁਲ ਦਾ ਕੰਮ ਕਰਦਾ ਹੈ। ਸੁਭਾਸ਼ ਨੀਰਵ ਕਿਉਂਕਿ ਆਪ ਪੰਜਾਬੀ ਹੈ, ਪੰਜਾਬੀ ਸਭਿਆਚਾਰ ਦੀਆਂ ਮਹੀਨ ਤੰਦਾਂ ਦੀ ਪਛਾਣ ਰੱਖਦਾ ਹੈ, ਸ਼ਹਿਰੀਕਰਣ ਦੀਆਂ ਸਮੱਸਿਆਵਾਂ ਤੋਂ

ਵੀ ਵਾਕਿਫ਼ ਹੈ ਇਸ ਲਈ ਪੰਜਾਬੀ ਕਹਾਣੀ ਦੇ ਖ਼ਮੀਰ ਨੂੰ ਹਿੰਦੀ ਜ਼ਬਾਨ ਵਿਚ ਕਾਇਮ ਰੱਖ ਕੇ ਉਸਨੇ ਅਨੁਵਾਦਕ ਅਤੇ ਸੰਪਾਦਕ ਦਾ ਦੂਹਰਾ ਕਾਰਜ ਨਿਭਾਇਆ ਹੈ ਇਸ ਲਈ ਉਹ ਵਧਾਈ ਦਾ ਪਾਤਰ ਹੈ।

## ਖੁੱਲ੍ਹੇ ਅੰਤ ਵਾਲੀ ਸ੍ਵੈ-ਜੀਵਨੀ 'ਅਜੇ ਇਹ ਅੰਤ ਨਹੀਂ (ਭਾਗ -1)'

ਜਿੰਦਰ ਦੀ ਸ੍ਵੈ-ਜੀਵਨੀ, 'ਅਜੇ ਇਹ ਅੰਤ ਨਹੀਂ' ਸਿਰਲੇਖ ਦੇ ਨਾਲ ਨਾਲ ਕਈ ਸਵਾਲਾਂ ਨੂੰ ਜਨਮ ਦੇਂਦੀ ਹੈ।ਕਿਸਦਾ ਅੰਤ ?, ਜੀਵਨ ਦਾ ?, ਰਚਨਾ ਦਾ ?, ਵਕਤ ਦਾ ? ਇਨ੍ਹਾਂ ਸਵਾਲਾਂ ਨੂੰ ਜ਼ਿਹਨ ਵਿਚ ਰੱਖਦਿਆਂ ਇਸ ਦਾ ਪਾਠ ਕਰਨ ਉਪਰੰਤ ਕੁਝ ਹੋਰ ਵੱਖਰੇ ਸਵਾਲ ਪੈਦਾ ਹੁੰਦੇ ਹਨ। ਸ਼ਾਇਦ ਇਸੇ ਨੂੰ ਹੀ ਰਚਨਾ ਦਾ ਸਸਪੈਂਸ ਕਿਹਾ ਜਾਂਦਾ ਹੈ।

ਇਸ ਸਵੈ-ਜੀਵਨੀ ਦਾ ਆਗਾਜ਼ ਵੱਖਰੇ ਅੰਦਾਜ਼ ਵਿਚ ਹੋਇਆ ਹੈ। ਲੇਖਕ ਦਾ ਪੋਤਾ ਦਾਦੇ ਕੋਲੋਂ ਉਸਦੀ ਜ਼ਿੰਦਗੀ ਬਾਰੇ ਜਾਣਨਾ ਚਾਹੁੰਦਾ ਹੈ। ਤੇ ਲੇਖਕ ਆਪਣੀ ਕਥਾ ਦਾ ਆਰੰਭ ਆਪਣੇ ਵਡੇਰਿਆਂ ਦੀ ਜ਼ਿੰਦਗੀ ਨੂੰ ਆਪਣੇ ਜੀਵਨ-ਪਿਛੋਕੜ ਵਿਚ ਰੱਖ ਕੇ ਪੇਸ਼ ਕਰਦਾ ਹੈ। ਏਥੋਂ ਹੀ ਇਸ ਰਚਨਾ ਦੀ ਕਥਾ ਸੁਣਾਉਣ ਦੀ ਵਿਧੀ ਦੀ ਵਰਤੋਂ ਦਾ ਅਹਿਸਾਸ ਹੁੰਦਾ ਹੈ।

ਸਮੁੱਚੀ ਰਚਨਾ ਦੇ ਪਾਠ ਉਪਰੰਤ ਉੱਪਰ ਉਠਾਏ ਸਵਾਲਾਂ ਦੇ ਜਵਾਬ ਵੀ ਮਿਲਦੇ ਹਨ ਅਤੇ ਕਈ ਹੋਰ ਸਵਾਲ ਵੀ ਜਨਮ ਲੈਂਦੇ ਹਨ। ਜੀਵਨ, ਰਚਨਾ ਅਤੇ ਵਕਤ ਦੇ ਅੰਤ ਨਾਲ ਸੰਬੰਧਿਤ ਸਵਾਲਾਂ ਦਾ ਨਿਸ਼ਚਿਤ ਉੱਤਰ ਨਹੀਂ ਹੋ ਸਕਦਾ। ਜੀਵਨ ਕਦੇ ਖ਼ਤਮ ਨਹੀਂ ਹੁੰਦਾ, ਜੀਵਨ-ਕਾਲ ਖ਼ਤਮ ਹੋ ਸਕਦਾ ਹੈ, ਰਚਨਾ ਦਾ ਕਦੇ ਅੰਤ ਨਹੀਂ ਹੁੰਦਾ, ਰਚਨਾ-ਕਾਲ ਦਾ ਅੰਤ ਹੋ ਸਕਦਾ ਹੈ, ਵਕਤ ਦਾ ਕਦੇ ਅੰਤ ਨਹੀਂ ਹੁੰਦਾ, ਨਿਸ਼ਚਿਤ ਕਾਲ-ਵਕਤ ਦਾ ਅੰਤ ਹੋ ਸਕਦਾ ਹੈ। ਜੀਵਨ ਇਕ ਚਲਦਾ ਪ੍ਰਵਾਹ ਹੈ, ਰਚਨਾ ਵਿਚ ਵੀ ਉਸੇ ਕਾਲ-ਪ੍ਰਵਾਹ ਦੇ ਸੰਕੇਤ ਮਿਲਦੇ ਹਨ। ਇਹ ਸਾਰੇ ਮੁੱਦੇ ਰਚਨਾ ਦੀ ਸੰਰਚਨਾਤਮਕ-ਪ੍ਰਕਿਰਿਆ ਨਾਲ ਜੁੜੇ ਹੋਏ ਹਨ।ਪ੍ਰਮਾਣਿਕ ਰਚਨਾ ਉਹ ਹੁੰਦੀ ਹੈ ਜੋ ਜ਼ਿੰਦਗੀ ਅਤੇ ਸਾਹਿਤ ਦੇ ਕਾਲ-ਪ੍ਰਵਾਹ ਦੀ ਨਿਰੰਤਰ ਪ੍ਰਕਿਰਿਆ ਦੀ ਸਿਰਜਣਾ ਕਰਦੀ ਹੈ ਅਤੇ ਜਿੰਦਰ ਦੀ ਇਸ ਰਚਨਾ ਦੀ ਸੰਰਚਨਾਤਮਕ-ਪ੍ਰਕਿਰਿਆ ਵਿਚ ਇਸ ਕਾਲ-ਪ੍ਰਵਾਹ ਦੇ ਸੰਕੇਤ ਮਿਲਦੇ ਹਨ। ਇਸ ਕਰਕੇ ਇਹ ਰਚਨਾ ਸਵੈ-ਜੀਵਨੀ ਹੁੰਦੇ ਹੋਏ ਵੀ ਆਪਣੀ ਰਚਨਾਤਮਕ-ਪ੍ਰਕਿਰਿਆ ਵਿਚ ਤੱਥ ਮੂਲਕ ਘੱਟ ਅਤੇ ਗਾਲਪਿਕ ਵਧੇਰੇ ਜਾਪਦੀ ਹੈ। ਇਹ ਗਾਲਪਿਕਤਾ ਜਿੰਦਰ ਦੀ ਲਿਖਣ ਸ਼ੈਲੀ ਵਿਚੋਂ ਉਜਾਗਰ ਹੁੰਦੀ ਹੈ। ਜਿੰਦਰ ਆਪ ਵੀ ਇਸ ਬਾਰੇ ਸੁਚੇਤ ਹੈ ਸ਼ਾਇਦ ਇਸੇ ਕਰਕੇ ਉਸਦੇ ਮਨ ਵਿਚ ਇਹ ਪ੍ਰਸ਼ਨ ਜਾਗਦਾ ਹੈ ਕਿ ਜੋ ਉਸਨੇ ਲਿਖਿਆ ਹੈ, ਸੱਚ ਹੈ ਜਾਂ ਭਰਮ ? ਇਸ ਲਈ ਇਹ ਰਚਨਾ ਆਪਣੀ ਲਿਖਣ ਸ਼ੈਲੀ ਵਿਚ 'ਯਥਾਰਥ' ਅਤੇ 'ਭੁਲੇਵਾਂ' ਦੇ ਸੰਕਲਪ ਨਾਲ ਦੋ ਚਾਰ ਹੁੰਦੀ ਨਜ਼ਰ ਆਉਂਦੀ ਹੈ ਅਤੇ ਪਾਠਕ ਅੱਗੇ ਇਹ ਸਵਾਲ ਵੀ ਸਿਰਜਦੀ ਹੈ ਕਿ ਸਵੈ-ਜੀਵਨੀ ਲਿਖਣ ਵੇਲੇ ਲੇਖਕ ਨੂੰ ਤੱਥਾਂ ਦੇ ਨੇੜੇ ਹੋਣਾ ਚਾਹੀਦਾ ਹੈ ਜਾਂ ਉਨ੍ਹਾਂ ਦਾ ਗਲਪੀਕਰਨ ਕਰਨਾ ਹੁੰਦਾ ਹੈ।

ਰਚਨਾ ਦੇ ਵਸਤੂ ਦਾ ਅਧਿਐਨ ਕਰਦਿਆਂ ਸਮਾਜਿਕ ਮੁੱਦੇ ਵੀ ਸਾਡਾ ਧਿਆਨ ਖਿੱਚਦੇ ਹਨ। ਉਨ੍ਹਾਂ ਵਿਚ ਮਰਦ ਅਤੇ ਔਰਤ ਦੋਵੇਂ ਇਕੋ ਤਰ੍ਹਾਂ ਨਾਲ ਭਾਗੀਦਾਰ ਬਣਦੇ ਹਨ। ਜਦੋਂ ਜਿੰਦਰ ਆਪਣੇ ਵਿਆਹ ਵਾਲੀ ਘਟਨਾ ਦੀ ਪੇਸ਼ਕਾਰੀ ਕਰਦਾ ਹੈ ਤਾਂ ਔਰਤ ਅਤੇ ਮਰਦ ਦੋਵੇਂ ਹੀ ਸਥਿਤੀਆਂ ਦਾ ਸ਼ਿਕਾਰ ਹੁੰਦੇ ਹਨ। ਦੋਵਾਂ ਦੀ ਮਾਨਸਿਕਤਾ ਦਮਿਤ ਰਹਿੰਦੀ ਹੈ। ਮਿਸਾਲ



ਵਜੋਂ ਜਿਥੇ ਜਿੰਦਰ ਦੀ ਪਤਨੀ ਦੀ ਜ਼ਿੰਦਗੀ ਦਾ ਫ਼ੈਸਲਾ ਉਸਦੇ ਬਾਪ ਦੇ ਫ਼ੈਸਲੇ ਉੱਪਰ ਨਿਰਭਰ ਕਰਦਾ ਹੈ, ਓਥੇ ਜਿੰਦਰ ਦੀ ਜ਼ਿੰਦਗੀ ਦਾ ਫ਼ੈਸਲਾ ਵੀ ਉਸਦੇ ਪਰਿਵਾਰ ਦੇ ਫ਼ੈਸਲੇ ਉੱਪਰ ਅਧਾਰਿਤ ਹੈ। ਸੋ ਇਥੇ ਇਹ ਕਹਿਣਾ ਬਣਦਾ ਹੈ ਕਿ ਇਸ ਰਚਨਾ ਵਿਚ ਜਿੰਦਰ ਉਸ ਸਮਾਜ ਦੀ ਤਸਵੀਰ ਪੇਸ਼ ਕਰਦਾ ਹੈ ਜਿਥੇ ਮਰਦ ਔਰਤ ਦੋਵੇਂ ਹੀ ਸਮਾਜਿਕ ਪ੍ਰਸਥਿਤੀਆਂ ਦਾ ਸ਼ਿਕਾਰ ਹੁੰਦੇ ਹਨ। ਸੋ ਏਥੇ ਮਨੁੱਖ ਦੀ ਮਾਨਵੀ ਸਥਿਤੀ ਵਧੇਰੇ ਉਜਾਗਰ ਹੁੰਦੀ ਹੈ ਅਤੇ ਇਹ ਰਚਨਾ ਮਰਦ ਅਤੇ ਔਰਤ ਵਿਚਲੇ ਉੱਚੇ ਅਤੇ ਨੀਵੇਂ ਦੇ ਫ਼ਾਸਲੇ ਨੂੰ ਨਕਾਰਦੀ ਪ੍ਰਤੀਤ ਹੁੰਦੀ ਹੈ।

ਇਸ ਰਚਨਾ ਦਾ ਪਾਠ ਕਰਦਿਆਂ ਜਿਹੜੀ ਮਾਰਮਿਕ ਸਥਿਤੀ ਪਾਠਕ ਨੂੰ ਵਧੇਰੇ ਪ੍ਰਭਾਵਿਤ ਕਰਦੀ ਹੈ ਉਹ ਹੈ ਜਿੰਦਰ ਦੇ ਐਕਸੀਡੈਂਟ ਵਾਲੀ ਘਟਨਾ ਅਤੇ ਉਸ ਵਿਚ ਉਸਦਾ ਹੱਥ ਬੇਕਾਰ ਹੋ ਜਾਣਾ। ਲੇਕਿਨ ਇਸ ਘਟਨਾ ਨੂੰ ਲੇਖਕ ਨੇ ਬੜੇ ਹਾਂ-ਮੁਖੀ ਪੱਖ ਤੋਂ ਪੇਸ਼ ਕਰਕੇ ਇਸਨੂੰ ਮਨੁੱਖ ਦੀ ਕਮਜ਼ੋਰੀ ਨਹੀਂ ਬਣਨ ਦਿੱਤਾ ਅਤੇ ਆਪਣੀ ਜ਼ਿੰਦਗੀ ਦੀ ਸਹਿਜਤਾ ਨੂੰ ਭੰਗ ਨਹੀਂ ਹੋਣ ਦਿੱਤਾ। ਇਹ ਆਪਣੇ ਆਪ ਵਿਚ ਬੜਾ ਹਿੰਮਤ ਵਾਲਾ ਕਦਮ ਹੈ ਸ਼ਾਇਦ ਇਸੇ ਲਈ ਲੇਖਕ ਨੇ ਇਸ ਘਟਨਾ ਨੂੰ ਬਹੁਤ ਜ਼ਿਆਦਾ ਭਾਵੁਕ ਰੰਗ ਨਹੀਂ ਦਿੱਤਾ।

ਇਸ ਰਚਨਾ ਦੀ ਇਕ ਹੋਰ ਵਿਸ਼ੇਸ਼ਤਾ ਇਸ ਕਥਾ ਦੇ ਮੁੱਖ ਪਾਤਰ ਦੀ ਆਂਤਰਿਕ ਸਥਿਤੀ ਹੈ। ਉਸਦੇ ਮਨ ਅੰਦਰ ਇਕ ਐਸੀ ਔਰਤ ਨੇ ਘਰ ਕੀਤਾ ਹੋਇਆ ਹੈ ਜਿਸਨੂੰ ਉਹ ਆਪਣੀ ਚੇਤਨਾ ਦੇ ਅਟੁੱਟ ਅੰਗ ਵਾਂਗ ਜੀ ਰਿਹਾ ਹੈ। ਇਕ ਜੀਵਨ ਬਾਹਰੀ ਹੈ ਜਿਸ ਵਿਚ ਬੀਵੀ ਬੱਚੇ ਹਨ, ਜੋ ਜ਼ਿੰਦਗੀ ਦਾ ਯਥਾਰਥ ਹੈ, ਦੂਜਾ ਜੀਵਨ ਉਹ ਹੈ ਜਿਸ ਵਿਚ ਉਸਦੀ ਮਾਨਸਿਕਤਾ ਵਿਚ ਜੀ ਰਹੀ ਉਹ ਔਰਤ ਹੈ ਜਿਸ ਨਾਲ ਉਹ ਜੀਵਨ ਬਿਤਾਉਣਾ ਚਾਹੁੰਦਾ ਹੈ, ਜੋ ਜ਼ਿੰਦਗੀ ਦਾ ਭੁਲੇਵਾਂ ਹੈ। ਸੋ ਸਾਰੀ ਰਚਨਾ 'ਯਥਾਰਥ' ਅਤੇ 'ਭੁਲੇਵਾਂ' ਦੇ ਆਂਤਰਿਕ ਵਿਰੋਧ ਦੀ ਆਂਤਰਿਕ ਸੰਰਚਨਾ ਉਪਰ ਟਿਕੀ ਹੋਈ ਹੈ ਜੋ ਜ਼ਿੰਦਗੀ ਦੇ ਸੂਖਮ ਮਸਲਿਆਂ ਵੱਲ ਸੰਕੇਤ ਕਰਦੀ ਹੈ। ਸੋ ਕਈ ਤਰ੍ਹਾਂ ਦੀਆਂ ਸੰਭਾਵਨਾਵਾਂ ਸਿਰਜਣ ਵਾਲੀ ਇਸ ਰਚਨਾ ਦਾ ਸਵਾਗਤ ਹੈ।

ਕੈਂਸਰ ਟਰੇਨ ਦਾ ਸਮੱਸਿਆਕਾਰ 'ਕੈਂਸਰ ਟਰੇਨ' ਪੰਜਾਬੀ ਗਲਪਕਾਰ ਨਛੱਤਰ ਦਾ ਨਵਾਂ ਨਾਵਲ ਹੈ ਜਿਸ ਵਿਚ ਉਸਨੇ ਪੰਜਾਬ ਨਾਲ ਸੰਬੰਧਿਤ ਕੈਂਸਰ ਦੇ ਵਿਸ਼ੇ ਨੂੰ ਗਾਲਪਿਕ ਪ੍ਰਬੰਧ ਰਾਹੀਂ ਸਿਰਜਣ ਦਾ ਯਤਨ ਕੀਤਾ ਹੈ। ਪੰਜਾਬ ਦੀ ਸਮਕਾਲੀ ਹਕੀਕਤ ਨਾਲ ਸੰਬੰਧਿਤ ਹੋਣ ਕਰਕੇ ਇਸ ਵਿਸ਼ੇ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ।

ਇਸ ਨਾਵਲ ਵਿਚ ਕੈਂਸਰ ਨਾਲ ਸੰਬੰਧਿਤ ਕਈ ਪਰਤਾਂ ਪੇਸ਼ ਹਨ। ਜਿਥੇ ਪੰਜਾਬ ਦੇ ਇਕ ਖ਼ਾਸ ਇਲਾਕੇ ਦੇ ਲੋਕ ਕਈ ਕਾਰਨਾਂ ਕਰਕੇ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਪੀੜਤ ਹਨ ਉਥੇ ਇਨ੍ਹਾਂ ਪਰਤਾਂ ਵਿਚ ਲੇਖਕ ਇਤਿਹਾਸ, ਰਾਜਨੀਤੀ, ਆਰਥਿਕਤਾ ਅਤੇ ਮਾਨਵਤਾ ਵਰਗੇ ਕਈ ਪਹਿਲੂਆਂ ਨੂੰ ਵੀ ਸ਼ਾਮਿਲ ਕਰਦਾ ਹੈ।ਇਨ੍ਹਾਂ ਸਾਰੇ ਪਹਿਲੂਆਂ ਨੂੰ ਪੇਸ਼ ਕਰਨ ਲਈ ਉਹ ਜਰਨੈਲ, ਹਰਪਾਲ, ਨਾਜਰ,ਜਾਗਰ, ਸਰਪੰਚ, ਨਿਰਮਲ, ਅਮਨ, ਕਿਰਤੀ, ਬੰਸੋ, ਕਰਮੋ ਵਰਗੇ ਪਾਤਰ ਘੜਦਾ ਹੈ। ਇਨ੍ਹਾਂ ਪਾਤਰਾਂ ਰਾਹੀਂ ਉਹ ਜਿਥੇ ਪੰਜਾਬ ਵਿਚ ਵਿਚ ਫੈਲੀ ਹੋਈ ਕੈਂਸਰ ਦੀ ਬੀਮਾਰੀ ਦੇ ਕਈ ਦ੍ਰਿਸ਼, ਸੰਕੇਤ ਪੇਸ਼ ਕਰਦਾ ਹੈ ਓਥੇ ਉਹ ਉਸਦੇ ਕਾਰਨਾਂ ਵੱਲ ਧਿਆਨ ਦਿਵਾਉਂਦਾ ਹੋਇਆ ਸਮੱਸਿਆ ਨੂੰ ਸਮੱਸਿਆਕਾਰ ਦੇ ਰੂਪ ਵਿਚ ਰੂਪਾਂਤਰਿਤ ਕਰ ਦੇਂਦਾ ਹੈ।ਸਮੱਸਿਆਕਾਰ ਬਣਨ ਦੀ ਇਸ ਪ੍ਰਕਿਰਿਆ ਵਿਚ ਪੰਜਾਬ ਦੀ ਰਾਜਨੀਤੀ ਦਾ ਰੋਲ, ਵਿਰੋਧੀ ਪਾਰਟੀਆਂ ਦਾ ਯੋਗਦਾਨ, ਵਿਦੇਸ਼ਾਂ ਤੋਂ ਆਏ ਪੈਸੇ ਨਾਲ ਐਨ. ਆਰ. ਆਈਆਂ ਵੱਲੋਂ ਕੀਤੇ ਗਏ ਯਤਨ ਨਾਵਲ ਦਾ ਸਮੁੱਚਾ ਦ੍ਰਿਸ਼ ਸਿਰਜਦੇ ਹਨ। ਕਿਧਰੇ ਕਿਧਰੇ ਇਹ ਵੀ ਸੰਕੇਤ ਮਿਲਦੇ ਹਨ ਕਿ ਮਨੁੱਖ

ਇਨ੍ਹਾਂ ਪ੍ਰਤੀ ਸੁਚੇਤ ਹੋਵੇ, ਖੇਤੀ ਵਿਚ ਵਰਤੇ ਜਾਣ ਵਾਲੇ ਕੈਮੀਕਲਜ਼ ਦੇ ਨੁਕਸਾਨਾਂ ਪ੍ਰਤੀ ਜਾਗਰੂਕ ਹੋ ਉਸ ਦੀ ਵਰਤੋਂ ਤੇ ਰੋਕ ਲਗਾਏ।ਸੋ ਜਿਥੇ ਨਾਵਲਕਾਰ ਸਮੱਸਿਆਕਾਰ ਪੇਸ਼ ਕਰਦਾ ਹੈ ਓਥੇ ਕਿਧਰੇ ਕਿਧਰੇ ਇਸ ਦੇ ਇਲਾਜ ਦੇ ਸੰਕੇਤ ਵੀ ਕਰ ਜਾਂਦਾ ਹੈ।

ਹਾਲਾਂਕਿ ਕੈਂਸਰ ਨਾਲ ਪੀੜ੍ਹਤ ਲੋਕਾਂ ਦੀ ਜਿਹੜੀ ਤਸਵੀਰ ਪੇਸ਼ ਕੀਤੀ ਗਈ ਹੈ ਅਤੇ ਉਨ੍ਹਾਂ ਦੇ ਇਲਾਜ ਲਈ ਜੋ ਪ੍ਰਕਿਰਿਆ ਪੇਸ਼ ਕੀਤੀ ਗਈ ਹੈ ਉਸ ਵਿਚ ਕਈ ਖੱਪੇ ਰਹਿ ਗਏ ਹਨ। ਇਥੇ ਜਾਪਦਾ ਹੈ ਕਿ ਲੇਖਕ ਕੋਲ ਕੈਂਸਰ ਦੇ ਇਲਾਜ ਸਬੰਧੀ ਵਿਸਤ੍ਰਿਤ ਜਾਣਕਾਰੀ ਨਹੀਂ ਹੈ। ਕੈਂਸਰ ਦੇ ਇਲਾਜ ਦੌਰਾਨ ਮਰੀਜ਼ਾਂ ਨਾਲ ਹੋਣ ਵਾਲੀਆਂ ਪ੍ਰੇਸ਼ਾਨੀਆਂ ਦੀ ਪ੍ਰਕਿਰਿਆ ਬਾਰੇ ਲੇਖਕ ਨੂੰ ਹੋਰ ਜਾਣਕਾਰੀ ਹਾਸਿਲ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਕਹਿਣ ਤੋਂ ਭਾਵ ਕੈਂਸਰ ਟਰੇਨ ਦੇ ਰੂਪਕ ਰਾਹੀਂ ਸਮੁੱਚੇ ਨਾਵਲ ਦੀ ਜੋ ਤਸਵੀਰ ਪੇਸ਼ ਕੀਤੀ ਗਈ ਹੈ ਉਹ ਵਧੇਰੇ ਕਰਕੇ ਓਸ ਜਾਣਕਾਰੀ ਦੀ ਹੱਦ ਤੱਕ ਮਹਿਦੂਦ ਰਹਿੰਦੀ ਹੈ ਜਿਹੜੀ ਅੱਜ ਦੇ ਤਕਨੀਕੀ ਯੁੱਗ ਵਚ ਆਮ ਮਨੁੱਖ ਕੋਲ ਪ੍ਰਾਪਤ ਹੁੰਦੀ ਹੈ। ਲੇਖਕ ਦਾ ਕਾਰਜ ਉਸ ਜਾਣਕਾਰੀ ਦੇ ਉੱਪਰ ਇੱਕ ਐਸਾ ਬਿਰਤਾਂਤ ਸਿਰਜਣਾ ਹੁੰਦਾ ਹੈ ਜਿਸ ਨਾਲ ਉਹ ਰਚਨਾ ਪੂਰੀ ਮਨੁੱਖਤਾ ਨੂੰ ਝੰਜੋੜ ਕੇ ਰੱਖ ਦੇਵੇ। ਕੈਂਸਰ ਇਸ ਨਾਵਲ ਦਾ ਵਿਸ਼ਾ ਹੀ ਨਾ ਰਹਿ ਜਾਵੇ ਸਗੋਂ ਸਮੁੱਚੇ ਨਾਵਲ ਦਾ ਕਿਰਦਾਰੀ ਰੂਪਕ ਬਣ ਜਾਵੇ।

ਕੈਂਸਰ ਦੀ ਸਮੱਸਿਆ ਸਿਰਫ਼ ਪੰਜਾਬ ਦੀ ਹੀ ਸਮੱਸਿਆ ਨਹੀਂ ਸਗੋਂ ਗਲੋਬਲੀਕਰਨ ਦੇ ਯੁੱਗ ਵਿਚ ਇਹ ਸਮੁੱਚੇ ਗਲੋਬ ਦੇ ਬਾਸ਼ਿੰਦਿਆਂ ਦੀ ਸਮੱਸਿਆ ਹੈ ਅਤੇ ਇਸ ਨਾਲ ਸੰਬੰਧਿਤ ਖੋਜ-ਕਾਰਜ ਲਗਾਤਾਰ ਹੋ ਰਹੇ ਹਨ। ਵਿਦੇਸ਼ਾਂ ਵਿਚ ਕੈਂਸਰ ਨਾਲ ਸੰਬੰਧਿਤ ਵਡੇਰੇ ਪੱਧਰ ਦੀਆਂ ਕਈ ਚੈਰਟੀਆਂ ਕੰਮ ਕਰ ਰਹੀਆਂ ਹਨ ਜੋ ਟੀ ਵੀ ਉਪਰ ਹਰ ਵੇਲੇ ਦਰਸ਼ਕਾਂ ਦਾ ਧਿਆਨ ਖਿੱਚ ਰਹਿੰਦੀਆਂ ਹਨ ਅਤੇ ਲਗਾਤਾਰ ਦਾਨ ਦੀ ਅਪੀਲ ਵੀ ਕਰਦੀਆਂ ਰਹਿੰਦੀਆਂ ਹਨ।।ਜਿਥੇ ਯੂਰੋਪ ਦੇ ਕਈ ਦੇਸ਼ਾਂ ਵਿਚ ਨੈਸ਼ਨਲ ਹੈਲਥ ਸਰਵਿਸ ਰਾਹੀਂ ਕੈਂਸਰ ਨਾਲ ਪੀੜਤ ਮਨੁੱਖਾਂ ਦਾ ਇਲਾਜ ਹੁੰਦਾ ਹੈ ਓਥੇ ਭਾਰਤ ਵਿਚ ਇਸ ਤਰ੍ਹਾਂ ਦਾ ਕੋਈ ਸਿਸਟਮ ਕੰਮ ਨਹੀਂ ਕਰਦਾ। ਸੋ ਭਾਰਤ ਵਰਗੇ ਦੇਸ਼ਾਂ ਵਿਚ ਸਿਸਟਮ ਦੇ ਧੁਰ ਵਿਚ ਬੈਠੇ ਭਰਸ਼ਟਾਚਾਰ ਵਰਗੇ ਕੈਂਸਰ ਉੱਪਰ ਉਂਗਲੀ ਰੱਖ ਕੇ ਉਸ ਤੋਂ ਨਿਜਾਤ ਪਾਉਣ ਦੀ ਲੋੜ ਹੈ। ਇਸ ਪ੍ਰਕਾਰ ਦੀ ਚੇਤਨਾ ਜਾਗ੍ਰਿਤ ਕਰਕੇ ਕੋਈ ਵੀ ਲੇਖਕ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਪ੍ਰਮਾਣ ਪੇਸ਼ ਕਰ ਸਕਦਾ ਹੈ।ਫੇਰ ਵੀ ਅੱਜ ਦੇ ਸਮੇਂ ਨਾਲ ਸੰਬੰਧਿਤ ਅਹਿਮ ਮੁੱਦੇ ਨੂੰ ਆਪਣੇ ਨਾਵਲ ਵਿਚ ਪੇਸ਼ ਕਰਕੇ ਨਛੱਤਰ ਨੇ ਇੱਕ ਸ਼ੁਰੂਆਤ ਜ਼ਰੂਰ ਪੇਸ਼ ਕੀਤੀ ਹੈ ਜਿਸ ਲਈ ਉਹ ਨਿਸ਼ਚੈ ਹੀ ਵਧਾਈ ਦਾ ਹੱਕਦਾਰ ਹੈ।

## ਦੋ ਕਾਵਿ-ਪੁਸਤਕਾਂ ਦੀ ਗੱਲ - ਗੁਰਪ੍ਰੀਤ ਸਿੰਘ

## ਇਉਂ ਵੀ ਦੇਖਣਾ ਹੈ ਕਵੀ : ਜਗਦੀਪ ਸਿੱਧੂ

ਇਹ ਜਗਦੀਪ ਸਿੱਧੂ ਦੀ ਦੂਜੀ ਕਾਵਿ-ਕਿਤਾਬ ਹੈ। ਇਸ ਤੋਂ ਪਹਿਲਾਂ ਉਹ 'ਜਾਣ ਦੇ ਮੈਨੂੰ' ਨਾਲ਼ ਪੰਜਾਬੀ ਕਾਵਿ-ਸੰਸਾਰ ਵਿਚ ਚਰਚਿਤ ਹੋ ਚੁਕਿਆ ਹੈ। ਜਗਦੀਪ ਦੀਆਂ ਕਵਿਤਾਵਾਂ ਸੋਸ਼ਲ ਮੀਡੀਏ 'ਤੇ ਕਾਫੀ ਪੜ੍ਹੀਆਂ ਤੇ ਸਲਾਹੀਆਂ ਜਾਂਦੀਆਂ ਹਨ। ਇਹਦੀ ਕਵਿਤਾ ਬਾਰੇ ਯੂਨੀਵਰਸਿਟੀਆਂ/ ਕਾਲਜਾਂ ਦੇ ਅਧਿਆਪਕ ਵੀ ਆਪਣੀਆਂ ਵੱਡਮੁੱਲੀਆਂ ਰਾਵਾਂ ਰੱਖਦੇ ਹਨ। ਇਹ ਗੱਲ ਬਹੁਤ ਥੋੜ੍ਹੇ ਕਵੀਆਂ ਦੇ ਹਿੱਸੇ ਆਉਂਦੀ ਹੈ ਕਿ ਉਹਨੂੰ ਇੱਕੋ ਵੇਲ਼ੇ ਆਮ ਪਾਠਕ ਵੀ ਪਸੰਦ ਕਰਦਾ ਹੋਵੇ ਤੇ ਆਲੋਚਕ ਵੀ। ਉਹ ਆਪਣੀ ਟਾਇਟਲ ਕਵਿਤਾ ਵਿਚ ਲਿਖਦਾ ਹੈ :



ਸੱਚ ਨੂੰ ਸੱਚ ਲਿਖਣਾ
ਆਪਣਾ ਨਹੀਂ ਤੱਕਣਾ
ਇਉਂ ਵੀ ਦੇਖਣਾ ਹੈ।

ਦੇਖਣ ਦਾ ਢੰਗ ਤਰੀਕਾ ਕਵੀ ਪਾਠਕ ਨੂੰ ਹੀ ਨਹੀਂ ਦਿੰਦਾ, ਸਗੋਂ ਆਪਣੇ-ਆਪ ਨੂੰ ਵੀ ਦਿੰਦਾ ਹੈ। ਆਪਣੇ ਆਪ ਨਾਲ਼ ਸੰਵਾਦ ਹੀ ਦਰਅਸਲ ਦੂਜਿਆਂ ਨਾਲ਼ ਸੰਵਾਦ ਹੁੰਦਾ ਹੈ।'ਆਪਣੇ ਬਾਰੇ' ਕਾਵਿਮਈ ਜਾਣਕਾਰੀ ਦਿੰਦਿਆਂ ਕਵੀ ਆਪਣੀ ਕਥਾ ਦਸਦਾ ਇਸ ਕਿਤਾਬ ਦਾ ਆਰੰਭ ਕਰਦਾ ਹੈ :

ਮਾਂ ਕਹਿੰਦੀ :
ਚੜ੍ਹਦੀ ਉਮਰੇ
ਫੁੱਟਬਾਲ ਰਿਹਾ ਖੇਡਦਾ
ਹੁਣ ਪੈਨ ਫੜ ਲਿਆ
ਬਸ ਹੱਥ ਪੈਰ ਮਾਰਦਿਆਂ
ਅੱਧੀ ਗੁਜ਼ਰ ਗਈ। (ਪੰਨਾ 18)

ਇਸ ਕਵਿਤਾ ਵਿਚ ਮੁਹਾਵਰਾ 'ਹੱਥ ਪੈਰ ਮਾਰਨੇ' ਇਕ ਫਿਲਮ ਵਾਂਗ ਸਾਡੇ ਸਾਹਵੇਂ ਫੈਲ ਜਾਂਦਾ ਹੈ। ਇਹ ਦ੍ਰਿਸ਼ ਅੱਧੀ ਗੁਜ਼ਰੀ ਨੂੰ ਹੀ ਨਹੀਂ ਦਰਸਾਉਂਦਾ ਸਗੋਂ ਅਗਲੀ ਅੱਧੀ ਦੀ ਬਾਤ ਵੀ ਪਾਉਂਦਾ ਹੈ। ਪੂਰੀ ਕਿਤਾਬ ਦੀ ਜੁਗਤ ਦ੍ਰਿਸ਼ ਹੈ। ਨਿੱਕੇ-ਨਿੱਕੇ ਦ੍ਰਿਸ਼ ਨਿੱਕੀਆਂ ਫਿਲਮਾਂ ਵਾਂਗ ਪਾਠਕ ਨੂੰ ਦਰਸ਼ਕ ਬਣਾਉਂਦੇ ਹਨ ਤੇ ਉਹਦੇ ਅੰਦਰਲੇ ਦੁੱਖਾਂ-ਸੁੱਖਾਂ ਨੂੰ ਮਿਲਾਉਂਦੇ ਹਨ।

'ਫੈਲਾਅ' ਨਾਂ ਦੀ ਕਵਿਤਾ ਨਾਲ਼ ਇਹ ਕਿਤਾਬ ਜਗਦੀਪ ਦੇ ਜੀਵਨ ਦੀ ਅਜਿਹੀ ਟੁਕੜੀ ਨੂੰ ਪੇਸ਼ ਕਰਦੀ ਹੈ ਜਿਸ ਨੂੰ ਉਹ ਲੰਮੇ ਸਮੇਂ ਤੋਂ ਉਡੀਕ ਰਿਹਾ ਸੀ। ਕੁਦਰਤ ਨੂੰ ਸੰਬੋਧਿਤ ਕਾਵਿ-ਪਾਤਰ ਆਪਣੇ ਹੱਥਾਂ ਦੇ ਫੈਲਾਅ 'ਚ ਇਕ ਬੱਚੇ ਦੀ ਮੰਗ ਕਰਦਾ ਹੈ। ਬੱਚਾ ਵੀ ਕੁਦਰਤ ਦਾ ਹੀ ਰੂਪ ਹੁੰਦਾ ਹੈ। ਅਗਲੀਆਂ ਸੱਤ ਕਵਿਤਾਵਾਂ (ਮੇਰਾ ਬੱਚਾ, ਹਾਸੇ ਦੀ ਕੀਮਤ, ਰਾਣੀ ਬੇਟੀ, ਕੋਲ-ਕੋਲ਼, ਨਵਾਂ ਜਨਮ, ਬੱਚੇ-ਅਸੀਂ ਅਤੇ ਇਉਂ ਨਹੀਂ ਹੁੰਦਾ) ਵਿਚ ਆਪਣੀ ਬੱਚੀ ਲਈ, ਬੱਚੀ ਬਾਰੇ ਕਵਿਤਾਵਾਂ ਲਿਖਦਾ ਹੈ। ਕਵਿਤਾਵਾਂ ਪੜ੍ਹਦਿਆਂ ਸਭ ਨੂੰ ਆਪੋ-ਆਪਣੇ ਬੱਚੇ ਨਵੇਂ ਰੂਪ ਵਿਚ ਨਜ਼ਰ ਆਉਣ ਲਗਦੇ ਹਨ। ਪਾਠਕ ਨੂੰ ਲਗਦਾ ਹੈ ਕਿ ਇਹ ਤਾਂ ਉਹਦੇ ਬੱਚੇ ਬਾਰੇ ਲਿਖੀਆਂ ਕਵਿਤਾਵਾਂ ਹੀ ਹਨ। ਪਾਠਕ ਖੁਦ ਕਵੀ ਹੋ ਜਾਂਦਾ ਹੈ ਤੇ ਇਹਨਾਂ ਕਵਿਤਾਵਾਂ ਨੂੰ ਮੁੜ ਤੋਂ ਸਿਰਜਣ ਲਗਦਾ ਹੈ। ਇਹੋ ਗੱਲ ਇਹਨਾਂ ਕਵਿਤਾਵਾਂ ਦੀ ਵੱਡੀ ਪ੍ਰਾਪਤੀ ਹੈ। ਇਹ ਕਵਿਤਾਵਾਂ ਸੋਹਣੇ ਹਾਸੇ ਦੀ ਉਸ ਕੀਮਤ ਦਾ ਪ੍ਰਗਟਾ ਹਨ, ਜੋ ਸਭ ਗੱਲਾਂ ਤੋਂ ਸੋਹਣਾ ਹੁੰਦਾ ਹੈ। ਆਪਣੀ ਪਤਨੀ ਦੀ ਪ੍ਰੈਗਨੈਂਸੀ ਬਾਰੇ ਦੁਨੀਆਂ 'ਚ ਸ਼ਾਇਦ ਹੀ ਕਿਸੇ ਕਵੀ ਦੀ ਕਵਿਤਾ ਹੋਵੇ। ਮੈਨੂੰ ਤਾਂ ਲਗਦੈ ਕਿਸੇ ਕਵਿਤਰੀ ਨੇ ਵੀ ਆਪਣੇ ਗਰਭਵਤੀ ਹੋਣ ਦੇ ਪਲਾਂ, ਅਹਿਸਾਸਾਂ, ਅਨੁਭਵਾਂ ਨੂੰ ਕਿਧਰੇ ਨਹੀਂ ਲਿਖਿਆ। ਜਗਦੀਪ ਦੀਆਂ ਚਾਰ ਸਤਰਾਂ ਦੇਖੋ :

ਪਤਨੀ ਨੂੰ
ਉਬੱਤ ਆਉਂਦੇ ਨੇ
ਮੇਰਾ ਜੀ ਕਰਦਾ ਹੈ
ਕੱਢ ਦੇਵਾਂ
ਆਪਣੇ ਅੰਦਰੋਂ

ਦੁਨੀਆਂ ਲਈ
ਨਫਰਤ ਗਿਲੇ ਸ਼ਿਕਵੇ ( ਪੰਨਾ 20)

ਇਹ ਕਵਿਤਾ ਕਿਤਾਬ ਦੀ ਸਿਖਰ ਕਵਿਤਾ ਹੈ। ਇਕੱਲੀ ਹੀ ਸਾਰੀਆਂ 'ਤੇ ਭਾਰੂ ਪੈਂਦੀ। ਕਵੀ ਨੂੰ ਕਵੀ ਬਣਾਉਂਦੀ ਉਹਦੀ ਬੰਦਿਆਈ ਨੂੰ ਸਿਰਜਦੀ ਹੈ। ਇਹ ਕਵਿਤਾਵਾਂ ਕਵੀ ਦੇ ਨਿੱਜੀ ਤਜ਼ੁਰਬਿਆਂ, ਅਨੁਭਵਾਂ ਅਹਿਸਾਸਾਂ ਦੀਆਂ ਅਜਿਹੀਆਂ ਨਜ਼ਮਾਂ ਹਨ ਜੋ, ਆਵਾਮ ਦੇ ਤਜ਼ੁਰਬਿਆਂ, ਅਨੁਭਵਾਂ ਨਾਲ਼ ਜੁੜ ਜਾਂਦੀਆਂ ਹਨ।

ਅਗਲੀਆਂ ਕੁਝ ਕਵਿਤਾਵਾਂ ਪਿਆਰ ਦੇ ਉਹਨਾਂ ਪਲਾਂ-ਛਿਣਾਂ ਦੀਆਂ ਹਨ ਜਿਹਨਾਂ ਨੂੰ ਜਿਉਣਾ ਬੰਦੇ ਨੂੰ ਅਨੰਤਤਾ 'ਚ ਫੈਲਾਅ ਦਿੰਦੀਆਂ ਹਨ। ਨਿੱਕੇ-ਨਿੱਕੇ ਅਹਿਸਾਸਾਂ ਦੀਆਂ ਇਹਨਾਂ ਕਵਿਤਾਵਾਂ ਪਾਤਰ ਵੀ ਪਾਠਕ ਖੁਦ ਬਣ ਜਾਂਦਾ ਹੈ, ਕਿਸੇ ਫਿਲਮ ਦੇ ਹੀਰੋ-ਹੀਰੋਇਨ ਵਾਂਗ :

ਤੈਨੂੰ ਮੈਂ ਗਲਵਕੜੀ ਪਾਈ
ਤੂੰ ਹੌਲ਼ੀ ਦੇਣੀ ਖਿਸਕ ਗਈ
ਮੈਂ ਹੁਣ ਤੱਕ
ਉਸ ਘੇਰੇ ਦਾ ਸਿਫਰ
ਚੁੱਕੀ ਫਿਰਦਾਂ ( ਪੰਨਾ 77)

ਇਹ ਘੇਰੇ ਸਿਫਰ ਹੀ ਕਵਿਤਾ ਦਾ ਸਿਫਰ ਹੁੰਦਾ ਹੈ, ਬਿਲਕੁਲ ਇਸੇ ਤਰ੍ਹਾਂ ਤੇ ਪਾਠਕ ਉਸ ਸਿਫਰ ਨਾਲ਼ ਹੀ ਆਪਣੇ ਕਿੰਨੇ ਹੀ ਘੇਰਿਆਂ ਦੇ ਆਰ-ਪਾਰ ਹੋ ਜਾਂਦਾ ਹੈ। ਪਿਆਰ ਦੇ ਅਹਿਸਾਸ ਜ਼ਿੰਦਗੀ ਨੂੰ ਜਿਉਣ-ਜੋਗਾ ਬਣਾ ਦਿੰਦੇ ਹਨ।

ਜਗਦੀਪ ਦੀਆਂ ਕਵਿਤਾਵਾਂ ਘੇਰਾ ਮੋਕਲਾ ਹੈ। ਉਹ ਜਿੱਥੇ ਆਪਣੇ ਨੇੜੇ-ਤੇੜੇ ਨੂੰ ਡੂੰਘ ਨਾਲ ਦੇਖਦਾ ਹੈ, ਉੱਥੇ ਆਪਣੇ ਆਲੇ-ਦੁਆਲੇ 'ਤੇ ਵੀ ਪੀਡੀ ਨਿਗ੍ਹਾ ਮਾਰਦਾ ਹੈ। ਕਈ ਕਵਿਤਾਵਾਂ ਪੜ੍ਹਦਿਆਂ ਪਾਠਕ ਇਕ ਹੈਰਾਨੀ 'ਚ ਛਾਲ ਮਾਰਦਾ ਹੋਇਆ 'ਹੈਂ' ਆਖਦਾ ਹੈ ਤੇ ਸੇ ਕਵਿਤਾ 'ਤੇ ਰੁਕ ਜਾਂਦਾ ਹੈ। ਉਸ ਨੂੰ ਲਗਦਾ ਹੈ ਕਿ ਉਹ ਹੁਣ ਕਿਤਾਬ ਬੰਦ ਕਰ ਦੇਵੇ ਤੇ ਉਸੇ ਕਵਿਤਾ ਦੇ ਅੰਗ-ਸੰਗ ਰਹੇ। ਮੇਰੇ ਨਾਲ ਵੀ ਇਸੇ ਤਰ੍ਹਾਂ ਹੋਇਆ ਹੈ। ਕਈ ਕਵਿਤਾਵਾਂ ਮੈਂ ਪੜ੍ਹੀਆਂ ਤੇ ਰੁਕ ਗਿਆ। ਇਕ ਵਕਫਾ ਦਿੱਤਾ ਤੇ ਫਿਰ ਕਿਸੇ ਹੋਰ ਕਵਿਤਾ ਦੇ ਘੇਰੇ 'ਚ ਆ ਗਿਆ। ਦੇਖੋ ਇਕ ਕਵਿਤਾ :

ਭੀੜ ਹੱਥਾਂ ਵਿਚ
ਇੱਟਾਂ ਰੋੜੇ
ਕੱਚ ਦੇ ਟੁਕੜੇ
ਸਰੀਏ ਲੈ
ਹੁੜਦੰਗ ਮਚਾਉਂਦੀ
ਵਧ ਰਹੀ ਸੀ ਘਰਾਂ ਵੱਲ
ਹੈਂ ! ਇਹ ਸਾਰਾ ਸਮਾਨ ਤਾਂ
ਘਰ ਉਸਾਰਨ ਦੇ ਕੰਮ ਆਉਂਦਾ ਹੈ ( ਪੰਨਾ 72)

ਹੁਣ ਇਹ ਕਵਿਤਾ ਪੜ੍ਹ ਕੇ ਬੰਦਾ ਅੱਗੇ ਕਿਵੇਂ ਜਾਊ ? ਇਹੀ ਕਵੀ ਦੇ ਦੇਖਣ ਦਾ ਤਰੀਕਾ ਹੈ ਜੋ ਪਾਠਕ ਦਾ ਢੰਗ ਵੀ ਬਣ ਜਾਂਦਾ ਹੈ।ਪਾਠਕ ਕਦੇ 'ਨਾਨਾ' ਕਵਿਤਾ ਕੋਲ਼ ਰੁਕ ਜਾਂਦਾ ਹੈ, ਕਦੇ



'ਈਦ ਸ਼ਰੀਫ' ਕੋਲ਼। ਅੱਗੇ ਤੁਰਦਾ ਤਾਂ 'ਸੱਚਾਈ' ਸਾਜਮਣੇ ਆ ਜਾਂਦੀ ਤੇ ਪਾਠਕ ਪੈਰਾਂ 'ਤੇ ਖਲੌਣ ਦੀ ਸੋਚਦਾ ਤਾਂ ਬਾਜ਼ੀਗਰ ਬੱਚਾ ਹੱਥਾਂ 'ਤੇ ਖਲੌਣ ਦੀ ਗੱਲ ਆਖਦਾ। ਮੁਕਦੀ ਗੱਲ ਜਗਦੀਪ ਦੀ ਕਿਤਾਬ ਉਹਦੇ ਜੀਵਨ ਦੀ ਕਥਾ ਹੈ ਜੋ ਸਾਡੇ ਸਭ ਦੇ ਜੀਵਨ ਦੀ ਕਥਾ ਨੂੰ ਰੂਪਮਾਨ ਕਰਦੀ ਹੈ।

ਇਸ ਕਿਤਾਬ ਦੀ ਭੂਮਿਕਾ ਉੱਘੇ ਕਵੀ ਡਾ. ਮੋਹਨਜੀਤ ਨੇ ਲਿਖੀ ਹੈ। ਉਹ ਲਿਖਦੇ ਹਨ , "ਜਗਦੀਪ ਕੋਲ਼ ਕਵਿਤਾ ਦੀ ਸੂਝ ਹੈ। ਸ਼ਬਦਾਂ ਨੂੰ ਕਲਾ ਬਣਾਉਣ ਵਾਲਾ ਸੁਹਜ ਹੈ। ਚੀਜ਼ਾਂ ਨੂੰ ਨਿਹਾਰਨ ਵਾਲਾ ਸਹਿਜ ਹੈ।ਅੰਤਰ ਵਿਰੋਧ ਨੂੰ ਜਗਦੀਪ ਨੇ ਕਾਵਿਕ-ਜੁਗਤ ਵਾਂਗ ਵਰਤਿਆ ਹੈ। ਇਹ ਪੈਰਾਡਾਕਸ ਦੀ ਜੁਗਤ ਉਸ ਦੀ ਸਾਰੀ ਕਵਿਤਾ ਵਿਚ ਵਿਦਮਾਨ ਹੈ।"

ਜਗਦੀਪ ਮੇਰਾ ਗਰਾਈਂ ਹੈ। ਉਹਦੀ ਦੂਜੀ ਕਾਵਿ-ਪੁਸਤਕ 'ਇਉਂ ਵੀ ਦੇਖਣਾ' ਦਾ ਸੁਆਗਤ ਕਰਦਿਆਂ ਦਰਅਸਲ ਮੈਂ ਆਪਣੇ ਆਪ ਨੂੰ ਜੀ ਆਇਆਂ ਨੂੰ ਆਖਦਾ ਹਾਂ।

## ਇਕ ਹੋਰ ਜਨਮ/ਹਰਜੀਤ ਅਟਵਾਲ

'ਇਕ ਹੋਰ ਜਨਮ' ਮੇਜਰ ਮਾਂਗਟ ਦਾ ਦੂਸਰਾ ਨਾਵਲ ਹੈ। ਇਸਦਾ ਪਹਿਲਾ ਨਾਵਲ 'ਸਮੁੰਦਰ ਮੰਥਨ' ਕੁਝ ਸਾਲ ਪਹਿਲਾਂ ਆਇਆ ਸੀ ਜਿਸਨੇ ਪਾਠਕਾਂ ਤੇ ਆਲੋਚਕਾਂ ਦਾ ਧਿਆਨ ਖਿਚਿਆ ਸੀ. ਇਸ ਲਈ ਮੇਜਰ ਮਾਂਗਟ ਦੇ ਅਗਲੇ ਨਾਵਲ ਦੀ ਉਡੀਕ ਕਰਨੀ ਕੁਦਰਤੀ ਸੀ। ਵੈਸੇ ਤਾਂ ਮੇਜਰ ਮਾਂਗਟ ਨੇ ਸਾਹਿਤ ਦੀਆਂ ਬਹੁਤ ਸਾਰੀਆਂ ਵਿਧਾਵਾਂ ਉਤੇ ਕਲਮ-ਅਜਮਾਈ ਕੀਤੀ ਹੈ ਪਰ ਨਾਵਲ ਦੀ ਵਿਧੀ ਵਿਧਾਨਕ ਜ਼ਰਾ ਕੁ ਨਵੇਕਲੀ ਪ੍ਰਕਿਰਿਆ ਹੁੰਦੀ ਹੈ. ਮੇਜਰ ਮਾਂਗਟ ਇਸ ਵਿਧਾ-ਦਾ ਵੀ ਕਾਮਯਾਬ ਹੈ। ਉਸ ਦਾ ਪਹਿਲਾ ਨਾਵਲ ਇੰਡੀਆ ਤੋਂ ਕਨੇਡਾ ਜਾਣ ਦੀ ਤਿਆਰੀ ਬਾਰੇ ਸੀ ਤੇ ਇਹ ਨਾਵਲ ਕਨੇਡਾ ਜਾ ਕੇ ਸੈਟਲ ਹੋਣ ਦੀ ਦਾਸਤਾਨ ਹੈ। ਇਹ ਮਨਦੀਪ ਤੇ ਰਾਜਵਿੰਦਰ ਦੀ ਕਹਾਣੀ ਹੈ। ਦੋਵੇਂ ਪਤੀ-ਪਤਨੀ ਹਨ ਤੇ ਕਨੇਡਾ ਵਿੱਚ ਪੈਰ ਜਮਾਉਣ ਲਈ ਰਲ਼ ਕੇ ਜਦੋਜਹਿਦ ਕਰਦੇ ਦਿੱਸਦੇ ਹਨ। ਨਾਵਲ ਵਿੱਚ ਧੀਰਾ, ਰਾਜ, ਹਰਿੰਦਰ, ਗਿੰਦੀ, ਜਰਨੈਲ, ਬਖਸ਼ੀ ਆਦਿ ਵਰਗੇ ਹੋਰ ਵੀ ਬਹੁਤ ਸਾਰੇ ਕਿਰਦਾਰ ਹਨ ਪਰ ਸਾਰੀ ਕਹਾਣੀ ਮਨਦੀਪ ਤੇ ਰਾਜਵਿੰਦਰ ਦੁਆਲੇ ਹੀ ਘੁੰਮਦੀ ਹੈ। ਇਸ ਨਾਵਲ ਵਿੱਚ ਮੇਜਰ ਦੇ ਪਹਿਲੇ ਨਾਵਲ ਵਾਂਗ ਖਲਨਾਇਕ ਪ੍ਰਸਥਿਤੀਆਂ ਹੀ ਹਨ ਪਰ ਇਸ ਨਾਵਲ ਵਿੱਚ ਵਿਰੋਧ ਤੇ ਤਣਾਓ ਬਹੁਤੇ ਤਿੱਖੇ ਨਹੀਂ ਹਨ। ਕਨੇਡਾ ਵਿੱਚ ਸੈਟਲ ਹੋਣ ਵਾਲੇ ਜੋੜੇ ਦੇ ਜੀਵਨ ਨੂੰ ਬਹੁਤ ਬਰੀਕਬੀਨੀ ਨਾਲ ਚਿਤਰਿਆ ਗਿਆ ਹੈ। ਸਾਫ ਦਿਸਦਾ ਹੈ ਕਿ ਲੇਖਕ ਦੇ ਫਸਟ ਹੈਂਡ ਵਿੱਚੋਂ ਨਿਕਲੀ ਰਚਨਾ ਹੈ। ਕਨੇਡਾ ਦੇ ਜੀਵਨ ਦਾ ਸ਼ਾਇਦ ਹੀ ਕੋਈ ਪਹਿਲੂ ਹੋਵੇ ਜਿਸਨੂੰ ਲੇਖਕ ਨੇ ਨਾ ਚਿਤਰਿਆ ਹੋਵੇ ਜਿਵੇਂ ਕਿ ਕੰਮ ਦੀ ਤਾਲਾਸ਼, ਘਰ ਦੀ ਤਾਲਾਸ਼, ਡਰਾਇਵਿੰਗ ਲਾਇਸੰਸ ਦੀ ਤਾਲਾਸ਼, ਹਸਪਤਾਲ ਅੰਦਰਲੇ ਦ੍ਰਿਸ਼, ਬੱਚੇ ਦੇ ਜੰਮਣ ਤੋਂ ਲੈ ਕੇ ਬੰਦੇ ਦੀ ਮੌਤ ਜਾਣੀ ਕਿਸੇ ਸਕਾਰਤਕ ਰਚਨਾ ਦੇ ਸਾਰੇ ਵਰਨਣ ਹਨ। ਕਨੇਡਾ ਦੀਆਂ ਟੂਰਿਸਟ ਜਗਾਵਾਂ ਦਾ ਵੀ ਭਰਪੂਰ ਜ਼ਿਕਰ ਹੈ। ਦੁਕਾਨਾਂ-ਪਲਾਜ਼ਿਆਂ ਬਾਰੇ ਬੜੀ ਖ਼ੂਬੀ ਨਾਲ ਲਿਖਿਆ ਗਿਆ ਹੈ। ਪਲਾਜ਼ਿਆਂ ਅਤੇ ਵਿੱਚ ਬੈਠੇ ਠਰਕੀ ਬੁੱਢਿਆਂ ਉਪਰ ਵੀ ਖੂਬਸੂਰਤ ਵਿਅੰਗ ਕੱਸੇ ਗਏ ਹਨ। ਸ਼ਹਿਰ ਵਿੱਚ ਹੁੰਦੇ ਨਗਰ-ਕੀਰਤਨਾਂ ਤੇ ਧਾਰਮਿਕ ਅਦਾਰਿਆਂ ਬਾਰੇ ਲੇਖਕ ਨੇ ਬਹੁਤ ਹੀ ਸਤੁੰਲਨ ਨਾਲ ਬਿਆਨ ਕੀਤਾ ਹੈ। ਲੇਖਕ ਲਿਖਦਾ ਹੈ ਕਿ ਜੇ ਪੰਜਾਬ ਵਿੱਚ ਸ਼ਾਂਤੀ ਹੋ ਗਈ ਤਾਂ ਕਨੇਡਾ ਵਿੱਚ ਲੋਕਾਂ ਨੂੰ ਇਮੀਗਰੇਸ਼ਨ ਨਹੀਂ ਮਿਲੇਗੀ। ਨੀਲੇ-ਸਾਕੇ ਦੇ ਸੋਹਲੇ ਗਾ ਕੇ ਲੋਕ ਨੋਟਾਂ ਦੇ ਢੇਰ ਬਣਾ ਰਹੇ ਹਨ। ਪੰਜਾਬ ਦੀ ਇਹ ਦੁਖਦੀ ਰਗ

ਨੂੰ ਕਾਇਮ ਰੱਖਣ ਵਿੱਚ ਕੁਝ ਲੋਕ ਬਹੁਤ ਫਾਇਦਾ ਉਠਾ ਰਹੇ ਹਨ। ਸੀਮਤ ਜਿਹੇ ਤਰੀਕੇ ਨਾਲ ਲੇਖਕ ਕਨੇਡਾ ਦੇ ਸਾਹਿਤਕ ਹਲਕਿਆਂ ਦਾ ਜ਼ਿਕਰ ਵੀ ਕਰਦਾ ਹੈ ਜਿਥੇ ਸੀਨੀਅਰ ਲੇਖਕ ਨਵੇਂ ਲੇਖਕਾਂ ਨਾਲ ਕਰਦੇ ਦੂਰ ਵਿਵਹਾਰ ਦੀ ਗੱਲ ਵੀ ਹੈ। ਕਨੇਡਾ ਦੇ ਇਸਟੇਟ ਏਜੰਟ ਜਾਂ ਰੀਅਲ ਇਸਟੇਟ ਵਾਲਿਆਂ ਦੀਆਂ ਹੇਰਾ-ਫੇਰੀਆਂ ਬਾਰੇ ਵੀ ਲੇਖਕ ਨੇ ਬਾਖੂਬੀ ਨਾਲ ਲਿਖਿਆ ਹੈ। ਭਾਵੇਂ ਇਹ ਸਭ ਹੋਰਨਾਂ ਪ੍ਰਵਾਸੀ ਨਾਵਲਕਾਰਾਂ ਨੇ ਵੀ ਲਿਖਿਆ ਹੈ ਪਰ ਮੇਜਰ ਮਾਂਗਟ ਦਾ ਆਪਣਾ ਸੱਚ ਹੈ ਜੋ ਚੰਗਾ ਵੀ ਲਗਦਾ ਹੈ। ਭਾਵੇਂ ਟੈਕਸਟ ਕੋਈ ਗੰਭੀਰ ਤਣਾਓ ਨਹੀਂ ਸਿਰਜਦੀ ਪਰ ਲਿਖਤ ਵਿੱਚ ਪੜ੍ਹਨਯੋਗਤਾ ਕਾਇਮ ਰਹਿੰਦੀ ਹੈ। 'ਇਨਸਾਨ ਦੀਆਂ ਆਦਤਾਂ ਕਿਵੇਂ ਅੱਗੇ ਤੋਂ ਅੱਗੇ ਟਰਾਂਸਫਰ ਕਰਦੀਆਂ ਹਨ' ਇਹ ਗੱਲ ਲੇਖਕ ਨੇ ਬਾਖੂਬੀ ਨਾਲ ਫੜੀ ਹੈ। ਲੇਖਕ ਮੁਤਾਬਕ ਕਨੇਡਾ ਦੀ ਸੀਟੀਜ਼ਨਸ਼ਿੱਪ ਲੈਣੀ ਹੀ ਦੂਜਾ ਜਨਮ ਹੈ। ਬਾਹਰੋਂ ਸ਼ਾਇਦ ਇਹ ਗੱਲ ਸਾਧਾਰਨ ਜਾ ਪੇਪਰ ਜਿਹੜਾ ਇਸ ਮਸਲੇ ਨਾਲ ਜੂਝ ਰਿਹਾ ਹੁੰਦਾ ਹੈ ਉਹ ਇਸਨੂੰ ਬਿਹਤਰ ਸਮਝ ਸਕਦਾ ਹੈ।

ਜਿਵੇਂ ਪਹਿਲਾਂ ਵੀ ਕਿਹਾ ਗਿਆ ਹੈ ਕਿ ਇਹ ਕਹਾਣੀ ਮਨਦੀਪ ਤੇ ਰਾਜਵਿੰਦਰ ਦੀ ਹੈ ਪਰ ਲੇਖਕ ਦਾ ਫੋਕਸ ਮਨਦੀਪ ਉਪਰ ਹੀ ਰਹਿੰਦਾ ਹੈ। ਰਾਜਵਿੰਦਰ ਦੇ ਮਨ ਵਿੱਚ ਕੀ ਚੱਲ ਰਿਹਾ ਹੈ ਇਸ ਬਾਰੇ ਲੇਖਕ ਚੁੱਪ ਰਹਿੰਦਾ ਹੈ ਜਦ ਕਿ ਕਹਾਣੀ ਵਿੱਚ ਉਹ ਵੀ ਓਨੀ ਹੀ ਇਨਵੌਲਵ ਹੈ। ਕਿਤੇ ਕਿਤੇ ਲੇਖਕ ਆਪ ਬੋਲਣ ਲੱਗਦਾ ਹੈ। ਕੁਲ ਮਿਲਾਕੇ ਨਾਵਲ 'ਇਕ ਹੋਰ ਜਨਮ' ਪਰਵਾਸੀ ਸਾਹਿਤ ਵਿੱਚ ਗੁਣਾਤਮਕ ਵਾਧਾ ਕਰਦਾ ਹੈ। ਜਿਵੇਂ ਲੇਖਕ ਦਾ ਪਹਿਲਾ ਨਾਵਲ ਕਨੇਡਾ ਜਾਣ ਦੀ ਤਿਆਰੀ ਬਾਰੇ ਸੀ, ਦੂਜਾ ਨਾਵਲ ਉਥੇ ਜਾ ਕੇ ਸਿਟੀਜ਼ਨਸ਼ਿੱਪ ਬਾਰੇ ਹੈ, ਹੁਣ ਉਮੀਦ ਕਰਨਾ ਬਣਦਾ ਹੈ ਕਿ ਮੇਜਰ ਮਾਂਗਟ ਆਪਣੇ ਅਗਲੇ ਨਾਵਲ ਵਿੱਚ ਕਨੇਡਾ ਦੀ ਜੀਵਨ-ਜਾਚ ਬਾਰੇ ਜਾਇਜ਼ ਤਣਾਵਾਂ ਨੂੰ ਉਲੀਕੇਗਾ।

## ਮਹਿਕਾਂ ਦਾ ਸਿਰਨਾਵਾਂ/ਗੁਰਪ੍ਰੀਤ ਸਿੰਘ

ਦਰਸ਼ਨ ਬੁਲੰਦਵੀ ਬਰਤਾਨਵੀ ਪੰਜਾਬੀ ਕਵਿਤਾ ਦਾ ਅਹਿਮ ਕਵੀ ਹੈ ਜਿਸ ਦੀ ਪਹਿਲੀ ਕਾਵਿ-ਪੁਸਤਕ 'ਲਕੀਰਾਂ ਵਾਹੁੰਦੀ ਪੀੜ' 1973 ਵਿਚ ਪ੍ਰਕਾਸ਼ਿਤ ਹੋਈ। ਇਸ ਤਰ੍ਹਾਂ ਪੈਂਤੀ ਸਾਲਾਂ ਦੇ ਲੰਮੇ ਸਫਰ 'ਚ ਇਹਨਾਂ ਦੀਆਂ ਸਿਰਫ ਛੇ ਕਾਵਿ-ਕਿਤਾਬਾਂ ਹੀ ਪ੍ਰਕਾਸ਼ਿਤ ਹੋਈਆਂ ਹਨ। ਇਸ ਤੋਂ ਇਹ ਸਾਬਿਤ ਹੋ ਜਾਂਦਾ ਹੈ ਕਿ ਬੁਲੰਦਵੀ ਧੜਾ-ਧੜ ਥੋਕ 'ਚ ਕਵਿਤਾ ਲਿਖਣ ਦੀ ਬਜਾਇ ਸਹਿਜ-ਸੁਭਾਅ ਆਉਂਦੀ ਕਵਿਤਾ ਬੁਲੰਦੀ ਦਿੰਦਾ ਹੈ। ਨਹੀਂ ਤਾਂ ਅੱਜ-ਕੱਲ੍ਹ ਦੇ ਫੇਸਬੁੱਕੀ-ਜ਼ਮਾਨੇ 'ਚ ਪੰਜਾਬੀ ਵਿਚ ਇੰਨੀ ਤਾਂ ਕਵੀ ਦੀ ਉਮਰ ਨ੍ਹੀਂ ਹੁੰਦੀ, ਜਿੰਨੀ ਗਿਣਤੀ ਉਹਦੀਆਂ ਕਿਤਾਬਾਂ ਦੀ ਹੁੰਦੀ ਹੈ। ਇਸ ਸੰਜਮੀ ਕਵਿਤਾ ਦੀ ਇਹ ਖੂਬੀ ਹੈ ਕਿ ਇ ਕਿੰਨਾ ਕੁਝ ਕਹਿੰਦੀ ਹੋਈ, ਕਿੰਨਾ ਕੁਝ ਆਪਣੇ ਕੋਲ਼ ਵੀ ਰੱਖ ਲੈਂਦੀ ਹੈ।

'ਮਹਿਕਾਂ ਦਾ ਸਿਰਨਾਵਾਂ' ਦਰਸ਼ਨ ਬੁਲੰਦਵੀ ਦੀ ਨਵੀਂ ਕਾਵਿ-ਪੁਸਤਕ ਹੈ ਜਿਸ ਦੀ ਸ਼ੁਰੂਆਤ ' ਕਵਿਤਾ ਦੇ ਰੂ-ਬ-ਰੂ' ਨਾਲ਼ ਹੁੰਦੀ ਹੈ :

ਹੇ ਕਵਿਤਾ
ਅੱਜ ਫੇਰ ਮੈਂ ਤੇਰੇ ਰੂ-ਬ-ਰੂ ਹਾਂ
ਕਿ ਤੂੰ ਸ਼ਬਦਾਂ ਦੀ ਭੀੜ ਚੋਂ ਬਾਹਰ ਆਵੇਂ
ਕਿ ਤੂੰ ਸੁੱਕੀ ਜੜ੍ਹ 'ਚੋਂ
ਕਰੂੰਬਲ ਦਾ ਸਫਰ ਕਰੇਂ ...



ਕਵਿਤਾ ਨੂੰ ਮੁਖਾਤਿਬ ਇਹ ਕਵਿਤਾ ਬੁਲੰਦਵੀ ਦੀ ਕਵਿਤਾ ਨੂੰ ਸਮਝਣ ਮਾਣਨ ਦੀ ਕੁੰਜੀ ਵੀ ਬਣਦੀ ਹੈ ਤੇ ਕਵਿਤਾ ਦੇ ਕਾਰਜ ਅਤੇ ਸਿਰਜਣ-ਪ੍ਰਕਿਰਿਆ ਨਾਲ਼ ਵੀ ਜੁੜਦੀ ਹੈ।ਕਿਤਾਬ ਵਿਚ 'ਕਵਿਤਾ' ਨਾਂ ਦੀਆਂ ਹੋਰ ਕਵਿਤਾਵਾਂ ਵੀ ਹਨ ਜੋ ਇਸ ਪਹਿਲੇ ਸੰਵਾਦ ਦਾ ਵਿਸਥਾਰ ਬਣਦੀਆਂ ਹਨ :

ਆਇਆ ਰੇਗਸਤਾਨ ਤਾਂ
ਲੰਘਿਆ ਆਪਣੀ ਛਾਂ 'ਤੇ
ਪੈਰ ਟਿਕਾ ਕੇ ( ਪੰਨਾ 14)

ਫਿਰ ਪਾਠਕ ਹੁੰਦਾ ਹੈ ਕਵਿਤਾ 'ਸੱਚ' ਦੇ ਸਾਹਵੇਂ ਅਤੇ 'ਮਾਂ' ਨੂੰ ਮਿਲਦਾ ਹੈ।ਇਸ ਕਵਿਤਾ ਵਿਚ ਦੇਸ ਪ੍ਰਦੇਸ 'ਚ ਵੰਡੇ ਮਨੁੱਖ ਦੀ ਬਾਤ ਹੈ ਤੇ ਮਾਂ ਦੀ ਉਹ ਭੂਮਿਕਾ ਜੋ ਆਪਣੇ ਬੱਚੇ ਦੇ ਦੁੱਖ-ਸੁੱਖ ਨੂੰ ਬਿਨ ਸ਼ਬਦਾਂ ਤੋਂ ਸਮਝਦੀ ਤੇ ਵੰਡਾਉਂਦੀ ਹੈ। 'ਆਂਡੇ' ਕਵਿਤਾ ਵੱਖਰੀ ਹੈ ਜੋ ਦਸਦੀ ਹੈ ਕਿ ਠੋਸ ਹੋਣਾ ਵਿਚ ਹੀ ਇਨ੍ਹਾਂ ਦੀ ਸੁਰੱਖਿਆ ਹੈ, ਜਦੋਂਕਿ ਸੂਖਮਤਾ ਦੀ ਆਪਣੀ ਕਿਸਮ ਦੀ ਸੁਰੱਖਿਆ ਹੈ ਜੋ ਮਾਂ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਇਸ ਕਿਤਾਬ ਵਿਚ ਕੁਝ ਗੀਤ ਨੇ ਤੇ ਕੁਝ ਗਜ਼ਲਾਂ ਵੀ। ਪਰ ਕਵੀ ਹਰ ਵਿਧਾ ਵਿਚ ਆਪਣੇ ਆਲੇ-ਦੁਆਲੇ ਨੂੰ ਵੱਖ-ਵੱਖ ਕੋਣਾਂ ਤੋਂ ਦੇਖਦਾ ਹੋਇਆ , ਉਸ ਨੂੰ ਆਪਣੇ ਹੀ ਅੰਦਾਜ਼ ਵਿਚ ਪਾਠਕਾਂ ਦੇ ਸਨਮੁੱਖ ਕਰਦਾ ਹੈ। ਕਿੰਨੀਆਂ ਹੀ ਕਵਿਤਾਵਾਂ ਦੀਆਂ ਪੰਕਤੀਆਂ ਤੁਹਾਨੂੰ ਜ਼ਿਹਨ ਵਿਚ ਵਸ ਜਾਂਦੀਆਂ ਹਨ ਤੇ ਤੁਹਾਨੂੰ ਇਧਰ-ਉਧਰ ਕਿਸੇ ਨਾ ਕਿਸੇ ਮੋੜ 'ਤੇ ਆਲੇ-ਦੁਆਲੇ ਨੂੰ ਦੇਖਣ ਲਈ ਨਵੀਂ ਅੱਖ ਦੇ ਜਾਂਦੀਆ ਹਨ।'ਕਾਰ ਚਲਾਉਂਦਾ ਆਦਮੀ' ਜੋ ਕਾਰ ਨੂੰ ਆਪਣੇ ਪੈਰ ਸਮਝਦਾ ਹੈ ਤੋਂ ਪਹਿਲਾਂ 'ਗੇ-ਪਿਰਾਇਡ' ਇਕ ਅਜਿਹਾ ਸੁਆਲ ਖੜ੍ਹਾ ਕਰਦੀ ਹੈ ਜੋ ਨਵੀਂ ਦੁਨੀਆਂ ਦੇ ਨਵੇਂ ਰੰਗਾਂ ਦੀ ਗੱਲ ਕਰਦੀ ਹੈ। ਕੀ ਇਹ ਵਾਕਈ ਹੀ ਦੁਨੀਆਂ ਹੈ ? ਕੁਝ ਸਤਰਾਂ ਦੇਖੋ :

ਬੰਦੇ ਨੇ ਬੰਦੇ ਦੀ ਫੜੀ ਕਲਾਈ
ਔਰਤ ਨੇ ਔਰਤ ਨੂੰ ਜੱਫੀ ਪਾਈ
ਇਹ ਕਿਸ ਦਾ ਸੁਨੇਹਾ
ਕਿਸ ਨੂੰ ਦੇਣ ਆਈ
ਇਹ ਕਿਸ ਮਰਿਆਦਾ ਨੂੰ
ਸੰਨ੍ਹ ਲਾਉਣ ਆਈ ? ( ਪੰਨਾ 64)

ਬਕੌਲ ਗੁਰਪਾਲ ਸਿੰਘ ਸੰਧੂ ਇਹ ਕਵਿਤਾ ਮਨੁੱਖੀ ਜੀਵਨ,ਮੌਤ,ਮੁਆਸ਼ਰਾ,ਪਿੰਡ ਅਤੇ ਬ੍ਰਹਿਮੰਡ ਨੂੰ ਭਿੰਨ-ਭਿੰਨ ਦ੍ਰਿਸ਼ਾਂ ਦੇ ਰੂਪ ਵਿਚ ਤਾਮੀਰ ਕਰਦੀ ਹੋਈ ਅੱਜ ਦੇ ਯਥਾਰਥ ਦੀਆਂ ਮਹਿਕਾਂ ਦਾ ਸਿਰਨਾਵਾਂ ਤਾਲਾਸ਼ ਕਰਨ ਲਈ ਯਤਨਸ਼ੀਲ ਵੇਖੀ ਜਾ ਸਕਦੀ ਹੈ। ਮੈਂ ਕਿਉਂਕਿ ਪਾਰਖੂ ਨਹੀਂ, ਨਾ ਹੀ ਕੋਈ ਆਲੋਚਕ। ਪਾਠਕ ਦੀ ਨਜ਼ਰ ਨਾਲ਼ ਇਹ ਕਵਿਤਾਵਾਂ ਪੜ੍ਹਦਿਆਂ ਮੈਂ ਆਪਣੇ-ਆਪ ਦੇ ਰੂ-ਬ-ਰੂ ਹੋਇਆ ਹਾਂ।

ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਅਰਨਾ ਪ੍ਰਿੰਟਿੰਗ ਪ੍ਰੈਸ, ਪਟਿਆਲਾ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ।